
ਪਰਗਟ ਸਿੰਘ ਸਤੌਜ
ਤੀਵੀਂਆਂ

# ਤੀਵੀਆਂ

(ਨਾਵਲ)

# ਸਮਰਪਿਤ

ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ

ਥਾਂ ਥਾਂ ਬਿਖਰੀਆਂ

ਬਸ਼ੀਰਾਂ, ਜਲ ਕੁਰ

ਅਤੇ

ਦੇਵਕੀ ਵਰਗੀਆਂ

ਲੱਖਾਂ ਤੀਵੀਆਂ ਦੇ ਨਾਂ!

# 1

ਰਾਤ ਕਾਫ਼ੀ ਬੀਤ ਗਈ ਸੀ। ਵਾਤਾਵਰਨ ਵਿੱਚ ਵਟ ਕਾਰਨ ਸਭ ਕੁਝ ਇਸ ਤਰ੍ਹਾਂ ਲਗਦਾ ਸੀ ਜਿਵੇਂ ਕਿਸੇ ਭੈਅ ਤੋਂ ਡਰਦਾ ਥਾਏਂ-ਥਾਂ ਖਲੋ ਗਿਆ ਹੋਵੇ। ਕਾਲੇ ਹਨ੍ਹੇਰੇ ਦੀ ਬੁੱਕਲ ਮਾਰੀਂ ਖ਼ਾਮੋਸ਼ ਖੜ੍ਹੇ ਰੁੱਖ ਇਸ ਭੈ-ਭੀਤ ਕਰ ਦੇਣ ਵਾਲੀ ਰਾਤ ਦੇ ਛੇਤੀ ਗੁਜ਼ਰ ਜਾਣ ਦੀ ਉਡੀਕ ਵਿੱਚ ਸਨ। ਮਾਖੇ ਵਾਲੇ ਟਿੱਬੇ ਵੱਲੋਂ ਰਾਤ ਦੇ ਭਿਆਨਕ ਸੰਨਾਟੇ ਨੂੰ ਤੋੜਦੀ ਗਿੱਦੜਾਂ ਦੀ ਹੁਆਂਕ ਟਿੱਬੇ ਅਤੇ ਨਿਵਾਣਾਂ ਨੂੰ ਉਲੰਘਦੀ ਦੂਰ ਤੱਕ ਸੁਣਾਈ ਦਿੰਦੀ ਸੀ। ਦੱਖਣ ਦੀ ਗੁੱਠੇ ਚਿੱਟੇ ਬੱਦਲਾਂ ਵਿਚਕਾਰ ਕਦੇ ਕਦੇ ਬਿਜਲੀ ਚਮਕਦੀ। ਬਿਜਲੀ ਦੀਆਂ ਚਮਕਦੀਆਂ ਲਾਲ ਤਾਰਾਂ ਬੱਦਲਾਂ ਵਿਚਕਾਰ ਇੰਞ ਲਗਦੀਆਂ ਜਿਵੇਂ ਕੋਈ ਅਣਭੋਲ ਗੋਰਾ ਚਿਹਰਾ ਨੌਹਾਂ ਨਾਲ ਝਰੀਟ ਦਿੱਤਾ ਹੋਵੇ ਤੇ ਉਸ 'ਚੋਂ ਲਾਲ ਲਹੂ ਬਾਹਰ ਸਿੰਮ ਆਇਆ ਹੋਵੇ। ਜਦ ਬਿਜਲੀ ਚਮਕਦੀ ਤਾਂ ਇੱਕ ਵਾਰ ਚਾਨਣ ਹੁੰਦਾ। ਨਿਵਾਣਾਂ 'ਚ ਖੜ੍ਹਾ ਮੀਂਹ ਦਾ ਪਾਣੀ ਚਮਕਦਾ 'ਤੇ ਝੱਟ ਬਾਅਦ ਪਹਿਲਾਂ ਜਿਹੀ ਖ਼ਾਮੋਸ਼ੀ ਫਿਰ ਪਸਰ ਜਾਂਦੀ।

ਇਸ ਭਿਆਨਕ ਰਾਤ ਨੂੰ ਹੋਰ ਭਿਆਨਕ ਬਣਾਉਣ ਲਈ ਉਹ ਤਿੰਨੋ ਹੱਥਾਂ ਵਿੱਚ ਹਥਿਆਰ ਫੜੀ ਨਿਕਲ ਤੁਰੇ ਸਨ। ਟਿੱਬੇ ਤੋਂ ਉਤਰਦਿਆਂ ਉਨ੍ਹਾਂ ਦੇ ਪੈਰ ਮੀਂਹ ਦੇ ਖੜ੍ਹੇ ਪਾਣੀ ਵਿੱਚ 'ਚਪਲ-ਚਪਲ' ਵੱਜਣ ਲੱਗੇ ਤਾਂ ਉਨ੍ਹਾਂ ਨੇ ਚਾਦਰੇ ਟੰਗ ਲਏ ਅਤੇ ਜੋੜੇ ਕੱਢ ਕੇ ਹੱਥਾਂ ਵਿੱਚ ਫੜ ਲਏ। ਜਦ ਉਹ ਬਾਜਰੇ ਕੋਲ ਦੀ ਗੁਜ਼ਰਨ ਲੱਗੇ ਤਾਂ ਤਿੰਨੇ ਕੋਈ ਆਵਾਜ਼ ਸੁਣ ਕੇ ਰੁਕ ਗਏ। ਕੰਨਾਂ ਦੀ ਸਿਸਤ ਬੰਨ੍ਹ ਕੇ ਸੁਣੀ ਅਵਾਜ਼ ਦੀ ਫਿਰ ਪਰਖ ਕੀਤੀ। ਇਹ ਸੱਚ ਮੁੱਚ ਹੀ ਬਾਜਰੇ ਵਿੱਚੋਂ ਆ ਰਹੀ ਕਿਸੇ ਆਦਮ ਜਾਤ ਦੇ ਕਰਾਹੁਣ ਦੀ ਅਵਾਜ਼ ਸੀ। ਤਿੰਨੇ ਹੀ ਇੱਕ-ਦੂਜੇ ਵੱਲ ਭੇਤ ਭਰਿਆ ਝਾਕੇ ਅਤੇ ਫਿਰ ਆ ਰਹੀ ਅਵਾਜ਼ ਵੱਲ ਤੁਰ ਪਏ। ਬਾਜਰੇ ਦੇ ਬਿਲਕੁੱਲ ਨੇੜੇ ਜਾ ਕੇ ਕਾਕੇ ਨੇ ਹੱਥ ਖੜ੍ਹਾ ਕਰਕੇ ਦੋਵੇਂ ਸਾਥੀਆਂ ਨੂੰ ਸੁਚੇਤ ਹੋਣ ਲਈ ਇਸ਼ਾਰਾ ਕੀਤਾ। ਉਹ ਤਿੰਨੋ ਬਿੱਲੀ ਦੇ ਸ਼ਿਕਾਰ ਉੱਤੇ ਝਪਟਣ ਵਾਂਗ ਹੌਲੀ ਹੌਲੀ ਪੈਰ ਟਿਕਾਉਂਦੇ, ਬਾਜਰੇ ਦੇ ਟਾਂਡਿਆਂ ਨੂੰ ਹੱਥਾਂ ਨਾਲ ਪਰ੍ਹਾਂ ਕਰਕੇ ਰਾਹ ਬਣਾਉਂਦੇ, ਬਾਜਰੇ ਵਿੱਚ ਜਾ ਵੜੇ। ਹਨੇਰੇ ਦੀ ਕਾਲੀ ਚਾਦਰ ਨੂੰ ਲੀਰੋ-ਲੀਰ ਕਰਦੀ ਬਿਜਲੀ ਚਮਕੀ। ਕੁਝ ਸਮੇਂ ਲਈ ਬੰਦ ਅੱਖਾਂ ਖੋਲ੍ਹਣ ਵਾਂਗ ਸਾਰਾ ਦ੍ਰਿਸ਼ ਸਾਹਮਣੇ ਹੋ ਗਿਆ।

"ਓਹ ਥੋੜੀ!" ਸਾਹਮਣੇ ਦਾ ਦ੍ਰਿਸ਼ ਵੇਖ ਕੇ ਕਾਕੇ ਨੇ ਘਿਰਣਾ ਵਿੱਚ ਸਿਰ ਮਾਰਦਿਆਂ ਅੱਖਾਂ ਮੀਟ ਲਈਆਂ।

ਉਸ ਨੇ ਹੌਲੀ-ਹੌਲੀ ਬੰਦ ਅੱਖਾਂ ਨੂੰ ਮੁੜ ਖੋਲ੍ਹਿਆ ਤਾਂ ਸਾਹਮਣੇ ਦਾ ਦ੍ਰਿਸ਼ ਹੋਰ ਭਿਆਨਕ ਲੱਗਣ ਲੱਗ ਪਿਆ। ਅਧਮੋਈ ਤੇ ਅਧਕੱਜੀ ਔਰਤ ਦਰਦ ਨਾਲ ਕਰਾਅ ਰਹੀ ਸੀ। ਉਸ ਤੋਂ ਦੋ ਕਦਮਾਂ ਤੇ ਪਈ ਸਲਵਾਰ ਉਸ ਨਾਲ ਜੱਗੋਂ ਤੇਰ੍ਹਵੀਂ ਹੋ ਜਾਣ ਦਾ ਸਬੂਤ ਸੀ। ਸਰੀਰ ਦੇ ਕਿੰਨੇ ਹੀ ਥਾਵਾਂ ਤੋਂ ਵੱਢ-ਟੁੱਕ ਦੇ ਫੱਟਾਂ ਵਿੱਚੋਂ ਲਹੂ ਸਿੰਮ ਕੇ ਥਾਂ ਦੀ ਥਾਂ ਜੰਮ ਗਿਆ ਸੀ। ਕਈ ਜ਼ਖ਼ਮਾਂ ਵਿੱਚੋਂ ਲਹੂ ਅਜੇ ਵੀ ਵਹਿ ਰਿਹਾ ਸੀ। ਉਸਦੀ ਕੁੜਤੀ ਉਸਦੇ ਆਪਣੇ ਹੀ ਲਹੂ, ਮਿੱਟੀ ਅਤੇ ਮੀਂਹ ਦੇ ਚਿੱਕੜ ਨਾਲ ਰੰਗੀ ਬਦਰੰਗ ਹੋ ਗਈ ਸੀ। ਮੱਥੇ ਵਿਚਲੇ ਜ਼ਖ਼ਮ ਚੋਂ ਸਿੰਮਿਆ ਲਹੂ ਉਸਦੀਆਂ ਅੱਖਾਂ ਅਤੇ ਗੋਰੇ ਮੱਥੇ 'ਤੇ ਫੈਲਦਾ ਕੰਨਾਂ ਤੱਕ ਆ ਕੇ ਜੰਮ ਗਿਆ ਸੀ। ਕੋਲ ਆ ਗਏ ਮਨੁੱਖਾਂ ਦੀ ਪੈੜ-ਚਾਲ ਸੁਣ ਕੇ ਉਸਨੇ ਮੋਟੀਆਂ ਅੱਖਾਂ ਦੇ ਛੱਪਰਾਂ ਨੂੰ ਹੌਲੀ ਹੌਲੀ ਚੁੱਕਿਆ। ਆਪਣੇ ਆਲੇ-ਦੁਆਲੇ ਖੜ੍ਹੇ ਤਿੰਨ ਓਪਰੇ ਬੰਦੇ ਵੇਖ ਕੇ ਉਸਦੀਆਂ ਅਧ-ਖੁੱਲ੍ਹੀਆਂ ਅੱਖਾਂ ਵਿੱਚ ਡਰ ਲਿਸ਼ਕਿਆ, ਸਿਕਰੀ ਆਏ ਬੁੱਲ੍ਹ ਫਰਕੇ ਤੇ ਉਹ ਮੁੜ ਬੇਹੋਸ਼ ਹੋ ਗਈ।

"ਚੱਕੀਏ ਇਹਨੂੰ?" ਕਾਕੇ ਨੇ ਔਰਤ ਦੇ ਚੱਲ ਰਹੇ ਸਾਹਾਂ ਦੀ ਪਰਖ ਕਰਦਿਆਂ ਆਪਣੇ ਸਾਥੀਆਂ ਕੇਹਰੂ ਅਤੇ ਘੁੰਮਣ ਨੂੰ ਪੁੱਛਿਆ।

"ਛੱਡ ਪਰ੍ਹਾਂ ਇਹਤੋਂ ਆਪਾਂ ਕੀ ਕਰਾਉਣੈ ਮਰੀ ਹੋਈ ਤੋਂ।" ਘੁੰਮਣ ਦੇ ਨਾਲ ਨਾਲ ਕੇਹਰੂ ਨੇ ਵੀ 'ਨਾਂਹ' ਵਿੱਚ ਸਿਰ ਮਾਰ ਦਿੱਤਾ।

"ਅਜੇ ਤਾਂ ਜਿਉਂਦੀ ਐ, ਆਪ ਦੇਖਲੋ ਚਾਹੇ।" ਕਾਕੇ ਨੇ ਉਸਦੀ ਨਬਜ਼ ਨੂੰ ਪਰਖਿਆ।

"ਚਾਹੇ ਜਿਉਂਦੀ ਓ ਐ, ਆਪਾਂ ਨੂੰ ਇਹਤੋਂ ਕੀ ਮਿਲਣੈ।" ਘੁੰਮਣ ਉਜੜ ਕੇ ਜਾ ਰਹੇ ਮੁਸਲਮਾਨਾਂ ਤੋਂ ਚੰਗੀ ਲੁੱਟ-ਖਸੁੱਟ ਕਰ ਲੈਣ ਦਾ ਚਾਹਵਾਨ ਸੀ।

''ਠੀਕ ਕਰਕੇ ਪਰ੍ਹਾਂ ਕਿਸੇ ਨੂੰ ਵੇਚ ਦਿਆਂਗੇ। ਜੇ ਓਧਰ ਮੁਸਲਮਾਨਾਂ ਨੂੰ ਅੜ ਗਏ, ਦੋਹਾਂ ਘਰਦਿਆਂ ਦੇ ਹੱਥ ਵੀ ਨੀ ਲੱਗਣੀਆਂ।''
ਕਾਕੇ ਦਾ ਮਨ ਉਸਨੂੰ ਘਰ ਲੈ ਜਾਣ ਨੂੰ ਕਰਦਾ ਸੀ।

''ਜੇ ਤੈਨੂੰ ਜਚਦੀਐ, ਤੂੰ ਲੈ ਜਾ। ਅਸੀਂ ਤਾਂ ਚੱਲੇਆਂ ਫੇਰ।'' ਘੁੰਮਣ ਤੇ ਕੇਹਰੂ ਕਾਕੇ ਨੂੰ ਬਾਜਰੇ ਵਿੱਚ ਹੀ ਛੱਡ ਕੇ ਲੁੱਟਰ ਪਿੰਡ ਨੂੰ ਸਿੱਧੇ ਹੋ ਗਏ।

ਕਾਕਾ ਕੁਝ ਪਲ ਔਰਤ ਦੇ ਬਰਾਬਰ ਬੈਠਾ ਸੋਚਦਾ ਰਿਹਾ। ਫਿਰ ਆਪਣੇ ਮਨ ਨਾਲ ਹੀ ਕੋਈ ਫ਼ੈਸਲਾ ਕਰਕੇ ਉਠਿਆ। ਪਰ੍ਹਾਂ ਪਈ ਸਲਵਾਰ ਚੁੱਕੀ, ਸਿੱਧੀ ਕੀਤੀ ਅਤੇ ਉਸਦੇ ਲੱਕ ਨਾਲ ਬੰਨ੍ਹ ਦਿੱਤੀ। ਉਸਨੇ ਔਰਤ ਉਪਰ ਝੁਕ ਕੇ ਉਸਦੀਆਂ ਦੋਵੇਂ ਕੱਛਾਂ ਵਿੱਚ ਹੱਥ ਪਾ ਕੇ ਉਸ ਨੂੰ ਬੈਠਣ ਦੀ ਸਥਿਤੀ ਵਿੱਚ ਕਰ ਲਿਆ। ਕੋਲ ਪਿਆ ਗੰਡਾਸਾ ਚੁੱਕ ਕੇ ਖੱਬੇ ਮੋਢੇ ਨਾਲ ਲਾ ਲਿਆ। ਔਰਤ ਨੂੰ ਸੱਜੇ ਮੋਢੇ ਲਾ ਕੇ ਉਗਾਸਿਆ, ਮੁੜ ਇੱਕ ਹੁਝਕਾ ਮਾਰ ਕੇ ਉਸਨੂੰ ਮੋਢੇ ਉਪਰ ਚੁੱਕ ਲਿਆ।

ਉਹ ਕਿੰਨੀ ਦੇਰ ਉਸਨੂੰ ਚੁੱਕੀਂ ਚਲਦਾ ਰਿਹਾ ਫਿਰ ਉਸਦਾ ਸਰੀਰ ਥੱਕਣ ਲੱਗਿਆ। ਲੱਤਾਂ ਹੋਰ ਤੁਰਨ ਤੋਂ ਇਨਕਾਰੀ ਹੋਣ ਲੱਗੀਆਂ ਤਾਂ ਕਾਕੇ ਨੇ ਉਸ ਨੂੰ ਉੱਚੀ ਜਿਹੀ ਥਾਂ ਵੇਖ ਕੇ ਮੋਢੇ ਤੋਂ ਹੇਠ ਉਤਾਰ ਲਿਆ। ਖੱਬੇ ਹੱਥ ਦੀ ਪਹਿਲੀ ਉਂਗਲ ਨਾਲ ਮੱਥੇ ਤੋਂ ਪਸੀਨਾ ਪੂੰਝਿਆ। ਦਮ ਨੂੰ ਟਿਕਾਣੇ ਕਰਨ ਲਈ ਲੰਬੇ ਲੰਬੇ ਸਾਹ ਲਏ। ਔਰਤ ਦੀ ਛਾਤੀ 'ਤੇ ਹੱਥ ਰੱਖ ਕੇ ਜਾਂਚ ਕੀਤੀ, ਸਾਹਾਂ ਦੀ ਡੋਰ ਅਜੇ ਟੁੱਟੀ ਨਹੀਂ ਸੀ। ਬਿਜਲੀ ਕੜਕੀ, ਇੱਕ ਪਲ ਲਈ ਚਾਨਣ ਹੋਇਆ ਤੇ ਮੁੜ ਧਰਤੀ 'ਤੇ ਦਿਸਦੀ ਹਰ ਸਜੀਵ-ਨਰਜੀਵ ਵਸਤੂ ਨੇ ਕਾਲੇ ਹਨ੍ਹੇਰੇ ਦੀ ਬੁੱਕਲ ਮਾਰ ਲਈ। ਕਾਕੇ ਨੇ ਉਪਰ ਅਸਮਾਨ ਵੱਲ ਵੇਖਿਆ, ਕਾਲੇ ਬੱਦਲ ਸਾਰੇ ਅਸਮਾਨ 'ਤੇ ਕਬਜ਼ਾ ਕਰੀ ਖੜ੍ਹੇ ਸਨ। ਹਵਾ ਬਿਲਕੁੱਲ ਰੁਕੀ ਹੋਣ ਕਰਕੇ ਸਾਰਾ ਵਾਤਾਵਰਨ ਗਲਘੋਟੂ ਜਿਹਾ ਹੋ ਗਿਆ ਸੀ। 'ਲਗਦੈ ਮੀਂਹ ਛੇਤੀ ਉਤਰ ਪਏ।' ਮੀਂਹ ਉਤਰ ਆਉਣ ਦੇ ਖਿਆਲ ਨੇ ਕਾਕੇ ਦਾ ਥਕੇਵਾਂ ਭੁਲਾ ਦਿੱਤਾ। ਘਰ ਜਲਦੀ ਪਹੁੰਚ ਜਾਣ ਦੀ ਕਾਹਲ ਉਸਦੇ ਸਰੀਰ ਵਿੱਚ ਫੁਰਤੀ ਬਣਕੇ ਪਰਵੇਸ਼ ਕਰ ਗਈ। ਉਸਨੇ ਔਰਤ ਨੂੰ ਕਣਕ ਦੀ ਭਰੀ ਬੋਰੀ ਵਾਂਗ ਉਗਾਸ ਕੇ ਮੋਢੇ 'ਤੇ ਰੱਖ ਲਿਆ।

ਪਹਿਲਾਂ ਕੋਈ ਕੋਈ ਕਣੀ ਡਿੱਗਣ ਲੱਗੀ ਤੇ ਫਿਰ ਮੀਂਹ ਤੇਜ਼ ਹੋ ਗਿਆ। ਪਿੰਡ ਲਾਗਲੇ ਟਿੱਬੇ ਤੋਂ ਹੇਠਾਂ ਉਤਰਦਿਆਂ ਜਦ ਕਾਕੇ ਨੂੰ ਅਸਮਾਨੀ ਬਿਜਲੀ ਦੇ ਚਾਨਣ ਵਿੱਚ ਪਿੰਡ ਦੇ ਕੱਚੇ-ਪੱਕੇ ਕੋਠੇ ਦਿਸੇ ਤਾਂ ਉਸਦੇ ਕਦਮ ਹੋਰ ਤੇਜ਼ ਹੋ ਗਏ। ਮੀਂਹ ਦਾ ਪਾਣੀ ਔਰਤ ਦੇ ਜੰਮ ਚੁੱਕੇ ਖ਼ੂਨ ਨਾਲ ਰਲ-ਗੱਡ ਹੁੰਦਾ ਤਤੀਰੀਆਂ ਬਣ ਬਣ ਕਾਕੇ ਦੇ ਕੁੜਤੇ 'ਤੇ ਉਤਰ ਆਇਆ ਸੀ। ਉਹ ਦਮ ਲੈਣ ਦਾ ਖਿਆਲ ਭੁਲਾ ਕੇ ਤੁਰਦਾ ਰਿਹਾ।

ਇਹ ਉਹ ਸਮਾਂ ਸੀ ਜਦ ਆਪੋ-ਆਪਣੀਆਂ ਕੁਰਸੀਆਂ ਨੂੰ ਸੁਰੱਖਿਅਤ ਰੱਖਣ ਲਈ ਲਾਸ਼ਾਂ ਦੀਆਂ ਕੰਧਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਸਨ। ਚਾਹੇ ਇਸ ਪਿੱਛੇ ਅੰਗਰੇਜ਼ ਦੇ ਸ਼ੈਤਾਨ ਦਿਮਾਗ਼ ਦੀ ਚਾਲ ਸੀ ਪਰ ਕਈਆਂ ਦੀ ਕੱਟੜਤਾ ਤੇ ਕਈਆਂ ਦਾ ਕੁਰਸੀ-ਲਾਲਚ ਇਸ ਸ਼ੈਤਾਨੀ ਚਾਲ ਨੂੰ ਕਾਮਯਾਬ ਕਰਨ ਵਿੱਚ ਸਹਾਈ ਹੋਇਆ ਸੀ। ਸਾਂਝੇ ਪੰਜਾਬ ਦੇ ਹਰੇ-ਭਰੇ, ਲਹਿ-ਲਹਾਉਂਦੇ ਖੇਤਾਂ ਵਿੱਚੋਂ ਦੀ ਖ਼ੂਨੀ ਲਕੀਰ ਖਿੱਚੀ ਜਾ ਚੁੱਕੀ ਸੀ। ਸਦੀਆਂ ਪੁਰਾਣੇ ਸਾਂਝੇ ਸੱਭਿਆਚਾਰ ਨੂੰ ਕਿਸੇ ਦੀ ਭੈੜੀ ਨਜ਼ਰ ਲੱਗ ਗਈ ਸੀ। ਪੰਜਾਬ ਦੇ ਪੰਜ ਦਰਿਆਵਾਂ ਦੇ ਨਾਲ ਨਾਲ ਇੱਕ ਖ਼ੂਨ ਦਾ ਦਰਿਆ ਵੀ ਵਹਿ ਤੁਰਿਆ ਸੀ। ਲਾਸ਼ਾਂ ਨਾਲ ਖੂਹ ਭਰ ਗਏ ਸਨ, ਛੱਪੜ ਅੱਟੇ ਗਏ ਸਨ। ਆਪਣੇ ਹੀ ਪਿੰਡ ਦੀਆਂ ਧੀਆਂ-ਭੈਣਾ ਨਾਲ ਉਥੋਂ ਦੇ ਹੀ ਭਰਾਵਾਂ ਨੇ ਬਲਾਤਕਾਰ ਕੀਤੇ, ਉਧਾਲੇ ਕੀਤੇ। ਤੀਵੀਆਂ ਨੂੰ ਦੁਸ਼ਮਣ ਦੇ ਖ਼ਜ਼ਾਨੇ ਵਾਂਗ ਲੁੱਟਿਆ ਗਿਆ। ਉਹ ਸ਼ੈਤਾਨਾਂ ਦੀ ਹਵਸ ਦਾ ਸ਼ਿਕਾਰ ਵੀ ਹੋਈਆਂ ਤੇ ਥਾਂ ਥਾਂ ਵਿਕੀਆਂ ਵੀ। ਨਫ਼ਰਤ ਦੀ ਇਹ ਫੈਲੀ ਹਵਾ ਹੌਲੀ ਹੌਲੀ ਪੰਜਾਬ ਦੀ ਭਾਈਚਾਰਕ ਸਾਂਝ 'ਤੇ ਭਾਰੂ ਹੋ ਗਈ। ਜਦ ਅਜਿਹੀ ਹੀ ਨਫ਼ਰਤੀ ਹਵਾ ਗੰਗਤਪੁਰ ਦੇ ਘੁੰਮਣ ਤੇ ਕੇਹਰੂ ਵਰਗਿਆਂ ਦੇ ਦਿਮਾਗ਼ ਨੂੰ ਆ ਚੜ੍ਹੀ ਤਾਂ ਉਨ੍ਹਾਂ ਨੇ ਦਸਾਂ ਨਹੁੰਆਂ ਦੀ ਕਿਰਤ ਕਰਦੇ ਕਾਕੇ ਨੂੰ ਵੀ ਉਕਸਾ ਕੇ, ਲੁੱਟ-ਖਸੁੱਟ 'ਚੋਂ ਹੱਥ ਰੰਗ ਲੈਣ ਲਈ ਨਾਲ ਤੋਰ ਲਿਆ ਸੀ ਪਰ ਰਸਤੇ 'ਚ ਅਧ-ਮਰੀ ਪਈ ਸੋਹਣੀ ਤੀਵੀਂ ਵੇਖ ਕੇ ਉਸਦੇ ਮਨ 'ਚ ਪਤਾ ਨਹੀਂ ਕਿਹੜਾ ਲਾਲਚ ਜਾਂ ਦਇਆ ਜਾਗ ਪਈ ਕਿ ਉਹ ਆਪਣੇ ਸਾਥੀਆਂ ਦਾ ਸਾਥ ਛੱਡ, ਤੀਵੀਂ ਨੂੰ ਚੁੱਕੀਂ ਵਾਪਸ ਪਿੰਡ ਨੂੰ ਮੁੜ ਪਿਆ ਸੀ।

ਕਾਕਾ ਮੋਢੇ ਤੀਵੀਂ ਚੁੱਕੀਂ, ਥਕੇਵੇਂ ਨਾਲ ਚੂਰ ਆਪਣੇ ਬਾਰ ਅੱਗੇ ਆ ਖੜ੍ਹਿਆ। ''ਜਲ ਕੁਰੇ......ਜਲ ਕੁਰੇ ਬਾਰ ਖੋਲ੍ਹੀਂ। ਬਾਰ ਖੋਲ੍ਹੀਂ ਜਲ ਕੁਰੇ......।'' ਉਸਨੇ ਲੱਕੜ ਦੇ ਤਖਤਿਆਂ 'ਤੇ ਕਾਹਲੀ ਕਾਹਲੀ ਧੱਫੇ ਮਾਰਦਿਆਂ ਪਹਿਲਾਂ ਹੌਲੀ ਤੇ ਫਿਰ ਉੱਚੀ ਅਵਾਜ਼ ਵਿੱਚ ਬੋਲ ਮਾਰੇ। ਜਲ ਕੁਰ ਨੇ ਕਾਕੇ ਦੀ ਅਵਾਜ਼ ਪਹਿਚਾਣ ਲਈ 'ਤੇ ਉਸਨੇ ਉੱਠ ਕੇ ਬਾਰ ਖੋਲ੍ਹ ਦਿੱਤਾ।

''ਹੈਂ! ਆਹ ਕੀ? ਇਹਨੂੰ ਕਿੱਥੋਂ ਚੱਕ ਲਿਆਇਆ ਵੈਹ ਜਾਣਿਆ!'' ਮੀਂਹ ਵਿੱਚ ਭਿੱਜੇ ਖੜ੍ਹੇ ਕਾਕੇ ਦੇ ਮੋਢੇ ਤੀਵੀਂ ਚੁੱਕੀ ਵੇਖ ਕੇ ਜਲ ਕੁਰ ਭਮੱਤਰ ਜਿਹੀ ਗਈ।

''ਦਸਦਾਂ, ਪਹਿਲਾਂ ਅੰਦਰ ਜਾਣ ਦੇ।'' ਕਾਕਾ ਸਾਹਮਣੇ ਕੰਧ ਵਾਂਗ ਖੜ੍ਹੀ ਜਲ ਕੁਰ ਦੇ ਇੱਕ ਪਾਸੇ ਤੋਂ ਲੰਘ ਕੇ ਅੰਦਰ ਸਬਾਤ ਵਿੱਚ ਜਾ ਵੜਿਆ। ''ਦੀਵਾ ਲਾ ਛੇਤੀ।''

ਜਲ ਕੁਰ ਨੇ ਡੱਬੀ ਭਾਲ ਕੇ ਆਲੇ 'ਚ ਪਿਆ ਦੀਵਾ ਜਗਾ ਲਿਆ। ਜਦ ਉਸਨੇ ਦੀਵੇ ਦੇ ਮੱਧਮ ਚਾਨਣ ਵਿੱਚ ਬੇਹੋਸ਼ ਪਈ, ਥਾਂ ਥਾਂ ਤੋਂ ਵੱਢੀ ਤੀਵੀਂ ਦੇਖੀ ਤਾਂ ਉਹ ਹੋਰ ਵੀ ਡਰ ਗਈ। ''ਮੈਨੂੰ ਲਗਦੈ ਇਹ ਤਾ ਮਰੀ ਹੋਈ ਐ।'' ਉਹ ਡਰ ਨਾਲ ਕੰਬਦੀ ਅਵਾਜ਼ ਵਿੱਚ ਤੀਵੀਂ ਦੇ ਹੋਰ ਨੇੜੇ ਹੁੰਦੀ ਬੋਲੀ।

''ਕਾਹਨੂੰ ਐ ਮਰੀ ਹੋਈ, ਸਾਹ ਚਲਦੇ ਨੇ। ਇਹ ਤਾਂ ਸੱਟਾਂ ਕਰਕੇ ਊਂ ਗੁੰਮ ਹੋਈ ਪਈ ਐ। ਤੂੰ ਤੇਲ 'ਚ ਹਲਦੀ ਕਾੜ੍ਹ। ਛੇਤੀ ਕਰ।''

''ਇਹਤੋਂ ਤੈਂ ਕੀ ਕਰਾਊਣੈ! ਪਰ੍ਹਾਂ ਸਿੱਟਿਆ, ਜਿੱਥੋਂ ਲਿਆਇਐਂ। ਆਪਾਂ ਊਂ ਨਰਤੀ ਦੇ ਮਰ ਜਾਂਗੇ।''

''ਤੈਨੂੰ ਮੈਂ ਕੀ ਕਿਹੈ? ਉਹ ਕਰ ਪਹਿਲਾਂ। ਇਹਨੂੰ ਹੁਣ ਘਰੇ ਤਾਂ ਨੀ ਰਖਦੇ। ਮੈਂ ਆਪੇ ਕਰੂੰ ਕੋਈ ਹੀਲਾ।'' ਕਾਕੇ ਦੀ ਇੰਨੀ ਕੁ ਗੱਲ ਨਾਲ ਜਲ ਕੁਰ ਨੂੰ ਥੋੜ੍ਹੀ ਜਿਹੀ ਤਸੱਲੀ ਮਿਲ ਗਈ ਕਿ ਇਹ ਸਦਾ ਲਈ ਇਥੇ ਮੇਰੀ ਸੌਕਣ ਬਣ ਕੇ ਨਹੀਂ ਰਹੇਗੀ। ਉਹ ਝਲਾਨੀ ਵਿੱਚ ਤੇਲ 'ਚ ਹਲਦੀ ਕਾੜ੍ਹਨ ਚਲੀ ਗਈ।

ਕਾਕੇ ਨੇ ਆਪਣੇ ਗਿੱਲੇ ਕੱਪੜੇ ਲਾਹ ਕੇ ਸੁੱਕੇ ਪਾ ਲਏ। ਜਲ ਕੁਰ ਹਲਦੀ ਕਾੜ੍ਹ ਕੇ ਲੈ ਆਈ। ਉਸ ਨੇ ਪਹਿਲਾਂ ਤੀਵੀਂ ਦੇ ਗਿੱਲੇ ਕੱਪੜੇ ਉਤਾਰੇ। ਗਿੱਲੇ ਕੱਪੜੇ ਨਾਲ ਜੰਮ ਚੁੱਕਿਆ ਲਹੂ ਸਾਫ਼ ਕੀਤਾ। ਲਹੂ ਭਿੱਜੇ ਚਿਹਰੇ ਤੋਂ ਜਦ ਖ਼ੂਨ ਸਾਫ਼ ਹੋਇਆ ਤਾਂ ਸੋਹਣੀ ਸੁਣੱਖੀ ਮੁਟਿਆਰ ਤੀਵੀਂ ਦੇ ਨਕਸ਼ ਉਭਰ ਆਏ। ਦੁੱਧ ਵਰਗੇ ਚਿੱਟੇ ਪਿੰਡੇ 'ਤੇ ਹੱਥ ਫੇਰਦਿਆਂ ਜਲ ਕੁਰ ਨੂੰ ਤਰਸ ਜਿਹਾ ਵੀ ਆ ਗਿਆ ਤੇ ਇੱਕ ਲੁਕਵਾਂ ਡਰ ਵੀ ਉਸਨੂੰ ਕਾਂਬਾ ਚਾੜ੍ਹ ਗਿਆ। ਉਹ ਪਿੱਛੇ ਬੈਠੇ ਕਾਕੇ ਵੱਲ ਕੁਣੱਖਾ ਜਿਹਾ ਝਾਕੀ। ਉਸਨੇ ਜ਼ਖ਼ਮਾਂ 'ਤੇ ਹਲਦੀ ਦਾ ਲੇਪ ਕਰ ਕੇ ਉਪਰੋਂ ਪੁਰਾਣੇ ਕੱਪੜਿਆਂ ਨਾਲ ਬੰਨ੍ਹ ਦਿੱਤਾ। ਕੱਪੜਿਆਂ ਵਿੱਚੋਂ ਚੁੱਕ ਕੇ ਇੱਕ ਪੁਰਾਣਾ ਖੇਸ ਉਪਰ ਪਾ ਦਿੱਤਾ।

''ਮੈਨੂੰ ਨੀ ਲਗਦਾ ਵੀ ਇਹ ਬਚਜੂ ਗੀ।'' ਜਲ ਕੁਰ ਨੇ ਹਲਦੀ ਦਾ ਲੇਪ ਕਰਨ ਸਮੇਂ ਵੇਖੇ ਜ਼ਖ਼ਮਾਂ ਤੋਂ ਕਿਆਸ-ਅਰਾਈ ਲਗਾਉਂਦਿਆਂ ਉਸਦੇ ਬਚਣ ਦੀ ਉਮੀਦ ਤਿਆਗ ਦਿੱਤੀ।

''ਜੇ ਇਹਦੇ ਕਰਮਾਂ 'ਚ ਦਾਣਾ-ਪਾਣੀ ਹੋਰ ਚੁਗਣਾ ਲਿਖਿਆ ਹੋਇਆ ਤਾਂ ਹਰ ਹੀਲੇ ਚੁਗੂ।'' ਕਾਕੇ ਨੇ ਗੱਲ ਉਸਦੇ ਕਰਮਾਂ 'ਤੇ ਸੁੱਟ ਦਿੱਤੀ।

''ਨਾਂਹ ਮੈਨੂੰ ਤਾਂ ਐਂ ਨੀ ਸਮਝ ਆਉਂਦੀ ਅੱਧੀ ਰਾਤ ਨੂੰ ਤੁਸੀਂ ਕਿੱਥੇ ਗਏ ਤੀ? ਇਹਨੂੰ ਕਿੱਥੋਂ ਚੱਕ ਲਿਆਇਆ, ਕਿਹਨੇ ਤੈਨੂੰ ਸਲਾਹ ਦੇਤੀ?'' ਅਜੇ ਵੀ ਕਿੰਨੇ ਹੀ ਸਵਾਲ ਜਲ ਕੁਰ ਦੇ ਦਿਮਾਗ਼ ਵਿੱਚ ਘੋਰੂ ਪਾ ਰਹੇ ਸਨ।

''ਓਹ......ਮੈਂ ਕਾਹਨੂੰ ਜਾਂਦਾ ਤੀ। ਇਹ ਤਾਂ ਘੁੰਮਣ ਤੇ ਕੇਹਰੂ ਮੱਲੋ-ਮੱਲੀ ਲੈ ਗਏ। ਕਹਿੰਦੇ ਚੱਕਾਂ ਤੋਂ ਸਾਰੇ ਮੁਸਲਮਾਨ ਘਰ-ਬਾਰ ਛੱਡ ਕੇ ਜਾ ਰਹੇ ਨੇ। ਭਰੇ-ਭਕੁਨੇ ਘਰ ਅਈਂ ਛੱਡ ਕੇ ਤੁਰੀ ਜਾਂਦੇ ਨੇ, ਆਪਾਂ ਲੁੱਟ ਕੇ ਲਿਆਮਾਂਗੇ। ਰਾਹ 'ਚ ਸਾਨੂੰ ਇਹ ਪਈ ਦਿਸ ਗੀ। ਮੈਨੂੰ ਤਰਸ ਆ ਗਿਆ । ਮੈਂ ਚਲ ਇਹ ਨੂੰ ਚੱਕ ਕੇ ਮੁੜ ਆਇਆ।''

''ਹਾਏ........ਵੇ ਤੇਰੇ! ਨਾਂਹ ਤੈਨੂੰ ਐਂ ਨਾ ਆਈ. ਰੱਬ ਨਾ ਕਰੇ ਤੈਨੂੰ ਕੁਛ ਹੋ ਜਾਂਦਾ. ਮੇਰਾ ਕੱਲੀ ਤੀਮੀਂ-ਮਾਨੀ ਦਾ ਕੀ ਬਣਦਾ! ਭੱਠ ਪਵੇ ਇਹਾ ਜਾ ਲੁੱਟ ਦਾ ਸਮਾਨ। ਘਰੋਂ ਕਿਹੜਾ ਤੈਨੂੰ ਰੋਟੀ ਨੀ ਜੁੜਦੀ ਵੀ ਤੂੰ ਤਾਂ ਹੂਲਾ ਫਕਦਾ ਤੀ।'' ਜਲ ਕੁਰ ਕਾਕੇ ਦੇ ਇਸ ਤਰ੍ਹਾਂ ਲੁੱਟਣ ਤੁਰ ਪੈਣ 'ਤੇ ਹੈਰਾਨ ਸੀ।

''ਚਲ ਹੁਣ ਤਾਂ ਠੀਕ ਐ. ਹੁਣ ਤਾਂ ਘਰੇਂ ਆ ਗਿਆ। ਹੁਣ ਕਾਹਨੂੰ ਭੱਠੀ 'ਚ ਪਏ ਦਾਣੇ ਮਾਂਗੂੰ ਤਿੜਕੀ ਜਾਨੀ ਐਂ।''

''ਤਿੜਕਾਂ ਨਾ ਹੋਰ ਕੀ ਕਰਾਂ......!'' ਜਲ ਕੁਰ ਕਾਕੇ ਵੱਲ ਗੁੱਸੇ ਨਾਲ ਝਾਕੀ।

ਬਾਹਰ 'ਕੜ-ਕੜ' ਕਰਦੀ ਬਿਜਲੀ ਲਿਸ਼ਕੀ। ਜਲ ਕੁਰ ਦੀ ਨਿਗ੍ਹਾ ਬਾਹਰ ਗਈ। ਬਿਜਲੀ ਦੇ ਚਾਨਣ ਵਿੱਚ ਵਿਹੜੇ ਵਿੱਚ ਪਾਣੀ ਹੀ ਪਾਣੀ ਚਮਕਿਆ। ''ਲਗਦੈ ਧਰਤੀ 'ਤੇ ਤਾਂ ਭਾਰੀ ਗ੍ਰਹਿ ਐ।'' ਉਸਦੇ ਚਿਹਰੇ 'ਤੇ ਡਰ ਅਤੇ ਉਦਾਸੀ ਦੀ ਪਰਤ ਫੈਲ ਗਈ। ਮੀਂਹ ਹੋਰ ਤੇਜ਼ ਹੋ ਗਿਆ ਸੀ। ਕੱਚੀ ਛੱਤ ਉੱਤੇ ਵੱਜਦੀਆਂ ਕਣੀਆਂ ਦਾ ਸ਼ੋਰ ਹੋਰ ਉੱਚਾ ਹੋ ਗਿਆ। ਪਿੰਡ ਦੀ ਪਹਿਰੇਦਾਰੀ ਕਰਦੇ ਕੁੱਤੇ ਕੰਧਾਂ-ਕੌਲਿਆਂ ਨਾਲ ਜਾ ਲੱਗੇ ਸਨ। ਜਲ ਕੁਰ ਤੇ ਕਾਕਾ ਅਜੇ ਵੀ ਜਾਗਦੇ ਬੈਠੇ ਸਨ। ਕਦੇ ਕਦੇ ਬਾਹਰੋਂ ਆਇਆ ਹਵਾ ਦਾ ਬੁੱਲ੍ਹਾ ਦੀਵੇ ਦੀ ਸਿੱਧੀ ਪੈਂਦੀ ਲੋਅ ਨੂੰ ਹਿਲਾ ਜਾਂਦਾ। ਸਾਰੀ ਸਬਾਤ ਵਿੱਚ ਚਾਨਣ ਡੋਲਦਾ ਤੇ ਲਾਟ ਮੁੜ ਸਿੱਧੀ ਹੋ ਜਾਂਦੀ। ਅਚਾਨਕ ਤੀਵੀਂ ਦੇ ਮੰਜੇ 'ਤੇ ਥੋੜ੍ਹੀ ਜਿਹੀ ਹਿਲਜੁਲ ਹੋਈ ਜਿਵੇਂ ਉਸਨੇ ਪਾਸਾ ਪਰਤਿਆ ਹੋਵੇ। ਦੋਵਾਂ ਦੀ ਨਜ਼ਰ ਝੱਟ ਮੰਜੇ ਵੱਲ ਗਈ। ਉਸਨੇ ਸੱਚ-ਮੁੱਚ ਪਾਸਾ ਪਰਤ ਲਿਆ ਸੀ। ਉਨ੍ਹਾਂ ਨੇ ਇੱਕ-ਦੂਜੇ ਨਾਲ ਨਜ਼ਰਾਂ ਮਿਲਾਈਆਂ। ਹੁਣ ਉਨ੍ਹਾਂ ਦੇ ਉਦਾਸੀ ਦੇ ਸਮੁੰਦਰ 'ਚ ਡੁੱਬਦੇ ਮਨ ਮੁੜ ਕਿਨਾਰੇ ਆ ਲੱਗੇ ਸਨ। ਜਲ ਕੁਰ ਨੇ ਉੱਠ ਕੇ ਦੀਵਾ ਬੁਝਾ ਦਿੱਤਾ। ਸਾਰੀ ਸਬਾਤ ਕਾਲੇ ਹਨ੍ਹੇਰੇ ਨਾਲ ਭਰ ਗਈ ਫਿਰ ਦੋਵੇਂ ਖੇਸ ਲੈ ਕੇ ਮੰਜਿਆਂ ਵਿੱਚ ਦੁਬਕ ਗਏ।

## 2

ਮੋਟੀ ਕਣੀ ਦਾ ਮੀਂਹ ਰੁਕ ਗਿਆ ਸੀ ਪਰ ਭੂਰ ਅਜੇ ਪੈ ਰਹੀ ਸੀ। ਕਾਕਾ ਅਤੇ ਜਲ ਕੁਰ ਅਜੇ ਜਾਗੋ-ਮੀਟੀ ਵਿੱਚ ਹੀ ਸਨ ਕਿ ਉਹਨਾਂ ਦਾ ਬਾਹਰਲਾ ਬਾਰ ਖੜਕਿਆ। ਬਾਰ ਦਾ ਖੜਕਾ ਸੁਣ ਕੇ ਦੋਵੇਂ ਉੱਠ ਖੜ੍ਹੇ। ਅੱਖਾਂ 'ਚ ਡਰ ਅਤੇ ਸਵਾਲ ਲਈਂ ਇੱਕ ਦੂਜੇ ਵੱਲ ਝਾਕੇ। 'ਇਸ ਵੇਲੇ ਕੌਣ ਹੋ ਸਕਦੈ? ਕਿਤੇ ਇਸ ਤੀਵੀਂ ਦੇ ਮਗਰਲੇ ਨਾ ਆ ਗਏ ਹੋਣ?' ਇੱਕ ਡਰ ਦੋਵਾਂ ਨੂੰ ਅੰਦਰ ਤੱਕ ਕੰਬਾ ਗਿਆ।

''ਤੂੰ ਇਥੇ ਖੜ੍ਹ ਮੈਂ ਦੇਖਦਾਂ।'' ਕਾਕੇ ਨੇ ਹੌਸਲਾ ਕਰਕੇ ਤਖਤੇ ਓਹਲਿਓਂ ਗੰਡਾਸਾ ਚੁੱਕਿਆ ਅਤੇ ਖੇਸ ਦੀ ਬੁੱਕਲ ਮਾਰ ਕੇ ਸਬਾਤ ਤੋਂ ਬਾਹਰ ਆ ਗਿਆ। ਬਾਹਰ ਵਿਹੜੇ ਵਿੱਚ ਆ ਕੇ ਉਸਨੇ ਬਾਰ ਅੱਗੇ ਖੜ੍ਹੇ ਬੰਦਿਆਂ ਦੀ ਸੂਹ ਲੈਣੀ ਚਾਹੀ ਪਰ ਕੁੱਝ ਪੱਲੇ ਨਾ ਪਿਆ। ਬਾਰ ਅੱਗੇ ਖੜ੍ਹੇ ਬੰਦਿਆਂ ਦੁਆਰਾ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਉਹ ਮਨ ਵਿੱਚ ਦੁਹਰਾਉਂਦਾ ਬਾਰ ਵੱਲ ਵਧਿਆ।

''ਕਾਕੇ.......ਬਾਰ ਖੋਲ੍ਹੀਂ ਬਾਈ ਓਏ.....ਛੇਤੀ।'' ਬਾਹਰੋਂ ਆਪਣਾ ਨਾਮ ਸੁਣ ਕੇ ਕਾਕੇ ਨੂੰ ਹੌਸਲਾ ਜਿਹਾ ਹੋ ਗਿਆ। ਉਸਨੂੰ ਅਵਾਜ਼ ਵੀ ਜਾਣੀ-ਪਹਿਚਾਣੀ ਲੱਗੀ।

''ਕੌਣ ਐ.....?'' ਕਾਕੇ ਨੇ ਤਸੱਲੀ ਕਰਨੀ ਚਾਹੀ।

''ਮੈਂ ਆਂ ਬਾਈ.... ਘੁ...ਘੁੰਮਣ।'' ਬਾਹਰ ਘੁੰਮਣ ਤਖਤਿਆਂ ਦੇ ਸਹਾਰੇ ਆਪਣੇ-ਆਪ ਨੂੰ ਸੰਭਾਲੀ ਖੜ੍ਹਾ ਸੀ।

ਜਦ ਕਾਕੇ ਨੇ ਬਾਰ ਖੋਲ੍ਹਿਆ ਤਾਂ ਲਹੂ ਅਤੇ ਪਾਣੀ ਨਾਲ ਨੁੱਚੜਦਾ ਘੁੰਮਣ ਕਾਕੇ ਦੀਆਂ ਬਾਹਾਂ ਵਿੱਚ ਮਰਿਆਂ ਵਾਂਗ ਲੁੜਕ ਗਿਆ। ਉਸਦੀ ਗੋਲੀ ਲੱਗੀ ਬਾਂਹ ਬਿਨਾਂ ਹਰਕਤ ਤੋਂ ਤੋਰੀ ਵਾਂਗ ਲਟਕ ਰਹੀ ਸੀ। ਪੱਟ ਵਿੱਚੋਂ ਪਾਰ ਹੋ ਗਈ ਗੋਲੀ ਕਾਰਨ ਇੱਕ ਲੱਤ ਉੱਤੇ ਆਪਣਾ-ਆਪ ਸੰਭਾਲਿਆ ਨਹੀਂ ਜਾ ਰਿਹਾ ਸੀ।

''ਕੀ ਹੋ ਗਿਆ ਤੈਨੂੰ!'' ਕਾਕੇ ਨੇ ਗੰਡਾਸਾ ਇੱਕ ਪਾਸੇ ਸੁੱਟ ਕੇ ਉਸਨੂੰ ਸੰਭਾਲਦਿਆਂ ਪੁੱਛਿਆ। ਕੁਝ ਕੁ ਮਾਮਲਾ ਤਾਂ ਉਹ ਘੁੰਮਣ ਨੂੰ ਜ਼ਖਮੀ ਹਾਲਤ ਵਿੱਚ ਵੇਖ ਕੇ ਹੀ ਸਮਝ ਗਿਆ ਸੀ।

''ਮੈਨੂੰ ਬੱਸ ਘਰੋਂ ਪਹੁੰਚਾ ਦੇ ਬਾ....ਈ!'' ਘੁੰਮਣ ਦਾ ਸਾਹ ਉਖੜ ਰਿਹਾ ਸੀ ਅਤੇ ਉਸਦੀਆਂ ਅੱਖਾਂ ਮਿਚਦੀਆਂ ਜਾ ਰਹੀਆਂ ਸਨ। ਪਹਿਲਾਂ ਤਾਂ ਕਾਕੇ ਨੇ ਉਸਨੂੰ ਅੰਦਰ ਸਬਾਤ ਵਿੱਚ ਲੈ ਜਾਣਾ ਚਾਹਿਆ ਪਰ ਕੁਝ ਲੰਬੀ ਸੋਚਦਾ ਉਹ ਰੁਕ ਗਿਆ। ਉਸਨੇ ਘੁੰਮਣ ਨੂੰ ਮੋਢੇ ਦਾ ਸਹਾਰਾ ਦੇ ਕੇ ਉਹਨਾਂ ਦੇ ਘਰ ਵੱਲ ਨੂੰ ਤੋਰ ਲਿਆ। ਉਹ ਅਜੇ ਥੋੜ੍ਹੀ ਦੂਰ ਹੀ ਗਏ ਸਨ ਕੇ ਘੁੰਮਣ ਹੋਰ ਨਿਢਾਲ ਹੋ ਗਿਆ। ਹੁਣ ਅੱਗੇ ਪੁਲਾਂਘ ਪੁੱਟਣੀ ਮੁਸਕਲ ਹੋ ਗਈ ਸੀ। ਥਕੇਵੇਂ ਨਾਲ ਚੂਰ ਕਾਕੇ ਨੇ ਮੁੜ ਤਾਕਤ ਇਕੱਠੀ ਕੀਤੀ 'ਤੇ ਕਚੀਚੀ ਵੱਟ ਕੇ ਉਸਨੂੰ ਮੋਢੇ ਟਿਕਾ ਲਿਆ। ਉਹ ਚਿੱਕੜ ਨਾਲ ਭਰੀਆਂ ਬੀਹੀਆਂ ਵਿੱਚੋਂ ਹੁੰਦਾ ਘੁੰਮਣ ਕੇ ਬਾਰ ਅੱਗੇ ਜਾ ਰੁਕਿਆ।

''ਬਾਰ ਖੋਲ੍ਹੀਂ ਚਾਚੀ.......।'' ਕਾਕੇ ਨੇ ਕਈ ਬੋਲ ਮਾਰੇ, ਬਾਰ ਵੀ ਕਈ ਵਾਰ ਖੜਕਾਇਆ ਪਰ ਅੰਦਰੋਂ ਕੋਈ ਨਾ ਬੋਲਿਆ। ਉਸਨੇ ਘੁੰਮਣ ਨੂੰ ਕੌਲੇ ਦੇ ਸਹਾਰੇ ਬਿਠਾ ਦਿੱਤਾ ਤੇ ਆਪ ਕੰਧ ਟੱਪ ਗਿਆ। ਸਬਾਤ ਦੇ ਬਾਰ ਅੱਗੇ ਖੜ੍ਹ ਕੇ ਫਿਰ ਬੋਲ ਮਾਰਿਆ ਤਾਂ ਘੁੰਮਣ ਦਾ ਭਾਈ ਉੱਠ ਕੇ ਆ ਗਿਆ। ਸਾਰਾ ਟੱਬਰ ਘੁੰਮਣ ਨੂੰ ਉਡੀਕਦਾ ਅੱਧੀ ਰਾਤ ਤੋਂ ਬਾਅਦ ਸੁੱਤਾ ਸੀ। ''ਕੌਣ? ਕਾਕਾ ਐ?''

''ਹਾਂ! ਉਰੇ ਆਈਂ ਮਾੜਾ ਜਾ ਛੇਤੀ।'' ਘੁੰਮਣ ਦਾ ਭਰਾ ਹੈਰਾਨੀ 'ਚ ਉਲਝਿਆ ਕਾਕੇ ਦੇ ਪਿੱਛੇ ਹੀ ਬਾਹਰਲੇ ਬਾਰ ਵੱਲ ਤੁਰ ਪਿਆ। ਕਾਕੇ ਨੇ ਬਾਹਰਲਾ ਬਾਰ ਖੋਲ੍ਹਿਆ ਤਾਂ ਕੌਲੇ ਨਾਲ ਬੇਸੁਰਤ ਪਏ ਘੁੰਮਣ ਨੂੰ ਪਹਿਚਾਣ ਕੇ ਭੈ-ਭੀਤ ਹੋ ਗਿਆ।

''ਲਵਾਈਂ ਮਾੜਾ ਜਾ ਸਹਾਰਾ।'' ਕਾਕੇ ਨੇ ਘੁੰਮਣ ਦਾ ਇੱਕ ਮੋਢਾ ਫੜ ਲਿਆ।

''ਬਾਈ ਇਹ ਕੀ ਭਾਣਾ ਵਰਤ ਗਿਆ!'' ਬੇਸੁਰਤ ਪਏ ਘੁੰਮਣ ਨੂੰ ਵੇਖ ਕੇ ਉਹ ਅੰਦਰੋਂ ਹਿੱਲ ਗਿਆ।

''ਬੂਹ ਵੇ ਪੁੱਤਾ......ਕੀ ਹੋ ਗਿਆ ਮੇਰੇ ਪੁੱਤ ਨੂੰ..!'' ਮਾਂ ਨੇ ਬਾਹਾਂ 'ਚ ਚੁੱਕੀ ਆਉਂਦੇ ਘੁੰਮਣ ਨੂੰ ਵੇਖ ਕੇ ਲੇਰ ਮਾਰੀ।

''ਹਾਏ! ਮੈਂ ਪੱਟੀ ਗਈ ਵੇ ਲੋਕੋ.......!'' ਘੁੰਮਣ ਦੀ ਵਹੁਟੀ ਨੇ ਦੁਹੱਥੜ ਮਾਰਦਿਆਂ ਅਸਮਾਨ ਚੀਰਵੀਂ ਚੀਕ ਮਾਰੀ। ਉਸਨੂੰ ਆਪਣਾ ਸੰਸਾਰ ਉਜੜ ਗਿਆ ਲੱਗਿਆ।

''ਸਬਰ ਰੱਖੋ ਚਾਚੀ, ਕੁਛ ਨੀ ਹੁੰਦਾ। ਇਹ ਤਾਂ ਇਥੇ ਮੇਰੇ ਕੋਲ ਆ ਕੇ ਨਿਢਾਲ ਜਾ ਹੋ ਗਿਆ, ਊਂ ਤਾਂ ਚੰਗਾ ਭਲੈ। ਤੁਸੀਂ ਹੌਸਲੇ ਨਾਲ ਇਹਨੂੰ ਸਾਂਭੋ ਪਹਿਲਾਂ।'' ਕਾਕੇ ਹੋਰਾਂ ਨੇ ਉਹ ਅੰਦਰ ਮੰਜੇ 'ਤੇ ਲਿਆ ਪਾਇਆ। ਸਾਰਾ ਟੱਬਰ ਉਸਦੇ ਓਹੜ-ਪੋਹੜ ਵਿੱਚ ਜੁਟ ਗਿਆ।

''ਇਹਨੂੰ ਐਂ ਕੀਹਨੇ ਓਹੋ ਕਰਤਾ। ਰਾਤ ਤਾਂ ਇਹੇ ਚੰਗਾ ਭਲਾ ਗਿਆ ਤੀ ਕੇਹਰੂ ਨਾਲ, ਕਹਿੰਦਾ ਤੀ ਮੈਂ ਕੰਮ ਜਾ ਕੇ ਆਉਣਾ।'' ਸੰਤੋ ਦੇ ਨਾਲ ਨਾਲ ਸਾਰੇ ਟੱਬਰ ਨੂੰ ਹੀ ਇਸ ਅਚਾਨਕ ਵਾਪਰੀ ਘਟਨਾ ਦੀ ਕੋਈ ਤੰਦ ਹੱਥ ਨਹੀਂ ਸੀ ਲੱਗ ਰਹੀ।

''ਇਹ ਤੇ ਕੇਹਰੂ ਲੁੱਟਰ ਆਲਿਆਂ ਨਾਲ ਰਲ ਕੇ, ਚੱਕੀਂ ਮੁਸਲਮਾਨਾਂ ਦੇ ਘਰਾਂ ਨੂੰ ਲੁੱਟਣ ਜਾ ਰਹੇ ਤੀ। ਰਾਤ ਘਰੋਂ ਮੈਨੂੰ ਵੀ ਮੱਲੋ-ਮੱਲੀ ਲੈ ਗਏ। ਮੈਂ ਤਾਂ ਫੇਰ ਰਾਹ 'ਚੋਂ ਈ ਮੁੜ ਆਇਆ ਤੀ। ਇਹਨਾਂ ਨੂੰ ਵੀ ਮੈਂ ਕਿਹਾ ਤੀ ਵੀ ਮੁੜ ਚਲਦਿਆਂ। ਇਹ ਕਹਿੰਦੇ ਅਸੀਂ ਤਾਂ ਗਹੀਂ ਜਾਮਾਂਗੇ.....।'' ਕਾਕੇ ਨੇ ਸਾਰੀ ਹੋਈ ਬੀਤੀ ਸੁਣਾ ਦਿੱਤੀ ਪਰ ਉਹ ਰਾਹ 'ਚੋਂ ਤੀਵੀਂ ਘਰ ਚੁੱਕ ਲਿਆਉਣ ਵਾਲੀ ਗੱਲ ਨੂੰ ਜਾਣ-ਬੁੱਝ ਕੇ ਛੁਪਾ ਗਿਆ।

''ਚੰਗਾ ਚਾਚੀ ਮੈਂ ਘਰੋਂ ਜਾ ਆਮਾਂ ਮਾੜਾ ਜਾ। ਮੈਂ ਤਾਂ ਘਰੋਂ ਵੀ ਨੀ ਦੱਸ ਕੇ ਆਇਆ। ਲੋਈ ਪਾਟੀ ਤੋਂ ਇਹਨੂੰ ਸੁਨਾਮ ਨੂੰ ਲੈ ਜਾਂਗੇ।'' ਕਾਕੇ ਨੂੰ ਘਰ ਬੇਹੋਸ਼ ਪਈ ਤੀਵੀਂ ਦਾ ਖਿਆਲ ਆਇਆ ਤਾਂ ਉਹ ਬਹਾਨਾ ਮਾਰ ਕੇ ਘਰ ਮੁੜ ਆਇਆ।

ਅੱਜ ਸਵੇਰੇ ਘੁੰਮਣ ਦੇ ਖੇਤ ਦੇ ਗੁਆਂਢੀ ਲੁੱਟਰ ਪਿੰਡ ਦੇ ਇੱਕ ਆਦਮੀ ਨੇ ਘੁੰਮਣ ਤੇ ਕੇਹਰੂ ਨੂੰ ਦੱਸਿਆ ਸੀ ਕਿ ਉਹ ਅੱਜ ਰਾਤ ਨੂੰ ਜਥਾ ਬਣਾ ਕੇ ਚੱਕ ਪਿੰਡ 'ਚੋਂ ਰਹਿੰਦੇ-ਖੂੰਹਦੇ ਮੁਸਲਮਾਨਾਂ ਨੂੰ ਭਜਾਉਣ ਅਤੇ ਉਨ੍ਹਾਂ ਦੇ ਸੁੰਨੇ ਘਰ-ਬਾਰ ਲੁੱਟਣ ਲਈ ਜਾਣਗੇ। ਪਹਿਲਾਂ ਸਾਰਾ ਜਥਾ ਲੁੱਟਰ ਦੀ ਜਿਮੀਦਾਰਾਂ ਵਾਲੀ ਧਰਮਸ਼ਾਲਾ ਵਿੱਚ ਇਕੱਠਾ ਹੋਵੇਗਾ ਅਤੇ ਉਥੋਂ ਫਿਰ ਉਹ ਇਕੱਠੇ ਹੀ ਅੱਗੇ ਜਾਣਗੇ। ਉਸ ਨੇ ਘੁੰਮਣ ਤੇ ਕੇਹਰੂ ਨੂੰ ਵੀ ਨਾਲ ਚੱਲਣ ਲਈ ਉਕਸਾ ਲਿਆ ਸੀ। ਉਸਦੇ ਉਕਸਾਏ ਹੀ ਉਹ ਦੋਵੇਂ ਕਾਕੇ ਨੂੰ ਨਾਲ ਲੈ ਤੁਰੇ ਸਨ। ਜਦ ਕਾਕੇ ਨੇ ਤੀਵੀਂ ਨੂੰ ਲੈ ਜਾਣ ਦੀ ਪੱਕੀ ਠਾਣ ਲਈ ਤਾਂ ਰਾਤ ਬਾਜਰੇ ਵਿੱਚ ਹੀ ਖੜ੍ਹੇ ਕਾਕੇ ਨੂੰ ਛੱਡ ਕੇ ਉਹ ਅੱਗੇ ਤੁਰ ਪਏ ਸਨ। ਲਾਲਚ ਨੇ ਉਹਨਾਂ ਨੂੰ ਅੰਨ੍ਹਿਆਂ ਕਰ ਦਿੱਤਾ ਸੀ। ਆਪਣੇ ਭਰੇ ਘਰਾਂ ਨੂੰ ਹੋਰ ਭਰਨ ਲਈ, ਆਪਣੀ ਹੀ

ਧਰਤੀ ਦੇ ਜਾਇਆਂ ਦੇ ਖਾਲੀ ਘਰਾਂ ਨੂੰ ਹੋਰ ਖਾਲੀ ਕਰਨ ਦੀ ਖ਼ੁਦਗ਼ਰਜ਼ ਸੋਚ ਉਨ੍ਹਾਂ 'ਤੇ ਭਾਰੂ ਹੋ ਚੁੱਕੀ ਸੀ। ਮਜ਼ਹਬੀ, ਲਾਲਚੀ ਤੇ ਸ਼ੈਤਾਨੀ ਸੋਚ ਦੇ ਭਾਰੂ ਹੁੰਦਿਆਂ ਹੀ ਉਨ੍ਹਾਂ ਅੰਦਰ ਬੈਠੀ ਮਨੁੱਖਤਾ ਦਮ ਤੋੜ ਗਈ ਸੀ। ਕਿਸੇ ਨੂੰ ਲੁੱਟਣ ਦਾ ਉਤਸ਼ਾਹ ਉਨ੍ਹਾਂ ਦੇ ਪੈਰਾਂ ਵਿੱਚ ਕਾਹਲੀ ਮਚਾ ਰਿਹਾ ਸੀ। ਖੇਤਾਂ ਨੂੰ ਲਤਾੜਦੇ, ਨਤੀਜੇ ਤੋਂ ਬੇਖ਼ਬਰ ਉਹ ਲੁੱਟਰ ਨੂੰ ਇੱਕ ਤਰ੍ਹਾਂ ਭੱਜੇ ਜਾ ਰਹੇ ਸਨ।

ਮੀਂਹ ਜ਼ਿਆਦਾ ਉਤਰ ਆਉਣ ਤੋਂ ਪਹਿਲਾਂ ਪਹਿਲਾਂ ਹੀ ਉਨ੍ਹਾਂ ਨੇ ਲੁੱਟਰ ਧਰਮਸ਼ਾਲਾ ਵਿੱਚ ਹਾਜ਼ਰੀ ਜਾ ਲਵਾਈ। ਧਰਮਸ਼ਾਲਾ ਵਿੱਚ ਪਹਿਲਾਂ ਹੀ ਸੱਠ-ਸੱਤਰ ਆਦਮੀ ਆਪਣੇ ਆਪਣੇ ਹਥਿਆਰ ਸੰਭਾਲੀ ਬੈਠੇ ਸਨ। ਸਾਰਿਆਂ ਨੂੰ ਸ਼ਾਂਤ ਕਰਦਾ ਧਾੜਵੀਆਂ ਦਾ ਮੋਹਰੀ ਧਰਮਸ਼ਾਲਾ ਵਿੱਚ ਪਏ ਤਖ਼ਤਪੋਸ਼ ਉਪਰ ਚੜ੍ਹ ਗਿਆ।

''ਗੁਰੂ ਦੇ ਸਿੰਘੋ! ਇੱਕ ਪਲ ਲਈ ਸ਼ਾਂਤੀ ਦਾ ਦਾਨ ਬਖਸ਼ੋ!'' ਧਾੜਵੀਆਂ ਦੇ ਮੋਹਰੀ ਨੇ ਗੱਲ ਸ਼ੁਰੂ ਕਰਨ ਲਈ ਮਾਹੌਲ ਨੂੰ ਸ਼ਾਂਤ ਕਰ ਲੈਣ ਦੀ ਬੇਨਤੀ ਕੀਤੀ। ਅੱਜ ਦੀ ਰਾਤ ਲਈ ਬਣੇ ਕਈ 'ਗੁਰੂ ਦੇ ਸਿੰਘਾਂ' ਨੇ ਕਰੇੜੇ ਵਾਲੇ ਦੰਦਾਂ 'ਚੋਂ ਥੁੱਕ ਦੀਆਂ ਪਿਚਕਾਰੀਆਂ ਸੁੱਟਦਿਆਂ ਬੋਲਣ ਵਾਲੇ ਵੱਲ ਧਿਆਨ ਘੁਮਾਇਆ। ਕਈ ਸ਼ਰਾਬ ਨਾਲ ਭਰੇ ਬਦਬੂਦਾਰ ਸਾਹ ਛੱਡਦਿਆਂ ਆਪਣੇ ਆਲੇ-ਦੁਆਲੇ ਬੈਠਿਆਂ ਦੇ ਕੂਹਣੀਆਂ ਮਾਰ ਕੇ ਸ਼ਾਂਤ ਹੋਣ ਦਾ ਇਸ਼ਾਰਾ ਕਰਨ ਲੱਗੇ। ਹੌਲੀ ਹੌਲੀ ਧਰਮਸ਼ਾਲਾ ਵਿੱਚ ਸੰਨਾਟਾ ਛਾ ਗਿਆ। ਸ਼ਾਂਤ ਮਾਹੌਲ ਵਿੱਚ ਕਈਆਂ ਦੇ ਕਾਲੇ ਨਾਗ਼ ਵਾਂਗ ਵੱਜਦੇ ਸ਼ਰਾਬੀ ਫੂੰਕਾਰੇ ਸਪੱਸ਼ਟ ਸੁਣਾਈ ਦੇਣ ਲੱਗ ਪਏ ਸਨ। ਸਾਰਿਆਂ ਦਾ ਧਿਆਨ ਆਪਣੇ ਵੱਲ ਹੋਇਆ ਵੇਖ ਕੇ ਮੋਹਰੀ ਨੇ ਬੋਲਣਾ ਸ਼ੁਰੂ ਕੀਤਾ, ''ਗੁਰੂ ਦੇ ਸਿੰਘੋ! ਤੁਹਾਨੂੰ ਦੱਸਦਿਆਂ ਬੜਾ ਦੁੱਖ ਹੋ ਰਿਹਾ ਹੈ ਕਿ ਪਾਕਿਸਤਾਨ ਵਿੱਚ ਸਾਡੇ ਬੜੇ ਸਿੰਘ ਮਾਰੇ ਜਾ ਰਹੇ ਹਨ। ਮੁਸਲਿਆਂ ਨੇ ਸਾਡੇ ਨਾਲ ਬੜਾ ਜ਼ੁਲਮ ਕੀਤਾ ਹੈ। ਨਿੱਕੇ ਨਿੱਕੇ ਬੱਚਿਆਂ ਨੂੰ ਨੇਜ਼ਿਆਂ ਨਾਲ ਬਿੰਨ੍ਹਿਆ ਜਾ ਰਿਹਾ ਹੈ। ਸਿੰਘਣੀਆਂ ਦੀਆਂ ਛਾਤੀਆਂ ਕੱਟੀਆਂ ਜਾ ਰਹੀਆਂ ਹਨ। ਉਨ੍ਹਾਂ ਨਾਲ ਮੁਸਲਮਾਨਾਂ ਵੱਲੋਂ ਕੁਕਰਮ ਕੀਤੇ ਜਾ ਰਹੇ ਹਨ। ਮੁਸਲੇ ਓਧਰੋਂ ਵੱਢੇ-ਟੁੱਕੇ ਸਿੰਘਾਂ ਦੀਆਂ ਗੱਡੀਆਂ ਭਰ ਭਰ ਇਧਰ ਭੇਜ ਰਹੇ ਹਨ। ਸੂਰਮਿਓ! ਤਾਂ ਸਾਡੇ ਹੱਥਾਂ ਵਿੱਚ ਵੀ ਚੂੜੀਆਂ ਨਹੀਂ ਪਾਈਆਂ ਹੋਈਆਂ। ਸਿੰਘ ਆਪਣਾ ਬਦਲਾ ਲੈਣਾ ਜਾਣਦੇ ਹਨ। ਅਸੀਂ..........।'' ਮੋਹਰੀ ਦਾ ਭੜਕਾਊ ਭਾਸ਼ਣ ਸਾਹਮਣੇ ਬੈਠੇ ਭੋਲੇ ਲੋਕਾਂ ਵਿੱਚ ਜੋਸ਼ ਭਰ ਰਿਹਾ ਸੀ। ਅੰਗਰੇਜ਼ ਦੀਆਂ ਲੂੰਬੜ ਚਾਲਾਂ ਤੋਂ ਬੇਖ਼ਬਰ ਆਪਣੇ ਹੀ ਭਰਾਵਾਂ ਨੂੰ ਮਾਰਨ ਲਈ ਉਨ੍ਹਾਂ ਦੇ ਹੱਥ ਕਿਰਪਾਨਾਂ, ਬਰਛਿਆਂ, ਗੰਡਾਸਿਆਂ ਉੱਤੇ ਘੁੱਟੇ ਜਾ ਰਹੇ ਸਨ। ਮੋਹਰੀ ਨੇ ਸਭ ਨੂੰ ਖੜ੍ਹੇ ਕਰਕੇ ਅਰਦਾਸ ਕੀਤੀ ਅਤੇ ਫਿਰ 'ਬੋਲੇ ਸੋ ਨਿਹਾਲ' ਦਾ ਜੈਕਾਰਾ ਛੱਡਿਆ।

ਮੀਂਹ ਹੁਣ ਰੁਕ ਗਿਆ ਸੀ। ਕਈਆਂ ਨੇ ਮੀਂਹ ਤੋਂ ਡਰਦਿਆਂ ਧਰਮਸ਼ਾਲਾ ਵਿੱਚ ਹੀ ਪੈਰ ਮਲ ਲਏ ਤੇ ਘਰਾਂ ਨੂੰ ਵਾਪਸ ਮੁੜ ਗਏ। ਪੰਜਾਹ ਕੁ ਆਦਮੀਆਂ ਦਾ ਟੋਲਾ ਖ਼ੂੰਖਾਰ ਕੁੱਤਿਆਂ ਦਾ ਰੂਪ ਧਾਰੀ 'ਖਾਊ-ਖਾਊ' ਕਰਦਾ ਧਰਮਸ਼ਾਲਾ ਤੋਂ ਨਿਕਲ ਕੇ ਆਪਣੇ ਮੋਹਰੀ ਦੀ ਅਗਵਾਈ ਵਿੱਚ ਚੱਕਾਂ ਨੂੰ ਸਿੱਧਾ ਹੋ ਗਿਆ। ਸਾਰਿਆਂ ਦਾ ਵਿਚਾਰ ਸੀ ਕਿ ਚੱਕ ਪਿੰਡ ਦੇ ਕੁਝ ਮੁਸਲਮਾਨ ਘਰ-ਬਾਰ ਛੱਡ ਕੇ ਚਲੇ ਗਏ ਹਨ। ਇੱਕਾ-ਦੁੱਕਾ ਘਰਾਂ ਨੂੰ ਉਹ ਖੰਘਣ ਨਹੀਂ ਦਿੰਦੇ। ਪੰਜਾਹ ਬੰਦਿਆਂ ਦੇ ਸਾਹਮਣੇ ਉਹਨਾਂ ਦਾ ਕੀ ਟੱਕ ਪੁੱਗੇਗਾ। ਚੱਕ ਪਿੰਡ ਦੇ ਸਿੱਖਾਂ ਦੇ ਘਰ ਵੀ ਉਹਨਾਂ ਦੀ ਮਦਦ 'ਤੇ ਉਤਰ ਆਉਣਗੇ।

ਚੱਕ ਪਿੰਡ ਵਿੱਚ ਬਹੁਤੀ ਗਿਣਤੀ ਮੁਸਲਮਾਨਾਂ ਦੀ ਸੀ। ਸਦੀਆਂ ਤੋਂ ਆਪਣੇ ਬਾਪ-ਦਾਦਿਆਂ ਦੀ ਜਨਮ ਭੂਮੀ 'ਤੇ ਵਸਦੇ ਮੁਸਲਮਾਨਾਂ ਨੂੰ ਅਚਾਨਕ ਹੁਕਮ ਹੋ ਗਿਆ ਸੀ ਕਿ ਆਪਣੇ ਘਰ, ਖੇਤ ਛੱਡ ਕੇ 'ਆਪਣੇ ਦੇਸ਼' ਜਾਓ। ਕਿਸੇ ਦੀ ਵੀ ਸਮਝ ਵਿੱਚ ਨਹੀਂ ਆ ਰਿਹਾ ਸੀ ਆਪਣੇ ਪਿੰਡਾਂ, ਆਪਣੇ ਘਰਾਂ ਅਤੇ ਆਪਣੇ ਖੇਤਾਂ ਤੋਂ ਦੂਰ ਕਿਸੇ ਅਣਜਾਣ ਥਾਂ 'ਤੇ ਇਹ 'ਆਪਣਾ ਦੇਸ਼' ਕਿੱਥੋਂ ਪ੍ਰਗਟ ਹੋ ਗਿਆ? ਚੱਕ ਪਿੰਡ ਦੇ ਜ਼ੈਲਦਾਰ ਨੇ ਸਦੀਆਂ ਪੁਰਾਣੀ ਸਾਂਝ 'ਤੇ ਫੁੱਲ ਚੜ੍ਹਾਉਂਦਿਆਂ ਪਿੰਡ ਦਾ ਇਕੱਠ ਕਰਕੇ ਸਾਰੇ ਸਿੱਖ ਭਰਾਵਾਂ ਨੂੰ ਆਪਣੇ ਮੁਸਲਮਾਨ ਭਰਾਵਾਂ ਦੀ ਹਿਫ਼ਾਜ਼ਤ ਕਰਨ ਲਈ ਕਿਹਾ ਸੀ। ਚੱਕ ਪਿੰਡ ਦੇ ਸਾਰੇ ਲੋਕਾਂ ਨੇ ਮੁਸਲਮਾਨਾਂ ਨੂੰ ਇਥੇ ਹੀ ਰਹਿਣ ਲਈ ਮਨਾਉਂਦਿਆਂ ਉਨ੍ਹਾਂ ਦੀ ਸਾਰੀ ਜ਼ਿੰਮੇਵਾਰੀ ਓਟੀ ਸੀ ਪਰ ਲਾਹਵਾਂ ਦੇ ਪਿੰਡਾਂ ਤੋਂ ਆਉਂਦੀਆਂ ਮਾਰੂ ਅਫ਼ਵਾਵਾਂ ਉਨ੍ਹਾਂ ਨੂੰ ਰੁਕਣ ਨਹੀਂ ਦੇ ਰਹੀਆਂ ਸਨ। ਫਿਰ ਵਾਪਸ ਮੁੜ ਆਉਣ ਦੀ ਆਸ ਮਨਾਂ ਵਿਚ ਲਈਂ ਆਪਣੇ ਘਰ-ਬਾਰ, ਖੇਤ-ਬੰਨੇ ਗੁਆਂਢੀਆਂ ਨੂੰ ਸੰਭਾਲ ਕੇ ਉਹ ਭਰੀਆਂ ਅੱਖਾਂ ਲਈਂ ਸੁਰੱਖਿਅਤ ਥਾਵਾਂ ਵੱਲ ਚੱਲਣੇ ਸ਼ੁਰੂ ਹੋ ਗਏ ਸਨ। ਅੱਧੇ ਮੁਸਲਮਾਨ ਚਲੇ ਗਏ ਸਨ ਅਤੇ ਬਾਕੀ ਰਹਿੰਦਿਆਂ ਨੇ ਕੱਲ੍ਹ-ਪਰਸੋਂ ਤੱਕ ਆਪਣੇ ਆਲ੍ਹਣੇ ਛੱਡ ਜਾਣੇ ਸਨ। ਮੁਸਲਮਾਨਾਂ ਦੇ ਇੱਥੋਂ

ਚਲੇ ਜਾਣ ਤੱਕ ਸਾਰੇ ਪਿੰਡ ਨੇ ਬਾਹਰਲੇ ਧਾੜਵੀਆਂ ਤੋਂ ਬੱਚਤ ਲਈ ਰਾਤ ਨੂੰ ਪਿੰਡ ਦੀ ਰਾਖੀ ਕਰਨੀ ਸ਼ੁਰੂ ਕਰ ਦਿੱਤੀ ਸੀ। ਨੌਜਵਾਨ ਮੁੰਡੇ ਰਾਤ ਨੂੰ ਹਥਿਆਰਾਂ ਨਾਲ ਪਿੰਡ ਦੇ ਆਲੇ-ਦੁਆਲੇ ਪਹਿਰਾ ਦਿੰਦੇ। ਰਫਲਾਂ ਵਾਲੇ ਪਿੰਡ ਦੀ ਬਾਹਰਲੀ ਫਿਰਨੀ ਤੇ ਨਿਗਰਾਨੀ ਕਰਨ ਲਈ ਕੋਠਿਆਂ ਉਪਰ ਚੜ੍ਹ ਕੇ ਬੈਠ ਜਾਂਦੇ।

-0-0-

ਚੱਕ ਪਿੰਡ ਉੱਤੇ ਕਹਿਰ ਵਰਸਾਉਣ ਦੀਆਂ ਖ਼ੂਨੀ ਇਛਾਵਾਂ ਉਹ ਮਨਾਂ ਵਿੱਚ ਲਈ ਪਿੰਡ ਦੀ ਜੂਹ ਵਿੱਚ ਜਾ ਪਹੁੰਚੇ। ਚੋਰ ਅਤੇ ਆਸ਼ਕ ਵਾਂਗ ਉਹ ਕਾਲੀ ਰਾਤ ਦੀ ਓਟ ਲੈ ਕੇ ਆਪਣੇ ਅਣ-ਮਨੁੱਖੀ ਇਰਾਦਿਆਂ ਨੂੰ ਪੂਰ ਚੜ੍ਹਾਉਣਾ ਚਾਹੁੰਦੇ ਸਨ ਪਰ ਜਦ ਕਦੇ ਬਿਜਲੀ ਕੜਕਦੀ, ਹਨ੍ਹੇਰੇ ਦੀ ਕਾਲੀ ਲੋਈ ਨੂੰ ਪਾੜਦੀ ਚਾਰੇ ਪਾਸੇ ਚਾਨਣ ਹੀ ਚਾਨਣ ਕਰ ਜਾਂਦੀ ਤਾਂ ਇੱਕ ਪਲ ਲਈ ਸਾਰੇ ਸਹਿਮੇ ਆਲੇ-ਦੁਆਲੇ ਵੇਖਦੇ ਤੇ ਫਿਰ ਚੌਕਵੇਂ ਕਦਮੀਂ ਅੱਗੇ ਨੂੰ ਤੁਰ ਪੈਂਦੇ।

ਪਿੰਡ ਦੇ ਨੇੜੇ ਆ ਕੇ ਉਹ ਸਾਰੇ ਫਿਰ ਰੁਕ ਗਏ।

''ਸਿੰਘੋ ਬਹਾਦਰੀ ਦਿਖਾਉਣ ਦਾ ਸਮਾਂ ਆ ਚੁੱਕਿਆ ਹੈ। ਥੋਨੂੰ ਸਾਰਿਆਂ ਨੂੰ ਇੱਕ ਗੱਲ ਸਮਝਾ ਦੇਮਾਂ। ਆਪੋ-ਧਾਪੀ ਵਿੱਚ ਅੱਡ ਨਾ ਹੋ ਜਾਇਓ! ਜੇ ਕੋਈ ਵਿਰੋਧ ਵੀ ਕਰੂ ਤਾਂ ਆਪਣੇ ਸਾਹਮਣੇ ਕਿਸੇ ਦਾ ਵਸ ਨਹੀਂ ਚੱਲਣਾ। ਆਪਾਂ ਜੋਸ਼ ਦੇ ਨਾਲ ਨਾਲ ਹੋਸ਼ ਤੋਂ ਵੀ ਕੰਮ ਲੈਣੈ। ਚਲੋ ਹੁਣ!''

ਸਾਰੇ ਫਿਰਨੀ ਤੋਂ ਹਟਵੇਂ ਪਿੰਡ ਵਿੱਚ ਜਾ ਵੜੇ। ਪਿੰਡ ਵਿੱਚ ਵੜਦਿਆਂ ਦੀ ਸੂਹ ਸਾਰੇ ਪਿੰਡ ਨੂੰ ਲੱਗ ਗਈ। ''ਬਾਹਰਲੇ ਬੰਦੇ ਆ ਗਏ.......ਓਏ......!'' ਕੋਠੇ ਚੜ੍ਹ ਕਿਸੇ ਆਦਮੀ ਨੇ ਸਾਰੇ ਪਹਿਰੇਦਾਰਾਂ ਅਤੇ ਪਿੰਡ ਦੇ ਲੋਕਾਂ ਨੂੰ ਚੌਕੰਨੇ ਕਰ ਦਿੱਤਾ। ਪਿੰਡ ਦੇ ਲੋਕ ਤਾਂ ਹਾਲਾਤ ਤੋਂ ਡਰਦੇ ਪਹਿਲਾਂ ਹੀ ਜਾਗਦੇ ਬੈਠੇ ਸਨ। ਬੱਸ ਰੌਲਾ ਪੈਣ ਦੀ ਦੇਰ ਸੀ, ਸਾਰਾ ਪਿੰਡ ਹੀ ਧਾੜਵੀਆਂ 'ਤੇ ਟੁੱਟ ਪਿਆ। ਆਪਣੀ ਆਸ ਦੇ ਉਲਟ ਸਾਰੇ ਪਿੰਡ ਦੁਆਰਾ ਹੀ ਇਸ ਤਰ੍ਹਾਂ ਹਮਲਾ ਕਰ ਦੇਣ 'ਤੇ ਉਹ ਭੈ-ਭੀਤ ਹੋਏ ਵਾਪਸ ਦੌੜ ਪਏ। ਸਾਹਮਣਿਓਂ ਕੰਧ ਵਾਂਗ ਘੇਰਾ ਪਾਈ ਖੜ੍ਹੇ ਲੋਕਾਂ ਨੇ ਵਰਛੇ, ਕਿਰਪਾਨਾਂ ਚਲਾ ਦਿੱਤੀਆਂ। ਘੁੰਮਣ, ਕੇਹਰੂ ਅਤੇ ਤਿੰਨ ਹੋਰ ਆਦਮੀ ਬਾਹਰ ਫਿਰਨੀ ਵੱਲ ਨਿਕਲਦੀ ਬੀਹੀ ਨੂੰ ਭੱਜ ਲਏ। ਉਹ ਫਿਰਨੀ ਤੋਂ ਅਜੇ ਦੋ ਕੁ ਪੁਲਾਘਾਂ ਪਿੱਛੇ ਸਨ ਕਿ ਸਾਹਮਣਿਓਂ ਹਮਲਾ ਹੋ ਗਿਆ। ਕਿਰਪਾਨ ਕੇਹਰੂ ਦੇ ਸਿਰ ਵਿੱਚ ਵੱਜੀ ਤਾਂ ਉਹ ਬਟੇਰੇ ਵਾਂਗ ਫੁੜਕ ਕੇ ਉਥੇ ਹੀ ਡਿੱਗ ਪਿਆ। ਉਸਨੂੰ ਡਿੱਗੇ ਪਏ ਨੂੰ ਹੀ ਕਿਰਪਾਨਾਂ ਤੇ ਬਰਛਿਆਂ ਨਾਲ ਵਿੰਨ੍ਹ ਦਿੱਤਾ। ਬਾਕੀ ਫਿਰਨੀ ਟੱਪਣ ਲੱਗੇ ਤਾਂ ਪਿੱਛੇ ਆਈ ਗੋਲੀ ਘੁੰਮਣ ਦੀ ਬਾਂਹ ਵਿੱਚ ਆ ਲੱਗੀ। ਉਹ ਗੇੜਾ ਜਿਹਾ ਖਾਂਦਾ ਸੰਭਲ ਕੇ ਫਿਰ ਭੱਜ ਲਿਆ। ਦੂਜੀ ਗੋਲੀ ਉਸਦੇ ਪੱਟ ਨੂੰ ਇੱਕ ਪਾਸਿਓਂ ਚੀਰਦੀ ਲੰਘ ਗਈ। ਪਿੱਛੋਂ ਇੱਕ ਦੋ ਫਾਇਰ ਹੋਰ ਵੀ ਹੋਏ ਪਰ ਉਹ ਇੱਧਰ-ਉਧਰ ਆ ਵੱਜੀਆਂ।

ਘੁੰਮਣ ਲੁੱਟਰ ਜਾਣ ਦੀ ਬਜਾਏ ਸਿੱਧਾ ਨੱਕ ਦੀ ਸੇਧ ਨੂੰ ਪਿੰਡ ਵੱਲ ਭੱਜ ਲਿਆ। ਤੱਤੇ ਘਾਅ ਤਾਂ ਉਹ ਦੌੜਦਾ ਰਿਹਾ ਪਰ ਜਿਉਂ ਜਿਉਂ ਉਸਦੇ ਗੋਲੀ ਲੱਗੀ ਨੂੰ ਸਮਾਂ ਪੈਂਦਾ ਰਿਹਾ ਉਸਦੀ ਬਾਂਹ ਅਤੇ ਪੱਟ ਵਿੱਚ ਦਰਦ ਵਧਦਾ ਗਿਆ। ਬਾਂਹ ਅਤੇ ਪੱਟ ਵਿੱਚੋਂ ਖ਼ੂਨ ਨਿਕਲਣ ਨਾਲ ਉਸਦੀ ਸ਼ਕਤੀ ਜਵਾਬ ਦਿੰਦੀ ਗਈ। ਪਿੰਡ ਤੱਕ ਤਾਂ ਉਹ ਤਰੀੜ ਵੱਟੀ ਡਿਗਦਾ-ਢਹਿੰਦਾ ਚਲਦਾ ਰਿਹਾ ਪਰ ਪਿੰਡ ਦੀ ਫਿਰਨੀ 'ਤੇ ਆ ਕੇ ਉਹ ਅਸਲੋਂ ਨਿਢਾਲ ਹੋ ਗਿਆ ਅਤੇ ਕਾਕੇ ਨੂੰ ਬੋਲ ਮਾਰਦਾ ਉਸਦੇ ਤਖਤਿਆਂ ਨਾਲ ਜਾ ਲੱਗਿਆ ਸੀ।

## 3

ਜਲ ਕੁਰ ਮੰਜੇ 'ਤੇ ਮੁਟਕੀ ਮਾਰੀਂ ਬੈਠੀ ਕਾਕੇ ਨੂੰ ਉਡੀਕ ਰਹੀ ਸੀ। ਉਸਦੀ ਸੋਚ ਗੋਤੇ ਖਾਂਦੀ ਥਾਂ ਥਾਂ ਭਟਕ ਰਹੀ ਸੀ ਜਿਵੇਂ ਡਾਰ ਨਾਲੋਂ ਵਿਛੜਿਆ ਪੰਛੀ ਖ਼ਾਲੀ ਅਸਮਾਨ ਵਿੱਚ ਇਧਰ-ਉਧਰ ਭਾਉਂਦਾ ਰਹਿੰਦਾ ਹੈ। ਉਸਦੇ ਸਾਹਮਣੇ ਮਾੜੇ ਵਕਤਾਂ ਦੀ ਮਾਰੀ ਤੀਵੀਂ ਬਿਨਾਂ ਕਿਸੇ ਹਰਕਤ ਤੋਂ ਅਹਿੱਲ ਪਈ ਸੀ। ਸਬਾਤ ਵਿਚਲੇ ਦੀਵੇ ਦਾ ਚਾਨਣ ਉਸਦੇ ਸਾਹਾਂ ਵਾਂਗ ਹੀ ਕੰਬਦਾ,

ਬੁਝੂੰ-ਬੁਝੂੰ ਕਰ ਰਿਹਾ ਸੀ। ਜਲ ਕੁਰ ਨੇ ਉੱਠ ਕੇ ਦੀਵੇ ਵਿੱਚ ਹੋਰ ਤੇਲ ਪਾ ਦਿੱਤਾ। ਦਮ ਤੋੜਦਾ ਮਟਮੈਲਾ ਚਾਨਣ ਫਿਰ ਤੇਜ਼ ਹੋ ਗਿਆ। ਉਹ ਦੀਵੇ 'ਚ ਤੇਲ ਪਾ ਕੇ ਮੰਜੇ 'ਤੇ ਅਜੇ ਬੈਠੀ ਹੀ ਸੀ ਕਿ ਦੇਹਲੀ 'ਤੇ ਚਿੱਕੜ ਨਾਲ ਲਿੱਬੜੇ ਜੋੜੇ ਝਾੜਦਾ ਕਾਕਾ ਸਬਾਤ ਅੰਦਰ ਲੰਘ ਆਇਆ।

''ਕਿੱਧਰ ਵਾਗੇ ਤੀ?'' ਜਲ ਕੁਰ ਦੇ ਦਿਮਾਗ਼ ਵਿੱਚ ਗੇੇੜੇ ਖਾਂਦਾ ਸਵਾਲ ਕਾਕੇ ਨੂੰ ਵੇਖਦਿਆਂ ਹੀ ਬਾਹਰ ਨਿੱਕਲ ਆਇਆ।

''ਘੁੰਮਣ ਨੂੰ ਛੱਡ ਕੇ ਆਇਆਂ। ਸੱਟਾਂ ਖਾ ਕੇ ਆਪਣੇ ਬਾਰ 'ਚ ਆ ਡਿੱਗਿਆ ਤੀ।''

''ਮਾੜੇ ਕੰਮ ਦਾ ਫੇਰ ਮਾੜਾ ਈ ਫਲ ਐ।'' ਜਲ ਕੁਰ ਕਾਕੇ ਵੱਲ ਚੇਤਾਵਨੀ ਦੇਣ ਵਾਲਿਆਂ ਵਾਂਗ ਝਾਕੀ ਜਿਵੇਂ ਕਹਿ ਰਹੀ ਹੋਵੇ 'ਜੇ ਤੂੰ ਨਾ ਮੁੜਦਾ ਤੇਰੇ ਨਾਲ ਵੀ ਇਹੀ ਹੋਣਾ ਸੀ।'

''ਮੈਂ ਤਾਂ ਵਥੇਰਾ ਕਿਹਾ ਤੀ ਵੀ ਮੁੜ ਚਲਦਿਆਂ, ਇਹੀ ਨੀ ਮੰਨੇ।'' ਕਾਕਾ ਆਪ ਸੱਚਾ ਹੋਣ ਲਈ ਸਫ਼ਾਈਆਂ ਦੇਣ ਲੱਗ ਪਿਆ।

''ਕੇਹਰੂ...?''

''ਕੇਹਰੂ ਦਾ ਤਾਂ ਅਜੇ ਕੋਈ ਪਤਾ ਨੀ ਕਿੱਥੇ ਐ।'' ਫਿਰ ਉਹ ਕੁਝ ਸੋਚਦਾ ਅੱਗੇ ਬੋਲਿਆ, ''ਜੇ ਹੁਣ ਇਹ ਦੋ ਗੋਲੀਆਂ ਖਾ ਕੇ ਘਰੋਂ ਮਰਦਾ ਪਹੁੰਚਿਐ ਫੇਰ ਕੇਹਰੂ ਕੀ ਪਤੈ ਅਗਲੇ ਨੇ ਉਥੇ ਹੀ ਫਤਿਹ ਬੁਲਾ ਤਾ ਹੋਵੇ।''

''ਕਿਉਂ ਜਦੋਂ ਅਗਲੇ ਨੂੰ ਘਰੋਂ ਬੈਠੇ ਨੂੰ ਮਾਰਨ ਗਿਓਂ, ਅਗਲਾ ਕਿਹੜਾ ਫੇਰ ਘੱਟ ਗਜਾਰੂ।'' ਉਸ ਨੇ ਕਾਕੇ ਨੂੰ ਗੱਲ ਰੜਕਾਈ।

''ਦਿਨ ਚੜ੍ਹਨ ਆਲੈ ਤੂੰ ਚਾਹ ਦੀ ਬਣਾ ਘੁੱਟ। ਦਿਨ ਚੜ੍ਹੇ ਫੇਰ ਘੁੰਮਣ ਨੂੰ ਲੈ ਕੇ ਜਾਮਾਂਗੇ ਸੁਨਾਮ।'' ਉਸਨੇ ਗੱਲ ਆਪਣੇ ਵੱਲ ਸਿੱਧੀ ਹੁੰਦੀ ਵੇਖ ਕੇ ਦੜ ਵੱਟ ਲਿਆ।

ਜਲ ਕੁਰ ਝਲਾਨੀ 'ਚ ਚਾਹ ਬਣਾਉਣ ਚਲੀ ਗਈ। ਕਾਕੇ ਦੀ ਨਿਗ੍ਹਾ ਸਾਹਮਣੇ ਪਈ ਤੀਵੀਂ 'ਤੇ ਗਈ ਤਾਂ ਉਸਦੇ ਦਿਮਾਗ਼ 'ਚ ਕਈ ਸੋਚਾਂ ਉਪਰ ਹੇਠ-ਹੋਣ ਲੱਗੀਆਂ, 'ਪਤਾ ਨਹੀਂ ਬਚੂ ਕਿ ਮਰੂ। ਜੇ ਬਚ ਗਈ ਫੇਰ ਇਹਦਾ ਕੀ ਕਰੂੰਗਾ? ਤੀਵੀਂ ਸੋੋਹਣੀ ਐ! ਜੇ ਘਰ ਹੀ ਰੱਖ ਲਵਾਂ?......ਪਰ ਜਲ ਕੁਰ? ਜਲ ਕੁਰ ਨੂੰ ਕਿਵੇਂ ਕਹੂੰ? ਕੀ ਐ ਜਲ ਕੁਰ ਬੱਚੇ ਦੇ ਨਾਓਂ ਨੂੰ ਮੰਨ ਜਾਵੇ। ਚਾਰ ਸਾਲ ਹੋ ਗਏ ਸਾਡੇ ਵਿਆਹ ਨੂੰ। ਅਜੇ ਤੱਕ ਕੋੜ੍ਹਨ ਢਿੱਡੋਂ ਨੀ ਫੁੱਟੀ। ਜੇ ਇਸ ਤੀਵੀਂ ਕੁੱਖੋਂ ਮੇਰੇ ਬੱਚਾ ਹੋਜੇ!' ਫਿਰ ਉਸਨੂੰ ਲੱਗਿਆ ਜਿਵੇਂ ਲੋਗੜ ਵਰਗਾ ਗੋਰਾ-ਚਿੱਟਾ ਮੁੰਡਾ ਦੌੜ ਕੇ ਉਸਦੀ ਗੋਦੀ ਵਿੱਚ ਆ ਬੈਠਿਆ ਹੈ। ਉਹ ਪਿਆਰ ਨਾਲ ਉਸਦੇ ਰੋਡੇ ਸਿਰ ਵਿੱਚ ਹੱਥ ਫੇਰਦਾ ਹੈ। ਉਸਦੇ ਮਗਰ ਮਗਰ ਮੋਟੀਆਂ ਅੱਖਾਂ ਵਾਲੀ ਉਸਦੀ ਦੂਜੀ ਤੀਵੀਂ ਗੁਲਾਬੀ ਬੁੱਲ੍ਹਾਂ 'ਚ ਮੁਸਕਰਾਉਂਦੀ, ਅੱਖਾਂ ਦੇ ਇਸ਼ਾਰਿਆਂ ਨਾਲ ਹੀ ਮੁੰਡੇ ਬਾਰੇ ਕੁੱਝ ਸਮਝਾਉਂਦੀ ਆ ਰਹੀ ਹੈ। ਫਿਰ ਇਹ ਸਾਰਾ ਦ੍ਰਿਸ਼ ਹੀ ਇੱਕ ਦਮ ਖੇਤਾਂ ਵਿੱਚ ਵਟ ਜਾਂਦਾ ਹੈ। ਉਹ ਆਪਣੇ ਖੇਤ ਹਲ ਵਾਹ ਰਿਹਾ ਹੈ। ਉਸਦੀ ਨਿਗ੍ਹਾ ਵਾਰ ਵਾਰ ਪਿੰਡ ਵੱਲ ਜਾਂਦੀ ਹੈ। ਫਿਰ ਉਸਨੂੰ ਦੂਰੋਂ ਆਪਣਾ ਵਾਰਸ ਭੱਜਿਆ ਆਉਂਦਾ ਦਿਸਦਾ ਹੈ। ਉਸਦੇ ਪਿੱਛੇ ਜਲ ਕੁਰ ਅਤੇ ਗੋਰੀ ਚਿੱਟੀ ਦੂਜੀ ਪਤਨੀ ਹੱਸ ਹੱਸ ਗੱਲਾਂ ਕਰਦੀਆਂ ਆ ਰਹੀਆਂ ਹਨ। ਉਹ ਹਲ ਰੋਕ ਕੇ ਅੱਗੇ ਅੱਗੇ ਭੱਜੇ ਆਉਂਦੇ ਮੁੰਡੇ ਨੂੰ ਚੁੱਕਣ ਲਗਦਾ ਹੈ ਤੇ........।

''ਪੈਜੋ ਦੋ ਘੜੀ ਜੇ ਨੀਂਦ ਆਉਂਦੀ ਐ।'' ਜਲ ਕੁਰ ਨੇ ਕਾਮ-ਕੰਨਿਆ ਵਾਂਗ ਉਸਦੀ ਬਿਰਤੀ ਭੰਗ ਕਰਦਿਆਂ ਚਾਹ ਵਾਲੀ ਗੜ੍ਹਵੀ ਅਤੇ ਦੋ ਬਾਟੀਆਂ ਕਾਕੇ ਦੇ ਮੰਜੇ ਕੋਲ ਲਿਆ ਰੱਖੀਆਂ।

''ਨਾਂਹ ਪੈਂਦਾ ਤਾਂ ਹੁਣ ਕਾਹਨੂੰ ਆ, ਚਾਹ ਪੀ ਕੇ ਬੱਸ ਢੂਹੀ ਸਿੱਧੀ ਕਰ ਲੈਨਾਂ ਦੋ ਘੜੀ।'' ਉਹ ਚਾਹ ਪੀ ਕੇ ਮੰਜੇ ਉੱਤੇ ਟੇਢਾ ਹੋ ਗਿਆ। ਸਾਰੀ ਰਾਤ ਦਾ ਥਕੇਵਾਂ ਅਤੇ ਉਨੀਂਦਰਾ ਉਸ ਉੱਤੇ ਭਾਰੂ ਹੋ ਗਿਆ। ਇੱਕ ਪਲ ਵਿੱਚ ਹੀ ਉਸਦੀ ਅੱਖ ਲੱਗ ਗਈ।

ਬਸ਼ੀਰਾਂ ਨੂੰ ਸੁਰਤ ਪਰਤਣ ਲੱਗੀ। ਉਸਨੇ ਹੌਲੀ ਹੌਲੀ ਅੱਖਾਂ ਪੁੱਟੀਆਂ। ਉਸਨੂੰ ਮਹਿਸੂਸ ਹੋਇਆ ਜਿਵੇਂ ਉਹ ਸਦੀਆਂ ਬਾਅਦ ਜਾਗ ਰਹੀ ਹੋਵੇ। ਉਸਦੀਆਂ ਅੱਖਾਂ ਅੱਗੇ ਉਹ ਭਿਆਨਕ ਦ੍ਰਿਸ਼ ਫਿਰ ਦੌੜਨ ਲੱਗੇ। ਉਸਦੇ ਆਪਣੇ ਦਿਲ ਦੇ ਟੁਕੜੇ ਨਜ਼ੀਰ ਦੀਆਂ ਕਿਲਕਾਰੀਆਂ, ਉਸ ਦੇ ਸਰੀਰ ਨੂੰ ਚੂੰਢ ਰਹੀ ਮਨੁੱਖਾਂ ਤੋਂ ਰਾਖਸ਼ਸ ਬਣੀ ਆਦਮਜਾਤ। ਉਸ ਨੂੰ ਇਹ ਸਭ ਕੁਝ ਫਿਰ ਦਿਖਾਈ ਦਿੱਤਾ। ਉਸਦੀਆਂ ਸਹਿਮੀਆਂ ਅੱਖਾਂ ਵਿੱਚ ਪਾਣੀ ਸਿੰਮ ਆਇਆ। ਉਹ ਇਹਨਾਂ ਭਿਆਨਕ ਦ੍ਰਿਸ਼ਾਂ ਨੂੰ ਅੱਖੋਂ ਓਹਲੇ ਕਰਨ ਦੇ

ਮਕਸਦ ਨਾਲ ਅੱਖਾਂ ਮੀਚਦੀ ਡੁਸਕਣ ਲੱਗ ਪਈ। ਬਸ਼ੀਰਾਂ ਦੀਆਂ ਸਿਸਕੀਆਂ ਜਲ ਕੁਰ ਨੂੰ ਸੁਣਾਈ ਦਿੱਤੀਆਂ ਤਾਂ ਉਹ ਜਲਦੀ ਨਾਲ ਉਸ ਕੋਲ ਆ ਖੜ੍ਹੀ।

''ਰੋ ਨਾ ਭੈਣੇ! ਸਭ ਠੀਕ ਹੋਜੂ।'' ਜਲ ਕੁਰ ਨੇ ਦਿਲਾਸਾ ਦਿੰਦਿਆਂ ਉਸਦਾ ਮੱਥਾ ਪਲੋਸਿਆ। ਦਿਲਾਸੇ ਨਾਲ ਉਸ ਅੰਦਰਲਾ ਗੁਭ-ਗੁਭਾਟ ਡੁੱਬ ਮਾਰ ਕੇ ਬਾਹਰ ਆ ਗਿਆ। ਉਸਦੇ ਹਾਓਕੇ ਹੋਰ ਉੱਚੇ ਹੋ ਗਏ।

''ਬੱਸ ਕਰ ਭੈਣੇ! ਬੱਸ ਕਰ!! ਜਿਹੜੀ ਵਕਤਾਂ ਨੇ ਮਾਰ ਦਿੱਤੀ ਐ ਉਹ ਤਾਂ ਔਖਿਆਂ ਸੌਖਾਲਿਆਂ ਪਿੰਡੇ 'ਤੇ ਝੱਲਣੀ ਪੈਂਦੀ ਐ। ਕੋਈ ਨਾ ਤੂੰ ਪੈਜਾ, ਰਾਮ ਨਾਲ। ਮੈਂ ਤੇਰੇ ਵਾਸਤੇ ਚਾਹ ਬਣਾ ਕੇ ਲਿਆਉਣੀ ਆਂ।'' ਉਹ ਪਹਿਲਾਂ ਕਾਕੇ ਨੂੰ ਉਠਾਉਣ ਲੱਗ ਪਈ, ''ਮੈਂ ਕਿਹਾ ਖੜ੍ਹੇ ਹੋਇਓ ਮਾੜਾ ਜਾ।'' ਉਸ ਨੇ ਸੁੱਤੇ ਪਏ ਕਾਕੇ ਦਾ ਮੋਢਾ ਹਲੂਣਿਆ।

''ਹੈਂ....? ਹਾਂ ਕੀ.....?'' ਉਹ ਉਭੜਵਾਇਆ ਉੱਠ ਕੇ ਆਲੇ-ਦੁਆਲੇ ਵੇਖਣ ਲੱਗ ਪਿਆ ਜਿਵੇਂ ਕੋਈ ਡਰਾਉਣਾ ਸੁਪਨਾ ਵੇਖਦਾ ਵੇਖਦਾ ਉੱਠ ਖੜਿਆ ਹੋਵੇ।

''ਉਹਨੂੰ ਹੋਸ਼ ਆਗੀ।'' ਜਲ ਕੁਰ ਨੇ ਬਸ਼ੀਰਾਂ ਦੇ ਮੰਜੇ ਵੱਲ ਇਸ਼ਾਰਾ ਕੀਤਾ।

''ਅੱਛਿਆ!'' ਉਸ ਨੇ ਉੱਠ ਕੇ ਵੇਖਿਆ, ਗੋਰਾ-ਨਿਛੋਹ ਚਿਹਰਾ ਦੁੱਖਾਂ ਨੇ ਪੀਲਾ ਪਾ ਦਿੱਤਾ ਸੀ। ''ਤੂੰ ਐਂ ਕਰ ਇਹਦੇ ਕੋਲੇ ਬੈਠ, ਮੈਂ ਬਣਾ ਕੇ ਲਿਆਉਣਾ ਚਾਹ।''

ਕਾਕਾ ਚਾਹ ਬਣਾ ਲਿਆਇਆ। ਚਾਹ ਬਾਟੀਆਂ ਵਿੱਚ ਪਾ ਕੇ ਉਨ੍ਹਾਂ ਦੇ ਮੰਜਿਆਂ ਕੋਲ ਰੱਖ ਦਿੱਤੀ। ''ਮੈਂ ਜਾਨਾਂ ਫੇਰ।'' ਉਹ ਪਰਨਾ ਲਵੇਟਦਾ ਬਾਹਰ ਨਿਕਲ ਗਿਆ।

ਦਿਨ ਕਾਫੀ ਚੜ੍ਹ ਗਿਆ ਸੀ। ਉਸਨੂੰ ਤਾਂ ਨੀਂਦ ਵਿੱਚ ਸੁਰਤ ਹੀ ਨਹੀਂ ਸੀ ਰਹੀ। ਜੇ ਜਲ ਕੁਰ ਨਾ ਜਗਾਉਂਦੀ, ਅਜੇ ਕਿਹੜਾ ਉਸਨੇ ਜਾਗਣਾ ਸੀ। ਉਹ ਕਾਹਲੇ ਕਾਹਲੇ ਕਦਮ ਪੁੱਟਦਾ ਘੁੰਮਣ ਕੇ ਘਰ ਨੂੰ ਹੋ ਗਿਆ। ਘਰ ਜਾ ਕੇ ਉਸਨੂੰ ਪਤਾ ਲੱਗਿਆ, ਘੁੰਮਣ ਨੂੰ ਤਾਂ ਕਦੋਂ ਦੇ ਸੁਨਾਮ ਲੈ ਗਏ ਸਨ। ਉਹ ਕੁਝ ਚਿਰ ਉਨ੍ਹਾਂ ਦੇ ਘਰ ਖੜ੍ਹ ਕੇ ਫਿਰ ਵਾਪਸ ਮੁੜ ਆਇਆ। ਆਪਣੇ ਬਾਰ ਸਾਹਮਣੇ ਚੌਂਕੜੀ 'ਤੇ ਸੱਤ-ਅੱਠ ਬੰਦੇ ਖੜ੍ਹੇ ਵੇਖ ਕੇ ਉਹ ਉਨ੍ਹਾਂ ਕੋਲ ਆ ਖੜ੍ਹਿਆ।

''.....ਆਹ ਦੇ, ਆਹ ਕਾਕਾ ਵੀ ਨਾਲ ਈ ਤੀ।'' ਇੱਕ ਨੇ ਕੋਲ ਆ ਗਏ ਕਾਕੇ ਵੱਲ ਇਸ਼ਾਰਾ ਕੀਤਾ।

''ਕੀ?'' ਕਾਕੇ ਨੇ ਸਾਰਿਆਂ ਦੇ ਚਿਹਰਿਆਂ ਵੱਲ ਵੇਖਦਿਆਂ ਪੁੱਛਿਆ।

''ਰਾਤ ਘੁੰਮਣ ਹੋਰਾਂ ਨਾਲ ਤੂੰ ਵੀ ਗਿਆ ਤੀ?''

''ਹਾਂ।''

''ਕੇਹਰੂ ਦਾ ਨੀ ਪਤਾ ਲੱਗਿਆ ਕੋਈ?''

''ਮੈਂ ਤਾਂ ਰਾਹ 'ਚੋਂ ਈ ਮੁੜ ਆਇਆ ਤੀ। ਗਹਾਂ ਤਾਂ ਇਹੇ ਦੋਹੀਂ ਗਏ ਤੀ।''

''ਉਹ ਤਾਂ ਕਹਿੰਦੇ ਰਾਤ ਦਾ ਮੁੜਿਆ ਈ ਨੀ!!''

''ਅੱਛਿਆ! ਮੈਨੂੰ ਨੀ ਪਤਾ ਫੇਰ ਉਹਦੇ ਬਾਰੇ। ਮੇਰੇ ਕੋਲੇ ਤਾਂ ਰਾਤ ਘੁੰਮਣ ਆ ਡਿੱਗਿਆ ਤੀ ਇਥੇ, ਆਹ ਬਾਰ 'ਚ।'' ਉਸ ਨੇ ਆਪਣੇ ਬਾਰ ਵੱਲ ਇਸ਼ਾਰਾ ਕੀਤਾ। ''ਮੈਂ ਉਹਨੂੰ ਤਾਂ ਜਰੂਰ ਚੱਕ ਕੇ ਛੱਡ ਕੇ ਆਇਆਂ ਘਰੇਂ। ਕੇਹਰੂ ਬਾਰੇ ਤਾਂ ਉਹਨੇ ਵੀ ਨੀ ਕੀਤੀ ਕੋਈ ਗੱਲ ਮੇਰੇ ਕੋਲੇ।'' ਕਾਕਾ ਵੀ ਕੇਹਰੂ ਦੇ ਅਜੇ ਤੱਕ ਨਾ ਮੁੜਨ 'ਤੇ ਹੈਰਾਨ ਸੀ।

''ਕਿਤੇ ਮੁਸਲਮਾਨਾਂ ਨੇ ਓਥੀ ਨਾ ਕਰਤਾ ਹੋਵੇ ਉਹਦਾ ਘੋਗਾ ਚਿੱਤ।'' ਲਾਭੇ ਦੇ ਵਿਅੰਗ 'ਚੋਂ ਸਚਾਈ ਝਲਕੀ।

''ਆਹ ਓਧਰੋਂ ਈ ਆਇਐ, ਇਹਨੂੰ ਪੁੱਛਦਿਆਂ।'' ਲਾਭੇ ਨੇ ਕਾਹਲੀ ਕਾਹਲੀ ਤੁਰੇ ਆਉਂਦੇ 'ਕਾਲੀਆਂ ਦੇ ਨਛੱਤਰ ਵੱਲ ਇਸ਼ਾਰਾ ਕੀਤਾ।

''ਕਿਮੇਂ ਠੇਰੀਏਂ ਪਿਆ ਜਾਨੈ!'' ਨੇੜੇ ਆਏ ਨਛੱਤਰ ਨੂੰ ਲਾਭੇ ਨੇ ਰੋਕ ਲਿਆ।

''ਮੈਂ ਤਾਂ ਕਾਕੇ ਕੋਲੇ ਈ ਆਇਆ ਤੀ।''

''ਕਿਮੇਂ?'' ਕਾਕੇ ਨੇ ਪੁੱਛਿਆ।

''ਕੇਹਰੂ ਕੇ ਘਰੇਂ ਖਾਸੇ ਬੰਦੇ ਕੱਠੇ ਹੋਏ ਖੜ੍ਹੇ ਨੇ, ਕੇਹਰੂ ਨੂੰ ਦੇਖਣ ਜਾਣੈ ਚੱਕੀਂ। ਕਹਿੰਦੇ ਘੁੰਮਣ ਨੇ ਦੱਸਿਐ ਬੀ ਉਹ ਤਾਂ ਓਥੀ ਵੱਢਤਾ ਤੀ।''

''ਅੱਛਿਆ!'' ਲਾਭੇ ਦੇ ਨਾਲ ਨਾਲ ਸਾਰੇ ਹੈਰਾਨ ਹੋ ਗਏ।

''ਘੁੰਮਣ ਹੁਣ ਕਿਮੇਂ ਐ?'' ਕਾਕੇ ਨੇ ਨਛੱਤਰ ਨੂੰ ਪੁੱਛਿਆ।

''ਘੁੰਮਣ ਤਾ ਠੀਕ ਐ।''

''ਤੂੰ ਖੜ੍ਹ ਮੈਂ ਘਰੇਂ ਕਹੇ ਆਮਾਂ ਮਾੜਾ ਜਾ ਫੇਰ।'' ਕਾਕਾ ਕੇਹਰੂ ਨੂੰ ਲੈਣ ਜਾਣ ਬਾਰੇ ਦੱਸ ਕੇ 'ਕਾਲੀਆਂ ਦੇ ਨਛੱਤਰ ਨਾਲ ਤੁਰ ਪਿਆ। ਕਾਕੇ ਹੋਰਾਂ ਨਾਲ ਚੌਂਕੜੀ ਤੋਂ ਲਾਭੇ ਦੇ ਨਾਲ ਦੇ ਬੰਦੇ ਹੋਰ ਉੱਠ ਕੇ ਉਨ੍ਹਾਂ ਨਾਲ ਰਲ ਗਏ। ਜਦ ਉਹ ਕੇਹਰੂ ਕੇ ਘਰ ਗਏ ਤਾਂ ਘਰੇਂ ਪੰਦਰਾਂ-ਵੀਹ ਬੰਦੇ ਹੋਰ ਇਕੱਠੇ ਹੋਏ ਖੜ੍ਹੇ ਕਾਕੇ ਹੋਰਾਂ ਨੂੰ ਉਡੀਕ ਰਹੇ ਸਨ। ਉਨ੍ਹਾਂ ਦੇ ਜਾਂਦਿਆਂ ਹੀ ਉਹ ਸਾਰੇ ਇਕੱਠੇ ਹੋ ਕੇ ਚੱਕਾਂ ਨੂੰ ਚੱਲ ਪਏ।

ਗੁਰਨਾਮ ਜ਼ੈਲਦਾਰ ਸਮੇਤ ਇੱਕ ਹੋਰ ਆਦਮੀ ਰਫ਼ਲਾਂ ਮੋਢਿਆਂ 'ਤੇ ਲਟਕਾਈਂ ਟੋਲੇ ਦੇ ਮੋਹਰੀ ਬਣੇ ਹੋਏ ਸਨ। ਪੈਦਲ ਆਦਮੀ ਰੋਹੀ ਤੋਂ ਅੱਗੇ ਸਿੱਧੀ ਚੱਕਾਂ ਨੂੰ ਜਾਂਦੀ ਨਹਿਰ ਜਾ ਚੜ੍ਹੇ। ਗੱਡੇ ਨਾਲ ਚਾਰ-ਪੰਜ ਬੰਦੇ ਲੁੱਟਰ ਵੱਲ ਦੀ ਹੋ ਗਏ।

ਖੇਤਾਂ ਦੀ ਰੌਣਕ ਉਜੜ ਗਈ ਸੀ। ਮੁਸਲਮਾਨਾਂ ਦੇ ਸੁੰਨੇ ਖੇਤਾਂ ਵਿੱਚ ਲੋਕਾਂ ਨੇ ਆਪਣੇ ਪਸ਼ੂ ਲਿਆ ਵਾੜੇ ਸਨ। ਰੁੰਡ-ਮੁੰਡ ਹੋਏ ਖੜ੍ਹੇ ਬਾਜਰੇ, ਨਰਮੇ, ਕਪਾਹਾਂ ਉਜਾੜੇ ਦਾ ਸੰਤਾਪ ਭੋਗ ਰਹੇ ਸਨ। ਸੁੰਨੇ ਡੰਗਰਾਂ ਦੀ ਗਿਣਤੀ ਵਧ ਗਈ ਸੀ। ਖੇਤਾਂ ਵਿੱਚ ਨਰਮੇ, ਕਪਾਹਾਂ ਦੇ ਫੁੱਲਾਂ ਦੀ ਸੁਗੰਧੀ ਉੱਤੇ ਗਲੀਆਂ-ਸੜੀਆਂ ਲਾਸ਼ਾਂ ਦੀ ਬਦਬੂ ਭਾਰੂ ਪੈ ਗਈ ਸੀ। ਕਾਕੇ ਹੋਰੀਂ ਇਨ੍ਹਾਂ ਉਦਾਸੇ ਖੇਤਾਂ ਵਿੱਚੋਂ ਦੀ, ਉਦਾਸੀ ਦੀ ਬੁੱਕਲ ਮਾਰੀ ਤੁਰੇ ਜਾ ਰਹੇ ਸਨ। ਨਹਿਰ ਦੀ ਪਟੜੀ ਤੁਰੇ ਜਾਂਦਿਆਂ ਕਦੇ ਕਦੇ ਉਨ੍ਹਾਂ ਨੂੰ ਨਹਿਰ ਦੇ ਪਾਣੀ 'ਚ ਤਰਦੀ ਜਾਂਦੀ ਕੋਈ ਗਲੀ-ਸੜੀ ਲਾਸ਼ ਨਜ਼ਰ ਪੈ ਜਾਂਦੀ ਤਾਂ ਉਹ ਸੁਭਾਵਕ ਹੀ ਇੱਕ ਪਲ ਉਸ ਵੱਲ ਵੇਖਦੇ ਤੇ ਮੁੜ ਆਪਣੀਆਂ ਗੱਲਾਂ ਵਿੱਚ ਰੁੱਝ ਜਾਂਦੇ। ਲਾਸ਼ਾਂ ਦੇ ਮੌਸਮ ਵਿੱਚ ਇਸ ਤਰ੍ਹਾਂ ਦੀਆਂ ਲਾਸ਼ਾਂ 'ਤੇ ਹੁਣ ਉਨ੍ਹਾਂ ਨੂੰ ਬਹੁਤੀ ਹੈਰਾਨੀ ਨਹੀਂ ਹੁੰਦੀ ਸੀ।

ਉਹ ਚੱਕ ਪਿੰਡ ਕੋਲ ਪਹੁੰਚ ਗਏ। ਸਾਰਾ ਪਿੰਡ 'ਭਾਂਅ ਭਾਂਅ' ਕਰਦਾ ਸੀ। ਸੁੰਨੀਆਂ ਗਲੀਆਂ ਵਿੱਚ ਕੁੱਤੇ ਹਰਲ ਹਰਲ ਕਰਦੇ ਫਿਰਦੇ ਸਨ। ਰਾਤ ਹੋਏ ਅਚਾਨਕ ਹਮਲੇ ਤੋਂ ਡਰਦੇ, ਰਹਿੰਦੇ ਮੁਸਲਮਾਨ ਪਰਿਵਾਰ ਵੀ ਸਵੇਰ ਦੀ ਟਿੱਕੀ ਚੜ੍ਹਨ ਤੋਂ ਪਹਿਲਾਂ ਹੀ ਪਿੰਡ ਦੀਆਂ ਜੂਹਾਂ ਨੂੰ ਜਾਂਦੀ ਵਾਰ ਦੀ ਸਲਾਮ ਬੁਲਾ ਗਏ ਸਨ। ਹੁਣ ਉਨ੍ਹਾਂ ਅੰਦਰਲਾ ਡਰ ਇਥੇ ਹੀ ਰਹਿ ਪੈਣ ਦੀ ਹਰ ਸੋਚ ਉੱਤੇ ਭਾਰੂ ਪੈ ਗਿਆ ਸੀ।

ਕਾਕੇ ਹੋਰੀਂ ਸੁੰਨੇ ਹੋ ਗਏ ਘਰਾਂ ਨੂੰ ਵੇਖਦੇ ਫਿਰਨੀ ਤੋਂ ਪਿੰਡ ਵਿੱਚ ਜਾਂਦੀ ਬੀਹੀ ਮੁੜ ਗਏ। ਸਾਹਮਣੇ ਤਿੰਨ-ਚਾਰ ਬੰਦੇ ਇਕੱਠੇ ਹੋਏ ਖੜ੍ਹੇ ਸਨ। ਜ਼ੈਲਦਾਰ ਨੇ ਅੱਗੇ ਹੋ ਕੇ ਵੇਖਿਆ, ਅੱਧ-ਪਚੱਧ ਕੁੱਤਿਆਂ ਦੀ ਖਾਧੀ ਕੇਹਰੂ ਦੀ ਲਾਸ਼ ਮਿੱਟੀ-ਘੱਟੇ ਵਿੱਚ ਲਿੱਬੜੀ ਪਈ ਸੀ।

''ਥੋਡੇ ਪਿੰਡ ਦੈ ਬਾਈ?'' ਚੱਕਾਂ ਵਾਲੇ ਪੁੱਛ ਕੇ ਲਾਸ਼ ਤੋਂ ਥੋੜ੍ਹਾ ਥੋੜ੍ਹਾ ਦੂਰ ਹੋ ਗਏ।

''ਹਾਂ ਬਾਈ।'' ਜ਼ੈਲਦਾਰ ਨੇ 'ਹਾਂ' ਵਿੱਚ ਸਿਰ ਮਾਰਿਆ।

''ਇਹਦੀ ਤਾਂ ਬਾਹਲੀ ਬੁਰੀ ਹਾਲਤ ਹੋਈ ਪਈ ਐ। ਕਿਮੇਂ ਕਰਨੈ?'' ਜ਼ੈਲਦਾਰ ਨੇ ਕੇਹਰੂ ਦੇ ਭਰਾ ਨੂੰ ਪੁੱਛਿਆ। ਉਸਨੂੰ ਇਸ ਹਾਲਤ ਵਿੱਚ ਲਾਸ਼ ਪਿੰਡ ਲੈ ਕੇ ਜਾਣੀ ਠੀਕ ਨਹੀਂ ਜਾਪਦੀ ਸੀ।

''ਮਰਜੀ ਐ ਜੀ ਥੋਡੀ!'' ਕੇਹਰੂ ਦਾ ਭਰਾ ਅੱਖਾਂ ਪੂੰਝਦਾ ਬੋਲਿਆ।

''ਇਹਨੂੰ ਏਹੀ ਜੀ ਹਾਲਤ 'ਚ ਦੇਖ ਕੇ ਤਾਂ ਮਨ ਸਮਗਾਂ ਹੋਰ ਖਰਾਬ ਹੋਊ। ਮੈਨੂੰ ਤਾਂ ਲਗਦੈ ਇਹਦੀ ਇਥੀ ਮਿੱਟੀ ਕਿਉਂਟ ਦਿੰਨੇ ਆਂ।'' ਲਾਭਾ ਵੀ ਲਾਸ਼ ਨੂੰ ਪਿੰਡ ਲੈ ਕੇ ਜਾਣ ਦੇ ਹੱਕ ਵਿੱਚ ਨਹੀਂ ਸੀ।

''ਸੋਨੂੰ ਮੁੰਡਿਓ ਇੱਕ ਸਲਾਹ ਐ, ਜੇ ਮੰਨੋਗੇ।'' ਚੱਕਾਂ ਦਾ ਸਿਆਣਾ ਬਜ਼ੁਰਗ ਅੱਗੇ ਆਇਆ। ''ਇਹ ਤਾਂ ਜਿਮੇਂ ਕਰਨ ਆਇਆ ਤੀ ਓਮੇਂ ਆਪ ਭਰ ਗਿਆ। ਜੇ ਤੁਸੀਂ ਇਹਦੀ ਇਸ ਹਾਲਤ 'ਚ ਲਾਸ਼ ਪਿੰਡ ਲੈ ਕੇ ਜਾਓਗੇ, ਓਧਰੇ-ਓਧਰੀ ਰੋਸ ਈ ਵਧੂ। ਤੁਸੀਂ ਇਹਨੂੰ ਏਥੀ ਸੈਂਤ ਦੋ। ਲੱਕੜਾਂ ਦਾ ਹੀਲਾ ਅਸੀਂ ਕਰ ਦਿੰਨੇ ਆਂ। ਥੋੜੇ ਤੋਂ ਪਹਿਲਾਂ ਲੁੱਟਰ ਆਲੇ ਵੀ ਆਏ ਤੀ। ਉਹ ਵੀ ਜਿਹਤੋਂ ਘਰਦਿਆਂ ਨੇ ਬਾਹਲੀ ਜਿੱਦ ਫੜੀਂ ਰੱਖੀ ਉਹ ਲਾਸ਼ਾਂ ਪਿੰਡ ਲੈ ਕੇ ਗਏ ਨੇ, ਨਹੀਂ ਬਾਕੀ ਨੂੰ ਏਥੀ ਸੈਂਤ ਕੇ ਗਏ ਨੇ।''

''ਠੀਕ ਐ ਬਾਬਾ ਜੀ ਥੋਡੀ ਸਲਾਹ। ਇਹੀ ਠੀਕ ਰਹੂਗਾ।'' ਜ਼ੈਲਦਾਰ ਨੇ ਸਾਰਿਆਂ ਵੱਲੋਂ ਹਾਮੀ ਭਰ ਦਿੱਤੀ।

ਲਾਸ਼ ਨੂੰ ਚੁੱਕ ਕੇ ਸਿਵਿਆਂ ਵਿੱਚ ਲੈ ਗਏ। ਉਥੇ ਪਹਿਲਾਂ ਹੀ ਦੋ-ਤਿੰਨ ਸਿਵੇ ਬਲ ਰਹੇ ਸਨ। ਇੱਕ ਸਿਵੇ ਵਿੱਚ ਕਈ ਕਈ ਬੰਦਿਆਂ ਨੂੰ ਫੂਕਿਆ ਗਿਆ ਸੀ। ਕੁਝ ਲੱਕੜਾਂ ਤਾਂ ਸਿਵਿਆਂ ਵਿੱਚ ਹੀ ਪਈਆਂ ਸਨ, ਕੁਝ ਕੁ ਪਿੰਡ ਵਿੱਚੋਂ ਲੈ ਆਏ। ਪਹਿਲਾਂ ਬਲਦੇ ਸਿਵਿਆਂ ਦੀ ਲਾਟ ਨਾਲ ਕੇਹਰੂ ਦੇ ਸਿਵੇ ਦੀ ਲਾਟ ਵੀ ਉੱਚੀ ਉੱਠ ਖੜੀ। ਜੰਗ ਵਿੱਚ ਸੀਰ ਪਾਉਣ ਲਈ, ਤੀਵੀਂ ਅਤੇ ਧਨ ਦੀ ਲਾਲਸਾ ਲੈ ਕੇ ਆਇਆ ਕੇਹਰੂ ਖੁਦ ਹੀ ਧੁਰ ਦੀ ਟਿਕਟ ਕਟਾ ਗਿਆ ਸੀ।

''ਚੰਗਾ ਗੁਰਮੁਖੋ।'' ਜ਼ੈਲਦਾਰ ਨੇ ਸਾਰਿਆਂ ਵੱਲੋਂ ਹੱਥ ਜੋੜ ਕੇ ਚੱਕਾਂ ਦੇ ਲੋਕਾਂ ਦਾ ਮਦਦ ਲਈ ਧੰਨਵਾਦ ਕੀਤਾ।

ਉਹ ਸਾਰੇ ਉਦਾਸੀ 'ਚ ਡੁੱਬੇ ਵਾਪਸ ਪਿੰਡ ਨੂੰ ਮੁੜ ਪਏ। ਦਿਨ ਢਲ ਚੱਲਿਆ ਸੀ। ਸੂਰਜ ਟਿੱਬੇ 'ਤੇ ਖੜ੍ਹੀਆਂ ਬੇਰੀਆਂ ਦੇ ਉੱਪਰ ਊਂਘ ਰਿਹਾ ਸੀ। ਪਿੰਡ ਦੇ ਦੂਸਰੇ ਪਾਸੇ ਬਲਦੇ ਸਿਵਿਆਂ ਅੱਗੇ ਸੂਰਜ ਦੀ ਤਪਸ਼ ਮੱਧਮ ਪੈ ਗਈ ਸੀ। ਖ਼ਾਲੀ ਗੱਡਾ ਲੁੱਟਰ ਵਾਲੇ ਪਹੇ ਉੱਤੇ 'ਚੂੰਅ ਚੂੰਅ' ਕਰਦਾ ਰਿੜਿਆ ਜਾ ਰਿਹਾ ਸੀ। ਉਹ ਚੱਕਾਂ ਤੋਂ ਅੱਗੇ ਨਹਿਰ ਚੜ੍ਹ ਗਏ। ਪਿੰਡ ਵੜਦਿਆਂ ਨੂੰ ਦਿਨ ਛਿਪ ਗਿਆ। ਤਾਰੇ ਨਿਕਲ ਆਏ।

## 4

(ਪਿੱਛਲ ਝਾਤ)

ਲੋਕ ਕੰਮਾਂ ਤੋਂ ਕਦੋਂ ਦੇ ਪਰਤ ਆਏ ਸਨ। ਸੁਆਣੀਆਂ ਸ਼ਾਮ ਦਾ ਕੰਮ-ਧੰਦਾ ਸਮੇਟਣ ਵਿੱਚ ਰੁੱਝੀਆਂ ਸਨ। ਕੱਚੇ-ਪੱਕੇ ਘਰਾਂ ਵਿੱਚ ਦੀਵਿਆਂ ਦਾ ਮੱਧਮ ਚਾਨਣ ਫੈਲ ਗਿਆ ਸੀ। ਕਈ ਗੱਲਾਂ ਦੇ ਗਾਲੜੀ ਰੋਟੀ-ਟੁੱਕ ਤੋਂ ਵਿਹਲੇ ਹੋ ਕੇ ਚੌਂਕੜੀਆਂ 'ਤੇ ਜਾ ਬੈਠੇ ਸਨ। ਹੁਣ ਉਨ੍ਹਾਂ ਦੀਆਂ ਗੱਲਾਂ ਹਾਸੇ ਮਜ਼ਾਕ ਵਾਲੀਆਂ ਹਲਕੀਆਂ-ਫੁਲਕੀਆਂ ਨਾ ਹੋ ਕੇ ਗੰਭੀਰ ਵਿਸ਼ਿਆਂ 'ਤੇ ਹੋਣ ਲੱਗ ਪਈਆਂ ਸਨ। ਦਿਨੋ-ਦਿਨ ਬਦਲ ਰਹੇ ਮਾਹੌਲ ਕਰਕੇ ਸਾਰੇ ਪਿੰਡ ਦਾ ਸਹਿਮ ਵਧਦਾ ਜਾ ਰਿਹਾ ਸੀ। ਬਸ਼ੀਰਾਂ ਦਾ ਘਰ ਵਾਲਾ ਅਖ਼ਤਰ ਰੋਜ਼ਾਂ ਤੋਂ ਬਾਜਰੇ ਦੀ ਰਾਖੀ ਲਈ ਖੇਤ ਨੂੰ ਜਾਂਦਾ ਵਾਪਸ ਮੁੜ ਆਇਆ ਸੀ। ਦੁੱਧ ਅਤੇ ਚਾਹ ਗੁੜ ਨੂੰ ਓਵੇਂ ਵਾਪਸ ਲੈ ਕੇ ਮੁੜ ਆਏ ਅਖ਼ਤਰ ਨੂੰ ਵੇਖ ਕੇ ਬਸ਼ੀਰਾਂ ਹੈਰਾਨ-ਪ੍ਰੇਸ਼ਾਨ ਸੀ।

''ਤੁਸੀਂ ਮੁੜ ਵੀ ਆਏ?'' ਬਸ਼ੀਰਾਂ ਦੀਆਂ ਸਵਾਲੀਆਂ ਨਜ਼ਰਾਂ ਕੋਲ ਆ ਗਏ ਅਖ਼ਤਰ ਦੇ ਚਿਹਰੇ ਤੋਂ ਜਵਾਬ ਲੱਭਣ ਲੱਗ ਪਈਆਂ। ਦੋ ਸਾਲ ਦਾ ਨਜ਼ੀਰ, ਅਖ਼ਤਰ ਦੀਆਂ ਲੱਤਾਂ ਨੂੰ ਆ ਚਿੰਬੜਿਆ।

''ਹੁਕਮੇ ਤਾਏ ਨੇ ਮੋੜਤਾ।'' ਉਸ ਨੇ ਲੱਤਾਂ ਨੂੰ ਚਿੰਬੜੇ ਨਜ਼ੀਰ ਨੂੰ ਗੋਦੀ ਚੁੱਕ ਲਿਆ।

''ਕਿਉਂ ਕੀ ਹੋ ਗਿਆ?'' ਬਸ਼ੀਰਾਂ ਦੇ ਅਜੇ ਵੀ ਗੱਲ ਦੀ ਕੋਈ ਤੰਦ ਹੱਥ ਨਹੀਂ ਲੱਗੀ ਸੀ।

''ਤਾਇਆ ਕਹਿੰਦਾ ਸੀ ਮਾਹੌਲ ਖ਼ਾਸਾ ਖ਼ਰਾਬ ਹੋ ਗਿਆ। ਉਹ ਤਾਂ ਇਹ ਵੀ ਕਹਿੰਦਾ ਸੀ ਵੀ ਆਪਾਂ ਨੂੰ ਘਰ ਛੱਡ ਕੇ ਨਾ ਜਾਣਾ ਪਵੇ।''

''ਲੈ ਆਪਾਂ ਨੂੰ ਮਾਹੌਲ ਕੀ ਕਹਿੰਦੈ। ਆਪਾਂ ਕਿਸੇ ਦਾ ਕੀ ਚੱਕਿਐ। ਨਾਲੇ ਆਪਣਾ ਘਰ ਛੱਡ ਕੇ ਆਪਾਂ ਕਿੱਥੇ ਜਾਮਾਂਗੇ।'' ਬਸੀਰਾਂ ਨੂੰ ਅਖ਼ਤਰ ਦੀਆਂ ਗੱਲਾਂ ਦਾ ਵਿਸ਼ਵਾਸ ਨਹੀਂ ਆਇਆ ਸੀ। ਉਹ ਦੋਵੇਂ ਮੰਜੇ 'ਤੇ ਬੈਠ ਗਏ। ਅਖ਼ਤਰ ਨੂੰ ਮੁੜ ਆਇਆ ਵੇਖ ਕੇ ਉਸਦਾ ਛੋਟਾ ਭਰਾ, ਅੰਮੀ ਅਤੇ ਅੱਬੂ ਵੀ ਉਸਦੇ ਕੋਲ ਆ ਗਏ।

''ਹੁਕਮਾ ਕਹਿੰਦਾ ਸੀ ਮੁਸਲਮਾਨਾਂ ਦਾ ਅੱਡ ਦੇਸ਼ ਪਾਕਿਸਤਾਨ ਬਣਿਐ, ਆਪਾਂ ਨੂੰ ਓਧਰ ਜਾਣਾ ਪਊ। ਓਧਰੋਂ ਸਿੱਖ ਇਧਰ ਆਉਣਗੇ।''

ਉਸਦੇ ਮੂੰਹੋਂ ਇਹ ਗੱਲ ਸੁਣ ਕੇ ਸਾਰਿਆਂ ਨੇ ਉਸ ਵੱਲ ਇਸ ਤਰ੍ਹਾਂ ਵੇਖਿਆ ਜਿਵੇਂ ਉਸਨੇ ਕੋਈ ਵਿਹਾਰੋਂ ਬਾਹਰੀ ਗੱਲ ਕਰ ਦਿੱਤੀ ਹੋਵੇ। ਅਸਲੋਂ ਅਣਹੋਣੀ ਗੱਲ।

''ਐਂ ਘਰ ਛੱਡਣ ਨੂੰ ਮੇਰੇ ਪੁੱਤ ਦੀ ਕੋਈ ਪਰਲੋ ਤਾਂ ਨੀ ਆਉਣ ਲੱਗੀ। ਆਪਾਂ ਨੀ ਜਾਣਾ ਕਿਸੇ ਪਾਕ-ਪੂਕ ਸਤਾਨ।'' ਉਸਦੇ ਅੱਬੂ ਨੇ ਖ਼ਾਲੀ ਹੱਥ ਸਿਰ ਉਪਰ ਡੌਰੂ ਵਜਾਉਣ ਵਾਂਗ ਹਿਲਾਇਆ। ''ਇਹ ਤਾਂ ਦੋ ਦਿਨਾਂ ਦਾ ਰੌਲਾ-ਗੌਲਾ ਜਾ ਐ, ਆਪੇ ਸ਼ਾਂਤ ਹੋਜੂ।''

''ਤਾਇਆ ਤਾਂ ਕਹਿੰਦਾ ਸੀ ਕਈ ਪਿੰਡਾਂ 'ਚੋਂ ਓਧਰ ਨੂੰ ਜਾਣ ਵੀ ਲਾਗੇ।'' ਅਖ਼ਤਰ ਨੂੰ ਤਾਏ ਦੀ ਕਹੀ ਇੱਕ ਹੋਰ ਗੱਲ ਚੇਤੇ ਆ ਗਈ।

''ਊਈ ਮਾਰੀ ਜਾਂਦੈ ਉਹ ਤਾਂ ਜੱਕੜ। ਬਾਹਲਾ ਪੜ੍ਹਨਾ ਵੀ ਬੰਦੇ ਦਾ ਦਿਮਾਗ਼ ਖ਼ਰਾਬ ਕਰਨਾ ਈ ਐ।'' ਉਸਦੇ ਅੱਬਾ ਨੂੰ ਹੁਕਮੇ ਦੁਆਰਾ ਅਜਿਹੀਆਂ ਗੱਲਾਂ ਕਰਨ 'ਤੇ ਗੁੱਸਾ ਆਇਆ।

''ਅੱਬਾ! ਕੱਲ੍ਹ ਚੌਂਕੜੀ 'ਤੇ ਗੱਲਾਂ ਕਰਦੇ ਸੀ। ਇਧਰ ਪਤਾ ਨੀ ਕਿਹੜੇ ਪਿੰਡ, ਕਹਿੰਦੇ ਕਈ ਮੁਸਲਮਾਨ ਮਾਰਤੇ, ਨਾਲੇ ਉਨ੍ਹਾਂ ਦੇ ਘਰ ਫੂਕਤੇ।'' ਅਖ਼ਤਰ ਦੇ ਛੋਟੇ ਭਰਾ ਨੇ ਬਾਹਰੋਂ ਸੁਣੀ ਗੱਲ ਵਿੱਚ ਜੋੜ ਦਿੱਤੀ।

''ਕਾਹਨੂੰ ਹੁੰਦੈ ਕੁਛ। ਤੁਸੀਂ ਪੈਜੋ ਸਾਰੇ ਰਾਮ ਨਾਲ।'' ਅਖ਼ਤਰ ਦਾ ਅੱਬਾ ਮੀਰ ਖਾਂ ਟੱਬਰ ਨੂੰ ਹੌਸਲਾ ਦਿੰਦਾ ਆਪਣੇ ਮੰਜੇ ਵੱਲ ਤੁਰ ਗਿਆ ਪਰ ਉਹ ਆਪ ਅਜਿਹੀਆਂ ਗੱਲਾਂ ਸੁਣ ਕੇ ਅੰਦਰੋਂ ਪਾਣੀ ਵਾਂਗ ਛਲਕ ਗਿਆ ਸੀ। ਜ਼ੋਰ ਜ਼ੋਰ ਦੀ ਧੜਕਦਾ ਦਿਲ ਘੁੱਟੀਂ ਉਹ ਮੰਜੇ ਵਿੱਚ ਜਾ ਡਿੱਗਿਆ। ਉਸਦੇ ਪਿੱਛੇ ਹੀ ਸਾਰਾ ਟੱਬਰ ਆਪਣੇ ਆਪਣੇ ਮਨਾਂ 'ਚ ਡਰ ਲਕੋਈਂ ਮੰਜਿਆਂ ਵਿੱਚ ਜਾ ਪਿਆ।

-O-O-

ਬਸੀਰਾਂ ਕੁਸਲੇ ਪਿੰਡ ਤੋਂ ਲਕੋਈ ਆਪਣੀ ਭੂਆ ਦੇ ਮੁੰਡੇ ਅਖ਼ਤਰ ਨਾਲ ਵਿਆਹੀ ਗਈ ਸੀ। ਸਾਲ ਬਾਅਦ ਹੀ ਉਸਨੇ ਨਜ਼ੀਰ ਨੂੰ ਜਨਮ ਦਿੱਤਾ ਸੀ। ਮੁੰਡੇ ਦੇ ਜਨਮ 'ਤੇ ਸਾਰੇ ਟੱਬਰ ਨੇ ਖ਼ੁਸ਼ੀ ਵਿੱਚ ਚਾਂਬੜਾਂ ਪਾਈਆਂ ਸਨ। ਸਾਰੇ ਪਰਿਵਾਰ ਨੂੰ ਖੇਡਣ ਲਈ ਇੱਕ ਖਿਡੌਣਾ ਮਿਲ ਗਿਆ ਸੀ। ਹਸਦੇ ਖੇਡਦੇ, ਸਾਵੀ ਤੋਰੇ ਚਲਦੀ ਜ਼ਿੰਦਗੀ 'ਚ ਪਾਕਿਸਤਾਨ ਦਾ ਨਵਾਂ ਤੂਫ਼ਾਨ ਪਤਾ ਨਹੀਂ ਕਿੱਥੋਂ ਉੱਠ ਖੜ੍ਹਿਆ ਸੀ, ਜਿਸ ਨੇ ਸਭ ਦੇ ਹਸਦੇ ਚਿਹਰਿਆਂ ਨੂੰ ਘੋਰ ਉਦਾਸੀ ਵਿੱਚ ਡੋਬ ਦਿੱਤਾ ਸੀ।

ਇੱਕ ਰਾਤ ਦੀ ਘਟਨਾ ਨੇ ਤਾਂ ਸਾਰੇ ਪਿੰਡ ਨੂੰ ਦਹਿਲਾ ਹੀ ਦਿੱਤਾ ਸੀ। ਅਖ਼ਤਰ ਤੇ ਬਸੀਰਾਂ ਖੁੱਲ੍ਹੇ ਅਸਮਾਨ ਹੇਠ ਕੋਠੇ 'ਤੇ ਪਏ ਸਨ। ਬਾਕੀ ਸਾਰਾ ਟੱਬਰ ਹੇਠਾਂ ਸੁੱਤਾ ਪਿਆ ਸੀ। ਤਿੰਨ ਕੁ ਵਜੇ ਪਿਸ਼ਾਬ ਕਰਨ ਉੱਠੇ ਅਖ਼ਤਰ ਨੂੰ ਪਿੰਡ ਦੀ ਫਿਰਨੀ 'ਤੇ ਕੁੱਤੇ ਭੌਂਕਣ ਦਾ ਸ਼ੋਰ ਸੁਣਾਈ ਦਿੱਤਾ। ਉਹ ਅਜਿਹੇ ਬੇਵਕਤ ਸ਼ੋਰ ਨੂੰ ਧਿਆਨ ਨਾਲ ਸੁਣਨ ਲੱਗਿਆ। ਫਿਰ ਉਸਨੂੰ ਫਿਰਨੀ ਵਾਲੇ ਘਰਾਂ ਵਿੱਚੋਂ ਔਰਤਾਂ, ਮਰਦਾਂ ਅਤੇ ਬੱਚਿਆਂ ਦਾ ਚੀਕ-ਚਿਹਾੜਾ ਸੁਣਿਆ। ਉਸਨੇ ਘੇਸਲ ਕੇ ਬਸੀਰਾਂ ਨੂੰ ਉਠਾ ਲਿਆ। ਬਸੀਰਾਂ ਰੌਲਾ ਸੁਣ ਕੇ ਡਰ ਨਾਲ ਕੰਬਣ ਲੱਗ ਪਈ। ਉਸਨੇ ਸੁੱਤੇ ਪਏ ਨਜ਼ੀਰ ਨੂੰ ਚੁੱਕ ਕੇ ਛਾਤੀ ਨਾਲ ਲਾ ਲਿਆ।

''ਹੇਠਾਂ ਚਲੋ।'' ਅਖ਼ਤਰ ਭਮੱਤਰੀ ਖੜ੍ਹੀ ਬਸੀਰਾਂ ਨੂੰ ਬਾਹੋਂ ਫੜ ਕੇ ਸੁਰਤ ਸਿਰ ਕਰਦਾ ਹੇਠਾਂ ਉਤਰ ਆਇਆ।

''ਅੱਬਾ! ਅੱਬਾ ਖੜ੍ਹਾ ਹੋਈਂ ਮਾੜਾ ਜਾ!'' ਉਸਨੇ ਅੱਬਾ ਦਾ ਮੋਢਾ ਹਲੂਣਿਆ। ਮੀਰ ਨੇ ਖੜ੍ਹੇ ਹੋ ਕੇ ਕਾਹਲੀ ਨਾਲ ਆਲੇ-ਦੁਆਲੇ ਵੇਖਿਆ। ਬਸੀਰਾਂ ਨੂੰ ਮੁੰਡਾ ਚੁੱਕੀਂ ਬੁੱਤ ਬਣੀ ਖੜ੍ਹੀ ਨੂੰ ਵੇਖ ਕੇ ਉਹ ਹੋਰ ਡਰ ਗਿਆ।

''ਹਾਂ ਕੀ ਹੋ ਗਿਆ! '' ਮੀਰ ਦਾ ਦਿਲ ਡਰ ਨਾਲ ਧੱਕ ਧੱਕ ਵੱਜ ਰਿਹਾ ਸੀ।

''ਟੋਭੇ ਕਨੀਂ ਪਤਾ ਨੀ ਕੀ ਹੋ ਗਿਆ!''

ਟੋਭੇ ਵੱਲੋਂ ਆਉਂਦੀਆਂ ਚੀਕਾਂ ਬੰਦ ਹੋਈਆਂ ਤਾਂ ਅੱਗ ਦੇ ਭਾਂਬੜ ਕਾਲੀ ਰਾਤ ਨੂੰ ਚੀਰਦੇ ਅਸਮਾਨੀ ਚੜ੍ਹ ਗਏ। ਹੁਣ ਤੱਕ ਤਾਂ ਸਾਰਾ ਪਿੰਡ ਹੀ ਜਾਗ ਪਿਆ ਸੀ। ਬਸ਼ੀਰਾਂ ਕਾ ਸਾਰਾ ਟੱਬਰ ਇੱਕ ਕਮਰੇ ਵਿੱਚ ਡਰਿਆ ਬੈਠਾ ਸੀ। ਉਹ ਸਾਰੀ ਰਾਤ ਉਨ੍ਹਾਂ ਨੇ ਜਾਗਦਿਆਂ ਲੰਘਾਈ। ਦਿਨ ਚੜ੍ਹੇ ਤੋਂ ਸਾਰਾ ਪਿੰਡ ਟੋਭੇ ਕੋਲ ਇਕੱਠਾ ਹੋ ਗਿਆ। ਤਿੰਨ ਘਰ ਜਲ ਕੇ ਸੁਆਹ ਹੋ ਗਏ ਸਨ। ਆਦਮੀਆਂ ਅਤੇ ਮਾਸੂਮ ਬੱਚਿਆਂ ਦੀਆਂ ਲਾਸ਼ਾਂ ਵਿਹੜੇ ਵਿੱਚ ਮਰੇ ਕੁੱਤਿਆਂ ਵਾਂਗ ਪਈਆਂ ਸਨ। ਧਾੜਵੀ ਲੁੱਟ ਦੇ ਮਾਲ ਦੇ ਨਾਲ ਨਾਲ ਤੀਵੀਆਂ ਨੂੰ ਵੀ ਲੈ ਗਏ ਸਨ। ਇਸ ਘਟਨਾ ਨੇ ਤਾਂ ਸਾਰੇ ਪਿੰਡ ਨੂੰ ਹਿਲਾ ਕੇ ਰੱਖ ਦਿੱਤਾ ਸੀ। ਉਸੇ ਸ਼ਾਮ ਸਾਰੇ ਮੁਸਲਮਾਨ ਮਸਜਿਦ ਵਿੱਚ ਇਕੱਠੇ ਹੋਏ ਅਤੇ ਇਥੋਂ ਚਲੇ ਜਾਣ ਦੀਆਂ ਸਲਾਹਾਂ ਹੋਣ ਲੱਗੀਆਂ। ਪਰ ਕਈ ਆਪਣੇ ਬਾਪ-ਦਾਦਿਆਂ ਦੇ ਜੱਦੀ ਘਰਾਂ ਨੂੰ ਛੱਡ ਕੇ ਪੁੱਤਾਂ ਨਾਲੋਂ ਪਿਆਰੀਆਂ ਜ਼ਮੀਨਾਂ ਦਾ ਮੋਹ ਤਿਆਗ ਕੇ ਇਥੋਂ ਜਾਣਾ ਨਹੀਂ ਚਾਹੁੰਦੇ ਸਨ। ਇਨ੍ਹਾਂ 'ਨਾ ਜਾਣ' ਵਾਲਿਆਂ ਵਿੱਚ ਬਸ਼ੀਰਾਂ ਦਾ ਸਹੁਰਾ ਵੀ ਸ਼ਾਮਲ ਸੀ।

ਇਸ ਘਟਨਾ ਤੋਂ ਮਿੱਥੇ ਹੋਏ ਤੀਜੇ ਦਿਨ ਅੱਧਾ ਪਿੰਡ ਗੱਡਿਆਂ ਅਤੇ ਸਿਰਾਂ 'ਤੇ ਸਮਾਨ ਚੁੱਕੀਂ, ਛਲਕਦੀਆਂ ਅੱਖਾਂ ਨਾਲ ਕਾਫਲਾ ਬਣਾ ਕੇ ਤੁਰ ਪਿਆ ਸੀ। ਹੁਣ ਪਿੱਛੇ ਬਸ਼ੀਰਾਂ ਕੇ ਘਰ ਸਮੇਤ ਸਿਰਫ਼ ਛੇ ਸੱਤ ਘਰ ਹੀ ਰਹਿ ਗਏ ਸਨ। ਉਸੇ ਰਾਤ ਧਾੜਵੀਆਂ ਨੇ ਪਿੰਡ 'ਤੇ ਫਿਰ ਹਮਲਾ ਕਰ ਦਿੱਤਾ। ਬਸ਼ੀਰਾਂ ਕੇ ਪਹਿਲਾਂ ਬਾਰ ਨੂੰ ਧੱਕੇ ਵੱਜੇ ਅਤੇ ਫਿਰ ਕਈ ਓਪਰੇ ਬੰਦੇ ਹੱਥਾਂ ਵਿੱਚ ਕਿਰਪਾਨਾਂ, ਗੰਡਾਸੇ ਫੜੀ, ਮੁਸਕਾਂ ਲੈਂਦੇ ਕੰਧ ਟੱਪ ਆਏ। ਅਖ਼ਤਰ ਅਤੇ ਬਸ਼ੀਰਾਂ ਕੋਠੇ ਉਪਰ ਪਏ ਸਨ ਅਤੇ ਬਾਕੀ ਸਾਰਾ ਟੱਬਰ ਹੇਠਾਂ ਵਿਹੜੇ ਵਿੱਚ ਪਿਆ ਸੀ। ਪੈਰਾਂ ਦੀ ਦਗੜ ਦਗੜ ਅਤੇ ਰੌਲਾ ਸੁਣ ਕੇ ਸਾਰਿਆਂ ਦੀ ਅੱਖ ਖੁੱਲ੍ਹ ਗਈ। ਅਖ਼ਤਰ ਦਾ ਅੱਬਾ ਮੰਜੇ 'ਚੋਂ ਉਠਦਾ ਉਨ੍ਹਾਂ ਨੂੰ ਕੁੱਝ ਕਹਿਣ ਹੀ ਲੱਗਿਆ ਸੀ ਕਿ ਉਸਦੇ ਆਰ-ਪਾਰ ਹੋਈ ਤਲਵਾਰ ਨੇ ਉਸਦੇ ਬੋਲ ਮੂੰਹ ਵਿੱਚ ਹੀ ਦੱਬ ਦਿੱਤੇ। ਇਹ ਵੇਖਦਿਆਂ ਅਖ਼ਤਰ ਦੇ ਭਰਾ ਅਤੇ ਅੰਮੀ ਦੀਆਂ ਚੀਕਾਂ ਨਿਕਲ ਗਈਆਂ। ਉਹ ਅੰਦਰ ਸਬਾਤ ਵੱਲ ਦੌੜੇ। ਉਨ੍ਹਾਂ ਦੇ ਪਿੱਛੇ ਹੀ 'ਬੋਲੇ ਸੋ ਨਿਹਾਲ' ਬੁਲਾਉਂਦੇ, ਕਿਰਪਾਨਾਂ, ਗੰਡਾਸੇ ਲਹਿਰਾਉਂਦੇ ਧਾੜਵੀ ਭੱਜ ਲਏ। ਉਹ ਜਾਨ ਬਚਾਉਂਦੇ ਅਜੇ ਸਬਾਤ ਦੇ ਬਾਰ ਤੱਕ ਹੀ ਪਹੁੰਚੇ ਸਨ ਕਿ ਸਿਰਾਂ ਅਤੇ ਮੋਢਿਆਂ 'ਤੇ ਆ ਵੱਜੇ ਵਾਰਾਂ ਨੇ ਦੋਵੇਂ ਮਾਂ ਪੁੱਤਾਂ ਨੂੰ ਦਬੋਚ ਲਿਆ। ਉਹ ਗੇੜੇ ਖਾਂਦੇ ਓਥੇ ਹੀ ਢੇਰੀ ਹੋ ਗਏ।

ਵਿਹੜੇ ਵਿੱਚ ਆ ਵੜੇ ਬੰਦਿਆਂ ਦੀ ਬਿੜਕ ਕੋਠੇ 'ਤੇ ਪਏ ਅਖ਼ਤਰ ਅਤੇ ਬਸ਼ੀਰਾਂ ਨੂੰ ਵੀ ਲੱਗ ਗਈ ਸੀ। ਅਖ਼ਤਰ ਨੇ ਜਦੋਂ ਭੱਜ ਕੇ ਹੇਠਾਂ ਵੇਖਿਆ, ਹਥਿਆਰ ਬੰਦ ਤੀਹ-ਚਾਲੀ ਬੰਦਿਆਂ ਨੇ ਪਲਾਂ-ਛਿਣਾਂ ਵਿੱਚ ਹੀ ਭਾਣਾ ਵਰਤਾ ਦਿੱਤਾ ਸੀ। ਅਖ਼ਤਰ ਨੇ ਚੀਕ ਮਾਰਦੀ ਬਸ਼ੀਰਾਂ ਦੇ ਮੂੰਹ 'ਤੇ ਹੱਥ ਰੱਖ ਕੇ ਮੰਜੇ ਉਪਰ ਸੁੱਟ ਲਿਆ। ਜੇ ਉਹ ਬਸ਼ੀਰਾਂ ਨਾਲ ਇਸ ਤਰ੍ਹਾਂ ਨਾ ਕਰਦਾ ਤਾਂ ਮੂੰਹ ਨੂੰ ਮਾਸ ਲੱਗੇ ਕੁੱਤਿਆਂ ਨੇ ਉਨ੍ਹਾਂ ਨੂੰ ਵੀ ਚੂੰਡ ਜਾਣਾ ਸੀ। ਏਨਾ ਕਹਿਰ ਟੁੱਟਿਆ ਵੇਖ ਕੇ ਉਸ ਦਾ ਆਪਣਾ ਦਿਲ ਵੀ ਧਾਹਾਂ ਮਾਰ ਰਿਹਾ ਸੀ ਪਰ ਉਸ ਨੇ ਫੇਰ ਵੀ ਧਾੜਵੀਆਂ ਦੇ ਘਰੋਂ ਬਾਹਰ ਜਾਣ ਤੱਕ ਬਸ਼ੀਰਾਂ ਦੇ ਮੂੰਹ ਤੋਂ ਹੱਥ ਨਹੀਂ ਚੁੱਕਿਆ ਸੀ। ਜਦ ਅਖ਼ਤਰ ਨੇ ਉਸ ਨੂੰ ਛੱਡਿਆ ਤਾਂ ਉਹ ਧਾਹਾਂ ਮਾਰਦੀ ਸਿਰ-ਮੁਧ ਹੇਠਾਂ ਨੂੰ ਦੌੜ ਲਈ। ਅਖ਼ਤਰ ਰੋਂਦਾ, ਸੁੱਤੇ ਪਏ ਨਜ਼ੀਰ ਨੂੰ ਗਲ ਲਾਈਂ ਹੇਠਾਂ ਉਤਰ ਆਇਆ। ਵਿਹੜੇ ਵਿੱਚ ਤਿੰਨ ਲਾਸ਼ਾਂ ਕੋਲ ਖ਼ੂਨ ਦੇ ਛੱਪਰ ਲੱਗੇ ਪਏ ਸਨ। ਅਖ਼ਤਰ ਅਤੇ ਬਸ਼ੀਰਾਂ ਰੋਂਦੇ-ਕੁਰਲਾਉਂਦੇ ਤਿੰਨਾਂ ਦੀਆਂ ਲਾਸ਼ਾਂ ਉਪਰ ਡਿੱਗ ਡਿੱਗ ਜਾ ਰਹੇ ਸਨ। ਉੱਚੀ ਉੱਚੀ ਰੋਣ ਦੀ ਅਵਾਜ਼ ਸੁਣ ਕੇ ਨਜ਼ੀਰ ਵੀ ਜਾਗ ਪਿਆ। ਉਹ ਡੌਬਰਿਆ ਰੋਂਦਾ ਰੋਂਦਾ ਸਾਹ ਚੜ੍ਹਾ ਗਿਆ। ਕਿੰਨੇ ਹੀ ਘਰਾਂ 'ਚੋਂ ਉੱਠੇ ਵੈਣ ਕੰਧਾਂ ਰਵਾ ਗਏ। ਕਈ ਤਾਂ ਪੂਰੇ ਦੇ ਪੂਰੇ ਪਰਿਵਾਰ ਹੀ ਖ਼ਤਮ ਹੋ ਗਏ। ਉਨ੍ਹਾਂ 'ਤੇ ਹੰਝੂ ਕੇਰਨ ਵਾਲੀ ਇੱਕ ਅੱਖ ਵੀ ਆਪਣੀ ਨਾ ਰਹੀ। ਸਾਰੇ ਪਿੰਡ 'ਤੇ ਹੀ ਕਹਿਰ ਟੁੱਟ ਗਿਆ ਸੀ, ਕੌਣ ਕਿਸਨੂੰ ਦਿਲਾਸਾ ਦਿੰਦਾ?

ਖ਼ੂਨ ਨਾਲ ਲੱਥ-ਪੱਥ ਨਵਾਂ ਦਿਨ ਚੜ੍ਹ ਗਿਆ ਸੀ। ਪਿੰਡ ਵਿੱਚ ਵਸਦੇ ਅੱਠ-ਦਸ ਸਿੱਖ ਘਰਾਂ 'ਚੋਂ ਕੁਝ ਕੁ ਭਲੇ ਬੰਦਿਆਂ ਨੇ, ਧਾੜਵੀਆਂ ਤੋਂ ਬਚ ਗਏ ਬੰਦਿਆਂ ਨਾਲ ਰਲ ਕੇ ਰੁਲਦੀਆਂ ਲਾਸ਼ਾਂ ਦੀ ਮਿੱਟੀ ਕਿਊਂਟੀ। ਗ਼ਮ ਨਾਲ ਪੱਥਰ ਹੋਏ ਲੋਕਾਂ 'ਚ ਹੌਲੀ ਹੌਲੀ ਹਰਕਤ ਹੋਣ ਲੱਗੀ। ਨਾਲ ਲੈ ਕੇ ਜਾਣ ਜੋਕਰਾ ਸਮਾਨ ਸਮੇਟਿਆ ਜਾਣ ਲੱਗਿਆ। ਅਖ਼ਤਰ ਅਤੇ ਬਸ਼ੀਰਾਂ ਨੇ ਸਮਾਨ ਬੰਨ੍ਹ

ਕੇ ਗੱਡੇ ਉੱਪਰ ਰੱਖ ਲਿਆ। ਘਰ ਦੀ ਦੇਹਲੀ ਟੱਪਣ ਲੱਗਿਆਂ ਬਸ਼ੀਰਾਂ ਤੋਂ ਰੋਣ ਰੋਕਿਆ ਨਾ ਗਿਆ। ਉਹ ਅਖ਼ਤਰ ਦੇ ਗਲ ਲੱਗ ਕੇ ਡੁਸਕਣ ਲੱਗ ਪਈ।

''ਬੱਸ ਕਰ! ਜੋ ਅੱਲਾ ਨੂੰ ਮਨਜ਼ੂਰ ਸੀ.......ਬ...ਅ...ਸ...।'' ਅਖ਼ਤਰ ਦੇ ਸੰਘੋਂ ਹੰਝੂਆਂ ਨਾਲ ਭਰਤਾਈ ਅਵਾਜ਼ ਮਸਾਂ ਨਿਕਲੀ। ਉਸਨੇ ਅੱਖਾਂ ਪੂੰਝਦਿਆ ਬਸ਼ੀਰਾਂ ਨੂੰ ਆਪਣੀ ਬਾਂਹ ਵਿੱਚ ਵਲ ਲਿਆ।

''ਆਪਾਂ.....ਨੇ ਕਿਸੇ ਦਾ .....ਕੀ ਗਵਾਇਆ ਸੀ!'' ਬਸ਼ੀਰਾਂ ਦੇ ਹੰਝੂ ਘਰ ਦੀਆਂ ਦੇਹਲੀਆਂ 'ਤੇ ਨੁੱਚਣ ਗਏ।

''ਜਿਨਾਂ ਨੇ ......ਇਹ ਕੁਛ ਕਰਿਐ....ਅ....ਅੱਲਾ ਉਨਾਂ ਨੂੰ ਜ਼ਰੂਰ ਸਜ਼ਾ ਦਿਊ।'' ਅਖ਼ਤਰ ਨੇ ਪਤਾ ਨਹੀਂ ਦੇਸ਼ ਦੀਆਂ ਵੰਡੀਆਂ ਪਾਉਣ ਵਾਲੇ ਨੇਤਾਵਾਂ ਨੂੰ ਬਦ-ਦੁਆ ਦਿੱਤਾ ਸੀ ਜਾਂ ਫਿਰਕੂ ਹਨੇ੍ਹਰੀ ਨੂੰ ਹਵਾ ਦੇਣ ਵਾਲੇ ਲੋਕਾਂ ਨੂੰ।

''ਚਲ..... ਹੁਣ ਮਨ ਹੌਲਾ ਨਾ ਕਰ।'' ਉਸਨੇ ਬਸ਼ੀਰਾਂ ਨੂੰ ਸਹਾਰਾ ਦੇ ਕੇ ਗੱਡੇ ਵਿੱਚ ਚਾੜ੍ਹ ਦਿੱਤਾ ਤੇ ਆਪ ਜੂਲੇ 'ਤੇ ਬੈਠ ਕੇ ਬਲਦ ਹਿੱਕ ਦਿੱਤੇ।

ਬਚੇ-ਖੁਚੇ ਜੀਆਂ ਦਾ ਛੋਟਾ ਜਿਹਾ ਕਾਫ਼ਲਾ ਸਿਰਾਂ ਅਤੇ ਗੱਡਿਆਂ ਤੇ ਸਮਾਨ ਲੱਦੀਂ ਪਿੰਡ ਤੋਂ ਦੂਰ ਹੁੰਦਾ ਜਾ ਰਿਹਾ ਸੀ। ਅਖ਼ਤਰ ਅਤੇ ਬਸ਼ੀਰਾਂ ਨੇ ਵਾਰੀ ਵਾਰੀ ਹਸਰਤ ਭਰੀਆਂ ਨਜ਼ਰਾਂ ਨਾਲ ਦੂਰ ਹੋ ਰਹੇ ਆਪਣੇ ਪਿੰਡ ਵੱਲ ਵੇਖਿਆ। ਇੱਕ ਵਾਰ ਤਾ ਉਨ੍ਹਾਂ ਦਾ ਜੀਅ ਕੀਤਾ ਉਹ ਗੱਡੇ 'ਚੋਂ ਉਤਰ ਕੇ, ਭੱਜ ਕੇ ਪਿੰਡ ਜਾ ਵੜਨ ਪਰ ਆਪਣੀ ਇਸ ਚਾਹਤ ਨੂੰ ਉਨ੍ਹਾਂ ਨੇ ਹੰਝੂਆਂ ਦਾ ਬੰਨ੍ਹ ਮਾਰ ਕੇ ਰੋਕ ਲਿਆ।

ਹਨੇ੍ਹਰਾ ਉਤਰ ਆਇਆ ਸੀ ਪਰ ਕਾਫ਼ਲਾ ਤੁਰਿਆ ਜਾ ਰਿਹਾ ਸੀ, ਬਿਨ੍ਹਾਂ ਰੁਕੇ, ਭੁੱਖਣ-ਭਾਣਾ। ਬੱਚੇ ਭੁੱਖ ਨਾਲ ਵਿਲ੍ਕ ਰਹੇ ਸਨ। ਪਾਣੀ ਬਿਨ੍ਹਾਂ ਮੂੰਹ ਸੁੱਕ ਗਏ ਸਨ। ਸਾਰਿਆਂ ਦੀ ਚਾਹਨਾ ਸੀ ਛੇਤੀ ਤੋਂ ਛੇਤੀ ਡਸਕੇ ਕੈਂਪ ਵਿੱਚ ਪਹੁੰਚ ਜਾਈਏ। ਪਿੰਡ ਦੇ ਚਾਰ ਨੌਜਵਾਨ ਮੁਸਲਮਾਨ ਭਰਾਵਾਂ ਨਾਲ ਕਾਫ਼ਲੇ ਦੀ ਰਾਖੀ ਕਰਦੇ ਅੱਗੇ-ਪਿੱਛੇ ਤੁਰ ਰਹੇ ਸਨ। ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨ੍ਹਾਂ ਉਨ੍ਹਾਂ ਨੇ ਪਿੰਡ ਦੀ ਸਦੀਆਂ ਪੁਰਾਣੀ ਸਾਂਝ ਨਿਭਾਉਣ ਨੂੰ ਤਰਜੀਹ ਦਿੱਤੀ ਸੀ।

ਹੁਣ ਕਿਸੇ ਪਿੰਡ ਦੇ ਗੁਰਦੁਆਰੇ 'ਚੋਂ ਸਵੇਰੇ ਸਿੱਖ ਲੱਗਣ ਦੀ ਮੱਧਮ ਜਿਹੀ ਅਵਾਜ਼ ਵੀ ਸੁਣਾਈ ਦੇਣ ਲੱਗ ਪਈ ਸੀ। ਕਾਫ਼ਲੇ ਦੇ ਨਿੱਕੇ ਨਿਆਣੇ ਗੱਡਿਆਂ ਵਿੱਚ ਹੀ ਭੁੱਖੇ ਪੇਟੀਂ ਸੌਂ ਗਏ ਸਨ। ਬੰਦਿਆਂ ਅਤੇ ਤੀਵੀਂਆਂ ਦੀਆਂ ਉਨੀਂਦਰੀਆਂ ਅੱਖਾਂ ਵਿੱਚ ਡਰ ਅਜੇ ਵੀ ਲਿਸ਼ਕ ਰਿਹਾ ਸੀ। ਇਸੇ ਡਰ ਕਰਕੇ ਉਨ੍ਹਾਂ ਸਾਰੀ ਰਾਤ ਬਿਨ੍ਹਾਂ ਰੁਕਿਆਂ ਜਾਗਦਿਆਂ ਹੀ ਲੰਘਾ ਦਿੱਤੀ ਸੀ। ਅਸਮਾਨ ਵਿੱਚ ਫੈਲੇ ਚਿੱਟੇ ਬੱਦਲ ਹੌਲੀ ਹੌਲੀ ਗਾੜ੍ਹੇ ਹੁੰਦੇ ਜਾ ਰਹੇ ਸਨ। ਹਵਾ ਸਿੱਲੀ ਹੋ ਗਈ ਸੀ ਜਿਵੇਂ ਲੱਖਾਂ ਹੀ ਦੁਖੀ ਲੋਕਾਂ ਦੇ ਹੰਝੂ ਉਸ ਵਿੱਚ ਰਲ ਗਏ ਹੋਣ। ਫਿਰ ਟਾਵੀਂ ਟਾਵੀਂ ਕਣੀ ਡਿੱਗਣ ਲੱਗ ਪਈ। ਨਜ਼ੀਰ ਨੂੰ ਭੁੱਖ ਲੱਗੀ ਤਾਂ ਉਹ ਰੋਣ ਲੱਗ ਪਿਆ। ਅਖ਼ਤਰ ਨੇ ਪਿੱਛੇ ਮੁੜ ਕੇ ਵੇਖਿਆ, ਬਸ਼ੀਰਾਂ ਨੇ ਆਪਣੀ ਦੁੱਧੀ ਨਜ਼ੀਰ ਦੇ ਮੂੰਹ ਵਿੱਚ ਦੇ ਦਿੱਤੀ। ਉਸ ਦਾ ਰੋਣਾ ਥੰਮ ਗਿਆ। ਨਜ਼ੀਰ ਦੁੱਧ ਦੇ ਲਾਲਚ ਲੱਗ ਅਜੇ ਚੁੱਪ ਹੋਇਆ ਹੀ ਸੀ ਕਿ ਕਾਫ਼ਲੇ ਦੇ ਅੱਗੇ ਰੌਲਾ ਪੈ ਗਿਆ। ਔਰਤਾਂ, ਮਰਦਾਂ ਅਤੇ ਬੱਚਿਆਂ ਦੀਆਂ ਚੀਕਾਂ ਉੱਚੀਆਂ ਹੋ ਗਈਆਂ। ਤਰਲੇ ਦਮ ਤੋੜਨ ਲੱਗ ਪਏ। ਅੱਗੇ ਤੋਂ ਸਫ਼ਾਇਆ ਕਰਦੀ ਮੌਤ ਪਿੱਛੇ ਵੱਲ ਵਧੀ ਆ ਰਹੀ ਸੀ। ਅਖ਼ਤਰ ਨੇ ਗੱਡਾ ਰੋਕ ਲਿਆ। ਇੱਕ ਡਰ ਦੋਵਾਂ ਜੀਆਂ ਦੀ ਛਾਤੀ ਚੀਰਦਾ ਲੰਘ ਗਿਆ। ਅਖ਼ਤਰ ਨੇ ਡਰੀਆਂ ਅੱਖਾਂ ਨਾਲ ਹਨੇ੍ਹਰੇ ਵਿੱਚੋਂ ਆਪਣੇ ਵੱਲ ਵਧ ਰਹੇ ਕਾਲੇ ਸਿਰਾਂ ਵੱਲ ਵੇਖਿਆ ਫਿਰ ਉਸਦੀ ਨਿਗ੍ਹਾ ਬਸ਼ੀਰਾਂ ਵੱਲ ਗਈ। ਬਸ਼ੀਰਾਂ ਨੇ ਨਜ਼ੀਰ ਨੂੰ ਛਾਤੀ ਨਾਲ ਹੋਰ ਘੁੱਟ ਲਿਆ। ਅਖ਼ਤਰ ਜੂਲੇ ਤੋਂ ਫੁਰਤੀ ਨਾਲ ਉੱਠ ਕੇ ਗੱਡੇ ਵਿੱਚ ਆ ਗਿਆ।

''ਭੱਜ ਚੱਲ!'' ਉਹ ਡਰ ਨਾਲ ਇਕੱਠੀ ਹੋਈ ਬੈਠੀ ਬਸ਼ੀਰਾਂ ਦੀ ਬਾਂਹ ਫੜ ਕੇ ਗੱਡੇ ਤੋਂ ਹੇਠਾਂ ਕੁੱਦ ਗਿਆ। ਉਨ੍ਹਾਂ ਨੇ ਜਾਨ ਬਚਾਉਣ ਲਈ ਇੱਕ ਅਖ਼ੀਰੀ ਹੰਭਲਾ ਮਾਰਿਆ ਸੀ।

''ਗਏ ਓਏ........!'' ਪਿੱਛੋਂ ਵੱਜੇ ਲਲਕਾਰੇ ਨੇ ਉਨ੍ਹਾਂ ਦੇ ਕਦਮ ਹੋਰ ਤੇਜ਼ ਕਰ ਦਿੱਤੇ। ਉਹ ਆਪਣੇ ਬਲੂਰ ਨੂੰ ਛਾਤੀ ਨਾਲ ਘੁੱਟੀ ਹਨੇ੍ਹਰੇ ਦੀ ਓਟ ਲੈ ਕੇ ਜਾਨ ਬਚਾਉਣਾ ਚਾਹੁੰਦੇ ਸਨ ਪਰ ਮੌਤ ਤਾਂਡਵ ਨਾਚ ਕਰਦੀ ਉਹਨਾਂ ਦੇ ਉਪਰ ਚੜ੍ਹੀ ਆ ਰਹੀ ਸੀ।

''ਜਾਣ ਨੀ ਦਿੰਦੇ।'' ਆਪਣੇ ਮੋਢਿਆਂ 'ਤੇ ਚੜ੍ਹ ਆ ਰਹੇ ਆਦਮੀ ਨੂੰ ਬਸ਼ੀਰਾਂ ਨੇ ਗਰਦਨ ਘੁਮਾ ਕੇ ਵੇਖਣਾ ਚਾਹਿਆ ਤਾਂ ਉਸਦੇ ਹੱਥ 'ਚ ਫੜ੍ਹੀ ਤਲਵਾਰ ਬਸ਼ੀਰਾਂ ਦੇ ਮੱਥੇ 'ਚ ਆ ਵੱਜੀ। ਬਸ਼ੀਰਾਂ ਦੇ ਪੈਰ ਲੜਖੜਾ ਗਏ। ਪਲਾਂ ਛਿਣਾਂ ਵਿੱਚ ਟਕੂਏ, ਗੰਡਾਸਿਆਂ ਦੇ ਵਾਰ ਉਸਦੇ ਮੋਢੇ, ਵੱਖੀ ਵਿੱਚ ਮੀਂਹ ਵਾਂਗ ਵਰ ਗਏ। ਬਸ਼ੀਰਾਂ ਦੀਆਂ ਅੱਖਾਂ ਅੱਗੇ ਧਰਤੀ ਡੋਲਣ ਲੱਗ ਪਈ।

''ਛੱਡ ਦੋ ਬਾਈ ਓਏ.....! ਇਨ੍ਹਾਂ ਨੂੰ ਨਾ ਮਾਰੋ!!'' ਅਖ਼ਤਰ ਨਜ਼ੀਰ ਨੂੰ ਗੋਦੀ ਚੁੱਕੀਂ ਬਸ਼ੀਰਾਂ ਵੱਲ ਮੁੜਿਆ। ਸਾਰਿਆਂ ਨੇ ਬਸ਼ੀਰਾਂ ਨੂੰ ਛੱਡ ਕੇ ਅਖ਼ਤਰ 'ਤੇ ਹਮਲਾ ਕਰ ਦਿੱਤਾ।

''ਸਾਨੂੰ ਛੱਡ ਦੋ ਵੀਰ ਬਣਕੇ, ਸੋਨੂੰ ਅੱਲਾ......!'' ਅਖ਼ਤਰ ਦੇ ਬੋਲ ਲੜਖੜਾ ਗਏ। ਵੱਖੀ 'ਚੋਂ ਪਾਰ ਹੋਈ ਤਲਵਾਰ ਨੇ ਉਸਦੀਆਂ ਬਾਹਵਾਂ ਦੀ ਪਕੜ ਢਿੱਲੀ ਪਾ ਦਿੱਤੀ ਤੇ ਨਜ਼ੀਰ ਉੱਚੀ ਉੱਚੀ ਰੋਂਦਾ ਹੇਠਾਂ ਡਿੱਗ ਪਿਆ। ਬਸ਼ੀਰਾਂ ਨੇ ਡਿੱਗੇ ਪਏ ਨਜ਼ੀਰ ਉੱਤੇ ਹਥਿਆਰਾਂ ਅੱਗੇ ਆਪਣੀ ਦੇਹ ਦੀ ਢਾਲ ਬਣਾ ਲਈ। ਲਗਾਤਾਰ ਹੋਏ ਵਾਰਾਂ ਨੇ ਅਖ਼ਤਰ ਦੇ ਸਾਹਾਂ ਦੀ ਗਿਣਤੀ ਮੁਕਾ ਦਿੱਤੀ।

''ਇਹ ਤਾਂ ਅਜੇ ਕੰਮ ਦੀ ਚੀਜ਼ ਐ। ਇਹਨੂੰ ਅਜੇ ਕਿਉਂ ਗਾਲਦੇ ਓਂ।'' ਇੱਕ ਨੇ ਡਿੱਗੀ ਪਈ ਬਸ਼ੀਰਾਂ ਦੀ ਬਾਂਹ ਫੜ ਲਈ। ਬਸ਼ੀਰਾਂ ਨੇ ਰੋਂਦੇ ਨਜ਼ੀਰ ਨੂੰ ਬਾਹਾਂ ਵਿੱਚ ਘੁੱਟ ਲਿਆ।

''ਇਹਨੂੰ ਸਿੱਟ ਪਰ੍ਹਾਂ ਸੂਰ ਦੇ ਬੀਅ ਨੂੰ।'' ਆਦਮੀ ਨੇ ਬਸ਼ੀਰਾਂ ਦੀ ਛਾਤੀ ਨਾਲੋਂ ਤੋੜ ਨਜ਼ੀਰ ਨੂੰ ਬੇ-ਰਹਿਮੀ ਨਾਲ ਪਰ੍ਹਾਂ ਵਗਾਹ ਮਾਰਿਆ।

''ਹਾਏ! ਭਾਈ! ਮੇਰਾ ਬੱਚਾ!'' ਉਸਨੇ ਪੱਥਰ ਦੇ ਬੰਦਿਆਂ ਅੱਗੇ ਹੱਥ ਜੋੜੇ।

''ਚੱਕ! ਇਹਦੀ ਵੀ ਤਾਂਘ ਤੇਰੀ ਮੁਕਾਈ ਦਿੰਨਿਆਂ।'' ਇੱਕ ਨੇ ਡਿੱਗੇ ਪਏ ਨਜ਼ੀਰ ਦੇ ਕਿਰਪਾਨ ਆਰ-ਪਾਰ ਕਰ ਦਿੱਤੀ।

''ਹਾਏ ਵੇ! ਪਾਪੀਓ! ਸੋਨੂੰ ਅੱਲਾ ਦੀ ਮਾਰ ਪਏ! ਮੇਰਾ ਨਜ਼ੀਰ...!''

''ਆਜੋ ਜਿਹਨੇ ਘਰ ਆਈ ਗੰਗਾ ਨਹੁਣੈ।'' ਇੱਕ ਨੇ ਧਾਹਾਂ ਮਾਰਦੀ, ਛਟ-ਪਟਾਉਂਦੀ ਬਸ਼ੀਰਾਂ ਨੂੰ ਮੋਢੇ ਚੁੱਕ ਲਿਆ। ਤਿੰਨ-ਚਾਰ ਹੋਰ ਉਸਦੇ ਪਿੱਛੇ ਤੁਰ ਪਏ। ਬਸ਼ੀਰਾਂ ਦੀਆਂ ਦਾਦ ਫਰਿਆਦਾਂ ਪੈਰਾਂ ਹੇਠ ਲਿਤਾੜਦੇ ਉਹ ਉਸਨੂੰ ਬਾਜਰੇ ਵਿੱਚ ਲੈ ਵੜੇ। ਬਸ਼ੀਰਾਂ ਦੀਆਂ ਚੀਕਾਂ ਬਾਜਰੇ ਤੋਂ ਬਾਹਰ ਆ ਕੇ ਗੁੰਮ ਹੋ ਗਈਆਂ। ਮੀਂਹ ਹੋਰ ਤੇਜ਼ ਹੋ ਗਿਆ ਸੀ। ਧਾੜਵੀ ਬਾਜਰੇ 'ਚੋਂ ਨਿਕਲ ਕੇ ਆਪਣੀ ਜਿੱਤ ਦੇ ਜਸ਼ਨ ਮਨਾਉਂਦੇ ਜਾ ਰਹੇ ਸਨ। ਮਰਦਾਂ ਦੀ ਮਰਦਾਨਗੀ ਦੀ ਮਾਰੀ ਇੱਕ ਤੀਵੀਂ ਬਾਜਰੇ ਵਿੱਚ ਅੱਧ-ਮਰੀ, ਦਰਦ ਨਾਲ ਨਪੀੜੀ ਪਈ ਸਿਸਕੀਆਂ ਭਰ ਰਹੀ ਸੀ।

## 5

ਮਜ਼ਹਬੀ ਰਾਖਸ਼ਸ ਨੇ ਲੱਖਾਂ ਜ਼ਿੰਦਗੀਆਂ ਨੂੰ ਨਿਗਲ ਕੇ ਡਕਾਰ ਮਾਰ ਲਿਆ। ਕਿੰਨੀਆਂ ਹੀ ਤੀਵੀਆਂ ਇਸ ਅੰਨ੍ਹੀ ਹਨ੍ਹੇਰੀ ਦੀ ਭੇਂਟ ਚੜ੍ਹ ਗਈਆਂ। ਕਿੰਨੀਆਂ ਨਾਲ ਬਲਾਤਕਾਰ ਹੋਏ, ਉਧਾਲੇ ਹੋਏ ਅਤੇ ਕਿੰਨੀਆਂ ਹੀ ਮੱਝਾਂ-ਗਾਵਾਂ ਵਾਂਗ ਮੁੱਲ ਵੱਟ ਕੇ ਅੱਗੇ ਵੇਚੀਆਂ ਗਈਆਂ। ਸਮਾਂ ਪੰਜਾਬ ਦੀ ਸਾਂਝ ਨੂੰ ਕਲੰਕ ਲਾ ਕੇ ਅੱਗੇ ਤੁਰ ਗਿਆ। ਹੌਲੀ ਹੌਲੀ ਫੱਟੜ ਹੋਈ ਜ਼ਿੰਦਗੀ ਮੁੜ ਸਾਹ ਭਰਨ ਲੱਗ ਪਈ। ਪਿੰਡਾਂ ਦੇ ਗਲੀ ਮੋੜਾਂ 'ਤੇ ਹਾਸੇ ਗੂੰਜਣ ਲੱਗੇ, ਖੇਤਾਂ ਵਿੱਚ ਰੌਣਕ ਪਰਤਣ ਲੱਗੀ।

ਪੰਛੀਆਂ ਦਾ ਆਪਣੇ ਆਲ੍ਹਣਿਆਂ ਵੱਲ ਉੱਡ ਜਾਣ ਦਾ ਸਮਾਂ ਹੋ ਗਿਆ ਸੀ। ਪਾਲੀਆਂ ਨੇ ਮਾਲ ਪਿੰਡ ਵੱਲ ਮੋੜ ਲਏ ਸਨ। ਪਹਿਆਂ ਤੋਂ ਪਸ਼ੂਆਂ ਦੇ ਪੈਰਾਂ ਨਾਲ ਉੱਡੀ ਧੂੜ ਪਿੰਡ ਦੀਆਂ ਜੂਹਾਂ ਵੱਲ ਵਧ ਰਹੀ ਸੀ। ਖੇਤਾਂ ਨੂੰ ਗਏ ਗੱਡੇ ਕੱਖਾਂ ਨਾਲ ਭਰੇ ਮੁੜ ਪਏ ਸਨ। ਕਾਕਾ ਖੇਤੋਂ ਗੱਡਾ ਹੱਕੀਂ ਆ ਰਿਹਾ ਸੀ। ਕਾਕੇ ਅਤੇ ਜਲਕੁਰ ਨੇ ਬਸ਼ੀਰਾਂ ਨੂੰ ਮੌਤ ਦੇ ਕੰਢੇ ਤੋਂ ਮੋੜ ਲਿਆਂਦਾ ਸੀ। ਹੁਣ ਤਾਂ ਉਸਦੇ ਸਰੀਰ ਦੇ ਸਾਰੇ ਜ਼ਖ਼ਮ ਵੀ ਭਰ ਗਏ ਸਨ। ਬਸ਼ੀਰਾਂ ਨੂੰ ਘਰੇਂ ਲਿਆ ਕੇ ਠੀਕ ਕਰਨ ਤੱਕ ਤਾਂ ਜਲ ਕੁਰ ਬੋਲੀ ਨਹੀਂ ਸੀ ਪਰ ਹੁਣ ਕਾਕੇ ਵੱਲੋਂ ਬਸ਼ੀਰਾਂ ਨੂੰ ਘਰ ਰੱਖ ਲੈਣ ਦਾ ਇਰਾਦਾ ਭਾਂਪ ਕੇ ਉਹ ਉਸ ਨਾਲ ਰੋਜ਼ ਕਲੇਸ਼ ਕਰਦੀ। ਕਾਕੇ ਉੱਤੇ ਵੀ ਹੁਣ ਇਹੀ ਸੋਚ ਭਾਰੂ ਹੋਈ ਬੈਠੀ ਸੀ। ਉਹ ਸੱਪ ਦੇ ਮੂੰਹ ਕੋਹੜ-ਕਿਰਲੀ ਆਉਣ ਵਾਂਗ ਫਸਿਆ ਬੈਠਾ ਸੀ। ਜੇ ਛੱਡਦੈ ਤਾਂ ਕੋਹੜੀ, ਜੇ

ਖਾਂਦੈ ਤਾਂ ਕਲੰਕੀ। ਉਸਨੂੰ ਵਿੱਚ-ਵਿਚਾਲੇ ਦਾ ਕੋਈ ਰਾਹ ਨਹੀਂ ਲੱਭ ਰਿਹਾ ਸੀ। ਉਹ ਵਿੱਚ-ਵਚਾਲੇ ਦਾ ਰਾਹ ਫੜਨਾ ਵੀ ਚਾਹੁੰਦਾ ਸੀ ਤਾਂ ਉਸ ਅੱਗੇ ਜਲ ਕੁਰ ਘੁਰਕੀ ਲੈ ਕੇ ਆ ਖੜ੍ਹਦੀ ਸੀ। ਉਹ ਇਸੇ ਹੀ ਸੋਚ ਵਿੱਚ ਉਲਝਿਆ ਫਿਰਦਾ ਰਹਿੰਦਾ।

''ਆਜਾ ਨਛੱਤਰਾ ਬੈਠ ਜਾ।'' ਕਾਕੇ ਨੇ ਸੋਚਾਂ ਵਿੱਚੋਂ ਨਿਕਲ ਕੇ 'ਕਾਲੀਆਂ ਦੇ ਨਛੱਤਰ ਕੋਲ ਜਾ ਕੇ ਬਲਦਾਂ ਨੂੰ ਪੁਸ਼ਕਾਰ ਲਿਆ। ਬਲਦ ਖੁਰ ਅੜਾਉਂਦੇ ਹੌਲੀ ਹੋ ਗਏ। ਨਛੱਤਰ ਗੱਡੇ ਉਪਰ ਚੜ੍ਹ ਗਿਆ।

''ਹੋਰ ਸੁਣਾ ਘਰੋਂ ਜੋੜੀ ਦੀ ਠੀਕ ਪੈਂਦੀ ਐ ਸੱਥਰੀ।'' ਨਛੱਤਰ ਨੇ ਜਲ ਕੁਰ ਅਤੇ ਬਸ਼ੀਰਾਂ ਬਾਰੇ ਪੁੱਛਿਆ।

''ਹਾਂ...ਆਂ.....।''

''ਚਲ ਲੁੱਟ ਨਜ਼ਾਰੇ।''

''ਹੂੰ.....।''

''ਹਾਂ ਹੂੰ ਤੋਂ ਗਹਾਂ ਵੀ ਵਧ। ਤੂੰ ਤਾਂ ਉਈਂ ਪਤੰਦਰਾ ਦੁੱਧੋ ਹਟੀ ਮੱਝ ਮਾਗੂੰ ਲੇਵਾ ਜਾ ਢਿੱਲਾ ਕਰੀ ਫਿਰਦੈਂ।'' ਨਛੱਤਰ ਨੂੰ ਉਸਦੀ ਉਦਾਸੀ ਦਿਸ ਗਈ ਸੀ।

''ਨਾਂਹ ਛੋਟੇ ਭਾਈ, ਉਈਂ ਲਗਦੈ।'' ਕਾਕੇ ਨੇ ਅੰਦਰਲੀ ਗੱਲ ਛੁਪਾਉਣ ਲਈ ਬਨਾਉਟੀ ਜਿਹਾ ਮੁਸਕਰਾ ਦਿੱਤਾ।

''ਕਿਤੇ ਮੁਸਲਮਾਨਣੀ ਤਾਂ ਨੀ ਉੱਤੋਂ ਦੀ ਪੈ ਗਈ?'' ਉਸਨੇ ਕਾਕੇ ਨੂੰ ਟਰੋਕ ਮਾਰੀ।

''ਨਾਂਹ ਅਹੀ ਜੀ ਗੱਲ ਨੀ।''

''ਖ਼ੈਰ ਇਹ ਤਾਂ ਹੱਸਣ ਆਲੀਆਂ ਗੱਲਾਂ ਨੇ। ਤੂੰ ਸਿਆਣਾ ਬਣਕੇ ਰਹੀਂ, ਇੱਕ ਘਰ 'ਚ ਦੋ ਤੀਵੀਆਂ ਤਾਂ ਇੱਕ ਮਿਆਨ 'ਚ ਦੋ ਤਲਵਾਰਾਂ ਆਲੀ ਗੱਲ ਹੁੰਦੀ ਐ।''

''ਗੱਲ ਤਾ ਤੇਰੀ ਸੋਲਾਂ ਆਨੇ ਐ ਬਾਈ।'' ਕਾਕਾ ਨਛੱਤਰ ਦੀ ਗੱਲ ਅੰਦਰੋਂ ਮੰਨ ਵੀ ਗਿਆ ਫਿਰ ਉਸ ਨੇ ਗੱਲ ਦਾ ਰੁੱਖ ਹੋਰ ਪਾਸੇ ਪਲਟ ਦਿੱਤਾ, ''ਸੋਡੇ ਵਿਹੜੇ ਆਲਾ ਜੰਗੀਰ ਲਿਆਇਆ ਤੀ ਦੋ ਤੀਮੀਂਆਂ?''

''ਇੱਕ ਤਾਂ ਉਹਨੇ ਆਹ ਹੁਣੇ ਜੇ ਵੇਚੀ ਤੀ, ਇੱਕ ਘਰੇਂ ਵਸਾ ਲਈ। ਉਹਦੀ ਵੀ ਗੁੱਲੀ ਦਣ ਪੈ ਗੀ, ਨਹੀਂ ਆਪ ਏ ਕੱਚੀਆਂ-ਪਿੱਲੀਆਂ ਥਪਦਾ ਮਰ ਜਾਂਦਾ। ਹੁਣ ਘਰੋਂ ਫਿਰਦੀ ਪਰੀਆਂ ਵਰਗੀ ਤੀਮੀਂ ਨੂੰ ਲੋਕ ਖੜ੍ਹ-ਖੜ੍ਹ ਕੇ ਦੇਖਦੇ ਨੇ। ਊਂ ਵੀ ਐਨੀ ਸੁਚੱਜੀ ਐ ਘਰ ਹੱਸਣ ਲਾਤਾ।''

''ਰੌਲੇ-ਗੌਲੇ ਜੇ ਨੇ ਇੱਕ ਆਹ ਕੰਮ ਠੀਕ ਵੀ ਕਰਤਾ, ਤੀਮੀਂਆਂ ਆਮ ਹੋ ਗਈਆਂ। ਨਹੀਂ ਅੱਧੇ ਤਾਂ ਛੜੇ ਈ ਮਰ ਜਾਂਦੇ।''

''ਇਹਦਾ ਨੁਕਸਾਨ ਬਹੁਤ ਹੋਇਐ।'' ਨਛੱਤਰ ਦੀ ਸੁਰ ਉਦਾਸ ਹੋ ਗਈ। ''ਤੇਰੇ ਸਾਹਮਣੇ ਐ, ਐਨੀ ਮਾਰ-ਕਾਟ ਹੋਈ ਐ, ਮਰਕੇ ਕੁੱਤੇ-ਬਿੱਲੇ ਵੀ ਮਨੁੱਖੀ ਲਾਸ਼ਾਂ ਨੂੰ ਖਾ ਖਾ ਆਫ਼ਰ ਗੇ। ਧਰਤੀ 'ਤੇ ਜਿਹੜਾ ਇਹ ਭਾਰ ਪਿਐ, ਇਹ ਤਾਂ ਕਈ ਸਦੀਆਂ ਨੀ ਉਤਰਨਾ ਹੁਣ। ਨਾਲੇ ਪਹਿਲਾਂ ਕਿਹੜਾ ਇਥੇ ਮੁਸਲਮਾਨ ਵਸਦੇ ਨੀ ਤੀ। ਕਹੀ-ਖੁਰਪੇ ਦੀ ਸਾਂਝ ਤੀ, ਕੱਠੇ ਉਠਦੇ ਬੈਠਦੇ ਤੀ। ਇਹ ਤਾਂ ਅੰਗਰੇਜ਼ਾਂ ਦੀ ਚਾਲ ਤੀ, ਪਹਿਲਾਂ ਲੁੱਟਦੇ ਰਹੇ ਫੇਰ ਘਰ ਨੂੰ ਪਾੜ ਕੇ ਖੱਖੜੀ-ਕਰੇਲੇ ਕਰ ਗੇ। ਜਿਹੜੇ ਓਧਰੋਂ ਆਏ ਨੇ ਆਹ ਰਫਿਊਜੀ ਜੇ, ਇਹ ਤਾ ਗੁੰਮ-ਸੁੰਮ ਜੇ ਕਿਸੇ ਨਾਲ ਗੱਲ ਈ ਨੀ ਕਰਦੇ। ਏਦੂੰ ਤਾਂ ਮੁਸਲਮਾਨ ਸੌ ਗੁਣੇ ਵਧੀਆ ਤੀ। ਯਮਲੇ ਹੋਰੀਂ ਦੇਖਲੈ ਰੌਣਕ ਲਾਈਂ ਰੱਖਦੇ ਤੀ।'' ਨਛੱਤਰ ਨੂੰ ਆਪਣੇ ਵਿਛੜ ਗਏ ਗਰਾਈਆਂ ਦਾ ਮੋਹ ਜਿਹਾ ਆਇਆ।

ਯਮਲੇ ਦੀ ਗੱਲ ਤੁਰੀ ਤਾਂ ਕਾਕੇ ਨੂੰ ਹਰ ਇੱਕ ਨਾਲ ਹਸਦਾ ਸਧਾਰਨ ਯਮਲਾ ਯਾਦ ਆ ਗਿਆ। ਦਿਮਾਗੀ ਤੌਰ 'ਤੇ ਠੀਕ ਨਾ ਹੋਣ ਕਰਕੇ ਸਾਰਿਆਂ ਨੇ ਉਸਦੇ ਨਾਮ 'ਯਮਲਾ' ਨਾਲ 'ਬੌਲਾ' ਜੋੜ ਦਿੱਤਾ ਸੀ। ਯਮਲੇ ਨੂੰ ਪਿੰਡ ਦੇ ਹੀ ਦੋ ਬੰਦਿਆਂ ਨੇ ਖੇਤ ਲੈ ਜਾ ਕੇ ਮਾਰ ਦਿੱਤਾ ਸੀ। ''ਲੈ ਯਮਲੇ ਨੇ ਵਿਚਾਰੇ ਨੇ ਕਿਸੇ ਦਾ ਕੀ ਵਿਗਾੜਿਆ ਤੀ।'' ਕਾਕੇ ਨੂੰ ਯਮਲੇ ਦਾ ਹਸਦਾ ਮੂੰਹ ਅਜੇ ਵੀ ਦਿਸ ਰਿਹਾ ਸੀ।

''ਬੱਸ! ਬੇ-ਸੂੰਹੇ ਲੋਕ!'' ਨਛੱਤਰ ਨੇ ਲੋਕਾਂ ਦੀ ਕਮ-ਅਕਲੀ 'ਤੇ ਸਿਰ ਮਾਰਿਆ।

ਉਹ ਗੱਲਾਂ ਕਰਦੇ ਹਨ੍ਹੇਰਾ ਹੋਣ ਤੋਂ ਪਹਿਲਾਂ ਪਿੰਡ ਪਹੁੰਚ ਗਏ। ਕਾਕੇ ਦਾ ਘਰ ਖੇਤਾਂ ਵੱਲੋਂ ਆਉਂਦੇ ਪਹੇ ਉੱਤੇ ਹੀ ਪਿੰਡ ਦੀ ਬਾਹਰਲੀ ਫਿਰਨੀ 'ਤੇ ਪੈਂਦਾ ਸੀ। ਕਾਕੇ ਨੇ ਆਪਣੇ ਬਾਰ ਅੱਗੇ ਗੱਡਾ ਰੋਕ ਲਿਆ, ''ਆਜਾ ਨਛੱਤਰਾ ਰੋਟੀ ਪੱਕੀ ਜਾਂਦੀ ਐ।''

''ਬੱਸ ਬਾਈ ਚੜ੍ਹਦੀ ਕਲੈ।'' ਨਛੱਤਰ ਹੱਥ ਖੜ੍ਹਾ ਕਰਕੇ ਗੱਡੇ ਤੋਂ ਉਤਰ ਗਿਆ। ਬਸ਼ੀਰਾਂ ਨੇ ਮੁਸਕਰਾ ਕੇ ਬਾਰ ਖੋਲ੍ਹ ਦਿੱਤਾ। ਕਾਕੇ ਨੇ ਗੱਡਾ ਅੰਦਰ ਲਾ ਦਿੱਤਾ। ਟੋਕਾ ਕੁਤਰ ਕੇ ਉਹ ਰੋਟੀ ਖਾਣ ਝਲਾਨੀ 'ਚ ਆ ਬੈਠਿਆ। ਬਸ਼ੀਰਾਂ ਮੱਝਾਂ ਨੂੰ ਕੱਖ ਪਾਉਣ ਲੱਗ ਪਈ।

''ਹੁਣ ਤਾਂ ਇਹਨੂੰ ਲਾ ਦੇ ਕਿਸੇ ਤਣ ਪੱਤਣ, ਵਥੇਰਾ ਟੈਮ ਹੋ ਗਿਆ।'' ਜਲ ਕੁਰ ਦੇ ਕਈ ਦਿਨਾਂ ਤੋਂ ਮਨ 'ਚ ਰਿੜਕੀ ਜਾਂਦੀ ਗੱਲ ਬੁੱਲ੍ਹਾਂ ਤੇ ਆ ਗਈ।

''ਕੋਈ ਨਾ।''

''ਤੇਰੇ ਆਹ ਕੱਲੀ 'ਕੋਈ ਨਾ' ਨਾਲ ਨੀ ਸਰਦਾ। ਹੁਣ ਇਹਦਾ ਕੋਈ ਹੀਲਾ ਕਰੋ ਸਰਦਾਰ ਜੀ!'' ਜਲ ਕੁਰ ਨੇ ਖੱਬੇ ਹੱਥ ਦੀ ਹਥੇਲੀ ਤੇ ਸੱਜੀ ਉਂਗਲ ਕਹਾੜੀ ਦਾ ਟੱਕ ਲਾਉਣ ਵਾਂਗ ਦੋ-ਤਿੰਨ ਵਾਰੀ ਮਾਰੀ।

''ਮੈਂ ਆਪੇ ਕਰੂੰ ਕੋਈ ਹੀਲਾ। ਐਡੀ ਛੇਤੀ ਕੀ ਦੱਸ ਇਹੋ ਤੇਰੇ ਪੈਰ ਲਤੜਦੀ ਐ।'' ਕਾਕੇ ਦੀ ਅਵਾਜ਼ ਉੱਚੀ ਹੋ ਗਈ।

''ਪੈਰ ਲਤੜਨ ਨੂੰ ਅਜੇ ਕਸਰ ਐ ਕੋਈ? ਮੈਂ ਨੀ ਇਹਨੂੰ ਸੌਕਣ ਬਣਾ ਕੇ ਰੱਖ ਸਕਦੀ।'' ਜਲ ਕੁਰ ਵੀ ਤੱਤੀ ਹੋ ਗਈ। ਉਸਦੇ ਬੋਲਾਂ ਦੇ ਤਿੱਖੇ ਤੀਰ ਬਾਹਰ ਕੱਖ ਪਾਉਂਦੀ ਬਸ਼ੀਰਾਂ ਨੂੰ ਬਿੰਨ੍ਹ ਗਏ। ਬਸ਼ੀਰਾਂ ਨੂੰ ਆਪਣੀਆਂ ਜੜ੍ਹਾਂ ਮੁੜ ਹਿਲਦੀਆਂ ਦਿਸੀਆਂ।

''ਤੂੰ ਠੰਡੇ ਦਿਮਾਗ਼ ਨਾਲ ਸੋਚ। ਪੰਜ ਸਾਲ ਹੋ ਗਏ ਆਪਣੇ ਵਿਆਹ ਨੂੰ, ਅਜੇ ਤੱਕ ਨੀ ਰੱਬ ਨੇ ਆਪਣੀ ਸੁਣੀ। ਜੇ ਹੁਣ ਇਹਦੀ ਕੁੱਖੋਂ ਆਪਣੀ  ਦੋਹਲੀ ਵਧਦੀ ਐ ਤਾਂ ਕੀ ਮਾੜੈ। ਨਾਲੇ ਜਵਾਕ ਤਾਂ ਆਪਣਾ ਈ ਵੱਜੂ। ਜੱਗ 'ਚ ਸੀਰ ਰਹਿਜੂ।'' ਕਾਕੇ ਨੇ ਗੱਲ ਏਨੀ ਹੌਲੀ ਕੀਤੀ ਜਿਵੇਂ ਉਹ ਇਹ ਰਾਜ ਕੰਧਾਂ ਨੂੰ ਵੀ ਪਤਾ ਲੱਗਣ ਤੋਂ ਡਰਦਾ ਹੋਵੇ।

''ਮੈਨੂੰ ਨੀ ਅਹਿਜੇ ਸੀਰ-ਸੂਰ ਦੀ ਲੋੜ। ਮੇਰੀ ਤਾਂ ਪੱਥਰ ਤੇ ਲਕੀਰ ਐ, ਮੈਂ ਤਾਂ ਇਹਨੂੰ ਤੀਓ ਕਾਲ ਨੀ ਰੱਖ ਸਕਦੀ ਇਥੇ।'' ਜਲ ਕੁਰ ਇਸ ਤਰ੍ਹਾਂ ਬੁੜਕੀ ਜਿਵੇਂ ਉਸਦੀ ਦੁਖਦੀ ਰਗ ਤੇ ਹੱਥ ਰੱਖ ਦਿੱਤਾ ਹੋਵੇ।

''ਹਾਏ ਅੰਮੀ! ਮੇਰੀ ਹੋਣੀ।'' ਬਸ਼ੀਰਾਂ ਕੱਖ ਪਾਉਂਦੀ ਕਾਲਜਾ ਫੜ੍ਹ ਕੇ ਖੁਰਲੀ 'ਤੇ ਬੈਠ ਗਈ।

''ਚੰਗਾ ਫੇਰ ਸਬਰ ਤਾਂ ਰੱਖ। ਮੈਂ ਆਪੇ ਸਭ ਕੁਛ ਕਰਦੂੰ। ਨਾਲੇ ਹੁਣ ਓਧਰੋ-ਇਧਰੀ ਰਹਿ ਗਈਆਂ ਤੀਮੀਆਂ ਨੂੰ ਵੀ ਫ਼ੌਜ ਭਾਲ ਭਾਲ ਕੇ ਲੈ ਜਾ ਰਹੀ ਐ। ਜਿਹੜੀਆਂ ਨੇ ਅੰਮ੍ਰਿਤ ਛਕ ਲਏ ਜਾਂ ਆਪ ਜਾਣ ਤੋਂ ਜਵਾਬ ਦੇ ਦਿੰਦੀਆਂ ਨੇ ਉਨ੍ਹਾਂ ਨੂੰ ਇਥੀ ਛੱਡ ਜਾਂਦੇ ਨੇ। ਇਹਨੂੰ ਵੀ ਆਪਾਂ ਅੰਮ੍ਰਿਤ ਛਕਾ ਦਿੰਨਿਆਂ। ਨਾਲੇ ਤੂੰ ਅੱਗੇ ਇਹਦੇ ਕੋਲੇ ਗਹਾਂ ਭੇਜਣ ਦੀ ਭਾਫ਼ ਨਾ ਕੱਢੀਂ। ਜਦੋਂ ਮਾੜਾ ਜਾ ਆਹ ਟਿਕ-ਟਕਾ ਹੋ ਗਿਆ ਮੈਂ ਆਪੇ ਕਿਸੇ ਨੂੰ ਇਹਦੀ ਬਾਂਹ ਫੜਾਦੂੰ।'' ਕਾਕੇ ਨੇ ਪੈਂਤੜਾ ਮਾਰਿਆ।

''ਜਿਮੇਂ ਮਰਜੀ ਕਰ ਪਰ ਮੈਂ ਸੌਕਣ ਬਣਾ ਕੇ ਨੀ ਇਹਨੂੰ ਰੱਖ ਸਕਦੀ।'' ਜਲ ਕੁਰ ਨੇ ਇੱਕ ਟੁੱਕ ਫ਼ੈਸਲਾ ਸੁਣਾ ਦਿੱਤਾ।

''ਚੰਗਾ ਮੈਂ ਹੁਣੇ ਕਰਕੇ ਆਉਣਾ ਸਰਵਣ ਨਾਲ ਗੱਲ।'' ਕਾਕਾ ਉੱਠ ਕੇ ਬਾਹਰ ਨਿਕਲ ਗਿਆ।

ਕਾਕੇ ਦੇ ਬਾਰ ਦੇ ਸਾਹਮਣੇ ਹੀ ਫਿਰਨੀ ਵਾਲੇ ਮੋੜ 'ਤੇ ਚੌਂਕੜੀ ਬਣੀ ਹੋਈ ਸੀ, ਜਿੱਥੇ ਸ਼ਾਮ-ਸਵੇਰੇ ਪੰਜ ਚਾਰ ਬੰਦੇ ਬੈਠੇ ਹੀ ਰਹਿੰਦੇ। ਕੰਮ ਦੇ ਜੋਰ 'ਚ ਇਥੇ ਬੈਠਣ ਵਾਲਿਆਂ ਦੀ ਗਿਣਤੀ ਘੱਟ ਹੁੰਦੀ ਪਰ ਜਿਉਂ ਜਿਉਂ ਕੰਮ ਦਾ ਜ਼ੋਰ ਘਟਦਾ ਜਾਂਦਾ, ਢਾਣੀ ਵਿੱਚ ਸ਼ਾਮਲ ਹੋਣ ਵਾਲੇ ਬੰਦਿਆਂ ਦੀ ਗਿਣਤੀ ਵਧਦੀ ਜਾਂਦੀ। ਸਿਆਲਾਂ ਵਿੱਚ ਸਵੇਰ ਤੋਂ ਜਗੀ ਧੂਣੀ ਦੀ ਰਾਤ ਦੇ ਬਾਰਾਂ ਵਜੇ ਤੱਕ ਡੱਕਿਆਂ ਨਾਲ ਖਰੋਲਾ-ਖਰਾਲੀ ਹੁੰਦੀ ਰਹਿੰਦੀ ਤੇ ਪਿੰਡ ਅਤੇ ਲਾਹਵਾਂ ਦੀਆਂ ਖ਼ਬਰਾਂ ਦਾ ਅਦਾਨ-ਪ੍ਰਦਾਨ ਵੀ ਨਾਲੇ-ਨਾਲ ਚਲਦਾ ਰਹਿੰਦਾ।

ਕਾਕੇ ਨੂੰ ਸਰਬਣ ਵੀ ਚੌਂਕੜੀ 'ਤੇ ਬੈਠਾ ਹੀ ਮਿਲ ਗਿਆ ਸੀ।

''ਸਰਬਣਾ ਉਰੇ ਆਈਂ ਮਾੜਾ ਜਾ।'' ਚੌਂਕੜੀ ਤੇ ਬੈਠੇ ਸਰਵਣ ਨੂੰ ਉਸਨੇ ਇਸ਼ਾਰੇ ਨਾਲ ਇੱਕ ਪਾਸੇ ਬੁਲਾ ਲਿਆ।

''ਹਾਂ?'' ਸਰਵਣ ਨੇ ਪੁੱਛਿਆ।

''ਇੱਕ ਗੱਲ ਕਰਨੀ ਤੀ ਤੇਰੇ ਨਾਲ।''

''ਹਾਂ ਦੱਸ।''

''ਚਲ ਤੇਰੇ ਘਰੋਂ ਚੱਲ ਕੇ ਕਰਦੇ ਆਂ।''

ਉਹ ਦੋਵੇਂ ਤੁਰਨ ਲੱਗੇ ਤਾਂ ਗਿੰਦਰ ਨੇ ਬੋਲ ਮਾਰ ਲਿਆ, ''ਆਜਾ ਬਹਿ ਜਾ ਕਾਕੇ, ਸੁਣਾ ਕੋਈ ਘਰ-ਬਾਰ ਦੀ।''

''ਆਉਣਾ, ਮਾਤਾ ਜਾ ਕੰਮ ਜਾਇਆ ਆਮਾਂ।'' ਉਹ ਹੱਥ ਖੜ੍ਹਾ ਕਰਕੇ ਸਰਵਣ ਨਾਲ ਤੁਰ ਪਿਆ।

''ਹੁਣ ਨੀ ਇਹ ਆਪਣੇ ਕੋਲੇ ਬੈਠਣ ਆਲਾ ਰਿਹਾ। ਦੋ ਸਾਂਭਣੀਆਂ ਸਖਾਲੀਆਂ ਨੇ ਪਤੰਦਰੋ!'' ਘੁੰਮਣ ਨੇ ਕਾਕੇ 'ਤੇ ਵਿਅੰਗ ਕਸਿਆ।

''ਲੈ ਦੋ ਨੂੰ ਕੀ ਐ, ਮੈਨੂੰ ਚਾਹੇ ਪਟਿਆਲੇ ਆਲੇ ਮਹਾਰਾਜੇ ਮਾਂਗੂੰ ਤਿੰਨ ਸੌ ਪੈਂਟ ਸਮ੍ਹਾ ਦੇ। ਜੇ ਲੀਹ ਤੋਂ ਹੱਲ ਗਈਆਂ ਮੈਨੂੰ ਕਹਿ ਦਿਓ।'' ਘਾਚੀ ਅਮਲੀ ਨੇ ਖੁਸ਼ਕ ਮੁੱਛਾਂ ਨੂੰ ਮਰੋੜਾ ਦਿੱਤਾ।

''ਤੂੰ ਭੈਣ ਦੀ ਕਾਗ਼ਜੀ ਬਦਾਮ ਖਾਨੈਂ। ਇਹ ਤਾਂ ਕਾਕੇ ਦੇ ਸਦਕੇ ਜਾਨੇ ਆਂ ਜਿਹੜਾ ਦੋ ਸਾਂਭੀ ਫਿਰਦੈ। ਤੀਮੀਂ ਤਾਂ ਇੱਕੋ ਸਾਲੀ ਜੇਠ-ਹਾੜ੍ਹ ਨੂੰ ਹਲਟ 'ਤੇ ਜੋੜੇ ਬੋਤੇ ਮਾਂਗੂੰ ਮੂੰਹ 'ਚੋਂ ਝੱਗ ਸੁੱਟਣ ਲਾ ਦਿੰਦੀ ਐ।'' ਘੁੰਮਣ ਅਮਲੀ ਦੀ ਗੱਲ ਨੂੰ ਕਾਟ ਕਰ ਗਿਆ।

''ਕਿਤੇ ਊਂ ਨਾ ਇਹੋ ਮੁਸਲਿਆਂ ਦੀ ਫੌਜ ਤਿਆਰ ਕਰਦੇ, ਪਹਿਲੀਂ ਪਿੰਡ 'ਚੋਂ ਮਸਾਂ ਕੱਢੇ ਨੇ।'' ਗਿੰਦਰ ਕਹਿੰਦਾ ਮੁਸਕੜੀਏ ਹੱਸ ਪਿਆ।

ਉਹ ਦੋਵੇਂ ਸਰਵਣ ਕੀ ਸਬਾਤ ਵਿੱਚ ਜਾ ਬੈਠੇ। ਸਰਵਣ ਦੁੱਧ ਲੈਣ ਚਲਾ ਗਿਆ। ਕਾਕਾ ਮਨ ਹੀ ਮਨ ਅੰਦਰਲੀ ਗੱਲ ਨੂੰ ਤਰਤੀਬ ਦੇਣ ਲੱਗ ਪਿਆ। ਸਰਵਣ ਦੁੱਧ ਲੈ ਕੇ ਆਇਆ ਤਾਂ ਦੋਵੇਂ ਡੂਕਾਂ ਮਾਰ ਮਾਰ ਪੀਣ ਲੱਗ ਪਏ।

''ਮੈਂ ਤਾਂ ਤੇਰੇ ਨਾਲ ਬਸ਼ੀਰਾਂ ਬਾਰੇ ਈ ਗੱਲ ਕਰਨ ਆਇਆ ਤੀ।'' ਕਾਕੇ ਨੇ ਛੰਨਾ ਹੇਠਾਂ ਰੱਖ ਕੇ ਸਰਵਣ ਵੱਲ ਵੇਖਿਆ। ਸਰਵਣ ਦਾ ਹੁੰਗਾਰਾ ਪਾ ਕੇ ਉਸ ਨੇ ਗੱਲ ਅੱਗੇ ਤੋਰੀ, ''ਹੁਣ ਤੂੰ ਦੇਖਲੈ, ਵੀ ਸਾਡੇ ਵਿਆਹ ਨੂੰ ਪੂਰੇ ਪੰਜ ਸਾਲ ਹੋ ਗਏ ਅਜੇ ਤੱਕ ਜਵਾਕ ਦਾ ਮੂੰਹ ਦੇਖਣਾ ਨਸੀਬ ਨੀ ਹੋਇਆ। ਮੈਂ ਤਾਂ ਸੋਚਿਆ ਤੀ ਵੀ ਲੋਕ ਜਵਾਕਾਂ ਪਿੱਛੇ ਸੌ ਸੌ ਪਾਪੜ ਵੇਲਦੇ ਨੇ। ਦੋ ਦੋ ਵਿਆਹ ਵੀ ਕਰਾਉਂਦੇ ਨੇ, ਵੀ ਮੈਂ ਚਲ ਬਸ਼ੀਰਾਂ ਨੂੰ ਘਰੇਂ ਰੱਖ ਲੈਨਾ। ਪਰ ਤੇਰੇ ਆਲੀ ਭਰਜਾਈ ਗੱਲ ਲੀਹ ਤੇ ਈ ਨੀ ਲੱਗਣ ਦਿੰਦੀ। ਕਹੂ, 'ਇਹ ਨੀ ਜਾਂ ਮੈਂ ਨੀ।' ਹੁਣ ਮੈਂ ਤਾਂ ਵਚਾਲੇ ਫਸਿਆ ਪਿਆਂ।'' ਕਾਕੇ ਨੇ ਆਪਣਾ ਮਨ ਤੂੜੀ ਦੀ ਪੰਡ ਵਾਂਗ ਸਰਵਣ ਅੱਗੇ ਖੋਲ੍ਹ ਦਿੱਤਾ।

''ਗੱਲ ਤਾਂ ਤੇਰੇ ਆਲੀ ਵੀ ਠੀਕ ਐ। ਹੁਣ ਸਾਡੇ ਵਿਆਹ ਨੂੰ ਵੀ ਤੇਰੇ ਨਾਲੋਂ ਤਿੰਨ-ਚਾਰ ਸਾਲ ਵੱਧ ਹੋਗੇ। 'ਲਾਦ ਨਾ ਹੋਣ ਦਾ ਦੁੱਖ ਓਹੀ ਸਮਝ ਸਕਦੈ ਜਿਹੜਾ ਬੇ-'ਲਾਦੈ। ਪਰ ਘਰ ਵਿੱਚ ਵੀ ਕੁਰੂਖੇਤਰ ਆਲਾ ਯੁੱਧ ਛੇੜਨਾ ਸਮਝਦਾਰੀ ਆਲੀ ਗੱਲ ਨੀ। ਜੇ ਹੁਣ ਜਲ ਕੁਰ ਏਸ ਗੱਲ ਨੂੰ ਸਮਝੇ, ਉਹਦੇ ਵਰਗੀ ਤਾਂ ਰੀਸ ਨੀ। ਜੇ ਉਹ ਜਮੀਂ ਲੋਹੇ ਦੀ ਮੁੰਨੀ ਬਣੀ ਖੜ੍ਹੀ ਐ ਫੇਰ ਤੂੰ ਸਬਰ ਕਰੀਂ। ਊਂ ਕੇਰਾਂ ਸਮਝਾ ਕੇ ਦੇਖ ਲੈ ਜੇ ਸਮਝਦੀ ਐ।''

''ਮੈਂ ਤਾਂ ਵਥੇਰਾ ਸਮਝਾ ਕੇ ਦੇਖ ਲਿਆ। ਉਹ ਕਾਹਨੂੰ ਸਮਝਣ ਆਲੀ ਜਾਤ ਐ ਸਰਵਣਾ।'' ਕਾਕਾ ਅੰਦਰੋਂ ਦੁਖੀ ਹੋਇਆ ਬੋਲਿਆ।

''ਜੇ ਤੂੰ ਮੇਰੀ ਮੰਨੇ, ਤਾਂ ਫੇਰ ਤੂੰ ਵੀ ਬਾਹਲੀ ਅੜੀ ਨਾ ਕਰੀਂ। ਜੇ ਘਰ 'ਚ ਕੇਰਾਂ ਕਲੇਸ਼ ਪੈਜੇ ਸਾਰੇ ਘਰ ਨੂੰ ਲੈ ਬੈਠਦੈ।'' ਉਸਨੇ ਗੱਲ ਸਮਝਾਉਂਦਿਆਂ ਕਾਕੇ ਦਾ ਮੋਢਾ ਘੁੱਟਿਆ।

''ਫੇਰ ਹੁਣ ਉਹਦਾ ਕੀ ਕਰੀਏ।'' ਕਾਕੇ ਨੇ ਇੱਕ ਹੋਰ ਉਲਝਣ ਸਰਵਣ ਅੱਗੇ ਰੱਖ ਦਿੱਤੀ।

''ਜੇ ਤੈਨੂੰ ਚੰਗੀ ਲੱਗੇ। ਤੈਨੂੰ ਇੱਕ ਰੈਅ ਦਿੰਨਾ।''

ਕਾਕਾ ਕਿਸੇ ਆਸ ਨਾਲ ਉਸਦੇ ਮੂੰਹ ਵੱਲ ਬਿਟਰ ਬਿਟਰ ਝਾਕਣ ਲੱਗ ਪਿਆ।

''ਤੂੰ ਐਂ ਕਰ, ਇਹਨੂੰ ਤੇਰੇ ਵੱਡੇ ਭਾਈ ਤੇਜੇ ਦੇ ਬਿਠਾ ਦੇ। ਜਿਹੜਾ ਪੰਜਾ-ਛਿੱਕਾ ਲੈਣਾ ਹੋਇਆ ਮੈਂ ਦਵਾ ਦਿਊਂ। ਨਾਲੇ ਘਰ ਦੀ ਘਰ 'ਚ ਰਹਿ ਜੂ।'' ਸਰਵਣ ਰਾਏ ਦੇ ਕੇ ਕਾਕੇ ਦਾ ਜਵਾਬ ਉਡੀਕਣ ਲੱਗ ਪਿਆ।

ਦੋ ਪਲ ਬੈਠਕ ਵਿੱਚ ਖਾਮੋਸ਼ੀ ਪਸਰੀ। ਕਾਕੇ ਨੇ ਮਨ ਨਾਲ ਫੈਸਲਾ ਕੀਤਾ ਤੇ ਫਿਰ 'ਹਾਂ' ਵਿੱਚ ਸਿਰ ਹਿਲਾਉਂਦਾ ਬੋਲਿਆ, ''ਹਾਂ ਇਹ ਤੇਰੀ ਗੱਲ ਜਚਦੀ ਐ। ਤੇਜੇ ਨਾਲ ਤੂੰ ਵੀ ਗੱਲ ਕਰ ਕੇ ਦੇਖ ਲੀਂ। ਨਾਲੇ ਬਸ਼ੀਰਾਂ ਨੂੰ ਮੈਂ ਕੱਲ੍ਹ ਨੂੰ ਅੰਮ੍ਰਿਤ ਛਕਾ ਲਿਆਉਣਾ।''

''ਤੇਜੇ ਨਾਲ ਮੈਂ ਕਰਲੂੰ ਗੱਲ।'' ਸਰਵਣ ਨੇ ਤਸੱਲੀ ਦਿੱਤੀ।

''ਚੰਗਾ ਫੇਰ।'' ਕਾਕਾ ਮੰਜੇ ਤੋਂ ਖੜ੍ਹਾ ਹੋ ਗਿਆ।

''ਬਹਿ ਜਾ ਰੋਟੀ ਛਕ ਕੇ ਜਾਈਂ।''

''ਰੋਟੀ ਤਾਂ ਮੈਂ ਹੁਣ ਖਾ ਕੇ ਈ ਆਇਆ ਤੀ। ਚੰਗਾ ਫੇਰ।''

''ਚਲ ਠੀਕ ਐ।'' ਸਰਵਣ ਵੀ ਖੜ੍ਹਾ ਹੋ ਗਿਆ।

ਕਾਕਾ ਫਿਕਰਾਂ ਦੀ ਪੰਡ ਲਾਹ ਕੇ ਸਰਵਣ ਕੇ ਘਰੋਂ ਨਿਕਲਿਆ। ਅਸਮਾਨ ਵਿੱਚ ਤਾਰੇ ਚਮਕ ਪਏ ਸਨ। ਘਰਾਂ ਵਿੱਚ ਦੀਵਿਆਂ ਦਾ ਮਟਮੈਲਾ ਚਾਨਣ ਕੰਬਣ ਲੱਗ ਪਿਆ ਸੀ। ਕਾਕੇ ਕੇ ਘਰ ਸਾਹਮਣੀ ਚੌਂਕੜੀ 'ਤੇ ਕਿਸੇ ਗੱਲੋਂ ਹੱਥ ਤੇ ਹੱਥ ਵੱਜ ਕੇ ਹਾਸਾ ਖਿੱਲਰ ਗਿਆ ਸੀ। ਪਹਿਲਾਂ ਤਾਂ ਕਾਕੇ ਨੇ ਚੌਂਕੜੀ 'ਤੇ ਬੈਠਣ ਲਈ ਪੈਰ ਮਲਿਆ ਪਰ ਫਿਰ ਰੁਕਦਾ ਰੁਕਦਾ ਤੁਰ ਪਿਆ। ਜਦ ਉਹ ਘਰ ਆਇਆ ਤਾਂ ਜਲ ਕੁਰ ਅਤੇ ਬਸ਼ੀਰਾਂ ਕੰਮ ਸਮੇਟੀਂ ਮੰਜਿਆਂ ਵਿੱਚ ਬੈਠੀਆਂ ਸਨ। ਜਲ ਕੁਰ ਨੇ ਉਸਨੂੰ ਦੁੱਧ ਪੁੱਛਿਆ ਤਾਂ ਉਹ ਜਵਾਬ ਦੇ ਕੇ ਮੰਜੇ 'ਤੇ ਪੈ ਗਿਆ। ਉਸਨੂੰ ਬਸ਼ੀਰਾਂ ਨਾਲ ਪਿਛਲੇ ਸਮੇਂ ਵਿੱਚ ਬਿਤਾਏ ਹੁਸੀਨ ਪਲ ਯਾਦ ਆਉਣ ਲੱਗੇ। ਫਿਰ ਜਲ ਕੁਰ ਅਤੇ ਬਸ਼ੀਰਾਂ ਦੀ ਪਿਛਲੇ ਦਿਨਾਂ 'ਚ ਹੁੰਦੀ ਲੜਾਈ ਦੀ ਯਾਦ ਨੇ ਉਸਦਾ ਇਹ ਮਿੱਠਾ ਸਵਾਦ ਬਕਬਕਾ ਕਰ ਦਿੱਤਾ। ਉਸਨੇ ਮੰਜੇ 'ਤੇ ਪਈ ਬਸ਼ੀਰਾਂ ਅਤੇ ਜਲ ਕੁਰ ਵੱਲ ਵੇਖ ਕੇ ਪਾਸਾ ਮਾਰ ਲਿਆ। ਹੌਲੀ ਹੌਲੀ ਨੀਂਦ ਉਸ ਤੇ ਭਾਰੂ ਹੋ ਗਈ।

## 6

ਮੌਸਮ ਗਰਮੀ ਤੋਂ ਸਰਦੀ ਵੱਲ ਪਲਟੀ ਮਾਰ ਗਿਆ ਸੀ। ਕਣਕਾਂ ਅਤੇ ਛੋਲੇ ਬੀਜੇ ਜਾ ਚੁੱਕੇ ਸਨ। ਸੁਆਣੀਆਂ ਨੇ ਪਤਲੇ ਕੱਪੜੇ ਧੋ ਕੇ ਸੰਦੂਕਾਂ ਵਿੱਚ ਸਾਂਭ ਦਿੱਤੇ ਸਨ ਅਤੇ ਸਰਦੀ ਦੇ ਸਾਹਮਣੇ ਲਈ ਮੋਟੇ ਕੱਪੜੇ ਕੱਢ ਲਏ ਸਨ। ਪਿੰਡ ਦੀਆਂ ਗਲੀ-ਮੋੜਾਂ ਵਾਲੀਆਂ ਢਾਣੀਆਂ ਵਿੱਚ ਕੰਮੋਂ ਵਿਹਲੇ ਹੋਏ ਲੋਕਾਂ ਦੀ ਭੀੜ ਜੁੜਨੀ ਸ਼ੁਰੂ ਹੋ ਗਈ ਸੀ। ਅੱਜ ਚੌਂਕੜੀ 'ਤੇ ਜੁੜੀ ਮੁੰਡੀਰ ਵਿੱਚ ਕਾਕੇ ਕੇ ਪਰਿਵਾਰ ਨੂੰ ਮਧਾਣੀ ਗੇੜੇ ਵਿੱਚ ਪਾਇਆ ਹੋਇਆ ਸੀ। ਪਿੰਡ ਵਿੱਚ ਪਿਛਲੇ ਦਿਨਾਂ ਦੀਆਂ ਖਾਸ ਘਟਨਾਵਾਂ ਕਾਕੇ ਕੇ ਪਰਿਵਾਰ ਵਿੱਚ ਹੀ ਵਾਪਰੀਆਂ ਸਨ। ਪਹਿਲਾਂ ਤਾਂ ਲੋਕ ਓਦੋਂ ਹੈਰਾਨ ਹੋ ਗਏ ਸਨ ਜਦ ਕਾਕਾ ਬਸ਼ੀਰਾਂ ਨੂੰ ਅੰਮ੍ਰਿਤ ਛਕਾ ਕੇ ਬੰਤ ਕੌਰ ਬਣਾ ਲਿਆਇਆ ਸੀ। ਜਦੋਂ ਬਸ਼ੀਰਾਂ ਅੱਡੇ 'ਤੇ ਤਾਂਗੇ ਤੋਂ ਉਤਰੀ ਸੀ ਤਾਂ ਉਸਦੇ ਉਪਰੋਂ ਦੀ ਪਾਇਆ ਗਾਤਰਾ ਅਤੇ ਸਿਰ 'ਤੇ ਲਈ ਖੱਟੀ ਚੁੰਨੀ ਵੇਖ ਕੇ ਸਭ ਦੇ ਹੈਰਾਨੀ 'ਚ ਮੂੰਹ ਅੱਡੇ ਰਹਿ ਗਏ ਸਨ। ਇਹ ਗੱਲ ਅਜੇ ਮੱਠੀ ਵੀ ਨਹੀਂ ਹੋਈ ਸੀ ਕਿ ਇੱਕ ਗੱਲ ਸਾਰੇ ਪਿੰਡ ਵਿੱਚ ਭਾਂਬੜ ਵਾਂਗ ਹੋਰ ਫੈਲ ਗਈ ਸੀ, 'ਬਸ਼ੀਰਾਂ ਨੇ ਉਸਨੂੰ ਲੈਣ ਆਈ ਫੌਜ ਨੂੰ ਪਾਕਿਸਤਾਨ ਜਾਣ ਤੋਂ ਜਵਾਬ ਦੇ ਦਿੱਤਾ।' ਬਹੁਤੇ ਲੋਕ ਬਸ਼ੀਰਾਂ ਦੇ ਇਨ੍ਹਾਂ ਫੈਸਲਿਆਂ 'ਤੇ ਹੈਰਾਨ ਸਨ।

ਹੁਣ ਪਿਛਲੇ ਦਿਨਾਂ ਤੋਂ ਇੱਕ ਗੱਲ ਹੋਰ ਹੌਲੀ ਹੌਲੀ ਧੁਖਦੀ ਸਭ ਦੇ ਕੰਨਾਂ ਤੱਕ ਪਹੁੰਚ ਗਈ ਸੀ, ''ਕਾਕਾ ਬਸ਼ੀਰਾਂ ਨੂੰ ਆਪਣੇ ਵੱਡੇ ਭਾਈ ਤੇਜੇ ਕਾਣੇ ਦੇ ਬਿਠਾਊਗਾ।''

''ਨਾਲੇ ਕਹਿੰਦੇ ਤਾਇਆ, ਕਾਕੇ ਨੇ ਬਸ਼ੀਰਾਂ ਨੂੰ ਵੇਚਿਐ।'' ਚੌਂਕੜੀ ਤੋਂ ਇੱਕ ਨੇ 'ਕਾਲੀਆਂ ਦੇ ਨਛੱਤਰ ਤੋਂ ਪੁੱਛਿਆ।

''ਲੈ......ਲੈਣਾ ਨਾ ਦੇਣਾ।'' ਨਛੱਤਰ ਨੇ ਨਾਂਹ ਵਿੱਚ ਸਿਰ ਫੇਰਿਆ।

''ਤੈਨੂੰ ਬੜਾ ਪਤੈ ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਆਂ ਨੇ। ਮੈਂ ਐਨ ਪੱਕੇ ਬੰਦੇ ਤੋਂ ਸੁਣਿਐ, ਸੌਦਾ ਸਰਵਣ ਕੇ ਘਰੋਂ ਹੋਇਐ। ਹੋਰ ਪੁੱਛ!'' ਘਾਚੀ ਅਮਲੀ ਨੇ 'ਕਾਲੀਆਂ ਦੇ ਨਛੱਤਰ ਵੱਲ ਨਸ਼ੇ 'ਚ ਹੱਸਦੀਆਂ ਅੱਖਾਂ ਮਟਕਾਈਆਂ।

''ਤੈਨੂੰ ਕੌਣ ਕਹਿੰਦਾ ਤੀ?'' ਨਛੱਤਰ ਨੂੰ ਅਮਲੀ ਦੀਆਂ ਗੱਲਾਂ ਤੇ ਅਜੇ ਯਕੀਨ ਨਹੀਂ ਬੱਝਿਆ ਸੀ।

''ਜਿੱਦੋਂ ਸੌਦਾ ਕਰਿਐ ਭੀਮਾ ਮੈਂਬਰ ਨਾਲ ਤੀ। ਮੈਨੂੰ ਆਪ ਓਹਨੇ ਦੱਸਿਐ।'' ਅਮਲੀ ਨੇ ਬੈਠੇ ਬੈਠੇ ਨੇ ਹੀ ਇੱਕ ਪੁਲਾਂਘ ਰਿਸਕ ਕੇ ਹੁੱਬ ਕੇ ਦੱਸਿਆ।

''ਮੈਨੂੰ ਨੀ ਇਹ ਗੱਲ ਦਾ ਪਤਾ ਤੀ ਐਮੇਂ ਕਹਿਦੀਏ।'' ਨਛੱਤਰ ਲਈ ਵੀ ਇਹ ਗੱਲ ਨਵੀਂ ਸੀ।

''ਕਾਕਾ ਉਹਨੂੰ ਤਾਂ ਬਸੀਰਾਂ ਦਿਊਗਾ। ਉਹਦੇ ਬਦਲੇ ਉਹ ਤੋਂ ਮੈਸ ਲਿਆਊਗਾ।'' ਅਮਲੀ ਲੀਰਾਂ ਦੀ ਖਿੱਦੋ ਵਾਂਗ ਉਧੜਦਾ ਜਾਂਦਾ ਸੀ।

''ਮੈਸ ਕਾਹਤੋਂ ਲਿਆਊਗਾ ਚਾਚਾ?'' ਇੱਕ ਨੇ ਅਮਲੀ ਤੋਂ ਪੁੱਛਿਆ।

''ਮੈਸ ਈ ਲਿਆਊਗਾ, ਹੋਰ ਕਿਹੜਾ ਕਾਣੇ ਕੋਲੇ ਕਾਰੂ ਦਾ ਖਜ਼ਾਨੇ ਵੀ ਓਹ 'ਚੋਂ ਦੋ ਮੁੱਠੀਆਂ ਮੋਹਰਾਂ ਦੀਆਂ ਭਰ ਕੇ ਦੇ ਦਿਊਗਾ।'' ਅਮਲੀ ਗੱਲਾਂ ਪੋਚ ਪੋਚ ਕੇ ਛੱਡ ਰਿਹਾ ਸੀ।

''ਕਾਕਾ ਸਰਵਣ ਨੂੰ ਲਈਂ ਤੇਜੇ ਕੇ ਘਰ ਕਣੀਓਂ ਜਾਂਦਾ ਤੀ, ਆਹ ਹੁਣੇ ਜੇ ਈ।'' ਇੱਕ ਹੋਰ, ਨਵੀਂ ਜਾਣਕਾਰੀ ਦੇ ਕੇ ਢਾਣੀ 'ਚ ਆਪਣੀ ਹਾਜਰੀ ਲਗਵਾ ਗਿਆ।

''ਬੱਸ ਫੇਰ ਮੈਸ ਖੋਲ੍ਹਣ ਈ ਗਏ ਹੋਣਗੇ।'' ਅਮਲੀ ਨੇ ਭਵਿੱਖਬਾਣੀ ਕਰਦਿਆਂ ਹੰਢੇ ਹੋਏ ਸਾਧ ਵਾਂਗ ਸਿਰ ਮਾਰਿਆ।

ਸਾਰੇ ਅਮਲੀ ਨੂੰ ਰੰਗਾਂ 'ਚ ਦੇਖ ਕੇ ਉਸਦੇ ਹੋਰ ਨੇੜੇ ਹੋ ਗਏ। ਅੱਜ ਅਮਲੀ ਸਾਰਿਆਂ ਨੂੰ ਗਾਜਰ ਵਾਂਗ ਲਾਹ ਲਾਹ ਧਰ ਰਿਹਾ ਸੀ। ਥੋੜ੍ਹੀ ਦੇਰ ਬਾਅਦ ਅਮਲੀ ਨੂੰ ਕਾਕਾ ਤੇ ਸਰਵਣ ਮੱਝ ਹੱਕੀਂ ਤੁਰੇ ਆਉਂਦੇ ਦਿਸ ਗਏ। ''ਕਿਉਂ! ਮਨਦਿਓਂ ਨਾ ਫੇਰ ਘਾਚੀ ਸੂੰ ਨੂੰ! ਉਹ ਦੇਖੋ, ਉਹ ਆਉਂਦੇ ਨੇ ਮੈਸ ਲਈਂ।'' ਅਮਲੀ ਸੁੱਕੇ ਪੱਟਾਂ 'ਤੇ ਥਾਪੀ ਮਾਰਦਾ, ਅੱਖਾਂ ਅਤੇ ਮੂੰਹ ਟੱਡੀਂ ਸਾਰਿਆਂ ਵੱਲ ਵਾਰੀ ਵਾਰੀ ਝਾਕਿਆ ਜਿਵੇਂ ਕੋਈ ਰੇਡਰ ਅਖ਼ੀਰੀ ਨੰਬਰ ਲੈ ਕੇ ਪੱਟਾਂ 'ਤੇ ਥਾਪੀਆਂ ਮਾਰਦਾ ਹਾਰੀ ਹੋਈ ਟੀਮ ਵੱਲ ਵੇਖਦਾ ਹੈ।

''ਮੰਨ ਗੇ ਅਮਲੀਆ ਤੈਨੂੰ।'' ਸਾਰੇ ਅਮਲੀ ਦੀਆਂ ਗੱਲਾਂ 'ਤੇ ਸੱਚ-ਮੁੱਚ ਹੈਰਾਨ ਸਨ। ਚੌਂਕੜੀ 'ਤੇ ਦੋ ਮਿੰਟ ਚੁੱਪ ਪਸਰ ਗਈ। ਮੁੰਡੀਰ ਨੇ ਗੱਲਾਂ ਦੀ ਸੂਹ ਲੈਣ ਲਈ ਕਾਕੇ ਕੇ ਘਰ ਵੱਲ ਰੋਝਾਂ ਵਾਂਗ ਕੰਨ ਚੁੱਕ ਲਏ।

ਕਾਕੇ ਨੇ ਤੋਕੜ ਮੱਝ ਖੁਰਲੀ 'ਤੇ ਲਿਆ ਬੰਨ੍ਹੀ। ਮੱਝ ਵੇਖ ਕੇ ਬੰਤ ਕੌਰ ਦੀ ਧਾਅ ਨਿਕਲ ਗਈ। ਉਹ ਆਪਣੀ ਹੋਣੀ 'ਤੇ ਝੁਰਦੀ ਡੁਸਕਣ ਲੱਗ ਪਈ। ਉਸਨੂੰ ਕਾਕੇ ਤੋਂ ਐਨਾ ਗਿਰ ਜਾਣ ਦੀ ਉਮੀਦ ਨਹੀਂ ਸੀ ਕਿ ਉਹ ਮੱਝ ਵੱਟੇ ਉਸਨੂੰ ਵੇਚ ਦੇਵੇਗਾ। ਉਸ ਦਿਨ ਤਾਂ ਉਸਨੇ ਬੰਤ ਕੌਰ ਅੱਗੇ ਹੱਥ ਜੋੜਦਿਆਂ ਆਪਣੀਆਂ ਮਜਬੂਰੀਆਂ ਦੇ ਪਿੱਟਣੇ ਪਿੱਟੇ ਸਨ। ਬੰਤ ਕੌਰ ਕਾਕੇ ਦਾ ਗਰੀਬੜਾ ਜਿਹਾ ਚਿਹਰਾ ਵੇਖ ਕੇ ਪਿਘਲ ਗਈ ਸੀ। ਅਖ਼ੀਰ ਉਸਨੇ ਆਪਣੀ ਅੜੀ ਛੱਡ ਕੇ ਤੇਜੇ ਦੇ ਜਾਣ ਲਈ ਹਾਮੀ ਭਰ ਦਿੱਤੀ ਸੀ। ਕਾਕੇ ਨੇ ਬੰਤ ਨੂੰ ਯਕੀਨ ਵੀ ਦਵਾਇਆ ਸੀ ਕਿ ਉਹ ਹਮੇਸ਼ਾ ਉਸਦੇ ਸਿਰ 'ਤੇ ਹੱਥ ਰੱਖੇਗਾ। ਪਰ ਹੁਣ......। ਉਸਦਾ ਜੀਅ ਕੀਤਾ ਉਹ ਕਿਧਰੇ ਸਿਰ-ਮੁਧ ਦੌੜ ਜਾਵੇ ਪਰ ਅੱਗੇ ਕੌਣ ਢੋਈ ਦੇਵੇਗਾ? ਤੇਜਾ ਕਾਣਾ ਹੁਣ ਉਸਦੀਆਂ ਅੱਖਾਂ ਅੱਗੇ ਮੱਲੋ-ਮੱਲੀ ਆ ਕੇ ਖੜ੍ਹ ਜਾਂਦਾ ਸੀ। ਬੱਸ ਇੱਕ ਦਿਨ ਦਾ ਫ਼ਾਸਲਾ ਸੀ। ਕੱਲ੍ਹ ਨੂੰ ਉਸ ਨੇ ਬਿੱਲੀ ਵਾਂਗ ਇੱਕ ਘਰ ਹੋਰ ਬਦਲ ਜਾਣਾ ਸੀ। ਉਹ ਕਿੰਨਾ ਕੁਝ ਸੋਚਦੀ ਆਪਣੇ ਹੀ ਅੰਦਰ ਮਰਦੇ ਸੱਪ ਵਾਂਗ ਵਿਹੁ ਘੋਲ ਕੇ ਰਹਿ ਗਈ। ਉਹ ਅੱਖਾਂ ਅੱਗੇ ਗੱਡੀ ਲੰਘ ਗਏ ਮੁਸਾਫ਼ਿਰ ਵਾਂਗ ਸੀ, ਬੇਵਸ।

-0-0-

ਤੇਜਾ ਕਾਣਾ ਕਾਕੇ ਦਾ ਵੱਡਾ ਭਰਾ ਸੀ। ਬਚਪਨ ਤੋਂ ਹੀ ਉਹ ਹੱਦ ਦਰਜੇ ਦਾ ਸ਼ਰਾਰਤੀ ਤੇ ਲੜਾਕਾ ਸੀ। ਡੇਰੇ ਪੜ੍ਹਨ ਗਿਆ ਉਹ ਬੱਚਿਆਂ ਨਾਲ ਲੜਦਾ ਅੱਖ 'ਚ ਕਾਨੀ ਮਰਵਾ ਆਇਆ ਸੀ। ਤਿੱਖੀ ਕਾਨੀ ਨੇ ਉਸਦਾ ਖੱਬਾ ਡੇਲਾ ਭੰਨ ਦਿੱਤਾ ਸੀ। ਅੱਖ ਦੇ ਵੱਜ ਕਰਕੇ ਅਤੇ ਦੂਸਰਾ ਟਿੱਬੇ ਦੀ ਜ਼ਮੀਨ ਕਾਰਨ ਉਸਨੂੰ ਰਿਸ਼ਤਾ ਨਹੀਂ ਜੁੜਿਆ ਸੀ। ਇੱਕ ਅੱਖ ਅਤੇ ਚੜ੍ਹਦੀ ਜਵਾਨੀ ਵਿੱਚ

ਨਿਕਲੀ ਮਾਤਾ ਨੇ ਉਸਦਾ ਚਿਹਰਾ ਹੋਰ ਵੀ ਕਰੂਪ ਬਣਾ ਦਿੱਤਾ ਸੀ। ਜੇ ਕੋਈ ਰਿਸ਼ਤੇ ਵਾਲਾ ਆਉਂਦਾ ਤਾਂ ਉਸਦੀ ਨਿਗ੍ਹਾ ਤੇਜੇ ਤੋਂ ਤਿਲਕਦੀ ਕਾਕੇ 'ਤੇ ਜਾ ਖੜ੍ਹਦੀ ਸੀ। ਕਈ ਸਾਲ ਤਾਂ ਤੇਜੇ ਦੇ ਵਿਆਹ ਦੀ ਉਮੀਦ 'ਚ ਕਾਕੇ ਨੂੰ ਵੀ ਰਿਸ਼ਤਾ ਨਾ ਲਿਆ। ਜਦ ਸਭ ਉਮੀਦਾਂ ਮਰ ਮੁੱਕ ਗਈਆਂ ਤੇ ਕਾਕਾ ਵੀ ਪਕਰੇੜ ਹੋਣ ਲੱਗ ਪਿਆ ਤਾਂ ਮਾਂ-ਪਿਓ ਨੂੰ ਦੂਹਰੀ ਫ਼ਿਕਰ ਹੋ ਗਈ. 'ਕਿਤੇ ਵੱਡੇ ਨੂੰ ਵਿਆਉਂਦੇ-ਵਿਆਉਂਦੇ ਛੋਟੇ ਦੀ ਵੀ ਵੱਤ ਨਾ ਲੰਘਾ ਲਈਏ।' ਉਨ੍ਹਾਂ ਨੇ 'ਜੋ ਭਾਵੇ ਕਰਤਾਰ' ਅਨੁਸਾਰ ਕਾਕੇ ਨੂੰ ਮੰਗ ਲਿਆ।

ਕਾਕੇ ਦੇ ਮੰਗਣੇ ਨੇ ਤੇਜੇ ਨੂੰ ਵੀ ਚਾਨਣ ਕਰ ਦਿੱਤਾ ਕਿ ਉਸਦੇ ਹਿੱਸੇ ਦੀ ਤੀਵੀਂ ਤਾਂ ਬਚਪਨ ਵਿੱਚ ਹੀ ਕਿਧਰੇ ਮਰ-ਮੁੱਕ ਗਈ ਹੈ। ਹੁਣ ਉਹ ਰਿਸ਼ਤੇ ਵਾਲਾ ਫ਼ਿਕਰ ਲਾਹ ਕੇ ਹੋਰ ਖੁੱਲ੍ਹਾਂ ਲੈਣ ਲੱਗ ਪਿਆ। ਕਈ ਕਈ ਦਿਨ ਯਾਰਾਂ-ਦੋਸਤਾਂ ਨਾਲ ਮੇਲਿਆਂ 'ਤੇ ਗਿਆ ਨਾ ਮੁੜਦਾ। ਕਦੇ ਕਦੇ ਉਹ ਰਲ ਕੇ ਖੇਤ ਦਾਰੂ ਪਾ ਲੈਂਦੇ ਫੇਰ ਕਈ ਕਈ ਦਿਨ ਖੇਤ ਬੈਠੇ ਹੀ ਪੀਂਦੇ ਰਹਿੰਦੇ। ਕਦੇ ਮੇਲੇ 'ਚ ਲੜ ਕੇ ਕਿਸੇ ਦਾ ਸਿਰ ਪਾੜ ਆਏ ਜਾਂ ਪੜਵਾ ਆਏ। ਬਾਪੂ ਦੀਆਂ ਨਸੀਹਤਾਂ ਨੂੰ ਉਹ ਇੱਕ ਕੰਨ ਪਾ ਦੂਸਰੇ ਵਿੱਚੋਂ ਕੱਢ ਜਾਂਦਾ। ਘਰੋਂ ਸ਼ਿਕਾਇਤਾਂ ਵਾਲੇ ਆਉਂਦੇ. ਮਾਂ ਤੇਜੇ ਦੀ ਜੰਮਣ ਘੜੀ 'ਤੇ ਪਛਤਾਉਂਦੀ ਉਨ੍ਹਾਂ ਅੱਗੇ ਆਪ ਰੋਣ ਲੱਗ ਜਾਂਦੀ। ਕਈ ਵਾਰ ਪੁਲਸ ਨੇ ਵੀ ਉਸਦੇ ਪੁੜੇ ਸੇਕੇ ਪਰ ਉਸਦਾ ਬਹਾਂ-ਕੁਹਾੜੀ ਉਹੀ ਰਿਹਾ। ਜੇ ਕੋਈ ਸਿਆਣਾ ਬੰਦਾ ਉਸਨੂੰ ਨਸੀਹਤਾਂ ਦਿੰਦਾ ਤਾਂ ਉਹ ਕਾਲੇ ਬੁੱਲ੍ਹਾਂ 'ਚ ਲੁੱਚਾ ਜਿਹਾ ਮੁਸਕਰਾਉਂਦਾ ਅਗਲੇ ਨੂੰ ਜਵਾਬ ਦੇ ਦਿੰਦਾ. ''ਆਪਾਂ ਤਾਂ ਆਪਣਾ ਸਰਬੰਸ ਬਣਨ ਤੋਂ ਪਹਿਲੀ ਵਾਰ ਤਾ ਤੀ। ਹੁਣ ਆਪਾਂ ਲੰਡੇ ਚਿੜੇ ਆਂ। ਪੂਛ ਏ ਨੀ ਹੈ ਤਾਂ ਅਗਲਾ ਫੜੂ ਕੀ।'' ਅੱਗੋਂ ਨਸੀਹਤ ਦੇਣ ਵਾਲਾ ਵੀ ਟਣਕ ਜਿਹੀ ਲਹਾ ਕੇ ਬੈਠ ਜਾਂਦਾ।

ਕਾਕੇ ਨੇ ਵਿਆਹ ਤੋਂ ਬਾਅਦ ਤੇਜੇ ਨੂੰ ਸਿੱਧੇ ਰਾਹ ਪਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਇਹ 'ਹੱਥ 'ਚ ਅੱਗ ਫੜਨ ਵਾਲੀ ਗੱਲ' ਹੀ ਸਾਬਤ ਹੋਈ। ਅਖੀਰ ਬੇ-ਵਾਹ ਹੋ ਕੇ ਕਾਕੇ ਨੇ ਭਾਂਡੇ ਵੰਡਾ ਕੇ ਬਾਹਰ ਫਿਰਨੀ ਤੇ ਬਾਗਲ ਵਿੱਚ ਦੋ ਕਮਰੇ ਜਾ ਛੱਤੇ। ਅੰਦਰਲਾ ਘਰ ਤੇਜੇ ਅਤੇ ਬੁੜਾ-ਬੁੜੀ ਨੂੰ ਛੱਡ ਦਿੱਤਾ। ਪਹਿਲਾਂ ਤਾਂ ਡਿਗਦੀ ਢਹਿੰਦੀ ਬੁੜੀ ਤੇਜੇ ਦੀਆਂ ਦੋ ਰੋਟੀਆਂ ਥਪਦੀ ਰਹੀ ਸੀ। ਪਰ ਜਦ ਬੁੜਾ-ਬੁੜੀ ਚੜ੍ਹਾਈ ਕਰ ਗਏ ਫਿਰ ਤੇਜੇ ਦੀ ਚੁੱਲ੍ਹੇ 'ਚ ਫੂਕਾਂ ਮਾਰਦੇ ਦੀ ਇੱਕੋ-ਇੱਕ ਅੱਖ ਚੋਣ ਲੱਗ ਪਈ। ਹੁਣ ਉਸਨੂੰ ਤੀਵੀਂ ਦੀ ਘਾਟ ਹੋਰ ਵੀ ਜ਼ਿਆਦਾ ਰੜਕਣ ਲੱਗ ਪਈ ਸੀ। ਜਿਸ ਦਿਨ ਸਰਵਣ ਨੇ ਤੇਜੇ ਨੂੰ ਬਸ਼ੀਰਾਂ ਲਿਆਉਣ ਬਾਰੇ ਪੁੱਛਿਆ ਸੀ ਤਾਂ ਤੇਜੇ ਨੇ ਹਰ ਕੀਮਤ 'ਤੇ 'ਹਾਂ' ਕਰ ਦਿੱਤੀ ਸੀ। ਹੁਣ ਉਸ ਨੂੰ ਬਸ਼ੀਰਾਂ ਦੀਆਂ ਮੋਟੀਆਂ ਅੱਖਾਂ ਹੀ ਦਿਖਾਈ ਦਿੰਦੀਆਂ ਰਹਿੰਦੀਆਂ।

ਅੱਜ ਤੇਜੇ ਲਈ ਨਵਾਂ ਦਿਨ ਚੜ੍ਹਿਆ ਸੀ। ਉਹ ਮਲ ਮਲ ਕੇ ਨਹਾਇਆ। ਨਵੇਂ ਕੁੜਤੇ ਚਾਦਰੇ ਨਾਲ ਨਵੀਂ ਕੱਢਵੀਂ ਜੁੱਤੀ ਪਾਈ। ਸ਼ੀਸ਼ੇ ਅੱਗੇ ਬੈਠ ਕੇ ਪੱਗ ਬੰਨ੍ਹੀ। ਉਹ ਹਮੇਸ਼ਾ ਪੱਗ ਦਾ ਇੱਕ ਲੜ ਕਾਣੀ ਅੱਖ ਉਪਰੋਂ ਦੀ ਕਰ ਕੇ ਬੰਨ੍ਹਦਾ। ਉਸਨੇ ਸ਼ੀਸ਼ੇ ਅੱਗੇ ਖੜੇ ਨੇ ਕਾਣੀ ਅੱਖ ਨੂੰ ਢਕਦਾ ਪੱਗ ਦਾ ਲੜ ਵਾਰ ਵਾਰ ਠੀਕ ਕੀਤਾ। ਉਸ ਨੂੰ ਡਰ ਸੀ ਕਿਤੇ ਕਾਣੀ ਅੱਖ ਦਿਸਦੀ ਨਾ ਰਹਿ ਜਾਵੇ।

ਤੇਜੇ ਦੇ ਨਾਲ ਨਾਲ ਸਾਰੇ ਪਿੰਡ ਲਈ ਵੀ ਇਹ ਦਿਨ ਅਲੋਕਾਰ ਸੀ। ਪਿੰਡ ਵਾਲਿਆਂ ਨੇ ਕਿੰਨੇ ਹੀ ਵਿਆਹ ਦੇਖੇ ਸਨ ਪਰ ਇਸ ਕਿਸਮ ਦਾ ਵਿਆਹ ਉਨ੍ਹਾਂ ਨੇ ਪਹਿਲੀ ਵਾਰ ਦੇਖਣਾ ਸੀ। ਬੱਚੇ ਚਾਂਭ ਦੇ ਮਾਰੇ ਗੁਰੂਦੁਆਰੇ ਦੇ ਬਾਰ ਅੱਗੇ ਇਕੱਠੇ ਹੋਏ ਖੜ੍ਹੇ ਸਨ। ਫਿਰ ਬੱਚਿਆਂ 'ਚ ਇੱਕ ਦੂਜੇ ਦੇ ਕੂਹਣੀ ਮਾਰਦਿਆਂ ਘੁਸਰ ਮੁਸਰ ਹੋਈ। ਸਾਹਮਣੇ ਜਲ ਕੁਰ ਅਤੇ ਵਿਹੜੇ ਦੀਆਂ ਹੋਰ ਔਰਤਾਂ ਬੰਤ ਕੌਰ ਨੂੰ ਸੋਹਣੇ ਕੱਪੜਿਆਂ 'ਚ ਲਵੇਟੀ ਲਈਂ ਆ ਰਹੀਆਂ ਸਨ। ਉਨ੍ਹਾਂ ਦੇ ਅੱਗੇ ਪਿੰਡ ਦੀ ਪੰਚਾਇਤ ਨਾਲ ਤੇਜਾ ਕਾਣਾ. ਕਾਕਾ. ਸਰਵਣ ਅਤੇ ਹੋਰ ਸਿਆਣੇ-ਸਿਆਣੇ ਬੰਦੇ ਤੁਰ ਰਹੇ ਸਨ। ਸੱਥ 'ਚ ਬੈਠੇ ਹੋਰ ਬੰਦੇ ਵੀ ਉਨ੍ਹਾਂ ਨਾਲ ਉੱਠ ਕੇ ਤੁਰ ਪਏ। ਗੁਰੂਦੁਆਰੇ ਵਿੱਚ ਚੰਗਾ ਇਕੱਠ ਹੋ ਗਿਆ। ਗੁਰੂਦੁਆਰੇ ਦੇ ਭਾਈ ਨੇ ਪਹਿਲਾਂ ਹੁਕਮਨਾਮਾ ਲਿਆ ਅਤੇ ਫਿਰ ਬੀਬੀ ਦਾ ਪੱਲਾ ਕਾਕੇ ਨੂੰ ਫੜਾਉਣ ਲਈ ਅਵਾਜ਼ ਮਾਰੀ। ਸਾਰੇ ਇੱਕ ਦੂਜੇ ਦੇ ਮੂੰਹ ਵੱਲ ਝਾਕਣ ਲੱਗ ਪਏ। ਸਰਵਣ ਉੱਠ ਕੇ ਬਾਬੇ ਕੋਲ ਗਿਆ।

''ਬਾਬਾ ਜੀ. ਇਹ ਭਲੇ ਦਾ ਕੰਮ ਤੁਸੀਂ ਓ ਕਰੋ। ਗੁਰੂ ਘਰ ਤੋਂ ਬਿਨ੍ਹਾਂ ਹੋਰ ਵਿਚਾਰੀ ਦਾ ਕੌਣ ਐ।'' ਉਸਨੇ ਗੁਰੂਦੁਆਰੇ ਦੇ ਪਾਠੀ ਨੂੰ ਬੇਨਤੀ ਕੀਤੀ।

''ਚਲੋ ਜੋ ਸੰਗਤ ਦਾ ਹੁਕਮ।'' ਉਸਨੇ ਬੰਤ ਕੌਰ ਦਾ ਪੱਲਾ ਤੇਜੇ ਨੂੰ ਫੜਾ ਦਿੱਤਾ।

ਚਾਰੇ ਲਾਵਾਂ ਦਾ ਪਾਠ ਹੋਣ ਤੋਂ ਬਾਅਦ ਅਰਦਾਸ ਕਰਕੇ ਦੇਗ ਵਰਤਾਈ ਗਈ। ਦੇਗ ਲੈ ਕੇ ਬਹੁਤੇ ਲੋਕ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਤੇਜੇ ਦੇ ਕੁਝ ਯਾਰ ਦੋਸਤ ਅਤੇ ਕਾਕੇ ਹੋਰੀਂ ਉਸ ਨਾਲ ਘਰ ਆ ਗਏ। ਜਲ ਕੁਰ, ਬੰਤ ਕੌਰ ਨੂੰ ਅੰਦਰਲੀ ਸਬਾਤ ਵਿੱਚ ਤੀਵੀਆਂ ਦੇ ਝੁੰਡ ਵਿੱਚ ਲੈ ਬੈਠੀ। ਦੂਸਰੀ ਸਬਾਤ ਵਿੱਚ ਕਾਕੇ ਹੋਰੀਂ ਬੈਠ ਗਏ। ਤੇਜਾ ਘਰ ਦੀ ਕੱਢੀ ਲੈ ਆਇਆ।

''ਇਹਦੀ ਕੀ ਲੋੜ ਤੀ।'' ਸਰਵਣ ਤੇਜੇ ਦੇ ਹੱਥ 'ਚ ਬੋਤਲ ਵੇਖਦਿਆਂ ਬੋਲਿਆ।

''ਕਰ ਲੋ ਕੌੜਾ ਮੂੰਹ, ਕੀ ਹੁੰਦੈ।'' ਤੇਜੇ ਨੇ ਮੁਸਕਰਾਉਂਦਿਆਂ ਬੋਤਲ ਮੰਜੇ ਕੋਲ ਰੱਖ ਦਿੱਤੀ।

''ਇਨ੍ਹਾਂ ਨੂੰ ਪਾ ਪਹਿਲਾਂ।'' ਸਰਵਣ ਨੇ ਤੇਜੇ ਦੇ ਦੋਸਤਾਂ ਵੱਲ ਇਸ਼ਾਰਾ ਕਰ ਦਿੱਤਾ।

''ਕੋਈ ਨਾ ਅਸੀਂ ਵੀ ਪਾ ਲਾਂਗੇ, ਪਹਿਲਾਂ ਤੁਸੀਂ ਸ਼ੁਰੂ ਕਰੋ।'' ਤੇਜੇ ਦੇ ਦੋਸਤਾਂ 'ਚੋਂ ਇੱਕ ਨੇ ਜਵਾਬ ਦਿੱਤਾ।

''ਲਓ ਫੇਰ।'' ਸਰਵਣ ਨੇ ਛੋਟਾ ਜਿਹਾ ਪੈਗ ਪਾ ਕੇ ਖੁੱਲ੍ਹੀ ਬੋਤਲ ਅੱਗੇ ਰਿਸਕਾ ਦਿੱਤੀ। ''ਲੈ ਬਈ ਤੇਜਿਆ, ਹੁਣ ਇੱਕ ਗੱਲ ਪੱਲੇ ਬੰਨ੍ਹ ਲੈ। ਹੁਣ ਹੋ ਗਿਆ ਤੂੰ ਕਬੀਲਦਾਰ। ਹੁਣ ਆਹ ਬਾਹਰ-ਅੰਦਰ ਆਉਣ-ਜਾਣ ਆਲੇ ਕੰਮ ਜੇ ਛੱਡ ਕੇ ਮੇਰਾ ਵੀਰ ਸੰਭਲ ਕੇ ਰਹੀਂ। ਕਿਤੇ ਮੇਰੇ ਦਾੜ੍ਹੀ 'ਚ ਖੇਹ ਪਵਾਦੇਂ।'' ਸਰਵਣ ਨੇ ਤੇਜੇ ਨੂੰ ਸੁਚੇਤ ਕੀਤਾ ਤਾਂ ਉਸਦੇ ਯਾਰ ਦੋਸਤ ਇੱਕ-ਦੂਜੇ ਵੱਲ ਵੇਖਦੇ ਗੁੱਝਾ ਜਿਹਾ ਮੁਸਕਰਾ ਪਏ।

''ਕੋਈ ਨਾ ਵੱਡੇ ਬਾਈ।'' ਤੇਜੇ ਨੇ ਹਾਮੀ ਭਰ ਲਈ।

''ਸਰਵਣ ਦੀ ਗੱਲ ਸਹੀ ਐ। ਹੁਣ ਆਵਦਾ ਘਰ-ਬਾਰ ਸਾਂਭੀ ਸਿਆਣਾ ਬਣ ਕੇ। ਰੱਬ ਨੇ ਤੇਰੀ ਨੇੜੇ ਹੋ ਕੇ ਸੁਣੀ ਐ, ਮਰਕੇ ਸੋਨੇ ਵਰਗੀ ਤੈਨੂੰ ਬਹੂ ਮਿਲ ਗੀ। ਹੁਣ ਅਵਦਾ ਪਕਾਇਓਂ ਤੇ ਖਾਇਓਂ। ਅਈਂ ਚਲ ਕਦੇ ਰੱਬ ਸੁਣੂ, ਕੋਈ ਨਿੱਕਾ ਨਿਆਣਾ ਹੋਜੂ। ਐਨੇ ਨੂੰ ਬੰਦੇ ਦਾ ਘਰੇ ਮੋਹ ਪੈ ਜਾਂਦੈ।'' ਘਰਾਂ 'ਚੋਂ ਲਗਦੇ ਤਾਏ ਨੇ ਤੇਜੇ ਨੂੰ ਭਵਿੱਖ ਦਾ ਦ੍ਰਿਸ਼ ਵਿਖਾ ਕੇ ਘਰੇਲੂ ਜ਼ਿੰਦਗੀ ਨਾਲ ਜੁੜਨ ਦੀ ਸਲਾਹ ਦਿੱਤੀ।

''ਤੁਸੀਂ ਐਂ ਕਰਿਓ ਜੀ, ਘਰੇ ਵਗਜਿਓ। ਰੋਟੀਆਂ ਮੈਂ ਲਾਹ ਕੇ ਛਾਬੇ 'ਚ ਧਰ ਆਈ ਛਲਾਨੀ 'ਚ। ਮੈਂ ਚਲ ਅੱਜ ਦੀ ਰਾਤ ਇਥੇ ਬੰਤ ਕੋਲੇ ਪੈਜੂੰਗੀ।'' ਜਲ ਕੁਰ ਸਬਾਤ ਦੇ ਬਾਰ ਮੂਹਰੇ ਗਿੱਠ ਦਾ ਘੁੰਡ ਕੱਢੀ ਖੜ੍ਹੀ ਕਾਕੇ ਨੂੰ ਸੁਣਾਈ ਕਰ ਰਹੀ ਸੀ। ਜਲ ਕੁਰ ਦੀ ਇਥੇ ਪੈਣ ਵਾਲੀ ਗੱਲ ਸੁਣ ਕੇ ਤੇਜੇ ਦੇ ਪਿੱਸੂ ਪੈ ਗਏ। ਉਸਨੇ ਜਲ ਕੁਰ ਨੂੰ ਮੂੰਹ ਵਿੱਚ ਹੀ ਗਾਲ੍ਹ ਕੱਢ ਮਾਰੀ।

''ਕੋਈ ਨਾ ਮੈਂ ਆਪੇ ਵਗਜੂੰ।'' ਕਾਕੇ ਨੇ ਹੱਥ ਖੜ੍ਹਾ ਕਰ ਦਿੱਤਾ।

ਉਹ ਗਿਆਰਾਂ ਵਜੇ ਤੱਕ ਤੇਜੇ ਨੂੰ ਨਸੀਹਤਾਂ ਦਿੰਦੇ ਦਾਰੂ ਪੀਂਦੇ ਰਹੇ। ਜਦੋਂ ਜ਼ਬਾਨ ਤਿਲਕਣ 'ਚ ਤੁਰਦੇ ਬੰਦੇ ਵਾਂਗ ਲੜਖੜਾਉਣ ਲੱਗ ਪਈ ਤਾਂ ਸਰਵਣ ਤੇ ਕਾਕਾ ਖੜ੍ਹੇ ਹੋ ਗਏ, ''ਚੰ....ਗਾ ਬਾਈ ਅਸੀਂ ਚਲਦੇ ਆਂ।''

''ਤੁਸੀਂ ਵੀ ਇ....ਇਥੀ ਪ...ਪੈ ਜਾਂਦੇ।'' ਤੇਜੇ ਨੇ ਸੁਲ੍ਹਾ ਮਾਰੀ।

''ਬ...ਬਸ ਘ....ਘਰੋਂ ਮੌਸਾਂ ਦਾ ਔਖੈ।'' ਕਾਕੇ ਦੇ ਨਾਲ ਸਰਵਣ ਵੀ ਤੁਰ ਪਿਆ। ਬਾਹਰ ਆ ਕੇ ਕਾਕੇ ਨੂੰ ਪਾਲੇ ਦੀ ਧੁੜਧੜੀ ਚੜ੍ਹ ਗਈ। ਨਸ਼ੇ ਦੇ ਲੋਰ ਨੇ ਉਸਨੂੰ ਝਟਕਾ ਮਾਰਿਆ। ਉਹ ਡਿਗਦਾ ਡਿਗਦਾ ਸੰਭਲ ਗਿਆ। ''ਊਂ ਜੇ ਜ...ਅ..ਜਲ ਕੁਰ ਮੰਨ ਜਾਂਦੀ, ਕ.....ਕੀ ਤੀ। ਕੋਈ ਜਵਾਕ ਹੋ ਜਾਂਦਾ।'' ਕਾਕੇ ਦੇ ਅੰਦਰ ਦਬੀ ਗੱਲ ਦਾਰੂ ਦੇ ਨਸ਼ੇ 'ਚ ਫਿਰ ਬਾਹਰ ਆ ਗਈ।

''ਚਲ ਕੋਈ ਨਾ ਹੁਣ ਕਿਹੜਾ ਬਿਗ਼ਾਨੇ ਦੇ ਗਈ ਐ। ਹੁਣ ਵੀ ਤੇਰੇ ਭਾਈ ਦੇ ਈ ਐ।'' ਚਾਹੇ ਸਰਵਣ ਨੇ ਸੰਭਲ ਕੇ ਪੀਤੀ ਸੀ ਪਰ ਪੈਰ ਉਸਦਾ ਵੀ ਇਧਰ-ਉਧਰ ਹੀ ਟਿਕ ਰਿਹਾ ਸੀ।

ਰਾਤ ਕਾਫ਼ੀ ਬੀਤ ਗਈ ਹੋਣ ਕਰਕੇ ਪਿੰਡ ਵਿੱਚ ਸੁੰਨ-ਸਰਾਂ ਸੀ। ਹਨ੍ਹੇਰੀਆਂ ਗਲੀਆਂ ਵਿੱਚ ਅਵਾਰਾ ਕੁੱਤੇ ਕੰਧਾਂ-ਕੌਲਿਆਂ ਦੀ ਓਟ ਲਈ ਕੁੰਗੜੇ ਬੈਠੇ ਸਨ। ਕਦੇ ਕਦੇ ਦੂਸਰੇ ਵਿਹੜਿਓਂ ਕਿਸੇ ਅਵਾਰਾ ਕੁੱਤੇ ਦੇ ਰੋਣ ਦੀ ਡਰਾਉਣੀ ਜਿਹੀ ਕੂਕ, ਠੰਡੀ, ਹਨ੍ਹੇਰੀ ਰਾਤ ਨੂੰ ਡਰ ਦਾ ਕਾਂਬਾ ਚਾੜ੍ਹ ਜਾਂਦੀ। ਉਹ ਦੋਵੇਂ ਕਾਕੇ ਦੇ ਬਾਰ ਕੋਲ ਆ ਗਏ। ਚੌਂਕੜੀ 'ਤੇ ਹੁਣ ਕੋਈ ਨਹੀਂ ਸੀ। ਦੋ ਕਤੂਰੇ ਚੌਂਕੜੀ ਨਾਲ ਲੱਗੇ ਸੱਪ ਵਾਂਗ ਕੁੰਡਲੀ ਮਾਰੀ ਪਏ ਸਨ। ਉਹ ਇੱਕ ਵਾਰ ਦੋਵਾਂ ਨੂੰ 'ਟਊਂ-ਟਊਂ' ਕਰਕੇ ਭੌਂਕੇ ਤੇ ਫਿਰ ਚੁੱਪ ਹੋ ਕੇ ਪੈ ਗਏ।

ਸਰਵਣ ਓਥੋ ਅੱਗੇ ਆਪਣੇ ਘਰ ਨੂੰ ਲੰਘ ਗਿਆ। ਕਾਕਾ ਬਾਰ ਖੋਲ੍ਹ ਕੇ ਅੰਦਰ ਸਬਾਤ ਵਿੱਚ ਆ ਪਿਆ। ਰੋਟੀ ਖਾਣ ਨੂੰ ਉਸਦਾ ਜੀਅ ਨਾ ਕੀਤਾ।

ਜਲ ਕੁਰ ਅਤੇ ਬਸ਼ੀਰਾਂ ਤੋਂ ਬਿਨ੍ਹਾਂ ਉਸਨੂੰ ਆਪਣਾ ਘਰ ਓਪਰਾ ਓਪਰਾ ਜਿਹਾ ਲੱਗਿਆ। ਉਸਨੂੰ ਅਧ-ਸੁੱਤੇ ਜਿਹੇ ਨੂੰ ਬਸ਼ੀਰਾਂ ਦਿਸੀ, ਗੋਦੀ ਲੋਗੜ ਵਰਗਾ ਮੁੰਡਾ ਚੁੱਕਿਆ ਹੋਇਆ। ਘਰੇ ਤੀਵੀਆਂ ਦੇ ਝੁੰਡ ਵਿਚਕਾਰ ਹਿਜੜੇ ਨੱਚ ਰਹੇ ਹਨ। ਢੋਲਕੀ, ਡਫਲੀ ਅਤੇ ਚਿਮਟੇ ਦੀ ਤਾਲ 'ਤੇ ਹਿਜੜੀ ਸੁਰਮੇਂ ਵਾਲੀਆਂ ਅੱਖਾਂ ਮਟਕਾਉਂਦੀ ਗਾ ਰਹੀ ਹੈ, ''ਲੈ ਲੈ ਕਾਕਾ ਲੋਰੀਆਂ ਤੇਰੇ ਸ਼ਗਨ ਮਨਾਮਾਂ।'' ਉਹ ਇੱਕ ਪਾਸੇ ਮੰਜੇ 'ਤੇ ਬੈਠਾ ਹੱਸ ਰਿਹਾ ਹੈ। ਫਿਰ ਉਹ ਉਠਦਾ ਹੈ ਹਿਜੜਿਆਂ ਦੇ ਸਿਰ ਉਪਰੋਂ ਦੀ ਰੁਪਈਆਂ ਦਾ ਮੀਂਹ ਵਰਾ ਦਿੰਦਾ ਹੈ। ਹਿਜੜੀ ਗੇੜਾ ਦੇ ਕੇ ਮੁੰਡੇ ਨੂੰ ਬਸ਼ੀਰਾਂ ਦੀ ਗੋਦੀ ਵਿੱਚ ਪਾ ਦਿੰਦੀ ਹੈ। ਬਸ਼ੀਰਾਂ ਦੀਆਂ ਮੋਟੀਆਂ ਅੱਖਾਂ ਉਸ ਵੱਲ ਵੇਖ ਕੇ ਮੁਸਕਰਾਉਂਦੀਆਂ ਹਨ।

''ਤੂੰ ਕੁੱਤੀਏ, ਤੂੰ ਮੁਸਲੀਏ ਮੇਰਾ ਬੰਦਾ ਖੋਹ ਲਿਆ।'' ਫਿਰ ਉਸਨੂੰ ਜਲ ਕੁਰ ਦੇ ਮੂੰਹੋਂ ਉੱਚੀ ਉੱਚੀ ਗਾਲ੍ਹਾਂ ਦੀ ਬੁਛਾੜ ਸੁਣਦੀ ਹੈ।

''ਹੈਂ! ਇਹ ਕੌਣ ਐ?'' ਉਹ ਤ੍ਰਬਕ ਕੇ ਆਲੇ-ਦੁਆਲੇ ਵੇਖਦਾ ਹੈ। ਕੋਠਿਆਂ ਤੋਂ ਉੱਚੀ ਜਲ ਕੁਰ ਰਾਖਸ਼ਸ ਦਾ ਰੂਪ ਧਾਰੀ ਉਸਦੇ ਵਿਹੜੇ ਵਿੱਚ ਆ ਖੜ੍ਹੀ ਹੈ। ਉਸਨੇ ਮੁੰਡੇ ਅਤੇ ਬਸ਼ੀਰਾਂ ਨੂੰ ਆਪਣੇ ਵਿਸ਼ਾਲ ਹੱਥਾਂ ਵਿੱਚ ਫੜ ਲਿਆ ਹੈ। ਉਹ ਉਨ੍ਹਾਂ ਨੂੰ ਛੱਡਣ ਲਈ ਕਹਿੰਦਾ ਹੈ ਪਰ ਜਲ ਕੁਰ ਨੇ ਬਸ਼ੀਰਾਂ ਅਤੇ ਮੁੰਡਾ ਰੋੜਿਆਂ ਵਾਂਗ ਪਰ੍ਹਾਂ ਵਗਾਹ ਮਾਰੇ ਹਨ, ਜਿਹੜੇ ਤੇਜੇ ਕੇ ਘਰ ਜਾ ਡਿੱਗੇ ਹਨ। ਕਾਕਾ ਉਨ੍ਹਾਂ ਨੂੰ ਚੁੱਕ ਕੇ ਲਿਆਉਣ ਲਈ ਸਿਰ-ਮੁੱਧ ਭੱਜਦਾ ਹੈ। ਬੀਹੀ 'ਚ ਐਖੜ ਕੇ ਉਹ ਚੌਂਫਾਲ ਡਿੱਗ ਪੈਂਦਾ ਹੈ। ਉਸਦੀ ਜਾਗ ਖੁੱਲ੍ਹ ਜਾਂਦੀ ਹੈ। ਨਾ ਉਥੇ ਬਸ਼ੀਰਾਂ ਹੈ, ਨਾ ਮੁੰਡਾ ਅਤੇ ਨਾ ਹੀ ਜਲ ਕੁਰ।

## 7

ਦਿਨ ਦੇ ਚਾਨਣੇ ਨੇ ਕਾਲਾ ਲਿਬਾਸ ਪਹਿਨ ਲਿਆ ਸੀ। ਲੋਕ ਆਪਣੇ ਗੁਦੜਿਆਂ 'ਚ ਜਾ ਵੜੇ ਸਨ। ਕੋਈ ਸ਼ਰਾਬੀ ਜਾਂ ਲੋਹੜੀ ਮੰਗਣ ਵਾਲਾ ਟਾਵਾਂ ਟਾਵਾਂ, ਉੱਚੀ ਉੱਚੀ ਬੋਲਦਾ ਬੀਹੀ 'ਚੋਂ ਲੰਘਦਾ ਸੁਣਾਈ ਦਿੰਦਾ ਸੀ। ਥੋੜ੍ਹੀ ਥੋੜ੍ਹੀ ਧੁੰਦ ਵੀ ਉਤਰ ਆਈ ਸੀ ਪਰ ਲੋਕਾਂ ਨੂੰ ਲੋਹੜੀ ਤੋਂ ਬਾਅਦ ਠੰਡ ਘਟ ਜਾਣ ਦੀ ਆਸ ਸੀ। ਬੰਤ ਹੁਣੇ ਲੋਹੜੀ ਦੀ ਧੂਣੀ ਤੋਂ ਉੱਠ ਕੇ ਆਈ ਸੀ। ਧੂਣੀ ਕੋਲ ਸੇਕ 'ਚ ਬੈਠਿਆਂ ਪਤਾ ਨਹੀਂ ਲੱਗਿਆ ਸੀ ਪਰ ਹੁਣ ਠੰਡ ਕਾਫ਼ੀ ਮਹਿਸੂਸ ਹੋਣ ਲੱਗ ਪਈ ਸੀ। ਉਸ ਨੇ ਅੰਦਰ ਸਬਾਤ 'ਚ ਆ ਕੇ ਦੀਵਾ ਜਗਾਇਆ ਅਤੇ ਫਿਰ ਕੱਪੜਾ ਵਿਛਾ ਕੇ ਤੇਜੇ ਦੇ ਇੰਤਜ਼ਾਰ ਵਿੱਚ ਬੈਠ ਗਈ।

ਤੇਜਾ ਦਿਨ ਖੜ੍ਹੇ ਦਾ ਬੋਤਲ ਲੈ ਕੇ ਗਿਆ ਅਜੇ ਤੱਕ ਮੁੜਿਆ ਨਹੀਂ ਸੀ। ਉਹ ਵਿਆਹ ਤੋਂ ਦੋ-ਤਿੰਨ ਮਹੀਨੇ ਤੱਕ ਹੀ ਸੰਭਲ ਕੇ ਰਿਹਾ ਸੀ, ਹੌਲੀ ਹੌਲੀ ਪਹਿਲਾਂ ਵਾਲੀ ਲੀਹ ਫਿਰ ਫੜ ਲਈ ਸੀ। ਬੰਤ ਸੁੰਨੇ ਘਰ 'ਚ ਇਕੱਲੀ ਡਰੀ ਬੈਠੀ ਉਸਨੂੰ ਉਡੀਕਦੀ ਰਹਿੰਦੀ। ਉਹ ਅੱਧੀ ਅੱਧੀ ਰਾਤ ਨੂੰ ਸ਼ਰਾਬ ਨਾਲ ਧੁੱਤ ਹੋਇਆ ਘਰ ਵੜਦਾ। ਕਦੇ ਰੋਟੀ ਦੀਆਂ ਟੇਢੀਆਂ-ਵਿੰਗੀਆਂ ਦੋ ਬੁਰਕੀਆਂ ਅੰਦਰ ਸੁੱਟ ਲੈਂਦਾ, ਕਦੇ ਬਿਨ੍ਹਾਂ ਖਾਧਿਆਂ ਹੀ ਮੰਜੇ 'ਤੇ ਡਿੱਗਣ ਸਾਰ ਘੁਰਾੜਿਆਂ ਦਾ ਗੀਤ ਜੋੜ ਲੈਂਦਾ। ਹੁਣ ਤਾਂ ਕਈ ਵਾਰ ਉਹ ਸਾਰੀ ਸਾਰੀ ਰਾਤ ਵੀ ਘਰ ਨਹੀਂ ਵੜਿਆ ਸੀ। ਜੇ ਸਵੇਰ ਨੂੰ ਬੰਤ ਕਹਿ ਦਿੰਦੀ, ''ਰਾਤ ਨੂੰ ਘਰ ਆ ਜਿਆ ਕਰੋ। ਮੇਰਾ ਕੱਲੀ ਦਾ ਸੁੰਨੇ ਘਰ 'ਚ ਕੀ ਵੱਟੀਦੈ।''

''ਐ ਤਾਂ ਕਿਤੇ ਤੈਨੂੰ ਕੋਈ ਮੂੰਹ 'ਚ ਨਾ ਪਾ ਲਵੇ। ਵੱਡੀ ਆਈ ਐ ਮੈਨੂੰ ਮੱਤਾਂ ਦੇਣ ਆਲੀ।'' ਉਹ ਉਸਨੂੰ ਕੁੱਦ ਕੇ ਪੈ ਜਾਂਦਾ ਤਾਂ ਬੰਤ ਹਾਉਕਾ ਭਰ ਕੇ ਰਹਿ ਜਾਂਦੀ।

ਬੰਤ ਪਹਿਲਾਂ ਤਾਂ ਮੰਜੇ 'ਚ ਬੈਠੀ ਰਹੀ। ਹੌਲੀ ਹੌਲੀ ਉਹ ਰਜਾਈ ਦੀ ਨਿੱਘ 'ਚ ਟੇਢੀ ਜਿਹੀ ਹੋ ਗਈ ਫਿਰ ਉਸਨੂੰ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਉਸਦੀ ਅੱਖ ਲੱਗ ਗਈ। ਜਦ ਉਸਦੀ ਅੱਖ ਖੁੱਲ੍ਹੀ ਤਾਂ ਉਹ ਝਟਕੇ ਨਾਲ ਉੱਠੀ। ਤੇਜੇ ਦੇ ਮੰਜੇ ਵੱਲ ਨਿਗ੍ਹਾ ਮਾਰੀ, ਉਹ ਓਵੇਂ ਹੀ ਸੁੰਨਾ ਪਿਆ ਸੀ। ਦੀਵੇ ਦੀ ਲੋਅ ਮੱਧਮ ਹੋਈ ਖਿੱਚਵੇਂ ਜਿਹੇ ਸਾਹ ਲੈ ਰਹੀ ਸੀ, ਜਿਸਦਾ ਬੁਝੂ ਬੁਝੂ

ਕਰਦਾ ਚਾਨਣ ਸਾਰੀ ਸਬਾਤ ਵਿੱਚ ਅੱਖਾਂ ਜਿਹੀਆਂ ਮਟਕਾ ਰਿਹਾ ਸੀ। ਉਸ ਨੇ ਜਲਦੀ ਨਾਲ ਉੱਠ ਕੇ ਦੀਵੇ ਵਿੱਚ ਤੇਲ ਪਾਇਆ ਤਾਂ ਸਬਾਤ ਵਿਚਲਾ ਮਟਮੈਲਾ ਜਿਹਾ ਕੰਬਦਾ ਚਾਨਣ ਸਥਿਰ ਅਤੇ ਗਾਹੜਾ ਹੋ ਗਿਆ। ਉਹ ਸ਼ਾਲ ਦੀ ਬੁੱਕਲ ਮਾਰ ਕੇ ਬਾਹਰ ਆ ਗਈ। ਧੁੰਦ ਪਹਿਲਾਂ ਨਾਲੋਂ ਹੋਰ ਸੰਘਣੀ ਹੋ ਗਈ ਸੀ। ਉਸ ਨੇ ਬਾਹਰਲੇ ਗੇਟ ਕੋਲ ਆ ਕੇ ਬਿੜਕ ਲਈ ਪਰ ਹਨ੍ਹੇਰੀ ਰਾਤ ਦੇ ਸਨਾਟੇ 'ਚ ਤੇਜੇ ਦੀ ਆਮਦ ਦੀ ਕੋਈ ਅਵਾਜ਼ ਨਹੀਂ ਸੀ। 'ਕਾਲੀਆਂ ਦੇ ਘਰੋਂ ਆ ਰਹੀ ਗਿੱਧੇ ਦੀ ਅਵਾਜ਼ ਨੇ ਉਸਨੂੰ ਏਨਾ ਯਕੀਨ ਜ਼ਰੂਰ ਬੰਨ੍ਹਾ ਦਿੱਤਾ ਸੀ ਕਿ ਅਜੇ ਰਾਤ ਏਨੀ ਵੀ ਨਹੀਂ ਬੀਤੀ ਕਿ ਤੇਜੇ ਦੇ ਆਉਣ ਦੀ ਆਸ ਲਾਹ ਕੇ ਉਹ ਨਿਸ਼ਚਿੰਤ ਹੋ ਕੇ ਪੈ ਜਾਵੇ। ਉਹ ਬਾਰ ਕੋਲੋਂ ਪੁੱਠੀ ਮੁੜੀ ਖੁਰਲੀ ਕੋਲ ਆ ਗਈ। ਡੰਗਰਾਂ ਬਗ਼ੈਰ ਸੁੰਨੀ ਖੁਰਲੀ ਨੇ ਉਸਨੂੰ ਹੋਰ ਵੀ ਉਦਾਸ ਕਰ ਦਿੱਤਾ। ਇੱਕੋ-ਇੱਕ ਮੱਝ ਸੀ ਜਿਹੜੀ ਕਾਕਾ ਉਸਦੇ ਇਥੇ ਆਉਣ ਤੋਂ ਪਹਿਲਾ ਹੀ ਖੋਲ੍ਹ ਕੇ ਲੈ ਗਿਆ ਸੀ। ਉਸਨੇ ਤੇਜੇ ਨੂੰ ਕੋਈ ਮਹਿੰਗੀ ਸਸਤੀ ਮੱਝ ਲਿਆਉਣ ਬਾਰੇ ਕਈ ਵਾਰ ਟੋਕਿਆ ਸੀ ਕਿ ਚਲ ਮੇਰਾ ਕੱਲੀ ਦਾ ਮੱਝ ਨੂੰ ਕੱਖ-ਕੰਡਾ ਪਾਉਂਦੀ ਦਾ ਦਿਨ ਗੁਜ਼ਰ ਜਾਇਆ ਕਰੇਗਾ ਪਰ ਤੇਜੇ ਨੇ ਚਿੱਟਾ ਜਵਾਬ ਦੇ ਦਿੱਤਾ ਸੀ, ''ਆਪਣਾ ਕਿਹੜਾ ਕੋਈ ਵਾਹਲਾ ਵੱਡਾ ਲਾਮ-ਲਸ਼ਕਰ ਐ। ਕੀ ਕਰਨੈ ਐਮੇਂ ਪੈਰ ਵਧਾ ਕੇ।'' ਉਹ ਖੁਰਲੀ ਕੋਲ ਪਿਸ਼ਾਬ ਕਰਕੇ ਪਾਲੇ ਨਾਲ ਕੰਬਦੀ ਰਜਾਈ ਵਿੱਚ ਆ ਵੜੀ।

ਉਸਨੇ ਜਾਗੋ-ਮੀਟੀ ਵਿੱਚ ਬਿੜਕ ਲਈ ਜਿਵੇਂ ਬਾਰ ਖੜਕ ਰਿਹਾ ਹੋਵੇ। ਬੈਠ ਕੇ ਧਿਆਨ ਲਾਇਆ ਬਾਰ ਸੱਚ-ਮੁੱਚ ਖੜਕ ਰਿਹਾ ਸੀ। ਹੁਣ ਤਾਂ ਉੱਚੀ-ਉੱਚੀ ਬੋਲ ਵੀ ਵੱਜੇ ਸਨ। ਉਹ ਉੱਠ ਕੇ ਬਾਰ ਖੋਲ੍ਹਣ ਚਲੀ ਗਈ।

''ਘੰਟਾ ਹੋ ਗਿਆ ਮੈਨੂੰ ਬ....ਬਾਰ ਖੜਕਾਉਂਦੇ ਨੂੰ। ਭੈਣ ਦੇ.......ਪਤਾ ਨੀ ਕੀ ਖ..ਖ...ਖੂਹ 'ਚ ਉਤਰੀ ਤੀ।'' ਤੇਜੇ ਨੂੰ ਸ਼ਰਾਬ ਧੱਕੇ ਮਾਰ ਰਹੀ ਸੀ।

''ਮੇਰੀ ਹੁਣ 'ਡੀਕਦੀ ਦੀ ਅੱਖ ਲੱਗ ਗੀ। ਨਾਲੇ ਵੇਲਾ-ਕੁਵੇਲਾ ਵੀ ਦੇਖ ਲਿਆ ਕਰ ਕੋਈ।'' ਬੰਤ ਨੂੰ ਤੇਜੇ ਦੇ ਅਜੇ ਵੀ ਲੱਤ ਉੱਤੇ ਰੱਖਣ ਤੇ ਖਿਝ ਜਿਹੀ ਆ ਗਈ।

''ਮੇਰਾ ਅ..ਆਪਣਾ ਘਰ ਐ ਮੈਂ ਜ...ਜਦੋਂ ਮਰਜੀ ਆਮਾਂ ਤੈਂ ਟ...ਟਿੰਡੀਆਂ ਲੈਣੀਆਂ ਨੇ।''

''ਟਿੰਡੀਆਂ ਲੈਣੀਆਂ ਨੀ, ਜੇ ਆਹੀ ਲੱਛਣ ਕਰਨੇ ਤੀ ਮੈਨੂੰ ਕਿਉਂ ਲਿਆਇਆ ਤੀ।''

''ਵਾਹਲਾ ਨਾ ਬ...ਬੋਲ ਗੁਤਨੀ ਪ..ਪੱਟ ਦੂੰ।'' ਉਸ ਨੇ ਬੰਤ ਵੱਲ ਲਾਲ ਅੱਖ ਕੱਢੀ।

''ਜੇ ਆਹੀ ਲੰਡਰਾਂ ਆਲੇ ਕੰਮਾਂ 'ਤੇ ਰਿਹੈਂ ਤਾਂ ਹੀ ਹੋ ਗਏ ਹੋਣਗੇ ਪਹਿਲਾਂ ਤੈਨੂੰ ਡੋਲੇ।'' ਬੰਤ ਨੇ ਵੀ ਕਰਾਰਾ ਜਵਾਬ ਦੇ ਦਿੱਤਾ।

''ਤੈਂ ਚੁੱਪ ਕ..ਕਰਨੈ ਕੇ ਕਰਾਮਾਂ?'' ਉਸਨੇ ਮੁੱਕਾ ਉਗਰ ਲਿਆ।

''ਹੁਣ ਸੱਚੀਆਂ ਸੁਣ ਕੇ ਤੇਰੇ ਅੱਗ ਲਗਦੀ ਐ।'' ਬੰਤ ਨੇ ਕਚੀਚੀਆਂ ਵਟਦਿਆਂ ਤੇਜੇ ਵੱਲ ਹੱਥ ਬਰਛੇ ਵਾਂਗ ਸੇਧ ਲਿਆ।

''ਖੜ ਜਾ ਨੀ ਤੇਰੀ ਭੈ......।'' ਉਸ ਨੇ ਗੁੱਤ ਤੋਂ ਫੜ ਕੇ ਬੰਤ ਨੂੰ ਥੱਲੇ ਸੁੱਟ ਲਿਆ ਅਤੇ ਫਿਰ ਹੱਥ ਵਿਚਲੀ ਡਾਂਗ ਨਾਲ ਉਸਨੂੰ ਮੂੰਗਫਲੀ ਦੇ ਟਾਂਗਰ ਵਾਂਗ ਕੁੱਟਣ ਲੱਗ ਪਿਆ।

''ਹਾਏ ਵੇ ਲੋਕੋ! ਮਾਰਤੀ ਵੇ......! ਬੂਹ ਵੇ ਸਾਨੂੰ ਨੇ ਢਾਹ ਲੀ ਵੇ ਲੋਕੋ........। ਤੇਰਾ ਕੱਖ ਨਾ ਰਹੇ ਪਾਪੀਆ......! ਬੂਹ...ਹਾਏ!'' ਕੁੱਟ ਖਾਂਦੀ ਬੰਤ ਲੇਰਾਂ ਮਾਰਨ ਲੱਗ ਪਈ। ਜਿੱਥੇ ਡਾਂਗ ਵੱਜਦੀ ਉਹ ਅੱਗੇ ਹੱਥ ਕਰ ਲੈਂਦੀ ਤੇ ਹੇਠਾਂ ਡਿੱਗੀ ਪਈ ਹੀ ਅੱਗੇ ਨੂੰ ਰਿਸਕ ਜਾਂਦੀ।

''ਤੇਰੀ ਮਾਂ ਦੀ ...ਹੁਣ ਬੋਲ!'' ਉਹ ਕਚੀਚੀ ਵੱਟਦਾ ਡਿੱਗੀ ਪਈ ਬੰਤ ਦੇ ਡਾਂਗ ਧਰ ਦਿੰਦਾ। ਰੌਲਾ ਸੁਣ ਕੇ ਜਾਗੋ-ਮੀਟੀ 'ਚ ਪਏ ਗੁਆਂਢੀ ਕੰਧਾਂ ਕੋਠੇ ਟੱਪ ਆਏ।

''ਤੂੰ ਬੌਲਾ ਹੋਇਐਂ ਤੇਜਿਆ! ਸੁਰਤ ਕਰ ਮਾੜੀ ਮੋਟੀ। ਕਿਮੇਂ ਪਸ਼ੂਆਂ ਮਾਂਗੂੰ ਕੁੱਟਣ ਲੱਗਿਐਂ।'' ਇੱਕ ਨੇ ਆ ਕੇ ਤੇਜੇ ਦੀ ਡਾਂਗ ਫੜ ਲਈ।

''ਮੈਂ ਤਾਂ ਕਹਿਣੀ ਆਂ ਇਹਦੇ ਕੀੜੇ ਪੈਣ ਪਾਪੀ ਦੇ।'' ਡਿੱਗੀ ਪਈ ਬੰਤ ਨੂੰ ਗੁਆਂਢਣ ਨੇ ਫੜ ਕੇ ਖੜ੍ਹਾ ਕਰ ਲਿਆ। ਉਹ ਸ਼ਹਿ ਮਿਲ ਗਈ ਵੇਖ ਕੇ ਹੋਰ ਭੜਾਸ ਕੱਢਣ ਲੱਗ ਪਈ, ''ਤੂੰ ਰਿੰਜਕ-ਰਿੰਜਕ ਕੇ ਮਰੇਂਗਾ ਕਮੂਤਾ। ਮੇਰੀ ਗੱਲ ਯਾਦ ਰੱਖੀਂ ਜੇ ਰਿੰਜਕ-ਰਿਜਕ ਕੇ ਨਾ ਮਰੇਂ।''

''ਤੂੰ ਚੁੱਪ ਕਰਨੈ ਕੇ ਹੋਰ ਕਰਾਂ ਛੱਡ?'' ਉਹ ਬੰਦਿਆਂ ਤੋਂ ਬਾਂਹਾਂ ਛੁਡਾਉਂਦਾ ਬੰਤ ਵੱਲ ਅਹੁਲਿਆ ਪਰ ਉਨ੍ਹਾਂ ਨੇ ਬਾਂਹਾਂ ਹੋਰ ਘੁੱਟ ਕੇ ਫੜ ਲਈਆਂ।

''ਮੈਂ ਤਾਂ ਕਹਿਣੀ ਆਂ ਕਾਕੇ ਨਾਮੇ ਨੂੰ ਵੀ ਕਿਤੇ ਢੋਈ ਨਾ ਮਿਲੇ ਜਿਹਨੇ ਮੈਨੂੰ ਇਥੇ ਡੋਬਿਐ ਨਰਕਾਂ 'ਚ ਲਿਆ ਕੇ।'' ਬੰਤ ਦਾ ਕੜ ਪਾਟ ਗਿਆ। ਉਹ ਉੱਚੀ ਉੱਚੀ ਰੋਣ ਲੱਗ ਪਈ।

''ਲੈ ਬੋਲੀ ਹੋਈ ਐਂ ਅੱਧੀ ਰਾਤ ਨੂੰ। ਲੋਕ ਕੀ ਕਹਿਣਗੇ, ਬੱਸ ਕਰ।'' ਗੁਆਂਢਣ ਨੇ ਬੰਤ ਨੂੰ ਮਿੱਠੀ ਝਿੜਕ ਦਿੱਤੀ।

''ਬੂਕਦੀ ਤਾਂ ਦੇਖ ਕਿਮੇਂ ਐ। ਹੋਰ ਕਰ ਢੋਂਗ ਹੋਰ।'' ਤੇਜਾ ਅਜੇ ਵੀ ਬੰਦਿਆਂ 'ਚ ਘਿਰਿਆ ਖੜ੍ਹਾ ਬੰਤ ਵੱਲ ਭੂਸਰੇ ਸਾਨ੍ਹ ਵਾਂਗ ਝਾਕ ਰਿਹਾ ਸੀ।

''ਚਲੋ ਅੰਦਰ ਚਲੋ। ਕਿੱਥੇ ਵਿਹਾਰ ਆਲੇ ਦਿਨ ਕਲੇਸ਼ ਪਾਇਐ।'' ਤੀਵੀਂਆਂ ਬੰਤ ਨੂੰ ਅੰਦਰ ਸਬਾਤ ਵਿੱਚ ਲੈ ਗਈਆਂ। ਬੰਦੇ ਤੇਜੇ ਨੂੰ ਦੂਸਰੀ ਸਬਾਤ ਵਿੱਚ ਲੈ ਗਏ।

''ਤੂੰ ਕਾਹਨੂੰ ਬੋਲਣਾ ਤੀ ਰਾਤ ਨੂੰ।'' ਗੁਆਂਢਣ ਨੇ ਬੰਤ ਨੂੰ ਸਮਝਾਇਆ।

''ਮੈਂ ਕਾਹਨੂੰ ਬੋਲੀ ਸੀ। ਮੈਂ ਤਾਂ ਅਈਂ ਕਿਹਾ ਸੀ ਵੀ ਵੇਲੇ ਸਿਰ ਘਰ ਵੜਜਿਆ ਕਰ। ਮੇਰੇ ਐਨਾ ਕਹਿਣ 'ਤੇ ਈ ਲੈ ਮੈਨੂੰ ਕੁੱਟਣ ਪੈ ਗਿਆ।'' ਉਸਨੇ ਚੁੰਨੀ ਦੇ ਲੜ ਨਾਲ ਅੱਖਾਂ ਅਤੇ ਨੱਕ ਪੂੰਝਿਆ।

''ਚਲ ਫੇਰ ਵੀ ਬੰਦਾ ਕਦੇ ਬਾਹਰ ਅੰਦਰ ਗਿਆ ਲੇਟ-ਫੇਟ ਹੋ ਜਾਂਦੈ। ਆਪ ਚੁੱਪ ਕਰਜੇ ਹੋਰ ਕੀ ਐ।'' ਨਰੰਜਣ ਦੀ ਘਰ ਵਾਲੀ ਨੇ ਠੰਡਾ ਛਿੜਕਿਆ।

''ਕਦੇ-ਕਦਾਈ ਨੂੰ ਤਾਂ ਮੈਂ ਵੀ ਨੀ ਕਹਿੰਦੀ। ਇਹਦਾ ਤਾਂ ਰੋਜ਼ ਦਾ ਈ ਇਹੀ ਕੰਮ ਐ। ਰੋਜ਼ ਅੱਧੀ ਅੱਧੀ ਰਾਤ ਨੂੰ ਵੜੂ ਘਰੇ ਦਾਰੂ ਨਾਲ ਡੱਕਿਆ-ਡਕਾਇਆ। ਮੈਨੂੰ ਕੱਲੀ ਨੂੰ ਸੁੰਨੇ ਘਰ 'ਚ ਕੰਧਾਂ ਤੋਂ ਵੀ ਡਰ ਲਗਦਾ ਰਹਿੰਦੈ।''

''ਆਹ ਇਥੋਂ ਕੱਪੜਾ ਦਿਓ ਭਾਈ ਓਹਦਾ। ਉਹ ਤਾਂ ਓਥੀ ਪੈ ਗਿਆ।'' ਨਰੰਜਣ ਨੇ ਕੱਪੜਾ ਲੈ ਜਾ ਕੇ ਮੰਜੇ 'ਤੇ ਵਿਛਾ ਦਿੱਤਾ ਅਤੇ ਫਿਰ ਦੋ ਜਣਿਆਂ ਨੇ ਤੇਜੇ ਨੂੰ ਚੁੱਕ ਕੇ ਵਿਛੇ ਮੰਜੇ 'ਤੇ ਪਾ ਕੇ ਉਪਰ ਰਜਾਈ ਦੇ ਦਿੱਤੀ।

''ਚੰਗਾ ਫੇਰ ਹੁਣ ਤੂੰ ਨਾ ਬੋਲੀਂ ਭੈਣ ਬਣਕੇ।'' ਗੁਆਂਢਣ ਨੇ ਮੋਢਾ ਥਾਪੜਿਆ। ਫਿਰ ਤੀਵੀਂਆਂ ਉਸਨੂੰ ਦਿਲਾਸੇ ਦਿੰਦੀਆਂ ਆਪਣੇ ਆਪਣੇ ਘਰਾਂ ਨੂੰ ਤੁਰ ਗਈਆਂ।

ਕੱਲੀ ਰਹਿ ਗਈ ਬੰਤ ਫਿਰ ਅੱਖਾਂ ਭਰ ਆਈ। ਉਸਨੇ ਡਾਂਗਾਂ ਅਤੇ ਪਾਲੇ ਨਾਲ ਨੀਲੇ ਹੋਏ ਆਪਣੇ ਹੱਥਾਂ ਵੱਲ ਵੇਖਿਆ। ਸੱਜੇ ਹੱਥ ਦਾ ਅੰਗੂਠਾ ਅਤੇ ਇੱਕ ਉਂਗਲ ਤਾਂ ਮੁੜਦੀਆਂ ਵੀ ਨਹੀਂ ਸਨ। ਉਂਗਲਾਂ 'ਚੋਂ ਉਠਿਆ ਦਰਦ ਸਾਰੇ ਹੱਥ ਤੱਕ ਫੈਲ ਰਿਹਾ ਸੀ। ਮਿੱਟੀ ਨਾਲ ਲਿੱਬੜੇ ਅਤੇ ਖਿੱਲਰੇ ਵਾਲ ਉਸਨੇ ਦਰਦ ਕਰਦੇ ਹੱਥਾਂ ਨਾਲ ਇਕੱਠੇ ਕੀਤੇ। ਉਹ ਜ਼ਖਮੀ ਹੋਈ ਮੂਨ ਵਾਂਗ ਲੜਖੜਾਉਂਦੀ ਜਿਹੀ ਮੰਜੇ 'ਚੋਂ ਉੱਠਣ ਲੱਗੀ ਤਾਂ ਉਸਦੀ ਸੱਜੀ ਲੱਤ ਵਿੱਚ ਜ਼ੋਰ ਦੀ ਦਰਦ ਉੱਠਿਆ ਜਿਵੇਂ ਕੋਈ ਲੱਤ ਨੂੰ ਤੱਤੇ ਚਾਕੂ ਨਾਲ ਚੀਰ ਰਿਹਾ ਹੋਵੇ। ਉਹ ਤਰੀੜ ਵੱਟ ਕੇ ਉੱਠ ਖੜ੍ਹੀ। ਮੰਜੇ ਥੱਲਿਓਂ ਭਾਲ ਕੇ ਘਸੀਆਂ ਜਿਹੀਆਂ ਚੱਪਲਾਂ ਪਾਈਆਂ ਅਤੇ ਸ਼ਾਲ ਦੀ ਬੁੱਕਲ ਮਾਰ ਕੇ ਬਾਹਰ ਆ ਗਈ। ਦੂਸਰੀ ਸਬਾਤ ਦਾ ਭੇੜਿਆ ਬਾਰ ਖੋਲ੍ਹ ਕੇ ਵੇਖਿਆ, ਤੇਜਾ ਰਜਾਈ 'ਚ ਬਿਨ੍ਹਾਂ ਹਿਲ-ਜੁਲ ਦੇ ਲਾਸ਼ ਬਣਿਆ ਪਿਆ ਸੀ। ਉਸਨੇ ਬਾਰ ਓਵੇਂ ਭੇੜ ਦਿੱਤਾ ਅਤੇ ਆਪਣੇ ਬਿਸਤਰੇ ਵਿੱਚ ਆ ਕੇ ਪੈ ਗਈ। ਪਿਛਲੀਆਂ ਯਾਦਾਂ ਦੀ ਰੀਲ੍ਹ ਉਸਦੇ ਦਿਮਾਗ਼ 'ਤੇ ਫਿਰ ਚੜ੍ਹ ਗਈ। ਨਜ਼ੀਰ ਦਾ ਭੋਲਾ ਜਿਹਾ ਚਿਹਰਾ। ਅਖਤਰ ਦੀਆਂ ਹੱਸਦੀਆਂ ਅੱਖਾਂ। 'ਮੇਰੇ ਉਸ ਸਵਰਗ ਨੂੰ ਕਿਸ ਭੈੜੇ ਦੀ ਨਜ਼ਰ ਲੱਗ ਗਈ। ਰੱਬਾ ਮੈਂ ਕਿਹੜੇ ਪਾਪ ਕੀਤੇ ਸੀ ਜਿਨ੍ਹਾਂ ਦੀ ਤੂੰ ਮੈਨੂੰ ਐਡੀ ਵੱਡੀ ਸਜ਼ਾ ਦਿੱਤੀ? ਉਸਨੂੰ ਅਖਤਰ ਦੀ ਲਹੂ ਨਾਲ ਲੱਥ-ਪੱਥ ਲਾਸ਼ ਦਿਸੀ। ਨਜ਼ੀਰ ਦਾ 'ਅੰਮੀ ਅੰਮੀ' ਕਰਦਾ, ਮੌਤ ਦੇ ਭੈਅ ਨਾਲ

ਡਰਿਆ ਚਿਹਰਾ ਨਜ਼ਰ ਪਿਆ। ਨਜ਼ੀਰ ਨੂੰ ਯਾਦ ਕਰਕੇ ਉਸਦੇ ਦਿਲੋਂ ਰੁੱਗ ਭਰਿਆ ਗਿਆ। ਇਹ ਦੁੱਖ ਦੇਖਣ ਨਾਲੋਂ ਤਾਂ ਮੈਂ ਮੇਰੇ ਨਜ਼ੀਰ ਨਾਲ ਮਰ ਜਾਂਦੀ। ਮੈਨੂੰ ਅਖ਼ਤਰ ਆਪਣੇ ਹੱਥਾਂ ਨਾਲ ਹੀ ਮਾਰ ਦਿੰਦਾ! ਜੇ ਕਾਕਾ ਚੁੱਕ ਕੇ ਨਾ ਲਿਆਉਂਦਾ ਤਾਂ ਹੁਣ ਨੂੰ ਸਿਆਪਾ ਮੁੱਕ ਜਾਣਾ ਸੀ। ਕਾਕੇ ਨੇ ਤਾਂ ਮੈਨੂੰ ਏਸ ਨਰਕ 'ਚ ਸੁੱਟ ਕੇ ਮੇਰੇ ਨਾਲ ਹੋਰ ਵੀ ਜੱਗੋਂ ਤੇਰਮੀਂ ਕੀਤੀ ਐ। ਰੱਬਾ ਕਿਸੇ ਨੂੰ ਤੀਮੀਂ ਦੀ ਜੂਨ ਨਾ ਪਾਈਂ! ਤੀਮੀਂ ਤਾਂ ਗਿੱਲੀ ਮਿੱਟੀ ਦੀ ਬਣੀ ਹੁੰਦੀ ਐ। ਜਿਵੇਂ ਬੰਦੇ ਦਾ ਜੀਅ ਕਰਦੈ ਢਾਲ ਕੇ ਆਪਣੇ ਅਨੁਸਾਰ ਬਣਾ ਲੈਂਦੈ। ਮੇਰਾ ਵੀ ਕਿਹੜਾ ਧਰਮ-ਇਮਾਨ ਰਿਹੈ? ਮਾਪਿਆਂ ਨੇ ਅਖ਼ਤਰ ਦੀ ਝੋਲੀ ਪਾ ਦਿੱਤੀ ਸੀ। ਅਖ਼ਤਰ ਤੋਂ ਧਰਮ ਦੇ ਰਾਖਿਆਂ ਨੇ ਖੋਹ ਲਿਆ। ਮੈਨੂੰ ਤਾਂ ਸੁਰਤ ਵੀ ਨਹੀਂ। ਪਤਾ ਨਹੀਂ ਕਿਹੜੀ ਕਿਹੜੀ ਜਾਤ-ਕੁਜਾਤ ਨੇ.....ਮੇਰੀ....ਦੇਹ ਨੂੰ ਗੁੰਨਿਐ। ਫੇਰ ਕਾਕੇ ਨੇ ਮੋਰ ਮਾਰ ਲਈ। ਹੁਣ ਆਹ ਤੇਜੇ ਨੇ ਮੇਰੇ 'ਤੇ ਆਪਣੇ ਨਾਮ ਦਾ ਠੱਪਾ ਲਾ ਦਿੱਤੈ।'

ਉਸਦੀ ਯਾਦਾਂ ਦੀ ਲੜੀ ਓਦੋਂ ਟੁੱਟੀ ਜਦ ਦੀਵੇ ਦੀ ਲਾਟ ਆਖ਼ਰੀ ਸਾਹ ਲੈ ਕੇ ਬੁਝ ਗਈ। ਬੰਤ ਨੇ ਰਜਾਈ ਨਾਲ ਆਪਣੀ ਠਰੀ ਦੇਹ ਨੂੰ ਚਾਰੇ ਪਾਸਿਓਂ ਢਕ ਲਿਆ। ਰਾਤ ਨੂੰ ਸੁਪਨੇ ਵਿੱਚ ਉਸ ਨੂੰ ਅਖ਼ਤਰ ਅਤੇ ਨਜ਼ੀਰ ਦਿਸੇ। ਦੋਵੇਂ ਉਪਰ ਬੱਦਲਾਂ 'ਚ ਖੜੇ ਬਸ਼ੀਰਾਂ ਨੂੰ ਬੋਲ ਮਾਰ ਰਹੇ ਹਨ। ''ਅੰਮੀ ਆਜਾ ਆਜਾ ਮੈਂ ਤੈਨੂੰ ਲੈਣ ਆਇਆਂ।'' ਨਜ਼ੀਰ ਦਾ ਨਿੱਕਾ ਜਿਹਾ ਹੱਥ ਅਸਮਾਨ ਤੋਂ ਥੱਲੇ ਨੂੰ ਲਮਕਿਆ ਹੈ। ਉਹ ਨਜ਼ੀਰ ਦਾ ਹੱਥ ਫੜਨ ਲਈ ਵਾਰ ਵਾਰ ਉਪਰ ਉਡਣ ਲਈ ਹੰਭਲੇ ਮਾਰਦੀ ਹੈ ਪਰ ਹਰ ਵਾਰ ਉਹ ਨਜ਼ੀਰ ਦੇ ਹੱਥ ਨੇੜਿਓਂ ਮੁੜ ਆਉਂਦੀ ਹੈ। ਫਿਰ ਉਸ ਨੂੰ ਕਾਕਾ ਅਤੇ ਤੇਜਾ ਭੱਜੇ ਆਉਂਦੇ ਦਿਸਦੇ ਹਨ। ਉਹ ਉਸ ਨੂੰ ਇਸ ਤਰ੍ਹਾਂ ਦਬੋਚ ਲੈਂਦੇ ਹਨ ਜਿਵੇਂ ਕੁੱਤਿਆਂ ਨੇ ਜਾਨ ਬਚਾਉਣ ਲਈ ਭੱਜਿਆ ਸਹਾ ਦਬੋਚ ਲਿਆ ਹੋਵੇ। ਅਖ਼ਤਰ ਤੇ ਨਜ਼ੀਰ ਅਲੋਪ ਹੋ ਜਾਂਦੇ ਹਨ। ਉਹ ਉਨ੍ਹਾਂ ਨੂੰ ਉੱਚੀ ਉੱਚੀ ਬੋਲ ਮਾਰਨ ਲਗਦੀ ਹੈ ਪਰ ਆਹ ਕੀ? ਉਸ ਦਾ ਤਾਂ ਬੋਲ ਸੰਘੋ ਨਿਕਲ ਹੀ ਨਹੀਂ ਰਿਹਾ। ਉਹ ਅਵਾਜ਼ਾਂ ਮਾਰਦੀ ਮੁੜਕੋ-ਮੁੜਕੀ ਹੋ ਜਾਂਦੀ ਹੈ। ਉਸਨੂੰ ਲਗਦਾ ਹੈ ਜਿਵੇਂ ਕੋਈ ਭਾਰੀ ਚੀਜ਼ ਉਸਦੀ ਛਾਤੀ 'ਤੇ ਆ ਬੈਠੀ ਹੋਵੇ। ਬੰਤ ਨੂੰ ਤਾਉਣੀ ਆਉਂਦੀ ਹੈ ਤੇ ਨਾਲ ਹੀ ਉਸਦੀ ਜਾਗ ਖੁੱਲ੍ਹ ਜਾਂਦੀ ਹੈ। ਉਹ ਸੱਚ-ਮੁੱਚ ਮੁੜ੍ਹਕੋ-ਮੁੜ੍ਹਕੀ ਹੋਈ ਪਈ ਸੀ। ਉਸ ਨੇ ਉੱਠ ਕੇ ਤੌੜੀ 'ਚੋਂ ਪਾਣੀ ਪੀਤਾ ਅਤੇ ਫਿਰ ਪੈ ਗਈ।

ਬੰਤ ਸਵੇਰੇ ਉੱਠੀ ਤਾਂ ਉਸ ਦਾ ਅੰਗ ਅੰਗ ਦਰਦ ਕਰ ਰਿਹਾ ਸੀ ਜਿਵੇਂ ਉਸਦਾ ਸਾਰਾ ਸਰੀਰ ਹੀ ਵੇਲਣੇ ਵਿੱਚ ਪਿੰਜ ਦਿੱਤਾ ਹੋਵੇ। ਰਾਤ ਦੀਆਂ ਲੱਗੀਆਂ ਸੱਟਾਂ ਦਾ ਦਰਦ ਹੁਣ ਦੂੱਗਣਾ ਬਣ ਕੇ ਉੱਠਿਆ ਸੀ। ਹੱਥ ਦੀ ਇੱਕ ਉਂਗਲ ਅਤੇ ਅੰਗੂਠਾ ਤਾਂ ਸੁੱਜ ਕੇ ਹਵਾ ਭਰੇ ਗੁਬਾਰੇ ਵਰਗੇ ਹੋ ਗਏ ਸਨ। ਉਸ ਨੇ ਔਖੀ-ਸੁਖਾਲੀ ਨੇ ਅੱਗ ਮਚਾ ਕੇ ਚੁੱਲ੍ਹੇ ਚਾਹ ਧਰ ਲਈ। ਅੱਗ ਦੀ ਲਾਲ, ਪੀਲੀ ਲਾਟ 'ਚ ਉਸ ਦਾ ਉਦਾਸਿਆ ਚਿਹਰਾ ਹੋਰ ਵੀ ਪੀਲਾ ਪੈ ਗਿਆ ਲਗਦਾ ਸੀ। ਰਾਤ ਹੋਈ ਲੜਾਈ ਦੇ ਦ੍ਰਿਸ਼ ਵਾਰ ਵਾਰ ਉਸਦੀਆਂ ਅੱਖਾਂ ਅੱਗੇ ਆ ਰਹੇ ਸਨ। ਚਾਹ ਉਬਲੀ ਤਾਂ ਉਸ ਨੇ ਦੁੱਧ ਪਾ ਕੇ ਆਪਣੀ ਚਾਹ ਬਾਟੀ ਵਿੱਚ ਪਾ ਲਈ ਅਤੇ ਬਾਕੀ ਓਵੇਂ ਚੁੱਲ੍ਹੇ ਦੀ ਮੱਠੀ ਅੱਗ 'ਤੇ ਰੱਖ ਦਿੱਤੀ।

ਤੇਜਾ ਕਾਫ਼ੀ ਦਿਨ ਚੜ੍ਹੇ ਉੱਠਿਆ ਅਤੇ ਬਿਨਾਂ ਕੁਝ ਖਾਧੇ-ਪੀਤੇ ਬਾਹਰ ਨੂੰ ਤੁਰ ਗਿਆ। ਬੰਤ ਨੇ ਸੁਨੇਹਾ ਭੇਜ ਕੇ ਸਰਵਣ ਨੂੰ ਬੁਲਾ ਲਿਆ। ਸਰਵਣ ਆਉਂਦਾ ਹੋਇਆ ਕਾਕੇ ਨੂੰ ਨਾਲ ਲੈ ਆਇਆ। ਉਹ ਦੋਵੇਂ ਅੰਦਰ ਸਬਾਤ ਵਿੱਚ ਬੈਠ ਗਏ। ਬੰਤ ਨੇ ਦੋਵਾਂ ਨੂੰ ਚਾਹ ਲਿਆ ਫੜਾਈ।

''ਦੇਖ ਲੋ ਜੀ ਰਾਤ ਮੇਰਾ ਕੀ ਹਾਲ ਕਰਿਐ।'' ਉਹ ਸਰਵਣ ਤੋਂ ਘੁੰਡ ਕੱਢਦੀ ਉਦਾਸ ਸੁਰ ਵਿੱਚ ਬੋਲੀ।

''ਸਾਨੂੰ ਤਾਂ ਅੱਜ ਸਵੇਰੇ ਈ ਪਤਾ ਲੱਗਿਆ ਤੀ ਭਾਈ ਤੇਰੇ ਸੁਨੇਹਾ ਦਿੱਤੇ ਤੋਂ ਈ। ਉਹ ਵੀ ਕਮਲੈ ਕੋਹੜੀ।'' ਸਰਵਣ ਨੇ 'ਹਾਅ' ਦਾ ਨਾਅਰਾ ਮਾਰਿਆ।

''ਦੇਖੋ ਜੀ ਤੁਸੀਂ ਦੋਏ ਸੁਣਦਿਓ! ਮੇਰੀ ਤਾਂ ਹੁਣ ਬੇ-ਵਾਹ ਹੋਈ ਪਈ ਐ। ਮੇਰੇ 'ਚ ਨੀ ਹੋਰ ਤਿਓ ਹੈਗਾ। ਮੈਂ ਬਥੇਰੇ ਮਾੜੇ ਵਕਤ ਦੇਖਲੇ! ਹੁਣ ਤਾਂ ਮੈਂ ਇਹਦੇ ਬਾਰ 'ਚ ਆ ਕੇ ਜਾਨ ਦੇਦੂੰਗੀ!'' ਉਸ ਨੇ ਘੁੰਡ ਪਿੱਛੋਂ ਕਾਕੇ ਵੱਲ ਇਸ਼ਾਰਾ ਕੀਤਾ।

''ਤੂੰ ਐਂ ਕਰੀਂ ਭਾਈ, ਜਿੱਦੋਂ ਹੁਣ ਕਦੇ ਪੰਜ-ਤਿੰਨ ਕਰੂਗਾ, ਸਿੱਧਾ ਮੇਰੇ ਜਾਂ ਕਾਕੇ ਕੇ ਘਰੋਂ ਆਜੀਂ। ਅਸੀਂ ਆਪੀ ਦੇਖਾਂਗੇ।'' ਸਰਵਣ ਨੇ ਛਾਤੀ ਥਾਪੜੀ।

''ਮੈਨੂੰ ਇਹ ਜਾਂ ਤਾਂ ਓਥੀ ਮਾਰ ਦਿੰਦਾ, ਚੱਕ ਕੇ ਨਾ ਲਿਆਉਂਦਾ। ਜੇ ਲਿਆਇਆ ਤੀ ਤਾਂ ਆਪਣੇ ਘਰੇਂ ਰੱਖਦਾ......!'' ਉਸ ਦੇ ਦੁੱਖ 'ਚ ਡੁੱਬੇ ਬੋਲ ਡਗਮਗਾਏ ਅਤੇ ਅੱਖਾਂ 'ਚੋਂ ਹੰਝੂ ਕਿਰ ਗਏ।

''ਲੈ ਤੂੰ ਕਿਉਂ ਕਮਲ ਕੁੱਟਦੀ ਐਂ। ਅਸੀਂ ਆਪ ਤੇਰੇ ਨਾਲ ਖੜਾਂਗੇ। ਫੇਰ ਸਰਵਣ ਕਾਕੇ ਦੇ ਪੱਖ ਵਿੱਚ ਬੋਲਿਆ, ''ਇਹ ਤਾਂ ਤੂੰ ਆਪ ਵੀ ਸਿਆਣੀ ਐਂ। ਇਹਦੀ ਵੀ ਮਜਬੂਰੀ ਹੋ ਗਈ ਤੀ ਤੈਨੂੰ ਨਾ ਰੱਖਣ ਦੀ।''

''ਮਜਬੂਰੀ ਇਹਨੇ ਲਿਆਉਣ ਵੇਲੇ ਵੀ ਦੇਖਣੀ ਸੀ।'' ਬੰਤ ਉਨ੍ਹਾਂ ਨੂੰ ਹਰ ਦਿਸਾ ਤੋਂ ਘੇਰ ਰਹੀ ਸੀ।

''ਚਲ ਤੂੰ ਵੀ ਭਾਈ ਹੁਣ ਵਾਹਲਾ ਉਜੜੀਆਂ ਖੱਡਾਂ 'ਚ ਹੱਥ ਨਾ ਮਾਰ।''

''ਦੁੱਖ ਵੇਲੇ ਤਾਂ ਫੇਰ ਸਾਰੀਆ ਕੀਤੀਆਂ ਯਾਦ ਆ ਜਾਂਦੀਆਂ ਨੇ।'' ਬੰਤ ਬੋਲੀ।

''ਚਲ ਕੋਈ ਨਾ, ਅਸੀਂ ਉਹਨੂੰ ਵੀ ਸਮਝਾਮਾਂਗੇ।'' ਸਰਵਣ ਹੋਰੀਂ ਉਸ ਨੂੰ ਸਮਝਾਉਂਦੇ ਉੱਠ ਕੇ ਤੁਰ ਗਏ। ਇੱਕ ਵਾਰ ਤਾਂ ਬੰਤ ਦਾ ਜੀਅ ਕੀਤਾ ਸੀ ਉਹ ਕਾਕੇ ਹੋਰਾਂ ਦੇ ਪਿੱਛੇ ਹੀ ਇਸ ਘਰ 'ਚੋਂ ਨਿਕਲ ਕੇ ਦੌੜ ਜਾਵੇ। ਉਸ ਨੂੰ ਇੰਞ ਮਹਿਸੂਸ ਹੋਇਆ ਜਿਵੇਂ ਉਹ ਘਰ ਨਹੀਂ, ਸਗੋਂ ਕਿਸੇ ਰਾਖਸ਼ਸ ਦੇ ਮੂੰਹ ਵਿੱਚ ਬੈਠੀ ਹੋਵੇ। ਪਤਾ ਨਹੀਂ ਇਹ ਭੁੱਖਾ ਰਾਖਸ਼ਸ ਉਸ ਨੂੰ ਕਦੋਂ ਨਿਗਲ ਜਾਵੇ। ਬੰਤ ਨੇ ਦੌੜਨ ਦਾ ਸੋਚ ਤਾਂ ਜ਼ਰੂਰ ਲਿਆ ਪਰ ਹਿੰਮਤ ਨਹੀਂ ਕਰ ਸਕੀ। ਉਹ ਦੁਖਦੇ ਅੰਗਾਂ ਨੂੰ ਘੜੀਸਦੀ ਮੁੜ ਕੰਮਾਂ ਵਿੱਚ ਜੁਟ ਗਈ।

## 8

ਸਰਦੀ ਨੇ ਮੋੜਾ ਲੈ ਲਿਆ ਸੀ। ਦੁਪਹਿਰੇ ਧੁੱਪੇ ਬੈਠਣਾ ਮੁਸਕਲ ਸੀ ਪਰ ਸ਼ਾਮ-ਸਵੇਰੇ ਧੂਣੀਆਂ ਅਜੇ ਵੀ ਜਗਦੀਆਂ ਸਨ। ਬੇਰੜੀਆਂ ਕਣਕਾਂ ਨਿਸਰਨ ਲੱਗ ਪਈਆਂ ਸਨ। ਛੋਲੇ ਟਾਂਟਾਂ ਨਾਲ ਭਰ ਗਏ ਸਨ। ਸਰੋਆਂ ਅਤੇ ਤੋੜੀਏ ਦੇ ਪੀਲੇ ਫੁੱਲਾਂ ਨੇ ਧਰਤੀ ਦੇ ਸੁਹੱਪਣ ਨੂੰ ਚਾਰ ਚੰਨ ਲਾ ਦਿੱਤੇ ਸਨ। ਸ਼ਹਿਦ ਦੀਆਂ ਮੱਖੀਆਂ ਨੇ ਫੁੱਲਾਂ ਨਾਲ ਯਾਰੀ ਗੰਢ ਲਈ ਸੀ। ਉਹ ਇੱਕ ਫੁੱਲ ਤੋਂ ਦੂਜੇ ਫੁੱਲ ਤੇ ਭਿਣ-ਭਿਣਾਉਂਦੀਆਂ ਰਹਿੰਦੀਆਂ। ਲੋਕਾਂ ਲਈ ਇਹ ਵਿਹਲ ਦਾ ਸਮਾਂ ਸੀ। ਬਜ਼ੁਰਗ ਧੂਣੀਆਂ ਤੇ ਬੈਠੇ ਸਣ ਕੱਢਦੇ ਰਹਿੰਦੇ, ਕਈ ਖੇਸੀਆਂ ਦੀਆਂ ਬੁੱਕਲਾਂ ਮਾਰੀਂ ਤਾਸ਼ ਕੁੱਟਦੇ। ਗੱਲਾਂ ਦੇ ਗਾਲੜੀ ਧੂਣੀ ਨੂੰ ਖਰੋਲਦੇ ਪਿੰਡ ਦੀਆਂ ਅੰਦਰਲੀਆਂ ਪਰਤਾਂ ਫਰੋਲਦੇ ਰਹਿੰਦੇ।

ਪਿੰਡ ਚਾਹੇ ਸ਼ਾਂਤ ਵਸਦਾ ਲਗਦਾ ਸੀ ਪਰ ਉਸਦੇ ਵਿੱਚੋ-ਵਿੱਚ ਕਈ ਅੱਗਾਂ ਧੁਖ ਰਹੀਆਂ ਸਨ। ਲੋਹੜੀ ਤੋਂ ਤੀਜੇ ਦਿਨ ਹੀ ਤੇਜੇ ਕੋਲੋਂ ਕਿੱਲੋ ਅਫ਼ੀਮ ਫੜੀ ਗਈ ਸੀ। ਪੁਲਸ ਨੇ ਤੇਜਾ ਸਵੇਰੇ ਸੁੱਤਾ ਪਿਆ ਹੀ ਆ ਦੱਬਿਆ ਸੀ। ਸਰਪੰਚ ਨੇ ਜ਼ੋਰ ਪਾ ਕੇ ਅਤੇ ਤੇਜੇ ਤੋਂ ਮੋਟੇ ਰੁਪਏ ਦਵਾ ਕੇ ਕੇਸ ਚਾਹੇ ਰਫ਼ਾ-ਦਫ਼ਾ ਕਰ ਦਿੱਤਾ ਸੀ ਪਰ ਇਸ ਛਾਪੇ ਦੀ ਸ਼ੱਕ ਤੇਜੇ ਨੂੰ ਬੰਤ ਕੌਰ ਉੱਤੇ ਆ ਪਈ ਸੀ। ਇੱਕ ਤਾਂ ਤੇਜੇ ਦੇ ਬਾਹਰੋਂ ਕਿਸੇ ਨੇ ਕੰਨ ਭਰ ਦਿੱਤੇ ਸਨ ਦੂਸਰਾ ਬੰਤ ਹਰ ਵਾਰੀ ਤੇਜੇ ਨਾਲ ਔਖੀ ਭਾਰੀ ਹੁੰਦੀ ਪੁਲਸ ਨੂੰ ਫੜਾ ਦੇਣ ਦੀ ਧਮਕੀ ਦੇ ਦਿੰਦੀ ਸੀ। ਬੰਤ ਕੌਰ ਦੀ ਇਹ ਗੱਲ ਚਾਹੇ ਤੇਜੇ ਨੂੰ ਕੁੱਟ-ਮਾਰ ਕਰਨੋ ਰੋਕ ਲੈਂਦੀ ਸੀ ਪਰ ਹੁਣ ਇਹ ਗੱਲ ਹੀ ਉਲਟੀ ਬੰਤ ਨੂੰ ਲੈ ਬੈਠੀ ਸੀ। ਤੇਜਾ ਹੁਣ ਹਰ ਰੋਜ਼ ਕੋਈ ਨਾ ਕੋਈ ਬਹਾਨਾ ਲੈ ਕੇ ਉਸ ਨਾਲ ਕੁੱਟ-ਮਾਰ ਕਰਦਾ। ਜਿਉਂ ਜਿਉਂ ਤੇਜਾ ਕੁੱਟਦਾ ਉਹ ਓਨੀ ਹੀ ਜ਼ੋਰ ਦੀ ਗਾਲਾਂ ਕੱਢਦੀ ਰਹਿੰਦੀ। ਕਦੇ ਉਹ ਕੋਠੇ ਚੜ੍ਹ ਕੇ ਕਾਕੇ 'ਤੇ ਤਵਾ ਧਰ ਲੈਂਦੀ। ਲੋਕ ਗੱਲਾਂ ਕਰਦੇ, 'ਕਾਕੇ ਨੇ ਬਸੀਰਾਂ ਨੂੰ ਲਿਆ ਕੇ ਬਾਰ 'ਚ ਬੇਰੀ ਬੀਜ ਲਈ।' ਕਾਕਾ ਵੀ ਹੁਣ ਆਪਣੇ-ਆਪ ਨੂੰ ਫਸਿਆ ਫਸਿਆ ਮਹਿਸੂਸ ਕਰਦਾ। ਘਰੇਂ ਜਲ ਕੁਰ ਵੀ ਕਾਕੇ ਨੂੰ ਗੱਲ ਰੜਕਾਉਂਦੀ ਰਹਿੰਦੀ, ''ਜੇ ਤੂੰ ਬੰਤ ਨੂੰ ਲਿਆਇਆ ਤਾਂ ਕੰਡੇ ਬੀਜੇ।'' ਕਾਕਾ ਔਖਾ-ਭਾਰੀ ਹੋਇਆ ਬਾਹਰ ਚੌਂਕੜੀ 'ਤੇ ਆ ਬੈਠਦਾ।

ਅੱਜ ਵੀ ਕਾਕਾ ਟਾਲ ਜਿਹੀ ਵੱਟ ਕੇ ਚੌਂਕੜੀ 'ਤੇ ਆ ਬੈਠਿਆ ਸੀ। ਕਾਕੇ ਨੂੰ ਬੈਠਦਿਆਂ ਹੀ ਅਮਲੀ ਨੇ ਤੀਲੀ ਲਾ ਦਿੱਤੀ ਸੀ, ''ਕਿਮੇਂ ਕਾਕਿਆ ਫਿਊਜ਼ ਜੇ ਮਚਾਈ ਆਉਣੈ, ਕਿਤੇ ਭਰਜਾਈ ਨੇ ਤਾਂ ਨੀ ਪੁੱਠੀਆਂ ਤਾਰਾਂ ਜੋੜਤੀਆਂ।''

''ਮੇਰੇ ਤਾਂ ਕਾਹਨੂੰ ਫਿਊਜ਼ ਮੱਚੇ ਨੇ. ਅੱਜ ਤੂੰ ਹੀ ਭੋਰਾ ਵੱਧ ਖਾ ਕੇ ਲਾਟ ਸਾਅਬ ਬਣਿਆ ਫਿਰਦੈਂ।'' ਕਾਕੇ ਨੇ ਗੱਲ ਟਾਲਣੀ ਚਾਹੀ।

''ਮੈਨੂੰ ਤਾਂ ਲਗਦੈ ਕਿਤੇ ਬੰਤ ਦਾ ਨਾ ਹੋਰਵਾ ਮਾਰੀ ਜਾਂਦਾ ਹੋਵੇ।'' ਘੁੰਮਣ ਨੇ ਟੇਢਾ ਜਿਹਾ ਸਿਰ ਮਾਰ ਕੇ ਦੋਵੇਂ ਸੇਲ੍ਹੀਆਂ ਚੁੱਕਦਿਆਂ ਕਿਹਾ।

''ਓਏ ਕਾਹਨੂੰ ਯਾਰ ਅੱਜ ਊਈਂ ਸਾਲੀ ਗੱਡੀ ਢਿੱਲੀ ਜੀ ਐ।'' ਕਾਕੇ ਨੇ ਬਹਾਨਾ ਮਾਰ ਕੇ ਅਮਲੀ ਹੋਰਾਂ ਦੀਆਂ ਟਰੋਕਾਂ ਨੂੰ ਗਲੋਂ ਲਾਹ ਦਿੱਤਾ। ਗੱਲ ਕਾਕੇ ਤੋਂ ਅਮਲੀ ਉੱਤੇ ਜਾ ਪਈ।

''ਅਮਲੀਆ ਤੇਰੀ ਕਣਕ ਜੀ ਮੈਂ ਦੇਖੀ ਤੀ. ਬਾਹਲੀ ਕਮਲਾਈ ਜੀ ਖੜ੍ਹੀ ਤੀ।'' ਅਮਲੀ ਦੇ ਖੇਤ ਦੇ ਗੁਆਢੀ ਨੇ ਅਮਲੀ ਨੂੰ ਪੁੱਛ ਲਿਆ।

''ਕਾਹਨੂੰ ਕਮਲਾਈ ਖੜ੍ਹੀ ਤੀ। ਤੂੰ ਆਥਣੇ ਦੇਖੀਂ ਜਦੋਂ ਕਰਤਾ ਜਾ ਪੈਗ ਲਾ ਕੇ ਦਿੱਤਾ ਸਾਰੀ ਕਣਕ ਉੱਤੋਂ ਦੀ ਗੇੜਾ, ਓਹੀ ਸਾਲੀ ਭਰਜਾਈਆਂ ਮਾਂਗੂੰ ਹੱਸਦੀ ਲੱਗੂ।'' ਅਮਲੀ ਦੀ ਗੱਲ 'ਤੇ ਸਾਰੇ ਹੱਸ ਪਏ।

''ਇਹਦੀ ਕਣਕ ਵੀ ਇਹਦੇ ਮਾਂਗੂੰ ਊਈਂ ਕੱਠੀ ਜੀ ਹੋਈ ਰਹਿੰਦੀ ਐ, ਤਿਓ ਉਹ 'ਚ ਵੀ ਅਮਲੀ ਮਾਂਗੂੰ ਪੂਰੈ।'' ਘੁੰਮਣ ਨੇ ਗੱਲ ਅਮਲੀ ਦੇ ਹੱਕ ਦੀ ਕਰ ਦਿੱਤੀ।

''ਓਹ ਬੰਤ ਕਿਮੇਂ ਰੱਸਾ ਜਾ ਤੜਾਈ ਆਉਂਦੀ ਐ ਓਏ!'' ਅਮਲੀ ਦੇ ਨਾਲ ਨਾਲ ਸਾਰੇ ਹੈਰਾਨੀ 'ਚ ਮੂੰਹ ਟੱਡੀਂ ਉਸ ਪਾਸੇ ਝਾਕੇ। ਬੰਤ ਨੰਗੀ ਪੈਰੀਂ ਕਾਹਲੀ ਕਾਹਲੀ ਤੁਰੀ ਆ ਰਹੀ ਸੀ।

''ਇਹ ਤਾਂ ਤੇਰੇ ਕਿੱਲੇ ਨੂੰ ਈ ਆਉਂਦੀ ਐ ਮੈਨੂੰ ਲਗਦੈ।'' ਅਮਲੀ ਨੇ ਕਾਕੇ ਨੂੰ ਛੇੜਿਆ। ਪਿੱਛੇ ਤੇਜੇ ਨੂੰ ਡਾਂਗ ਲਈਂ ਆਉਂਦਾ ਵੇਖ ਕੇ ਉਹ ਅੱਗੇ ਬੋਲਿਆ, ''ਮੈਨੂੰ ਲਗਦੈ ਖਾਗੜ ਵੀ ਗਾਈਂ ਦੇ ਮਗਰ ਈ ਲੱਗਿਆ ਆਉਂਦੈ।''

ਤੇਜਾ ਅੱਜ ਚਾਰ ਕੁ ਵਜੇ ਬੰਤ ਨੂੰ ਬਾਹਰੋਂ ਗਾਲ੍ਹਾਂ ਦਿੰਦਾ ਹੀ ਆਇਆ ਸੀ। ਘਰ ਆ ਕੇ ਉਹ ਡਾਂਗ ਚੁੱਕ ਕੇ ਬੰਤ ਨੂੰ ਮਾਰਨ ਪੈ ਗਿਆ। ਉਹ ਜਾਨ ਬਚਾਉਂਦੀ ਲੱਕੜ ਦੀ ਪੌੜੀ ਕੋਠੇ ਚੜ੍ਹ ਗਈ। ਕੋਠੇ ਤੋਂ ਪਿਛਲੇ ਘਰ ਵਿੱਚੋਂ ਦੀ ਉਤਰ ਕੇ ਕਾਕੇ ਕੇ ਘਰ ਨੂੰ ਭੱਜ ਆਈ ਸੀ। ਬੰਤ ਦੇ ਮਗਰ ਹੀ ਡਾਂਗ ਲਈਂ ਤੇਜਾ ਆ ਗਿਆ ਸੀ। ਉਹ ਕਾਕੇ ਦੇ ਘਰ ਜਾ ਵੜੀ। ਚੌਂਕੜੀ 'ਤੇ ਬੈਠੇ ਬੰਦਿਆਂ ਨੇ ਤੇਜੇ ਨੂੰ ਘੇਰ ਲਿਆ।

''ਤੁਸੀਂ ਛੱਡ ਦੋ ਮੈਨੂੰ! ਅੱਜ ਮੈਂ ਇਹਨੂੰ ਸਿੱਧੀ ਕਰਕੇ ਰਹੂੰ।'' ਉਹ ਬੰਦਿਆਂ ਨੂੰ ਧੂੰਸ ਦੇਈ ਜਾ ਰਿਹਾ ਸੀ।

''ਤੂੰ ਗੱਲ ਤਾਂ ਦੱਸ ਕੋਈ। ਐਂ ਹੁਣ ਲੜਾਈਆਂ ਨਾਲ ਮਸਲੇ ਹੱਲ ਹੁੰਦੇ ਹੁੰਦੇ ਨੇ।'' ਘੁੰਮਣ ਨੇ ਉਸ ਦੀ ਬਾਂਹ ਫੜ ਲਈ ਅਤੇ ਉਸ ਨੂੰ ਚੌਂਕੜੀ ਵੱਲ ਧੱਕਣ ਲੱਗਿਆ।

''ਤੁਸੀਂ ਛੱਡ ਦੋ ਮੈਨੂੰ। ਮੈਂ ਇਹਦੀ ਅੱਜ ਲੱਤ ਤੋੜ ਕੇ ਬਿਠਾਊਂ।'' ਤੇਜਾ ਸੱਪ ਵਾਂਗ ਫੂੰਕਾਰੇ ਮਾਰ ਰਿਹਾ ਸੀ।

''ਸਿਆਣਾ ਬਣੀ ਦਾ ਹੁੰਦੈ। ਤੂੰ ਠੰਢੇ ਮਤੇ ਨਾਲ ਗੱਲ ਦੱਸ ਕੀ ਹੋਈ ਐ, ਫੇਰ ਚਾਹੇ ਕੁਛ ਮਰਜੀ ਕਰਲੀਂ।'' ਸਰਵਣ ਨੇ ਉਸ ਦੀ ਡਾਂਗ ਨੂੰ ਹੱਥ ਪਾ ਲਿਆ।

''ਕਾਹਨੂੰ ਯਾਰ, ਅੱਜ ਬਾਜ਼ੀਗਰਾਂ ਦੇ ਜਾ ਕੇ ਉਨ੍ਹਾਂ ਨੂੰ ਸੌ ਸੌ ਕੁਛ ਬੋਲ ਕੇ ਆਈ ਐ। ਅਕੇ ਤੇਜੇ ਨੂੰ ਤੁਸੀਂ ਰੋਜ਼ ਦਾਰੂ ਪਿਆ ਕੇ ਭੇਜਦਿਓ, ਉਹ ਤਾਂਹੀ ਮੇਰੇ ਨਾਲ ਲੜਦੈ।'' ਉਹ ਬੰਦਿਆਂ ਨੂੰ ਪਰ੍ਹਾਂ ਧੱਕ ਕੇ ਬਾਰ ਕੋਲ ਆਇਆ ਤਾਂ ਅੱਗੋਂ ਕਾਕੇ ਨੇ ਘੇਰ ਲਿਆ।

''ਤੂੰ ਓਹਨੂੰ ਕੱਢ ਓਏ ਇਧਰ। ਹੁਣ ਉਹ ਤੇਰੀ ਕੀ ਲਗਦੀ ਐ!'' ਤੇਜੇ ਨੇ ਕਾਕੇ ਨੂੰ ਧੱਕਾ ਮਾਰਿਆ।

''ਐਂ ਕਿਮੇਂ ਕੱਢਦਾਂ? ਮਰਵਾਉਣੀ ਤਾਂ ਨੀ ਓਹੋ। ਚਲ ਸਿੱਧਾ ਹੋ ਕੇ ਘਰੋਂ ਜਾ ਆਪਣੇ।''

''ਮੈਂ ਨਹੀਂ ਜਾਂਦਾ ਤੂੰ ਮੇਰਾ ਕੀ ਕਰਲੇਂਗਾ?'' ਤੇਜੇ ਨੇ ਕਾਕੇ ਅੱਗੇ ਹਿੱਕ ਚੌੜੀ ਕੀਤੀ।

''ਤੂੰ ਪਰਾਂ ਹੋ ਜਾ ਮੇਰੇ ਘਰ ਤੋਂ....।'' ਕਾਕੇ ਨੇ ਤੇਜੇ ਨੂੰ ਧੱਕਾ ਮਾਰ ਕੇ ਬਾਰ ਤੋਂ ਪਿੱਛੇ ਧੱਕ ਦਿੱਤਾ। ਤੇਜਾ ਡਾਂਗ ਮਾਰਨ ਲੱਗਿਆ ਤਾਂ ਬੰਦਿਆਂ ਨੇ ਫਿਰ ਫੜ ਲਿਆ।

''ਤੁਸੀਂ ਆਪਸ 'ਚ ਕਿਉਂ ਲੜਦਿਓਂ। ਚਲ ਇਧਰ ਆ। ਤੂੰ ਅਵਦਾ ਬਾਰ ਅੜਾ ਲੈ ਓਏ ਕਾਕੇ।'' ਘੁੰਮਣ ਹੋਰੀਂ ਤੇਜੇ ਨੂੰ ਚੌਂਕੜੀ ਤੱਕ ਧੱਕ ਕੇ ਲੈ ਗਏ।

''ਤੂੰ ਉਰੇ ਬੈਠ। ਸਿਆਣਾ ਬਣ। ਮਾਰ-ਕਟਾਈ ਨਾਲ ਕਦੇ ਘਰ ਵਸੇ ਦੇਖੇ ਨੇ।'' ਸਰਵਣ ਨੇ ਉਸ ਨੂੰ ਸ਼ਾਂਤ ਕਰਨਾ ਚਾਹਿਆ।

''ਇਹ ਸਾਡੀ ਲੜਾਈ 'ਚ ਕਿਉਂ ਅੜਦੈ। ਮੇਰੀ ਤੀਮੀਂ ਐ, ਇਹਦਾ ਆਪਣੇ ਘਰੇਂ ਵਾੜ ਕੇ ਬਾਰ ਅੜਾਉਣ ਦਾ ਕੀ ਹੱਕ ਐ? ਓਏ ਕਾਕਿਆ! ਨਿੱਕਲ ਬਾਹਰ ਓਏ ਤੇਰੀ....!''

''ਇਹਨੇ ਤਾਂ ਸੋਡੇ ਭਲੇ ਦੀ ਓ ਕਰੀ ਐ। ਇਥੇ ਤੂੰ ਉਹਨੂੰ ਮਾਰ ਕੇ ਆਪ ਜੇਲ੍ਹ 'ਚ ਬੈਠ ਜਾਂਦਾ। ਫੇਰ ਕੀਹਦਾ ਘਰ ਪੱਟਿਆ ਜਾਂਦਾ?'' ਘੁੰਮਣ ਨੇ ਸਮਝਾਇਆ।

''ਚਾਹੇ ਮੈਨੂੰ ਫਾਂਸੀ ਲੱਗ ਜੇ ਪਰ ਮੈਂ ਇਹਨੂੰ ਤਾਂ ਸਿੱਧੀ ਕਰਕੇ ਹਟਣੈ। ਨਾਲੇ ਇਹਦੇ ਹੇਜਲੇ ਦੀ ਮਾਂ ਦੀ....ਬਾਹਰ ਨਿਕਲ ਓਏ....! ਹੁਣ ਪ੍ਰਾਹੁਣੇ ਨੂੰ ਟੱਕਰ ਆ ਕੇ। ਬਾਰ ਕਿਉਂ ਅੜਾਇਐ। ਬਾਹਰ ਆ ਹੁਣ ਦਿਖਾਮਾਂ ਤਾਰੇ!'' ਚੌਂਕੜੀ 'ਤੇ ਬੈਠੇ ਤੇਜੇ ਨੇ ਕਾਕੇ ਨੂੰ ਲਲਕਾਰਿਆ।

''ਤੈਂ ਟਿਕਣੈ ਕੇ ਟਿਕਾਮਾਂ ਆ ਕੇ?'' ਤਖ਼ਤਿਆਂ ਦੇ ਪਿੱਛੋਂ ਕਾਕੇ ਦੀ ਅਵਾਜ਼ ਆਈ।

''ਇਹ ਤਾਂ ਕਮਲਾ, ਕਮਲ ਮਾਰੀ ਜਾਂਦੈ। ਤੂੰ ਇਹਦੇ ਨਾਲ ਕਿਉਂ ਕਮਲਾ ਹੋਇਐਂ। ਜਾਹ ਅੰਦਰ ਬੈਠ ਜਾ ਕੇ।'' ਸਰਵਣ ਨੇ ਬਾਰ ਕੋਲ ਜਾ ਕੇ ਕਾਕੇ ਨੂੰ ਝਿੜਕਿਆ। ਕਾਕਾ ਅੰਦਰ ਚਲਾ ਗਿਆ, ਬੰਤ ਚੁੰਨੀ 'ਚ ਮੂੰਹ ਦਈ ਕੁਸਕ ਰਹੀ ਸੀ।

''ਬਾਹਰ ਨਿਕਲ ਓਏ ਕੁੱਤਿਆ! ਹੁਣ ਲੱਤਾਂ 'ਚ ਪੂਛ ਦੇਈਂ ਕਿਉਂ ਭਜਦੈਂ! ਬਾਹਰ ਆ ਕੇ ਟੱਕਰ ਪ੍ਰਾਹੁਣੇ ਨਾਲ।'' ਬਾਹਰੋਂ ਤੇਜੇ ਦੀਆਂ ਗਾਲ੍ਹਾਂ ਅੰਦਰ ਬੈਠੇ ਕਾਕੇ ਹੋਰਾਂ ਦੇ ਕੰਨਾਂ ਵਿੱਚ ਸੂਲਾਂ ਵਾਂਗ ਵੱਜ ਰਹੀਆਂ ਸਨ।

''ਤੈਂ ਇਹਨਾਂ ਦੇ ਵਿੱਚ-ਵਚਾਲੇ ਆ ਕੇ ਕੀ ਲੈਣੈ। ਇਨ੍ਹਾਂ ਦਾ ਤਾਂ ਰੋਜ਼ ਦਾ ਇਹੀ ਕਜੀਆ-ਕਲੇਸ਼ ਐ।'' ਜਲ ਕੁਰ ਔਖੀ ਹੋਈ ਬੋਲੀ।

''ਤੈਂ ਇਨ੍ਹਾਂ ਤੋਂ ਕੀ ਲੈਣੈ, ਤੂੰ ਚੁੱਪ ਕਰਕੇ ਬੈਠੀ ਰਹਿ।'' ਕਾਕੇ ਨੇ ਤੇਜੇ ਦਾ ਗੁੱਸਾ ਜਲ ਕੁਰ ਤੇ ਝਾੜ ਦਿੱਤਾ।

''ਐਂ ਮੈਂ ਕਿਮੇਂ ਚੁੱਪ ਕਰਜਾਂ, ਜਦੋਂ ਪਿੰਡ ਦੇ ਸੁੰਨੇ ਕੁੱਤੇ-ਕੁੱਤੀਆਂ ਲੜਦੇ ਲੜਦੇ ਮੇਰੇ ਘਰੇਂ ਆ ਵੜਦੇ ਨੇ।'' ਜਲ ਕੁਰ ਨੇ ਅੱਖਾਂ ਪੂੰਝ ਕੇ ਹਟੀ ਬੰਤ ਵੱਲ ਵੇਖ ਕੇ ਕਿਹਾ।

''ਤੂੰ ਜ਼ਬਾਨ ਵਸ 'ਚ ਰੱਖ ਲੈ, ਨਾਲੇ ਫੇਰ ਮੈਥੋਂ ਖਾ ਕੇ ਖੜੇਂਗੀ।'' ਕਾਕੇ ਨੇ ਜਲ ਕੁਰ ਵੱਲ ਦੰਦ ਚੱਬੇ।

''ਆਹੋ! ਹੁਣ ਤੂੰ ਲੋਕਾਂ ਪਿੱਛੇ ਮੈਨੂੰ ਮਾਰੇਂਗਾ? ਇਹਦਾ ਐਨੀ ਹੇਜ ਆਉਂਦੈ ਘਰੀਂ ਰੱਖ ਲੈਂਗਾਂ ਫੇਰ।''

''ਆਹ ਗੱਲ ਨਾ ਕਹਿ, ਮੈਂ ਤੈਨੂੰ ਰੱਖ ਕੇ ਵੀ ਦਖਾਦੂੰ।''

''ਇਹੀ ਕੁਛ ਤਾਂ ਭਾਲਦੈ।''

''ਤੇਰੀ ਜੀਭ ਵੱਢਣੀ ਪੈਜੂ ਮੈਨੂੰ।'' ਕਾਕਾ ਗੁੱਸੇ ਨਾਲ ਲਾਲ ਹੋ ਗਿਆ।

''ਜੀਭ ਨਾਲੇ ਹੋਰ।'' ਜਲ ਕੁਰ ਕਾਕੇ ਨੂੰ ਗੁੱਸੇ ਵਿੱਚ ਵੇਖ ਕੇ ਢੈਲੀ ਜਿਹੀ ਪੈ ਗਈ।

ਘੁੰਮਣ ਹੋਰੀਂ ਤੇਜੇ ਨੂੰ ਵਡਿਆ-ਭਲੇ ਕੇ ਘਰ ਛੱਡ ਆਏ। ਬੰਤ ਹੁਣ ਤੇਜੇ ਦੇ ਘਰ ਨਹੀਂ ਜਾਣਾ ਚਾਹੁੰਦੀ ਸੀ। ਉਸ ਦਾ ਜੀਅ ਕਰਦਾ ਸੀ ਉਹ ਇਥੇ ਹੀ ਕਾਕੇ ਦੇ ਘਰ ਹੀ ਰਹਿ ਜਾਵੇ। ਤੇਜੇ ਦੀ ਕੁੱਟ ਖਾ ਕੇ ਦਿਨ ਕੱਟਣ ਨਾਲੋਂ ਤਾਂ ਜਲ ਕੁਰ ਦੀਆਂ ਗਾਲ੍ਹਾਂ ਖਾ ਖਾ ਦਿਨ ਲੰਘਾਉਣਾ ਕਿਤੇ ਚੰਗਾ ਸੀ। ਕਾਕੇ ਦਾ ਸੁਭਾਅ ਤਾਂ ਤੇਜੇ ਨਾਲੋਂ ਕਿਤੇ ਚੰਗਾ ਸੀ, ਕਦੇ ਉਸ ਨੂੰ ਉੱਚਾ ਬੋਲ ਨਹੀਂ ਬੋਲਿਆ ਸੀ। ਤੇਜੇ ਦੇ ਘਰ ਜਾਣ ਨੂੰ ਤਾਂ ਹੁਣ ਉਸ ਦੀ ਵੱਢੀ ਰੂਹ ਨਹੀਂ ਕਰਦੀ ਸੀ।

ਉਸ ਨੇ ਸਰਵਣ ਅਤੇ ਕਾਕੇ ਨੂੰ ਵੀ ਇਹ ਗੱਲ ਰੜਕਾ ਦਿੱਤੀ ਸੀ। ਬੰਤ ਦੀ ਇਹ ਗੱਲ ਜਲ ਕੁਰ ਦੇ ਸੱਤੀਂ ਕੱਪੜੀਂ ਅੱਗ ਲਾ ਗਈ ਸੀ। ਉਹ ਘਰੇ ਵੀਚਰੀ ਬੈਠੀ ਬੰਤ ਨੂੰ ਤੇਜੇ ਦੇ ਘਰ ਛੱਡਣ ਲਈ ਸਰਵਣ ਦੀ ਘਰ ਵਾਲੀ ਅਮਰੋ ਨੂੰ ਵੀ ਜ਼ੋਰ ਪਾ ਕੇ ਆਈ ਸੀ ਕਿ ਉਹ ਸਰਵਣ ਨੂੰ, ਬੰਤ ਨੂੰ ਛੱਡ ਆਉਣ ਲਈ ਕਹਿ ਦੇਵੇ। ਉਸ ਦਿਨ ਤਾਂ ਬੰਤ ਤੇਜੇ ਦੇ ਘਰ ਨਾ ਗਈ। ਅਗਲੇ ਦਿਨ ਸਰਵਣ ਅਤੇ ਉਸ ਦੀ ਘਰ ਵਾਲੀ ਨੇ ਉਸ ਨੂੰ ਮੱਲੋ-ਮੱਲੀ ਅਤੇ ਸਮਝਾ-ਬੁਝਾ ਕੇ ਤੇਜੇ ਦੇ ਘਰ ਛੱਡ ਆਏ ਸਨ।

ਕਾਂ ਅੱਖ ਨਿਕਲੀ ਸੀ। ਸੁੱਕੇ ਵਾਹਣਾ ਵਿੱਚੋਂ ਅੱਗ ਵਰਗੀ ਝਲ ਮਾਰਦੀ ਸੀ। ਪਿੰਡ ਦੇ ਟੋਭੇ ਸੁੱਕ ਗਏ ਸਨ। ਪੰਛੀ ਗਰਮੀ ਤੋਂ ਡਰਦੇ ਸ਼ਾਮ ਹੋਣ ਦੀ ਉਡੀਕ ਵਿੱਚ ਦਰੱਖਤਾਂ ਦੀਆਂ ਟਾਹਣੀਆਂ 'ਤੇ ਆ ਬੈਠੇ ਸਨ। ਅਜਿਹੇ ਘੁੱਗੀ ਵਟ ਵਿੱਚ ਦਰੱਖਤਾਂ ਦੇ ਪੱਤੇ ਵੀ ਪੁੱਛ ਕੇ ਹਿਲਦੇ ਸਨ। ਸਰਦੇ-ਪੁਜਦੇ ਘਰਾਂ ਦੀਆਂ ਸੁਆਣੀਆਂ ਦਰਵਾਜਿਆਂ ਵਿੱਚ ਮੰਜੇ ਡਾਹੀ ਪਈਆਂ ਸਨ। ਬਾਕੀ ਆਪਣੇ ਮਾਲਕਾਂ ਨਾਲ ਜ਼ਿੰਦਗੀ ਨੂੰ ਤੋਰੀਂ ਰੱਖਣ ਲਈ ਅਜਿਹੀ ਲੋਹੜੇ ਦੀ ਗਰਮੀ ਵਿੱਚ ਵੀ ਮੋਢੇ ਨਾਲ ਮੋਢਾ ਜੋੜੀਂ ਖੇਤੀ ਦੇ ਕੰਮਾਂ ਵਿੱਚ ਨਾਲ ਆ ਜੁਟੀਆਂ ਸਨ। ਕੰਮ ਦੇ ਜੋਰ ਨੇ ਉਹਨਾਂ ਦੇ ਵੀ ਚੂੜੀਆਂ ਪਾਏ ਹੱਥਾਂ ਨੂੰ ਲਲਕਾਰ ਲਿਆ ਸੀ। ਹਾੜ੍ਹੀ ਦੀਆਂ ਫਸਲਾਂ ਵੱਢੀਆਂ ਜਾ ਚੁੱਕੀਆਂ ਸਨ। ਹੁਣ ਖੇਤਾਂ ਵਿੱਚ ਫਲੇ ਗਾਹੇ ਜਾ ਰਹੇ ਸਨ। ਫਲਿਆਂ 'ਤੇ ਵਗਦੇ ਬਲਦ ਹੌਂਕਦੇ, ਮੂੰਹਾਂ 'ਚੋਂ ਝੱਗ ਸੁੱਟਦੇ ਉਨ੍ਹਾਂ ਕਦਮਾਂ 'ਤੇ ਹੀ ਵਾਰ ਵਾਰ ਤੁਰੀ ਜਾ ਰਹੇ ਸਨ ਜਿਵੇਂ ਚੁਰਾਸੀ ਦੇ ਚੱਕਰਾਂ ਵਿੱਚ ਪੈ ਗਏ ਹੋਣ। ਕਦੇ ਮੌਲੇ ਬਲਦ ਜੱਟਾਂ ਦੀ ਧੰਗੇੜ ਨਾ ਝਲਦੇ ਫਲਿਆਂ ਉਪਰ ਹੀ ਤੁਰੇ ਜਾਂਦੇ ਬੈਠ ਜਾਂਦੇ। ਪੁਤਿਆਂ 'ਤੇ ਵੱਜੀਆਂ ਡਾਂਗਾਂ ਉਨ੍ਹਾਂ ਨੂੰ ਫਿਰ ਖੜ੍ਹੇ ਕਰ ਲੈਂਦੀਆਂ ਤੇ ਫਿਰ ਉਹੀ ਗੇੜ ਸ਼ੁਰੂ ਹੋ ਜਾਂਦਾ।

ਕਾਕੇ ਅਤੇ ਸਰਵਣ ਦਾ ਅੱਜ ਸਰਵਣ ਕੇ ਖੇਤ ਫਲਾ ਪਾਇਆ ਹੋਇਆ ਸੀ। ਅਮਰੋ ਅਤੇ ਜਲ ਕੁਰ ਸਵੇਰੇ ਰੋਟੀ ਲੈ ਕੇ ਆਈਆਂ ਕਾਕੇ ਹੋਰਾਂ ਨਾਲ ਦੁਪਹਿਰ ਤੱਕ ਕੰਮ ਕਰਵਾਉਂਦੀਆਂ ਰਹੀਆਂ ਸਨ। ਸਰਵਣ ਢੀਂਗੇ ਨਾਲ ਸਾਰਾ ਲਾਂਗਾ ਵਿਛਾ ਕੇ ਚਾਹ ਧਰਨ ਚਲਾ ਗਿਆ ਸੀ। ਕਾਕੇ ਨੇ ਪਿਸ਼ਾਬ ਲਈ ਰੁਕੇ ਬਲਦ ਫਿਰ ਤੋਰ ਲਏ ਸਨ।

ਕਾਕਾ ਹੁਣ ਬਹੁਤ ਉਦਾਸ ਰਹਿਣ ਲੱਗ ਪਿਆ ਸੀ। ਉਹ ਸੋਚਦਾ, 'ਅੱਗੇ ਕੋਈ ਸਾਂਭਣ ਵਾਲਾ ਤਾਂ ਹੈ ਨਹੀਂ, ਕੀ ਕਰਨੈ ਕਮਾਈਆਂ ਕਰਕੇ।' ਪਰ ਆਪਣੀ ਦਿਨ-ਕਟੀ ਕਰਨ ਲਈ ਉਹ ਧੂਹ-ਘਤੀਸ ਕਰੀਂ ਜਾ ਰਿਹਾ ਸੀ। ਬੱਚੇ ਦੀ ਚਾਹਨਾ ਕਦੇ ਕਦੇ ਉਸ ਨੂੰ ਉਸ ਘੜੀ ਤੇ ਪਛਤਾਵਾ ਵੀ ਕਰਵਾ ਦਿੰਦੀ ਜਦ ਉਸ ਨੇ ਬੰਤ ਨੂੰ ਤੇਜੇ ਦੇ ਤੋਰਿਆ ਸੀ। 'ਕੀ ਪਹਾੜ ਡਿਗਦਾ ਸੀ ਜੇ ਮੈਂ ਬੰਤ ਨੂੰ ਰੱਖ ਲੈਂਦਾ। ਗੱਲ ਆਪੇ ਹੌਲੀ ਹੌਲੀ ਠੰਡੀ ਪੈ ਜਾਂਦੀ।' ਉਹ ਸੋਚਦਾ। ਹੁਣ ਤਾਂ ਉਸ ਨੂੰ ਬੰਤ ਵਾਲਾ ਫੈਸਲਾ ਹੋਰ ਵੀ ਗਲਤ ਲੱਗਣ ਲੱਗ ਪਿਆ ਸੀ। ਹੁਣ ਬੰਤ ਦੂਜੇ-ਤੀਜੇ ਦਿਨ ਕੋਠੇ ਚੜ੍ਹ ਕੇ ਉਸ ਨੂੰ ਗਾਲ੍ਹਾਂ ਦੇਣ ਲੱਗ ਜਾਂਦੀ। ਉਸ ਨੂੰ ਪਾਪੀ ਆਖਦੀ, ਸੌ ਸੌ ਦੁਰ ਅਸੀਸਾਂ ਦਿੰਦੀ। ਉਹ ਆਪ ਵੀ ਮਹਿਸੂਸ ਕਰਨ ਲੱਗ ਪਿਆ ਸੀ, 'ਕਦੇ ਬੰਤ ਦੀਆਂ ਦੁਰ-ਅਸੀਸਾਂ ਉਸ ਨੂੰ ਲੈ ਬੈਠਣਗੀਆਂ।'

ਫਲ੍ਹੇ ਮਗਰ ਸੋਚਾਂ 'ਚ ਤੁਰੇ ਫਿਰਦੇ ਕਾਕੇ ਨੂੰ ਸਰਵਣ ਨੇ ਚਾਹ ਲਈ ਬੋਲ ਮਾਰ ਲਿਆ। ਉਸ ਨੇ ਪੁਚਕਾਰ ਕੇ ਬਲਦ ਰੋਕ ਲਏ। ਬਲਦਾਂ ਦੇ ਗਲਾਂ 'ਚ ਪਾਈਆਂ ਟੱਲੀਆਂ ਦੀ ਟੁਣਕਾਰ ਰੁਕ ਗਈ। ਉਨ੍ਹਾਂ ਦੇ ਗਲੋਂ ਪੰਜਾਲੀ ਲਾਹ ਕੇ ਇੱਕ ਪਾਸੇ ਰੱਖ ਦਿੱਤੀ ਅਤੇ ਬਲਦਾਂ ਦੇ ਰੱਸੇ ਫੜ ਕੇ ਨਿੰਮ ਥੱਲੇ ਲੈ ਗਿਆ। ਕਾਕੇ ਦੇ ਬਲਦ ਬੰਨ੍ਹਣ ਤੱਕ ਸਰਵਣ ਨੇ ਚਾਹ ਲਾਹ ਕੇ ਬਾਟੀਆਂ ਵਿੱਚ ਪਾ ਲਈ।

''ਅੱਜ ਤਾਂ ਰੱਬ ਮਾਰ ਕੇ ਛੱਡੂ, ਕਿਤੇ ਭੋਰਾ ਹਵਾ ਦਾ ਨੀ।'' ਕਾਕਾ ਪਰਨੇ ਨਾਲ ਮੂੰਹ ਪੂੰਝਦਾ ਬੈਠ ਗਿਆ।

''ਮਾੜੇ ਜੱਟ ਦੀ ਜੂਨ 'ਚ ਰੱਬ ਵੈਰੀ ਨੂੰ ਵੀ ਨਾ ਪਾਵੇ। ਸਾਰੀ ਉਮਰ ਮਿੱਟੀ ਨਾਲ ਮਿੱਟੀ ਹੁੰਦੇ ਦੀ ਲੰਘ ਜਾਂਦੀ ਐ।'' ਸਰਵਣ ਨੂੰ ਮਾੜੇ ਜੱਟ ਦੀ ਜੂਨ ਸਾਰੀ ਉਮਰ ਭਾਰ ਢੋਂਹਦੇ ਗਧੇ ਵਰਗੀ ਲੱਗੀ ਸੀ।

''ਜੇ ਕਾਸੇ ਦਾ ਹੌਸਲਾ ਹੋਵੇ ਬੰਦਾ ਮਿੱਟੀ ਨਾਲ ਮਿੱਟੀ ਹੋਇਆ ਵੀ ਨੀ ਹਾਰਦਾ। ਹੁਣ ਜਦੋਂ ਅੱਗੇ ਕੋਈ ਸਾਂਭਣ ਆਲਾ ਨੀ ਦੀਂਹਦਾ ਫੇਰ ਬੰਦਾ ਝੋਰੇ 'ਚ ਆਪੀ ਹਾਰ ਜਾਂਦੈ। ਰੱਬ ਵੀ ਆਪਾਂ ਤੋਂ ਉਈਂ ਰੁੱਸਿਆ ਬੈਠੈ।'' ਕਾਕੇ 'ਤੇ ਹਾੜ੍ਹੀ ਦੇ ਖੁਸ਼ਕ ਮੌਸਮ ਵਰਗੀ ਉਦਾਸੀ ਛਾ ਗਈ।

''ਰੱਬ ਵੀ ਸਾਲਾ ਉਨ੍ਹਾਂ ਨੂੰ ਈ ਦਿੰਦੈ ਜਿਹੜੇ ਹਰ ਟੈਮ ਰੱਬ ਦੇ ਚਿੱਤੜਾਂ 'ਤੇ ਚੂੰਡੀਆਂ ਵੱਢੀ ਜਾਂਦੇ ਰਹਿੰਦੇ ਨੇ। ਆਪਣੇ ਵਰਗੇ ਨੂੰ ਤਾਂ ਰੱਬ ਵੀ ਮਾੜੇ-ਮੰਗਤੇ ਮਾਂਗੂੰ ਝਿੜਕ ਕੇ ਮੋੜ ਦਿੰਦੈ।'' ਸਰਵਣ ਨੂੰ ਰੱਬ ਵੀ ਲੁੱਚਿਆਂ ਦਾ ਹਮਾਇਤੀ ਹੀ ਲੱਗਿਆ ਸੀ।

''ਲੈ ਕੇਹਰੂ ਦੇ ਭਾਈ ਦੇ ਚਾਰ ਮੁੰਡੇ ਹੋ ਗਏ। ਜੇ ਇੱਕ ਇੱਕ ਆਪਾਂ ਨੂੰ ਦੇ ਦਿੰਦਾ ਤਾਂ ਕਿਹੜੀ ਪਰਲੋ ਆ ਜਾਂਦੀ।''

''ਚਲੋ ਕਦੇ ਤਾਂ ਕਰਮ ਫੁਰਨਗੇ।'' ਸਰਵਣ ਨੇ ਠੰਡੀ ਹੋ ਰਹੀ ਚਾਹ ਚੁੱਕ ਕੇ ਮੂੰਹ ਨੂੰ ਲਾ ਲਈ।

''ਮੈਂ ਤਾਂ ਦੋ ਬੁਰਕੀਆਂ ਰੋਟੀ ਦੀਆਂ ਖਾਨਾਂ, ਢਿੱਡ 'ਚ ਭੁੱਖ ਨਾਲ ਖੋਹ ਜੀ ਪਈ ਜਾਂਦੀ ਐ।'' ਕਾਕਾ ਉੱਠ ਕੇ ਛੱਪਰੀ ਵੱਲ ਤੁਰ ਪਿਆ।

''ਮੇਰੇ ਆਲੀਆਂ ਵੀ ਚੁੱਕ ਲਿਆਈਂ।'' ਸਰਵਣ ਨੇ ਤੁਰੇ ਜਾਂਦੇ ਕਾਕੇ ਨੂੰ ਕਿਹਾ। ਕਾਕੇ ਨੇ ਰੋਟੀਆਂ ਲਿਆ ਕੇ ਪੋਣੇ ਖੋਲ੍ਹ ਲਏ। ਦੋ ਰੋਟੀਆਂ ਉੱਤੇ ਅੰਬ ਦੇ ਆਚਾਰ ਦੀ ਫਾੜੀ ਰੱਖ ਕੇ ਸਰਵਣ ਨੂੰ ਫੜਾ ਦਿੱਤੀਆਂ ਅਤੇ ਦੋ ਆਪਣੇ ਹੱਥ 'ਤੇ ਰੱਖ ਲਈਆਂ।

''ਜੇ ਅੱਜ ਸਾਰਾ ਆਹ ਗਾਹਿਆ ਜਾਵੇ ਤਾਂ ਪਰਸੋਂ ਨੂੰ ਖੁਰਗੇ ਕਰ ਲਈਏ।'' ਕਾਕਾ ਫਿਰ ਕੰਮ ਦੀ ਫਿਕਰ ਵਿੱਚ ਆ ਖੁਭਿਆ।

''ਕੱਲ੍ਹ ਨੂੰ ਤਾਂ ਨਮੇੜ ਈ ਦੇਮਾਂਗੇ।'' ਸਰਵਣ ਨੂੰ ਤਸੱਲੀ ਸੀ।

''ਉਹ ਬਲਦਾਂ ਨੂੰ ਪਾਣੀ ਪਿਆ ਕੇ ਆਪ ਪੈਰੀ ਪੁੱਟਣ ਜਾ ਲੱਗੇ। ਪੈਰ੍ਹੀ ਪੁੱਟਦਿਆਂ ਗਰਮੀ ਨਾਲ ਬੁਰਾ ਹਾਲ ਹੋ ਗਿਆ। ਮੁੜ੍ਹਕਾ ਪਾਣੀ 'ਚ ਡੁਬਕੀ ਲਾਉਣ ਵਾਲਿਆਂ ਵਾਂਗ ਚੋਣ ਲੱਗ ਪਿਆ। ਜਦੋਂ ਪੈਰ੍ਹੀ ਪੁੱਟੀ ਗਈ ਬਲਦਾਂ ਨੂੰ ਫਿਰ ਫਲ੍ਹੇ ਅੱਗੇ ਜੋੜ ਲਿਆ। ਸ਼ਾਮ ਤੱਕ ਉਨ੍ਹਾਂ ਨੇ ਪੈਰ੍ਹੀ ਵਾਲਾ ਸਾਰਾ ਲਾਂਗਾ ਗਾਹ ਕੇ ਤੰਗਲੀਆਂ ਨਾਲ ਇਕੱਠਾ ਕਰ ਦਿੱਤਾ। ਸੂਰਜ ਪੱਛਮ ਦੀ ਗੋਦ ਵਿੱਚ ਊਂਘਦਾ ਊਂਘਦਾ ਸੌਂ ਗਿਆ ਸੀ ਪਰ ਵਟ ਅਜੇ ਵੀ ਪੂਰਾ ਸੀ। ਖੇਤਾਂ ਵਿੱਚ ਘਰਾਂ ਨੂੰ ਜਾਣ ਲਈ ਭਾਂਡੇ-ਠੀਕਰ ਇਕੱਠੇ ਕੀਤੇ ਜਾਣ ਲੱਗ ਪਏ ਸਨ। ਸਰਵਣ ਫਲ੍ਹੇ ਦੀ ਰਾਖੀ ਲਈ ਓਥੇ ਹੀ ਰਹਿ ਗਿਆ। ਕਾਕੇ ਨੇ ਸਾਰੇ ਭਾਂਡੇ ਇਕੱਠੇ ਕਾਰਕੇ ਝੋਲੇ ਵਿੱਚ ਪਾ ਲਏ ਅਤੇ ਬਲਦਾਂ ਨੂੰ ਪਿੰਡ ਵੱਲ ਹਿੱਕ ਲਿਆ। ਥਕੇਵੇਂ ਨਾਲ ਚੂਰ ਹੋਏ ਹੱਡਾਂ ਨੂੰ ਕਾਕਾ ਬਲਦਾਂ ਦੇ ਪਿੱਛੇ ਪਿੱਛੇ ਘੜੀਸਦਾ ਆ ਰਿਹਾ ਸੀ। ਖੇਤਾਂ ਵੱਲੋਂ ਪਿੰਡ ਨੂੰ ਆਉਂਦੇ ਪਹਿਆਂ ਉੱਤੇ ਉਡਦੀ ਧੂੜ ਸ਼ਾਮ ਦੇ ਘੁਸ-ਮੁਸੇ ਵਿੱਚ ਰਲਗੱਡ ਹੋ ਰਹੀ ਸੀ। ਫਲ੍ਹੇ ਦੀ ਕੈਦ 'ਚੋਂ ਛੁਟੇ ਬਲਦ ਪਿੰਡ ਨੂੰ ਭੱਜੇ ਆ ਰਹੇ ਸਨ ਜਿਵੇਂ ਕੋਈ ਕੈਦੀ ਵੀਹ ਸਾਲੀਂ ਕੱਟ ਕੇ ਪਹਿਲੀ ਵਾਰ ਪਿੰਡ ਜਾ ਰਿਹਾ ਹੋਵੇ।

ਸੂਏ ਤੋਂ ਹੀ ਸਾਹਮਣੇ ਫਿਰਨੀ 'ਤੇ ਕਾਕੇ ਕਾ ਘਰ ਦਿਸਦਾ ਸੀ। ਘਰ ਦੇ ਸਾਹਮਣੀ ਚੌਂਕੜੀ ਵੀ ਕੰਮ ਦੇ ਜ਼ੋਰ ਕਰਕੇ ਸੁੰਨੀ ਪਈ ਸੀ। ਹੁਣ ਚੌਂਕੜੀ ਦਾ ਟੈਮ ਬਦਲ ਗਿਆ ਸੀ। ਲੋਕ ਖੇਤੋਂ ਆ ਕੇ ਰੋਟੀ-ਟੁੱਕ ਖਾ, ਨਹਾ-ਧੋ ਕੇ ਹੀ ਇਥੇ ਹਾਜ਼ਰੀ ਭਰਦੇ ਸਨ ਪਰ ਫਿਰ ਵੀ ਵਿਹਲੇ ਦਿਨਾਂ ਜਿੰਨੀ ਰੌਣਕ ਨਹੀਂ ਜੁੜਦੀ ਸੀ। ਕੋਈ ਗੱਲਾਂ ਦਾ ਚਸਕੀ ਹੀ ਆਪਣੀ ਭਲ ਪੂਰੀ ਕਰਨ ਲਈ ਆ ਬੈਠਦਾ ਸੀ। ਬਹੁਤੇ ਤਾਂ ਥਕੇਵੇਂ ਦੇ ਭੰਨੇ ਰੋਟੀ ਖਾਣ ਸਾਰ ਹੀ ਮੰਜੇ ਮੱਲ ਲੈਂਦੇ ਸਨ। ਕਾਕੇ ਨੇ ਆ ਕੇ ਬਲਦ ਖੁਰਲੀਆਂ 'ਤੇ ਬੰਨ੍ਹ ਦਿੱਤੇ। ਪਸ਼ੂ ਭੁੱਖ ਦੇ ਮਾਰੇ ਕੱਖਾਂ ਨੂੰ ਟੁੱਟ ਕੇ ਪੈ ਗਏ। ਜਲ ਕੁਰ ਨੇ ਕਾਕੇ ਨੂੰ ਨਹਾਉਣ ਲਈ ਪਾਣੀ ਪਾ ਦਿੱਤਾ ਤੇ ਆਪ ਰੋਟੀ ਲੱਗ ਗਈ। ਗਰਮ ਗਰਮ ਪਾਣੀ ਨਾਲ ਨਹਾ ਕੇ ਕਾਕੇ ਨੂੰ ਆਰਾਮ ਜਿਹਾ ਆ ਗਿਆ ਜਿਵੇਂ ਸਾਰਾ ਥਕੇਵਾਂ 'ਫੁ...ਰ...ਰ...' ਕਰਕੇ ਉੱਡ ਗਿਆ ਹੋਵੇ। ਨਹਾਉਣ ਤੋਂ ਬਾਅਦ ਉਸ ਨੇ ਦੋ ਪੈਂਗ ਲਾਏ ਅਤੇ ਚੁੱਲ੍ਹੇ ਕੋਲ ਆ ਬੈਠਿਆ। ਚੁੱਲ੍ਹੇ ਦੀ ਪੀਲੀ ਲਾਟ ਵਿੱਚ ਜਲ ਕੁਰ ਦੇ ਗੁਲਾਬੀ ਦਿਸਦੇ ਚਿਹਰੇ 'ਤੇ ਮੁੜ੍ਹਕੇ ਦੀਆਂ ਚਮਕਦੀਆਂ ਬੂੰਦਾਂ ਕਾਕੇ ਨੂੰ ਬੜੀਆਂ ਪਿਆਰੀਆਂ ਲੱਗੀਆਂ। ਉਹ ਕਿਸੇ ਭੁੱਖ ਜਿਹੀ ਦਾ ਮਾਰਿਆ ਉਸ ਵੱਲ ਨਸ਼ਿਆਈਆਂ ਅੱਖਾਂ ਨਾਲ ਝਾਕਿਆ। ਜਲ ਕੁਰ ਨੇ ਇੱਕ ਪਲ ਲਈ ਅੱਖਾਂ ਨਾਲ ਅੱਖਾਂ ਮਿਲਾਈਆਂ ਤੇ ਫਿਰ ਮੁਸਕਰਾ ਕੇ ਨੀਵੀਂ ਪਾ ਲਈ। ਕਾਕੇ ਦੇ ਅੰਦਰ ਭੂਚਾਲ ਵਾਂਗ ਝਟਕਾ ਜਿਹਾ ਲੱਗਿਆ। ਉਸ ਨੇ ਆਪਣੀ ਅੰਦਰਲੀ ਮਾਨਸਿਕਤਾ ਦੱਸਣ ਲਈ ਖੰਘੂਰ ਮਾਰ ਕੇ ਜਲ ਕੁਰ ਵੱਲ ਦੋਵੇਂ ਸੇਲ੍ਹੀਆਂ ਚੁੱਕ ਦਿੱਤੀਆਂ।

''ਬਹਿ ਜਾ ਬਹਿ ਜਾ ਮੈਂ ਸਭ ਜਾਣਦੀ ਆਂ।'' ਜਲ ਕੁਰ ਦੀ ਮੁਸਕਰਾਹਟ ਵਿੱਚੋਂ ਸਹਿਮਤੀ ਝਲਕੀ।

''ਅਜੇ ਕਿੰਨਾ ਕ ਰਹਿ ਗਿਆ ਕੰਮ?'' ਜਲ ਕੁਰ ਨੇ ਕਾਕੇ ਨੂੰ ਰੋਟੀ ਪਾ ਕੇ ਫੜਾ ਦਿੱਤੀ।

''ਬੱਸ ਪੰਜ-ਚਾਰ ਦਿਨਾਂ ਦਾ ਕੰਮ ਐ।'' ਉਹ ਰੋਟੀ ਖਾਣ ਲੱਗ ਪਿਆ।

ਰੋਟੀ ਖਾ ਕੇ ਕਾਕਾ ਸਰਵਣ ਦੀ ਰੋਟੀ ਲੈਣ ਚਲਾ ਗਿਆ। ਉਹ ਸਰਵਣ ਦੀ ਰੋਟੀ ਫੜੀ ਉਨ੍ਹਾਂ ਦੇ ਘਰੋਂ ਵਾਪਸ ਆ ਰਿਹਾ ਸੀ ਜਦ ਉਸ ਨੂੰ ਉਸ ਦਾ ਨਾਂ ਲੈ ਕੇ ਗਾਲ੍ਹਾਂ ਸੁਣੀਆਂ। ਤੇਜਾ ਬੰਤ ਦੀ ਛਤਰੌਲ ਕਰਕੇ ਆਪ ਬਾਹਰ ਨਿਕਲ ਗਿਆ ਸੀ। ਬੰਤ ਕੋਠੇ ਚੜ੍ਹ ਕੇ ਉਸ ਨੂੰ ਨਰਕਾਂ 'ਚ ਸੁੱਟ ਗਏ ਕਾਕੇ ਨੂੰ ਸਲੋਕ ਸੁਣਾਉਣ ਲੱਗ ਪਈ ਸੀ, ''ਵੇ ਕਾਕਿਆ ਪਾਪੀਆ! ਤੈਨੂੰ ਕਿਤੇ ਢੋਈ ਨਾ ਮਿਲੇ। ਤੂੰ ਮੈਨੂੰ ਜਿਉਂਦੀ ਨੂੰ ਕਸਾਈ ਮੂਹਰੇ ਸਿੱਟ ਗਿਆ। ਤੈਨੂੰ ਸੱਤੇ ਜਹਾਨਾਂ ਦੀਆਂ ਮਾਰਾਂ ਪੈਣ! ਵੇ ਕਾਕਿਆ! ਤੂੰ ਔਂਤ ਜਾਮੇਂ ਔਂਤ! ਜੜ੍ਹਾਂ

ਪੱਟੀਆਂ ਆਲਿਆ। ਮੈਂ ਤਾਂ ਕਹਿਣੀ ਆਂ ਤੂੰ ਕੀੜੇ ਪੈ ਕੇ ਮਰੇਂ! ਜੇ ਕਿਤੇ ਰੱਬ ਹੈਗਾ ਮੈਂ ਤਾਂ ਕਹਿਣੀ ਆਂ ਹੁਣੇ ਇਨਸਾਫ਼ ਕਰੇ।'' ਕਦੇ ਉਹ ਕਾਕੇ ਨੂੰ ਫਰਿਆਦੀ ਬੋਲ ਮਾਰਦੀ, ''ਵੇ ਕਾਕਿਆ ਮੈਨੂੰ ਇਥੋਂ ਲੈਜਾ ਵੇ। ਜੇ ਇਥੀ ਸਿੱਟਣਾ ਸੀ ਏਦੂੰ ਤਾਂ ਮੈਨੂੰ ਆਪਣੇ ਘਰੀਂ ਮਾਰ-ਖਪਾ ਦਿੰਦਾ ਵੇ! ਹਾ...ਏ...ਵੇ ਕਾਕਿਆ......ਲੈਜਾ ਮੈਨੂੰ ਵੇ......!''

''ਅੱਜ ਫੇਰ ਮੁਸਲੀ ਭਜਨ ਗਾਈ ਜਾਂਦੀ ਐ।'' ਨੇੜੇ ਆਏ ਕਾਕੇ ਨੂੰ ਕਹਿ ਕੇ ਅਮਲੀ ਹੱਸ ਪਿਆ। ਅਮਲੀ ਤੇ ਘੁੰਮਣ ਵਿਹਲੇ ਹੋ ਕੇ ਚੌਂਕੜੀ 'ਤੇ ਆ ਬੈਠੇ ਸਨ।

''ਹੋ...ਰ ਜਰ, ਕੀ ਕਰੀਏ!'' ਕਾਕਾ ਔਖਾ ਜਿਹਾ ਹੁੰਦਾ ਬੋਲਿਆ।

''ਖੜਕਾ ਦੇ ਗਾਂ ਟੱਲ ਸਾਲੀ ਦੇ, ਆਪੇ ਠੰਡੀ ਹੋ ਕੇ ਬਹਿਜੂ।'' ਅਮਲੀ ਨੇ ਆਪਣੀ ਸੋਚ ਵਰਗੀ ਸਲਾਹ ਦਿੱਤੀ।

ਕਾਕਾ ਅਮਲੀ ਦੀਆਂ ਟਰੋਕਾਂ ਤੋਂ ਦੜ ਵੱਟ ਕੇ ਘਰ ਆਇਆ ਤਾਂ ਅੱਗੋਂ ਜਲ ਕੁਰ ਬੋਲ ਪਈ, ''ਬੈਤਲ ਅੱਜ ਫੇਰ ਲੱਗ ਰਹੀ ਐ ਗੰਦ-ਮੰਦ ਬੋਲਣ।''

''ਕੁੱਤੇ ਆਲੀ ਜ਼ਬਾਨ ਲੱਗੀ ਐ ਉਹਦੇ ਤਾਂ ਭੌਂਕੀ ਜਾਂਦੀ ਐ, ਭੌਂਕੀ ਜਾਣ ਦੇ। ਚੰਗਾ ਮੈਂ ਜਾਨਾਂ, ਸਰਵਣ ਵੀ ਵਿਚਾਰਾ ਰੋਟੀ 'ਡੀਕਦਾ ਹੋਣਾ।'' ਉਹ ਰੋਟੀ ਲੈ ਕੇ ਖੇਤ ਨੂੰ ਤੁਰ ਪਿਆ।

ਗੂੜ੍ਹਾ ਹਨ੍ਹੇਰਾ ਹੋ ਗਿਆ ਸੀ। ਕਾਲੇ ਅਸਮਾਨ ਵਿੱਚ ਤਾਰੇ ਚਮਕ ਪਏ ਸਨ। ਅੱਧੇ ਚੰਦ ਦੀ ਰੌਸ਼ਨੀ 'ਚ ਤੁਰਿਆ-ਫਿਰਦਾ ਬੰਦਾ ਦਿਸਦਾ ਸੀ। ਹਲਕੀ ਹਲਕੀ ਹਵਾ ਵੀ ਰੁਮਕ ਪਈ ਸੀ। ਸਾਰੇ ਦਿਨ ਤੋਂ ਖ਼ਾਮੋਸ਼ ਖੜ੍ਹੇ ਰੁੱਖ ਭੰਗ ਨਾਲ ਟੱਲੀ ਹੋਏ ਸਾਧ ਵਾਂਗ ਸਿਰ ਹਿਲਾਉਣ ਲੱਗ ਪਏ ਸਨ। ਮਾਖੇ ਵਾਲੇ ਟਿੱਬੇ ਵੱਲੋਂ ਗਿੱਦੜਾਂ ਦੀ ਹੁਆਂਕ ਸੁਣਾਈ ਦੇ ਰਹੀ ਸੀ। ਪਹੇ ਦਾ ਕੱਕਾ ਰੇਤਾ ਉਸ ਦੇ ਜੋੜਿਆਂ 'ਚ ਵਾਰ ਵਾਰ ਵੜ ਰਿਹਾ ਸੀ। ਉਸ ਨੇ ਕਈ ਵਾਰ ਖੜ੍ਹ ਕੇ ਜੋੜੇ ਝਾੜ ਲਏ ਸਨ। ਪਹੇ ਤੋਂ ਅੱਗੇ ਉਹ ਜੌਂੜਿਆਂ ਵਾਲੀ ਪਹੀ ਮੁੜ ਗਿਆ। ਖੇਤ ਪਹੁੰਚ ਕੇ ਉਸ ਨੇ ਰੋਟੀ ਸਰਵਣ ਦੇ ਮੰਜੇ ਕੋਲ ਰੱਖ ਦਿੱਤੀ। ਸਰਵਣ ਥਕੇਵੇਂ ਦਾ ਭੰਨਿਆ ਸੌਂ ਗਿਆ ਲਗਦਾ ਸੀ।

''ਸਰਵਣਾ! ਓਹ ਸਰਵਣਾ!!'' ਉਸਨੇ ਮੰਜੇ ਕੋਲ ਖੜ੍ਹੇ ਨੇ ਅਵਾਜ਼ ਮਾਰੀ।

''ਹੋਓ!'' ਸਰਵਣ ਦੀ ਅੱਖ ਖੁੱਲ੍ਹ ਗਈ।

''ਸੌਂ ਗਿਆ ਤੀ?''

''ਹਾਂ ਲਾਗੀ ਤੀ ਅੱਖ ਜੀ।''

''ਲੈ ਰੋਟੀ ਖਾ ਲੈ।''

''ਬਾਹਲਾ ਈ ਟੈਮ ਲਾ ਆਇਆ।''

''ਬੱਸ ਊਈਂ ਲਾਗਿਆ ਥੋੜ੍ਹੇ ਥੋੜ੍ਹੇ ਜੇ ਨਾਲ ਈ। ਲੈ ਪਹਿਲਾਂ ਘੁੱਟ ਲਾ ਲੈ, ਗਰਦਾ ਥੱਲੇ ਹੋਜੂ।'' ਕਾਕੇ ਨੇ ਬੋਤਲ ਅਤੇ ਪਾਣੀ ਵਾਲਾ ਡੱਬਾ ਸਰਵਣ ਵੱਲ ਕਰ ਦਿੱਤਾ। ਸਰਵਣ ਪੈੱਗ ਪਾਉਣ ਲੱਗ ਪਿਆ। ''ਅੱਜ ਫੇਰ ਬੰਤ ਕੋਠੇ ਚੜ੍ਹੀ ਖੜੀ ਤੀ।''

''ਅੱਛਿਆ! ਉਹਦਾ ਤਾਂ ਹੁਣ ਰੋਜ ਦਾ ਈ ਕੰਮ ਹੋ ਗਿਆ। ਕਣਕ ਦਾ ਨਮੇੜ ਲਈਏ, ਮੈਂ ਕਰਦਾਂ ਉਹਦੇ ਨਾਲ ਗੱਲ ਸਮਾਰ ਕੇ।'' ਸਰਵਣ ਨੂੰ ਬੰਤ ਦਾ ਕੋਠੇ ਚੜ੍ਹਨ ਤੋਂ ਹੀ ਪਤਾ ਲੱਗ ਗਿਆ ਸੀ ਕਿ ਉਸ ਨੇ ਅੱਜ ਫਿਰ ਕਾਕੇ ਨੂੰ ਗਾਲ੍ਹਾਂ ਦਿੱਤੀਆਂ ਹੋਣਗੀਆਂ।

''ਚੰਗਾ ਫੇਰ ਮੈਂ ਜਾਨਾਂ।'' ਕਾਕਾ ਪਿੰਡ ਨੂੰ ਤੁਰ ਪਿਆ। ਪਿੰਡ ਨੂੰ ਤੁਰੇ ਆਉਂਦਿਆਂ ਉਸ ਨੂੰ ਚੁੱਲ੍ਹੇ ਦੀ ਪੀਲੀ ਲਾਟ ਅੱਗੇ ਜਲ ਕੁਰ ਦਾ ਗੁਲਾਬੀ ਚਿਹਰਾ ਦਿਸਿਆ। ਉਸਦੇ ਬੁੱਲ੍ਹ ਮੁਸਕਾਨ ਨਾਲ ਚੌੜੇ ਹੋ ਗਏ ਅਤੇ ਚਾਲ ਨੇ ਤੇਜੀ ਫੜ ਲਈ।

-0-0-

ਹਾੜ੍ਹੀ ਦੀ ਫ਼ਸਲ ਦੀ ਸਾਂਭ ਸੰਭਾਲ ਹੋ ਗਈ ਸੀ। ਖਾਲੀ ਹੋਏ ਵਾਹਣਾ ਵਿੱਚ ਵਰੋਲੇ ਘੁੰਮੇਰੀਆਂ ਖਾਂਦੇ ਫਿਰਦੇ ਸਨ। ਦੁਪਹਿਰ ਨੂੰ ਬੁੱਢੇ-ਠੇਰੇ ਨਿਆਣਿਆਂ ਨੂੰ ਲੈ ਕੇ ਨਿੰਮਾਂ ਹੇਠ ਜਾ ਬੈਠਦੇ ਸਨ। ਬੱਦਲੋਂ ਸੱਖਣਾ ਅਸਮਾਨ ਮੀਂਹ ਦੀ ਆਸ ਲਾਈਂ ਬੈਠੇ ਲੋਕਾਂ ਨੂੰ ਉਦਾਸ ਕਰ ਰਿਹਾ ਸੀ। ਚਾਹੇ ਦਿਨ ਚੜ੍ਹਨ-ਲਹਿਣ ਨਾਲ ਸਮਾਂ ਬੀਤ ਰਿਹਾ ਸੀ ਪਰ ਬੰਤ ਲਈ ਵਕਤ ਕੱਟਣਾ ਔਖਾ ਹੋ ਗਿਆ

ਸੀ। ਤੇਜੇ ਨੇ ਅੱਧੀ ਜ਼ਮੀਨ ਨਸ਼ੇ-ਪੱਤੇ ਵਿੱਚ ਫੂਕ ਦਿੱਤੀ ਸੀ। ਹੁਣ ਤਾਂ ਵਿਹੜੇ ਵਿੱਚ ਇਹ ਗੱਲ ਵੀ ਧੁਖਣ ਲੱਗ ਪਈ ਸੀ ਕਿ ਤੇਜਾ ਚੋਰੀਆਂ ਕਰਨ ਲੱਗ ਪਿਆ ਹੈ। ਤੇਜੇ ਅਤੇ ਬੰਤ ਦੀ ਲੜਾਈ ਤੋਂ ਅੱਕੇ ਗੁਆਂਢੀ ਵੀ ਹੁਣ ਉਨ੍ਹਾਂ ਨੂੰ ਛੁਡਾਉਣ ਨਾ ਆਉਂਦੇ। ਉਹ ਆਪ ਹੀ ਅੱਧੀ ਰਾਤ ਤੱਕ ਲੜ-ਭਿੜ ਕੇ ਟਿਕ ਜਾਂਦੇ। ਬੰਤ ਆਪਣੀ ਮਾੜੀ ਜ਼ਿੰਦਗੀ ਦਾ ਦੋਸ਼ੀ ਕਾਕੇ ਨੂੰ ਮੰਨਦੀ। ਇਸੇ ਕਰਕੇ ਉਹ ਕੋਠੇ ਚੜ੍ਹ ਕਾਕੇ 'ਤੇ ਭੜਾਸ ਕੱਢਦੀ ਰਹਿੰਦੀ। ਰਾਤ ਨੂੰ ਰੋਟੀ-ਟੁੱਕ ਖਾਣ ਸਮੇਂ ਲੋਕਾਂ ਨੂੰ ਕੋਠੇ ਚੜ੍ਹੀ ਬੰਤ ਦੀਆਂ ਗਾਲ੍ਹਾਂ ਸੁਣਾਈ ਦਿੰਦੀਆਂ। ਗਾਲ੍ਹਾਂ ਕੰਨੀਂ ਪੈਂਦੀਆਂ ਤਾਂ ਉਹਨਾਂ ਦੀ ਗੱਲ-ਬਾਤ ਵਿੱਚ ਕਾਕਾ, ਬੰਤ, ਤੇਜਾ ਅਤੇ ਜਲ ਕੁਰ ਸ਼ਾਮਲ ਹੋ ਜਾਂਦੇ। ਲੋਕ ਤਰ੍ਹਾਂ ਤਰ੍ਹਾਂ ਦੇ ਜਾਭਾਂ ਦੇ ਭੇੜ ਕਰਦੇ। ਸੌ ਸੌ ਕਿਆਸ ਅਰਾਈਆਂ ਲਗਾਉਂਦੇ ਪਰ ਸਵੇਰ ਨੂੰ ਸਭ ਆਪਣੀਆਂ ਕੀਤੀਆਂ ਭਵਿੱਖਬਾਣੀਆਂ ਭੁੱਲ ਜਾਂਦੇ।

ਅੱਜ ਸਰਵਣ ਨੇ ਹਰ ਰੋਜ਼ ਦੀਆਂ ਗਾਲ੍ਹਾਂ ਕਰਕੇ ਹੀ ਬੰਤ ਨੂੰ ਘਰ ਬੁਲਾਇਆ ਸੀ। ਬੰਤ ਦੇ ਚਾਹ-ਪਾਣੀ ਪੀ ਲੈਣ ਤੋਂ ਬਾਅਦ ਸਰਵਣ ਨੇ ਗੱਲ ਤੋਰ ਲਈ ਸੀ।

‘‘ਭਾਈ ਜਿਹੜੀਆਂ ਆਹ ਤੂੰ ਆਥਣ ਦੇ ਟੈਮ ਕਾਕੇ ਨੂੰ ਗਾਲ੍ਹਾਂ ਦਿੰਨੀ ਐਂ, ਇਹ ਤਾਂ ਤੇਰਾ ਬਹੁਤ ਮਾੜਾ ਕੰਮ ਐ।’’

‘‘ਕਾਕੇ ਨੇ ਕਿਹੜਾ ਮੇਰੇ ਨਾਲ ਘੱਟ ਗੁਜਾਰੀ ਐ।’’

‘‘ਉਨ੍ਹੇ ਤਾਂ ਤੇਰੇ ਭਲੇ ਲਈ ਕਰਿਆ ਤੀ।’’

‘‘ਮੇਰੇ ਭਲੇ ਲਈ ਉਹਨੂੰ ਕੋਈ ਹੋਰ ਬੰਦਾ ਨੀ ਥਿਆਇਆ। ਨਸ਼ੇ-ਪੱਤੇ ਨੇ ਤਾਂ ਉਹਦੀ ਸਾਰੀ ਦੇਹ ਫੂਕੀ ਪਈ ਐ। ਪਤਾ ਨੀ ਸਾਲ ਐ, ਪਤਾ ਨੀ ਛੇ ਮਹੀਨੇ ਐ। ਅਜੇ ਮੇਰੀ ਪਹਾੜ ਜਿੱਡੀ ਉਮਰ ਪਈ ਐ। ਮੈਂ ਗਹਾਂ ਕਾਹਦੇ ਸਹਾਰੇ ਆਪਣਾ ਵਕਤ ਕੱਟੂੰ।’’ ਬੰਤ ਆਪਣੇ ਭਵਿੱਖ ਬਾਰੇ ਸੋਚਦੀ ਉਦਾਸ ਹੋ ਗਈ।

‘‘ਹੁਣ ਫੇਰ ਕੀ ਚਾਹੁਣੀ ਐਂ ਭਾਈ ਤੂੰ?’’ ਸਰਵਣ ਨੇ ਬੰਤ ਦੇ ਮਨ 'ਚ ਪਈ ਗੱਲ ਫਰੋਲਣੀ ਚਾਹੀ।

‘‘ਮੈਨੂੰ ਤਾਂ ਬੱਸ ਉਹ ਜਿਮੇਂ ਛੱਡ ਕੇ ਆਇਆ ਸੀ ਓਮੇਂ ਵਾਪਸ ਲੈ ਆਵੇ। ਨਹੀਂ ਫੇਰ ਮੈਂ ਆਪ ਆਜੂੰ।’’ ਬੰਤ ਨੇ ਸਿਰੇ ਦੀ ਸੁਣਾ ਦਿੱਤੀ।

‘‘ਤੂੰ ਆਪ ਸਿਆਣੀ ਐਂ, ਐਂ ਭਲਾਂ ਭਾਈ ਕਿਮੇਂ ਬਣੂ!’’ ਸਰਵਣ ਨੂੰ ਬੰਤ ਦੀ ਗੱਲ ਗਹਿਰੀਆਂ ਸੋਚਾਂ ਵਿੱਚ ਪਾ ਗਈ।

‘‘ਹੁਣ ਤਾਂ ਏਹੀ ਹੋਊ। ਮੈਨੂੰ ਆਪਣੇ ਘਰੋਂ ਲਿਆ ਕੇ ਬੇਸ਼ੱਕ ਵੱਢਦੇ, ਮਾਰ ਦੇ, ਮੈਨੂੰ ਭੋਰਾ ਦੁੱਖ ਨੀ ਪਰ ਮੈਂ ਹੁਣ ਓਥੇ ਨੀ ਕੱਟ ਸਕਦੀ। ਬੱਸ!’’ ਬੰਤ ਨੇ ਇੱਕ-ਟੁੱਕ ਫ਼ੈਸਲਾ ਸੁਣਾ ਦਿੱਤਾ।

ਸਰਵਣ ਤੇ ਅਮਰੋ ਬੰਤ ਨੂੰ ਕਿੰਨਾ ਹੀ ਸਮਾਂ ਸਮਝਾਉਂਦੇ ਰਹੇ। ਉਸ ਨੂੰ ਵਾਪਸ ਆਉਣ ਵਾਲਾ ਕਦਮ ਪੁੱਟਣ ਤੋਂ ਵਰਜਦੇ ਰਹੇ ਪਰ ਬੰਤ ਆਪਣੀ ਗੱਲ 'ਤੇ ਫਾਨੇ ਵਾਂਗ ਅੜੀ ਰਹੀ। ਅਸਲ ਵਿੱਚ ਤੇਜੇ ਦੇ ਲੱਛਣਾਂ ਨੂੰ ਵੇਖਦਿਆਂ ਸਰਵਣ ਕੋਲ ਵੀ ਬੰਤ ਦੀਆਂ ਦਲੀਲਾਂ ਦਾ ਕੋਈ ਠੋਸ ਜਵਾਬ ਨਹੀਂ ਸੀ। ਸਰਵਣ ਦੀਆਂ ਗੱਲਾਂ ਤਾਂ ਬੱਸ ਫੋਕੇ ਦਿਲਾਸੇ ਸਨ ਜਿੰਨੇ ਮਰਜੀ ਦੇ ਲਵੇ। ਬੰਤ, ਸਰਵਣ ਤੇ ਅਮਰੋ ਨੂੰ ਇੱਕ-ਟੁੱਕ ਜਵਾਬ ਸੁਣਾ ਕੇ ਵਾਪਸ ਮੁੜ ਆਈ। ਬੰਤ ਨੂੰ ਸਰਵਣ ਕੇ ਘਰੋਂ ਨਿਕਲਦਿਆਂ ਵੇਖ ਕੇ ਚੌਂਕੜੀ 'ਤੇ ਬੈਠਾ ਕਾਕਾ, ਸਰਵਣ ਕੇ ਘਰ ਨੂੰ ਚੱਲ ਪਿਆ ਉਸ ਦੇ ਮਨ 'ਚ ਸਰਵਣ ਅਤੇ ਬੰਤ ਵਿਚਕਾਰ ਹੋਈ ਗੱਲ-ਬਾਤ ਬਾਰੇ ਜਾਣਨ ਦੀ ਕਾਹਲੀ ਸੀ।

## 10

ਘਿਰ-ਘਿਰ ਕੇ ਆਉਂਦੇ ਬੱਦਲਾਂ ਨੇ ਸਾਉਣ ਦਾ ਮਹੀਨਾ ਚੜ੍ਹ ਜਾਣ ਦੀ ਖ਼ਬਰ ਦੇ ਦਿੱਤੀ ਸੀ। ਔੜ ਦੀਆਂ ਮਾਰੀਆਂ ਫ਼ਸਲਾਂ, ਘੋਰ ਉਦਾਸੀ 'ਚ ਕੁਮਲਾਈਆਂ ਮੀਂਹ ਪੈ ਜਾਣ ਦੀ ਕੁ◌ੰ◌ੌਤੇ-ਝਾਕ ਲਾਈਂ ਖੜ੍ਹੀਆਂ ਸਨ ਪਰ ਬੱਦਲ ਇੱਕ ਪਾਸਿਓਂ ਆਉਂਦੇ ਤੇ ਹਵਾ ਉਨ੍ਹਾਂ ਨੂੰ ਜਲ-ਥਲ ਕਰਨ ਤੋਂ ਪਹਿਲਾਂ ਹੀ ਉਂਗਲ ਲਾ ਉਡਾ ਕੇ ਲੈ ਜਾਂਦੀ। ਘਰ ਦੇ ਕੰਮਾਂ ਵਿੱਚ ਸਿਰ ਤੱਕ ਖੁੱਭੀਆਂ ਮੁਟਿਆਰਾਂ

ਨੇ ਤੀਆਂ ਨੂੰ ਛੇਤੀ ਲੈ ਜਾਣ ਲਈ ਪੇਕੀਂ ਸੁਨੇਹੇ ਭੇਜ ਦਿੱਤੇ ਸਨ। ਉਨ੍ਹਾਂ ਦੇ ਜਵਾਨ ਦਿਲਾਂ ਦੀਆਂ ਰੀਝਾਂ ਹਾਣਦੀਆਂ ਸਹੇਲੀਆਂ ਨਾਲ ਦੋ-ਚਾਰ ਦਿਨ ਮਸਤੀ ਕਰਨ ਅਤੇ ਦੁੱਖ-ਸੁੱਖ ਫੋਲਣ ਲਈ ਕਾਹਲੀਆਂ ਸਨ। ਸਾਉਣ ਦੇ ਕਾਲੇ ਬੱਦਲ ਕਿਸਾਨਾਂ ਦੇ ਗਰਮੀ ਨਾਲ ਲੂਸੇ ਚਿਹਰਿਆਂ 'ਤੇ ਖੇੜਾ ਤਾਂ ਲੈ ਆਏ ਸਨ ਪਰ ਮੀਂਹ ਤੋਂ ਪਹਿਲਾਂ ਪਹਿਲਾਂ ਨਰਮੇ ਦੀ ਗੁਡਾਈ ਦਾ ਕੰਮ ਨਬੇੜ ਲੈਣ ਦੀ ਕਾਹਲ ਵੀ ਉਨ੍ਹਾਂ ਨੂੰ ਟਿਕਣ ਨਹੀਂ ਦੇ ਰਹੀ ਸੀ। ਉਨ੍ਹਾਂ ਨੂੰ ਡਰ ਸੀ ਜੇ ਮੀਂਹ ਤੋਂ ਪਹਿਲਾਂ ਪਹਿਲਾਂ ਗੁੱਡ ਨਾ ਪਾਈ ਗਈ ਤਾਂ ਸਾਉਣ ਦੇ ਮੀਂਹਾਂ ਨਾਲ ਪਲਿਆ ਕੱਖ-ਕੰਡਾ ਨਰਮੇ ਕਪਾਹਾਂ ਤੋਂ ਵੀ ਉਪਰ ਉੱਠ ਖੜ੍ਹੇਗਾ। ਇਸੇ ਕਾਹਲ ਕਾਰਨ ਖੇਤਾਂ ਵਿੱਚ ਨਰਮੇ-ਕਪਾਹਾਂ ਦੀ ਗੋਡੀ ਦਾ ਜ਼ੋਰ ਸੀ।

ਕਾਕੇ ਅਤੇ ਸਰਵਣ ਨੂੰ ਕਪਾਹ ਦੀ ਗੋਡੀ ਕਰਦਿਆਂ ਅੱਜ ਕਈ ਦਿਨ ਬੀਤ ਗਏ ਸਨ। ਪਹਿਲਾਂ ਉਹ ਵਿੜ੍ਹੀ 'ਤੇ ਜਾਂਦੇ ਰਹੇ ਤੇ ਫਿਰ ਕਈ ਦਿਨ ਵਿੜ੍ਹੀਆਂ ਵਾਲਿਆਂ ਨਾਲ ਆਪਣੇ ਨਰਮੇ-ਕਪਾਹਾਂ ਗੁਡਦੇ ਰਹੇ। ਹੁਣ ਵਿੜ੍ਹੀਆਂ ਉਤਰ ਗਈਆਂ ਸਨ ਅਤੇ ਸਰਵਣ ਦਾ ਇੱਕ ਕਿੱਲਾ ਬਾਕੀ ਰਹਿ ਗਿਆ ਸੀ। ਇਸੇ ਇੱਕ ਕਿੱਲੇ ਨੂੰ ਨਿਬੇੜ ਦੇਣ ਲਈ ਉਹ ਅੱਜ ਨਾਲ ਇੱਕ ਦਿਹਾੜੀਆ ਵੀ ਲੈ ਆਏ ਸਨ। ਸੂਰਜ ਆਪਣੀਆਂ ਕਿਰਨਾਂ ਸਮੇਟਣ ਲੱਗ ਪਿਆ ਸੀ। ਪਰਛਾਵੇਂ ਧਰਤੀ 'ਤੇ ਦੂਰ ਤੱਕ ਵਿਛ ਗਏ ਸਨ ਪਰ ਕਪਾਹ ਦੇ ਅਜੇ ਤਿੰਨ ਕਿਆਰੇ ਬਾਕੀ ਰਹਿੰਦੇ ਸਨ। ਢਲ ਰਹੇ ਦਿਨ ਵੱਲ ਵੇਖਦਿਆਂ ਸਰਵਣ ਨੇ, ਸੋਚਾਂ ਦੇ ਮੱਕੜੀ ਜਾਲ ਵਿੱਚ ਉਲਝ ਕੇ ਪਿੱਛੇ ਰਹਿ ਗਏ ਕਾਕੇ ਨੂੰ ਤਾੜਿਆ, ''ਖਿੱਚੀ ਚੱਲ ਬਾਈ, ਦਿਨ ਤਾਂ ਗਿਆ ਬੱਸ।''

''ਚਲੋ, ਚਲੋ ਮੈਂ ਥੋੜੇ ਉੱਤੇ ਚੜ੍ਹਿਆ ਆਉਣਾ।'' ਸਰਵਣ ਦੀ ਲਲਕਾਰ ਨਾਲ ਕਾਕੇ ਦੇ ਹੱਥਾਂ ਵਿੱਚ ਤੇਜੀ ਆ ਗਈ।

''ਇੱਕ ਵਲਾ ਹੋਜੂ ਸਾਰਾ, ਫੇਰ ਚਲ ਸਾਉਣ ਤੋਂ ਬਾਅਦ ਈ ਹੱਥ ਫੇਰ ਹੋਊ।'' ਸਰਵਣ ਬੋਲਿਆ।

''ਗੁੱਡ ਪਈ 'ਚ ਮੀਂਹ ਪੈਣ ਨਾਲ ਦੇਖੀਂ ਚਾਚਾ ਫਸਲਾਂ ਕਿਮੇਂ ਗੋਤੇ ਖਾਂਦੀਆਂ ਜਾਣਗੀਆਂ।'' ਦਿਹਾੜੀਆ ਉੱਡੇ ਜਾਂਦੇ ਬੱਦਲਾਂ ਵੱਲ ਦੇਖਦਾ ਬੋਲਿਆ।

''ਮੀਂਹ ਦੀ ਰੀਸ ਐ ਕਿਤੇ? ਮੀਂਹ ਤਾਂ ਇਨ੍ਹਾਂ ਨੂੰ ਰੇਹ ਮਾਂਗੂੰ ਲਗਦੈ।'' ਸਰਵਣ ਨੇ ਦਿਹਾੜੀਏ ਦੇ ਵਿਚਾਰ ਨੂੰ ਹੋਰ ਮਜ਼ਬੂਤੀ ਦੇ ਦਿੱਤੀ।

''ਹੋਓ......ਮੈਨੂੰ ਲਗਦੈ ਅਮਰੋ ਆਉਂਦੀ ਐ ਸਰਵਣਾ।'' ਕਿਆਰਾ ਗੁੱਡ ਕੇ ਹਟੇ ਕਾਕੇ ਦੀ ਨਿਗ੍ਹਾ ਸੂਏ ਦੀ ਪਟੜੀ ਤੋਂ ਲਹਿ ਕੇ ਪਹੀ ਪੈ ਗਈ ਅਮਰੋ 'ਤੇ ਪਈ।

''ਹੈਂ?'' ਸਰਵਣ ਨੇ ਪਹੀ ਵੱਲ ਨਜ਼ਰ ਮਾਰੀ, ''...ਅਮਰੋ ਈ ਐ।''

''ਉਹ ਕਿਮੇਂ ਆ ਰਹੀ ਐ ਫੇਰ ਏਸ ਵੇਲੇ।'' ਕਾਕੇ ਦੀਆਂ ਸਵਾਲੀਆਂ ਅੱਖਾਂ ਸਰਵਣ ਦੇ ਚਿਹਰੇ 'ਤੋਂ ਹਟਦੀਆਂ ਪਹੀ 'ਤੇ ਆ ਰਹੀ ਅਮਰੋ 'ਤੇ ਜਾ ਟਿਕੀਆਂ।

''ਕੀ ਪਤੈ ਹੁਣ?'' ਸਰਵਣ ਵੀ ਉਲਝ ਗਿਆ।

ਅਮਰੋ ਦੇ ਖੇਤ ਪਹੁੰਚਣ ਤੱਕ ਉਹ ਤਿੰਨੇ ਅਣ-ਸੁਲਝੇ ਸਵਾਲਾਂ ਨੂੰ ਅੱਖਾਂ 'ਚ ਰੱਖੀਂ ਹੌਲੀ ਹੌਲੀ ਕਪਾਹ ਵਿੱਚ ਕਸੀਏ ਮਾਰਦੇ ਅਮਰੋ ਵੱਲ ਤਕਦੇ ਰਹੇ। ਜਦ ਅਮਰੋ ਨੇੜੇ ਆ ਗਈ ਤਾਂ ਸਾਰੇ ਕਸੀਏ ਛੱਡ ਕੇ ਖੜ੍ਹ ਗਏ ਜਿਵੇਂ ਆਪਣੇ-ਆਪ ਨੂੰ ਬੁਰੀ ਖ਼ਬਰ ਸੁਣਨ ਲਈ ਪਹਿਲਾਂ ਹੀ ਤਿਆਰ ਕਰ ਰਹੇ ਹੋਣ।

''ਕਾਕੇ ਘਰੇਂ ਆਈਂ ਮਾੜਾ ਜਾ।'' ਅਮਰੋ ਨੇ ਆਉਂਦਿਆਂ ਹੀ ਕਿਹਾ। ਉਸ ਦਾ ਕਾਹਲੀ ਕਾਹਲੀ ਤੁਰਨ ਕਰਕੇ ਸਾਹ ਚੜ੍ਹਿਆ ਹੋਇਆ ਸੀ।

''ਕਿਉਂ ਕੀ ਗੱਲ ਹੋ ਗੀ?''

''ਗੱਲ ਤਾਂ ਕੁਛ ਨੀ ਹੋਈ। ਉਹ ਬੰਤ ਤੇਜੇ ਨਾਲ ਲੜ ਕੇ ਥੋਡੇ ਘਰੇਂ ਆ ਗੀ। ਕਹਿੰਦੀ ਮੈਂ ਤਾਂ ਇਥੀ ਰਹੂੰ। ਜਲ ਕੁਰ ਉਹਦੇ ਆਈ ਨਾਲ ਹੱਥੋ-ਪਾਈ ਹੋ ਗੀ। ਹੁਣ ਜਲ ਕੁਰ ਨੂੰ ਤਾਂ ਮੈਂ ਸਾਡੇ ਘਰੇਂ ਛੱਡ ਕੇ ਆਈ ਆਂ। ਬੰਤ ਥੋਡੇ ਘਰੇਂ ਈ ਬੈਠੀ ਐ।'' ਅਮਰੋ ਨੇ ਗੱਲ ਸੁਣਾ ਕੇ ਭਰਵਾਂ ਸਾਹ ਲਿਆ।

''ਚੰਗਾ ਸਰਵਣਾ, ਫੇਰ ਮੈਂ ਦੇਖ ਲਾਂ ਜਾ ਕੇ।'' ਕਾਕੇ ਨੇ ਕਸੌਆ ਮੋਢੇ ਉਪਰ ਰੱਖ ਲਿਆ।

''ਚਲ ਤੂੰ ਤਾਂ ਜਾਹ ਫੇਰ, ਅਸੀਂ ਲਾਉਣੇ ਆਂ ਛੱਟ ਜਿੰਨੀ ਕ ਲਗਦੀ ਐ।''

ਕਾਕੇ ਨੇ ਚਾਦਰੇ ਨਾਲ ਲੱਤਾਂ ਝਾੜ ਕੇ ਚਾਦਰਾ ਬੰਨ੍ਹ ਲਿਆ। ਖਾਲ 'ਚੋਂ ਚੁੱਕ ਕੇ ਜੋੜੇ ਪਾ ਲਏ। ਮੋਢੇ ਕਸੀਆ ਧਰ ਕੇ ਕਾਹਲੇ-ਕਦਮੀਂ ਪਿੰਡ ਨੂੰ ਤੁਰ ਪਿਆ। ਕਾਕੇ ਦੇ ਪਿੱਛੇ ਪੈਰ ਘਤੀਸਦੀ ਅਮਰੋ ਵੀ ਚੱਲ ਪਈ। ਸੂਰਜ ਪਿੱਛੇ ਲਾਲੀ ਛੱਡਦਾ ਪੱਛਮ ਦੀ ਗੋਦ ਵਿੱਚ ਅਲੋਪ ਹੋ ਗਿਆ ਸੀ। ਚਰ੍ਹੀ ਬਾਜਰਿਆਂ ਵਿੱਚੋਂ ਸਵਾਨੀ ਤਿੱਤਰਾਂ ਦੀ 'ਸਵਾਨੀ ਤੇਰੀ ਕੁਦਰਤ' ਸੁਣਾਈ ਦੇ ਰਹੀ ਸੀ। ਗੁਆਂਢੀ ਖੇਤਾਂ ਵਿੱਚ ਗੋਡੀ ਕਰਦਿਆਂ ਨੇ ਕਾਹਲੀ ਕਾਹਲੀ ਅੱਗੇ ਪਿੱਛੇ ਪਿੰਡ ਨੂੰ ਤੁਰੇ ਜਾਂਦੇ ਕਾਕੇ ਅਤੇ ਅਮਰੋ ਵੱਲ ਵੇਖ ਕੇ ਕਈ ਅੰਦਾਜ਼ੇ ਲਗਾਏ। ਜਿਉਂ ਜਿਉਂ ਕਾਕਾ ਤੇ ਅਮਰੋ ਦੂਰ ਹੁੰਦੇ ਗਏ, ਉਨ੍ਹਾਂ ਦੀ ਚਰਚਾ ਵੀ ਮੱਧਮ ਪੈਂਦੀ ਗਈ।

-0-0-

ਬੰਤ ਗੁਆਂਢੀਆਂ ਨਾਲ ਮਕਾਨ ਗਈ ਸੀ। ਜਿਸ ਪਿੰਡ ਉਹ ਮਕਾਨ ਗਏ ਸਨ ਉਥੋਂ ਉਸ ਦਾ ਪੁਰਾਣਾ ਸਹੁਰਾ ਪਿੰਡ ਲਕੋਈ ਦੋ ਕੁ ਕਿਲੋਮੀਟਰ ਪੈਂਦਾ ਸੀ। ਬੰਤ ਦੇ ਮਨ ਆਪਣਾ ਪੁਰਾਣਾ ਪਿੰਡ ਵੇਖਣ ਦਾ ਹੇਰਵਾ ਸੀ। ਉਸ ਦਾ ਮਨ ਕਾਹਲਾ ਪੈ ਪੈ ਜਾਂਦਾ ਸੀ, ਉਹ ਕਦ ਆਪਣਾ ਉਹ ਘਰ ਵੇਖ ਲਵੇ ਜਿੱਥੇ ਉਹ ਪਹਿਲੀ ਵਾਰ ਵਿਆਹੀ ਆਈ ਸੀ। ਜਿੱਥੇ ਉਸ ਨੇ ਅਖ਼ਤਰ ਨਾਲ ਮਿਲ ਕੇ ਨਵੀਂ ਜ਼ਿੰਦਗੀ ਨੂੰ 'ਜੀ ਆਇਆਂ' ਆਖਿਆ ਸੀ। ਉਹ ਵਿਹੜਾ ਜਿੱਥੇ ਉਸਦਾ ਨਿੱਕਾ ਜਿਹਾ ਨਜ਼ੀਰ, ਨਿੱਕੀਆਂ ਨਿੱਕੀਆਂ ਪੈੜਾਂ ਕਰਦਾ ਭੱਜਿਆ ਫਿਰਦਾ ਹੁੰਦਾ ਸੀ। ਉਸ ਨੂੰ ਉਹ ਘਰ ਵੇਖ ਲੈਣ ਦੀ ਤੜਫ ਸੀ ਜਿਸਦੇ ਚੁੱਲ੍ਹੇ ਹਾਰਿਆਂ ਉੱਤੇ ਉਹ ਰੀਝਾਂ ਨਾਲ ਤਲੀਆਂ ਫੇਰਦੀ, ਘੁੱਗੀਆਂ, ਮੋਰ ਬਣਾਇਆ ਕਰਦੀ ਸੀ। ਜਦ ਕੋਈ ਸਾਇਕਲ ਵਾਲਾ ਮੁੰਡਾ ਉਸਨੂੰ ਲਕੋਈ ਤੱਕ ਲੈ ਕੇ ਜਾਣ ਲਈ ਤਿਆਰ ਹੋ ਗਿਆ ਤਾਂ ਉਸ ਨੇ ਰੱਬ ਦਾ ਲੱਖ ਲੱਖ ਸ਼ੁਕਰ ਮਨਾਇਆ। ਉਸ ਨੂੰ ਸਾਇਕਲ ਵਾਲਾ ਮੁੰਡਾ ਕੋਈ ਫ਼ਰਿਸ਼ਤਾ ਲੱਗਿਆ। ਉਸਦੇ ਪੈਰ ਧੋ ਧੋ ਪੀਣ ਨੂੰ ਦਿਲ ਕੀਤਾ। ਉਹ ਸਾਇਕਲ ਦੇ ਪਿੱਛੇ ਬੈਠ ਗਈ। ਮੁੰਡੇ ਨੇ ਸਾਇਕਲ ਲਕੋਈ ਦੇ ਰਾਹ ਪਾ ਲਿਆ। ਜਿਉਂ ਜਿਉਂ ਲਕੋਈ ਨੇੜੇ ਆ ਰਿਹਾ ਸੀ ਆਪਣਾ ਘਰ ਵੇਖ ਲੈਣ ਦਾ ਸਬਰ ਟੁੱਟਦਾ ਜਾ ਰਿਹਾ ਸੀ। ਉਸ ਦਾ ਮਨ ਕਰਦਾ ਸੀ ਉਹ ਸਾਇਕਲ ਤੋਂ ਉਤਰ ਕੇ ਇਸ ਤੋਂ ਵੀ ਤੇਜ਼ ਦੌੜਦੀ ਘਰੋਂ ਜਾ ਵੜੇ। ਪਿੰਡ ਦੀ ਜੂਹ 'ਚ ਵੜਦਿਆਂ ਉਸ ਨੇ ਮੋਹ ਦੇ ਹੰਝੂ ਕਈ ਵਾਰ ਚੁੰਨੀ ਨਾਲ ਪੂੰਝ ਲਏ ਸਨ।

ਜਦ ਉਹ ਪਿੰਡ ਦੇ ਨੇੜੇ ਪਹੁੰਚੇ ਬੰਤ ਦਾ ਦਿਲ ਕੀਤਾ ਸਾਰੇ ਪਿੰਡ ਨੂੰ ਹੀ ਕਲਾਵੇ ਭਰ ਕੇ ਧਾਹੀਂ ਰੋ ਪਵੇ ਜਿਵੇਂ ਕੋਈ ਸਹੁਰਿਆਂ ਦੀ ਸਤਾਈ ਮੁਟਿਆਰ ਪੇਕੀਂ ਆਈ ਰੋ ਰੋ ਮਨ ਹੌਲਾ ਕਰ ਲੈਂਦੀ ਹੈ। ਪਿੰਡ ਪਹਿਲਾਂ ਨਾਲੋਂ ਬਦਲਿਆ ਬਦਲਿਆ ਲਗਦਾ ਸੀ ਪਰ ਉਹ ਸਾਇਕਲ ਵਾਲੇ ਨੂੰ ਘਰ ਦਾ ਰਾਹ ਇਸ ਤਰ੍ਹਾਂ ਦਸਦੀ ਗਈ ਜਿਵੇਂ ਉਹ ਕੱਲ੍ਹ ਗਈ, ਅੱਜ ਮੁੜ ਆਈ ਹੋਵੇ। ਘਰ ਤੱਕ ਆਉਂਦਿਆਂ ਉਸਨੂੰ ਜਾਣਿਆ-ਪਹਿਚਾਣਿਆ ਚਿਹਰਾ ਤਾਂ ਮਸਾਂ ਇੱਕ-ਅੱਧ ਹੀ ਨਜ਼ਰ ਪਿਆ ਸੀ।

ਬੰਤ ਨੇ ਸਾਇਕਲ ਬਾਰ ਅੱਗੇ ਰੁਕਵਾ ਲਿਆ। ਦੇਹਲੀ ਤੋਂ ਅੰਦਰ ਹੁੰਦਿਆਂ ਉਸ ਦੀ ਭੁੱਬ ਨਿਕਲ ਗਈ। ਉਸਦੇ ਆਪਣੇ ਘਰ ਵਿੱਚ ਬੈਠੇ ਓਪਰੇ ਲੋਕ ਉਸਨੂੰ ਬੇਗਾਨਿਆਂ ਵਾਂਗ ਵੇਖ ਰਹੇ ਸਨ। ਬੰਤ ਰੋਂਦੀ ਵਿਹੜੇ ਵਿੱਚ ਡੱਠੇ ਮੰਜੇ ਉਪਰ ਜਾ ਬੈਠੀ। ਉਸਦੇ ਪੁਰਾਣੇ ਘਰ ਦੇ ਨਵੇਂ ਮੈਂਬਰ ਮੰਜੇ 'ਤੇ ਬੈਠੀ ਬੰਤ ਦੇ ਆਲੇ-ਦੁਆਲੇ ਹੋ ਗਏ। ਜਦ ਦਿਲਾਸੇ ਦੇਣ 'ਤੇ ਬੰਤ ਦਾ ਰੋਣ ਥੋੜ੍ਹਾ ਠੱਲਿਆ ਤਾਂ ਉਸਨੇ ਆਪਣੇ ਨਾਲ ਹੋਈ ਬੀਤੀ ਮੁੜ ਮੁੜ ਰੋਂਦਿਆਂ, ਅੱਖਾਂ ਪੂੰਝਦਿਆਂ ਸੁਣਾ ਦਿੱਤੀ। ਬੰਤ ਦਾ ਦੁੱਖ ਸੁਣ ਕੇ ਆਲੇ-ਦੁਆਲੇ ਬੈਠਿਆਂ ਦੇ ਵੀ ਅੱਲੇ ਜ਼ਖ਼ਮ ਉਚੇੜੇ ਗਏ। ਉਨ੍ਹਾਂ ਦੀਆਂ ਉਦਾਸ ਅੱਖਾਂ ਭਰੇ ਛੰਨੇ ਵਾਂਗ ਛਲਕ ਪਈਆਂ। ਜਦ ਬੰਤ ਰੋ ਕੇ ਹੌਲੀ ਹੋ ਗਈ ਤਾਂ ਉਸ ਨੇ ਸਾਰੇ ਘਰ ਨੂੰ ਨੀਝ ਨਾਲ ਵੇਖਿਆ। ਉਸਦੀ ਆਪਣੀ ਹਾਲਤ ਵਰਗੀ ਘਰ ਦੀ ਹਾਲਤ ਹੋਈ ਪਈ ਸੀ। ਉਸਦੇ ਬਣਾਏ ਘੁੱਗੀਆਂ, ਮੋਰਾਂ ਵਾਲੇ ਚੁੱਲ੍ਹੇ, ਹਾਰੇ ਢਾਹੇ ਪਏ ਸਨ। ਲੋਕ ਸਬਾਤਾਂ ਦੇ ਤਖ਼ਤੇ ਵੀ ਲਾਹ ਕੇ ਲੈ ਗਏ ਸਨ। ਓਦਰੇ ਪਏ ਇਸ ਘਰ ਵਿੱਚ ਵੰਡ ਦਾ ਸੰਤਾਪ ਭੋਗਦਾ ਹੁਣ ਕੋਈ ਹੋਰ ਪਰਿਵਾਰ ਆ ਬੈਠਿਆ ਸੀ। ਉਹ ਉੱਠ ਕੇ ਅੰਦਰ ਗਈ। ਉਸਦਾ ਸ਼ੀਸ਼ੇ ਵਾਲਾ ਸੰਦੂਕ ਕਿਤੇ ਨਹੀਂ ਸੀ। ਸਿਰਫ਼ ਇੱਕ ਖੂੰਜੇ ਕੱਪੜਿਆਂ ਦੀਆਂ ਗਠੜੀਆਂ ਅਤੇ ਹੋਰ ਨਿੱਕ-ਸੁੱਕ ਪਿਆ ਸੀ। ਪਹਿਲਾਂ ਸਮਾਨ ਨਾਲ ਭਰੀਆਂ, ਹੱਸਦੀਆਂ ਲਗਦੀਆਂ ਸਵਾਤਾਂ ਹੁਣ ਖ਼ਾਲੀ ਭਾਂਅ ਭਾਂਅ ਕਰ ਰਹੀਆਂ ਸਨ। ਬੰਤ ਨੂੰ ਲੱਗਿਆ ਜਿਵੇਂ ਨਜ਼ੀਰ ਇਥੋਂ ਹੀ

ਕਿਸੇ ਸਬਾਤ ਦੇ ਖੱਲ-ਖੂੰਜੇ 'ਚੋਂ ਨਿਕਲ ਕੇ ਪੁਕਾਰੇਗਾ, 'ਅੰਮੀ.....।' ਬਾਹਰੋਂ ਆਇਆ ਅਖਤਰ ਦੇਹਲੀ ਟੱਪਦਾ ਉਸ ਵੱਲ ਖੱਘੂਰ ਮਾਰ ਕੇ ਹੱਸ ਪਵੇਗਾ। ਬਾਹਰ ਫਿਰਦੇ ਤੀਵੀਂਆਂ-ਮਰਦਾਂ ਦੀਆਂ ਗੱਲਾਂ ਅਤੇ ਪੈੜ-ਚਾਲ ਤੋਂ ਉਸ ਨੂੰ ਲੱਗਿਆ ਜਿਵੇਂ ਉਸਦਾ ਆਪਣਾ ਪਰਿਵਾਰ ਕੰਮ ਕਰਦਾ ਇਧਰ-ਉਧਰ ਫਿਰ ਰਿਹਾ ਹੋਵੇ। ਜਦ ਉਹ ਬਾਹਰ ਆਈ ਓਥੇ ਉਸਦਾ ਕੁਝ ਵੀ ਨਹੀਂ ਸੀ। ਉਸਨੂੰ ਜਾਪਿਆ ਜਿਵੇਂ ਉਸਦਾ ਅੱਧਾ ਪਰਿਵਾਰ ਖੂਨ ਨਾਲ ਲੱਥ-ਪੱਥ ਹੋਇਆ ਉਸ ਦੇ ਸਾਹਮਣੇ ਪਿਆ ਹੋਵੇ। ਨਾਲ ਆਏ ਮੁੰਡੇ ਨੇ ਉਸ ਨੂੰ ਬੀਤ ਰਹੇ ਸਮੇਂ ਤੋਂ ਸੁਚੇਤ ਕਰਕੇ ਤੁਰਨ ਲਈ ਕਿਹਾ ਤਾਂ ਉਹ ਇਸ ਤਰ੍ਹਾਂ ਤ੍ਰਬਕੀ ਜਿਵੇਂ ਕੈਦੀ ਨੂੰ ਫਾਂਸੀ ਦੇਣ ਤੋਂ ਪਹਿਲਾਂ ਪਰਿਵਾਰ ਨਾਲ ਅਖੀਰੀ ਮੁਲਾਕਾਤ ਦਾ ਸਮਾਂ ਖਤਮ ਹੋ ਗਿਆ ਹੋਵੇ। ਫਿਰ ਉਹ ਆਪਣੇ ਘਰ ਨੂੰ ਮੁੜ ਮੁੜ ਤਕਦੀ, ਹੰਝੂ ਕੇਰਦੀ ਤੁਰ ਪਈ ਸੀ। ਉਸਨੂੰ ਆਪਣੇ ਤੀਵੀਂ ਹੋਣ ਦਾ ਪਛਤਾਵਾ ਵੀ ਹੋਇਆ ਸੀ। ਜੇ ਉਹ ਮਰਦ ਹੁੰਦੀ ਤਾਂ ਆਪਣੇ ਸਾਂਝੇ ਪਰਿਵਾਰ ਦੀ ਨਿਸ਼ਾਨੀ ਆਪਣਾ ਘਰ ਅਤੇ ਖੇਤ ਜਰੂਰ ਸੰਭਾਲ ਲੈਂਦੀ। ਇਸੇ ਹੀ ਘਰ 'ਚ, ਇਨ੍ਹਾਂ ਹੀ ਖੇਤਾਂ 'ਚ ਆਪਣਾ ਪਰਿਵਾਰ ਮੁੜ ਖੜ੍ਹਾ ਕਰਦੀ। ਆਪਣੀ ਮਿੱਟੀ ਵਿੱਚ ਮੁੜ ਜੜ੍ਹਾਂ ਲਾਉਂਦੀ। ਪਰ ਹੁਣ....? ਹੁਣ ਤਾਂ ਉਹ ਆਪ ਹੀ ਦੋ ਰੋਟੀਆਂ ਬਦਲੇ ਕਿਸੇ ਦੇ ਹੱਥਾਂ ਵੱਲ ਝਾਕਦੀ ਹੈ। ਬਿਗ਼ਾਨੇ ਮਰਦ ਦੀ ਕੁੱਟ ਵੀ ਖਾਂਦੀ ਹੈ ਤੇ ਉਸਦੀ ਸਰੀਰਿਕ ਭੁੱਖ ਵੀ ਮਿਟਾਉਂਦੀ ਹੈ। ਉਹ ਆਪਣਾ ਘਰ ਮੁੜ ਸੰਭਾਲ ਲੈਣ ਦੀ ਰੀਝ ਨੂੰ ਆਪਣੇ ਅੰਦਰ ਹੀ ਮਾਰਦੀ, ਹੈਰਾਨ ਖੜ੍ਹੇ ਪਿੰਡ ਦੇ ਲੋਕਾਂ ਨੂੰ ਛੱਡ ਕੇ ਸਾਇਕਲ ਦੇ ਕੈਰੀਅਰ 'ਤੇ ਬੈਠ ਗਈ।

ਦੂਜੇ ਦਿਨ ਤੇਜੇ ਨੂੰ ਬੰਤ ਦੇ ਲਕੋਈ ਜਾਣ ਬਾਰੇ ਪਤਾ ਲੱਗ ਗਿਆ ਸੀ। ਉਸ ਨੇ ਚੁੱਲ੍ਹੇ ਕੋਲ ਚਾਹ ਧਰਦੀ ਬੰਤ ਨੂੰ ਡਾਂਗਾਂ ਨਾਲ ਚੌਂਕੇ ਵਿੱਚ ਹੀ ਸੁੱਟ ਲਿਆ ਸੀ, ''ਦੱਸ ਤੇਰੀ ਮਾਂ ਦੀ....ਓਥੇ ਕਿਹੜੇ ਖਸਮ ਨੂੰ ਮਿਲਣ ਗਈ ਤੀ....।'' ਉਸਨੇ ਡਾਂਗਾਂ ਅਤੇ ਲੱਤਾਂ ਮੁੱਕੀਆਂ ਮਾਰ-ਮਾਰ ਬੰਤ ਦਾ ਗਾਹ ਪਾ ਦਿੱਤਾ ਸੀ। ਉਹ ਆਦਮ-ਖੋਰ ਬਘਿਆੜ ਦਾ ਰੂਪ ਧਾਰੀਂ ਬੈਠੇ ਤੇਜੇ ਤੋਂ ਜਾਨ ਛੁਡਾਉਂਦੀ, ਲੁਕਦੀ-ਛਿਪਦੀ ਕਾਕੇ ਕੇ ਘਰ ਆ ਬੈਠੀ ਸੀ।

ਕਾਕੇ ਦੇ ਪਿੰਡ ਪਹੁੰਚਦਿਆਂ ਛਿਪਦੇ ਸੂਰਜ ਨੇ ਆਪਣਾ ਅਖੀਰੀ ਚਾਨਣ ਵੀ ਸਮੇਟ ਲਿਆ ਸੀ। ਬੱਦਲ ਹੋਰ ਗਾੜ੍ਹੇ ਹੋ ਗਏ ਸਨ। ਹੁਣ ਕੋਈ ਕੋਈ ਡਿਗਦੀ ਕਣੀ ਨੇ ਮੀਂਹ ਪੈ ਜਾਣ ਦੀ ਉਮੀਦ ਜਗ੍ਹਾ ਦਿੱਤੀ ਸੀ। ਕਾਕੇ ਨੇ ਵੇਖਿਆ, ਉਸਦੇ ਘਰ ਦੇ ਬਾਹਰ ਅਤੇ ਅੰਦਰ ਤੀਵੀਂਆਂ-ਬੰਦਿਆਂ ਦਾ ਇਕੱਠ ਹੋਇਆ ਖੜ੍ਹਾ ਸੀ। ਉਹ ਅੰਦਰ ਸਬਾਤ 'ਚ ਗਿਆ ਤਾਂ ਅੱਗੇ ਬੰਤ ਬੁੜੀਆਂ ਵਿੱਚ ਘਿਰੀ ਬੈਠੀ ਰੋ ਰਹੀ ਸੀ। ਉਸਦੇ ਕੱਪੜੇ ਮਿੱਟੀ ਘੱਟੇ 'ਚ ਮਿੱਧੇ ਪਏ ਸਨ। ਚੁੰਨੀ ਤੋਂ ਸੱਖਣੇ ਸਿਰ ਦੇ ਖੁੱਲ੍ਹੇ ਵਾਲ ਬਿਜੜੇ ਦੇ ਆਲ੍ਹਣੇ ਵਾਂਗ ਉਲਝੇ ਪਏ ਸਨ। ਮੱਥੇ ਅਤੇ ਦੰਦਾਂ 'ਚੋਂ ਖੂਨ ਚੋਅ ਰਿਹਾ ਸੀ। ਮੂੰਹ 'ਚ ਇਕੱਠੇ ਹੋ ਰਹੇ ਖੂਨ ਨੂੰ ਉਹ ਰੋਂਦੀ ਰੋਂਦੀ, ਵਾਰ ਵਾਰ ਥੁੱਕ ਰਹੀ ਸੀ। ਕਾਕੇ ਵੱਲ ਪਨਾਹ ਮੰਗਦੀਆਂ ਅੱਖਾਂ ਨਾਲ ਵੇਖਦੀ ਉਹ ਹੋਰ ਉੱਚੀ ਰੋਣ ਲੱਗ ਪਈ। ਬੰਤ ਦੀ ਤਰਸਯੋਗ ਹਾਲਤ ਵੇਖ ਕੇ ਕਾਕੇ ਦਾ ਵੀ ਮਨ ਗੋਤਾ ਖਾ ਗਿਆ। ਉਸਨੂੰ ਮਹਿਸੂਸ ਹੋਇਆ ਜਿਵੇਂ ਉਸਨੇ ਬਾਜਰੇ 'ਚ ਪਈ ਸਾਹ ਤੋੜਦੀ ਬੰਤ ਨੂੰ ਬਚਾ ਕੇ ਉਸ ਨਾਲ ਹਰ ਰੋਜ਼ ਸੰਨਤਾਲੀ ਵਾਪਰਨ ਲਈ ਇਥੇ ਲਿਆ ਸੁੱਟੀ ਹੋਵੇ।

''ਜੇ ਮੈਨੂੰ ਰੋਜ ਵਘਿਆੜਾਂ ਤੋਂ ਪੜਵਾਉਣਾ ਸੀ ਤਾਂ ਮੈਨੂੰ ਓਥੋਂ ਕਿਉਂ ਚੱਕ ਕੇ ਲਿਆਇਆ ਸੀ ਵੇ ਪਾਪੀਆ?'' ਬੰਤ ਦੇ ਇਨ੍ਹਾਂ ਬੋਲਾਂ ਨੇ ਕਾਕੇ ਦੀ ਸੋਚ 'ਤੇ ਪੱਕੀ ਮੋਹਰ ਲਾ ਦਿੱਤੀ।

''ਇਹ ਤਾਂ ਭਾਈ ਉਹਦਾ ਕੋਈ ਚੰਗਾ ਕੰਮ ਨੀ।'' ਸਾਹਮਣੇ ਘਰ ਵਾਲਿਆ ਦੀ ਦਲੀਪੋ ਨੇ ਖੰਭੇ ਵਾਂਗ ਸਥਿਰ ਖੜ੍ਹੇ ਕਾਕੇ ਵੱਲ ਅੱਖਾਂ ਕੱਢੀਆਂ।

''ਜੇ ਇਹਦਾ ਕੋਈ ਅੱਗਾ-ਪਿੱਛਾ ਨੀ ਤਾਂ ਇਹ ਵਿਚਾਰੀ ਉਈਂ ਤਾਂ ਨੀ ਮਾਰਨੀ।'' ਤੇਜੇ ਦੇ ਪਿਛਲੇ ਘਰ ਵਾਲੀ ਗੁਆਂਢਣ ਉਨ੍ਹਾਂ ਦੇ ਰੋਜ ਰੋਜ਼ ਦੇ ਕਜੀਆ-ਕਲੇਸ਼ ਤੋਂ ਦੁਖੀ ਸੀ।

''ਕਾਕਿਆ, ਇਹਦਾ ਭਾਈ ਕੋਈ ਹੀਲਾ ਕਰ। ਰੋਜ ਤੈਨੂੰ ਦੁਰ-ਅਸੀਸਾਂ ਦਿੰਦੀ ਐ। ਰੋਜ ਪਾਪਾਂ ਦਾ ਭਾਗੀ ਤੂੰ ਬਣਦੈਂ।'' ਨਛੱਤਰ 'ਕਾਲੀ ਦਾ ਵੀ ਬੰਤ ਦੀ ਹਾਲਤ ਵੇਖ ਕੇ ਦਿਲ ਪਿਘਲ ਗਿਆ।

''ਇਹਨੇ ਮੇਰੀ ਜਾਨ ਬਚਾਈ ਸੀ. ਇਹ ਚਾਹੇ ਮੇਰੇ ਇਥੇ ਟੋਟੇ-ਟੋਟੇ ਕਰਦੇ. ਮੈਨੂੰ ਭੋਰਾ ਦੁੱਖ ਨੀ ਪਰ ਮੈਂ ਤੇਜੇ ਦੇ ਤੀਓਂ ਕਾਲ ਨੀ ਜਾਂਦੀ ਹੁਣ।'' ਬੰਤ ਨੇ ਆਪਣਾ ਪੱਕਾ ਫ਼ੈਸਲਾ ਕਾਕੇ ਦੇ ਕੰਨਾਂ ਵਿੱਚੋਂ ਦੀ ਵੀ ਕੱਢ ਦਿੱਤਾ।

''ਐਂ ਤੂੰ ਕਿਮੇਂ ਨੀ ਜਾਂਦੀ ਕੁੱਤੀਏ। ਨਿਕਲ ਜਾ ਮੇਰੇ ਘਰੋਂ ਹੁਣੀ।'' ਕਾਕੇ ਦੇ ਘਰ ਆ ਗਏ ਦਾ ਪਤਾ ਲੱਗਣ 'ਤੇ ਸਰਵਣ ਕੇ ਘਰੋਂ ਆਈ ਜਲ ਕੁਰ ਨੇ ਬੰਤ ਦਾ ਵਾਰ ਰੋਕਿਆ।

''ਆਹ ਸਾਰੇ ਸੁਣਦੇ ਨੇ।'' ਉਸ ਨੇ ਸੰਗਲੀ ਗੋਲਾ ਸੁੱਟਣ ਵਾਲੇ ਖਿਡਾਰੀ ਵਾਂਗ ਉਂਗਲ ਆਪਣੇ ਸਿਰ ਉਪਰੋਂ ਘੁਮਾਈ। ''ਕਾਕਾ ਚਾਹੇ ਮੇਰੇ ਡੱਕਰੇ-ਡੱਕਰੇ ਕਰਦੇ ਪਰ ਮੈਂ ਇਥੋਂ ਨੀ ਜਾਂਦੀ। ਬੱਸ ਇਥੀ ਮਰਨੈ!'' ਉਸ ਨੇ ਕਾਕੇ ਵੱਲ ਉਂਗਲ ਸੇਧਦਿਆਂ ਮੁੜ ਆਪਣੇ ਖੱਬੇ ਹੱਥ ਦੀ ਹਥੇਲੀ 'ਤੇ ਮਾਰੀ।

''ਦੇਖੋ ਲੋਕੋ! ਕੀ ਜੁਲਮ ਆਇਐ! ਇਹ ਕੱਲ੍ਹ ਦੀ ਭੂਤਣੀ ਹੁਣ ਸਿਵਿਆਂ 'ਚ ਅੱਧ ਵੰਡਾਉਣ ਆ ਬੈਠੀ।'' ਜਲ ਕੁਰ ਨੇ ਆਪਣਾ ਹੁੰਗਾਰਾ ਭਰਵਾਉਣ ਲਈ ਲੋਕਾਂ ਨੂੰ ਵੰਗਾਰਿਆ।

''ਕੋਈ ਨਾ ਭੈਣੇ ਤੂੰ ਚੁੱਪ ਕਰ। ਆਪੇ ਵਗਜੂ ਜਦੋਂ ਗੁੱਸਾ ਢੈਲਾ ਹੋ ਗਿਆ।'' ਗੁਆਂਢਣ ਨੇ ਕੋਲੇ ਵਾਂਗ ਭਖੀ ਜਲ ਕੁਰ ਨੂੰ ਠੰਡਾ ਦਿਲਾਸਾ ਦਿੱਤਾ।

''ਐਂ ਕਿਮੇਂ ਵਗਜੂ! ਇਹ ਤਾਂ ਹੁਣ ਮੇਰੇ ਬੰਦੇ 'ਤੇ ਵੀ ਗਲਵਾ ਮਾਰੀਂ ਫਿਰਦੀ ਐ. ਅਕੇ ਤੂੰ ਇਹਦੀ ਕੀ ਲਗਦੀ ਐਂ?'' ਜਲ ਕੁਰ ਨੇ ਹੋਰ ਅੱਗ ਉਗਲੀ।

''ਤੂੰ ਚੁੱਪ ਕਰੇਂਗੀ ਕਿ ਲੈਣੀ ਐ ਭੂੰਗੇ ਦੀ ਮੁੱਠੀ?'' ਅੱਗੇ ਅੱਗੇ ਵਧ ਰਹੀ ਜਲ ਕੁਰ ਨੂੰ ਕਾਕੇ ਨੇ ਘੂਰਿਆ।

''ਕਿਉਂ, ਤੈਨੂੰ ਕੋਈ ਬਾਹਲਾ ਦਰਬ ਆਉਂਦੈ ਏਸ ਰੰਨ ਦਾ।'' ਜਲ ਕੁਰ ਦਾ ਅੰਦਰ ਮੱਚ ਗਿਆ।

''ਤੇਰੀ ਨੀ ਭੈਣ ਦੀ......।'' ਕਾਕੇ ਨੇ ਦੰਦ ਪੀਂਹਦੀ ਜਲ ਕੁਰ ਦੇ ਦੋ ਧਰ ਦਿੱਤੀਆਂ। ਉਹ ਇੱਕ ਦਮ ਪਿੱਟਦੀ ਗਾਲ੍ਹਾਂ ਦੇਣ ਲੱਗ ਪਈ ਜਿਵੇਂ ਕਾਕੇ ਤੋਂ ਉਸਦੀ ਕੋਈ ਸਵਿੱਚ ਦੱਬੀ ਗਈ ਹੋਵੇ। ਗਾਲ੍ਹਾਂ ਦੇ ਜਵਾਬ ਵਿੱਚ ਕਾਕਾ ਮੁੱਕੀ ਵੱਟਦਾ ਉਸ ਵੱਲ ਫਿਰ ਆਇਆ ਤਾਂ ਬੰਦੇ-ਬੁੜੀਆਂ ਨੇ ਫੜ ਲਿਆ। ਕਾਕੇ ਦੇ ਪਿੱਛੇ ਪਿੱਛੇ ਖੇਤੋਂ ਆਈ ਅਮਰੋ ਅਤੇ ਇੱਕ ਹੋਰ ਬੁੜੀ ਗਾਲ੍ਹਾਂ ਦਿੰਦੀ ਜਲ ਕੁਰ ਨੂੰ ਬਾਂਹੋਂ ਫੜਕੇ ਸਰਵਣ ਕੇ ਘਰ ਲੈ ਗਈਆਂ। ਦੋ ਗੁਆਂਢਣਾਂ ਜਿੰਦ ਫੜ ੀਂ ਬੈਠੀ ਬੰਤ ਕੋਲ ਹੀ ਕਾਕੇ ਕੇ ਘਰ ਪੈ ਗਈਆਂ। ਦੂਸਰੇ ਦਿਨ ਸਵੇਰੇ ਯੁੱਧ ਫਿਰ ਸ਼ੁਰੂ ਹੋ ਗਿਆ। ਸਰਵਣ ਹੋਰਾਂ ਨੇ ਬੰਤ ਅਤੇ ਜਲ ਕੁਰ ਨੂੰ ਬਥੇਰਾ ਸਮਝਾਇਆ ਪਰ ਗੱਲ ਮੰਝਧਾਰ 'ਚ ਫਸੀ ਬੇੜੀ ਵਾਂਗ ਕਿਸੇ ਸਿਰੇ ਨਾ ਲੱਗੀ। ਬੰਤ ਦੀ ਬੱਸ ਇੱਕੋ ਅੜੀ ਸੀ. 'ਮੈਂ ਇਥੇ ਮਰ ਜਾਣੈ ਪਰ ਤੇਜੇ ਦੇ ਘਰ ਜਾ ਕੇ ਪੈਰ ਨਹੀਂ ਦੇਣੀ।' ਕਾਕੇ ਨੇ ਵੀ ਹੁਣ ਬੰਤ ਨੂੰ ਘਰ ਰੱਖ ਲੈਣ ਦਾ ਪੱਕ ਪਕਾ ਲਿਆ ਸੀ। ਬੰਤ ਦੀ ਤਰਸਯੋਗ ਹਾਲਤ ਉਸ ਤੋਂ ਵੇਖੀ ਨਹੀਂ ਜਾਂਦੀ ਸੀ। ਰੋਜ਼ ਕੋਠੇ ਚੜ੍ਹ ਕੇ ਗਾਲ੍ਹਾਂ ਦੇਣਾ ਉਸ ਨੂੰ ਆਰ ਵਾਂਗ ਚੁਭਦਾ ਸੀ। ਜਾਇਦਾਦ ਦਾ ਕੋਈ ਵਾਰਸ ਪੈਦਾ ਕਰਨ ਦਾ ਲਾਲਚ ਵੀ ਬੰਤ ਨੂੰ ਘਰ ਰੱਖ ਲੈਣ ਦੇ ਹੱਕ ਵਿੱਚ ਆ ਖੜ੍ਹਿਆ ਸੀ. ਜਿਸਨੂੰ ਉਹ ਮਨ ਦੇ ਕਿਸੇ ਕੋਨੇ ਵਿੱਚ ਹੁਣ ਤੱਕ ਦੱਬੀਂ ਫਿਰਦਾ ਸੀ। ਹੁਣ ਉਸ ਨੂੰ ਆਪਣੀ ਇਹ ਰੀਝ ਪੂਰੀ ਕਰਨ ਦਾ ਪੱਕਾ ਬਹਾਨਾ ਮਿਲ ਗਿਆ ਸੀ। ਉਧਰ ਜਲ ਕੁਰ ਨੂੰ ਬੰਤ ਦਾ ਸੌਂਕਣ ਬਣ ਕੇ ਘਰ ਰਹਿਣਾ ਕਿਸੇ ਵੀ ਹਾਲਤ 'ਚ ਮਨਜ਼ੂਰ ਨਹੀਂ ਸੀ। ਉਸਨੇ ਦੋਵਾਂ 'ਚੋਂ ਇੱਕ ਦੀ ਬਾਂਹ ਫੜਨ ਲਈ ਕਾਕੇ ਨੂੰ ਲਲਕਾਰਿਆ ਸੀ. ''ਸਰਦਾਰ ਜੀ. ਹੁਣ ਏਸ ਘਰ 'ਚ ਇਹ ਰਹੂ ਜਾਂ ਮੈਂ!''

''ਇਹ ਤਾਂ ਇਥੀ ਰਹੂ. ਰਹਿਣਾ ਕਰਨਾ ਤੇਰੀ ਮਰਜੀ ਐ।'' ਕਾਕੇ ਨੇ ਤੋੜ ਕੇ ਜਵਾਬ ਦੇ ਦਿੱਤਾ।

''ਤੇਰੀ ਇਹ ਗੱਲ........।'' ਜਲ ਕੁਰ ਦੀ ਗੱਲ ਅਜੇ ਪੂਰੀ ਨਹੀਂ ਹੋਈ ਸੀ ਕਿ ਬਾਹਰੋਂ ਤੇਜੇ ਦਾ ਬੋਲ ਗੂੰਜਿਆ. ''ਮੇਰੀ ਤੀਮੀਂ ਕੱਢ ਓਏ ਬਾਹਰ ਕਾਕਿਆ।''

''ਲੈ...ਹੁਣ ਇਹਦੇ ਤੀਮੀਂ ਯਾਦ ਆ ਗੀ ਪੀ ਕੇ ਘੁੱਟ। ਕੱਲ੍ਹ ਦੀ ਗੌਰ ਈ ਨੀ ਕਰੀ ਵੀ ਮੇਰੀ ਤੀਮੀਂ ਕਿੱਥੇ ਐ।'' ਅਮਲੀ ਨੇ ਤੇਜੇ 'ਤੇ ਵਿਅੰਗ ਕਸਿਆ ਫਿਰ ਉਸਨੇ ਕੋਲ ਖੜ੍ਹੇ ਦੇ ਕੰਨ ਵਿੱਚ ਹੌਲੀ ਦੇਣੇ ਫੂਕ ਮਾਰੀ. ''ਤੀਮੀਂ ਤਾਂ ਹੁਣ ਪੱਕੀਓ ਕਾਕੇ ਦੀ ਛਤਰੀ 'ਤੇ ਆ ਉਤਰੀ।''

''ਆਜਾ ਦੇਮਾਂ ਤੀਮੀਂ ਤੈਨੂੰ!'' ਕਾਕੇ ਨੇ ਉਸ ਨੂੰ ਅੰਦਰ ਆਉਣ ਲਈ ਵੰਗਾਰਿਆ।

''ਹੁਣ ਤੂੰ ਓਹਦਾ ਕੀ ਲਗਦੈਂ ਓਏ!'' ਤੇਜਾ ਕਾਕੇ ਤੋਂ ਡਰਦਾ ਬਾਰ ਵਿੱਚ ਹੀ ਪੈਰ ਮਲ ਗਿਆ।

''ਕੁਛ ਮਰਜੀ ਲਗਦਾ ਹੋਮਾਂ। ਐਂ ਤੈਨੂੰ ਮਰਵਾਉਣ ਨੂੰ ਤਾਂ ਨੀ ਦਿੱਤੀ ਤੀ। ਜਾਹ ਅਵਦੇ ਘਰੇਂ ਜਾਹ ਸਿੱਧਾ ਹੋ ਕੇ, ਉਹ ਤਾਂ ਇਥੀ ਰਹੂ।''

''ਐਂ ਕਿਮੇਂ ਵਗਜਾਂ। ਇੱਕ ਪਾਸਾ ਕਰਕੇ ਜਾਊਂ!''

''ਤੂੰ ਚੁੱਪ ਕਰ ਤੇਜਿਆ। ਮੈਂ ਆਪੇ ਕਰੂੰ ਗੱਲ।'' ਸਰਵਣ ਨੇ ਤੇਜੇ ਨੂੰ ਬੋਲਣੋ ਰੋਕ ਲਿਆ।

''ਇੱਕ ਪਾਸਾ ਤਾਂ ਪਹਿਲਾਂ ਸਰਦਾਰ ਜੀ ਤੇਰੇ ਨਾਲ ਮੈਂ ਕਰਨੈ।'' ਜਲ ਕੁਰ ਨੇ ਕਾਕੇ ਨੂੰ ਅੱਗੋਂ ਵਲ ਲਿਆ।

''ਤੂੰ ਚੁੱਪ ਕਰ ਭਾ....।''

''ਤੂੰ ਪਰ੍ਹਾਂ ਹਟ ਕੇ ਖੜਜਾ!'' ਉਹ ਸ਼ੇਰਨੀ ਵਾਂਗ ਗਰਜਦੀ ਸਰਵਣ ਨੂੰ ਟੁੱਟ ਕੇ ਪੈ ਗਈ। ਜਲ ਕੁਰ ਦੀ ਗਰਜ ਸਾਰਿਆਂ ਦੇ ਮੂੰਹ ਸਿਉਂ ਗਈ। ਉਹ ਥਾਂ ਦੀ ਥਾਂ ਪੱਥਰ ਬਣੇ ਖੜ੍ਹੇ ਜਲ ਕੁਰ ਵੱਲ ਬਿਟਰ ਬਿਟਰ ਵੇਖਣ ਲੱਗ ਪਏ।

''ਤੂੰ ਮੈਨੂੰ ਅਖੀਰੀ ਦੱਸਦੇ, ਇਹਨੂੰ ਰੱਖਣੈ ਜਾਂ ਮੈਨੂੰ?'' ਜਲ ਕੁਰ ਨੇ ਰੋਅਬ ਨਾਲ ਕੰਬਦੀ ਬਾਂਹ ਪਹਿਲਾਂ ਬੰਤ ਵੱਲ ਸੇਧੀ ਅਤੇ ਫਿਰ ਆਪਣੀ ਛਾਤੀ 'ਤੇ ਠੋਕਵਾਂ ਹੱਥ ਮਾਰਿਆ।

''ਮੈਂ ਤੈਨੂੰ ਇਥੇ ਰਹਿਣੋ ਕਦੋਂ ਹਟਾਉਣਾ ਪਰ ਇਹ ਵੀ ਇਥੀ ਰਹੂਗੀ।''

''ਜੇ ਇਹ ਇਥੇ ਰਹੂ ਤਾਂ ਇਹ ਮੇਰਾ ਘਰ ਨੀ ਹੈ ਫੇਰ।'' ਗੁੱਸੇ ਨਾਲ ਜਲ ਕੁਰ ਦੀਆਂ ਲੱਤਾਂ ਕੰਬਣ ਲੱਗ ਪਈਆਂ। ਅੱਖਾਂ 'ਚੋਂ ਸੇਕ ਮਾਰਨ ਲੱਗ ਪਿਆ। ਉਹ ਲੁਹਾਰ ਦੇ ਭੱਠੀ 'ਚ ਤਪਾਏ ਲੋਹੇ ਵਾਂਗ ਸੁਰਖ ਹੋ ਗਈ।

''ਲੈ ਹੈ ਬੋਲੀ। ਹੋਰ ਤੇਰਾ ਘਰ ਕਿਹੜੈ?'' ਅਮਰੋ, ਜਲ ਕੁਰ ਨੇੜੇ ਆਈ ਪਰ ਉਸ ਨੇ ਮੋਢੇ ਤੋਂ ਅਮਰੋ ਦਾ ਹੱਥ ਬਿਜਲੀ ਦੇ ਝਟਕੇ ਵਾਂਗ ਪਰ੍ਹਾਂ ਛੰਡ ਦਿੱਤਾ, ''ਤੂੰ ਚੁੱਪ ਕਰ ਹੁਣ, ਮੈਨੂੰ ਬੋਲਣ ਦੇ!''

''ਤੇਰੀ ਇਹ ਪੱਥਰ 'ਤੇ ਲਕੀਰ ਐ?'' ਜਲ ਕੁਰ ਨੇ ਆਪਣੀ ਉਂਗਲ ਰਫ਼ਲ ਵਾਂਗ ਕਾਕੇ ਵੱਲ ਸੇਧ ਲਈ। ਮਨ ਹੀ ਮਨ ਲਏ ਫ਼ੈਸਲੇ ਦੇ ਤੇਜ ਨਾਲ ਉਹ ਕੋਲੇ ਵਾਂਗ ਭਖ ਗਈ।

''ਹਾਂ ਪੱਥਰ 'ਤੇ ਈ ਲਕੀਰ ਸਮਝ ਲੈ।''

''ਆਹ ਸਾਰਾ ਪਿੰਡ ਸੁਣਦੈ। ਮੈਂ ਕਿਸੇ ਕੁੱਤੀ ਦੇ ਜੰਮੀ ਹੋਊਂ ਜੇ ਤੇਰੇ ਘਰੇਂ ਕਦੇ ਪੈਰ ਦੇਜਾਂ। ਮੇਰੀ ਵੀ ਫੇਰ ਪੱਥਰ 'ਤੇ ਈ ਲਕੀਰ ਐ!'' ਉਸਨੇ ਸੂਲੀ ਦੀ ਛਾਲ ਲਾਉਣ ਲੱਗੇ ਬਾਜ਼ੀਗਰ ਵਾਂਗ ਆਲੇ-ਦੁਆਲੇ ਖੜ੍ਹੇ ਲੋਕਾਂ ਵੱਲ ਵੇਖਿਆ, ''ਲੈ ਮੈਂ ਚੱਲੀ ਆਂ ਫੇਰ, ਹੁਣ ਨਾ ਮੈਨੂੰ ਰੋਕੀਂ।'' ਜਲ ਕੁਰ ਰੋਅਬ ਨਾਲ ਉਂਗਲ ਅਸਮਾਨ ਵੱਲ ਸੇਧਦੀ ਬਾਹਰ ਵੱਲ ਤੁਰ ਪਈ ਜਿਵੇਂ ਕੋਈ ਭਲਵਾਨ ਕੁਸ਼ਤੀ ਜਿੱਤ ਕੇ ਮੜਕ ਨਾਲ ਤੁਰਦਾ ਅਖਾੜੇ ਤੋਂ ਬਾਹਰ ਨਿਕਲਦਾ ਹੈ। ਸਾਰੇ ਲੋਕ ਡਰਨਿਆਂ ਵਾਂਗ ਖੜ੍ਹੇ ਤੁਰੀ ਜਾਂਦੀ ਜਲ ਕੁਰ ਵੱਲ ਵੇਖਣ ਲੱਗ ਪਏ।

''ਚਲ ਵੇ ਤੇਜਿਆ। ਆਪਣੇ ਘਰ ਚੱਲੀਏ।'' ਸਾਰਿਆਂ ਦੇ ਮੂੰਹ ਹੈਰਾਨੀ ਵਿੱਚ ਟੱਡੇ ਰਹਿ ਗਏ, ਜਲ ਕੁਰ ਨੇ ਬਾਰ 'ਚ ਖੜ੍ਹੇ ਤੇਜੇ ਦੀ ਬਾਂਹ ਜਾ ਫੜੀ।

''ਬੁ....ਰ.....ਰ...ਅ! ਆਹ ਚੱਲਿਐ ਓਏ ਜੱਟ!'' ਤੇਜੇ ਦਾ ਸਿਰ ਉੱਤੇ ਤਪਦੇ ਸੂਰਜ ਵਰਗਾ ਲਲਕਾਰਾ ਗੂੰਜਿਆ। ਉਹ ਜਲ ਕੁਰ ਨਾਲ ਤੁਰ ਪਿਆ। ਜਲ ਕੁਰ ਦੇ ਇਸ ਫ਼ੈਸਲੇ ਨੇ ਸਾਰਿਆਂ ਦੇ ਸਿਰ ਚਕਰਾ ਦਿੱਤੇ। ਲੋਕ ਜਿਉਂਦੀਆਂ ਲਾਸ਼ਾਂ ਵਾਂਗ ਖੜ੍ਹੇ ਤੇਜੇ ਨਾਲ ਮੜਕ ਨਾਲ ਤੁਰੀ ਜਾ ਰਹੀ ਜਲ ਕੁਰ ਵੱਲ ਵੇਖ ਰਹੇ ਸਨ। ਤੇਜੇ ਨੂੰ ਲਈਂ ਜਾਂਦੀ ਜਲ ਕੁਰ ਨੇ ਬੀਹੀ ਦਾ ਮੋੜ ਮੁੜਨ ਲੱਗਿਆਂ ਇੱਕ ਵਾਰ ਕਾਕੇ ਦੇ ਬਾਰ ਅੱਗੇ ਹੈਰਾਨ ਖੜ੍ਹੇ ਲੋਕਾਂ ਵੱਲ ਆਪਣੀ ਜਿੱਤ ਦੀ ਨਜ਼ਰ ਸੁੱਟੀ ਤੇ ਅਲੋਪ ਹੋ ਗਈ। ਇੱਕ ਸਵਾਲ ਸਾਰਿਆਂ ਦੇ ਦਿਮਾਗ ਵਿੱਚ ਪੁੱਠਾ ਲਟਕ ਗਿਆ।

# ਭਾਗ ਦੂਜਾ

## 1

ਸ਼ਾਮ ਦਾ ਘਸਮੈਲਾ ਜਿਹਾ ਹਨ੍ਹੇਰੇ ਵਿੱਚ ਬਦਲ ਰਿਹਾ ਸੀ। ਖੇਤੀਂ ਗਏ ਲੋਕ ਕਦੋਂ ਦੇ ਘਰਾਂ ਨੂੰ ਮੁੜ ਆਏ ਸਨ। ਸਿਰਫ਼ ਕੋਈ ਕੰਮ ਦਾ ਬਹੁਤਾ ਲਾਲਚੀ ਹੀ ਖੇਤੋਂ ਕੁਵੇਲਾ ਕਰਕੇ ਤੁਰਿਆ, ਥੱਕਿਆ ਹੋਇਆ ਪਿੰਡ ਨੂੰ ਆਉਂਦੇ ਰਾਹ 'ਤੇ ਲੱਤਾਂ ਘੜੀਸਦਾ ਦਿਸਦਾ ਸੀ। ਆਥਣੇ ਰੋਟੀ-ਟੁੱਕ ਦੇ ਵੇਲੇ, ਘਰਾਂ ਦੇ ਚੁੱਲ੍ਹਿਓਂ ਨਿਕਲੇ ਧੂੰਏਂ ਦੇ, ਹਨੇਰੇ ਵਿੱਚ ਚਾਰੇ ਪਾਸੇ ਫੈਲਣ ਵਾਂਗ ਗੱਲ ਧੁਖਦੀ ਧੁਖਦੀ, ਮੂੰਹੋਂ-ਮੂੰਹ ਹੁੰਦੀ ਸਿੰਦੂ ਕੇ ਸਾਰੇ ਵਿਹੜੇ ਵਿੱਚ ਫੈਲ ਗਈ ਸੀ, ''ਸੁਰਜੀ ਭੱਜ ਗਈ!''

''ਹੈਂ ਭੱਜ ਗੀ?'' ਕੋਈ ਸੁਣਨ ਵਾਲਾ ਪਹਿਲਾਂ ਹੈਰਾਨ ਹੁੰਦਾ ਅਤੇ ਫਿਰ 'ਖੀਂ ਖੀਂ' ਕਰਦਾ ਹੱਸ ਪੈਂਦਾ।

''ਲੈ....ਵਿਚਾਰਿਆਂ ਨੇ ਮਸਾਂ ਲਿਆਂਦੀ ਤੀ।'' ਕੋਈ ਬੁੜੀ ਸਿੰਦੂਕਿਆਂ ਨਾਲ ਹਮਦਰਦੀ ਜਤਾਉਂਦੀ।

ਜਿਹੜਾ ਵੀ ਸੁਣਦਾ ਸਿੰਦੂ ਕੇ ਘਰ ਵੱਲ ਭੱਜ ਤੁਰਦਾ। ਕੋਈ ਹਮਦਰਦੀ ਵਜੋਂ, ਕੋਈ ਟਾਈਮਪਾਸ ਲਈ, ਕੋਈ ਤਮਾਸ਼ਾ ਵੇਖਣ ਲਈ। ਹੌਲੀ ਹੌਲੀ ਸਿੰਦੂ ਕੇ ਬਾਰ ਅੱਗੇ ਕੀੜਿਆਂ ਦੇ ਭੌਣ ਵਾਂਗ ਲੋਕਾਂ ਦਾ ਇਕੱਠ ਜਮ੍ਹਾ ਹੋ ਗਿਆ।

''ਐਂ ਕਿਮੇਂ ਭੱਜਗੀ?'' ਸਿੰਦੂ ਦੇ ਘਰਾਂ 'ਚੋਂ ਤਾਏ ਲਗਦੇ ਸਰਵਣ ਨੇ ਸਿੰਦੂ ਦਾ ਮੋਢਾ ਹਲੂਣਦਿਆਂ ਪੁੱਛਿਆ।

''ਕੀ ਪਤੈ? ਅਸੀਂ ਤਾਂ ਓਦੋਂ ਅਜੇ ਖੇਤੋਂ ਨੀ ਆਏ ਤੀ। ਤਾਈ ਅਮਰੋ ਨੂੰ ਮਿਲੀ ਤੀ। ਕਹਿੰਦੀ ਤੀ ਬਾਰ੍ਹਾਂ ਕਣੀ ਜਾ ਕੇ ਆਉਣੀ ਆਂ। ਊ ਰੋਜ ਜਾਂਦੀ ਤੀ, ਮੁੜ ਆਉਂਦੀ ਤੀ। ਅੱਜ ਜਦੋਂ ਸਾਡੇ ਆਇਆਂ ਤੋਂ ਬਾਅਦ ਵੀ ਘੰਟਾ ਨੀ ਮੁੜੀ ਤਾਂ ਮਗਰ ਮੈਂ ਅਮਰੋ ਤਾਈ ਨੂੰ ਭੇਜਿਆ ਪਤਾ ਲੈਣ। ਉਹਨੇ ਜਾ ਕੇ ਦੇਖਿਆ, ਉਥੇ ਹੈ ਨੀ ਤੀ।''

''ਕੀ ਪਤੈ ਐਥੀ ਕਿਤੇ ਨਰਮੇਂ 'ਚ ਲੁਕੀ ਬੈਠੀ ਹੋਵੇ। ਜਾਂਦੀ ਦਾ ਕਿਸੇ ਨੂੰ ਪਤਾ ਤਾਂ ਲਗਦਾ। ਖੇਤੋਂ ਆਉਂਦੇ ਕਿਸੇ ਨੂੰ ਤਾਂ ਦਿਹਦੀ। ਉਹ ਕਿਹੜਾ ਕੋਈ ਛਲੇਡੈ ਵੀ ਅਈਂ ਛਾਈਂ-ਮਾਈਂ ਹੋਜੂਗੀ। ਚਲੋ ਆਪਾਂ ਇੱਕ ਵਾਰੀ ਗ਼ੌਰ ਤਾਂ ਕਰੀਏ ਸਾਰੇ। ਚਲ ਚੱਲੀਏ।'' ਸਰਵਣ ਉੱਠ ਕੇ ਤੁਰ ਪਿਆ। ਉਸਦੇ ਪਿੱਛੇ ਦੋਵੇਂ ਭਰਾ ਸਿੰਦੂ 'ਤੇ ਰੋਹੀ ਅਤੇ ਬਾਰ ਅੱਗੇ ਖੜ੍ਹੇ ਸਾਰੇ ਲੋਕ ਤੁਰ ਪਏ।

ਢਹਿਆਂ ਦੇ ਕੁੱਤਿਆਂ ਵਾਂਗ ਸਾਰੇ ਮੁਸ਼ਕਾਂ ਲੈਂਦੇ ਨਿਆਈਂ ਦੇ ਨਰਮਿਆਂ ਵਿੱਚ ਜਾ ਵੜੇ। ਨਰਮੇ, ਕਪਾਹਾਂ ਵਿੱਚ 'ਖਪੜ ਖਪੜ' ਕਰਦਿਆਂ ਸਾਰੇ ਹੇਲਾ ਦੇ ਦਿੱਤੀਆਂ। ਕੋਈ ਬੈਟਰੀ ਵਾਲਾ ਛਟੀਆਂ ਦੀਆਂ ਜੜ੍ਹਾਂ ਵਿੱਚ ਸਹਿ ਕੇ ਦੂਰ ਤੱਕ ਬੈਟਰੀ ਮਾਰ ਕੇ ਦੇਖਦਾ ਪਰ ਛਟੀਆਂ ਦੇ ਪੱਤੇ ਜਾਂ ਤੇਰੇ-ਫੇਰੇ ਨਾਲ ਡਿੱਗੀਆਂ ਕਪਾਹ ਦੀਆਂ ਫੁੱਟੀਆਂ ਤੋਂ ਇਲਾਵਾ ਕੁਝ ਨਜ਼ਰ ਨਾ ਆਉਂਦਾ। ਕਈ ਉੱਝ ਹੀ ਚਾਂਭਲੇ ਛਟੀਆਂ 'ਤੇ ਸੋਟੀਆਂ ਮਾਰਦੇ ਅੰਨ੍ਹੇ ਝੋਟੇ ਵਾਂਗ ਕਪਾਹਾਂ, ਨਰਮੇ ਭੇਲਦੇ ਰਹੇ। ਜਦੋਂ ਸਭ ਦੀ ਬੇਵਾਹ ਹੋ ਗਈ ਸਰਵਣ ਨੇ ਸਾਰੇ ਹਥਿਆਰ ਸੁੱਟਦਿਆਂ ਕਿਹਾ, ''ਚਲੋ ਛੱਡੋ ਮੁੰਡਿਓ, ਸਵੇਰੇ ਬਣਾਉਣਿਆਂ ਕੋਈ ਹੀਲਾ।''

ਸਾਰੇ ਉਥੋਂ ਵਾਪਸ ਆ ਗਏ। ਕੋਈ ਰਾਹ 'ਚੋਂ ਹੀ ਪੈਰ ਜਿਹੇ ਮਲਦਾ ਆਪਣੇ ਘਰ ਨੂੰ ਤੁਰ ਗਿਆ ਅਤੇ ਕੋਈ ਸਿੰਦੂ ਕੇ ਬਾਰ ਅੱਗੋਂ। ਕਈ ਸਿਆਣੇ ਸਿੰਦੂ ਨਾਲ ਘਰ ਤੱਕ ਆ ਗਏ ਅਤੇ ਕਾਫ਼ੀ ਚਿਰ ਗੱਲਾਂ ਕਰਦੇ, ਹਮਦਰਦੀ ਜਤਾਉਂਦੇ ਰਹੇ ਤੇ ਫਿਰ ਔਖਾ ਜਿਹਾ ਸਾਹ ਲੈਂਦੇ 'ਚੰਗਾ ਭਾਈ' ਕਹਿ ਕੇ ਤੁਰ ਗਏ।

ਸਿੰਦੂ ਨੇ ਲਾਈਟ ਦੇ ਚਾਨਣੇ ਵੇਖਿਆ, ਉਸਦੇ ਸਾਰੇ ਕੱਪੜਿਆਂ 'ਤੇ ਨਰਮੇ ਦੀਆਂ ਛਟੀਆਂ ਨੇ ਘਸ ਘਸ ਕੇ ਜਾਮਣੀ ਜਿਹੀਆਂ ਲੀਕਾਂ ਪਾ ਦਿੱਤੀਆਂ ਸਨ। ਦੋਵੇਂ ਬਾਹਵਾਂ ਉਪਰ ਛਟੀਆਂ ਦੀਆਂ ਨਹੁੰਦਰਾਂ ਦੇ ਨਿਸ਼ਾਨ ਪੈ ਗਏ ਸਨ। ਦੋਵੇਂ ਭਰਾ ਬਰਾਂਡੇ ਵਿੱਚ ਹੀ ਢੇਰੀ ਜਿਹੀ ਢਾਹ ਕੇ ਬੈਠ ਗਏ। ਕਿੰਨਾ ਹੀ ਚਿਰ ਇੱਕ ਦੂਜੇ ਵੱਲ ਹਮਦਰਦੀ ਭਾਲਦੀਆਂ ਨਜ਼ਰਾਂ ਨਾਲ ਵੇਖਦੇ ਰਹੇ। ਸਾਰੇ ਘਰ ਵਿੱਚ ਸਿਵਿਆਂ ਵਰਗੀ ਚੁੱਪ ਪਸਰ ਗਈ। ਜੇ ਸੁਰਜੀ ਹੁੰਦੀ ਦੋਵਾਂ ਨੂੰ ਖੇਤੋਂ ਆਉਂਦਿਆਂ ਨੂੰ ਰੋਟੀ ਪਾ ਕੇ ਫੜਾ ਦੇਣੀ ਸੀ। ਚਾਹੇ ਉਹ ਦੋਵੇਂ ਕਾਹਲੀ ਕਾਹਲੀ ਦੋ ਦੋ ਪੈੱਗ ਲਾ ਹੀ ਲੈਂਦੇ ਸੀ ਪਰ ਸੁਰਜੀ ਦੀ ਮੱਲੋ-ਮੱਲੀ ਥਾਲਾਂ ਵਿੱਚ ਪਾ ਕੇ ਉਨ੍ਹਾਂ ਅੱਗੇ ਰੱਖੀ ਰੋਟੀ

ਖਾਣੀ ਹੀ ਪੈਂਦੀ ਸੀ। ਰੋਟੀ ਦਾ ਖ਼ਿਆਲ ਆ ਜਾਣ 'ਤੇ ਰੋਹੀ ਦੇ ਢਿੱਡੋਂ ਭੁੱਖ ਨੇ ਉਸਲਵੱਟੇ ਲਏ। ਉਸਨੇ ਉਦਾਸੀ ਜਿਹੀ ਨਜ਼ਰ ਚੁਲ੍ਹੇ ਵੱਲ ਫੇਰੀ। ਦੁਪਹਿਰੇ ਚਾਹ ਵੇਲੇ ਦੀ ਰਾਖ ਉਨ੍ਹਾਂ ਵਾਂਗ ਹੀ ਠੰਡੀ ਹੋਈ ਚੁੱਲ੍ਹੇ ਵਿੱਚ ਪਈ ਸੀ।

''ਸਿੰਦੂ, ਰੋਟੀ ਦਾ ਕਰ ਲੈਂਦਾ ਕੋਈ....।'' ਰੋਹੀ ਰੋਟੀ ਪਕਾ ਲੈਣ ਦੀ ਬੁਝਾਰਤ ਜਿਹੀ ਪਾ ਗਿਆ।

''ਧਾਰ ਵੀ ਕੱਢਣ ਆਲੀ ਪਈ ਐ, ਤੜਾਈ ਜਾਂਦੀ ਐ ਕੱਟੀ।'' ਸਿੰਦੂ ਨੇ ਬਿਮਾਰਾਂ ਵਰਗੀ ਢਿੱਲੀ ਜਿਹੀ ਅਵਾਜ਼ ਨਾਲ ਰੋਹੀ ਨੂੰ ਕਿਹਾ।

''ਚਲ ਮੈਂ ਕੱਢਦਾਂ।'' ਰੋਹੀ ਨੇ ਬਰਾਂਡੇ ਵਿੱਚੋਂ ਬਾਲਟੀ ਚੁੱਕ ਕੇ, ਨਲਕਾ ਗੇੜ ਕੇ ਥਣ ਧੋਣ ਜੋਕਰਾ ਪਾਣੀ ਪਾ ਲਿਆ। ਬਾਲਟੀ ਮੱਝ ਦੇ ਪਿੱਛੇ ਰੱਖ ਕੇ ਕੱਟੀ ਛੱਡ ਦਿੱਤੀ। ਤੋਕੜ ਮੱਝ ਰੋਹੀ ਨੂੰ ਘੂਰਦੀ ਲੱਤ ਮਾਰ ਗਈ।

''ਮੇਰੇ ਸਾਲਿਆਂ ਦਾ ਖੋਲਾ।'' ਰੋਹੀ ਨੇ ਕਹਿੰਦਿਆਂ ਕੱਟੀ ਮੁੜ ਕਿੱਲੇ 'ਤੇ ਬੰਨ੍ਹ ਦਿੱਤੀ।

''ਕਿਉਂ ਮਿਲੀ ਨੀ?'' ਸਿੰਦੂ ਨੇ ਭੜੋਲੀ 'ਚੋਂ ਆਟਾ ਕੱਢਦਿਆਂ ਚਿੰਤਾ ਵਿੱਚ ਡੁੱਬੇ ਨੇ ਪੁੱਛਿਆ।

''ਨਾਂਹ।''

''ਕਿਹੜਾ ਕੱਖ ਪਾਏ ਹੋਣੇ ਓਹਨੇ।'' ਸਿੰਦੂ ਨੂੰ ਸੁਰਜੀ 'ਤੇ ਖਿੱਝ ਜਿਹੀ ਆਈ।

ਬੀਹੀ ਵਾਲਾ ਬਾਰ 'ਥੱਪ ਥੱਪ' ਖੜਕਿਆ। ਰੋਹੀ ਖੋਲ੍ਹਣ ਚਲਾ ਗਿਆ।

''ਮੈਂ ਕਿਹਾ ਕਿੱਥੇ ਹੱਥ ਫੂਕੋਗੇ ਰਾਤ ਨੂੰ, ਤੇਰੀ ਤਾਈ ਤੋਂ ਲਹਾ ਲਿਆਇਆਂ ਦੋ ਦੋ ਮੰਨੀਆਂ।'' ਸਰਵਣ ਖੱਦਰ ਦੇ ਪੋਣੇ ਵਿੱਚ ਬੰਨ੍ਹੀਆਂ ਰੋਟੀਆਂ ਲਈਂ ਬਾਰ ਤੋਂ ਅੰਦਰ ਹੋ ਗਿਆ।

''ਪਹਿਲਾਂ ਕਿਹੜਾ ਤਾਇਆ ਹੁਣ ਤੱਕ ਫੂਕੇ ਨੀ। ਸਾਡੇ ਤਾਂ ਕਰਮਾਂ 'ਚ ਹੱਥ ਫੂਕਣੇ ਈ ਲਿਖ 'ਤੇ ਰੱਬ ਨੇ।'' ਰੋਹੀ ਨੇ ਬਾਰ ਭੇੜਦਿਆਂ ਉਸਦੇ ਪਿੱਛੇ ਤੁਰਦੇ ਨੇ ਕਿਹਾ। ਸਿੰਦੂ ਨੇ ਵੀ ਆਟਾ ਗੁੰਨ੍ਹਣ ਲਈ ਚੁੱਕੀ ਗੜ੍ਹਬੀ ਸਰਵਣ ਤਾਏ ਨੂੰ ਆਉਂਦਿਆਂ ਵੇਖ ਕੇ ਥਾਏਂ ਰੱਖ ਦਿੱਤੀ।

''ਕਾਹਨੂੰ ਖੇਚਲ ਕਰਨੀ ਤੀ ਤਾਇਆ।'' ਉਸਨੇ ਕਹਿੰਦਿਆਂ ਰੋਟੀਆਂ ਵਾਲਾ ਪੋਣਾ ਸਰਵਣ ਹੱਥੋਂ ਫੜ ਲਿਆ।

''ਲੈ ਜੇ ਗੁਆਂਢੀ ਨੀ ਔਖੇ-ਸੌਖੇ ਵੇਲੇ ਕੰਮ ਆਊ ਫੇਰ ਕੀ ਰਗੜ ਕੇ ਫੋੜੇ 'ਤੇ ਲਾਉਣੈ।'' ਸਰਵਣ ਗੁਆਂਢੀਆਂ ਵਜੋਂ ਦੁੱਖ-ਸੁੱਖ ਵੇਲੇ ਨਾਲ ਖੜ੍ਹਨਾ ਆਪਣਾ ਫਰਜ਼ ਸਮਝਦਾ ਸੀ। ਫਿਰ ਉਹ ਮੰਜੀ ਦੀ ਬਾਹੀ 'ਤੇ ਓਕੜੂ ਜਿਹਾ ਬੈਠਦਾ ਬੋਲਿਆ, ''ਨਾਲੇ ਮੈਂ ਕਹਿਣਾ ਸਵੇਰੇ ਸਦੇਹਾਂ ਸੁਨਾਮ ਜਾ ਆਈਂ, ਕੀ ਪਤੈ ਓਥੀ ਗਈ ਹੋਵੇ।''

''ਹਾਂ ਤਾਇਆ, ਕੇਰਾਂ ਜਾ ਕੇ ਤਾਂ ਆਊਂ। ਨਹੀਂ ਕਹੂੰ ਸਾਡਾ 'ਠਾਰਾਂ ਹਜ਼ਾਰ ਮੋੜ।'' ਸਿੰਦੂ ਪਹਿਲਾਂ ਹੀ ਸੁਨਾਮ ਜਾਣ ਦੀ ਸੋਚ ਰਿਹਾ ਸੀ।

''ਐਂ ਪਤਾ ਨੀ ਓਹਦੇ ਮਨ 'ਚ ਕੀ ਆਈ ਹੈ?'' ਸਰਵਣ ਦੇ ਅੰਦਰੋਂ ਸੁਰਜੀ ਦੇ ਇਸ ਤਰ੍ਹਾਂ ਭੱਜ ਜਾਣ ਦੀ ਹੈਰਾਨੀ ਅਜੇ ਤੱਕ ਨਿਕਲੀ ਨਹੀਂ ਸੀ।

''ਕੀ ਪਤੈ ਤਾਇਆ। ਹੁਣ ਤਾਂ ਦਸ-ਬਾਰਾਂ ਦਿਨਾਂ ਦਾ ਜੀਅ ਜਾ ਵੀ ਲਾ ਗਈ ਤੀ, ਪਹਿਲਾਂ ਤਾਂ ਪੰਜ-ਸੱਤ ਦਿਨ ਉਂਈ ਓਦਰੀ ਓਦਰੀ ਜੀ ਰਹੀ ਤੀ। ਪਹਿਲਾਂ ਤਾਂ ਰਾਖੀ ਵੀ ਵਥੇਰੀ ਰੱਖੀ ਐ ਐਮੇਂ ਕਹਿਦੀਏ। ਹੁਣ ਤਾਂ ਸਾਨੂੰ ਵੀ ਯਕੀਨ ਜਾ ਆ ਗਿਆ ਤੀ, ਵੀ ਹੁਣ ਨੀ ਇਹੇ ਕਿਧਰੇ ਜਾਂਦੀ। ਕੀ ਪਤੈ ਹੁਣ ਤੀਮੀਂ ਦੇ ਮਨ ਦਾ, ਪਾਣੀ ਦੇ ਭਰੇ ਥਾਲ ਮਾਂਗੂੰ ਕਦੋਂ ਡੋਲਜੇ।'' ਸਿੰਦੂ ਨੇ ਹਵਾ ਵਿੱਚ ਖ਼ਾਲੀ ਹੱਥ ਇਸ ਤਰ੍ਹਾਂ ਹਿਲਾਇਆ ਜਿਵੇਂ ਉਹ ਸੁਰਜੀ ਦੇ ਮਨ ਅੰਦਰ ਖ਼ਾਲੀ ਹੱਥ ਫੇਰ ਰਿਹਾ ਹੋਵੇ।

''ਚੰਗਾ ਭਾਈ ਸੰਭਾਲੋ ਆਪਣੇ-ਆਪ ਨੂੰ, ਸਭ ਠੀਕ ਹੋਜੂ।'' ਸਰਵਣ ਕਹਿੰਦਿਆਂ ਉੱਠ ਕੇ ਤੁਰ ਗਿਆ।

ਸਿੰਦੂ ਤੇ ਰੋੋਹੀ ਹੱਥ ਧੋ ਕੇ ਰੋਟੀਆਂ ਖਾਣ ਬੈਠ ਗਏ। ਦੋਵਾਂ ਦੇ ਬੁਰਕੀ ਗਲੋਂ ਹੇਠਾਂ ਨਹੀਂ ਉਤਰ ਰਹੀ ਸੀ ਜਿਵੇਂ ਸੁਰਜੀ ਭੱਜੀ ਨਹੀਂ ਸਗੋਂ ਉਨ੍ਹਾਂ ਦੇ ਗਲਾਂ ਵਿੱਚ ਆ ਫਸੀ ਹੋਵੇ। ਸੱਤ ਸੱਤ ਰੋਟੀਆਂ ਖਾਣ ਵਾਲੇ ਦੋਵੇਂ ਇੱਕ ਇੱਕ ਰੋਟੀ ਖਾ ਕੇ ਖੜ੍ਹੇ ਹੋ ਗਏ। ਬਾਕੀ ਦੀਆਂ ਬਚਦੀਆਂ ਪੋਣੇ ਵਿੱਚ ਓਵੇਂ ਲਵੇਟ ਕੇ ਸਬਾਤ ਵਿਚਲੀ ਲੱਕੜ ਦੀ ਅਲਮਾਰੀ ਵਿੱਚ ਰੱਖ ਦਿੱਤੀਆਂ। ਰੋਹੀ ਨੇ ਆਪਣਾ ਮੰਜਾ

ਹਮੇਸ਼ਾ ਵਾਂਗ ਬਰਾਂਡੇ ਵਿੱਚ ਡਾਹ ਲਿਆ। ਸਿੰਦੂ ਨੇ ਨਵਾਂ ਗਦੈਲਾ ਸਬਾਤ ਵਿੱਚ ਵਿਛਾ ਲਿਆ। ਨਵਾਂ ਗਦੈਲਾ ਵੇਖ ਕੇ ਉਸ ਨੂੰ ਫਿਰ ਸੁਰਜੀ ਯਾਦ ਆ ਗਈ। ਪਹਿਲਾਂ ਤਾਂ ਉਸ ਕੋਲ ਵੀ ਮੈਲਾ ਜਿਹਾ, ਥਾਂ ਥਾਂ ਤੋਂ ਲੇਗੜ ਟੁੱਟਿਆ ਰਜਾਈ ਗਦੈਲਾ ਹੀ ਸੀ ਪਰ ਜਦੋਂ ਤੋਂ ਸੁਰਜੀ ਮੁੱਲ ਲਿਆਂਦੀ ਸੀ, ਉਸਨੇ ਮਾਂ ਦੀ ਪੇਟੀ ਵਿੱਚ ਪਿਆ ਇੱਕੋ-ਇੱਕ ਨਵਾਂ ਰਜਾਈ ਗਦੈਲਾ ਲਾ ਲਿਆ ਸੀ। ਪਹਿਲਾਂ ਤਾਂ ਉਸਦਾ ਜੀਅ ਕੀਤਾ ਕਿ ਉਹ ਇਹ ਨਵਾਂ ਰਜਾਈ ਗਦੈਲਾ ਪਰ੍ਹਾਂ ਵਗਾਹ ਮਾਰੇ ਪਰ ਫਿਰ ਉਸਨੂੰ ਉਸ ਰਜਾਈ ਗਦੈਲੇ 'ਚੋਂ ਸੁਰਜੀ ਦੀ ਸੁਗੰਧੀ ਜਿਹੀ ਆਈ। ਉਹ ਰਜਾਈ ਵਿੱਚ ਇੰਨੂ ਵਾਂਗ ਇਕੱਠਾ ਹੋ ਗਿਆ। ਅੱਜ ਉਸਨੂੰ ਪਹਿਲੇ ਦਿਨਾਂ ਨਾਲੋਂ ਕੁਝ ਜ਼ਿਆਦਾ ਹੀ ਠੰਡ ਮਹਿਸੂਸ ਹੋ ਰਹੀ ਸੀ। ਫਿਰ ਉਸਦੀਆਂ ਅੱਖਾਂ ਵਿੱਚੋਂ ਦੋ ਹੰਝੂ ਵੀ ਡਿੱਗੇ। ਪਤਾ ਨਹੀਂ ਇਹ ਉਹਨਾਂ ਦਾ ਅਠਾਰਾਂ ਹਜ਼ਾਰ ਖੁੱਸ ਜਾਣ ਦੇ ਸੀ ਜਾਂ ਸੁਰਜੀ ਦੇ ਮੋਹ ਕਰਕੇ ਜਾਂ ਦੋਵਾਂ ਕਾਰਨਾਂ ਕਰਕੇ। ਫਿਰ ਉਹ ਸਵੇਰੇ ਸੁਨਾਮ ਜਾਣ ਬਾਰੇ ਸੋਚੀਂ ਪੈ ਗਿਆ। 'ਜੇ 'ਕੱਲਾ ਗਿਆ ਤਾਂ ਉਹਨੇ ਤਾਂ ਰਾਹ ਈ ਨੀ ਦੇਣਾ। ਇੱਕ-ਦੋ ਬੰਦੇ ਨਾਲ ਲੈ ਕੇ ਜਾਮਾਂ। ਊਂ ਸੁਰਜੀ ਨੇ ਕੀਤੀ ਬੜੀ ਮਾੜੀ ਗੱਲ। ਸਿਆਣੇ ਵੀ ਝੂਠ ਨੀ ਮਾਰਦੇ, ਕਹਿੰਦੇ ਤੀਮੀਂਆਂ ਤਾਂ ਗੌਤਮ ਵਰਗੇ ਵੱਡੇ ਵੱਡੇ ਦੇਵਤਿਆਂ ਨੂੰ ਚਾਰ ਗੀਆਂ ਤੀ ਆਪਾਂ ਤਾਂ ਮਿੱਟੀ ਦੇ ਬੰਦੇ ਕਾਹਦੇ ਭਾਈਵਾਲ ਆਂ। ਚਲੋ! ਦੇਖਦਿਆਂ ਸਵੇਰੇ ਕੀ ਬਣਦੈ।' ਉਸਨੇ ਸੋਚਾਂ ਨੂੰ ਦਿਮਾਗ਼ ਚੋਂ ਛੰਡ ਕੇ ਕੰਨ-ਬਤਿੱਕ ਲਈ, ਬਰਾਂਡੇ ਵਿੱਚ ਰੋਹੀ ਵੀ ਪਾਸੇ ਮਾਰ ਰਿਹਾ ਸੀ। ਫਿਰ ਪਤਾ ਨਹੀਂ ਦੋਵਾਂ ਨੂੰ ਕਦੋਂ ਨੀਂਦ ਨੇ ਗਲੋਂ ਆ ਦੱਬਿਆ।

ਜਦੋਂ ਸਿੰਦੂ ਸਵੇਰੇ ਜਾਗਿਆ ਉਸਨੂੰ ਧੂੰਏਂ ਦੀ ਹਵਾੜ ਚੜ੍ਹ ਗਈ। ਰੋਹੀ ਬਰਾਂਡੇ ਵਿਚਲੇ ਚੁੱਲ੍ਹੇ ਮੂਹਰੇ ਲਾਈਆਂ ਛਟੀਆਂ ਨੂੰ ਫੂਕਾਂ ਮਾਰ ਮਾਰ ਧੁਖਾ ਰਿਹਾ ਸੀ। ਉਨ੍ਹਾਂ ਦੀ ਜ਼ਿੰਦਗੀ ਜਿਹਾ ਕੌੜਾ ਧੂੰਆਂ ਬਰਾਂਡੇ ਅਤੇ ਸਵਾਤ ਵਿੱਚ ਗੇੜੇ ਦਿੰਦਾ ਹੌਲੀ-ਹੌਲੀ ਬਾਹਰ ਨਿਕਲ ਰਿਹਾ ਸੀ। ਸਿੰਦੂ ਨੱਕ ਨੂੰ ਚੜ੍ਹੇ ਧੂੰਏਂ ਨਾਲ 'ਖਊਂ ਖਊਂ' ਕਰਦਾ ਨਲਕੇ 'ਤੇ ਮੂੰਹ ਧੋ ਕੇ ਬਿਨਾਂ ਚਾਹ ਪੀਤਿਆਂ ਹੀ ਆਪਣੇ ਨਾਲ ਸੁਨਾਮ ਲੈ ਕੇ ਜਾਣ ਲਈ ਇੱਕ-ਦੋ ਬੰਦਿਆਂ ਨੂੰ ਕਹਿਣ ਲਈ ਬਾਹਰ ਤੁਰ ਗਿਆ।

ਜਦੋਂ ਉਹ ਸਰਵਣ ਅਤੇ ਆਪਣੇ ਦੋਸਤ ਛੱਗਤ ਨੂੰ ਜਾਣ ਲਈ ਪੱਕੇ ਕਰਕੇ ਵਾਪਸ ਆਇਆ ਤਾਂ ਰੋਹੀ ਨੇ ਮੱਝ ਦੀ ਧਾਰ ਚੋ ਕੇ ਦੁੱਧ ਚਾਹ 'ਚ ਪਾ ਲਿਆ ਸੀ। ਸਿੰਦੂ ਅੰਦਰੋਂ ਅਲਮਾਰੀ 'ਚੋਂ ਕੱਲ੍ਹ ਸ਼ਾਮ ਵਾਲੀਆਂ ਬਚੀਆਂ ਰੋਟੀਆਂ ਚੁੱਕ ਲਿਆਇਆ। ਇੱਕ ਇੱਕ ਅਚਾਰ ਦੀ ਫਾੜੀ ਰੱਖ ਕੇ ਦੋਵਾਂ ਨੇ ਚਾਹ ਨਾਲ ਖਾ ਲਈਆਂ ਫਿਰ ਸਿੰਦੂ ਤਿਆਰ ਹੋ ਕੇ ਛੱਗੜ ਅਤੇ ਸਰਵਣ ਦੀ ਉਡੀਕ ਵਿੱਚ ਬੈਠ ਗਿਆ। ਜਦੋਂ ਉਹ ਆਏ ਤਾਂ ਤਿੰਨੇ ਸੁਨਾਮ ਨੂੰ ਬੱਸ ਚੜ੍ਹ ਗਏ।

ਸੁਨਾਮ ਉਤਰ ਕੇ ਅੱਡੇ ਦੇ ਪਿਛਲੇ ਪਾਸਿਓਂ ਰੇਲ ਦੀ ਪਟੜੀ ਪਟੜੀ ਹੋ ਤੁਰੇ। ਅਗਲੇ ਫਾਟਕ 'ਤੇ ਜਾ ਕੇ ਇੱਕ ਭੀੜੀ ਜਿਹੀ ਬੀਹੀ ਮੁੜ ਗਏ। ਫਿਰ ਖੱਬੇ ਪਾਸੇ ਮੋੜ ਮੁੜਦਿਆਂ ਇੱਕ ਘਰ ਦੇ ਛੋਟੇ 'ਤੇ ਭੀੜੇ ਬਾਰ ਅੱਗੇ ਪਹਿਰੇਦਾਰਾਂ ਵਾਂਗ ਜਾ ਖੜ੍ਹੇ। ਬਾਹਰੋਂ ਕੁੰਡਾ ਲੱਗਿਆ ਪਿਆ ਸੀ। ਉਹ ਕੁਝ ਚਿਰ ਖੜ੍ਹੇ ਉਡੀਕਦੇ ਰਹੇ। ਜਦ ਤੁਰਨ ਲੱਗੇ ਤਾਂ ਉਹਨਾਂ ਨੂੰ ਹਰੀ ਡਰਾਇਵਰ ਆਉਂਦਾ ਦਿਸ ਗਿਆ। ਤਿੰਨਾਂ ਨੂੰ ਬਾਰ ਅੱਗੇ ਖੜ੍ਹਿਆਂ ਵੇਖ ਕੇ ਇੱਕ ਵਾਰ ਤਾਂ ਹਰੀ ਦੀਆਂ ਲੱਤਾਂ ਕੰਬ ਗਈਆਂ, ਜਿਵੇਂ ਉਹ ਪਾੜ 'ਤੇ ਫੜਿਆ ਗਿਆ ਹੋਵੇ ਪਰ ਜਲਦੀ ਹੀ ਸੰਭਲਦਿਆਂ ਪਤਲੀਆਂ ਮੁੱਛਾਂ ਉੱਤੇ ਹੱਥ ਫੇਰਦਿਆਂ ਬੋਲਿਆ, ''ਆਓ ਸਰਦਾਰੋ, ਕਿਮੇਂ ਆਉਣੇ ਹੋਏ?'' ਉਸਨੇ ਤਿੰਨਾਂ ਨਾਲ ਹੱਥ ਮਿਲਾ ਕੇ ਕੁੰਡਾ ਖੋਲ੍ਹ ਲਿਆ।

''ਬੱਸ ਤੈਨੂੰ ਪਤਾ ਈ ਐ।'' ਸਿੰਦੂ ਥੱਕੀ ਜਿਹੀ ਅਵਾਜ਼ ਵਿੱਚ ਬੋਲਿਆ ਜਿਵੇਂ ਅੱਗੇ ਉਹ ਜਾਣੀ-ਜਾਣ ਹੋਵੇ। ਤਿੰਨੇ ਘਰ ਦੇ ਅੰਦਰ ਲੰਘ ਗਏ।

''ਦੇਖ ਭਾਈ ਹਰੀ, ਸੁਰਜੀ ਕੱਲ੍ਹ ਆਥਣੇ ਜੇ ਭੱਜੇ ਆਈ। ਜੇ ਇਥੇ ਆਈ ਐ ਤਾਂ ਭੇਜ ਦੇ ਸਾਡੇ ਨਾਲ।'' ਸਰਵਣ ਨੇ ਆਪਣੇ ਆਉਣ ਦਾ ਮਕਸਦ ਦੱਸ ਦਿੱਤਾ।

''ਕਿਹੜੀ ਸੁਰਜੀ.....?'' ਪਹਿਲਾਂ ਤਾਂ ਹਰੀ ਨੂੰ ਯਾਦ ਹੀ ਨਹੀਂ ਰਿਹਾ ਕਿ ਸੀਮਾ ਨੂੰ ਸੁਰਜੀ ਬਣਾ ਕੇ ਹੀ ਇਹਨਾਂ ਨੂੰ ਵੇਚਿਆ ਸੀ ਫਿਰ ਝੱਟ ਯਾਦ ਆ ਜਾਣ 'ਤੇ ਗੱਲ ਸੰਭਾਲਦਿਆਂ ਬੋਲਿਆ, ''ਲੈ ਹੈਂ ਸਰਦਾਰੋ! ਕਰਲੋ ਗੱਲ। ਜੇ ਉਹ ਉਰੇ ਆਉਂਦੀ ਤਾਂ ਸਾਰਿਆਂ ਨਾਲੋਂ ਪਹਿਲਾਂ ਥੋਨੂੰ ਈ ਸੁਨੇਹਾ ਲਾਉਣਾ ਤੀ। ਮੈਂ ਤਾਂ ਆਪ ਥੋਡੀ ਗੱਲ ਸੁਣ ਕੇ ਹੈਰਾਨ ਆਂ, ਵੀ ਉਹ ਐਂ ਕਿਮੇਂ ਭੱਜੇ ਆਈ।''

''ਹਰੀ ਤੇਰੇ ਤੋਂ ਬਿਨ੍ਹਾਂ ਉਹ ਕਿਤੇ ਨੀ ਗਈ। ਮੇਰਾ ਵੀਰ ਬਣਕੇ ਭੇਜ ਦੇ ਉਹਨੂੰ। ਕਾਹਨੂੰ ਇਹਨਾਂ ਦਾ ਘਰ ਪੱਟਦੈਂ। ਇਹ ਤਾਂ ਆਪ ਵਖ਼ਤ ਦੇ ਮਾਰੇ ਪਏ ਨੇ ਵਿਚਾਰੇ।'' ਸਰਵਣ ਨੇ ਤਰਲਾ ਜਿਹਾ ਲੈਂਦੇ ਨੇ ਕਿਹਾ।

''ਲੈ ਕਰਲੋ ਗੱਲ। ਜੇ ਉਹ ਉਰੇ ਆਉਂਦੀ ਮੈਂ ਆਪ ਛੱਡ ਕੇ ਆਉਂਦਾ ਉਹਨੂੰ।''

''ਜੇ ਨਹੀਂ ਭੇਜਣੀ ਤਾਂ ਸਾਡੇ ਪੈਸੇ ਮੋੜ ਓਏ 'ਠਾਰਾਂ ਹਜਾਰ।'' ਛੱਗਤ ਤੱਤਾ ਹੋ ਗਿਆ।

''ਗਿਣਿਆਮਾਂ ਫਾਮੋਂ।'' ਹਰੀ ਵੀ ਆਪਣੇ ਅਸਲੀ ਰੂਪ ਵਿੱਚ ਆ ਗਿਆ।

''ਤੇਰੀ ਓਏ ਭੈਣ........!'' ਛੱਗਤ ਉੱਠ ਕੇ ਹਰੀ ਨੂੰ ਫੜਨ ਅਹੁਲਿਆ। ਹਰੀ ਫੁਰਤੀ ਨਾਲ ਅੰਦਰ ਵੜ ਗਿਆ। ਅੰਦਰੋਂ ਕਿਰਪਾਨ ਚੁੱਕ ਲਿਆਇਆ।

''ਆ ਇਧਰ!'' ਹਰੀ ਨੇ ਕਿਰਪਾਨ ਹਵਾ ਵਿੱਚ ਹਿਲਾਉਂਦਿਆਂ ਆਪਣੇ ਵੱਲ ਆਉਣ ਦਾ ਇਸ਼ਾਰਾ ਕੀਤਾ।

''ਤੈਨੂੰ ਦੇਖਾਂਗੇ ਕਦੇ।'' ਕਿਰਪਾਨ ਵੇਖ ਕੇ ਛੱਗਤ ਢੈਲਾ ਪੈ ਗਿਆ। ਉਹ ਤਿੰਨੋ ਡਰ ਗਏ ਕੁੱਤੇ ਵਾਂਗ ਲੱਤਾਂ 'ਚ ਪੂਛ ਜਿਹੀ ਦਬਾਉਂਦੇ, ਬੁੜ ਬੁੜ ਕਰਦੇ ਘਰੋਂ ਬਾਹਰ ਹੋ ਗਏ। ਬੱਸ ਅੱਡੇ ਤੱਕ ਤਿੰਨਾਂ ਨੇ ਗੁੱਸੇ 'ਚ ਭਰੇ-ਪੀਤਿਆਂ ਕੋਈ ਗੱਲ ਨਾ ਕੀਤੀ। ਉਹ ਅੱਡੇ ਤੋਂ ਸਿੱਧਾ ਪਿੰਡ ਨੂੰ ਚੜ੍ਹ ਗਏ।

## 2

ਸਿੰਦੂ ਤੇ ਰੋਹੀ ਖੇਤ ਨਰਮੇ ਉੱਤੇ ਸਪਰੇਅ ਕਰਨ ਗਏ ਅਜੇ ਮੁੜੇ ਨਹੀਂ ਸਨ। ਉਨ੍ਹਾਂ ਦਾ ਅਜੇ ਤੱਕ ਖੇਤੋਂ ਨਾ ਮੁੜਨਾ ਸੁਰਜੀ ਨੂੰ ਗੁੱਝੀ ਖੁਸ਼ੀ ਦੇ ਰਿਹਾ ਸੀ। ਉਹ ਆਪਣੇ-ਆਪ ਨੂੰ ਆਪਣੇ ਮਿੱਥੇ ਮਕਸਦ ਵਿੱਚ ਕਾਮਯਾਬ ਹੋਇਆ ਵੇਖ ਰਹੀ ਸੀ। ਉਸਨੇ ਬੜੀ ਸਫ਼ਾਈ ਨਾਲ ਸਿੰਦੂ ਹੋਰਾਂ ਦਾ ਵਿਸ਼ਵਾਸ ਜਿੱਤਿਆ ਸੀ। ਸ਼ੁਰੂ-ਸ਼ੁਰੂ 'ਚ ਤਾਂ ਸਿੰਦੂ ਤੇ ਰੋਹੀ ਨੇ ਸੁਰਜੀ ਉੱਤੇ ਪੂਰੀ ਚੌਕਸੀ ਰੱਖੀ ਸੀ। ਜੇ ਇੱਕ ਜਣਾ ਬਾਹਰ ਜਾਂਦਾ ਤਾਂ ਦੂਜਾ ਘਰੇ ਹੁੰਦਾ। ਬਾਰ੍ਹਾਂ ਵੱਲ ਗਈ ਦੇ ਵੀ ਉਹ ਕਈ ਵਾਰ ਲੁਕ-ਛਿਪ ਕੇ ਪਿੱਛੇ ਗਏ ਸਨ ਪਰ ਸੁਰਜੀ ਪੱਕੀ ਖਿਡਾਰਨ ਸੀ। ਉਹ ਵੀ ਚਾਹੁੰਦੀ ਸੀ ਕਿ ਸਿੰਦੂ ਹੋਰੀਂ ਉਸ 'ਤੇ ਨਿਗ੍ਹਾ ਰੱਖਣ ਤਾਂ ਕਿ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਦਿਵਾ ਸਕੇ ਕਿ ਉਹ ਹੁਣ ਭੱਜੇਗੀ ਨਹੀਂ। ਉਹ ਪੰਜ-ਚਾਰ ਦਿਨਾਂ ਵਿੱਚ ਗੁਆਂਢਣਾਂ ਨਾਲ ਵੀ ਚੰਗੀ ਘੁਲ-ਮਿਲ ਗਈ ਸੀ। ਜਦੋਂ ਅੱਠ-ਦਸ ਦਿਨ ਸੁਰਜੀ ਇਧਰ-ਉਧਰ ਗਈ ਸਹੀ ਸਲਾਮਤ ਵਾਪਸ ਘਰ ਮੁੜ ਆਈ ਸੀ ਤਾਂ ਹੌਲੀ ਹੌਲੀ ਸਿੰਦੂ ਹੋਰਾਂ ਨੇ ਵੀ ਉਸਦੇ ਪਿੱਛੇ ਜਾਣਾ ਛੱਡ ਦਿੱਤਾ ਸੀ। ਅੱਜ ਉਸਦਾ ਮਿੱਥਿਆ ਦਿਨ ਸੀ। ਸੁਰਜੀ ਨੇ ਘਰ ਦੇ ਸਾਰੇ ਖੱਲ-ਖੂੰਜੇ ਫਰੋਲ ਦਿੱਤੇ ਸਨ ਪਰ ਉਸ ਨੂੰ ਕਿਤੋਂ ਫੁੱਟੀ ਕੌਡੀ ਨਾ ਲੱਭੀ। ਸਾਰੀ ਪੇਟੀ ਪੱਟ ਦਿੱਤੀ ਪਰ ਪੁਰਾਣੀਆਂ ਜੁੱਲੀਆਂ ਹੀ ਮੱਥੇ ਵੱਜੀਆਂ। ਉਹ ਧੜਕਦੇ ਦਿਲ ਨਾਲ ਇਹ ਸਾਰਾ ਕੁਝ ਫਰੋਲ ਵੀ ਰਹੀ ਸੀ ਅਤੇ ਬਿੰਦੇ-ਝੱਟੇ ਬਾਹਰਲੇ ਬਾਰ ਕੋਲ ਜਾ ਕੇ ਖੇਤਾਂ ਵੱਲੋਂ ਆਉਂਦੇ ਪਹੇ 'ਤੇ ਵੀ ਨਿਗ੍ਹਾ ਮਾਰ ਲੈਂਦੀ। ਅੱਜ ਤਾਂ ਸੁਰਜੀ ਨੇ ਮੱਝ ਨੂੰ ਟੋਕਰਾ ਕੱਖਾਂ ਦਾ ਵੀ ਨਹੀਂ ਪਇਆ ਸੀ। ਉਹ ਉਵੇਂ ਕਿੱਲੇ 'ਤੇ ਬੱਝੀ ਖੁਰ-ਵੱਢ ਕਰਦੀ ਰਹੀ।

ਸੁਰਜੀ ਨੇ ਹਰ ਰੋਜ ਵਾਂਗ ਨਲਕੇ ਤੋਂ ਡੱਬਾ ਪਾਣੀ ਦਾ ਭਰ ਲਿਆ। ਉਹ ਬਾਹਰਲੇ ਬਾਰ ਵਿੱਚ ਆ ਗਈ। ਇੱਕ ਪਲ ਖੜ੍ਹ ਕੇ ਉਸ ਨੇ ਚੋਰਾਂ ਵਾਂਗ ਆਲਾ-ਦੁਆਲਾ ਤਾੜਿਆ, ਖੇਤਾਂ ਵੱਲੋਂ ਆਉਂਦੇ ਪਹੇ 'ਤੇ ਨਿਗ੍ਹਾ ਮਾਰੀ। ਸਿੰਦੂ ਅਤੇ ਰੋਹੀ ਵੱਲੋਂ ਸੱਖਣਾ ਪਹਾ ਵੇਖਦਿਆਂ ਖੁਸ਼ੀ ਉਸਦੇ ਸਾਰੇ ਸਰੀਰ ਨੂੰ ਹਲੂਣ ਗਈ। ਚਾਹੇ ਉਸਨੇ ਸ਼ੱਕ ਨਾ ਹੋ ਜਾਣ ਦੇ ਡਰੋਂ ਨਵਾਂ ਸੂਟ ਵੀ ਨਹੀਂ ਪਾਇਆ ਸੀ ਅਤੇ ਨਾ ਹੀ ਆਪਣੇ ਨਾਲ ਕੋਈ ਚੀਜ ਚੁੱਕੀ ਸੀ ਪਰ ਫਿਰ ਵੀ ਉਸਦੇ ਚਿਹਰੇ ਦੇ ਬਦਲੇ ਰੰਗ ਤੋਂ ਉਸਦੇ ਘਰ ਪੱਟ ਜਾਣ ਵਾਲੇ ਇਰਾਦੇ ਨੂੰ ਜਰੂਰ ਪੜ੍ਹਿਆ ਜਾ ਸਕਦਾ ਸੀ। ਜਦੋਂ ਉਹ ਘਰੋਂ ਨਿਕਲ ਕੇ ਬਾਹਰਲੀ ਫਿਰਨੀ ਪਈ ਤਾਂ ਉਸਦੇ ਕਦਮ ਆਮ ਨਾਲੋਂ ਤੇਜ਼ ਸਨ ਪਰ ਉਸਨੂੰ ਆਪਣੀ ਇਹ ਚਾਲ ਵੀ ਬੜੀ ਹੌਲੀ ਲੱਗ ਰਹੀ ਸੀ। ਉਹ ਤਾਂ ਲੋਕਾਂ ਤੋਂ ਅੱਖ ਬਚਾ ਕੇ 'ਛੂ...ਮੰਤਰ' ਹੀ ਹੋ ਜਾਣਾ ਚਾਹੁੰਦੀ ਸੀ। ਪੰਛੀ ਵਾਂਗ ਉੱਡ ਜਾਣਾ ਚਾਹੁੰਦੀ ਸੀ। ਪਲ ਦੀ ਪਲ ਉਸਨੇ ਆਪਣੇ-ਆਪ ਨੂੰ ਆਲ੍ਹਣਿਆਂ ਵੱਲ ਪਰਤ

ਰਹੀਆਂ ਪੰਛੀਆਂ ਦੀਆਂ ਡਾਰਾਂ ਵਾਂਗ ਆਜ਼ਾਦ ਮਹਿਸੂਸ ਕੀਤਾ ਪਰ ਫਿਰ ਉਸਨੂੰ ਇਹ ਆਪਣੇ ਮਨ ਦਾ ਭਰਮ ਹੀ ਜਾਪਿਆ। ਉਹ ਤਾਂ ਸਗੋਂ ਇੱਕ ਪਿੰਜਰੇ ਵਿੱਚੋਂ ਆਜ਼ਾਦ ਹੋਈ ਸੀ ਅਤੇ ਦੂਸਰਾ ਪਿੰਜਰਾ ਉਸਦੀ ਬੜੀ ਬੇਸਬਰੀ ਨਾਲ ਉਡੀਕ ਕਰ ਰਿਹਾ ਸੀ।

ਸੁਰਜੀ ਨੇ ਨਿਆਈਂ ਦੇ ਨਰਮਿਆਂ ਉੱਪਰ ਦੀ ਨਿਗ੍ਹਾ ਮਾਰੀ, ਸਾਹਮਣੇ ਨਹਿਰ ਦੀ ਪਟੜੀ 'ਤੇ ਹਰੀ ਡਰਾਇਵਰ ਖੜ੍ਹਾ ਸੀ। ਚਾਹੇ ਉਸਨੂੰ ਇੰਨੀ ਦੂਰੋਂ ਹਰੀ ਦੀ ਪਹਿਚਾਣ ਤਾਂ ਨਹੀਂ ਆਈ ਸੀ ਪਰ ਹਰੀ ਦੇ ਦੱਸਣ ਅਨੁਸਾਰ ਸਾਹਮਣੇ ਖੜ੍ਹੇ ਆਦਮੀ ਦੇ ਕੁੜਤੇ-ਚਾਦਰੇ ਦਾ ਰੰਗ ਉਹੀ ਸੀ। ਉਹ ਆਲੇ-ਦੁਆਲੇ ਨਿਗ੍ਹਾ ਮਾਰਦੀ ਨਰਮੇ ਵਿੱਚ ਜਾ ਵੜੀ। ਕੁਝ ਚਿਰ ਬੈਠੀ ਉਹ ਕੰਨਾਂ ਕੰਨਾਂ ਰਾਹੀਂ ਆਲੇ-ਦੁਆਲੇ ਨੂੰ ਤਾੜਦੀ ਰਹੀ। ਉਸਨੂੰ ਡਰ ਸੀ ਕਿ ਕਿਤੇ ਕੋਈ ਹੋਰ ਤੀਵੀਂ ਬਾਰ੍ਹਾਂ ਵੱਲ ਆਈ, ਨਰਮੇ ਵਿੱਚ ਨਾ ਬੈਠੀ ਹੋਵੇ। ਜਦੋਂ ਉਸਦਾ ਇਹ ਡਰ ਵੀ ਲਹਿ ਗਿਆ ਤਾਂ ਉਹ ਕਾਹਲੀ ਨਾਲ ਉੱਠ ਕੇ ਕੋਡੀ ਕੋਡੀ ਤੁਰ ਪਈ। ਉਸਦੇ ਜ਼ਿਆਦਾ ਦੇਰ ਬੈਠੀ ਰਹਿਣ 'ਤੇ ਕੋਈ ਹੋਰ ਤੀਵੀਂ ਵੀ ਬਾਰ੍ਹਾਂ ਵੱਲ ਆਈ, ਇਧਰ ਆ ਸਕਦੀ ਸੀ। ਉਹ ਬਿੱਲੀ ਵਾਂਗ ਸਹਿ-ਸਹਿ ਤੁਰ ਰਹੀ ਸੀ। ਉਸਦੇ ਤੇਜ਼ ਪੈਂਦੇ ਕਦਮਾਂ ਨਾਲ ਉਸ ਦਾ ਦਿਲ ਵੀ ਤੇਜ਼ ਤੇਜ਼ ਧੜਕ ਰਿਹਾ ਸੀ। ਨਰਮੇ ਵਿੱਚ ਸਹਿ-ਸਹਿ ਤੁਰਦੀ ਸੁਰਜੀ ਦੇ ਪੱਟ ਫੁੱਲ ਗਏ ਸਨ। ਸਾਹ ਚੜ੍ਹ ਗਿਆ ਸੀ। ਨਰਮੇ ਦੀਆਂ ਆਪਸ ਵਿੱਚ ਫਸੀਆਂ ਛਟੀਆਂ ਨੂੰ ਦੋਵੇਂ ਬਾਹਵਾਂ ਨਾਲ ਪਰ੍ਹਾਂ ਕਰਦੀ, ਰਾਹ ਬਣਾਉਂਦੀ ਉਹ ਮੁੜ੍ਹਕੇ ਨਾਲ ਤਰ ਹੋ ਗਈ ਸੀ। ਕੁੜਤੀ ਿਭੱਜ ਕੇ ਉਸਦੇ ਪਿੰਡੇ ਨਾਲ ਚਿਪਕ ਗਈ ਸੀ। ਕਦੇ ਕਦੇ ਉਹ ਦੋ ਪਲ ਰੁਕ ਕੇ ਦਮ ਲੈਂਦੀ ਅਤੇ ਨਰਮੇ ਤੋਂ ਥੋੜ੍ਹਾ ਜਿਹਾ ਸਿਰ ਉੱਪਰ ਚੁੱਕ ਕੇ ਆਪਣੇ ਰਸਤੇ ਦੀ ਨਿਸ਼ਾਨਦੇਹੀ ਵੀ ਕਰ ਲੈਂਦੀ। ਚੁਗੇ ਨਰਮੇ ਦੀਆਂ ਸਿੱਕਰੀਆਂ ਨੇ ਉਸ ਦੀਆਂ ਬਾਹਵਾਂ ਉੱਪਰ ਝਰੀਟਾਂ ਪਾ ਦਿੱਤੀਆਂ ਸਨ। ਨਰਮੇ ਦੇ 'ਕਿਚਰ ਕਿਚਰ' ਕਰਦੇ ਸੁੱਕੇ ਪੱਤਿਆਂ ਉੱਤੇ ਪੈਰ ਧਰਦੀ ਉਹ ਸੂਏ ਦੀ ਪਟੜੀ ਕੋਲ ਆ ਗਈ। ਉਸਦਾ ਸਾਹ ਨਾਲ ਸਾਹ ਨਹੀਂ ਰਲਦਾ ਸੀ। ਪਟੜੀ 'ਤੇ ਖੜ੍ਹੇ ਹਰੀ ਦੀ ਨਿਗ੍ਹਾ ਵੀ ਸੁਰਜੀ 'ਤੇ ਪੈ ਗਈ। ਉਸਨੇ ਹੱਥ ਦੇ ਇਸ਼ਾਰੇ ਨਾਲ ਸੁਰਜੀ ਨੂੰ ਉਥੇ ਹੀ ਰੁਕ ਜਾਣ ਲਈ ਕਹਿ ਦਿੱਤਾ। ਸੁਰਜੀ ਸਾਹ ਟਿਕਾਣੇ ਕਰਦੀ ਥਾਏਂ ਬੈਠ ਗਈ। ਫਿਰ ਉਸਨੂੰ ਸੂਏ ਵੱਲੋਂ ਗੱਡੀ ਆਉਣ ਦੀ ਗੂੰਜ ਸੁਣਾਈ ਦਿੱਤੀ। ਉਸਨੇ ਨਰਮੇ ਤੋਂ ਸਿਰ ਬਾਹਰ ਕੱਢ ਕੇ ਹਰੀ ਤੋਂ ਅੱਖਾਂ ਅੱਖਾਂ ਰਾਹੀਂ ਬਾਹਰ ਨਿਕਲ ਜਾਣ ਲਈ ਪੁੱਛਿਆ ਪਰ ਹਰੀ ਨੇ ਸੰਤਾਂ ਵਾਂਗ ਹੱਥ ਖੜ੍ਹਾ ਕਰਕੇ ਰੁਕ ਜਾਣ ਨੂੰ ਕਹਿ ਦਿੱਤਾ। ਜਦ ਗੱਡੀ ਹਰੀ ਦੇ ਬਰਾਬਰ ਆਈ ਤਾਂ ਉਸਨੇ ਆਲੇ-ਦੁਆਲੇ ਪੜਤਾਲੀਆ ਨਜ਼ਰ ਫੇਰੀ। ਖੇਤਾਂ ਵੱਲੋਂ ਆਉਂਦਾ ਰੇਹੜਾ ਸੂਏ ਦੇ ਪੁਲ 'ਤੇ ਆ ਚੜਿਆ ਸੀ। ਜਦੋਂ ਰੇਹੜਾ ਪੁਲ ਤੋਂ ਲਹਿ ਕੇ ਜੌੜੇ ਕੁੱਪਾਂ ਓਹਲੇ ਹੋਇਆ ਤਾਂ ਹਰੀ ਨੇ ਸੁਰਜੀ ਵੱਲੋਂ ਹੱਥ ਕਾਹਲੀ ਨਾਲ ਗੱਡੀ ਵੱਲ ਕੀਤਾ। ਸੁਰਜੀ ਵਰੋਲੇ ਵਾਂਗ ਨਰਮੇ ਵਿੱਚੋਂ ਨਿਕਲ ਕੇ ਕਾਰ ਵਿੱਚ ਬੈਠ ਗਈ।

''ਛੇਤੀ ਚਲ ਬਈ।'' ਹਰੀ, ਡਰਾਇਵਰ ਨੂੰ ਕਹਿੰਦਿਆਂ ਸੁਰਜੀ ਦੇ ਨਾਲ ਪਿਛਲੀ ਸੀਟ 'ਤੇ ਬੈਠ ਗਿਆ। ਦੋਵੇਂ ਇੱਕ-ਦੂਜੇ ਵੱਲ ਵੇਖ ਕੇ ਗੁੱਝਾ ਮੁਸਕਰਾਏ। ਗੱਡੀ ਸੂਏ ਦੀ ਪਟੜੀ 'ਤੇ ਹਵਾ ਨੂੰ ਗੰਢਾਂ ਦਿੰਦੀ, ਧੂੜ ਉਡਾਉਂਦੀ ਸਰਪੱਟ ਭੱਜੀ ਜਾ ਰਹੀ ਸੀ। ਸੂਏ ਦੀਆਂ ਦੋਵੇਂ ਪਟੜੀਆਂ ਉੱਤੇ ਅਸਮਾਨ ਛੂੰਹਦੀਆਂ ਟਾਹਲੀਆਂ ਵਿਚਕਾਰ ਗੱਡੀ ਦੀ ਗੂੰਜ, ਖੂਹ ਵਿੱਚ ਬੋਲਣ ਵਾਂਗ ਡੂੰਘੀ ਹੋ ਗਈ। ਟਾਹਲੀਆਂ ਵਿਚਕਾਰੋਂ ਦੀ ਦਿਸਦਾ ਰੱਗੜਪੁਰ ਦੂਰ ਹੁੰਦਾ ਜਾ ਰਿਹਾ ਸੀ।

ਹਰੀ, ਜੰਗ ਜਿੱਤੇ ਫ਼ੌਜੀ ਵਾਂਗ ਹਿੱਕ ਚੌੜੀ ਕਰੀ ਬੈਠਾ ਸੀ। ਉਸਦਾ ਦਾਅ ਸਿੱਧਾ ਪੈ ਗਿਆ ਸੀ। ਪਵੇ ਵੀ ਕਿਉਂ ਨਾ? ਉਹ ਇਸ ਕੰਮ ਵਿੱਚ ਪੂਰਾ ਹੰਢਿਆ-ਵਰਤਿਆ ਸੀ। ਉਸਨੇ ਪਤਾ ਨਹੀਂ ਕਿੰਨੀਆਂ ਕੁ ਤੀਵੀਆਂ ਯੂ.ਪੀ., ਬਿਹਾਰ, ਗੁਜਰਾਤ ਵਿੱਚੋਂ ਲਿਆ ਕੇ ਤੀਵੀਆਂ ਪੱਖੋਂ ਸੱਖਣੇ ਪੰਜਾਬ ਵਿੱਚ ਖਪਾ ਦਿੱਤੀਆਂ ਸਨ। ਉਧਰੋਂ ਆਈਆਂ ਕਈ ਤੀਵੀਆਂ ਉਸਦੀਆਂ ਪਾਟਨਰ ਵੀ ਬਣ ਜਾਂਦੀਆਂ ਸਨ ਜਿਨ੍ਹਾਂ ਤੋਂ ਉਹ ਦੂਹਰੀ ਦੂਹਰੀ ਕਮਾਈ ਵੀ ਕਰਦਾ। ਅਜਿਹੀਆਂ ਤੀਵੀਆਂ ਨੂੰ ਉਹ ਪੱਕੇ ਟ੍ਰੇਨਰ ਵਾਂਗ ਪੂਰੀ ਟ੍ਰੇਨਿੰਗ ਦੇ ਕੇ ਵੇਚਦਾ। ਤੀਵੀ ਪਹਿਲਾਂ ਆਲੇ-ਦੁਆਲੇ ਦੀਆਂ ਬੀਹੀਆਂ ਦਾ ਭੇਤ ਲੈਂਦੀ। ਆਪਣੇ ਮੱਲੋ-ਜੋਰੀ ਦੇ ਪਤੀ ਨੂੰ ਪੂਰਾ ਵਿਸ਼ਵਾਸ ਵਿੱਚ ਲੈ ਲੈਂਦੀ। ਘਰ ਆਉਣ ਜਾਣ ਦਾ ਸਮਾਂ ਵਿਚਾਰਦੀ। ਹਰੀ ਵੀ ਆਪਣੇ ਗਾਹਕ ਦਾ ਪਤਾ-ਸਤਾ ਲੈਣ ਦੇ ਬਹਾਨੇ ਘਰ ਆ ਕੇ ਹਾਲਾਤ ਭਾਂਪਦਾ, ਪਿੰਡ ਤੋਂ ਬਾਹਰਲੇ ਪਹੇ, ਸੜਕਾਂ ਪਰਖਦਾ। ਫਿਰ ਵੀਹ-ਪੱਚੀ ਦਿਨਾਂ ਬਾਅਦ ਮਿੱਥੇ ਦਿਨ, ਸਮੇਂ 'ਤੇ

ਆਉਂਦਾ ਅਤੇ ਉਸਨੂੰ ਭਜਾ ਕੇ ਰਾਤੋ-ਰਾਤ ਕਿਤੇ ਹੋਰ ਵੇਚ ਦਿੰਦਾ। ਉਹ ਨਵੀਂ ਤੀਵੀਂ ਲੈਣ ਆਏ ਗਾਹਕਾਂ ਨੂੰ ਤੀਵੀਂ ਭਜਾ ਕੇ ਲਿਆਉਣ ਵਾਲਾ ਦਿਨ ਹੀ ਦਿੰਦਾ। ਜਿਹੜੀ ਤੀਵੀਂ ਉਸਦੀ ਵਿਸ਼ਵਾਸ ਯੋਗ ਪਾਟਨਰ ਬਣ ਜਾਂਦੀ ਅਤੇ ਉਸਦੀ ਸਕੀਮ ਮੁਤਾਬਕ ਭੱਜ ਆਉਂਦੀ, ਉਹ ਉਸਦੇ ਪਹਿਲੇ ਕੀਤੇ ਸੌਦੇ 'ਚੋਂ ਅੱਧੇ ਰੁਪਏ ਇਮਾਨਦਾਰੀ ਨਾਲ ਤੀਵੀਂ ਦੇ ਘਰ ਯੂ. ਪੀ., ਬਿਹਾਰ ਭੇਜ ਦਿੰਦਾ। ਇਸ ਤਰ੍ਹਾਂ ਉਹ ਇੱਕ ਤੀਵੀਂ ਨੂੰ ਕਈ ਕਈ ਵਾਰ ਵੀ ਵੇਚ ਦਿੰਦਾ। ਇਨ੍ਹਾਂ ਚੋਂ ਜਿਹੜੀਆਂ ਤੀਵੀਂਆਂ ਦੇ ਘਰ ਪਸੰਦ ਆ ਜਾਂਦਾ ਉਹ ਹਰੀ ਨਾਲ ਭੱਜਦੀਆਂ ਨਾ ਸਗੋਂ ਉਥੇ ਹੀ ਜੜ੍ਹਾਂ ਲਾ ਲੈਂਦੀਆਂ। ਹਰੀ ਇੱਕ ਵਾਰ ਮਿੱਥੇ ਸਮੇਂ 'ਤੇ ਆਉਂਦਾ ਜ਼ਰੂਰ। ਜੇ ਉਹ ਨਾ ਆਉਂਦੀ ਤਾਂ ਤੀਵੀਂ ਦੇ ਮਨ ਦੀ ਬੁੱਝ ਲੈਂਦਾ ਅਤੇ ਕੁਝ ਚਿਰ ਉਡੀਕ ਕਰਕੇ ਵਾਪਸ ਮੁੜ ਜਾਂਦਾ। ਕਈ ਤਾਂ ਦੋ ਦੋ, ਤਿੰਨ ਤਿੰਨ ਵਾਰ ਭੱਜੀਆਂ ਪਿੰਡ ਦਾ ਭੇਤ-ਸੇਤ ਲੈਣ ਆਏ ਹਰੀ ਨੂੰ ਇਸ਼ਾਰੇ ਨਾਲ ਹੀ ਸਮਝਾ ਦਿੰਦੀਆਂ ਕਿ ਉਹ ਹੁਣ ਇਥੇ ਠੀਕ ਹਨ। ਫਿਰ ਹਰੀ ਉਨ੍ਹਾ ਨੂੰ ਭਜਾਉਣ ਲਈ ਨਾ ਆਉਂਦਾ ਸਗੋਂ ਤਸੱਲੀ ਭਰਿਆ ਹੱਥ ਖੜ੍ਹਾ ਕਰਕੇ ਮੁੜ ਜਾਂਦਾ। ਇਨ੍ਹਾਂ ਵਸ ਚੁੱਕੀਆਂ ਤੀਵੀਆਂ ਵਿੱਚੋਂ ਕਈ ਉਸਦੇ ਗਰੋਹ ਵਿੱਚ ਸ਼ਾਮਲ ਹੋ ਕੇ ਉਧਰੋਂ ਤੀਵੀਂਆਂ ਲਿਆਉਣ ਵਿੱਚ ਉਸਦੀ ਸਹਾਇਤਾ ਕਰਦੀਆਂ ਅਤੇ ਆਪਣੀ ਹਿੱਸਾ-ਪੱਤੀ ਲੈਂਦੀਆਂ। ਹਰੀ ਹਰੇਕ ਤੀਵੀਂ ਨਾਲ ਇਸ ਤਰ੍ਹਾਂ ਨਾ ਕਰਦਾ, ਬੱਸ ਕੋਈ ਸੁਰਜੀ ਵਰਗੀ ਗਿਣਵੀਂ-ਚੁਣਵੀਂ ਹੀ ਹੁੰਦੀ। ਜ਼ਿਆਦਾਤਰ ਤੀਵੀਂਆਂ ਨੂੰ ਉਹ ਸਿਰਫ਼ ਇੱਕ ਵਾਰ ਹੀ ਵੇਚਦਾ। ਉਧਰੋਂ ਤੀਵੀਂ ਲਿਆਉਂਦਾ, ਅਗਲੇ ਤੋਂ ਪੈਸੇ ਲੈਂਦਾ ਤੇ ਰਿਸ਼ਤਾ ਖ਼ਤਮ।

ਅੱਜ ਵੀ ਆਉਂਦਾ ਹੋਇਆ ਹਰੀ ਤੀਵੀਂ ਦੇ ਨਵੇਂ ਗਾਹਕਾਂ ਨੂੰ ਸੁਨੇਹਾ ਲਾ ਆਇਆ ਸੀ। ਉਹਨਾਂ ਫੜੇ ਜਾਣ ਦੇ ਡਰੋਂ ਗੱਡੀ ਪਿੰਡਾਂ ਵਿੱਚੋਂ ਦੀ ਨਹੀਂ ਕੀਤੀ ਸਗੋਂ ਸਿੱਧੀ ਸੂਏ ਦੀ ਪਟੜੀ ਪਾ ਲਈ ਸੀ। ਸੁਨਾਮ ਪਹੁੰਚਦਿਆਂ ਹਨੇਰਾ ਹੋ ਗਿਆ ਸੀ। ਸ਼ਹਿਰ ਦੀਆਂ ਦੁਧੀਆ ਲਾਈਟਾਂ ਚਮਕ ਪਈਆਂ ਸਨ। ਗੱਡੀ ਵਿੱਚ ਬੈਠੇ ਹਰੀ ਦੀ ਬਾਜ-ਅੱਖ ਬਜ਼ਾਰਾਂ ਵਿੱਚ ਫਿਰਦੇ ਹਰ ਬੰਦੇ ਨੂੰ ਤਾੜ ਰਹੀ ਸੀ। ਕਈਆਂ 'ਚੋਂ ਉਸਨੂੰ ਸਿੰਦੂ ਤੇ ਰੋਹੀ ਦੇ ਨਕਸ਼ਾਂ ਦਾ ਭੁਲੇਖਾ ਪੈਂਦਾ ਜਿਵੇਂ ਉਹ ਪਿੱਛਾ ਕਰਦੇ ਉਸਨੂੰ ਲੱਭ ਰਹੇ ਹੋਣ ਪਰ ਜਦ ਉਹ ਗ਼ੌਰ ਨਾਲ ਦੇਖਦਾ ਤਾਂ ਇਹ ਉਸਦੇ ਮਨ ਦਾ ਵਹਿਮ ਹੀ ਹੁੰਦਾ। ਗੱਡੀ ਬਜ਼ਾਰਾਂ ਵਿੱਚੋਂ ਹੁੰਦੀ ਹਰੀ ਦੇ ਭੀੜੇ ਬਾਰ ਅੱਗੇ ਆ ਰੁਕੀ। ਹਰੀ ਨੇ ਫੁਰਤੀ ਨਾਲ ਗੱਡੀ 'ਚੋਂ ਛਾਲ ਮਾਰਦਿਆਂ ਬਾਰ ਦਾ ਕੁੰਡਾ ਖੋਲ੍ਹ ਕੇ ਸੁਰਜੀ ਨੂੰ ਅੰਦਰ ਲੰਘਾ ਦਿੱਤਾ ਅਤੇ ਆਪ ਗੱਡੀ ਵਾਲੇ ਨੂੰ ਕਿਰਾਇਆ ਦੇ ਕੇ ਬਾਰ ਅੰਦਰੋਂ ਅੜਾ ਲਿਆ। ਸੁਰਜੀ ਅਜੇ ਨਹਾਉਣ ਲਈ ਗੁਸਲਖ਼ਾਨੇ ਹੀ ਵੜੀ ਸੀ, ਜਦੋਂ ਬਾਹਰੋਂ ਬਾਰ ਖੜਕ ਪਿਆ।

''ਓਹ ਹਰੀ ਬਾਰ ਖੋਲ੍ਹ।'' ਬਾਹਰੋਂ ਕਿਸੇ ਨੇ ਕੁੰਡਾ ਖੜਕਾਇਆ।

''ਆਇਆ।'' ਹਰੀ ਨੂੰ ਅਵਾਜ਼ ਜਾਣੀ-ਪਹਿਚਾਣੀ ਲੱਗੀ ਸੀ। ਉਸਨੇ ਤਖ਼ਤਿਆਂ ਦੀਆਂ ਛੀਤਾਂ ਵਿੱਚੋਂ ਦੀ ਬਾਹਰ ਦੇਖਿਆ ਤੇ ਫਿਰ ਬਾਰ ਖੋਲ੍ਹਦਿਆਂ ਬੋਲਿਆ, ''ਆਓ ਜੀ, ਮੈਂ ਤਾਂ ਥੋਨੂੰ ਕਦੋਂ ਦਾ 'ਡੀਕੀ ਜਾਨਾਂ।'' ਇੱਕ ਚਿੱਟ-ਦਾੜ੍ਹੀਏ ਨਾਲ ਦੋ ਅੱਧਖੜ ਉਮਰ ਦੇ ਆਦਮੀ ਅੰਦਰ ਲੰਘ ਆਏ।

''ਹੋ ਗਿਆ ਕੰਮ?'' ਮੰਜੇ 'ਤੇ ਬੈਠਦਿਆਂ ਚਿੱਟ-ਦਾੜ੍ਹੀਏ ਦਲਾਲ ਦੀ ਤੀਵੀਂ ਭਾਲਦੀ ਨਜ਼ਰ ਹਰੀ ਦੇ ਭੀੜੇ ਵਿਹੜੇ ਵਿੱਚ ਫਿਰ ਗਈ।

''ਲੈ ਕਰ ਲੋ ਗੱਲ, ਥੋਡਾ ਕੰਮ ਨੀ ਹੋਊ।'' ਹਰੀ ਨੇ ਦਲਾਲ ਦੇ ਮੋਢੇ 'ਤੇ ਹੌਸਲੇ ਭਰਿਆ ਧੱਫਾ ਮਾਰਿਆ।

''ਤੀਮੀਂ ਕੜੀ ਵਰਗੀ ਹੋਵੇ।''

''ਲੈ ਕਰਲੋ ਗੱਲ। ਥੋਨੂੰ ਮਾੜੀ ਤੀਮੀਂ ਦੇ ਕੇ ਮੈਂ ਸ਼ਹਿਰੋਂ ਉਜੜਨੈ। ਉਹ ਤਾਂ ਨਾਗ ਦੀ ਬੱਚੀ ਐ, ਨਾਗ ਦੀ ਬੱਚੀ।'' ਹਰੀ ਦੇ ਮੂੰਹੋਂ ਤੀਵੀਂ ਦੀ ਸਿਫ਼ਤ ਸੁਣਦਿਆਂ ਪੀਲੀ ਪੱਗ ਵਾਲਾ ਅੱਧਖੜ ਉਮਰ ਦਾ ਆਦਮੀ ਅੰਦਰੋਂ ਮੁਸਕਰਾਇਆ। ਉਸਦੇ ਲਿੱਸੇ ਚਿਹਰੇ 'ਤੇ ਪਲ ਦੀ ਪਲ ਲਾਲੀ ਝਲਕ ਪਈ।

''ਮੁੰਡੇ ਨੂੰ ਵੀ ਕਰਾ ਨਾਗ ਦੀ ਬੱਚੀ ਦੇ ਦਰਸ਼ਨ। ਇਹ ਤਾਂ ਕਿੱਦੋਂ ਦਾ ਮੁੱਠੀਆਂ 'ਚ ਥੁੱਕੀਂ ਫਿਰਦੈ।''

''ਬੱਸ ਨਹਾ ਕੇ ਤਿਆਰ ਹੁੰਦੀ ਐ, ਐਨੇ ਆਪਣਾ ਕਰ ਲੈਨੇ ਆ ਹਿਸਾਬ-ਕਿਤਾਬ।'' ਹਰੀ ਜਲਦੀ ਜਲਦੀ ਸਾਰਾ ਹਿਸਾਬ-ਕਿਤਾਬ ਨਿਬੇੜ ਕੇ ਉਨ੍ਹਾਂ ਨੂੰ ਤੋਰ ਦੇਣਾ ਚਾਹੁੰਦਾ ਸੀ। ਚਾਹੇ ਉਸਨੂੰ ਯਕੀਨ ਸੀ ਕਿ ਏਨੀ ਰਾਤ ਗਏ ਸੁਰਜੀ ਨੂੰ ਲੱਭਣ ਸੁਨਾਮ ਕੋਈ ਨਹੀਂ ਆਏਗਾ ਪਰ ਫਿਰ ਵੀ ਉਹ ਆਪਣੇ ਵੱਲੋਂ ਸੁਰਖਰੂ ਹੋ ਜਾਣਾ ਚਾਹੁੰਦਾ ਸੀ।

''ਪੰਜ ਤਾਂ ਭਾਈ ਤੇਰੇ ਕੋਲ ਪਹਿਲਾਂ ਆਇਆ ਹੋਇਐ।'' ਦਲਾਲ ਨੇ ਪੰਜੇ ਉਂਗਲਾਂ ਖੜ੍ਹੀਆਂ ਕੀਤੀਆਂ।

''ਹਾਂ।'' ਹਰੀ ਨੇ ਹਾਮੀ ਵਿੱਚ ਸੱਜੇ ਖੱਬੇ ਸਿਰ ਫੇਰਿਆ।

''ਤੇ ਆਹ ਚੱਕ ਬਾਕੀ ਦਾ ਪੰਦਰਾਂ।'' ਦਲਾਲ ਨੇ ਪੰਜ ਪੰਜ ਹਜ਼ਾਰ ਦੀਆਂ ਤਿੰਨ ਕਾਪੀਆਂ ਆਪਣੇ ਕੁੜਤੇ ਦੇ ਗੀਝੇ ਵਿੱਚੋਂ ਕੱਢ ਕੇ ਹਰੀ ਅੱਗੇ ਰੱਖ ਦਿੱਤੀਆਂ।

''ਠੀਕ ਐ ਜੀ।'' ਹਰੀ ਨੇ ਤਸੱਲੀ ਵਿੱਚ ਫਿਰ ਸਿਰ ਫੇਰਿਆ। ''ਮੈਂ ਦੇਖਦਾਂ ਹੋ ਗਈ ਹੋਊ ਤਿਆਰ।'' ਹਰੀ ਕਹਿੰਦਿਆਂ ਉੱਠ ਕੇ ਅੰਦਰ ਚਲਾ ਗਿਆ। ਜਦੋਂ ਉਹ ਅੰਦਰੋਂ ਬਾਹਰ ਆਇਆ ਤਾਂ ਸੁਰਜੀ ਉਸਦੇ ਨਾਲ ਸੀ। ਸੁਰਜੀ ਨੂੰ ਦੇਖਦਿਆਂ ਬੰਜਰ ਧਰਤੀ ਵਰਗੇ ਆਦਮੀ ਅੰਦਰੋਂ ਹਲੂਣੇ ਗਏ। ਤੀਵੀਂ ਨੂੰ ਤਰਸਦੀਆਂ ਅੱਖਾਂ ਖੁਸ਼ੀ ਵਿੱਚ ਹੱਸੀਆਂ। ਦਿੱਤਾ ਵੀਹ ਹਜ਼ਾਰ ਉਨ੍ਹਾਂ ਨੂੰ ਖਰਾ ਸੌਦਾ ਲੱਗਿਆ।

''ਆਹ ਲਓ ਭਾਈ ਸਾਂਭੋ।'' ਹਰੀ ਨੇ ਸੁਰਜੀ ਉਹਨਾਂ ਦੇ ਮੰਜਿਆਂ ਕੋਲ ਲਿਆ ਖੜ੍ਹਾਈ। ਸੁਰਜੀ ਨੇ ਅੱਲ੍ਹੜ ਕੁੜੀਆਂ ਵਾਂਗ ਮੁਸਕਰਾ ਕੇ ਨੀਵੀਂ ਪਾ ਲਈ। ਮੰਜੇ 'ਤੇ ਬੈਠਿਆਂ ਦੇ ਕਾਲਜਿਓਂ ਰੁੱਗ ਭਰੇ ਗਏ। ਉਹ ਫੁਰਤੀ ਨਾਲ ਖੜ੍ਹੇ ਹੋ ਗਏ। ਹਰੀ ਸਾਰਿਆਂ ਨੂੰ ਬਾਰ ਤੱਕ ਛੱਡਣ ਆਇਆ। ਗੱਡੀ ਸੁਰਜੀ ਨੂੰ ਲੈ ਕੇ ਸ਼ਹਿਰ ਦੀਆਂ ਚਾਨਣੀਆਂ ਗਲੀਆਂ ਲੰਘ ਕੇ ਹਨੇਰੀ ਸੜਕ 'ਤੇ ਗੁਆਚ ਗਈ।

## 3

ਸਮੇਂ ਨੇ ਕਾਕੇ ਦੇ ਪਰਿਵਾਰ ਨੂੰ ਕਈ ਧੋਬੀ ਪਲਟੇ ਮਾਰੇ। ਬੰਤ ਦੀ ਕੁੱਖੋਂ ਚਾਹੇ ਕਾਕੇ ਦੀ ਬੰਸ ਅੱਗੇ ਤੁਰਨ ਦੀ ਰੀਝ ਤਾਂ ਪੂਰੀ ਹੋ ਗਈ ਸੀ, ਉਹ ਦੋ ਮੁੰਡੇ ਅਤੇ ਦੋ ਕੁੜੀਆਂ ਨਾਲ ਪਰਿਵਾਰ ਵਾਲਾ ਬਣ ਗਿਆ ਸੀ ਪਰ ਉਹ ਆਪਣੇ ਪਰਿਵਾਰ ਦੀ ਵਧੀ ਵੇਲ ਨੂੰ ਅੱਗੇ ਫਲ-ਫੁੱਲ ਲਗਦੇ ਨਾ ਵੇਖ ਸਕਿਆ। ਘਰ ਦੀ ਪਤਲੀ ਪੈ ਗਈ ਹਾਲਤ ਨੇ ਤਾਂ ਉਸਨੂੰ ਮੌਲੇ ਬਲਦ ਵਾਂਗੂੰ ਹਰਾਇਆ ਹੀ ਸੀ, ਉਸਦੇ ਹੱਥੋਂ ਬੰਤ ਵੀ ਖੋਹ ਲਈ। ਬੰਤ ਅਖੀਰਲੇ ਮੁੰਡੇ ਰੋਹੀ ਨੂੰ ਜਨਮ ਦੇਣ ਸਮੇਂ ਹੀ ਜਨਮ ਪੀੜਾਂ ਨਾ ਸਹਾਰਦੀ ਮਰ ਗਈ ਸੀ। ਨਾ ਤਾਂ ਉਸ ਸਮੇਂ ਕੋਈ ਨੇੜੇ-ਤੇੜੇ ਹਸਪਤਾਲ ਸੀ ਅਤੇ ਨਾ ਹੀ ਦੂਰ ਸ਼ਹਿਰ ਲੈ ਕੇ ਜਾਣ ਦੀ ਕਾਕੇ ਵਿੱਚ ਏਨੀ ਗੁੰਜਾਇਸ਼ ਸੀ। ਉਹ ਤਾਂ ਹੱਥ ਤੰਗ ਹੋਣ ਕਰਕੇ ਬੰਤ ਨੂੰ ਚੰਗੀ ਖੁਰਾਕ ਵੀ ਨਹੀਂ ਸੀ ਦੇ ਸਕਿਆ। ਬੱਸ ਮੱਕੀ-ਬਾਜਰੇ ਦੀਆਂ ਸੁੱਕੀਆਂ ਰੋਟੀਆਂ ਸੀ, ਘੱਟ ਖਾਂਦੀ, ਵੱਧ ਖਾਂਦੀ। ਉਸਦੇ ਕਮਜ਼ੋਰ ਪਿੰਜਰ ਹੋਏ ਸਰੀਰ ਉੱਤੇ ਗੁਬਾਰੇ ਵਾਂਗ ਫੁੱਲਿਆ ਪੇਟ ਹੀ ਚਮਕਦਾ ਸੀ ਜਿਵੇਂ ਕੋਈ ਬੱਚਾ ਪਤਲੀ ਛਟੀ 'ਤੇ ਗੁਬਾਰਾ ਬੰਨ੍ਹ ਲੈਂਦਾ ਹੈ। ਪਿੰਡ ਦੀ ਦਾਈ ਨੇ ਚਾਹੇ ਲੱਖ ਕੋਸ਼ਿਸ਼ ਕੀਤੀ ਸੀ ਪਰ ਉਹ ਬੰਤ ਦੀ ਜਾਨ ਨਹੀਂ ਬਚਾ ਸਕੀ ਸੀ। ਕਾਕੇ ਨੇ ਹੀ ਰੋਹੀ ਨੂੰ ਮਾਂ ਬਣਕੇ ਸਾਂਭਿਆ ਸੀ।

ਜ਼ਿੰਦਗੀ ਨੇ ਪੈਰੋਂ ਉਖੜ ਗਏ ਪਰਿਵਾਰ ਨੂੰ ਇੱਕ ਸਖਤ ਇਮਤਿਹਾਨ ਹੋਰ ਪਾ ਦਿੱਤਾ। ਰੋਹੀ ਅਜੇ ਦਸ ਕੁ ਸਾਲਾਂ ਦਾ ਹੀ ਹੋਇਆ ਸੀ ਜਦੋਂ ਕਾਕੇ ਨੂੰ ਖੇਤੋਂ ਆਉਂਦੇ ਨੂੰ ਅਧਰੰਗ ਮਾਰ ਗਿਆ। ਵਿਹੜੇ 'ਚੋਂ ਕੋਈ ਰੇਹੜਾ ਲਈਂ ਆਉਂਦਾ ਉਸਨੂੰ ਡਿੱਗੇ ਪਏ ਨੂੰ ਰੇਹੜੇ ਵਿੱਚ ਪਾ ਲਿਆਇਆ ਸੀ। ਕੋਈ ਇਲਾਜ ਨਾ ਹੋਣ ਕਰਕੇ ਉਹ ਕੀਤਿਆਂ ਵਾਲੇ ਕੁੱਤੇ ਵਾਂਗ ਅੰਦਰ ਹੀ ਮੰਜੇ ਤੇ ਪਿਆ ਗੋਡੇ ਰਗੜਦਾ ਤੁਰ ਗਿਆ ਸੀ। ਆਪਣੀ ਮੌਤ ਨੂੰ ਸਾਹਮਣੇ ਵੇਖਦਿਆਂ ਉਹ ਦੋਵੇਂ ਕੁੜੀਆਂ ਨੂੰ ਆਪਣੇ ਮਰਨ ਤੋਂ ਪਹਿਲਾਂ ਪਹਿਲਾਂ ਵਿਆਹ ਕੇ ਘਰ-ਬਾਰ ਵਾਲੀਆਂ ਕਰ ਗਿਆ ਸੀ। ਉਸਨੂੰ ਲੱਗਿਆ ਸੀ ਜਿਵੇਂ ਉਸਦੇ ਸਿਰੋਂ ਮਣਾ-ਮੂੰਹੀਂ ਭਾਰ ਲਹਿ ਗਿਆ ਹੋਵੇ ਅਤੇ ਹੁਣ ਉਹ ਸ਼ਾਂਤੀ ਨਾਲ ਮਰ ਸਕੇਗਾ। ਕੁੜੀਆਂ ਤੋਰਨ ਤੋਂ ਪੰਦਰਾਂ-ਵੀਹ ਦਿਨਾਂ ਬਾਅਦ ਤਾਂ ਉਹ ਸ਼ਾਮ ਨੂੰ ਪਿਆ, ਸਵੇਰੇ

ਉੱਠਿਆ ਨਹੀਂ ਸੀ। ਪਿੰਡ ਦੀਆਂ ਬੁੜੀਆਂ ਕੰਨ ਜੋੜ ਜੋੜ ਗੱਲਾਂ ਕਰਦੀਆਂ, ''ਇਹ ਤਾਂ ਭਾਈ ਕੁੜੀਆਂ ਵਿਆਉਣ ਕਰਕੇ ਈ ਜਿਉਂਦਾ ਬੈਠਾ ਤੀ।''

''ਕੁੜੀਆਂ ਦੀ ਸੋਚ ਤਾਂ ਬੰਦੇ ਨੂੰ ਮਰਨ ਵੀ ਨੀ ਦਿੰਦੀ।'' ਕੋਈ ਹੋਰ ਤੀਵੀਂ ਆਖਦੀ।

''ਚਲੋ ਓਹ ਜਾਣੇ, ਚੰਦਰੇ ਨੂੰ ਸੁਰਗਾਂ 'ਚ ਢੋਈ ਮਿਲੇ।'' ਕੋਈ ਉਸਦੇ ਅਗਲੇ ਸੰਸਾਰ ਦੀ ਸੁੱਖ ਮੰਗਦੀ।

ਕਾਕੇ ਦਾ ਭਾਈ ਤੇਜਾ ਘੁਣ ਖਾਧੀ ਲੱਕੜ ਵਾਂਗ ਨਸ਼ੇ ਨੇ ਖਾ ਲਿਆ ਸੀ। ਉਹ ਟੀ.ਬੀ. ਦੇ ਮਰੀਜ਼ ਵਾਂਗੂੰ ਮੰਜੇ ਵਿੱਚ ਪਿਆ ਪਾਸੇ ਪਰਤਦਾ, ਦੇਹ ਤੋੜਦਾ ਰਹਿੰਦਾ। ਜਲ ਕੁਰ ਹੁਣ ਉਸ ਉੱਤੇ ਭਾਰੂ ਪੈ ਗਈ ਸੀ। ਜੇ ਕੋਈ ਕੰਮ ਕਰਵਾਉਣਾ ਹੁੰਦਾ ਤਾਂ ਉਸਨੂੰ ਭੁੱਕੀ ਘੋਲ ਕੇ ਪਿਲਾ ਦਿੰਦੀ ਨਹੀਂ 'ਤੂੰ ਕੌਣ, ਮੈਂ ਕੌਣ।' ਜੇਕਰ ਉਹ ਮੰਜੇ 'ਚ ਪਿਆ ਕੋਈ 'ਚਬਰ ਚਬਰ' ਕਰਦਾ ਵੀ ਤਾਂ ਜਲ ਕੁਰ ਉਸਦੀ 'ਕੁੱਤੇ-ਭਕਾਈ' ਵੱਲ ਭੋਰਾ ਧਿਆਨ ਨਾ ਦਿੰਦੀ। ਇੱਕ ਦਿਨ ਤੇਜਾ ਮੰਜੇ ਵਿੱਚ ਪਿਆ ਹੀ ਰਹਿ ਗਿਆ।

ਜਲ ਕੁਰ ਤੇਜੇ ਦੇ ਆ ਕੇ ਵੀ ਢਿੱਡੋਂ ਤਾਂ ਫੁੱਟੀ ਨਹੀਂ ਸੀ। ਇਸ ਤਰ੍ਹਾਂ ਤੇਜੇ ਦੇ ਬਚਦੇ ਡੇਢ ਕਿੱਲੇ ਦੀ ਹੁਣ ਉਹ ਇਕੱਲੀ ਹੀ ਮਾਲਕ ਸੀ। ਤੇਜੇ ਦੇ ਭੋਗ ਤੋਂ ਤਿੰਨ-ਚਾਰ ਮਹੀਨਿਆਂ ਬਾਅਦ ਜਲ ਕੁਰ ਦੇ ਭਤੀਜੇ ਰਹਿੰਦਾ ਡੇਢ ਕਿੱਲਾ ਅਤੇ ਘਰ ਵੇਚ ਕੇ ਜਲ ਕੁਰ ਨੂੰ ਆਪਣੇ ਨਾਲ ਪਿੰਡ ਲੈ ਗਏ।

ਜਲ ਕੁਰ ਆਪਣੀ ਕਹਿਣੀ ਦੀ ਪੱਕੀ ਰਹੀ ਸੀ। ਉਸ ਨੇ ਮੁੜ ਕਦੇ ਕਾਕੇ ਦੇ ਘਰ ਲੱਤ ਨਹੀਂ ਸੀ ਦਿੱਤੀ। ਕੁੜੀਆਂ ਦੇ ਵਿਆਹ ਵੇਲੇ ਵੀ ਕਾਕਾ ਪਿੰਡੋਂ ਦੋ-ਤਿੰਨ ਸਿਆਣੇ ਬੰਦੇ ਲੈ ਕੇ ਜਲ ਕੁਰ ਨੂੰ ਵਿਆਹ ਵਿੱਚ ਆਉਣ ਲਈ ਉਸਦੇ ਪੇਕੀਂ ਕਹਿਣ ਗਿਆ ਸੀ ਪਰ ਜਲ ਕੁਰ ਨੇ ਕਾਕੇ ਨੂੰ ਚਾਹ-ਪਾਣੀ ਪਿਲਾ ਕੇ ਬੇਰੰਗ ਮੋੜ ਦਿੱਤਾ ਸੀ। ਉਸਨੇ ਮਿਣ ਮਿਣ ਕਰਦੇ ਕਾਕੇ ਨੂੰ ਪੂਰੇ ਗੜ੍ਹਕੇ ਨਾਲ ਕਹਿ ਦਿੱਤਾ ਸੀ, ''ਸਰਦਾਰ ਜੀ ਆਪਣਾ ਹੁਣ ਕੋਈ ਰਿਸ਼ਤਾ ਨੀ। ਜਿਸ ਦਿਨ ਮੈਂ ਤੇਰੀ ਦੇਹਲੀਓਂ ਬਾਹਰ ਪੈਰ ਪੁੱਟਿਆ ਸੀ ਉਸੇ ਦਿਨ ਤੋਂ ਮੇਰੇ ਕਣੀਓਂ ਤੂੰ ਮਰ ਗਿਆ, ਤੇਰੇ ਕਣੀਓਂ ਮੈਂ ਮਰ ਗੀ। ਬੱਸ!''

ਕਾਕਾ ਕੰਨ ਜਿਹੇ ਝਾੜ ਕੇ ਵਾਪਸ ਮੁੜ ਆਇਆ ਸੀ। ਉਹਨਾਂ ਗੱਲਾਂ ਨੂੰ ਕਿੰਨੇ ਜੁਗੜੇ ਬੀਤ ਗਏ ਮੁੜ ਕਦੇ ਨਾ ਕਾਕਾ ਉਸ ਰਾਹ ਪਿਆ ਨਾ ਜਲ ਕੁਰ ਨੇ ਗੰਗੜਪੁਰ ਵੱਲ ਭੁੱਲ ਕੇ ਵੀ ਮੂੰਹ ਕੀਤਾ।

ਕਾਕੇ ਅਤੇ ਬੰਤ ਦੇ ਤੁਰ ਜਾਣ ਤੋਂ ਬਾਅਦ ਹੁਣ ਸਿੰਦੂ ਹੋਰੀਂ ਦੋਵੇਂ ਭਰਾ ਹੀ ਪਿੱਛੇ ਰਹਿ ਗਏ ਸਨ। ਮਗਰ ਮੂਹਰੇ ਕੋਈ ਡਰ ਨਹੀਂ ਸੀ। ਵਿਆਹ ਮੰਗਣੇ ਲਈ ਐਨੀ ਥੋੜ੍ਹੀ ਜ਼ਮੀਨ ਵੱਲ ਕੋਈ ਨੋਕ ਨਹੀਂ ਕਰਦਾ ਸੀ। ਉਪਰੋਂ ਦੋਵੇਂ ਭਰਾਵਾਂ ਨੂੰ ਨਸ਼ੇ ਦੀ ਲਲਕ। ਅਗਲਾ ਅਜਿਹੇ ਘਰ ਕੁੜੀ ਦੇਣ ਲਈ ਸੌ ਉਂਗਲਾਂ ਭੰਨਦਾ। ਕਈ ਉਨ੍ਹਾਂ ਦੀ ਮਾਂ ਦੇ ਮੁਸਲਮਾਨਣੀ ਹੋਣ ਕਰਕੇ ਵੀ ਤਿਲਕ ਜਾਂਦੇ। ਉਹ ਪਹਿਲਾਂ ਪਹਿਲਾਂ ਤਾ ਪਾਲੀਆਂ ਨਾਲ ਮੱਝਾਂ ਚਾਰਨ ਗਏ ਲੁਕ-ਛਿਪ ਕੇ ਨਸ਼ਾ ਪੱਤਾ ਕਰਦੇ ਸੀ ਪਰ ਹੁਣ ਤਾਂ ਖੁੱਲ੍ਹ-ਖੇਡਾਂ ਹੋ ਗਈਆਂ ਸਨ। ਘਰੋਂ ਰੰਨ ਨਾ ਕੰਨ। ਇਹਨਾਂ ਵਰਗੇ ਦੋ-ਚਾਰ ਮਲੰਗ ਹੋਰ ਰਲ ਜਾਂਦੇ। ਆਪਣੀ ਜ਼ਿੰਦਗੀ 'ਚ ਪਏ ਖੱਪਿਆਂ ਨੂੰ ਉਹ ਸ਼ਰਾਬ ਨਾਲ ਪੂਰਨ ਦੀ ਕੋਸ਼ਿਸ਼ ਕਰਦੇ। ਕਦੇ ਕਦੇ ਸ਼ਰਾਬ ਨਾਲ ਮੀਟ ਵੀ ਰਿਝਦਾ। ਰਿਝਦੇ ਮੀਟ 'ਚੋਂ ਉਠਦੀਆਂ ਤੇਜ਼ ਮਸਾਲਿਆਂ ਦੀਆਂ ਸੁਗੰਧਾਂ ਨਾਲ ਗੁਆਂਢੀਆਂ ਦੀਆਂ ਨਾਸਾਂ ਫਰਕਦੀਆਂ, ਜੀਭਾਂ ਲਲਚਦੀਆਂ। ਕਈ ਰਿਝਦੇ ਮੀਟ ਦੀ ਵਾਸ਼ਨਾ ਲੈਂਦਿਆਂ ਹੀ ਘਰਦਿਆਂ ਤੋਂ ਅੱਖ ਬਚਾ ਕੇ, ਘਰੋਂ ਬਚਿਆ ਪਿਆ ਅਧੀਆ, ਪਊਆ ਲੱਕ ਵਿੱਚ ਦੇ, ਸਿੰਦੂ ਹੋਰਾਂ ਦੀ ਢਾਣੀ ਵਿੱਚ ਆ ਜੁੜਦੇ। ਜਿਉਂ ਜਿਉਂ ਇਨ੍ਹਾਂ ਦੇ ਖਾਣ-ਪੀਣ ਦੇ ਚੋਜ ਵਧਦੇ ਜਾਂਦੇ ਸੀ, ਘਰ ਦੀ ਹਾਲਤ ਪਹਿਲਾਂ ਨਾਲੋਂ ਹੋਰ ਮਾੜੀ ਹੁੰਦੀ ਜਾਂਦੀ ਸੀ। ਅਣ-ਲਿੰਪੀਆਂ ਛੱਤਾਂ ਬਰਸਾਤਾਂ ਨੂੰ ਚੋਣ ਲੱਗ ਪੈਂਦੀਆਂ। ਇੱਕੋ-ਇੱਕ ਸਬਾਤ ਅਤੇ ਉਸਦੇ ਨਾਲ ਲਗਦੇ ਬਰਾਂਡੇ ਨੂੰ ਲਿੱਪਿਆ ਨਾ ਜਾਣ ਕਰਕੇ ਥਾਂ ਥਾਂ 'ਤੋਂ ਮਿੱਟੀ ਦੇ ਖਲੇਪੜ ਲਹਿਣ ਲੱਗ ਪਏ ਸਨ। ਮੱਝਾਂ ਕੱਖ-ਕੰਡੇ ਦੀ ਥੁੜੋਂ ਪਿੰਜਰ ਬਣ ਗਈਆਂ। ਲਿੱਪੇ-ਪੋਚੇ ਚੁੱਲ੍ਹੇ ਹਾਰੇ ਢਹਿ-ਢੇਰੀ ਹੋ ਗਏ। ਉਨ੍ਹਾਂ ਦੀ ਥਾਂ ਆਰਜ਼ੀ ਚੁੱਲ੍ਹਾ ਬਣ ਗਿਆ। ਤੀਵੀਂ ਦੀ ਅਣਹੋਂਦ ਕਾਰਨ ਘਰ ਵਿੱਚ ਬੇਤਰਤੀਬਾ ਪਿਆ ਸਮਾਨ ਉਨ੍ਹਾਂ ਦੀ ਜ਼ਿੰਦਗੀ ਵਾਂਗ ਹੀ ਇਧਰ-ਉਧਰ ਖਿਲਰਿਆ ਰਹਿੰਦਾ। ਸਾਰਾ ਘਰ ਹੀ ਭੂਤ-ਵਾੜਾ ਜਾਪਣ ਲੱਗ ਪਿਆ ਸੀ। ਸਿੰਦੂ ਤੇ ਰੋਹੀ ਉਸ ਘਰ ਵਿੱਚ ਰਹਿ ਰਹੇ ਜਿਉਂਦੇ ਭੂਤ ਹੀ ਲਗਦੇ। ਇੱਜ਼ਤਦਾਰ ਬੰਦਾ ਇਸ ਘਰ ਵਿੱਚ ਪੈਰ

ਪਾਉਣ ਤੋਂ ਪਹਿਲਾਂ ਸੌ ਵਾਰ ਸੋਚਦਾ। ਦੋਵੇਂ ਭਾਈਆਂ ਦੀ ਇਹ ਹਾਲਤ ਵੇਖ ਕੇ ਪ੍ਰਹੁਣਿਆਂ ਨੇ ਵੀ ਕੁੜੀਆਂ ਨੂੰ ਪੇਕੀਂ ਆਉਣੋਂ ਰੋਕ ਦਿੱਤਾ ਸੀ।

ਹੁਣ ਜਦ ਦੋਵੇਂ ਭਰਾਵਾਂ ਨੂੰ ਕੋਈ ਤੀਵੀਂ ਨਾ ਜੁੜੀ ਅਤੇ ਉਪਰੋਂ ਵਿਆਹ ਦੀ ਉਮਰ ਛਾਲਾਂ ਮਾਰ ਕੇ ਟੱਪ ਗਈ। ਲੋਕਾਂ ਨੇ ਸਿੱਦੂ ਅਤੇ ਰੇਹੀ ਨਾਲ ਇੱਕ ਹੋਰ ਸ਼ਬਦ 'ਛੜਾ' ਜੋੜ ਦਿੱਤਾ ਤਾਂ ਦੋਵੇਂ ਭਰਾਵਾਂ ਨੇ ਆਥਣੇ ਜੁੜਦੀ ਜੁੰਡਲੀ ਨਾਲ ਸਲਾਹ ਕਰਕੇ ਸੁਨਾਮ ਤੋਂ ਅਠਾਰਾਂ ਹਜ਼ਾਰ 'ਚ ਸੁਰਜੀ ਨੂੰ ਮੁੱਲ ਲੈ ਆਂਦਾ ਸੀ। ਭਾਈਆਂ ਦਾ ਘਰ ਵਸਦਾ ਵੇਖ ਕੇ ਦੋਵੇਂ ਭੈਣਾਂ ਵੀ ਆਈਆਂ ਸਨ। ਦੋ-ਚਾਰ ਦਿਨਾਂ 'ਚ ਸਾਰਾ ਘਰ ਸੁਰਜੀ ਨੂੰ ਨਾਲ ਲਾ ਕੇ ਸੰਵਾਰ ਦਿੱਤਾ। ਵਿਹੜੇ-ਬੀਹੀ 'ਚ ਲੱਡੂ ਅਤੇ ਪਤਾਸੇ ਵੰਡੇ। ਉਜਾੜ ਪਏ ਘਰ ਵਿੱਚ ਰੌਣਕ ਨੇ ਪੈਰ ਪਾ ਲਿਆ। ਅਜੇ ਭੈਣਾਂ ਨੇ ਹਿੱਕ ਵਿੱਚ ਚਾਅ ਲਈਂ ਸਹੁਰੇ ਘਰ ਜਾ ਕੇ ਜੁੱਤੀਆਂ ਹੀ ਲਾਹੀਆਂ ਸਨ ਕਿ ਗੱਲ ਵਰੋਲਾ ਬਣੀ ਉਹਨਾਂ ਦਾ ਪਿੱਛਾ ਕਰਦੀ ਮਗਰੇ ਹੀ ਪਹੁੰਚ ਗਈ ਸੀ, ''ਸੁਰਜੀ ਭੱਜ ਗਈ।''

ਜਿਸ ਦਿਨ ਦੀ ਸੁਰਜੀ ਭੱਜੀ ਸੀ ਦੋਵੇਂ ਭਰਾ ਮੰਜਾ ਮੱਲੀਂ ਅੰਦਰੇ ਹੀ ਪਏ ਰਹਿੰਦੇ। ਸੁਰਜੀ ਦੇ ਭੱਜ ਜਾਣ ਦਾ ਦੁੱਖ, ਘੁਣ ਲੱਗੀ ਲੱਕੜ ਵਾਂਗ ਉਨ੍ਹਾਂ ਨੂੰ ਅੰਦਰੋ-ਅੰਦਰ ਖਾਂਦਾ ਰਹਿੰਦਾ। ਹਰੀ ਡਰਾਇਵਰ ਦੇ ਕੀਤੇ ਧੋਖੇ ਕਰਕੇ ਉਹਨਾਂ ਦੀ ਹਿੱਕ ਵਿੱਚ ਨਫ਼ਰਤ ਦੇ ਚੰਗਿਆੜੇ ਉਠਦੇ। ਜੀਅ ਕਰਦਾ ਮੁਰਗੇ ਦੀ ਗਿੱਚੀ ਮਰੋੜਨ ਵਾਂਗ ਉਹ ਹਰੀ ਦੀ ਗਰਦਨ ਮਰੋੜ ਦੇਣ। ਦਸ-ਪੰਦਰਾਂ ਦਿਨਾਂ ਬਾਅਦ ਉਨ੍ਹਾਂ ਨੂੰ ਵੀ ਪਤਾ ਲੱਗ ਗਿਆ ਸੀ ਕਿ ਹਰੀ ਡਰਾਇਵਰ ਨੇ ਸੁਰਜੀ ਕਿਤੇ ਹੋਰ ਵੇਚ ਦਿੱਤੀ ਸੀ। ਉਹਨਾਂ ਨੇ ਇੱਕ ਵਾਰ ਫੇਰ ਹਰੀ ਕੋਲ ਤਰਲਾ ਵੀ ਕੱਢਿਆ ਸੀ ਪਰ ਉਸ ਨੇ ਤਾਂ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੱਤਾ। ਉਲਟਾ ਇਹਨਾਂ ਦੇ ਗਲ ਪੈ ਗਿਆ ਸੀ। ਹਰੀ ਡਰਾਇਵਰ ਤਾਂ ਸੱਤ ਪੱਤਣਾਂ ਦਾ ਤਾਰੂ ਸੀ। ਇਹ ਵਿਚਾਰੇ ਬੇਵਸ ਕੁਝ ਕਰ ਵੀ ਨਹੀਂ ਸਕਦੇ ਸਨ। ਬੱਸ ਦੋਵੇਂ ਹਾਰੇ ਦੀ ਮੱਠੀ ਅੱਗ ਵਾਂਗ ਅੰਦਰੋ-ਅੰਦਰ ਧੁਖਦੇ ਰਹਿੰਦੇ। ਕਿਸੇ ਕੰਮ ਨੂੰ ਵੱਢੀ ਰੂਹ ਨਾ ਕਰਦੀ। ਖੇਤ ਨਰਮੇ ਦਾ ਬੁਰਾ ਹਾਲ ਹੋਇਆ ਪਿਆ ਸੀ। ਚੁਗਣ ਖੁਣੋ ਫੁੱਟੀਆਂ ਕਿਰ ਕਿਰ ਹੇਠਾਂ ਡਿੱਗ ਪਈਆਂ ਸਨ। ਖੇਤ ਨਰਮੇ ਦੀ ਹਾਲਤ ਵੇਖ ਕੇ ਸਰਵਣ ਤਾਏ ਨੇ ਦੋਵਾਂ ਨੂੰ ਹਲੂਣਿਆ ਸੀ, ''ਐਂ ਪਏ ਤੋਂ ਭਾਈ ਕਿਮੇਂ ਸਰੂ। ਆਪਣੀ ਫ਼ਸਲ ਸਾਂਭੋ। ਜੇ ਉੱਤੇ ਇੱਕ ਮੀਂਹ ਪੈ ਗਿਆ ਖਿੜੇ ਨਰਮੇ ਦੀ ਪੱਟੀ ਮੇਸ ਹੋਜੂ। ਉੱਠੋ ਮੇਰਾ ਸ਼ੇਰ। ਦੁੱਖ-ਸੁੱਖ ਤਾਂ ਆਉਂਦੇ ਜਾਂਦੇ ਰਹਿੰਦੇ ਨੇ।''

''ਹੁਣ ਤਾਂ ਕੁਛ ਕਰਨ ਨੂੰ ਜੀਅ ਨੀ ਕਰਦਾ ਤਾਇਆ।'' ਸਿੱਦੂ ਢਿੱਲਾ ਜਿਹਾ ਬੋਲਿਆ। ਪੰਦਰਾਂ-ਵੀਹ ਦਿਨ ਤੀਵੀਂ ਦੇ ਸਾਥ ਨਾਲ ਸਿੱਦੂ ਸਵਰਗਾਂ ਵਿੱਚ ਪਹੁੰਚਿਆ ਮਹਿਸੂਸ ਕਰਦਾ ਸੀ ਪਰ ਹੁਣ ਉਹ ਇੱਕੋ ਦਮ ਆਪਣੀ ਉਹੀ ਨਰਕੀ ਜ਼ਿੰਦਗੀ ਵਿੱਚ ਪਟਕ ਦਿੱਤਾ ਸੀ।

''ਸਭ ਠੀਕ ਹੋਜੂ ਭਾਈ, ਤੁਸੀਂ ਆਪਣਾ ਸਿੱਧੀ ਨੀ'ਤ ਨਾਲ ਕੰਮ ਕਰੋ।'' ਸਰਵਣ ਉਹਨਾਂ ਨੂੰ ਉਸ ਸ਼ਾਮ ਕਿੰਨਾ ਚਿਰ ਬੈਠਿਆ ਹੌਸਲਾ ਦਿੰਦਾ ਰਿਹਾ। ਫੇਰ ਕਿਤੇ ਜਾ ਕੇ ਉਹ ਅਗਲੇ ਦਿਨ ਚੁਗਾਵੀਆਂ ਲੈ ਕੇ ਨਰਮਾ ਚੁਗ ਕੇ ਲਿਆਏ ਸਨ।

-0-0-

ਨਰਮੇ-ਕਪਾਹਾਂ ਚੁਗ ਦਿੱਤੀਆਂ ਸਨ। ਟੀਂਡਿਆਂ ਨਾਲ ਸਾਰੇ ਪਿੰਡ ਦੇ ਕੋਠੇ ਭਰ ਗਏ। ਪਾਲੀਆਂ ਨੇ ਡੰਗਰ ਭੇਲੇ ਹੋਏ ਨਰਮੇ, ਕਪਾਹਾਂ ਵਿੱਚ ਜਾ ਵਾੜੇ। ਵਿਹੜੇ ਦੀਆਂ ਔਰਤਾਂ ਨੇ ਟੂਸੇ ਤੋੜਨ ਲਈ ਦਾਤੀਆਂ-ਪੱਲੀਆਂ ਕੱਛਾਂ 'ਚ ਲੈ ਕੇ ਖੇਤਾਂ ਨੂੰ ਵਹੀਰਾਂ ਘੱਤ ਦਿੱਤੀਆਂ। ਸਿੱਦੂ ਹੋਰਾਂ ਨੂੰ ਨਰਮਾ ਭੇਲਿਆਂ ਤਿੰਨ ਦਿਨ ਹੋ ਗਏ ਸਨ। ਕੱਲ੍ਹ ਦੇ ਕਿੱਲਿਆਂ ਦੀਆਂ ਛਟੀਆਂ ਵੀ ਵੱਢ ਦਿੱਤੀਆਂ ਸਨ। ਰਹਿੰਦੇ ਦੋ ਕਿੱਲਿਆਂ ਦੀਆਂ ਛਟੀਆਂ ਵੱਢਣ ਲਈ ਅੱਜ ਤਿੰਨ ਬੰਦੇ ਹੋਰ ਪੁੱਛ ਲਏ ਸਨ।

ਸਿੱਦੂ ਨੇ ਪੰਜਾਂ ਬੰਦਿਆਂ ਦਾ ਚਾਹ-ਗੁੜ ਬੰਨ੍ਹ ਕੇ ਝੋਲੇ ਵਿੱਚ ਪਾ ਲਿਆ। ਤਿੰਨੇ ਖਪਰੇ ਦਿਹਾੜੀਆਂ ਨੂੰ ਫੜਾ ਦਿੱਤੇ। ਦੋ ਛੰਗਤ ਆਪਣੇ ਘਰੋਂ ਲੈ ਆਇਆ ਸੀ। ਚਾਰੇ ਜਣੇ ਪੂਰੀ ਤਿਆਰੀ ਖਿੱਚ ਕੇ ਖੇਤ ਨੂੰ ਤੁਰ ਪਏ। ਰੇਹੀ ਰੋਟੀ ਟੁੱਕ ਪਕਾ ਕੇ ਲੈ ਆਉਣ ਲਈ ਘਰ ਹੀ ਰਹਿ ਗਿਆ।

ਸੂਰਜ ਦੀਆਂ ਨਿੱਘੀਆਂ ਕਿਰਨਾਂ ਨਰਮੇ ਦੀਆਂ ਛਟੀਆਂ ਤੋਂ ਤ੍ਰੇਲ ਚੂਸਣ ਲੱਗ ਪਈਆਂ ਸਨ ਜਦੋਂ ਚਾਰੇ ਖੇਤ ਪਹੁੰਚੇ। ਸਿੱਦੂ ਨੇ ਪਹਿਲਾਂ ਕਰੜੀ ਜਿਹੀ ਚਾਹ ਬਣਾਈ। ਚਾਹ ਨਾਲ ਚਾਰਾਂ ਨੇ ਥੋੜ੍ਹੀ ਥੋੜ੍ਹੀ ਅਫ਼ੀਮ ਵੀ ਖਾ ਲਈ। ਚਾਦਰੇ ਲਾਹ ਕੇ ਸਰਵਣ ਕੇ ਕੋਠੇ ਵਿੱਚ ਰੱਖ ਦਿੱਤੇ ਅਤੇ ਫਿਰ ਖਪਰੇ ਲੈ ਕੇ ਖੜ੍ਹੀਆਂ ਛਟੀਆਂ ਵੱਲ ਤੁਰ ਪਏ।

''ਬਾਖਰੂ ਮਹਾਰਾਜ।'' ਛੱਗਤ ਨੇ ਪਹਿਲਾ ਟੱਕ ਛਟੀ ਦੀ ਜੜ੍ਹ ਵਿੱਚ ਮਾਰਿਆ। ਜੜ੍ਹੋਂ ਲਹਿ ਕੇ ਹੱਥ 'ਚ ਆਈ ਛਟੀ ਉਸਨੇ ਪਿੱਛੇ ਰੱਖ ਦਿੱਤੀ।

''ਸੱਚਿਆ ਪਾਅਸ਼ਾ।'' ਕਹਿੰਦਿਆਂ ਬਾਕੀ ਵੀ ਕੰਮ ਨੂੰ ਜੁਟ ਗਏ।

ਜਿਉਂ ਜਿਉਂ ਮਾਵਾ ਘੁਲ ਕੇ ਨਾੜਾਂ ਵਿੱਚ ਫਿਰ ਰਿਹਾ ਸੀ ਚਾਰਾਂ ਦੇ ਹੱਥ ਹੋਰ ਤੇਜ਼ ਹੋ ਰਹੇ ਸਨ। ਆਲੇ-ਦੁਆਲੇ ਦੇ ਖੇਤਾਂ ਵਿਚਲੇ ਭੋਲੇ ਨਰਮਿਆਂ, ਕਪਾਹਾਂ ਵਿੱਚ ਪਾਲੀਆਂ ਨੇ ਮੱਝਾਂ ਲਿਆ ਵਾੜੀਆਂ ਸਨ। ਅੱਗੇ ਹਾੜ੍ਹੀ ਦੀਆਂ ਫ਼ਸਲਾਂ ਲਈ ਜਲਦੀ ਤੋਂ ਜਲਦੀ ਵਾਹਣ ਵਿਹਲੇ ਕਰਨ ਵਿੱਚ ਜੁਟੇ ਕਿਸਾਨਾਂ ਨੇ ਪੂਰੀ ਵਾਹ ਲਾ ਰੱਖੀ ਸੀ। ਕਈ ਹਿੰਮਤੀਆਂ ਨੇ ਤਾਂ ਛਟੀਆਂ ਢੋਹ ਕੇ ਵਾਹਣ ਵੀ ਵਿਹਲੇ ਕਰ ਦਿੱਤੇ ਸਨ। ਕਿਸੇ ਪਛੜੇ ਮਾੜਤੂ ਦਾ ਦੁੱਧ ਵਾਂਗ ਚਿੱਟਾ, ਖਿੜਿਆ ਨਰਮਾ ਮੌਕਾ ਸਾਂਭਣ ਲਈ ਸੈਨਤਾਂ ਮਾਰ ਰਿਹਾ ਸੀ। ਜਦ ਰੇਹੀ ਰੋਟੀ ਲੈ ਆਇਆ ਤਾਂ ਪੰਜੇ ਰੋਟੀ ਖਾਣ ਤੋਂ ਬਾਅਦ ਫਿਰ ਛਟੀਆਂ ਵੱਢਣ ਵਿੱਚ ਜੁਟ ਗਏ।

''ਚਾਚਾ ਲੱਗਿਆ ਨੀ ਪਤਾ ਫੇਰ ਕੋਈ ਚਾਚੀ ਦਾ।'' ਬੱਲਮ ਦਿਹਾੜੀਏ ਨੇ ਖਪਰਿਆਂ ਦੀ ਖ਼ੁਸ਼ਕ ਟੱਕ ਟੱਕ ਵਿੱਚ ਕੋਈ ਲੋਸਦਾਰ ਗੱਲ ਕਰਨ ਲਈ ਗੱਲ ਦਾ ਮੁੱਢ ਬੰਨ੍ਹਦਿਆਂ ਕਿਹਾ।

''ਪਤਾ ਲੱਗਣ ਨੂੰ ਕੀ ਐ ਭਾਈ।'' ਸਿੱਦੂ ਨੇ ਖ਼ੁਸ਼ਕ ਜਿਹਾ ਉੱਤਰ ਦਿੰਦਿਆਂ ਛਟੀ ਦੀ ਜੜ੍ਹ ਵਿੱਚ ਜੋਰ ਦੀ ਖਪਰਾ ਮਾਰਿਆ। ਸੁਰਜੀ ਦਾ ਜਿਕਰ ਉਸਨੂੰ ਉਦਾਸ ਕਰ ਗਿਆ ਸੀ।

''ਫੇਰ ਵੀ?'' ਬੱਲਮ ਸਿੱਦੂ ਦੀ ਗੋਲ-ਮੋਲ ਜਿਹੀ ਗੱਲ ਤੋਂ ਸੰਤੁਸ਼ਟ ਨਹੀਂ ਸੀ।

''ਪਤਾ ਤਾਂ ਹੁਣ ਲਾਗਿਆ ਤੀ। ਅਗਲੇ ਨੇ ਪੈਸੇ ਵੱਟ ਕੇ ਅੱਗੇ ਵੇਚ ਤੀ।''

''ਐਂ ਕਿਮੇਂ ਵੇਚਤੀ, ਤੁਸੀਂ ਓਹਤੋਂ ਪੈਸੇ ਮੜਾਉਣੇ ਤੀ।''

''ਗਏ ਤਾਂ ਹੈਗੇ ਤੀ ਭਾਈ ਕੇਰਾਂ। ਓਹਨੇ ਤਾਂ ਪੈਰਾਂ ਤੇ ਪਾਣੀ ਨੀ ਪੈਣ ਦਿੱਤਾ। ਅਖੇ ਮੇਰੇ ਕੋਲ ਤਾਂ ਆਈਓ ਨੀ। ਹੁਣ ਮਰੇ-ਮੁੱਕਰੇ ਦਾ ਕੀ 'ਲਾਜ ਐ।'' ਸਿੱਦੂ ਬੇਵਸੀ ਵਿੱਚੋਂ ਬੋਲਿਆ।

''ਜੇ ਕਰਨਾ ਹੋਵੇ 'ਲਾਜ ਵੀ ਹੋਜੂ ਓਹਦਾ।'' ਰੇਹੀ ਅੰਦਰਲਾ ਕ੍ਰੋਧ ਹਰੀ ਡਰਾਇਵਰ ਵਿਰੁੱਧ ਵਟ ਖਾ ਗਿਆ।

''ਐਂ ਨੀ ਪਤਾ ਲੱਗਿਆ ਕਿਹੜੇ ਪਿੰਡ ਐ?'' ਦੂਜੇ ਦਿਹਾੜੀਏ ਨੇ ਗੱਲ ਅੱਗੇ ਤੋਰੀ।

''ਆਹ ਓਥੀ ਕਹਿੰਦੇ ਨੇ, ਮਲੇਰਕੋਟਲੇ ਕੋਲੇ ਤੱਖਰ-ਤੁੱਖਰ।'' ਸਿੱਦੂ ਦੇ ਸੁਰਜੀ ਯਾਦ ਆਉਂਦਿਆਂ ਉਸ ਅੰਦਰ ਮਿੱਠਾ ਜਿਹਾ ਕੁਝ ਘੁਲ ਗਿਆ।

''ਚਾਚੇ ਇੱਕ ਗੱਲ ਐ! ਘਰ ਤਾਂ ਤੀਮੀਂ ਨਾਲ ਈ ਐ। ਬਿਨ੍ਹਾਂ ਤੀਮੀਂ ਤੋਂ ਤਾਂ ਬੰਦਾ ਦੋਜਖੇ ਭਰਦੈ।'' ਬੱਲਮ ਨੇ ਗ੍ਰਹਿਸਤੀ ਜੀਵਨ ਵਿੱਚ ਤੀਵੀਂ ਦੀ ਅਹਿਮੀਅਤ ਬਿਆਨ ਕਰ ਦਿੱਤੀ।

''ਗੱਲ ਤਾਂ ਭਾਈ ਤੇਰੀ ਸੱਚੀ ਐ। ਜਿੰਦਣ ਦੀ ਗਈ ਐ, ਕੰਜਰ ਦੀ ਦੇ ਭੁਲੇਖੇ ਜੇ ਈ ਨੀ ਪੈਣੋ ਹੱਟਦੇ। ਬੱਸ ਐਂ ਜੇ ਲੱਗੀ ਜਾਊ, ਘਰ ਦੇ ਆਹ ਖੂੰਜੇ 'ਚੋਂ ਨਿਕਲੀ, ਆਹ ਖੂੰਜੇ 'ਚੋਂ ਨਿਕਲੀ।'' ਸਿੱਦੂ ਸੁਰਜੀ ਦੇ ਹੇਜ ਵਿੱਚ ਪਿਘਲਦਾ ਜਾ ਰਿਹਾ ਸੀ। ਉਸਦਾ ਜੀਅ ਕਰਦਾ ਸੀ ਕਿ ਇਹ ਸਾਰੇ ਸੁਰਜੀ ਬਾਰੇ ਹੀ ਗੱਲਾਂ ਕਰੀ ਜਾਣ। ਉਸਨੂੰ ਤਾਂ ਇਹਨਾਂ ਗੱਲਾਂ ਵਿੱਚੋਂ ਸੁਆਦ ਆਉਣ ਲੱਗ ਪਿਆ ਸੀ। ਜਿਵੇਂ ਸੁਰਜੀ ਉਸ ਨਾਲ ਖ਼ੁਦ ਗੱਲਾਂ ਕਰ ਰਹੀ ਹੋਵੇ।

''ਸਿੱਦੂਆ ਇੱਕ ਗੱਲ ਤਾਂ ਹੈਗੀ! ਤੀਮੀਂ ਆਲਾ ਜਿੰਨਾ ਮਰਜੀ ਕੰਜਰ ਹੋਵੇ, ਉਹਨੂੰ ਲੋਕ ਫੇਰ ਵੀ ਘਰ-ਬਾਰ ਆਲਾ, ਸਿਆਣਾ ਕਹਿਣਗੇ। ਤੀਮੀਂਓਂ ਵਿਰਵੇ ਬੰਦੇ ਕਈ ਸੌ ਨੱਕ-ਬੁੱਲ੍ਹ ਕੱਢਦੇ ਨੇ।'' ਛੱਗੜ, ਬੱਲਮ ਦੀ ਗੱਲ ਨੂੰ ਹੋਰ ਵਜਨਦਾਰ ਬਣਾ ਗਿਆ।

ਬਾਰਾਂ ਵੱਜਦੇ ਤੱਕ ਉਹ ਤੀਵੀਂ ਨੂੰ ਹਰ ਗੱਲ ਵਿੱਚ ਘੁਮਾਈਂ ਫਿਰਦੇ ਰਹੇ ਫਿਰ ਸਿੰਦੂ ਦੁਪਹਿਰ ਦੀ ਚਾਹ ਬਣਾਉਣ ਲਈ ਕੋਠੇ ਕੋਲ ਚਲਾ ਗਿਆ। ਕੋਠੇ ਦੇ ਪਿਛਲੇ ਪਾਸਿਓਂ ਸੁੱਕੀਆਂ ਛਟੀਆਂ ਤੋੜ ਕੇ, ਇੱਟਾਂ ਦੇ ਆਰਜੀ ਚੁੱਲ੍ਹੇ ਵਿੱਚ ਅੱਗ ਬਾਲ ਲਈ। ਤੌੜੇ ਵਿੱਚੋਂ ਪੰਜ ਬਾਟੀਆਂ ਮਿਣ ਕੇ ਪਤੀਲੀ ਵਿੱਚ ਪਾਣੀ ਦੀਆਂ ਪਾ ਲਈਆਂ। ਅੱਗ ਬਲਣ ਤੋਂ ਚਾਹ ਉਬਲਣ ਤੱਕ ਉਹ ਸੁਰਜੀ ਦੀਆਂ ਯਾਦਾਂ ਵਿੱਚ ਹੀ ਕਿਧਰੇ ਗੁਆਚਿਆ ਰਿਹਾ। ਚਾਹ ਉੱਬਲ ਕੇ ਚੁੱਲ੍ਹੇ ਦੀ ਅੱਗ ਉੱਤੇ ਪੈ ਗਈ। ਉਸਦੀ 'ਛਿਣ ਛਿਣ' ਦੀ ਅਵਾਜ ਨੇ ਹੀ ਉਸਨੂੰ ਯਾਦਾਂ ਦੀ ਲੜੀ ਨਾਲੋਂ ਤੋੜਿਆ। ਉਸਨੇ ਕਾਹਲੀ ਨਾਲ ਪਤੀਲੀ ਚੁੱਲ੍ਹੇ ਤੋਂ ਹੇਠਾਂ ਉਤਾਰ ਲਈ। ਤੱਤੀ ਪਤੀਲੀ ਨਾਲ ਉਂਗਲਾਂ ਦੇ ਪੋਟੇ ਸੜ ਗਏ। ਉਸਨੇ ਹੱਥਾਂ ਨੂੰ ਸਰੀਰ ਦੇ ਇਧਰ-ਉਧਰ ਘਸਾਇਆ। ਜਦ ਜਲਣ ਘਟ ਗਈ ਤਾਂ ਚਾਹ ਵਿੱਚ ਦੁੱਧ ਪਾ ਕੇ ਛੱਗਤ ਹੋਰਾਂ ਨੂੰ ਅਵਾਜ਼ ਮਾਰ ਲਈ।

''ਚਾਚਾ ਤੈਨੂੰ ਇੱਕ ਸਲਾਹ ਦੇਮਾਂ, ਮੰਨੇਗਾ?'' ਬੱਲਮ ਨੇ ਕਿੱਕਰ ਦੇ ਮੁੱਢ ਨਾਲ ਢੂਹ ਲਾਉਂਦਿਆਂ ਸਿੰਦੂ ਨੂੰ ਪੁੱਛਿਆ।

''ਹਾਂ।'' ਸਿੰਦੂ ਬਾਟੀਆਂ ਵਿੱਚ ਚਾਹ ਪਾਉਂਦਾ ਰੁਕ ਗਿਆ ਜਿਵੇਂ ਉਹ ਬੱਲਮ ਦੀ ਦਿੱਤੀ ਕਿਸੇ ਸੌਗਾਤ ਨੂੰ ਜਲਦੀ ਨਾਲ ਫੜ ਲਵੇਗਾ।

''ਮੰਨੇ ਚਾਹੇ ਨਾ ਮੰਨੇ, ਤੀਮੀਂ ਬਿਨ੍ਹਾਂ ਤਾਂ ਘਰ ਦੀ ਊਈਂ ਗਤੀ ਨੀ ਹੁੰਦੀ। ਜੇ ਤੀਮੀਂ ਐ ਤਾਂ ਘਰ, ਘਰ ਬਣੂ।'' ਬੱਲਮ ਨੇ ਪਹਿਲਾਂ ਆਪਣੀ ਗੱਲ ਦੀ ਭੂਮਿਕਾ ਬੰਨ੍ਹੀ ਤੇ ਫਿਰ ਅੱਗੇ ਬੋਲਿਆ, ''ਮੈਂ ਤਾਂ ਕਹਿਣਾ ਚਾਚਾ ਮਹਿੰਗੀ ਸਸਤੀ ਕੋਈ ਹੋਰ ਲੈ ਆ। ਭੈਣ ਮਰਾਵੇ ਕਜੀਆ। ਵਾਧੇ-ਘਾਟੇ ਤਾਂ ਹੁੰਦੇ ਰਹਿੰਦੇ ਨੇ।''

''ਦੇਖਦੇ ਆਂ ਫੇਰ, ਕੋਈ ਜੰਗਾਤ।'' ਸਿੰਦੂ ਜਿਵੇਂ ਅੱਗੇ ਹੀ ਇਰਾਦਾ ਬਣਾਈ ਬੈਠਾ ਸੀ। ਅਸਲ ਵਿੱਚ ਤੀਵੀਂ ਸਿੰਦੂ ਦੇ ਮੂੰਹ ਲੱਗ ਗਈ ਸੀ। ਤੀਵੀਂ ਦਾ ਚਸਕਾ ਹੁਣ ਉਸ ਨੂੰ ਦਿਨ-ਰਾਤ ਨਹੀਂ ਸੀ ਟਿਕਣ ਦਿੰਦਾ। ਚਾਹ ਪੀਣ ਤੋਂ ਬਾਅਦ ਪੰਜੇ ਫਿਰ ਆਪੋ-ਆਪਣੇ ਖਪਰੇ ਲੈ ਕੇ ਜੁਟ ਗਏ। ਸ਼ਾਮ ਤੱਕ ਦੋਵੇਂ ਕਿੱਲੇ ਵੱਢ ਕੇ ਭਰੀਆਂ ਬੰਨ੍ਹ ਦਿੱਤੀਆਂ।

ਸੂਰਜ ਕਦੋਂ ਦਾ ਪੱਛਮ ਵਿੱਚ ਲੁਕਣਮੀਟੀ ਖੇਡ ਗਿਆ ਸੀ। ਠੰਡ ਉਤਰ ਆਈ ਸੀ ਪਰ ਸਰੀਰ ਗਰਮ ਹੋਣ ਕਰਕੇ ਅਜੇ ਬਹੁਤੀ ਮਹਿਸੂਸ ਨਹੀਂ ਸੀ ਹੁੰਦੀ। ਰੇਹੀ ਸੂਰਜ ਖੜ੍ਹੇ ਹੀ ਮੱਝ ਨੂੰ ਕੱਖ ਪਾਉਣ ਅਤੇ ਚੁੱਲ੍ਹੇ-ਚੌਂਕੇ ਦਾ ਕਰਨ ਲਈ ਚਲਿਆ ਗਿਆ ਸੀ। ਜਦੋਂ ਤੱਕ ਚਾਰੇ ਥੱਕੇ-ਟੁੱਟੇ ਪਿੰਡ ਪਹੁੰਚੇ ਹਨ੍ਹੇਰੇ ਦੀ ਚਾਦਰ ਚਾਰੇ ਪਾਸੇ ਤਣ ਚੁੱਕੀ ਸੀ।

ਜਦੋਂ ਸਿੰਦੂ ਨੇ ਆਪਣੇ ਥਕੇਵੇਂ ਨਾਲ ਨਿਢਾਲ ਹੋਏ ਸਰੀਰ 'ਤੇ ਨਹਾਉਣ ਲੱਗਿਆਂ ਗਰਮ ਗਰਮ ਪਾਣੀ ਪਾਇਆ ਤਾਂ ਉਸਨੂੰ ਸੁਰਤ ਜਿਹੀ ਆ ਗਈ। ਨਹਾ ਕੇ ਉਸਨੇ ਰੋਟੀ ਖਾਣ ਦੀ ਬਜਾਏ ਸ਼ਰਾਬ ਦੀ ਬੋਤਲ ਚੁੱਕ ਲਈ। ਇਕੱਲਾ ਬੈਠਾ ਹੀ ਗਈ ਰਾਤ ਤੱਕ ਪੀਂਦਾ ਰਿਹਾ। ਉਸਦੀਆਂ ਗੇਰੂ ਵਾਂਗ ਲਾਲ ਹੋਈਆਂ ਅੱਖਾਂ ਅੱਗੇ ਸੁਰਜੀ ਦੌੜਦੀ ਰਹੀ। ਕਦੇ ਕਦੇ ਸੁਰਜੀ ਦੀ ਸ਼ਕਲ ਹੋਰ ਤੀਵੀਂਆਂ ਵਿੱਚ ਬਦਲ ਜਾਂਦੀ। ਫੇਰ ਇੱਕ ਸੁਰਜੀ ਤੋਂ ਕਿੰਨੀਆਂ ਹੀ ਤੀਵੀਂਆਂ ਬਣ ਗਈਆਂ। ਉਸਨੂੰ ਜਾਪਿਆ ਜਿਵੇਂ ਉਹ ਸਾਰੀਆਂ ਤੀਵੀਂਆਂ ਵੱਲ ਬੇਸਬਰਿਆਂ ਵਾਂਗ ਭੱਜ ਰਿਹਾ ਹੋਵੇ ਪਰ ਉਹ ਉਸਦੇ ਹੱਥ ਨਹੀਂ ਸੀ ਆ ਰਹੀਆਂ। ਜਿੱਥੇ ਵੀ ਉਹ ਹੱਥ ਪਾਉਂਦਾ, ਤੀਵੀਂਆਂ ਟਿੱਡੀ ਵਾਂਗ ਤਿੜਕ ਕੇ ਹੋਰ ਥਾਂ ਜਾ ਖੜ੍ਹਦੀਆਂ। ਉਹ ਆਪਣੀ ਬੇਵਸੀ 'ਤੇ ਕੁੜ੍ਹਦਾ ਤੀਵੀਂਆਂ ਨੂੰ ਗਾਲ੍ਹਾਂ ਕੱਢਣ ਲੱਗਦਾ। ਫਿਰ ਤੀਵੀਂਆਂ ਦੀਆਂ ਸਾਰੀਆਂ ਸ਼ਕਲਾਂ ਉਸਦੀਆਂ ਅੱਖਾਂ ਅੱਗੇ ਧੁੰਦਲੀਆਂ ਹੁੰਦੀਆਂ ਗਈਆਂ। ਉਸਦੀਆਂ ਪੁਤਲੀਆਂ ਭਾਰੀ ਹੋ ਕੇ ਅੱਖਾਂ 'ਤੇ ਫੈਲ ਗਈਆਂ।

-O-O-

ਸਾਰੀ ਫ਼ਸਲ ਦਾ ਆੜਤੀਏ ਨਾਲ ਹਿਸਾਬ ਕਰਨ ਤੇ ਸਾਰਾ ਜੋੜ-ਤੋੜ ਕੇ ਪੂਰਾ ਸੱਤਰ ਹਜ਼ਾਰ ਸਿਰ ਟੁੱਟ ਗਿਆ ਸੀ। ਘਰ ਆ ਕੇ ਦੋਵੇਂ ਭਰਾਵਾਂ ਨੇ ਸਲਾਹ ਕਰਕੇ ਅਗਲੇ ਸਾਲ ਲਈ ਜ਼ਮੀਨ ਠੇਕੇ 'ਤੇ ਦੇ ਦਿੱਤੀ। ਏਨਾ ਪੈਸਾ ਟੁ◌ੁ◌ੋਟ ਜਾਣ 'ਤੇ ਵੀ ਉਨ੍ਹਾਂ ਦੇ ਕੰਨ 'ਤੇ ਜੂੰ ਨਾ ਸਰਕੀ। ਘਰ ਓਵੇਂ ਬੋਤਲਾਂ ਖ਼ਾਲੀ ਹੁੰਦੀਆਂ ਰਹੀਆਂ, ਮੀਟ ਰਿਝਦੇ ਰਹੇ। ਤੀਵੀਂ ਤੋਂ ਸੱਖਣੇ ਘਰ ਵਿੱਚ ਬੇਗਾਨੀਆਂ ਤੀਵੀਂਆਂ ਦੀਆਂ ਚਟਖਾਰੇ ਲੈ ਲੈ ਗੱਲਾਂ ਹੁੰਦੀਆਂ ਰਹੀਆਂ। ਦੋਵੇਂ ਭਰਾਵਾਂ ਦੀ ਸ਼ਰਾਬ ਪਹਿਲਾਂ ਨਾਲੋਂ ਦੁੱਗਣੀ ਹੋ ਗਈ। ਕਰਜ਼ੇ ਦਾ

ਗਰਾਫ਼ ਵੀ ਉਪਰ ਉੱਠਦਾ ਗਿਆ। ਦੋਵਾਂ ਨੇ ਆਪਣਾ ਹੱਥ ਫਿਰ ਵੀ ਨਹੀਂ ਘੁੱਟਿਆ। ਜਿੰਨੇ ਪੈਸੇ ਹੱਥ ਆਉਂਦੇ ਤਾਸ਼ ਦੇ ਪੱਤਿਆਂ ਵਾਂਗ ਉਡਾ ਦਿੰਦੇ। ਉਹ ਆਪਣੇ ਹੀ ਘਰ ਨੂੰ ਬੇਗਾਨਿਆਂ ਦੀ ਪੂੰਜੀ ਵਾਂਗ ਲੁੱਟਦੇ ਰਹੇ। ਅਖੀਰ ਇੱਕ ਕਿੱਲਾ ਬੈਅ ਹੋ ਗਿਆ।

## 4

ਅੱਜ ਸਿੰਦੂ ਨਵਾਂ ਕੁੜਤਾ-ਪਜਾਮਾ ਅਤੇ ਪੈਰੀਂ ਕੱਢਵੀਂ ਜੁੱਤੀ ਪਾਈ ਬਰਾਤੀਆਂ ਵਾਂਗ ਤਿਆਰ ਹੋਇਆ ਵਿਹੜੇ ਵਿੱਚ ਬੈਠਾ ਸੀ। ਉਸਨੇ ਬੜੀ ਰੀਝ ਨਾਲ ਦਾੜ੍ਹੀ 'ਚੋਂ ਝਾਕਦੇ ਟਾਵੇਂ ਟਾਵੇਂ ਧੌਲੇ ਵੀ ਸ਼ੀਸ਼ਾ ਮੋਚਨਾ ਲੈ ਕੇ ਪੁੱਟ ਦਿੱਤੇ ਸਨ। ਮੁੰਨੀ ਦਾੜ੍ਹੀ ਨੂੰ ਚੀਮੇਂ ਨਾਈ ਦੇ ਜਾ ਕੇ ਹੋਰ ਛੋਟੀ ਕਰਵਾ ਆਇਆ ਸੀ। ਹੁਣ ਥੰਦੇ ਦਾ ਹੱਥ ਲਾ ਕੇ ਹੋਰ ਚਮਕਾ ਲਈ ਸੀ। ਅੱਜ ਉਸਦੇ ਦਿਲ ਵਿੱਚ ਜਵਾਨੀ 'ਚ ਪੈਰ ਰੱਖਦੇ ਅੱਲ੍ਹੜ ਮੁੰਡਿਆਂ ਵਾਂਗ ਪਿਆਰ ਤਰੰਗਾਂ ਉੱਠ ਰਹੀਆਂ ਸਨ। ਉਸਦੇ ਅੰਦਰ ਅੰਗੜਾਈਆਂ ਲੈਂਦੇ ਪਿਆਰ ਵਲਵਲੇ ਛਾਤੀ ਪਾੜ ਕੇ ਬਾਹਰ ਆ ਰਹੇ ਸਨ। ਉਸਦਾ ਅੰਗ ਅੰਗ ਕਿਸੇ ਅਣ-ਦੇਖੀ ਚੀਜ਼ ਨੂੰ ਪਾਉਣ ਲਈ ਮਚਲ ਰਿਹਾ ਸੀ। ਚਾਹੇ ਉਹ ਛੰਗੜ ਤੇ ਕੈਲੇ ਵੱਲ ਹੁਣੇ ਜਾ ਕੇ ਆਇਆ ਸੀ ਪਰ ਉਸਦੇ ਅੰਦਰਲੀ ਕਾਹਲੀ ਉਸਨੂੰ ਵਾਰ ਵਾਰ ਬੀਹੀ ਵਿੱਚ ਲੈ ਆਉਂਦੀ ਸੀ। ਉਹ ਆਲੇ-ਦੁਆਲੇ ਬੀਹੀ ਵਿੱਚ ਦੂਰ ਤੱਕ ਨਿਗ੍ਹਾ ਮਾਰਕੇ ਫੇਰ ਅੰਦਰ ਮੰਜੇ 'ਤੇ ਜਾ ਬੈਠਦਾ। ਬਾਹਰ ਜੀਪ ਆ ਰੁਕੀ। ਸਿੰਦੂ ਭੱਜ ਕੇ ਬਾਹਰ ਗਿਆ। ਬੀਹੀ ਵਿੱਚ ਨਿਗ੍ਹਾ ਮਾਰੀ, ਛੰਗੜ ਤੇ ਕੈਲਾ ਕਿਤੇ ਨਜ਼ਰੀਂ ਨਾ ਪਏ। ਉਹ ਗੱਡੀ ਵਾਲੇ ਨੂੰ ਅੰਦਰ ਬਿਠਾ ਕੇ ਆਪ ਚਾਹ ਬਣਾਉਣ ਲੱਗ ਪਿਆ। ਉਸਦੇ ਚਾਹ ਬਣਾਉਂਦੇ ਤੱਕ ਛੰਗੜ ਤੇ ਕੈਲਾ ਵੀ ਆ ਗਏ। ਤਿੰਨੋਂ ਚਾਹ ਪੀ ਕੇ ਜੀਪ ਵਿੱਚ ਬੈਠ ਗਏ। ਜੀਪ ਧੂੜ ਉਡਾਉਂਦੀ, ਸੂਏ ਨੂੰ ਪਾਰ ਕਰਕੇ ਲੁੱਟਰ ਨੂੰ ਜਾਂਦੇ ਕੱਚੇ ਪਹੇ ਪੈ ਗਈ।

ਖੇਤਾਂ ਵਿੱਚ ਕਣਕਾਂ ਨੇ ਓਰੇ ਢਕ ਲਏ ਸਨ। ਸਾਰੀ ਧਰਤੀ 'ਤੇ ਹਰੀ ਹਰੀ ਭਾਅ ਮਾਰਨ ਲੱਗ ਪਈ ਸੀ। ਪਛੇਤੇ ਨਰਮੇ ਵਾਲੇ ਵਾਹਣਾਂ ਵਿੱਚ ਬੀਜੀ ਕਣਕ ਦੀਆਂ ਤੂਈਆਂ ਓਰਿਆਂ 'ਚੋਂ ਮੂੰਹ ਕੱਢੀ ਅਸਮਾਨ ਵੱਲ ਝਾਕ ਰਹੀਆਂ ਸਨ। ਪੱਕੇ ਪੈਰੀਂ ਹੁੰਦੇ ਸਿਆਲ ਦੀ ਠੰਡੀ ਹਵਾ ਜੀਪ ਵਿੱਚ ਬੈਠਿਆਂ ਨੂੰ ਕਾਂਬਾ ਚਾੜ੍ਹ ਗਈ। ਸਾਰਿਆਂ ਨੇ ਉਪਰ ਲਏ ਖੇਸਾਂ ਦੀਆਂ ਬੁੱਕਲਾਂ ਘੁੱਟ ਕੇ ਮਾਰ ਲਈਆਂ। ਸਿੰਦੂ ਜੀਪ 'ਚੋਂ ਬਾਹਰ ਖੇਤਾਂ ਵੱਲ ਵੇਖਦਾ, ਆਪਣੇ ਮਨ ਦੀ ਕਲਪਨਾ ਨਾਲ ਆਉਣ ਵਾਲੀ ਦੇ ਨੈਣ-ਨਕਸ਼ਾਂ ਨੂੰ ਬਣਾ ਢਾਹ ਰਿਹਾ ਸੀ। ਨਵੀਂ ਤੀਵੀਂ ਲੈ ਆਉਣ ਦਾ ਚਾਅ ਵਾਰ ਵਾਰ ਉਸਦੇ ਮਨ ਦੇ ਕਿਸੇ ਕੋਨੇ ਵਿੱਚੋਂ ਉੱਠ ਕੇ ਬੁੱਲ੍ਹਾਂ 'ਤੇ ਆ ਮੁਸਕਾਨ ਵਿੱਚ ਵਟ ਜਾਂਦਾ ਸੀ। ਉਸਦੇ ਮਨ ਨੂੰ ਕੁਛ ਕੁਛ ਤਾਂ ਉਸ ਦਿਨ ਹੀ ਹੋ ਗਿਆ ਸੀ ਜਦ ਕੈਲੇ ਨੇ ਉਸਨੂੰ 'ਟਾਹਲੀਏਂ' ਤੀਵੀਂ ਦੀ ਦੱਸ ਪਾਈ ਸੀ। ਪਹਿਲਾਂ ਤਾਂ ਸਿੰਦੂ ਨੇ ਉਪਰਲੇ ਮਨੋ ਨਾਂਹ-ਨੁੱਕਰ ਜਿਹੀ ਕੀਤੀ ਸੀ ਪਰ ਕੈਲੇ ਦੇ ਇੱਕ-ਦੋ ਵਾਰ ਕਹਿਣ 'ਤੇ ਹੀ ਉਸਨੇ ਝੂਠੇ ਇਨਕਾਰ ਦੀ ਲੋਈ ਲਾਹ ਦਿੱਤੀ ਸੀ। ਇਸ ਵਾਰ ਰੋਹੀ ਨੇ ਵੀ ਬਖੇੜਾ ਖੜ੍ਹਾ ਕਰ ਦਿੱਤਾ ਸੀ। ਉਹ ਚਾਹੁੰਦਾ ਸੀ ਪਹਿਲਾਂ ਸਿੰਦੂ ਤੀਵੀਂ ਲੈ ਕੇ ਆਇਆ ਸੀ ਹੁਣ ਮੇਰਾ ਹੱਕ ਬਣਦਾ ਹੈ। ਮੇਰਾ ਵੀ ਘਰ ਵਿੱਚ ਅੱਧ ਹੈ। ਫਿਰ ਸਿੰਦੂ ਨੇ ਆਪ ਇੱਕ-ਦੋ ਬੰਦਿਆਂ ਤੋਂ ਕਹਿ-ਕਹਾ ਕੇ ਰੋਹੀ ਨੂੰ ਮਸਾਂ ਠੰਡਾ ਕੀਤਾ ਸੀ। ਰੋਹੀ ਦਾ 'ਹਾਂ' 'ਚ ਸਿਰ ਹਿਲਦਿਆਂ ਹੀ ਸਿੰਦੂ ਨੇ ਟਾਹਲੀਆਂ ਨੂੰ ਜਾਣ ਲਈ ਕਮਰਕਸੇ ਕਸ ਲਏ ਸਨ। ਉਸਨੂੰ ਇਹ ਵੀ ਡਰ ਸੀ ਕਿ ਕਿਤੇ ਕੋਈ ਦੁਬਾਰਾ ਰੋਹੀ ਨੂੰ ਉਂਗਲ ਨਾ ਲਾ ਦੇਵੇ।

''ਚਲੋ ਬਈ ਉਤਰੋ।'' ਕੈਲੇ ਦੇ ਇਹਨਾਂ ਬੋਲਾਂ ਨੇ ਸਿੰਦੂ ਨੂੰ ਯਾਦਾਂ ਦੇ ਘੇਰੇ 'ਚੋਂ ਬਾਂਹ ਫੜ ਕੇ ਖਿੱਚ ਲਿਆ।

''ਹੈਂ! ਅੱਛਿਆ।'' ਸਿੰਦੂ ਰੁਪਈਆਂ ਵਾਲਾ ਝੋਲਾ ਸੰਭਾਲਦਾ ਜੀਪ 'ਚੋਂ ਉਤਰ ਗਿਆ।

''ਐਥੀ ਠੀਕ ਐ।'' ਕੈਲੇ ਨੇ ਵਿਹੜੇ ਵਿੱਚ ਡੱਠੇ ਮੰਜੇ ਵੱਲ ਇਸ਼ਾਰਾ ਕਰ ਦਿੱਤਾ। ਤਿੰਨੇ ਧੁੱਪੇ ਮੰਜੇ 'ਤੇ ਬੈਠ ਗਏ। ਇਨ੍ਹਾਂ ਨੂੰ ਆਇਆਂ ਵੇਖ ਕੇ ਅੰਦਰੋਂ ਪਤਲਾ ਜਿਹਾ ਆਦਮੀ ਮੈਲੀ ਪੱਗ ਸਿਰ 'ਤੇ ਲਵੇਟਦਿਆਂ ਬਾਹਰ ਆ ਗਿਆ।

''ਆ ਗਏ ਭਾਈ।'' ਉਹ ਤਿੰਨਾਂ ਨਾਲ ਹੱਥ ਮਿਲਾ ਕੇ ਅੰਦਰੋਂ ਇੱਕ ਮੰਜਾ ਹੋਰ ਚੁੱਕ ਲਿਆਇਆ ਫਿਰ ਚਾਹ ਨੂੰ ਕਹਿਣ ਅੰਦਰ ਚਲਾ ਗਿਆ। ਅੰਦਰੋਂ ਕਿਸੇ ਤੀਵੀਂ ਦੇ ਰੋਣ ਦੀ ਮੱਧਮ ਜਿਹੀ ਅਵਾਜ਼ ਬਾਹਰ ਵਿਹੜੇ ਵਿੱਚ ਸੁਣਾਈ ਦੇ ਰਹੀ ਸੀ। ਉਹ ਤੀਵੀਂ ਨੂੰ ਗਾਲ੍ਹਾਂ ਕੱਢਦਾ ਚਾਹ ਬਣਾਉਣ ਲਈ ਕਹਿ ਆਇਆ। ਸੌਦਾ ਤੈਅ ਹੋਣ ਲੱਗਿਆ। ਪੂਰੇ ਸੋਲਾਂ ਹਜ਼ਾਰ ਵਿੱਚ ਉਹ ਆਦਮੀ ਮੰਨ

ਗਿਆ। ਰੋਂਦੀ-ਕੁਰਲਾਉਂਦੀ ਦੇਵਕੀ ਗੋਦੀ ਤਿੰਨ-ਚਾਰ ਸਾਲ ਦੇ ਰਾਜੂ ਨੂੰ ਚੁੱਕੀਂ ਸਿੰਦੂ ਹੋਰਾਂ ਨਾਲ ਗੱਡੀ ਵਿੱਚ ਬੈਠ ਗਈ। ਗੱਡੀ ਵਿੱਚ ਬੈਠਦਿਆਂ ਉਸਦੇ ਹਾਉਕੇ ਹੋਰ ਉੱਚੇ ਹੋ ਗਏ। ਉਸਦਾ ਇਹ ਘਰ ਛੱਡਣ ਨੂੰ ਉੱਕਾ ਦਿਲ ਨਹੀਂ ਕਰਦਾ ਸੀ ਪਰ ਉਸਦੇ ਹੱਥ-ਵਸ ਕੁਝ ਨਹੀਂ ਸੀ। ਜਦ ਮਾਲਕ ਨੇ ਹੀ ਉਸਨੂੰ ਗਾਵਾਂ-ਮੱਝਾਂ ਵਾਂਗ ਵੇਚ ਕੇ ਰੱਸਾ ਅਣਜਾਣ ਆਦਮੀ ਦੇ ਹੱਥ ਫੜਾ ਦਿੱਤਾ ਸੀ। ਉਸਦੇ ਕੀਤੇ ਤਰਲੇ, ਅੱਖਾਂ 'ਚੋਂ ਵਗਾਏ ਹੰਝੂ ਵੀ ਮਰਦ ਦੇ ਪੱਥਰ ਦਿਲ ਨੂੰ ਪਿਘਲਾ ਨਾ ਸਕੇ। ਅਖੀਰ ਦੇਵਕੀ ਅਣਜਾਣ ਰਾਹਾਂ ਵਿੱਚ ਭਟਕਣ ਲਈ, ਭਾਣਾ ਮੰਨ ਕੇ ਸਿੰਦੂ ਹੋਰਾਂ ਨਾਲ ਗੱਡੀ ਵਿੱਚ ਬੈਠ ਗਈ। ਗੱਡੀ ਹਟਕੋਰੇ ਲੈਂਦੀ ਦੇਵਕੀ ਅਤੇ ਡਰੀ ਹੋਈ ਮੂਨ ਵਾਂਗ ਭੈ-ਭੀਤ ਜਿਹੇ ਹੋਏ ਬੈਠੇ ਬੱਚੇ ਨੂੰ ਲੈ ਕੇ ਰੰਗੜਪੁਰ ਨੂੰ ਚੱਲ ਪਈ।

ਜਦੋਂ ਸਿੰਦੂ ਨੇ ਦੇਵਕੀ ਨੂੰ ਜੀਪ ਵਿੱਚੋਂ ਉਤਾਰਿਆ ਤਾਂ ਮੋੜ 'ਤੇ ਖੜ੍ਹੇ ਆਦਮੀ ਤਮਾਸ਼ਾ ਵੇਖਣ ਵਾਂਗ ਆਲੇ-ਦੁਆਲੇ ਇਕੱਠੇ ਹੋ ਗਏ। ਬਿਨਾਂ ਪਾਣੀ ਵਾਰ ਕੇ ਪੀਤਿਆਂ, ਬਿਨਾਂ ਕਿਸੇ ਕਾਰ-ਵਿਹਾਰ ਤੋਂ ਦੇਵਕੀ ਅੰਦਰ ਸਬਾਤ ਵਿੱਚ ਜਾ ਬਿਠਾਈ ਜਿਵੇਂ ਨਵੀਂ ਲਿਆਂਦੀ ਗਾਂ-ਮੱਝ ਨੂੰ ਕਿੱਲੇ ਨਾਲ ਬੰਨ੍ਹ ਦਿੰਦੇ ਹਾਂ।

ਦੇਵਕੀ ਨੂੰ ਲੈ ਆਉਣ ਦੀ ਗੱਲ ਛੱਕਤ ਦੀ ਅੱਗ ਵਾਂਗ ਸਾਰੇ ਪਿੰਡ ਵਿੱਚ ਫੈਲ ਗਈ। ਬੀਹੀ ਵਿਹੜੇ ਦੀਆਂ ਤੀਵੀਂਆਂ, ''ਲੈ.....ਭਾਈ, ਮੈਂ ਕਿਹਾ ਨਮੀ ਬਹੂ ਦੇਖ ਆਈਏ ਹੀ...ਹੀ...ਹੀ...,'' ਕਰਦੀਆਂ ਸਿੰਦੂ ਕੇ ਘਰ ਇਕੱਠੀਆਂ ਹੋ ਗਈਆਂ। ਸਿੰਦੂ ਦੀ ਜੁੰਡਲੀ ਬਰਾਂਡੇ ਵਿੱਚ ਬੈਠ ਗਈ।

''ਲਿਆ ਫੇਰ ਕੌੜਾ ਮੂੰਹ ਕਰੀਏ।'' ਕਰਮੇ ਕਾ ਨਾਜਰ ਮੰਜੇ 'ਤੇ ਠੀਕ ਹੋ ਕੇ ਬਹਿੰਦਿਆਂ ਬੋਲਿਆ।

''ਪੀਣ ਛੱਡ ਚਾਹੇ ਨਾਹ ਲੇ, ਘਾਟੈ ਕਾਸੇ ਦਾ ਆਪਣੇ।'' ਸਿੰਦੂ ਨੇ ਬਰਾਂਡੇ ਵਿਚਲੀ ਤੂੜੀ ਵਿੱਚੋਂ ਬੋਤਲ ਕੱਢ ਕੇ ਢਾਣੀ ਦੇ ਵਿਚਕਾਰ ਰੱਖ ਦਿੱਤੀ। ਆਪ ਪਾਣੀ ਦੀ ਗੜਵੀ ਲੈਣ ਨਲਕੇ 'ਤੇ ਚਲਾ ਗਿਆ। ਅੱਜ ਸਿੰਦੂ ਖੁਸ਼ੀ 'ਚ ਬਾਵਰਾ ਹੋਇਆ ਫਿਰਦਾ ਸੀ। ਉਸਦੀ ਨਾਨਕਾ ਮੇਲ 'ਚ ਆਈ ਮੇਲਣ ਵਾਂਗ ਧਰਤੀ 'ਤੇ ਅੱਡੀ ਨਹੀਂ ਸੀ ਲਗਦੀ।

''ਲੈ ਲਾ ਫੇਰ।'' ਸਿੰਦੂ ਨੇ ਖਾਲੀ ਗਲਾਸ ਤੇ ਬੋਤਲ ਨਾਜ਼ਰ ਵੱਲ ਵਧਾਈ।

''ਜਾਅਦੇ ਕੌੜ ਤਾਂ ਨੀ।'' ਨਾਜਰ ਨੇ ਨਸ਼ਾ ਪਰਖਣ ਲਈ ਬੋਤਲ ਨੂੰ ਦੋਵੇਂ ਹੱਥਾਂ ਵਿੱਚ ਲੈ ਕੇ ਛਲਕਾਇਆ, ਬੋਤਲ ਦੀ ਕੰਗਣੀ 'ਤੇ ਬਰੀਕ ਬੁਲਬਲਿਆਂ ਦੀ ਮਾਲਾ ਬਣ ਗਈ, ''ਤੇਜ ਲਗਦੀ ਐ।''

''ਸਾਲੀ ਜੇਠੂ ਬਾਈਏ ਦੇ ਪੈਸੇ ਫੜਨ ਮਾਂਗੂੰ ਦੂਰੋਂ ਅੱਗ ਫੜਦੀ ਐ। ਪੂਰੀ ਮੇਨਤ ਨਾਲ ਬਣਾਈ ਐ।'' ਰੋਹੀ ਚੰਗੀ ਸ਼ਰਾਬ ਕੱਢਣ 'ਤੇ ਆਪਣੇ ਦੋਸਤਾਂ ਵਿੱਚ ਸ਼ਾਬਾਸ਼ ਖੱਟਣੀ ਚਾਹੁੰਦਾ ਸੀ।

''ਊ.....ਆ.....ਆਹਾ.....ਹਾ, ਕੰਜਰ ਦੀ ਅੰਦਰ ਚੀਰਦੀ ਜਾਂਦੀ ਐ।'' ਨਾਜ਼ਰ ਨੇ ਘੋੜੇ ਵਾਂਗ ਮੂੰਹ ਜਿਹਾ ਫਰਕਾਉਂਦੇ ਨੇ ਅਚਾਰ ਦੀ ਫਾੜੀ ਜਾੜ੍ਹ ਥੱਲੇ ਦੱਬ ਲਈ।

''ਲੈ ਲਾਹ ਲੈ ਤੂੰ ਵੀ ਪਾਲਾ, ਐਮੇਂ ਸੁੰਡੀ ਮਾਂਗੂੰ ਵਿੱਚੇ-ਵਿੱਚ 'ਕੱਠਾ ਜਾ ਹੋਈ ਜਾਨੈ।'' ਨਾਜ਼ਰ ਨੇ ਬੋਤਲ ਖੇਸ ਦੀ ਬੁੱਕਲ ਮਾਰੀਂ ਬੈਠੇ ਛੱਗੜ ਵੱਲ ਕਰ ਦਿੱਤੀ। ਛੱਗੜ ਨੇ ਛੋਟਾ ਜਿਹਾ ਪੈੱਗ ਬਣਾ ਕੇ ਅੱਖਾਂ ਮੀਚ ਕੇ ਅੰਦਰ ਸੁੱਟ ਲਿਆ। ਬੋਤਲ ਰੋਹੀ ਵੱਲ ਧੱਕ ਦਿੱਤੀ।

''ਕਿੰਨੇ ਕ ਲਾਗੇ ਫੇਰ?'' ਨਾਜ਼ਰ ਦਾ ਇਸ਼ਾਰਾ ਦੇਵਕੀ ਦੇ ਮੁੱਲ ਵੱਲ ਸੀ।

''ਸੋਲਾਂ ਲਾਗਿਆ।''

''ਸੋਲਾਂ ਤਾਂ ਕੋਈ ਵਾਹਲਾ ਨੀ।''

''ਹਾਂ....ਆਂ......ਊਂ ਤਾਂ ਠੀਕ ਐ......ਪਰ ਆਹ ਜਵਾਕ ਜੇ ਕਰਕੇ ਈ ਲਾ ਲੈ ਤੂੰ।'' ਸਿੰਦੂ ਮਹਿਸੂਸ ਕਰਦਾ ਸੀ ਕਿ ਜੇਕਰ ਨਾਲ ਇਹ ਬੱਚਾ ਨਾ ਹੁੰਦਾ ਤਾਂ ਇਕੱਲੀ ਦੇਵਕੀ ਦਾ ਬੜਾ ਖਰਾ ਸੌਦਾ ਸੀ। ਇੱਕ ਵਾਰ ਤਾਂ ਸਿੰਦੂ ਹੋਰਾਂ ਨੇ ਇਕੱਲੀ ਦੇਵਕੀ ਦੇ ਸੌਦੇ ਬਾਰੇ ਵੀ ਗੱਲ ਭੰਨੀ ਸੀ ਅਤੇ ਇੱਕ-ਦੋ ਹਜ਼ਾਰ ਦਾ ਵੱਧ ਲਾਲਚ ਵੀ ਦੇ ਦਿੱਤਾ ਸੀ ਪਰ ਅੱਗੋਂ ਦੇਵਕੀ ਦਾ ਮਾਲਕ ਨਹੀਂ ਮੰਨਿਆ ਸੀ।

''ਚਲ ਇਹ ਕੀ ਪੈਰ ਲਤੜਦੈ, ਆਪੇ ਪਲਜੂ ਵਿੱਚੇ। ਵੱਡੀ ਗੱਲ ਤਾਂ ਰੋਟੀ ਪਕਦੀ ਹੋਗੀ।'' ਛੰਗਤ ਦੇਵਕੀ ਦੇ ਮਸਲੇ ਨੂੰ ਰੋਟੀ ਨਾਲ ਜੋੜ ਗਿਆ।

''ਨਾਲੇ ਕੱਲੀਆਂ ਤੀਮੀਆਂ ਦਾ ਤਾਂ ਬਾਈ ਬਾਈ, ਪੱਚੀ ਪੱਚੀ ਹਜ਼ਾਰ ਮੰਗਦੇ ਨੇ। ਇਹ ਸੋਲਾਂ 'ਚ ਈ ਸਰ ਗਿਆ।'' ਕੈਲਾ ਚਾਹੁੰਦਾ ਸੀ ਉਸਦੇ ਕਰਵਾਏ ਸੌਦੇ 'ਤੇ ਨੁਕਤਾਚੀਨੀ ਕਰਨ ਦੀ ਬਜਾਏ ਉਸਨੂੰ ਸ਼ਾਬਾਸ਼ ਦੇਣ।

''ਹਾਂ ਇਹ ਤਾਂ ਤੇਰੀ ਗੱਲ ਸੋਲਾਂ ਆਨੇ ਐ।'' ਛੰਗਤ ਨੇ ਕੈਲੇ ਦਾ ਪੱਖ ਪੂਰਦਿਆਂ ਕਿਹਾ।

''ਊਂ ਤੀਮੀਂ ਵੀ ਸਾਲੀ ਨਸ਼ਾ ਈ ਐ ਇੱਕ ਤਰ੍ਹਾਂ ਦਾ। ਜੇ ਕੇਰਾਂ ਉਹਦਾ ਮੁਸ਼ਕ ਸਰੀਰ ਨਾਲ ਲਾਗਿਆ, ਫੇਰ ਰੋਜ਼ ਭਲ ਉਠਦੀ ਐ।'' ਨਾਜ਼ਰ ਨਸ਼ਈ ਅੱਖਾਂ ਨਾਲ ਸਾਰਿਆਂ ਵੱਲ ਵੇਖਦਾ ਦਲੀਲ ਦੇ ਗਿਆ।

''ਹੂੰ.....ਇਹ ਤਾਂ ਹੈ।'' ਸਾਰਿਆਂ ਨੇ ਸਹਿਮਤੀ ਵਿੱਚ ਸਿਰ ਮਾਰੇ।

''ਲੈ ਤਾਇਆ, ਤੂੰ ਵੀ ਲਾ ਫੇਰ।'' ਛੰਗਤ ਨੇ ਇੱਕ ਪਾਸੇ ਮੰਜੇ 'ਤੇ ਬੈਠੇ ਸਰਵਣ ਨੂੰ ਸੁਲ੍ਹਾ ਮਾਰੀ।

''ਬੱਸ ਤੁਸੀਂ ਪੀਓ।''

''ਲੈ ਫੜ ਤਾਂ ਸਹੀ।'' ਸਿੰਦੂ ਨੇ ਮੱਲੋ-ਮੱਲੀ ਪੈੱਗ ਪਾ ਕੇ ਸਰਵਣ ਨੂੰ ਫੜਾ ਦਿੱਤਾ।

ਅੱਧੀ ਰਾਤ ਤੱਕ ਬੋਤਲ, ਨਚਾਰੀ ਵਾਂਗ ਜੁੰਡਲੀ ਦੇ ਵਿਚਕਾਰ ਘੁੰਮਦੀ ਰਹੀ। ਜਦੋਂ ਤਿੰਨ ਬੋਤਲਾਂ ਨੂੰ ਫੂਕ ਵੱਜ ਗਈ ਫੇਰ ਸਾਰੇ ਝੂਲਦੇ, ਕੰਧਾਂ-ਕੋਲਿਆਂ 'ਚ ਵੱਜਦੇ ਘਰਾਂ ਨੂੰ ਤੁਰ ਪਏ। ਸਿਆਲ ਦੀ ਧੁੰਦ ਉਤਰ ਆਈ ਸੀ। ਬਾਹਰ ਗਲੀਆਂ ਦੇ ਕੁੱਤਿਆਂ ਨੇ ਅੱਧੀ ਰਾਤ ਨੂੰ ਬੰਦਿਆਂ ਦੀ ਹੋਂਦ ਭਾਂਪ ਕੇ ਭੌਂਕ ਭੌਂਕ ਸ਼ੋਰ ਮਚਾ ਦਿੱਤਾ ਸੀ। ਉਹਨਾਂ ਦੀ ਅਵਾਜ਼ ਖਾਲੀ ਬੀਹੀਆਂ ਵਿਚਲੀ ਧੁੰਦ ਨੂੰ ਚੀਰਦੀ ਦੂਰ ਤੱਕ ਸੁਣਾਈ ਦਿੰਦੀ ਸੀ। ਜਦੋਂ ਸਿੰਦੂ ਬਾਹਰਲੇ ਤਖਤੇ ਅੜਾਉਣ ਲਈ ਬਾਰ ਵਿੱਚ ਆਇਆ ਤਾਂ ਹਵਾ ਨਾਲ ਨਸ਼ਾ ਉਸਦੇ ਸਿਰ ਨੂੰ ਚੜ੍ਹ ਗਿਆ। ਉਹ ਗੋਤਾ ਖਾ ਕੇ ਤਖਤਿਆਂ ਵਿਚਕਾਰ ਡਿੱਗ ਪਿਆ। ਅੰਦਰੋਂ ਰੋ ਰੋ ਹਟੀ ਦੇਵਕੀ ਦਾ ਦਿਲ 'ਧੱਕ' ਕਰਕੇ ਵੱਜਿਆ। ਸਿੰਦੂ ਅੰਨ੍ਹਿਆਂ ਵਾਂਗ ਤਖਤਿਆਂ ਨੂੰ ਟਟੋਹਲ-ਟਟੋਹਲ ਹੱਥ ਪਾਉਂਦਾ ਖੜ੍ਹਾ ਹੋ ਗਿਆ। ਉਸਨੇ ਦੋਵੇਂ ਤਖਤੇ ਭੇੜ ਦਿੱਤੇ। ਕੁੰਡਾ ਉਸ ਤੋਂ ਕੋਸ਼ਿਸ਼ ਕਰਨ 'ਤੇ ਵੀ ਨਹੀਂ ਲੱਗਿਆ। ਉਹ ਓਵੇਂ ਲੜ-ਖੜਾਉਂਦਾ ਅੰਦਰ ਸਵਾਤ ਵਿੱਚ ਆ ਗਿਆ।

''ਮ....ਮੈਂ....ਕ...ਕਿਹਾ ਕ....ਕੀ ਹਾਲ ਨੇ।''

ਅੱਗੋਂ ਦੇਵਕੀ ਨੇ ਕੋਈ ਜਵਾਬ ਨਾ ਦਿੱਤਾ ਸਿਰਫ ਡੌਰ-ਭੌਰ ਅੱਖਾਂ ਨਾਲ ਉਸ ਵੱਲ ਵੇਖਦੀ ਰਹੀ। ਰਾਜੂ ਕਦੋਂ ਦਾ ਸੌਂ ਗਿਆ ਸੀ।

''ਬ...ਬ...ਬੋਓਲਦੀ ...ਨੀ।'' ਉਹ 'ਧੈਂਅ' ਕਰਕੇ ਦੇਵਕੀ ਨਾਲ ਮੰਜੇ 'ਤੇ ਬੈਠ ਗਿਆ। ਇੱਕ ਬਾਂਹ ਉਸਦੀ ਗਰਦਨ ਉਪਰੋਂ ਵਲ ਲਈ। ਦੇਵਕੀ ਦੇ ਅੰਦਰਲਾ ਦਰਦ ਫਿਰ ਹੰਝੂਆਂ ਦੀ ਸ਼ਕਲ ਧਾਰ ਗਿਆ।

''ਕਿਉਂ ਰੋ...ਰੋ...ਅ...ਣ ਨੂੰ ਕੀ ਤੇਰੀ ਗਾਂ..ਈ ਮਰ ਗੀ। ਕੰਜਰ ਦੀ। ਕੱਪੜੇ ਲਾਹ ਕੇਰਾਂ।''

ਦੇਵਕੀ ਦੇ ਹੰਝੂ ਉਵੇਂ ਵਗਦੇ ਰਹੇ।

''ਤੈਨੂੰ ਸੁਣਿਆ 'ਨੀ ਨੀ!'' ਸਿੰਦੂ ਨੇ ਲਾਲ ਅੱਖਾਂ ਦੇਵਕੀ ਦੇ ਭੋਲੇ ਚਿਹਰੇ 'ਤੇ ਕਿੱਲਾਂ ਵਾਂਗ ਗੱਡ ਦਿੱਤੀਆਂ। ਦੇਵਕੀ ਤ੍ਰਹਿ ਗਈ। ਉਸਨੇ ਨਾ ਚਾਹੁੰਦਿਆਂ ਵੀ ਕੱਪੜੇ ਲਾਹ ਦਿੱਤੇ। ਸਿੰਦੂ ਦਾ ਕੰਬਦਾ ਹੱਥ ਉਸਦੇ ਬਰਫ ਵਰਗੇ ਸਰੀਰ 'ਤੇ ਫਿਰਨ ਲੱਗਿਆ। ਸ਼ਰਾਬ ਦੀ ਗੰਦੀ ਹਵਾੜ ਦੇਵਕੀ ਦੇ ਦਿਮਾਗ਼ ਨੂੰ ਚੜ੍ਹ ਗਈ। ਉਹ ਬੇਹੋਸ਼ ਜਿਹੀ ਹੋ ਗਈ। ਉਸਦੀਆਂ ਅੱਖਾਂ 'ਚੋਂ ਨਿਕਲੇ ਹੰਝੂ ਗਦੈਲੇ ਨੇ ਸੋਖ ਲਏ।

ਸਵੇਰੇ ਦੇਵਕੀ ਟੁੱਟੇ ਅੰਗਾਂ ਨੂੰ ਇਕੱਠਾ ਕਰਦੀ ਉੱਠ ਖੜ੍ਹੀ। ਉਸਦੀਆਂ ਅੱਖਾਂ ਰੋ ਰੋ ਕੇ ਸੁੱਜੀਆਂ ਪਈਆਂ ਸਨ।

''ਜੀ ਚਾਹ ਦੂਧ ਕੀਥੇ ਐ?'' ਦੇਵਕੀ ਪੰਜਾਬੀ, ਹਿੰਦੀ ਨੂੰ ਰਲਾ ਕੇ ਬੋਲੀ। ਸਿੰਦੂ ਨੇ ਚਾਹ, ਗੁੜ, ਦੁੱਧ ਸਾਰਾ ਸਮਾਨ ਚੁੱਲ੍ਹੇ ਕੋਲ ਬੈਠੀ ਦੇਵਕੀ ਨੂੰ ਫੜਾ ਦਿੱਤਾ। ਮੀਹਾਂ ਦੇ ਢਾਹੇ ਚੁੱਲ੍ਹੇ ਚੌਂਕੇ ਵੇਖ ਕੇ ਦੇਵਕੀ ਨੂੰ ਸਿੰਦੂ ਹੋਰਾਂ 'ਤੇ ਤਰਸ ਜਿਹਾ ਆ ਗਿਆ। ਉਹ ਆਪਣਾ ਦੁੱਖ ਭੁੱਲ ਕੇ ਸਿੰਦੂ ਅਤੇ ਮੱਘਰ ਹੋਰਾਂ ਦੀ ਖੁਸ਼ਕ ਜ਼ਿੰਦਗੀ ਨੂੰ ਕਿਆਸਣ ਲੱਗ ਪਈ।

ਉਸਨੂੰ ਯਾਦ ਆਇਆ ਜਦੋਂ ਉਹ ਦੋ ਸਾਲ ਪਹਿਲਾਂ ਮੱਘਰ ਦੇ ਘਰ ਟਾਹਲੀਆਂ ਆਈ ਸੀ। ਓਦੋਂ ਮੱਘਰ ਦੇ ਘਰ ਦੀ ਹਾਲਤ ਵੀ ਇਸੇ ਤਰ੍ਹਾਂ ਦੀ ਸੀ। ਦਸ-ਵੀਹ ਦਿਨ ਤਾਂ ਉਸਦਾ ਭੋਰਾ ਜੀਅ ਨਹੀਂ ਸੀ ਲੱਗਿਆ। ਫੇਰ ਮਨ ਮਾਰ ਕੇ ਉਹ ਕੰਮ ਵਿੱਚ ਜੁਟ ਗਈ ਸੀ। ਉਸਨੇ ਸੂਰਾਂ ਦਾ ਖੁੱਡਾ ਬਣਿਆ ਘਰ ਬੋਲਣ ਲਾ ਦਿੱਤਾ ਸੀ। ਘਰ ਦਾ ਉਸਨੂੰ ਮੋਹ ਆਉਣ ਲੱਗ ਪਿਆ ਸੀ ਪਰ ਜਦ ਉਸੇ ਘਰ ਵਿੱਚ ਉਸਨੂੰ ਵੇਚਣ ਦੀ ਗੱਲ ਚੱਲੀ ਸੀ, ਉਹ ਗਸ਼ ਖਾ ਕੇ ਡਿੱਗ ਪਈ ਸੀ। ਉਸਦੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ ਸੀ। ਉਸਨੇ ਰਾਜੂ ਨੂੰ ਬਾਂਦਰੀ ਦੇ ਬੱਚੇ ਵਾਂਗ ਘੁੱਟ ਕੇ ਆਪਣੀ ਹਿੱਕ ਨਾਲ ਲਾ ਲਿਆ ਸੀ। ਉਸਦਾ ਇਹ ਡਰ ਓਦੋਂ ਉਸਦੇ ਸਾਹਮਣੇ ਮੂੰਹ ਅੱਡੀ ਆ ਖੜ੍ਹਿਆ ਸੀ ਜਦੋਂ ਸਿੰਦੂ ਹੋਰੀਂ ਉਸਨੂੰ ਮੁੱਲ ਲੈ ਜਾਣ ਦਾ ਵਿਹੜੇ ਵਿੱਚ ਬੈਠੇ ਸੌਦਾ ਕਰ ਰਹੇ ਸਨ।

ਹੁਣ ਉਸੇ ਤਰ੍ਹਾਂ ਦੀ ਹਾਲਤ ਸਿੰਦੂ ਦੇ ਘਰ ਦੀ ਸੀ। ਚੁੱਲ੍ਹੇ ਚੌਂਕੇ ਢਹੇ ਪਏ ਸਨ। ਸਬਾਤ ਤੇ ਵਰਾਂਡੇ ਵਿੱਚ ਮਿੱਟੀ ਫੇਰੀ ਨੂੰ ਮੁੱਦਤਾਂ ਹੋ ਗਈਆਂ ਹੋਣਗੀਆਂ। ਥਾਂ ਥਾਂ ਤੋਂ ਮਿੱਟੀ ਦੇ ਖਲੇਪੜ ਲਹੇ ਪਏ ਸਨ। ਭਾਂਡਿਆਂ 'ਤੇ ਮਣ ਮਣ ਗਰਦਾ ਜੰਮਿਆ ਪਿਆ ਸੀ। ਸਰਕਸ ਵਾਂਗ ਲੰਬੇ ਜਾਲਿਆਂ 'ਤੇ ਮੱਕੜੀਆਂ ਕਲਾ ਬਾਜ਼ੀਆਂ ਲਾ ਰਹੀਆਂ ਸਨ। ਦੋ-ਚਾਰ ਦਿਨਾਂ ਬਾਅਦ ਦੇਵਕੀ ਨੇ ਪਿਛਲੇ ਦੁੱਖ ਨੂੰ ਥੁੱਕ ਕੇ ਸਫ਼ਾਈ ਆਰੰਭ ਦਿੱਤੀ। ਸਾਰਾ ਘਰ ਸੁੰਭ- ਸੰਵਾਰ ਕੇ ਚਮਕਾ ਦਿੱਤਾ। ਅਗਲੇ ਦਿਨ ਮਿੱਟੀ ਮੰਗਵਾ ਕੇ ਚੁੱਲ੍ਹੇ-ਚੌਂਕੇ ਨਵੇਂ ਸਿਰਿਓਂ ਲਿੰਪ ਦਿੱਤੇ। ਅੰਦਰ-ਬਾਹਰ ਮਿੱਟੀ ਦੀ ਤਲੀ ਫੇਰ ਦਿੱਤੀ। ਦੇਵਕੀ ਨੂੰ ਇਸ ਤਰ੍ਹਾਂ ਕੰਮ ਕਰਦਿਆਂ ਵੇਖ ਕੇ ਬੀਹੀ-ਵਿਹੜੇ ਦੀਆਂ ਤੀਵੀਂਆਂ ਹੈਰਾਨ ਰਹਿ ਗਈਆਂ। ਆਨੀਂ-ਬਹਾਨੀਂ ਸਿੰਦੂ ਦਾ ਘਰ ਆ ਕੇ ਵੇਖਦੀਆਂ ਤਾਂ ਹੈਰਾਨੀ ਵਿੱਚ ਦੰਦਾਂ ਥੱਲੇ ਜੀਭ ਦੱਬ ਲੈਂਦੀਆਂ। ਸਿੰਦੂ ਤੇ ਰੋਹੀ ਵੀ ਹੈਰਾਨ ਸੀ, 'ਸੁਰਜੀ ਨੇ ਤਾਂ ਅਜਿਹੇ ਕੰਮ ਨੂੰ ਕਦੇ ਨੱਕ ਨਹੀਂ ਸੀ ਕੀਤਾ। ਦੇਵਕੀ ਨੇ ਤਾਂ ਘਰ ਦਾ ਨਕਸ਼ਾ ਹੀ ਬਦਲ ਦਿੱਤਾ ਹੈ।' ਜਿਸ ਘਰ ਵੱਲ ਕਦੇ ਆਮ ਬੰਦੇ ਦਾ ਝਾਕਣ ਨੂੰ ਦਿਲ ਨਹੀਂ ਕਰਦਾ ਸੀ, ਉਸੇ ਘਰ ਵਿੱਚ ਜੀਅ ਲੱਗਣ ਲੱਗ ਪਿਆ।

ਦੇਵਕੀ ਦਾ ਅੱਜ ਵੀ ਸਾਰਾ ਦਿਨ ਕੰਮ ਕਰਦੀ ਦਾ ਸਤ ਹਾਰ ਗਿਆ ਸੀ। ਉਹ ਸ਼ਾਮ ਦੀ ਰੋਟੀ-ਟੁੱਕ ਦੇ ਭਾਂਡੇ ਮਾਂਜ ਕੇ ਮੰਜੇ ਉੱਤੇ ਆ ਡਿੱਗੀ। ਉਸਦੇ ਸਰੀਰ 'ਚੋਂ ਸੇਕ ਮਾਰਨ ਲੱਗ ਪਿਆ। ਪੈਰਾਂ ਦੀਆਂ ਤਲੀਆਂ ਮੱਚਣ ਲੱਗ ਪਈਆਂ ਜਿਵੇਂ ਕਿਸੇ ਨੇ ਜਲਦੇ ਕੋਲੇ ਤਲੀਆਂ 'ਤੇ ਰੱਖ ਦਿੱਤੇ ਹੋਣ। ਇਸ ਤਰ੍ਹਾਂ ਕੰਮ ਕਰਦੀ ਦੇਵਕੀ ਨੂੰ ਵੇਖ ਕੇ ਸਿੰਦੂ ਨੂੰ ਵੀ ਉਸ ਦਾ ਬੜਾ ਮੋਹ ਆਉਣ ਲੱਗ ਪਿਆ ਸੀ। ਉਹ ਪਹਿਲੇ ਦਿਨਾਂ ਨਾਲੋਂ ਬਦਲ ਗਿਆ ਲਗਦਾ ਸੀ। ਜਦੋਂ ਸਿੰਦੂ ਬਾਹਰੋਂ ਆਇਆ ਤਾਂ ਦੇਵਕੀ ਮੰਜੇ 'ਤੇ ਪਈ ਸੀ। ਸਿੰਦੂ ਦੇਵਕੀ ਦੇ ਨੇੜੇ ਹੋਇਆ ਤਾਂ ਉਸਨੂੰ ਦੇਵਕੀ 'ਚੋਂ ਭੱਠੀ ਵਾਂਗ ਸੇਕ ਮਾਰਿਆ। ਉਸਨੇ ਦੇਵਕੀ ਦੀ ਬਾਂਹ ਫੜਕੇ ਵੇਖੀ, ਉਹ ਬੁਖ਼ਾਰ ਨਾਲ ਤਪ ਰਹੀ ਸੀ। ਸਿੰਦੂ ਓਹਨੀਂ ਪੈਰੀਂ ਡਾਕਟਰ ਦੇ ਬੁਖ਼ਾਰ ਦੀ ਗੋਲੀ ਲੈਣ ਚਲਾ ਗਿਆ। ਜਦ ਉਹ ਗੋਲੀ ਲੈ ਆਇਆ ਤਾਂ ਉਸਨੇ ਬਾਂਹ ਦਾ ਸਹਾਰਾ ਦੇ ਕੇ ਦੇਵਕੀ ਨੂੰ ਗੋਲੀ ਦੇ ਦਿੱਤੀ। ਫਿਰ ਉਹ ਉਸਦੇ ਸਿਰਹਾਣੇ ਬੈਠਾ ਕਿੰਨਾ ਚਿਰ ਦੇਵਕੀ ਦਾ ਸਿਰ ਘੁੱਟਦਾ ਰਿਹਾ। ਰੋਹੀ ਵੀ ਬਾਹਰੋਂ ਆ ਕੇ, ਬਰਾਂਡੇ ਵਿੱਚ ਮੰਜਾ ਵਿਛਾ ਕੇ ਪੈ ਗਿਆ ਸੀ।

''ਐਮੇਂ ਨਾ ਸਾਰਾ ਦਿਨ ਮਰੂੰ-ਮਰੂੰ ਕਰੀ ਜਾਇਆ ਕਰ। ਭੋਰਾ ਦਮ ਵੀ ਲੈ ਲਿਆ ਕਰ। ਕੰਮ ਤਾਂ ਮੁਕਦੇ ਈ ਨੀ ਹੁੰਦੇ।'' ਜਦੋਂ ਦੇਵਕੀ ਨੂੰ ਕੁਝ ਸੁਰਤ ਜਿਹੀ ਆ ਗਈ ਤਾਂ ਸਿੰਦੂ ਨੇ ਉਸਨੂੰ ਪਿਆਰ ਭਰਿਆ ਉਲਾਂਭਾ ਦਿੱਤਾ।

''ਕਾਮ ਤੋ ਕਰਨੇ ਈ ਨੇ ਜੀ।'' ਦੇਵਕੀ ਹੌਲੀ ਜਿਹੀ ਬੋਲੀ।

''ਚੰਗਾ ਹੁਣ ਪੈ ਜਾ ਫੇਰ ਰਾਮ ਨਾਲ, ਦੇਖ ਬੁਖ਼ਾਰ ਵੀ ਉਤਰ ਗਿਆ। ਸਵੇਰੇ ਡਾਕਟਰ ਦੇ ਲਜਾ ਕੇ ਤੇਰੇ ਟੀਕਾ ਲਵਾ ਲਿਆਊਂ।'' ਸਿੰਦੂ ਪਿਆਰ ਨਾਲ ਦੇਵਕੀ ਦਾ ਸਿਰ ਤੇ ਮੱਥਾ ਪਲੋਸਦਾ ਉਠ ਖੜ੍ਹਿਆ। ਸਿੰਦੂ ਦੇ ਉਠਦਿਆਂ ਦੇਵਕੀ ਡੁਸਕਣ ਲੱਗ ਪਈ।

''ਕੀ ਹੋ ਗਿਆ?''

''ਮ...ਮੇਨੂੰ...ਹੁਣ......ਆਗੇ...ਵੇਚਦਾ ਤੋ ਨ੍ਹੀ?'' ਦੇਵਕੀ ਦੀਆਂ ਅੱਖਾਂ ਆਉਣ ਵਾਲੇ ਡਰ ਨਾਲ ਡੁੱਬੀਆਂ ਸਿੰਦੂ ਤੋਂ ਪਨਾਹ ਮੰਗ ਰਹੀਆਂ ਸਨ।

''ਲੈ ਹੈਂ! ਬੌਲੀ। ਤੇਰਾ ਘਰ ਐ ਤੈਨੂੰ ਤੇਰੇ ਘਰ 'ਚੋਂ ਕੌਣ ਕੱਢਦੂਗਾ।'' ਸਿੰਦੂ ਨੇ ਉਸਦੇ ਸਿਰਹਾਣੇ ਬੈਠਦਿਆਂ ਉਸਦੇ ਸਿਰ 'ਤੇ ਵਿਸ਼ਵਾਸ ਦਾ ਹੱਥ ਫੇਰਿਆ। ਦੇਵਕੀ ਨੇ ਸਿੰਦੂ ਦਾ ਹੱਥ ਫੜਕੇ ਆਪਣੀ ਛਾਤੀ 'ਤੇ ਘੁੱਟ ਲਿਆ। ਉਸਦਾ 'ਫੜੱਕ ਫੜੱਕ' ਵੱਜਦਾ

ਦਿਲ ਸ਼ਾਂਤ ਹੋ ਗਿਆ। ਇੱਕ ਪਿਆਰ ਭਰੀ ਖੁਸ਼ੀ ਉਸਦੇ ਸਾਰੇ ਸਰੀਰ ਵਿੱਚ ਫੈਲ ਗਈ। ਸਿਰ 'ਤੇ ਚੁੱਕਿਆ ਭੈਅ ਉਸਨੇ ਸਿਆਲ ਦੀ ਹਨ੍ਹੇਰੀ ਰਾਤ ਵਿੱਚ ਵਗਾਹ ਮਾਰਿਆ। ਬਾਹਰ ਗਲੀਆਂ ਦੇ ਕੁੱਤੇ ਭੌਂਕਣੋ ਹਟ ਗਏ। ਉਹ ਸਿਆਲ ਦੀ ਸੈਂ ਸੈਂ ਕਰਦੀ ਠੰਡੀ ਰਾਤ ਤੋਂ ਡਰਦੇ ਕੰਧਾਂ-ਕੌਲਿਆਂ ਨਾਲ ਜਾ ਲੱਗੇ। ਦੇਵਕੀ ਤੇ ਸਿੰਦੂ ਨੇ ਰਜਾਈ ਦੇ ਚਾਰੇ ਲੜ ਦੱਬ ਲਏ।

## 5

ਸਿਆਲ ਆਪਣੀਆਂ ਕੰਨੀਆਂ ਲਵੇਟਦਾ ਤੁਰ ਪਿਆ ਸੀ। ਠੰਡ ਨਾਲ ਰੁੰਡ-ਮੁੰਡ ਹੋਏ ਦਰੱਖਤਾਂ ਦੀਆਂ ਨਵੀਆਂ ਕਰੂੰਬਲਾਂ ਨੇ ਅੰਗੜਾਈ ਭੰਨੀ ਸੀ। ਖੇਤਾਂ ਵਿਚਲੀਆਂ ਸਰੋਆਂ ਦੇ ਪੀਲੇ ਫੁੱਲਾਂ ਦੀ ਸੁਗੰਧੀ ਹਵਾ ਵਿੱਚ ਘੁਲੀ, ਖੇਤਾਂ ਦੀ ਫਿਜ਼ਾ ਵਿੱਚ ਤਾਰੀਆਂ ਲਾਉਂਦੀ ਫਿਰਦੀ ਸੀ। ਪਿੰਡ ਦੇ ਗਲੀ ਮੋੜ 'ਤੇ ਧੂਣੀਆਂ ਲੱਗਣੀਆਂ ਹਟ ਗਈਆਂ ਸਨ। ਉਨ੍ਹਾਂ ਦੀ ਬਚੀ ਰਾਖ ਨੂੰ ਹਵਾ ਕਿਧਰੇ ਉਡਾ ਕੇ ਲੈ ਗਈ ਸੀ। ਚਾਹੇ ਅਮਲੀਆਂ-ਠਮਲੀਆਂ ਨੂੰ ਪਾਲਾ ਅਜੇ ਵੀ ਦੰਦੀਆਂ ਕੱਢ ਕੱਢ ਡਰਾ ਰਿਹਾ ਸੀ ਪਰ ਆਮ ਲੋਕਾਂ ਨੇ ਮੋਟੇ ਖੇਸਾਂ ਦੀਆਂ ਬੁੱਕਲਾਂ ਲਾਹ ਦਿੱਤੀਆਂ ਸਨ।

ਸਿੰਦੂ ਸਵੇਰੇ-ਸਾਝਰੇ ਹੀ ਖੇਸ ਦੀ ਬੁੱਕਲ ਮਾਰੀਂ ਨਾਜ਼ਰ ਕੇ ਘਰ ਵੱਲ ਜਾ ਰਿਹਾ ਸੀ। ਉਸਦੇ ਸੱਜੇ ਹੱਥ ਝੋਲੇ ਵਿੱਚ ਦੇਵਕੀ ਦੇ ਲਾਹੇ ਪਰਾਉਂਠੇ ਅਤੇ ਬਾਰਾਂ ਹਜ਼ਾਰ ਰੁਪਈਆ ਸੀ। ਅੱਜ ਉਹ ਧਨੌਲੇ ਦੀ ਮੰਡੀ ਤੋਂ ਕੋਈ ਮੱਝ ਵੇਖਣ ਚੱਲਿਆ ਸੀ। ਚਾਹੇ ਉਸਨੇ ਮੱਝ ਖਰੀਦਣ ਤੋਂ ਆਪ ਨਾਂਹ-ਨੁੱਕਰ ਕੀਤੀ ਸੀ ਪਰ ਦੇਵਕੀ ਦੀ ਜ਼ਿੱਦ ਨੇ ਉਸਨੂੰ ਮੱਝ ਖਰੀਦਣ ਲਈ ਮਜਬੂਰ ਕਰ ਦਿੱਤਾ ਸੀ। ਦੇਵਕੀ 'ਵਿਹਲਾ ਮਨ ਸ਼ੈਤਾਨ ਦਾ ਘਰ' ਸਮਝਦੀ ਸੀ। ਉਹ ਨਹੀਂ ਚਾਹੁੰਦੀ ਸੀ ਕਿ ਸਿੰਦੂ ਹੋਰੀਂ ਜੱਟ ਦੇ ਪੁੱਤ ਹੋ ਕੇ ਵਿਹਲੇ ਖੁੰਢਾਂ 'ਤੇ ਬੈਠੇ ਗੱਪਾਂ ਮਾਰਨ ਜਾਂ ਫਿਰ ਬਿਨ੍ਹਾਂ ਮਤਲਬ ਕੁੱਤਿਆਂ ਵਾਂਗ ਬੀਹੀਆਂ ਵਿੱਚ 'ਲਗੂ ਲਗੂ' ਕਰਦੇ ਫਿਰਨ। ਉਸਦਾ ਤਾਂ ਜੀਅ ਕਰਦਾ ਸੀ ਕਿ ਉਹ ਵੀ ਹੋਰ ਔਰਤਾਂ ਵਾਂਗ ਸਿੰਦੂ ਹੋਰਾਂ ਦੀ ਖੇਤ ਰੋਟੀ ਲੈ ਕੇ ਜਾਵੇ ਪਰ ਸਿੰਦੂ ਹੋਰਾਂ ਨੇ ਤਾਂ ਜ਼ਮੀਨ ਠੇਕੇ 'ਤੇ ਦੇ ਰੱਖੀ ਸੀ। ਫਿਰ ਉਸਨੂੰ ਸੋਚ ਫੁਰੀ ਸੀ ਕਿ ਕਿਉਂ ਨਾ ਇੱਕ ਮੱਝ ਹੋਰ ਲੈ ਲਈ ਜਾਵੇ। ਨਾਲੇ ਤਾਂ ਸਿੰਦੂ ਹੋਰੀਂ ਵਿਹਲੇ ਫਿਰਨੋ ਹਟ ਜਾਣਗੇ ਅਤੇ ਨਾਲੇ ਘਰ ਦੀ ਕਬੀਲਦਾਰੀ ਤੁਰੀ ਜਾਊ। ਉਸਨੇ ਸਿੰਦੂ ਨੂੰ ਵੀ ਜ਼ਿੱਦ ਕਰਕੇ ਮਨਾ ਹੀ ਲਿਆ ਸੀ ਤੇ ਅੱਜ ਸਵੇਰੇ-ਸਾਝਰੇ ਹੀ ਵਿਆਹ ਦੇ ਚਾਅ ਵਾਂਗ ਸਿੰਦੂ ਨੂੰ ਪਰੌਂਠੇ ਲਾਹ ਕੇ ਅਚਾਰ ਨਾਲ ਬੰਨ੍ਹ ਦਿੱਤੇ ਸਨ।

ਜਦੋਂ ਸਿੰਦੂ ਨਾਜ਼ਰ ਕੇ ਘਰ ਪਹੁੰਚਿਆ, ਉਹਨਾਂ ਨੇ ਮੱਝ ਤੇ ਵੱਛਾ ਟਰਾਲੀ ਵਿੱਚ ਚਾੜ੍ਹ ਲਏ ਸਨ। ਦੂਜੇ ਵਿਹੜਿਓਂ ਵੀ ਕਿਸੇ ਦੀ ਇੱਕ ਮੱਝ ਹੋਰ ਲੱਦ ਲਈ ਸੀ। ਨਾਜ਼ਰ ਕਾ ਸੀਰੀ ਮੀਤਾ ਅਤੇ ਦੂਸਰੇ ਵਿਹੜੇ ਦਾ ਜੰਗੀਰ ਸੋਟੀਆਂ ਲੈ ਕੇ ਟਰਾਲੀ ਵਿੱਚ ਖੜ੍ਹ ਗਏ। ਸਿੰਦੂ ਝੋਲਾ ਸੰਭਾਲਦਾ ਨਾਜ਼ਰ ਦੇ ਬਰਾਬਰ ਵਾਲੀ ਸੀਟ 'ਤੇ ਬੈਠ ਗਿਆ। ਨਾਜ਼ਰ ਨੇ ਕੰਨਾਂ ਨੂੰ ਹੱਥ ਲਾ ਕੇ ਜੋੜਦਿਆਂ ਟਰੈਕਟਰ ਧਨੌਲੇ ਦੀ ਮੰਡੀ ਨੂੰ ਤੋਰ ਲਿਆ। ਟਰੈਕਟਰ ਦੇ ਤੇਜ਼ ਹੋਣ ਨਾਲ ਬੱਦਲਵਾਈ 'ਚੋਂ ਆਉਂਦੀ ਠੰਡੀ ਹਵਾ ਇੱਕ ਵਾਰ ਤਾਂ ਸਾਰਿਆਂ ਨੂੰ ਕਾਂਬਾ ਚਾੜ੍ਹ ਗਈ। ਖੇਸੀਆਂ ਦੀਆਂ ਬੁੱਕਲਾਂ ਘੁੱਟ ਕੇ ਮਾਰ ਲਈਆਂ।

''ਰੱਬ ਦਾ ਰੰਥ ਖਰਾਬ ਈ ਲਗਦੈ।'' ਸਿੰਦੂ ਨੇ ਬੱਦਲਾਂ ਨਾਲ ਢਕੇ ਅਸਮਾਨ ਵੱਲ ਨਿਗ੍ਹਾ ਮਾਰਦਿਆਂ ਕਿਹਾ।

''ਹਾਂ।'' ਨਾਜ਼ਰ ਨੇ ਟਰੈਕਟਰ ਦਾ ਸਟੇਰਿੰਗ ਛੱਡ ਕੇ ਖੇਸੀ ਦੀ ਬੁੱਕਲ ਠੀਕ ਕਰਦਿਆਂ ਹਾਮੀ ਭਰ ਦਿੱਤੀ।

''ਮਾੜਾ ਜਾ ਹੱਕੀ ਚੱਲ, ਕਿਤੇ ਰਾਹ 'ਚ ਈ ਭਿਉਂ ਦੇ ਪਤੰਦਰ।'' ਸਿੰਦੂ ਨੂੰ ਕਾਲੇ ਬੱਦਲ ਹੋਰ ਸੰਘਣੇ ਹੋ ਗਏ ਲੱਗੇ।

ਦੋ ਘੰਟਿਆਂ 'ਚ ਉਹ ਟਰੈਕਟਰ ਦੀ ਫਿੱਟ ਫਿੱਟ ਕਰਾਉਂਦੇ ਧਨੌਲੇ ਪਹੁੰਚ ਗਏ। ਹੁਣ ਤੱਕ ਕੋਈ ਕੋਈ ਕਣੀ ਡਿੱਗਣ ਲੱਗ ਪਈ ਸੀ। ਅਜੇ ਮੰਡੀ ਵਿੱਚ ਬਹੁਤੀ ਭੀੜ ਨਹੀਂ ਸੀ ਹੋਈ। ਉਨ੍ਹਾਂ ਟਰੈਕਟਰ ਇੱਕ ਪਾਸੇ ਲਾ ਕੇ ਮੱਝਾਂ ਅਤੇ ਵੱਛਾ ਉਤਾਰ ਲਏ। ਡੰਗਰ ਉਤਾਰ ਕੇ ਟਰਾਲੀ ਦੇ ਆਲੇ-ਦੁਆਲੇ ਬੰਨ੍ਹੇ ਹੀ ਸੀ ਕਿ ਗਰਜ ਨਾਲ ਮੀਂਹ ਉਤਰ ਆਇਆ। ਉਹ ਚਾਰੇ ਟਰਾਲੀ ਥੱਲੇ ਜਾ ਵੜੇ।

''ਐਤਕੀ ਤਾਂ ਫਸਲ 'ਤੇ ਗ੍ਰਹਿ ਈ ਲਗਦੈ ਕੋਈ।'' ਜੰਗੀਰ ਨੇ ਟਰਾਲੀ ਉਪਰ ਕਣੀਆਂ ਦੀ ਤੇਜ਼ ਹੁੰਦੀ ਖੜ ਖੜ ਸੁਣਦਿਆਂ ਕਿਹਾ।

''ਜਿਹੜੀ ਮਾਲਕ ਨੇ ਦੇਣੀ ਐ, ਉਹ ਤਾਂ ਦੇਣੀ ਈ ਐ।'' ਨਾਜ਼ਰ ਨੇ ਆਪਣਾ ਚਾਦਰਾ ਇਕੱਠਾ ਕਰਕੇ ਪੱਟਾਂ ਵਿਚਕਾਰ ਦੇ ਲਿਆ।

''ਇਹ ਤਾਂ ਖਰ ਹੈ।'' ਮੀਤਾ ਮਾਲਕ ਦੀ ਗੱਲ ਤੇ 'ਹਾਂ' ਵਿੱਚ ਸਿਰ ਮਾਰ ਗਿਆ।

''ਨਾਂਹ ਜਿਹੜੇ ਦਾਣਿਆਂ 'ਤੇ ਦੇਵਕੀ ਦੀ ਮੋਹਰ ਲੱਗੀ ਐ, ਉਹ ਕੋਈ ਕਿਮੇ ਰੋਕਦੂ।'' ਨਾਜ਼ਰ ਸਿੰਦੂ ਵੱਲ ਗੁੱਝਾ ਝਾਕਦਾ ਬੁੱਲ੍ਹਾਂ ਵਿੱਚ ਲੁੱਚਾ ਜਿਹਾ ਹੱਸਿਆ।

''ਨਾਂਹ ਗੱਲ ਸੁਣ ਓਏ! ਆਪਣੀ ਉਹ ਗਹਾਰੇ ਵਰਗੀ ਹਰਦੇਵ ਕੁਰ ਦਾ ਨਾਂ ਲੈ ਲੈ, ਦੇਵਕੀ ਨੂੰ ਕਿਉਂ ਘੜੀਸਦੈਂ।'' ਸਿੰਦੂ ਨਾਜ਼ਰ ਦੀਆਂ ਹੱਸਦੀਆਂ ਅੱਖਾਂ ਵਿੱਚ ਸਿੱਧਾ ਝਾਕਿਆ।

''ਗੱਲਾਂ ਚੰਗੇ ਬੰਦਿਆਂ ਦੀਆਂ ਈ ਹੁੰਦੀਆਂ ਨੇ ਸਿੰਦੂਆ। ਸਾਡੇ ਆਲੀ ਮੈਸ ਜੀ ਤਾਂ ਸਾਰਾ ਦਿਨ ਪਈ ਰਹੂ। ਦੇਵਕੀ ਦੇਖ ਲੈ, ਜਿੱਦਣ ਦੀ ਆਈ ਐ ਘਰ ਹੱਸਣ ਲਾ ਤਾ।'' ਨਾਜ਼ਰ ਗੱਲ ਨੂੰ ਹੋਰ ਮੋੜ ਦੇ ਗਿਆ।

''ਤੂੰ ਵੀ ਉਂਈ ਮਸਤਾ ਰੱਖੀ ਐ। ਖੇਤ ਕੰਮ 'ਚ ਨਾਲ ਜੋੜ ਲਿਆ ਕਰ ਜੇ ਨਾ ਦੋ ਦਿਨਾਂ 'ਚ ਡੱਕੇ ਵਰਗੀ ਪਤਲੀ ਹੋਜੇ।''

''ਏਹੀ ਤਾਂ ਸਾਲਾ ਸਿਆਪੈ, ਘਰੋਂ ਕੱਖ ਮੈਂ ਪਾਉਣਾ, ਧਾਰ ਮੈਂ ਕੱਢਦਾਂ, ਆਪ ਤਾਂ ਹੱਥ ਨੀ ਲਾਉਂਦੀ। ਜੇ ਕਦੇ ਕੱਖ ਪਾਉਣੇ ਪੈ ਜਾਣ ਤਾਂ ਦਮ ਚੜਾਈਂ ਸੂਰ ਮਾਂਗੂੰ 'ਸੂੰ ਸੂੰ' ਕਰਦੀ ਫਿਰੂ।''

ਮੋਟੀ ਮੋਟੀ ਕਣੀ ਦਾ ਚੰਗਾ ਛਰਾਟਾ ਆ ਕੇ ਫਿਰ ਟਾਵੀਂ ਟਾਵੀਂ ਕਣੀ ਡਿੱਗਣ ਲੱਗ ਪਈ ਤੇ ਫਿਰ ਮੀਂਹ ਬਿਲਕੁੱਲ ਹਟ ਗਿਆ।

''ਮੀਂਹ ਤਾਂ ਹਟ ਗਿਆ, ਚਲ ਭਾਬੀ ਵਾਸਤੇ ਤੈਨੂੰ ਕੋਈ ਦਰਸਨੀ ਝੋਟੀ ਦਵਾਈਏ, ਨਾਲੇ ਬਹਾਨੇ ਨਾਲ ਸਾਨੂੰ ਯਾਦ ਕਰ ਲਿਆ ਕਰੂ।'' ਨਾਜ਼ਰ ਪੈਰਾਂ ਭਾਰ ਹੀ ਟਰਾਲੀ ਦੇ ਹੇਠੋਂ ਬਾਹਰ ਨਿਕਲਦਾ ਬੋਲਿਆ।

ਮੰਡੀ ਪੂਰੀ ਭਰ ਗਈ ਸੀ। ਡੰਗਰ ਤੇ ਬੰਦੇ ਇੱਕ ਦੂਜੇ ਨਾਲ ਖਹਿ ਖਹਿ ਲੰਘ ਰਹੇ ਸਨ। ਮੀਂਹ ਦਾ ਪਾਣੀ ਨੀਵੇਂ ਟੋਇਆਂ ਵਿੱਚ ਥਾਂ-ਥਾਂ ਖੜ੍ਹ ਗਿਆ ਸੀ। ਕਈਆਂ ਨੇ ਜੋੜੇ ਕੱਢ ਕੇ ਹੱਥਾਂ ਵਿੱਚ ਫੜ ਲਏ ਸਨ ਅਤੇ ਚਾਦਰੇ, ਪਜਾਮੇ ਉਪਰ ਟੰਗੀਂ ਗਿੱਲੀ ਧਰਤੀ 'ਤੇ ਖੁਰ-ਵੱਢ ਕਰਦੇ, ਹੇਲੀਆ ਦਿੰਦੇ ਫਿਰ ਰਹੇ ਸਨ। ਸਿੰਦੂ ਅਤੇ ਨਾਜ਼ਰ ਨੇ ਵੀ ਆਪਣੇ ਜੋੜੇ ਲਾਹ ਕੇ ਟਰਾਲੀ ਦੀ ਟੂਲ ਵਿੱਚ ਰੱਖ ਦਿੱਤੇ 'ਤੇ ਚਾਦਰੇ ਉਪਰ ਟੰਗ ਲਏ। ਜੰਗੀਰ ਅਤੇ ਮੀਤੇ ਨੂੰ ਸਭ ਕੁਝ ਸਮਝਾ ਕੇ ਆਪ ਮੱਝ ਵੇਖਣ ਤੁਰ ਪਏ।

ਕਈ ਮੱਝਾਂ 'ਤੇ ਨਜ਼ਰ ਮਾਰੀ ਪਰ ਕੋਈ ਠੀਕ ਨਾ ਬੈਠੀ। ਮੰਡੀ ਵਿੱਚ ਚਾਰੇ ਪਾਸੇ ਪਾਰਖੂ ਨਜ਼ਰ ਮਾਰਦੇ ਜਦ ਉਹ ਆਪਣੀ ਟਰਾਲੀ ਵੱਲ ਨੂੰ ਆਏ ਤਾਂ ਉਨ੍ਹਾਂ ਦੀ ਟਰਾਲੀ ਤੋਂ ਛਿਪਦੇ ਪਾਸੇ ਕਿੱਕਰ ਨਾਲ ਬੱਝੀ ਦੂਜੇ ਸੂਏ ਝੋਟੀ ਪਸੰਦ ਆ ਗਈ। ਝੋਟੀ ਵਾਲਾ ਗੱਭਰੂ ਤੇਰਾਂ ਮੰਗਦਾ ਸੀ। ਮੰਡੀ ਫਿਰਦੇ ਇੱਕ ਦਲਾਲ ਨੇ ਸਾਢੇ ਗਿਆਰਾਂ 'ਤੇ ਸੌਦਾ ਕਰਵਾ ਦਿੱਤਾ। ਕੱਟੀ ਛੱਡ ਕੇ ਜਦੋਂ ਧਾਰਾਂ ਮਾਰੀਆਂ, ਫਲੀਆਂ ਵਰਗੇ ਥਣਾਂ 'ਚੋਂ ਧਾਰਾਂ ਤੀਰਾਂ ਵਾਂਗ ਸਿੱਧੀਆਂ ਵੱਜੀਆਂ। ਸਿੰਦੂ ਹੋਰੀਂ ਗੱਭਰੂ ਨੂੰ ਸਾਢੇ ਗਿਆਰਾਂ ਹਜ਼ਾਰ ਗਿਣਾ ਕੇ, ਸੰਗਲ ਝੋਲੀ ਪਵਾ ਕੇ ਟਰਾਲੀ ਕੋਲ ਆ ਗਏ। ਉਨ੍ਹਾਂ ਦੇ ਆਉਣ ਤੱਕ ਜੰਗੀਰ ਨੇ ਵੀ ਆਪਣੀ ਮੱਝ ਦਸ ਹਜ਼ਾਰ ਦੀ ਅਤੇ ਨਾਜ਼ਰ ਦਾ ਵੱਛਾ ਪੰਦਰਾਂ ਸੌ ਦੇ ਵੇਚ ਦਿੱਤੇ ਸਨ।

''ਵੇਚ ਤੀ ਮੈਸ?'' ਨਾਜ਼ਰ ਨੇ ਟਰਾਲੀ ਕੋਲ ਆਉਂਦਿਆਂ ਜੰਗੀਰ ਨੂੰ ਪੁੱਛਿਆ।

''ਹਾਂ।''

''ਕਿੰਨੇ ਦੀ?''

''ਦਸ ਦੀ ਵੇਚਤੀ।''

''ਵੱਛਾ?''

''ਉਹ ਪੰਦਰਾਂ ਸੌ ਦਾ ਵਿਕ ਗਿਆ।''

''ਚਲੋ ਚੰਗਾ ਹੋਇਆ। ਸਾਡੇ ਆਲੀ ਮੈਸ ਦਾ ਨੀ ਲਾਇਆ ਕਿਸੇ ਨੇ ਕੁਛ?''

''ਆਏ ਤਾਂ ਕਈ ਤੀ, ਕੋਈ ਦਸ ਹਜ਼ਾਰ ਤੋਂ ਈ ਨੀ ਟੱਪਿਆ ਪਤੰਦਰ।''

''ਚਲ ਦੇਖਦਿਆਂ ਦੋ ਘੰਟੇ ਹੋਰ. ਜੇ ਵਿਕ ਗਈ ਤਾਂ ਠੀਕ ਐ ਨਹੀਂ ਫੇਰ ਮੋੜ ਕੇ ਲੈਜਾਂ ਗੇ। ਟੋਕਰਾ ਕੱਖਾਂ ਦਾ ਇਹਨੂੰ ਸਿੱਟਦਿਆਂ ਕਰਾਂਗੇ।''

''ਚਲ ਹੋਰ ਕੁਛ ਤਾਂ ਭੈਣ ਮਰਾਵੇ, ਆਜੋ ਪਹਿਲਾਂ ਦੋ ਦੋ ਮੰਨੀਆਂ ਛਕ ਲੈਨੇ ਆਂ।'' ਨਾਜਰ ਸੀਟ ਦੇ ਡੰਡੇ ਨਾਲੋਂ ਰੋਟੀਆਂ ਵਾਲਾ ਝੋਲਾ ਖੋਲ੍ਹਣ ਲੱਗ ਪਿਆ ਤੇ ਫਿਰ ਮੀਤੇ ਨੂੰ ਬੋਲਿਆ, ''ਐਂ ਕਰ ਮੀਤਿਆ! ਓਹ ਸਾਹਮਣੇ ਤੰਬੂ ਆਲੇ ਨੂੰ ਚਾਰ ਕੱਪ ਚਾਹ ਦੇ ਕਹਿ ਆ।''

ਮੀਤਾ ਚਾਹ ਨੂੰ ਕਹਿਣ ਤੁਰ ਗਿਆ। ਸਿੰਦੂ ਹੋਰਾਂ ਨੇ ਆਪੋ-ਆਪਣੇ ਪੋਣੇ ਖੋਲ੍ਹ ਕੇ ਟਰੈਕਟਰ ਦੀ ਡਰਾਇਵਰ ਸੀਟ 'ਤੇ ਰੱਖ ਲਏ ਤੇ ਆਪ ਬਰਾਬਰ ਦੀਆਂ ਸੀਟਾਂ 'ਤੇ ਬੈਠ ਗਏ। ਸਿੰਦੂ ਦੇ ਘਿਓ ਨਾਲ ਤਰ ਪਰੌਂਠੇ ਵੇਖ ਕੇ ਨਾਜਰ ਬੋਲਣੋ ਨਾ ਰਹਿ ਸਕਿਆ।

''ਵਾਹ ਓਏ ਸਿੰਦੂਆ! ਧੰਨ ਨੇ ਤੇਰੇ ਕਰਮ। ਐਨੀ ਸੇਵਾ ਤਾਂ ਕਦੇ ਸੌਕ੍ਰਿਆਂ ਨਾਲ ਵਿਆਹ ਕੇ ਲਿਆਂਦੀਆਂ ਨੀ ਕਰਦੀਆਂ। ਜੇ ਐਂ ਪਤਾ ਹੁੰਦਾ ਉਹ ਸਾਨੂੰ ਨੂੰ ਕਿਉਂ ਸਹੇੜਦਾ ਮੈਂ। ਪੰਦਰਾਂ ਹਜਾਰ 'ਚ ਕੋਈ ਦੇਵਕੀ ਦੀ ਭੈਣ ਮੇਦਕੀ ਮੈਂ ਲੈ ਆਉਂਦਾ।''

''ਅਜੇ ਕੀ ਵਿਗੜਿਐ। ਕੋਈ ਬਹਾਨਾ ਕਰਕੇ, ਉਹਦੇ ਮਾਰ ਕੇ ਦੋ ਗਿੱਟਿਆਂ 'ਚ ਡੰਡੇ ਪੇਕੀਂ ਵਾੜਦੇ। ਆਥਣ ਨੂੰ ਕਰਾ ਦਿੰਨੇ ਆਂ ਸੌਦਾ। ਗੱਲ ਕਰ: ਨਾਲੇ ਜਵਾਕ ਭੱਜੇ ਫਿਰਨਗੇ ਨਮੀਂ ਮੰਮੀ ਦੇ ਚੌਅ 'ਚ।'' ਸਿੰਦੂ ਨੇ ਉਸਨੂੰ ਅੱਗੋਂ ਘੇਰ ਲਿਆ।

''ਇਹ ਤਾਂ ਹੱਸਣ ਦੀਆਂ ਗੱਲਾਂ ਨੇ। ਐਂ ਕਿੱਥੇ ਹੁੰਦੈ ਸਿੰਦੂ ਸਿਆਂ।'' ਨਾਜਰ ਥੱਕਿਆ ਜਿਹਾ ਇਸ ਤਰ੍ਹਾਂ ਬੋਲਿਆ ਜਿਵੇਂ ਲੰਘ ਗਏ ਵੇਲੇ 'ਤੇ ਪਛਤਾ ਰਿਹਾ ਹੋਵੇ। ਫਿਰ ਮਨ ਨੂੰ ਤਸੱਲੀ ਜਿਹੀ ਦਿੰਦਿਆਂ ਬੋਲ ਪਿਆ, ''ਸਾਡੇ ਲਈ ਤਾਂ ਇਹੀ ਬਹੁਤ ਖੁਸ਼ੀ ਦੀ ਗੱਲ ਐ ਵੀ ਸਾਡੇ ਭਾਈ ਦੀ ਰੋਟੀ ਪਕਦੀ ਹੋ ਗਈ।''

''ਇਹ ਮੌਹ ਕਿਸ ਦੀ ਐ ਬਾਈ?'' ਕਿਸੇ ਨੇ ਮੱਝ ਦੇ ਸੋਟੀ ਦੀ ਖੋਦ ਲਾਉਂਦਿਆਂ ਪੁੱਛਿਆ।

''ਆਪਣੀ ਈ ਐ।'' ਨਾਜ਼ਰ ਵੱਡੀ ਬੁਰਕੀ ਸੰਘੋਂ ਹੇਠਾਂ ਕਰਦਿਆਂ ਬੋਲਿਆ।

''ਖੋਲ੍ਹ ਫੇਰ ਰੱਸਾ।''

ਮੀਤੇ ਨੇ ਰੋਟੀ ਖਾਣੀ ਛੱਡ ਕੇ ਮੱਝ ਦਾ ਰੱਸਾ ਖੋੋਲ੍ਹ ਲਿਆ। ਦੋ ਤਿੰਨ ਕਰਮਾਂ ਤੋਰ ਕੇ ਵਾਪਸ ਟਰਾਲੀ ਨਾਲ ਬੰਨ੍ਹ ਦਿੱਤੀ।

''ਦੱਸੋ ਕੀ ਮੁੱਲ ਵਾੜੀ ਐ?''

''ਮੁੱਲ ਤਾਂ ਇਹਦਾ ਤੇਰਾਂ ਹਜਾਰ ਐ।''

''ਚੀਜ ਦੇਖ ਕੇ ਮੁੱਲ ਕਰੋ ਸਰਦਾਰ ਜੀ।''

''ਅਸੀਂ ਤਾਂ ਚੀਜ ਦੇਖ ਕੇ ਈ ਕਰਿਐ, ਫੇਰ ਤੂੰ ਦੱਸਦੇ ਕਿੰਨੇ ਦਿੰਨੈ।'' ਨਾਜ਼ਰ ਰੋਟੀ ਵਾਲੇ ਹੱਥ ਚਾਦਰੇ ਨਾਲ ਪੂੰਝਦਾ ਟਰੈਕਟਰ ਤੋਂ ਥੱਲੇ ਉਤਰ ਆਇਆ।

''ਦਸ ਲੈ ਲੈ।''

''ਜਾਹ ਆਪਣਾ ਕੰਮ ਕਰ।''

''ਚੰਗਾ ਉਰੇ ਆ ਫੇਰ।'' ਜਦੋਂ ਨਾਜਰ ਵਪਾਰੀ ਦੇ ਨੇੜੇ ਹੋ ਗਿਆ ਤਾਂ ਇੱਕ ਰੁਪਈਆ ਨਾਜ਼ਰ ਦੀ ਹਥੇਲੀ 'ਤੇ ਧਰ ਦਿੱਤਾ, ''ਦੋ ਸੌ ਉੱਤੇ ਸਾਡੀ ਹੋ ਗੀ।''

''ਇਹ ਗੱਲ ਨੀ ਪੁਗਦੀ।'' ਨਾਜਰ ਨੇ ਉਸਦਾ ਰੁਪਈਆ ਵਾਪਸ ਉਸਦੀ ਹਥੇਲੀ ਤੇ ਧਰ ਦਿੱਤਾ, ''ਜੇ ਲੈਣੀ ਐ ਤਾਂ ਬਾਰਾਂ ਤੋਂ ਪੈਸਾ ਘੱਟ ਨੀ ਦਿੰਦਾ।''

ਵਪਾਰੀ ਓਥੋਂ ਕੁਝ ਕਦਮ ਤੁਰ ਕੇ ਫੇਰ ਮੁੜ ਆਇਆ, ''ਲੈ ਅਖੀਰੀ ਐ ਫੇਰ। ਆਹ ਚੱਕ ਸਾਢੇ ਦਸ ਦੀ ਸਾਡੀ ਹੋ ਗੀ। ਬੱਸ ਹੁਣ ਨਾ ਬੋਲੀਂ।''

''ਨਹੀਂ ਨਹੀਂ ਐਦੂੰ ਘੱਟ ਨੀ।''

''ਤੂੰ ਫੜ ਤਾਂ ਸਹੀ ਮੇਰੇ ਯਾਰ, ਐਮੇਂ ਬਾਹਲਾ ਚੀਪੜ ਨੀ ਹੋਇਆ ਕਰਦੇ। ਲੈ ਦਸ ਤੋਂ ਸੱਤ ਉੱਤੇ ਸਾਡੀ ਹੋ ਗੀ, ਛੱਡ ਦੇ ਬੱਚਾ।''

''ਚਲ ਐਂ ਕਰ। ਗਿਆਰਾਂ ਤੋਂ ਦੋ ਸੌ ਉੱਤੇ ਲੈਜਾ।''

''ਲੈ ਸਹੁੰ ਗਊ ਦੀ, ਮੈਨੂੰ ਚਾਹੇ ਘਾਟਾ ਈ ਪੈਜੇ। ਆਹ ਚੱਕ ਗਿਆਰਾਂ ਹੁਣ ਨਾ ਬੋਲੀਂ।'' ਵਪਾਰੀ ਨੇ ਰੁਪਈਆ ਨਾਜ਼ਰ ਦੀ ਹਥੇਲੀ ਤੇ ਧਰ ਕੇ ਕੱਟਾ ਛੱਡ ਲਿਆ।

''ਚਲ ਮਰਜੀ ਐ ਤੇਰੀ।'' ਨਾਜ਼ਰ ਨੇ ਜੱਕੋ-ਤੱਕੀ ਜਿਹੀ ਕਰਦੇ ਨੇ ਸਿਰ 'ਹਾਂ' ਵਿੱਚ ਹਿਲਾ ਦਿੱਤਾ।

ਵਪਾਰੀ ਨੇ ਧਾਰਾਂ ਮਾਰ ਕੇ ਪੈਸੇ ਗਿਣਾ ਦਿੱਤੇ। ਟਰਾਲੀ ਵੱਤ ਸਿਰ ਲਾ ਕੇ ਸਿੰਦੂ ਦੀ ਝੋਟੀ ਵਿੱਚ ਚਾੜ੍ਹ ਲਈ। ਮੀਤੇ ਨੇ ਸਾਰਾ ਭਾਂਡਾ-ਟੀਂਡਾ ਸਾਂਭ ਕੇ ਟਰਾਲੀ ਦੀ ਟੂਲ ਵਿੱਚ ਰੱਖ ਦਿੱਤਾ। ਹੁਣ ਤੱਕ ਮੰਡੀ 'ਚ ਸੀਤ ਹੋਣ ਲੱਗ ਪਈ ਸੀ। ਬੱਦਲ ਉੱਚਾ ਹੋ ਗਿਆ ਸੀ। ਜਿਨ੍ਹਾਂ ਨੇ ਡੰਗਰ ਖਰੀਦ ਵੇਚ ਲਏ ਸਨ ਉਨ੍ਹਾਂ ਨੇ ਟਰੈਕਟਰ ਪਿੰਡ ਨੂੰ ਹੱਕ ਲਏ। ਨਾਜ਼ਰ ਦੇ ਟਰੈਕਟਰ 'ਚ ਕੁੱਬਿਆਂ ਦੇ ਬਾਬੇ ਨੇ ਵੀ ਆਪਣਾ ਵੱਛਾ ਚਾੜ੍ਹ ਲਿਆ ਸੀ। ਉਹ ਸਾਰੇ ਰਾਹ ਵੱਛੇ ਦੇ ਗੁਣ ਗਾਉਂਦਾ ਆਇਆ। ਕੁੱਬੀਂ ਨਹਿਰ 'ਤੇ ਵੱਛਾ ਲਾਹ ਕੇ ਚਾਹ ਦੀ ਸੁਲਾ ਮਾਰ ਦਿੱਤੀ। ਨਾਜ਼ਰ ਹੋਰਾਂ ਨੇ 'ਬੱਸ ਚੜ੍ਹਦੀ ਕਲੈ' ਕਹਿ ਕੇ ਟਰੈਕਟਰ ਤੋਰ ਲਿਆ। ਚੀਮਿਆਂ ਤੋਂ ਸਿੰਦੂ ਨੇ ਬੋਤਲ ਫੜ ਕੇ ਡੱਬ ਵਿੱਚ ਦੇ ਲਈ।

ਪਿੰਡ ਆ ਕੇ ਨਾਜ਼ਰ ਕੇ ਵਾਗਲ ਕੋਲ ਝੋਟੀ ਲਾਹ ਲਈ। ਸਿੰਦੂ ਮੱਲੋ-ਮੱਲੀ ਨਾਜ਼ਰ ਨੂੰ ਨਾਲ ਖਿੱਚ ਤੁਰਿਆ। ਜਦੋਂ ਸਿੰਦੂ ਨੇ ਝੋਟੀ ਕਿੱਲੇ ਨਾਲ ਲਿਆ ਬੰਨ੍ਹੀ, ਦੇਵਕੀ ਵੇਖ ਕੇ ਫੁੱਲ ਵਾਂਗ ਖਿੜ ਗਈ। ਚਾਅ ਵਿੱਚ ਫੁੱਲੀ ਉਹ ਦੂਣ-ਸਵਾਈ ਹੋਈ ਫਿਰਦੀ ਸੀ। ਉਸਨੇ ਆਪਣੇ ਪੈਰੋਂ ਇੱਕ ਝਾਂਜਰ ਲਾਹ ਕੇ ਝੋਟੀ ਨੂੰ ਚਾਂਦੀ ਸੁੰਘਾਈ। ਟੋਕਰਾ ਕੱਖਾਂ ਦਾ ਪਾ ਕੇ ਉਪਰ ਕੌਲਾ ਆਟੇ ਦਾ ਰਲਾ ਦਿੱਤਾ। ਸਿੰਦੂ ਹੋਰੀਂ ਬਰਾਂਡੇ 'ਚ ਬੋਤਲ ਖੋਲ੍ਹ ਕੇ ਬੈਠ ਗਏ। ਦੇਵਕੀ ਲੰਬਾ ਘੁੰਡ ਕੱਢੀਂ ਬੁੱਲ੍ਹਾਂ 'ਚ ਮੁਸਕਰਾਉਂਦੀ ਦਾਲ ਦੀ ਕੌਲੀ ਉਨ੍ਹਾਂ ਦੇ ਮੰਜੇ ਕੋਲ ਰੱਖ ਗਈ।

ਜਦੋਂ ਪੂਰੀ ਬੋਤਲ ਨੂੰ ਡੂਕ ਵੱਜ ਗਈ ਤਾਂ ਨਾਜ਼ਰ ਕੂੰਗ ਵਾਲੀ ਟਰਾਲੀ ਵਾਂਗ ਝੂਲਦਾ ਉੱਠ ਕੇ ਤੁਰ ਪਿਆ। ''ਚੰਗਾ ...ਬ.....ਬਾਈ, ਮ....ਮੈਂ ਜਾਨਾਂ ਫੇਰ।''

''ਲੈ ਅ...ਐਂ ਕਿ...ਮੈਂ ਤੂੰ ਰੋ...ਟੀ ਖਾ ਕੇ ਜਾਈਂ।'' ਸਿੰਦੂ ਨੇ ਉਸਦੀ ਬਾਂਹ ਫੜ ਕੇ ਮੰਜੇ ਵੱਲ ਨੂੰ ਖਿੱਚਿਆ।

''ਬ...ਬੱਸ ਥੋੜੀ ...ਈ ....ਖਾ...ਨੈਆਂ, ਇ...ਇੱਕੋ ਗੱਲ ਐ।''

''ਚ...ਚਲ ਫੇਰ ਮ...ਮਰਜੀ ਐ ਤੇਰੀ।''

''ਮ...ਮੂਨ ਵਰਗੀ ਝੋਟੀ ਦਵਾਕੇ ਲਿਆਇਆਂ ਭ...ਭਾਬੀ।'' ਨਾਜ਼ਰ ਅੱਗੇ-ਪਿੱਛੇ ਗੇਅਰ ਜਿਹੇ ਪਾਉਂਦਾ ਓਟੇ ਕੋਲ ਬੈਠੀ ਦੇਵਕੀ ਵੱਲ ਨੂੰ ਹੋ ਗਿਆ। ਉਹ ਚੰਗੀ ਝੋਟੀ ਦਵਾਉਣ ਬਾਰੇ ਦੱਸ ਕੇ ਦੇਵਕੀ ਅੱਗੇ ਉੱਚਾ ਹੋਣਾ ਚਾਹੁੰਦਾ ਸੀ।

''ਚੰਗਾ ਹੁਆ ਬਾਅਈ ਰੋਟੀ ਖਾ ਕੇ ਜਾਨਾ।'' ਦੇਵਕੀ ਨੇ ਚੁੰਨੀ ਸਿਰ ਉੱਤੇ ਲੈਂਦਿਆਂ ਘੁੰਡ ਦਾ ਲੜ ਅੱਗੇ ਨੂੰ ਖਿੱਚ ਲਿਆ।

''ਬ...ਬੱਸ ਚੜ੍ਹਦੀ ਕਲਾ ਐ ਭ....ਭਾਬੀ।'' ਉਹ ਉਸੇ ਤਰ੍ਹਾਂ ਝੂਲਦਾ ਬਾਰ ਟੱਪ ਕੇ ਬੀਹੀ ਪੈ ਗਿਆ।

''ਤੁਸੀਂ ਵੀ ਖਾ ਲੇਂਦੇ ਰੋਟੀ।'' ਦਾਲ ਦੀ ਜੂਠੀ ਕੌਲੀ ਚੁੱਕਣ ਆਈ ਦੇਵਕੀ ਨੇ ਸਿੰਦੂ ਨੂੰ ਪੁੱਛਿਆ।

''ਹਾਂ...ਆਂ...ਪਾਦੇ ਮੈਨੂੰ ਵੀ।''

ਸਿੰਦੂ ਨੂੰ ਰੋਟੀ ਫੜਾ ਕੇ ਉਹ ਇੱਕ ਵਾਰ ਫਿਰ ਮੱਝ ਕੋਲ ਆਈ। ਮੱਝ ਕੱਖਾਂ ਨਾਲ ਰੱਜੀ ਬੈਠੀ ਜੁਗਾਲੀ ਕਰ ਰਹੀ ਸੀ। ਉਸਨੇ ਮੋਹ ਨਾਲ ਕੱਟਰੂ ਦਾ ਸਿਰ ਦੋਵੇਂ ਹੱਥਾਂ ਵਿੱਚ ਲੈ ਕੇ ਪਲੋਸਿਆ ਤੇ ਫਿਰ ਮਾਣ ਨਾਲ ਮੱਝ ਨੂੰ ਥਾਪੀ ਦਿੱਤੀ। ਮੱਝ ਦੇ ਕਾਲੇ ਗੱਦਰ ਪਿੰਡੇ 'ਤੇ ਹੱਥ ਫੇਰਿਆ। ਉਸਨੂੰ ਮਹਿਸੂਸ ਹੋਇਆ ਜਿਵੇਂ ਉਹ ਪੰਜਾਹ ਕਿੱਲਿਆਂ ਦੀ ਮਾਲਕਣ, ਰੱਜੀ-ਪੁੱਜੀ ਜੱਟੀ ਆਪਣੀ ਹਵੇਲੀ ਦੀ ਨਿਰਖ-ਪਰਖ ਕਰਦੀ ਫਿਰ ਰਹੀ ਹੋਵੇ। ਉਹ ਵਾਲੀ ਸਾਰੀ ਰਾਤ ਵੀ ਉਹ ਇਨ੍ਹਾਂ ਰੰਗੀਨ ਸੁਪਨਿਆਂ ਵਿੱਚ ਉਡਦੀ ਫਿਰਦੀ ਰਹੀ।

ਗਰਮੀਆਂ ਦੇ ਵੱਡੇ ਦਿਨ ਤੇ ਤਪਦੀਆਂ ਦੁਪਹਿਰਾਂ ਲੰਘ ਕੇ ਦੁਬਾਰਾ ਸਿਆਲ ਆ ਗਿਆ। ਕਣਕਾਂ ਪਹਿਲਾ ਪਾਣੀ ਮੰਗਣ ਲੱਗ ਪਈਆਂ ਸਨ। ਸਿੰਦੂ ਕੀ ਘਰ ਦੀ ਮੱਝ ਸੂਣ ਵਾਲੀ ਸੀ ਤੇ ਮੰਡੀਓਂ ਲਿਆਂਦੀ ਝੋਟੀ ਲੰਗੇ ਡੰਗ ਹੋ ਗਈ ਸੀ। ਦੇਵਕੀ ਨੇ ਜ਼ੋਰ ਦੇ ਕੇ ਇਸ ਸਾਲ ਖੇਤੀ ਆਪ ਕਰਨ ਲਈ ਸਿੰਦੂ ਹੋਰਾਂ ਨੂੰ ਮਨਾ ਲਿਆ ਸੀ। ਅੱਜ ਸਿੰਦੂ ਨੇ ਕਣਕ ਨੂੰ ਪਾਣੀ ਲਾਉਣ ਜਾਣਾ ਸੀ। ਉਹ ਕਦੋਂ ਦਾ ਚਾਹ ਗੁੜ ਬੰਨ੍ਹੀ ਬੈਠਾ ਰੋਹੀ ਨੂੰ ਉਡੀਕ ਰਿਹਾ ਸੀ ਤਾਂ ਕਿ ਸੂਣ ਵਾਲੀ ਮੱਝ ਦੀ ਗ਼ੌਰ ਰੱਖਣ ਬਾਰੇ ਉਸਨੂੰ ਕਹਿ ਜਾਵੇ ਪਰ ਰੋਹੀ ਅਜੇ ਤੱਕ ਬਾਹਰੋਂ ਨਹੀਂ ਮੁੜਿਆ ਸੀ। ਜਦੋਂ ਸਿੰਦੂ ਉਡੀਕ ਕੇ ਮੂੰਹ 'ਚ ਬੁੜ ਬੁੜ ਕਰਦਾ ਤੁਰਨ ਲੱਗਿਆ ਤਾਂ ਰੋਹੀ ਝੂਲਦਾ ਬਾਹਰਲੇ ਬਾਰ ਤੋਂ ਅੰਦਰ ਲੰਘ ਆਇਆ।

''ਆਹ ਲੈ ਸਾਂਭ ਲੈ ਪ੍ਰਾਹੁਣੇ ਨੂੰ।'' ਸਿੰਦੂ ਨੇ ਮੂੰਹ ਵਿੱਚ ਹੀ ਬੁੜ ਬੁੜ ਕੀਤੀ ਤੇ ਫਿਰ ਰੋਹੀ ਦੇ ਨੇੜੇ ਆਉਣ ਤੇ ਬੋਲਿਆ, ''ਐਂ ਕਰੀਂ ਓਏ! ਮੈਸ ਸੂਣ ਆਲੀ ਐ, ਰਾਤ ਨੂੰ ਉੱਠ ਕੇ ਦੇਖ ਲੀਂ ਦੋ-ਤਿੰਨ ਵਾਰੀ।''

''ਤੂੰ ਆਪ ਵੀ ਦੇਖ ਲੀਂ ਉੱਠ ਕੇ, ਇਹਦੇ ਕਨੀਓਂ ਤਾਂ ਸੱਤਨਾਮ ਈ ਐ।'' ਸਿੰਦੂ ਰੋਹੀ ਵੱਲੋਂ 'ਸੱਤਨਾਮ' ਹੋਈ ਵੇਖ ਕੇ ਦੇਵਕੀ ਨੂੰ ਮੱਝ ਦਾ ਖ਼ਿਆਲ ਰੱਖਣ ਦੀ ਤਾਕੀਦ ਕਰਕੇ ਆਪ ਖੇਤ ਨੂੰ ਤੁਰ ਗਿਆ।

''ਖੜ੍ਹੀਂ ਚਾਚਾ ਚਲਦੇ ਆਂ।'' ਸਿੰਦੂ ਨੇ ਸੂਏ ਦੇ ਪੁਲ ਤੋਂ ਪਿੱਛੇ ਮੁੜ ਕੇ ਵੇਖਿਆ, ਨਾਜ਼ਰ ਕਾ ਸੀਰੀ ਮੀਤਾ ਹੱਥ 'ਚ ਬੈਟਰੀ ਲਈ, ਚੱਪਲਾਂ ਨਾਲ ਕਾਹਲੀ ਕਾਹਲੀ 'ਟਿੱਪ ਟਿੱਪ' ਕਰਦਾ ਆ ਰਿਹਾ ਸੀ।

''ਰਹਿ ਗੀ ਤੀ ਅਜੇ?''

''ਹਾਂ, ਡੂਢ ਕ ਕਿੱਲਾ ਰਹਿ ਗੀ ਤੀ ਪਹੀ ਕਣੀਓਂ।''

''ਅੱਛਿਆ ਅੱਛਿਆ।'' ਸਿੰਦੂ ਨੇ ਉਪਰ-ਹੇਠ ਸਿਰ ਮਾਰਿਆ ਤੇ ਫਿਰ ਤੁਰਦਾ ਬੋਲਿਆ, ''ਕੈ ਵਜੇ ਆਊਗੀ ਲੈਟ।''

''ਨੌਂ ਕ ਵਜੇ ਛੱਡਣਗੇ।'' ਮੀਤੇ ਨੇ ਸੂਏ ਦੀ ਪਟੜੀ ਚੜ੍ਹਦਿਆਂ ਪਿੰਡ 'ਚ ਚਮਕਦੇ ਬੱਲਬਾਂ ਵੱਲ ਟੇਢੀ ਜਿਹੀ ਨਿਗ੍ਹਾ ਮਾਰਦਿਆਂ ਕਿਹਾ।

''ਅੱਜ ਤਾਂ ਨਿਬੇੜ ਦੇਂਗਾ ਫੇਰ।''

''ਹਾਂ ਨਿਬੜੇ ਜਾਊ ਅੱਜ ਤਾਂ।''

ਉਹ ਗੱਲਾਂ ਕਰਦੇ ਪਟੜੀ ਲਹਿ ਕੇ ਪਹੀ ਪੈ ਗਏ। ਸਿੰਦੂ ਅੱਜ ਪਹਿਲੇ ਦਿਨ ਪਾਣੀ ਲਾਉਣ ਆਇਆ ਸੀ। ਚਾਹੇ ਉਸਦੀ ਕਣਕ ਕਈ ਦਿਨਾਂ ਤੋਂ ਪਾਣੀ ਭਾਲਦੀ ਸੀ ਪਰ ਸਰਵਣ ਤਾਏ ਕੀ ਮੋਟਰ ਵਿਹਲੀ ਨਾ ਹੋਣ ਕਰਕੇ ਉਸਨੂੰ ਰੁਕਣਾ ਪਿਆ ਸੀ। ਆਪਣੇ ਇੰਜਣ ਨਾਲ ਸੌ ਡੇਢ ਸੌ ਦਾ ਤੇਲ ਫੂਕ ਕੇ ਕਣਕ ਰਮਾਉਣ ਦਾ ਉਸਦਾ ਆਪਣਾ ਹੀਆ ਨਹੀਂ ਪਿਆ ਸੀ।

ਚਾਹੇ ਉਸਨੇ ਆਪ ਖਰਚੇ ਨੂੰ ਨੱਥ ਪਾਉਣ ਦੀ ਕੋਸ਼ਿਸ ਕੀਤੀ ਸੀ ਪਰ ਫਿਰ ਵੀ ਕਰਜ਼ੇ ਦੀ ਪੰਡ ਦਿਨੋ-ਦਿਨ ਦੁਬਾਰਾ ਭਾਰੀ ਹੋਣ ਲੱਗ ਪਈ ਸੀ। ਜੇ ਉਹ ਦਿਨੋ-ਦਿਨ ਚੜ੍ਹ ਰਹੇ ਕਰਜ਼ੇ ਦੀ ਚਿੰਤਾ 'ਚ ਡੁੱਬਿਆ ਰੋਹੀ ਨੂੰ ਕੁਝ ਕਹਿ ਵੀ ਦਿੰਦਾ ਤਾਂ ਉਹ ਚਾਰੇ ਚੁੱਕ ਕੇ ਪੈ ਜਾਂਦਾ, ''ਕਿਉਂ ਮੇਰਾ ਕੀ ਘਰ ਨੀ ਓਏ! ਬਾਹਲਾ ਕਰਦੈ ਮੈਨੂੰ ਅੱਡ ਕਰਦੇ। ਮੈਂ ਆਪਣੇ ਹਿੱਸੇ ਦੀ ਚਾਹੇ ਸਾਰੀ ਵੇਚਾਂ।''

ਸਿੰਦੂ ਰੋਹੀ ਦੀ ਧਮਕੀ ਤੋਂ ਡਰਦਾ ਸਿਰ ਜਿਹਾ ਝਾੜ ਕੇ ਬੈਠ ਜਾਂਦਾ। 'ਪਹਿਲਾਂ ਚਾਰ ਕਿੱਲਿਆਂ ਤੋਂ ਤਿੰਨ ਰਹਿ ਗਏ, ਅਜੇ ਵੀ ਕਰਜ਼ਾ ਧੂਹੀ ਸਿੱਧੀ ਨੀ ਕਰਨ ਦਿੰਦਾ। ਜੇ ਅੱਡ ਹੋ ਗੇ ਤਾਂ ਡੂਢ ਡੂਢ ਕਿੱਲੇ 'ਚੋਂ ਕੀ ਕੱਢਾਂਗੇ? ਡੂਢ ਕਿੱਲੇ ਆਲੇ ਨੂੰ ਤਾਂ ਆੜ੍ਹਤੀਆ ਵੀ ਨੀ ਦੇਹਲੀ ਚੜ੍ਹਨ ਦਿੰਦਾ।' ਸਿੰਦੂ ਨੂੰ ਇਹ ਝੋਰਾ ਅੱਡ ਵੀ ਨਾ ਹੋਣ ਦਿੰਦਾ ਤੇ ਉਹ 'ਚਲ ਮਨਾਂ ਜੋ ਹੋਊ ਦੇਖੀ ਜਾਊ' ਕਹਿ ਕੇ ਕੋਹਲੂ ਦੇ ਬਲਦ ਵਾਂਗ ਕੰਮ ਦੇ ਗੇੜ ਵਿੱਚ ਪਿਆ ਰਹਿੰਦਾ।

ਮਗਰੋਂ ਕੋਈ ਟੁੱਟੇ ਸਾਈਕਲ 'ਤੇ ''ਦੇਖੀਂ ਬਾਈ!'' ਕਹਿੰਦਾ, ਸਿੰਦੂ ਦੀ ਸੁਰਤੀ ਤੋੜ ਕੇ ਖੜ ਖੜ ਕਰਦਾ ਕੋਲੋਂ ਲੰਘ ਗਿਆ। ਸਿੰਦੂ ਫਿਰ ਮੀਤੇ ਨਾਲ ਗੱਲੀਂ ਪੈ ਗਿਆ। ਉਹ ਗੱਲਾਂ ਕਰਦੇ ਖੇਤ ਪਹੁੰਚ ਗਏ। ਸਿੰਦੂ ਨੇ ਵੱਟ ਉੱਤੇ ਖੜ੍ਹ ਕੇ ਆਪਣੀ ਸਾਰੀ ਫਸਲ ਵੱਲ ਮੋਹ ਭਰੀ ਨਜ਼ਰ ਫੇਰੀ। ਉਸਨੂੰ ਹਨ੍ਹੇਰੇ ਵਿੱਚ ਖੜ੍ਹੀ ਕਣਕ ਕਾਲਖ ਜਿਹੀ ਹੀ ਜਾਪੀ ਫਿਰ ਉਸਨੇ ਸਰਵਣ ਕੀ ਮੋਟਰ ਦਾ ਜਿੰਦਾ

ਖੋਲ੍ਹ ਕੇ ਚਾਹ ਗੁੜ ਅੰਦਰ ਰੱਖ ਦਿੱਤਾ ਅਤੇ ਢਿਲਕੇ ਜਿਹੇ ਮੰਜੇ 'ਤੇ ਬਿਸਤਰਾ ਵਿਛਾ ਕੇ ਠਰੀਆਂ ਲੱਤਾਂ ਰਜਾਈ ਵਿੱਚ ਦੇ ਲਈਆਂ। ਜਦ ਉਸਨੂੰ ਨਿੱਘ ਦਾ ਅਹਿਸਾਸ ਹੋਇਆ ਤਾਂ ਉਹ ਆਪ ਵੀ ਸੱਪ ਵਾਂਗ ਰਜਾਈ ਵਿੱਚ ਨੂੰ ਸਰਕ ਗਿਆ। ਫਿਰ ਉਸਨੂੰ ਪਏ ਨੂੰ ਨੀਂਦ ਦਾ ਟੂਲਾ ਜਿਹਾ ਆ ਗਿਆ ਤੇ ਉਹ ਨੀਂਦ ਆ ਜਾਣ ਦੇ ਡਰੋਂ ਕਾਹਲੀ ਨਾਲ ਉੱਠ ਕੇ ਬੈਠ ਗਿਆ। ਉਸਦੀ ਸੁਰਤ ਗੋਤੇ ਜਿਹੇ ਖਾਂਦੀ ਘਰ ਦੀ ਕਬੀਲਦਾਰੀ ਵਿੱਚ ਫਿਰ ਜਾ ਉਲਝੀ. ''ਲੋਕ ਪਤਾ ਨੀ ਕਿਮੇ ਐਡੀਆਂ ਐਡੀਆਂ ਕੋਠੀਆਂ ਵਿੱਢ ਲੈਂਦੇ ਨੇ। ਇੱਥੇ ਤਾਂ ਸਾਲਾ ਇੱਕ ਕੋਠਾ ਵੀ ਨੀ ਸਰਦਾ. ਵੀ ਬੰਦਾ-ਖੇਤ ਬੰਨੇ ਆਇਆ ਮੀਂਹ-ਕਣੀ ਤੋਂ ਸਿਰ ਢੱਕਲੂ। ਇਹ ਤਾਂ ਸਰਵਣ ਤਾਏ ਕਾ ਵਧੀਆ ਸੁਖ ਐ, ਕਦੇ ਅਤੇ-ਬੁਤੇ ਡੰਗ ਸਰ ਜਾਂਦੈ। ਆਹ ਇੰਜਣ ਐ, ਇਹਤੋਂ ਨੀ ਕਦੇ ਖਹਿੜਾ ਛੁਟਣਾ। ਕਿੰਨੇ ਸਾਲ ਹੋਗੇ ਸਗੋਲਟੀ ਭਰੀ ਨੂੰ, ਅਜੇ ਤੱਕ ਨੀ ਨਿਕਲਿਆ ਕਨੈਕਸ਼ਨ। ਜੇ ਨਿਕਲੂ ਫੇਰ ਕਿਹੜਾ ਊਂਦੀ ਲਾ ਦੇਣਗੇ। ਉਨ੍ਹਾਂ ਦੇ ਮੂੰਹ 'ਚ ਹੱਡ ਦੇਣਾ ਪਊ ਪਹਿਲਾ ਤਾਂ। ਨਾਲੇ.......।'' ਉਹ ਕਿੰਨਾ ਚਿਰ ਹੀ ਉਲਝੀ ਕਬੀਲਦਾਰੀ ਦੀਆਂ ਤੰਦਾਂ ਫੜਦਾ ਰਿਹਾ ਫਿਰ ਬੱਲਬ ਦੇ ਚਾਨਣ ਨੇ ਉਸਦੀਆਂ ਯਾਦਾਂ ਰੋਲ ਕੇ ਉਸਨੂੰ ਵਰਤਮਾਨ ਵਿੱਚ ਖਿੱਚ ਲਿਆ। ਉਸਨੇ ਬਿਸਤਰੇ ਵਿੱਚੋਂ ਟਿੱਡੀ ਵਾਂਗ ਬੁੜਕਦਿਆਂ ਭੱਜ ਕੇ ਮੋਟਰ ਦੀ ਹਰੀ ਸਵਿੱਚ ਦੱਬ ਦਿੱਤੀ। ਮੋਟਰ ਦੀ ਗੂੰਜ ਨਾਲ ਪਾਣੀ ਦੀ ਛੱਲ ਖੇਲ ਵਿੱਚ ਆ ਵੱਜੀ। ਨੱਕਾ ਵਲਾਉ ਉਹ ਦਿਨੇ ਰੇਹ ਸੁੱਟਣ ਆਇਆ ਹੀ ਕਰ ਗਿਆ ਸੀ। ਕੁਝ ਚਿਰ ਉਹ ਬੈਠਾ ਰਿਹਾ ਤੇ ਫਿਰ ਕਿਆਰੇ ਤੱਕ ਪਾਣੀ ਪਹੁੰਚਣ ਦਾ ਅੰਦਾਜ਼ਾ ਜਿਹਾ ਲਾ ਕੇ. ਮੋਢੇ ਕਹੀ ਅਤੇ ਹੱਥ 'ਚ ਬੈਟਰੀ ਲਈਂ ਕਿਆਰਾ ਵੇਖਣ ਚੱਲ ਪਿਆ।

ਲਵਾਂ ਬਿੜਕਾਂ ਹਨ੍ਹੇਰੇ ਵਿੱਚ ਖੜ ਖੜ ਕੇ,

ਮੈਨੂੰ ਖਿੱਚ ਲੈ ਵੈਰੀਆ,

ਖਿੱਚ ਲੈ ਚੁਬਾਰੇ ਵਿੱਚੋਂ ਬਾਂਹ ਫੜ ਕੇ, ਮੈਨੂੰ ਖਿੱਚ ਲੈ ਵੈਰੀਆ....।

ਨਾਜ਼ਰ ਕੇ ਕੋਠੇ ਕੋਲੋਂ ਆਉਂਦੀ ਸਪੀਕਰ ਦੀ ਅਵਾਜ਼ ਸਾਫ਼ ਸੁਣਾਈ ਦੇ ਰਹੀ ਸੀ। ਉਸਨੇ ਸੁਭਾਵਕ ਹੀ ਉਧਰ ਵੇਖਿਆ, ਨਾਜ਼ਰ ਕੇ ਕੋਠੇ ਉਪਰ ਚੰਗਿਆੜੀ ਵਾਂਗ ਚਮਕਦਾ ਬੱਲਬ ਕੱਚ ਦੀ ਗੋਲੀ ਜਿੱਡਾ ਦਿਖਾਈ ਦਿੰਦਾ ਸੀ। ਸਿੱਦੂ ਨੇ ਨੱਕੇ ਕੋਲ ਜਾ ਕੇ ਵੇਖਿਆ. ਪਾਣੀ ਕਿਆਰੇ ਵਿੱਚ ਪੈਣ ਲੱਗ ਪਿਆ ਸੀ। ਪੈਰ ਮਾਰ ਕੇ ਨੱਕੇ ਅੱਗੇ ਅੜੇ ਪੱਤੇ ਅਤੇ ਛੱਕੇ ਪਰ੍ਹਾਂ ਕਰ ਦਿੱਤੇ। ਪਾਣੀ ਸੱਪ ਵਾਂਗ ਮੇਲ੍ਹਦਾ ਓਰਿਆਂ ਵਿੱਚ ਫਿਰਨ ਲੱਗਿਆ। ਉਹ ਕਿਆਰੇ ਦੇ ਸਿਰੇ ਤੱਕ ਗੇੜਾ ਮਾਰ ਕੇ ਵਾਪਸ ਮੁੜ ਆਇਆ। ਉਸਦੇ ਨੰਗੇ ਪੈਰ ਠੰਡ ਨਾਲ ਸੁੰਨ ਹੋ ਗਏ ਜਿਵੇਂ ਨਾਲੋਂ ਲਹਿ ਕੇ ਡਿੱਗ ਪਏ ਹੋਣ। ਉਸਨੇ ਕਾਹਲੀ ਨਾਲ ਖੇਲ 'ਚੋਂ ਹੇਠਾਂ ਡਿਗਦੇ ਪਾਣੀ ਥੱਲੇ ਕਰ ਲਏ 'ਤੇ ਫਿਰ ਚੱਪਲਾਂ ਪਾ ਕੇ ਕੋਠੇ ਵਿੱਚ ਹੀ ਬਣਾਏ ਚੁੱਲ੍ਹੇ 'ਤੇ ਚਾਹ ਧਰਨ ਲੱਗ ਪਿਆ। ਉਹ ਤਿੰਨ ਵਜੇ ਤੱਕ ਕਣਕ ਰਮਾਉਂਦਾ ਰਿਹਾ। ਤਿੰਨ ਵਜੇ ਲਾਇਟ ਗਈ ਤੋਂ ਕੋਠੇ ਦਾ ਅੰਦਰੋਂ ਬਾਰ ਅੜਾ ਕੇ ਸੌਂ ਗਿਆ।

ਜਦੋਂ ਸਵੇਰੇ ਅੱਖ ਖੁੱਲ੍ਹੀ ਕੋਈ ਕੋਠੇ ਦਾ ਬਾਰ ਖੜਕਾ ਰਿਹਾ ਸੀ। ਉਸਨੇ ਚੱਪਲਾਂ ਪਾ ਕੇ ਬਾਰ ਖੋਲ੍ਹਿਆ, ਬਾਹਰ ਮੀਤਾ ਹੱਥ 'ਚ ਭਾਂਡੇ ਲਈਂ ਖੜ੍ਹਾ ਸੀ।

''ਚਲ ਪਿੰਡ ਨੂੰ ਚੱਲੀਏ ਚਾਚਾ।'' ਮੀਤਾ ਅੱਖਾਂ ਜਿਹੀਆਂ ਮਟਕਾਉਂਦਾ ਹੱਸ ਪਿਆ।

''ਦੁੱਧ ਪਿਐ. ਚਾਹ ਨਾ ਪੀ ਲਈਏ ਘੁੱਟ ਘੁੱਟ।'' ਸਿੱਦੂ ਮੀਤੇ ਦੀ ਸਲਾਹ ਜਾਣਨ ਲਈ ਰੁਕ ਗਿਆ।

''ਚਲ ਤੇਰੀ ਮਰਜੀ ਐ।'' ਮੀਤਾ ਸੁਲਾ ਜਿਹੀ ਨਾਲ ਮੰਜੇ ਦੀ ਬਾਹੀ 'ਤੇ ਬੈਠ ਗਿਆ। ਸਿੱਦੂ ਚਾਹ ਧਰਨ ਲੱਗ ਪਿਆ। ਚਾਹ ਪੀ ਕੇ ਉਹ ਭਾਂਡੇ ਸਾਂਭਦੇ ਪਿੰਡ ਨੂੰ ਤੁਰ ਪਏ।

ਜਦੋਂ ਸਿੱਦੂ ਘਰ ਆਇਆ ਤਾਂ ਰੋਹੀ ਘਰ ਨਹੀਂ ਸੀ। ਦੇਵਕੀ ਚੁੱਲ੍ਹੇ ਮੂਹਰੇ ਬੈਠੀ ਰੋਟੀਆਂ ਪਕਾ ਰਹੀ ਸੀ ਤੇ ਰਾਜੂ ਉਸਦੇ ਬਰਾਬਰ ਬੈਠਾ ਹੱਥ ਸੇਕ ਰਿਹਾ ਸੀ। ਸਿੱਦੂ ਬਰਾਂਡੇ 'ਚ ਭਾਂਡੇ ਰੱਖ ਕੇ ਚੁੱਲ੍ਹੇ ਮੂਹਰੇ ਆ ਬੈਠਿਆ। ਦੇਵਕੀ ਨੇ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝੀਆਂ ਤੇ ਹਾਉਕਾ ਜਿਹਾ ਲੈਂਦੀ ਰੋਟੀ ਵੇਲਣ ਲੱਗ ਪਈ।

''ਕੀ ਹੋ ਗਿਆ?'' ਸਿੱਦੂ ਉਸਦੇ ਇਸ ਤਰ੍ਹਾਂ ਰੋਣ 'ਤੇ ਹੈਰਾਨ ਸੀ।

''ਬਸ.....ਕੁ....ਕੁਛ ਨੀ ਹੁਆ।'' ਦੇਵਕ ਦਾ ਰੋਕਣ ਦੇ ਬਾਵਜੂਦ ਵੀ ਰੋਣ ਨਿਕਲ ਗਿਆ ਤੇ ਉਹ ਰੋਟੀ ਵੇਲਦੀ ਰੁਕ ਕੇ ਨੱਕ ਪੂੰਝਣ ਲੱਗ ਪਈ।

''ਫੇਰ ਵੀ ਕੋਈ ਤਾਂ ਗੱਲ ਹੋਊ।'' ਸਿੰਦੂ ਨੂੰ ਉਸਦੇ ਰੋਣ ਦੇ ਬਾਵਜੂਦ ਵੀ 'ਕੁਛ ਨੀ ਹੂਆ' ਕਹਿਣ 'ਤੇ ਖਿੱਝ ਜਿਹੀ ਆ ਗਈ।

''ਰਾਤ ਚਾਚਾ ਹੈਂ! ਹੈਂ ਬੇਬੇ ਨਾਲ ਲੜਦਾ ਤੀ। ਨਾਲੇ ਬੇਬੇ ਦੀ ਬਾਂਹ ਫੜਕੇ ਘੜੀਸਦਾ ਤੀ।'' ਰਾਜੂ ਦੇਵਕੀ ਦੇ ਜਵਾਬ ਵਿੱਚ ਬੋਲ ਪਿਆ। ਚਾਹੇ ਉਸਨੂੰ ਬੱਚਾ ਹੋਣ ਕਰਕੇ ਪੂਰੀ ਗੱਲ ਦੀ ਸਮਝ ਨਹੀਂ ਸੀ ਪਰ ਜੋ ਕੁਝ ਉਸਨੇ ਰਾਤ ਵੇਖਿਆ ਸੀ ਉਹ ਉਵੇਂ ਹੀ ਦੱਸਣ ਲੱਗ ਪਿਆ।

''ਕੁਛ ਨੀ ਹੁੰਦਾ, ਉਹਨੇ ਕੀ ਤੇਰੇ ਵਾਲੇ ਲਾਹ ਲੇ ਫੇਰ। ਨਾਲੇ ਉਹਨੂੰ ਕਿਹੜਾ ਪਤਿਊਰੇ ਨੂੰ ਪੀ ਕੇ ਸੁਰਤ ਰਹਿੰਦੀ ਐ ਕੋਈ।'' ਸਿੰਦੂ ਦਾ ਇਹ ਜਵਾਬ ਸੁਣ ਕੇ ਦੇਵਕੀ ਦਾ ਅੰਦਰ ਲੀਰਾਂ ਹੋ ਗਿਆ। ਉਸਦੇ ਫਰਿਆਦੀ ਹੰਝੂ ਤਾਂ ਹਮਦਰਦੀ ਭਾਲਦੇ ਸਨ। ਉਸਦਾ ਦਿਲ ਚਾਹੁੰਦਾ ਸੀ ਕਿ ਸਿੰਦੂ ਉਸਦੇ ਅੰਦਰ ਨੂੰ ਪੜ੍ਹ ਲਏ ਤੇ ਉਸਦਾ ਅਸਲ ਮਰਦ ਬਣ ਕੇ ਉਸ ਦੇ ਬਰਾਬਰ ਖੜ੍ਹੇ। ਉਸਦੇ ਹੰਝੂ ਪੂੰਝੇ। ਉਸਨੂੰ ਆਪਣੀ ਬੁੱਕਲ ਵਿੱਚ ਲੈ ਕੇ ਹੌਸਲਾ ਦੇਵੇ। ਉਲਟਾ ਸਿੰਦੂ ਦੇ ਅਜਿਹੇ ਖਰਵੇ ਤੇ ਬਿਗਾਨੇ ਜਿਹੇ ਬੋਲ ਸੁਣ ਕੇ ਉਸਦਾ ਅੰਦਰ ਤਾਰ ਤਾਰ ਹੋ ਗਿਆ। ਉਸਦੇ ਅੰਦਰ ਪਲਿਆ ਆਪਣੇ ਘਰ, ਆਪਣੇ ਮਰਦ ਦਾ ਭਰਮ ਸੀਸ਼ੇ ਵਾਂਗ ਤਿੜਕ ਗਿਆ। ਉਸਦੇ ਹੰਝੂ ਅੱਖਾਂ ਦੇ ਕੋਇਆਂ 'ਚੋਂ ਧਾਰਾਂ ਬੰਨ੍ਹ ਕੇ ਵਹਿ ਤੁਰੇ।

-0-0-

ਕੱਲ੍ਹ ਸਾਮ ਜਦੋਂ ਸਿੰਦੂ ਖੇਤ ਨੂੰ ਤੁਰ ਗਿਆ ਸੀ ਤਾਂ ਦੇਵਕੀ ਨੇ ਰੋਹੀ ਨੂੰ ਰੋਟੀ ਲਿਆਉਣ ਲਈ ਪੁੱਛਿਆ ਤਾਂ ਰੋਹੀ 'ਠਹਿਰ ਕੇ ਖਾਊਂਗਾ' ਕਹਿੰਦਾ ਪੈੱਗ ਲਾਉਣ ਲੱਗ ਪਿਆ। ਦੇਵਕੀ ਨੇ ਕੱਪੜੇ ਵਿਛਾ ਕੇ ਰਾਜੂ ਨੂੰ ਪਾ ਦਿੱਤਾ ਤੇ ਆਪ ਮੱਝਾਂ ਬਰਾਂਡੇ ਵਿੱਚ ਬੰਨ੍ਹਣ ਤੋਂ ਬਾਅਦ ਰੋਹੀ ਨੂੰ ਰੋਟੀ ਪਾ ਕੇ ਲੈ ਆਈ। ਰੋਟੀ ਖਵਾ ਕੇ ਜਦੋਂ ਦੇਵਕੀ ਉਸਦੇ ਹੱਥ ਧਵਾ ਰਹੀ ਸੀ ਤਾਂ ਉਹ ਉਸ ਵੱਲ ਲੁੱਚਾ ਜਿਹਾ ਝਾਕਿਆ। ਉਹ ਮੂੰਹ ਵਿੱਚ ਬੱਕਲੀਆਂ ਜਿਹੀਆਂ ਚੱਬਦਾ ਬੁੜ ਬੁੜ ਕਰਦਾ ਕੁਝ ਬੋਲੀ ਵੀ ਗਿਆ ਪਰ ਦੇਵਕੀ ਨੂੰ ਇਸਦੀ ਬਹੁਤੀ ਸਮਝ ਨਾ ਲੱਗੀ। ਉਹ ਬਿਨਾਂ ਕੁਝ ਬੋਲਿਆਂ ਭਾਂਡੇ ਚੁੱਕ ਕੇ ਨਲਕੇ ਅੱਗੇ ਮਾਂਜਣ ਲੱਗ ਪਈ। ਰੋਹੀ ਕੁਝ ਚਿਰ ਬਰਾਂਡੇ ਵਿੱਚ ਬੈਠਾ ਅੱਖਾਂ ਪਾੜ ਪਾੜ ਭਾਂਡੇ ਮਾਂਜਦੀ ਦੇਵਕੀ ਨੂੰ ਵੇਖਦਾ ਰਿਹਾ ਤੇ ਫਿਰ ਕਾਮੀ ਲਾਲਾਂ ਡੇਗਦਾ ਉਸ ਵੱਲ ਤੁਰ ਪਿਆ। ਰੋਹੀ ਨੂੰ ਆਉਂਦਾ ਵੇਖ ਕੇ ਦੇਵਕੀ ਦਾ ਦਿਲ ਧੜਕਿਆ ਤੇ ਉਸਦਾ ਭਾਂਡੇ ਮਾਂਜਦੀ ਦਾ ਹੱਥ ਹੋਰ ਤੇਜ਼ ਹੋ ਗਿਆ। ਰੋਹੀ ਨੇ ਨਲਕੇ ਕੋਲ ਆ ਕੇ ਡੰਡੀ ਦੱਬੀ ਤੇ ਦੂਜੇ ਹੱਥ ਨਾਲ ਚੂਲੀ ਪਾਣੀ ਦੀ ਭਰ ਕੇ ਪੀ ਲਈ। ਉਹ ਉਥੇ ਹੀ ਕੁਝ ਦੇਰ ਖੜ੍ਹਾ, ਆਪਣੇ ਅੰਦਰ ਕੋਈ ਘੋਲ ਜਿਹਾ ਕਰਦਾ ਦੇਵਕੀ ਨੂੰ ਵੇਖਦਾ ਰਿਹਾ। ਫਿਰ ਉਹ ਉਸਦੇ ਸਿਰ ਦੇ ਵਾਲਾਂ 'ਚ ਹੱਥ ਲਾ ਕੇ, ਉਵੇਂ ਉਲਾਲ ਜਿਹਾ ਹੁੰਦਾ ਆਪਣੇ ਮੰਜੇ ਵੱਲ ਨੂੰ ਤੁਰ ਪਿਆ। ਹਨ੍ਹੇਰੀ ਟਲ ਗਈ। ਦੇਵਕੀ ਦਾ ਚੜ੍ਹਿਆ ਸਾਹ ਦੁਬਾਰਾ ਥਾਂ ਟਿਕਾਣੇ ਆ ਗਿਆ।

ਦੇਵਕੀ ਭਾਂਡੇ ਮਾਂਜ ਕੇ ਸਬਾਤ ਵਿੱਚ ਰੱਖ ਗਈ ਤੇ ਆਪ ਤੱਤੇ ਪਣੀ ਨਾਲ ਮੂੰਹ ਹੱਥ ਧੋਣ ਲੱਗ ਪਈ। ਉਹ ਸਭ ਪਸਿਓਂ ਵਿਹਲੀ ਹੋ ਕੇ ਮੰਜੇ ਉੱਤੇ ਬੈਠੀ ਹੀ ਸੀ ਕਿ ਰੋਹੀ ਪ੍ਰੇਤ ਵਾਂਗ ਸਬਾਤ ਦੇ ਬਾਰ ਵਿੱਚ ਆ ਖੜ੍ਹਿਆ।

''ਉਰੇ ਆ ਦੇਵਕੀ।'' ਬਰਾਂਡੇ ਵਿੱਚ ਖੜ੍ਹੇ ਡਿੱਕ-ਡੋਲੇ ਖਾਂਦੇ ਰੋਹੀ ਨੇ ਦੇਵਕੀ ਨੂੰ ਹੱਥ ਮਾਰਿਆ।

''ਕੀ ਗਾਲ ਐ ਜੀ।'' ਦੇਵਕੀ ਨੂੰ ਕੋਈ ਡਰ ਕਾਂਬਾ ਛੇੜ ਗਿਆ।

''ਤੂੰ ਉਰੇ ਤਾਂ ਆ, ਕੰਮ ਐ।'' ਉਸਨੇ ਉਥੇ ਖੜ੍ਹੇ ਨੇ ਹੀ ਦੇਵਕੀ ਨੂੰ ਫਿਰ ਹੱਥ ਮਾਰਿਆ।

''ਹਾਂ ਜੀ।'' ਦੇਵਕੀ ਡਰਦੀ ਡਰਦੀ ਉਸ ਕੋਲ 'ਕੱਠੀ ਜਿਹੀ ਹੋ ਕੇ ਜਾ ਖੜ੍ਹੀ। ਉਸਨੇ ਵਾਪਰਨ ਵਾਲੀ ਹੋਣੀ ਦਾ ਅਨੁਮਾਨ ਲਾ ਲਿਆ ਤੇ ਆਪਣੇ-ਆਪ ਨੂੰ ਇਸ ਦੇ ਮੁਕਾਬਲੇ ਲਈ ਤਿਆਰ ਕਰਨ ਲੱਗ ਪਈ।

''ਉਰੇ ਤਾਂ ਆ।'' ਰੋਹੀ ਦੇਵਕੀ ਦੀ ਬਾਂਹ ਫੜਕੇ ਆਪਣੇ ਮੰਜੇ ਵੱਲ ਨੂੰ ਖਿੱਚ ਤੁਰਿਆ।

''ਛਾਡਦੇ ਮੇਨੂੰ ਹਰਾਮੀ....।'' ਦੇਵਕੀ ਨੇ ਉਸਦੇ ਹੱਥ 'ਤੇ ਦੰਦੀ ਵੱਢ ਲਈ ਤੇ ਹਵਾ ਵਾਂਗ ਸਬਾਤ ਨੂੰ ਭੱਜ ਲਈ। ਰੋਹੀ ਉਸਦੇ ਪਿੱਛੇ ਭੱਜਿਆ। ਦੇਵਕੀ ਅਜੇ ਸਬਾਤ ਦੇ ਬਾਰ ਅੱਗੇ ਹੀ ਆਈ ਸੀ ਕਿ ਪਿੱਛੋਂ ਭੱਜੇ ਆਉਂਦੇ ਰੋਹੀ ਨੇ ਉਸਦੀ ਬਾਂਹ ਫਿਰ ਫੜ ਲਈ।

''ਮੇਰਾ ਵੀ ਘਰ 'ਚ ਅੱਧ ਐ, ਤੂੰ ਇਧਰ ਆ।'' ਉਸਨੇ ਦੇਵਕੀ ਨੂੰ ਫੜ ਕੇ ਫਿਰ ਖਿੱਚਣਾ ਚਾਹਿਆ ਪਰ ਦੇਵਕੀ ਦਾ ਤਖਤੇ ਨੂੰ ਹੱਥ ਪੈ ਗਿਆ।

''ਤੂੰ ਛਾਡਦੇ ਮੇਨੂੰ ਹਰਾਮੀ।'' ਦੇਵਕੀ ਨੇ ਉਸਦੇ ਹੱਥ 'ਤੇ ਦੁਬਾਰਾ ਦੰਦੀ ਵੱਢਣੀ ਚਾਹੀ ਪਰ ਰੋਹੀ ਨੇ ਉਸਦੀ ਗੁੱਤ ਫੜ ਕੇ ਖਿੱਚ ਲਈ। ਇਸੇ ਰੌਲੇ-ਗੌਲੇ ਵਿੱਚ ਰਾਜੂ ਨੂੰ ਜਾਗ ਆ ਗਈ। ਉਸਨੇ ਦੇਖਿਆ, ਉਸਦਾ ਚਾਚਾ ਰੋਹੀ ਉਸਦੀ ਮਾਂ ਦੀ ਬਾਂਹ ਫੜ ਕੇ ਖਿੱਚ ਰਿਹਾ ਸੀ। ਦੇਵਕੀ ਉਸਨੂੰ ਗਾਲਾਂ ਦਿੰਦੀ ਛੁਡਾ ਰਹੀ ਸੀ। ਰਾਜੂ ਇਹ ਸਭ ਵੇਖ ਕੇ ਭਮੱਤਰ ਗਿਆ ਤੇ ਉੱਚੀ ਉੱਚੀ ਰੋਣ ਲੱਗ ਪਿਆ। ਰਾਜੂ ਨੂੰ ਉੱਚੀ ਰੋਂਦਾ ਵੇਖ ਕੇ ਰੋਹੀ ਦੇਵਕੀ ਦੀ ਬਾਂਹ ਛੱਡ ਕੇ ਬਰਾਂਡੇ ਵਿੱਚ ਜਾ ਪਿਆ। ਦੇਵਕੀ ਰਾਜੂ ਨੂੰ ਬੁੱਕਲ 'ਚ ਲੈ ਕੇ ਡੁਸਕਣ ਲੱਗ ਪਈ। ਉਹ ਸਾਰੀ ਰਾਤ ਪਈ ਰੋਂਦੀ ਰਹੀ। ਆਪਣੀ ਕਿਸਮਤ ਤੇ ਝੁਰਦੀ ਰਹੀ। ਉਸਨੂੰ ਆਪਣੀ ਜ਼ਿੰਦਗੀ ਦੀਆਂ ਸਾਰੀਆਂ ਕੌੜੀਆਂ-ਕਸੈਲੀਆਂ ਯਾਦਾਂ ਯਾਦ ਆਉਂਦੀਆਂ ਰਹੀਆਂ ਤੇ ਹੰਝੂ ਬਣ ਬਣ ਅੱਖਾਂ 'ਚੋਂ ਵਗਦੀਆਂ ਰਹੀਆਂ।

ਅੱਜ ਉਸਨੇ ਸੋਚਿਆ ਸੀ ਕਿ ਉਹ ਸਿੰਦੂ ਨੂੰ ਸਾਰੀ ਗੱਲ ਦੱਸੇਗੀ। ਉਹ ਉਸਨੂੰ ਗਲ ਨਾਲ ਲਾਉਂਦਾ ਰੋਹੀ ਦੀ ਝਾੜ-ਝੰਬ ਕਰੇਗਾ। ਉਹ ਸਿੰਦੂ ਉੱਤੇ ਮਾਣ ਕਰਦੀ ਸੋਚਦੀ, 'ਉਸਨੇ ਮੇਨੂੰ ਅਕੇਲੀ ਤੀਮੀਂ ਸਾਮਝ ਲੀਆ। ਜੇ ਮੇਰਾ ਆਦਮੀ ਹੁੰਦਾ ਏਥੇ, ਕੀਸੇ ਦੀ ਕੀ ਮਜਾਲ ਥੀ ਮੇਰੇ ਹਾਥ ਵੀ ਲਾ ਜਾਤਾ। ਕੋਈ ਗਾਲ ਨੀ ਓਨੇ ਦੇ ਮੇਰੇ ਮਰਦ ਕੇ ਜੇ ਨਾ ਇਨਾਂ ਨੂੰ ਡਾਅਕੇ ਵਰਗਾ ਸੀਦਾ ਕਰਦੇ।' ਉਹ ਆਪਣਾ ਅੰਦਰ ਭਰੀਂ ਬੈਠੀ ਸਿੰਦੂ ਨੂੰ ਉਡੀਕ ਰਹੀ ਸੀ। ਕਿ ਕਦ ਉਹ ਆਵੇ ਤੇ ਆਪਣਾ ਸਾਰਾ ਦੁੱਖ ਉਸ ਅੱਗੇ ਢੇਰੀ ਕਰ ਦੇਵੇ। ਜਦੋਂ ਸਿੰਦੂ ਸਵੇਰੇ ਆਇਆ ਤਾਂ ਆਪਣੀ ਆਸ ਤੋਂ ਉਲਟ ਸਿੰਦੂ ਦੀਆਂ ਗੱਲਾਂ ਸੁਣ ਕੇ ਉਸ ਦਾ ਦਿਲ ਖੇਰੂੰ-ਖੇਰੂੰ ਹੋ ਗਿਆ। ਉਸਦੇ ਹਾਉਕੇ ਛਾਤੀ ਵਿੱਚ ਹੀ ਦਮ ਤੋੜ ਗਏ। ਸਿੰਦੂ ਦੀਆਂ ਇਹਨਾਂ ਗੱਲਾਂ ਨੇ ਦੁਖੀ ਦੇਵਕੀ ਦੇ ਪੱਥਰ ਲਿਆ ਮਾਰਿਆ। ਉਸਦਾ ਸਭ ਮਾਣ ਟੁੱਟ ਗਿਆ। ਉਹ ਹਾਉਕਾ ਭਰ ਕੇ ਰਹਿ ਗਈ।

## 7

ਹਾੜ੍ਹੀ ਦਾ ਸੀਜਨ ਚੱਲ ਪਿਆ ਸੀ। ਖੇਤਾਂ ਵਿੱਚ ਮੇਲਿਆਂ ਵਾਂਗ ਰੌਣਕ ਲੱਗੀ ਰਹਿੰਦੀ। ਸੋਨੇ ਰੰਗੇ ਅਨਾਜ ਦੇ ਢੇਰ ਬਣਦੇ ਵੇਖ ਜੱਟ ਖੁਸ਼ੀ ਵਿੱਚ ਲਲਕਾਰੇ ਮਾਰਦੇ। ਡੋਲਦੀ ਕਬੀਲਦਾਰੀ ਵਾਲੇ ਆਪਣੀਆਂ ਸੌ ਮੋਰੀਆਂ ਮੁੰਦਣ ਦੀ ਸੋਚਦੇ। ਇਹਨਾਂ ਦਿਨਾਂ ਵਿੱਚ ਪਿੰਡਾਂ ਵਿੱਚ ਸੁੰਨ-ਸਰਾਂ ਹੁੰਦੀ। ਸਾਰਾ ਬਾਲ ਬੱਚਾ ਖੇਤ ਆ ਵੜਦਾ। ਘਰੋਂ ਮਾਲ ਪਸੂ ਦੇ ਕੱਖ ਕੰਡੇ ਲਈ ਕਿਸੇ ਬੁੱਢੇ-ਠੇਰੇ ਦੀ ਡਿਊਟੀ ਲਾ ਦਿੱਤੀ ਜਾਂਦੀ। ਦਾਣੇ ਕੱਢਣ ਦਾ ਪੂਰਾ ਜ਼ੋਰ ਸੀ। ਬਹੁਤਿਆਂ ਨੇ ਤਾਂ ਕੱਢ ਕੇ ਮੰਡੀ ਵੀ ਸੁੱਟ ਲਏ ਸਨ। ਸਿੰਦੂ ਕੀ ਨਾਜਰ ਹੋਰਾਂ ਨਾਲ ਵਿੜ੍ਹੀ ਸੀ। ਨਾਜਰ ਕਾ ਸਾਰਾ ਲਾਂਗਾ ਕੁਤਰ ਦਿੱਤਾ ਸੀ ਤੇ ਅੱਜ ਨਾਜਰ ਕੀ ਡਰੰਮੀ ਸਿੰਦੂ ਕੇ ਲੱਗੀ ਸੀ। ਸਿੰਦੂ ਤੇ ਰੋਹੀ ਦੋਵੇਂ ਭਰਾ ਰੁੱਗਾਂ 'ਤੇ ਹੋ ਗਏ। ਨਾਜਰ ਬੱਠਲ ਲੈ ਕੇ ਦਾਣੇ ਚੁੱਕਣ 'ਤੇ ਖੜ੍ਹ ਗਿਆ। ਨਾਜਰ ਕਾ ਸੀਰੀ ਤੇ ਇੱਕ ਦਿਹਾੜੀਆ ਭਰੇ ਢੋਣ ਲਈ ਮੜਾਸੇ ਮਾਰਨ ਲੱਗ ਪਏ। ਛੱਗੜ ਭਰੇ ਚੁਕਾਉਣ ਲਈ ਜਾ ਖੜ੍ਹਿਆ। ਨਾਜਰ ਨੇ ਸਟਾਰਟ ਹੋਏ ਟਰੈਕਟਰ ਦਾ ਪੁਲੀ ਵਾਲਾ ਗੇਅਰ ਪਾ ਕੇ ਰੇਸ ਦੇ ਦਿੱਤੀ। ਡਰੰਮੀ ਜਹਾਜ ਵਾਂਗ ਗੂੰਜ ਉੱਠੀ।

''ਵਾਖਰੂ ਮਹਾਰਾਜ, ਸਭ ਦੇ ਮੂੰਹ 'ਚ ਰਿਜਕ ਪਾਉਣ ਆਲਿਆ।'' ਸਿੰਦੂ ਨੇ ਰੱਬ ਨੂੰ ਧਿਆ ਕੇ ਪਹਿਲਾ ਰੁੱਗ ਪਾਤੜਛੇ ਵਿੱਚ ਰੱਖ ਦਿੱਤਾ। ਡਰੰਮੀ ਦੀ ਅਵਾਜ ਭਾਰੀ ਹੋ ਗਈ। ਸੱਜੇ ਪਾਸੇ ਤੂੜੀ ਦਾ ਗਰਦੋ-ਗੁਬਾਰ ਉੱਠ ਖੜ੍ਹਿਆ।

''ਓ.....ਹ ਲਿਆਓ ਓਏ......।'' ਰੋਹੀ ਨੇ ਲਾਂਗਾ ਮੁਕਦਾ ਵੇਖ ਲਲਕਾਰਾ ਮਾਰ ਦਿਤਾ। ਗੱਲਾਂ ਮਾਰਦੇ ਮੀਤੇ ਤੇ ਛੱਗੜ ਨੇ ਕੰਨ ਚੁੱਕ ਲਏ।

''ਓਹ ਲੈ ਬਈ।'' ਛੱਗੜ ਨੇ ਫੁਰਤੀ ਨਾਲ ਮੀਤੇ ਦੇ ਸਿਰ 'ਤੇ ਭਰਾ ਟਿਕਾ ਦਿੱਤਾ ਤੇ ਉਹ ਰੇਹੜੇ ਜੁੜੇ ਨਰਮ ਜਿਹੇ ਵੱਛੇ ਵਾਂਗ ਦੂਹਰਾ-ਤੀਹਰਾ ਜਿਹਾ ਹੁੰਦਾ ਭਰਾ ਲਈਂ ਫ਼ਰੰਮੀ ਨੂੰ ਭੱਜ ਲਿਆ।

''ਓਹ ਪਹਿਲਾਂ ਦੂਰੋਂ ਦੂਰੋਂ ਚੱਕ ਲੈ....।'' ਸਿੰਦੂ ਨੇ ਭਰਾ ਸੁੱਟਣ ਆਏ ਮੀਤੇ ਨੂੰ ਕਹਿੰਦਿਆਂ ਖਾਲੀ ਹੱਥ ਹਵਾ ਵਿੱਚ ਦੋ-ਤਿੰਨ ਵਾਰ ਹਿਲਾਇਆ।

''ਹੈਂ....? ਅੱਛਿਆ ਅੱਛਿਆ। ਕੋਈ ਨੀ।'' ਫਿਰ ਮੀਤਾ ਗੱਲ ਨੂੰ ਸਮਝਦਾ ਹੱਥ ਖੜ੍ਹਾ ਕਰਕੇ ਮੁੜ ਗਿਆ।

ਨਾਜਰ ਨੇ ਫ਼ਰੰਮੀ ਅੱਗੋਂ ਮੁੱਠ ਦਾਣਿਆਂ ਦੀ ਭਰ ਕੇ ਜਾਂਚੀ ਫਿਰ ਕਾਹਲੀ ਨਾਲ ਸਿੰਦੂ ਕੋਲ ਪੰਜਿਆਂ ਭਾਰ ਹੋ ਕੇ ਮੁੱਠੀ ਖੋਲ੍ਹਦਿਆਂ ਉੱਚੀ ਦੇਣੇ ਬੋਲਿਆ, ''ਕੇਰ ਤਾਂ ਚੰਗਾ ਨਿਕਲਦੈ।'' ਸਿੰਦੂ ਨੇ ਦਾਣਿਆਂ ਵੱਲ ਵੇਖ ਕੇ ਕਿਸੇ ਆਸ ਵਿੱਚ ਮੁਸਕਰਾ ਦਿੱਤਾ।

ਖੇਤਾਂ ਵਿੱਚ ਚਾਰੇ ਪਾਸੇ ਫ਼ਰੰਮੀਆਂ ਅਤੇ ਟਰੈਕਟਰਾਂ ਦੀ ਲੈਅ-ਮਈ ਗੂੰਜ ਪਸਰ ਗਈ ਸੀ। ਕਦੇ-ਕਦੇ ਫ਼ਰੰਮੀਆਂ ਦੀ ਗੂੰਜ 'ਚੋਂ ਲਾਂਗਾ ਮੁੱਕਣ 'ਤੇ ਉੱਚਾ ਉੱਠਿਆ ਲਲਕਾਰਾ ਭਰੇ ਢੋਣ ਵਾਲਿਆਂ ਦੀ ਵੱਖੀ ਵਿੱਚ ਤੀਰ ਵਾਂਗ ਆ ਵੱਜਦਾ ਤੇ ਉਹ ਪਹਿਲੇ ਗੇਅਰ ਵਿੱਚੋਂ ਛੱਟ ਟਾਪ ਪਾ ਲੈਂਦੇ। ਕਦੇ ਕਿਸੇ ਭਰਾ ਲਈਂ ਭੱਜੇ ਜਾਂਦੇ ਦੇ ਕਰਚਾ ਚੱਪਲ 'ਚੋਂ ਨਿਕਲ ਕੇ ਪੈਰ ਪਾੜ ਦਿੰਦਾ 'ਤੇ ਉਹ 'ਹਾਏ ਓਏ ਬਾਪੂ' ਕਹਿੰਦਾ ਦੰਦਾਂ ਥੱਲੇ ਜੀਭ ਲੈ ਕੇ ਕਸੀਸ ਵੱਟੀ ਭਰਾ ਫ਼ਰੰਮੀ ਕੋਲ ਲਿਆ ਸੁੱਟਦਾ। ਉਸਦੇ ਕੰਨਾਂ ਕੋਲ ਪੱਥਰ ਵਾਂਗ ਵੱਜਿਆ ਇੱਕ ਹੋਰ ਲਲਕਾਰਾ ਉਸਨੂੰ ਜ਼ਖਮ ਵੀ ਚੰਗੀ ਤਰ੍ਹਾਂ ਵੇਖਣ ਨਾ ਦਿੰਦਾ ਤੇ ਉਹ ਅਗਲਾ ਭਰਾ ਲੈਣ ਲਈ ਭੱਜ ਤੁਰਦਾ।

ਸੁਆਣੀਆਂ ਖੇਤਾਂ ਵਿੱਚ ਭੱਤਾ ਲੈ ਕੇ ਆਉਣੀਆਂ ਸੁਰੂ ਹੋ ਗਈਆਂ ਸਨ। ਸਿੰਦੂ ਦੋ-ਤਿੰਨ ਵਾਰ ਦੂਰ ਪਹੇ ਤੱਕ ਨਿਗ੍ਹਾ ਮਾਰ ਚੁੱਕਿਆ ਸੀ ਪਰ ਉਸਨੂੰ ਦੇਵਕੀ ਕਿਤੇ ਨਜ਼ਰ ਨਹੀਂ ਸੀ ਪਈ। ਭੁੱਖ ਅੰਦਰੋਂ ਵੱਢ ਵੱਢ ਖਾਣ ਲੱਗ ਪਈ ਸੀ। ਕੋਲਿਆਂ ਵਾਂਗ ਤਪਦਾ ਸੂਰਜ ਹੋਰ ਉੱਚਾ ਹੋ ਗਿਆ ਸੀ। ਮੁੜ੍ਹਕਾ ਕੰਨਾਂ ਕੋਲੋਂ ਤਤੀਰੀਆਂ ਬਣ ਬਣ ਵਹਿੰਦਾ ਪੈਰਾਂ ਤੱਕ ਆ ਗਿਆ ਸੀ। ਮੁੜਕੇ ਨਾਲ ਗੱਚ ਹੋਇਆ ਕੁੜਤਾ ਸਰੀਰ ਨਾਲ ਚਿਪਕ ਗਿਆ। ਉਸਨੇ ਫ਼ਰੰਮੀ ਦੇ ਪਾੜਛੇ 'ਚ ਰੁੱਗ ਰੱਖਦਿਆਂ ਦੁਬਾਰਾ ਫੇਰ ਪਹੇ ਵੱਲ ਨਿਗ੍ਹਾ ਮਾਰੀ। ਦੇਵਕੀ ਤੇ ਰਾਜੂ ਰੋਟੀ ਲਈਂ ਆਉਂਦੇ 'ਕਾਲੀਆਂ ਦਾ ਖੇਤ ਟੱਪ ਆਏ ਸਨ। ਪਲ ਦੀ ਪਲ ਸਿੰਦੂ ਦੇ ਬੁੱਲ੍ਹਾਂ 'ਤੇ ਪਤਲੀ ਜਿਹੀ ਮੁਸਕਾਨ ਬਿਖਰ ਗਈ। ਜਦੋਂ ਦੇਵਕੀ ਨੇ ਰੋਟੀਆਂ ਦਾ ਟੋਕਰਾ ਸਰਵਣ ਕੇ ਕੋਠੇ ਕੋਲ ਲਿਆ ਉਤਾਰਿਆ ਤਾਂ ਸਿੰਦੂ ਨੇ ਹੱਥ ਖੜ੍ਹਾ ਕਰਕੇ ਨਾਜ਼ਰ ਤੋਂ ਟਰੈਕਟਰ ਰੁਕਵਾ ਦਿੱਤਾ। ਸਾਰੇ ਰੋਟੀ ਖਾਣ ਕੋਠੇ ਕੋਲ ਆ ਗਏ।

''ਜੀ ਬਾਂਡੇ ਤੁਸੀਂ ਲੇ ਆਇਓ, ਮੈਂ ਕਾਖਾਂ ਕੀ ਬਰੀ ਲੇ ਜਾਨੀ ਆਂ।'' ਦੇਵਕੀ ਨੇ ਰੋਟੀ ਵਾਲੇ ਭਾਂਡੇ ਸਾਂਭਦਿਆਂ ਸਿੰਦੂ ਨੂੰ ਪੁੱਛਿਆ।

''ਹਾਂ ਲੈ ਜਾ।''

''ਚਲ ਰੇ ਰਾਜੂ।'' ਦੇਵਕੀ ਨੇ ਦਾਤੀ ਤੇ ਪੱਲੀ ਚੁੱਕ ਲਈ।

''ਮੈਂ ਨੀ ਮੈਂ ਤਾਂ ਉਰੀ ਰਹੂੰ।'' ਰਾਜੂ ਨੇ ਨਾਂਹ ਵਿੱਚ ਦੋਵੇਂ ਮੋਢੇ ਚੁੱਕ ਦਿੱਤੇ।

''ਉਰੇ ਤੂੰ ਕੀ ਕਰੇਂਗਾ! ਚਲ ਨਾਲ। ਚੋਦਾ ਨੰਬਰਦਾਰੀ ਦਾ।'' ਸਿੰਦੂ ਨੇ ਰਾਜੂ ਨੂੰ ਝਿੜਕਿਆ। ਉਹ ਬੁੱਸ ਬੁੱਸ ਕਰਦਾ ਪੈਰ ਜਿਹੇ ਘੜੀਸਦਾ ਦੇਵਕੀ ਦੇ ਪਿੱਛੇ ਪਿੱਛੇ ਤੁਰ ਪਿਆ। ਦੇਵਕੀ ਨੇ ਬਰਸੀਨ ਵੱਢ ਕੇ ਪੱਲੀ ਵਿੱਚ ਪਾ ਲਈ ਤੇ ਭਰਾ ਚੁੱਕਣ ਆਏ ਮੀਤੇ ਨੂੰ ਬੋਲ ਮਾਰ ਕੇ ਪੰਡ ਸਿਰ ਉਪਰ ਚੁਕਵਾ ਲਈ।

ਦੇਵਕੀ ਫ਼ਰੰਮੀ ਲੱਗਣ ਦੇ ਚਾਅ ਵਿੱਚ ਸਾਰਾ ਦਿਨ ਕੰਮ ਕਰਦੀ ਫੂਰੀ ਵਾਂਗ ਘੁੰਮਦੀ ਰਹੀ। ਕੱਲੀ ਨੇ ਹੀ ਰੁੱਗ ਲਾ ਲਾ ਬਰਸੀਨ ਕੁਤਰ ਦਿੱਤੀ। ਸ਼ਾਮ ਦਾ ਘਸਮੈਲਾ ਜਿਹਾ ਹੁੰਦਾ ਵੇਖ ਚੁੱਲ੍ਹੇ ਉੱਤੇ ਪਾਣੀ ਤੱਤਾ ਰੱਖ ਦਿੱਤਾ। ਆਥਣੇ ਜਦੋਂ ਰੋਹੀ ਖੇਤੋਂ ਆਇਆ ਤਾਂ ਦੇਵਕੀ ਨੇ ਰਾਜੂ ਨੂੰ ਉਸ ਕੋਲ ਭਜਾ ਦਿੱਤਾ, ''ਤੇਰੇ ਚਾਚੇ ਕੋ ਪੂਛ ਕੇ ਆ ਵੀ ਮੇਰਾ ਫੋਫੀ ਕਾਹਤੋਂ ਨੀ ਆਇਆ।''

''ਚਾਚਾ ਕਹਿੰਦਾ.... ਹੈਂ.....ਹੈਂ...ਵੀ ਮੈਂ ਨਾਹ ਕੇ ਖੇਤ ਜਾਊਂਗਾ...ਹੈਂ, ਨਾਲੇ ਰੋਟੀ ਖਾ ਕੇ। ਵੀ ਤੇਰਾ ਬਾਪੂ ਘਰੋਂ ਆਊਗਾ।'' ਰਾਜੂ ਉਧਰੋਂ ਬੋਲਦਾ ਭੱਜਿਆ ਆਉਂਦਾ, ਕਮੀਜ ਦੀਆਂ ਕਫਾਂ ਨਾਲ ਨੱਕ ਪੂੰਝਦਾ ਰੋਟੀ ਲਾਹੁੰਦੀ ਦੇਵਕੀ ਦੇ ਮੋਢੇ ਕੋਲ ਆ ਖੜ੍ਹਿਆ।

ਜਦੋਂ ਰੋਹੀ ਰੋਟੀ ਖਾ ਕੇ ਖੇਤ ਚਲਿਆ ਗਿਆ ਫਿਰ ਦੇਵਕੀ ਸਿੰਦੂ ਦੇ ਆਉਣ ਦੀਆਂ ਬਿੜਕਾਂ ਲੈਂਦੀ ਭਾਂਡੇ ਮਾਂਜਣ ਲੱਗ ਪਈ। ਭਾਂਡੇ ਬੱਠਲ 'ਚ ਧੋਂਦਿਆਂ ਉਸਨੂੰ ਆਪਣੀਆਂ ਹੀ ਚੂੜੀਆਂ ਦੀ 'ਛਣ ਛਣ' ਬੜੀ ਮਿੱਠੀ ਮਿੱਠੀ ਲੱਗੀ। ਉਹ ਬੀਹੀ 'ਚ ਕਿਸੇ ਦੇ

ਬੋਲ ਸੁਣ ਕੇ ਕੰਨ ਚੁੱਕ ਲੈਂਦੀ। ਤਰਸਦੀਆਂ ਜਿਹੀਆਂ ਨਜਰਾਂ ਨਾਲ ਬਾਰ ਵੱਲ ਵੇਖਦੀ ਤੇ ਫਿਰ ਉਦਾਸ ਹੋ ਕੇ ਕੰਮ ਵਿੱਚ ਜੁਟ ਜਾਂਦੀ। ਇਸੇ ਤਰ੍ਹਾਂ ਉਡੀਕਦਿਆਂ ਉਸਨੇ ਸਾਰੇ ਕੰਮ ਨਿਬੇੜ ਦਿੱਤੇ। ਸਬਾਤ ਵਿੱਚ ਬਿਸਤਰਾ ਵਿਛਾ ਕੇ ਰਾਜੂ ਨੂੰ ਪਾ ਦਿੱਤਾ। ਆਪ 'ਕੱਠੀ ਜਿਹੀ ਹੋ ਕੇ ਮੰਜੇ 'ਤੇ ਬੈਠ ਗਈ। ਸਾਹਮਣੇ ਬਰਾਂਡੇ ਵਿੱਚ ਰੋਹੀ ਦਾ ਮੰਜਾ ਖੜ੍ਹਾ ਕਰਿਆ ਪਿਆ ਸੀ। ਵੱਡੇ ਵੱਡੇ ਪਾਵਿਆਂ ਵਾਲਾ ਮੰਜਾ ਰੋਹੀ ਵਾਂਗ ਹੀ ਜਾਪਦਾ ਸੀ। ਜਿਵੇਂ ਉਸਦੀਆਂ ਵੱਡੀਆਂ ਵੱਡੀਆਂ ਬਾਹਵਾਂ ਹੋਣ ਜਿਹੜੀਆਂ ਦੇਵਕੀ ਨੂੰ ਮਸਲਣ ਲਈ ਕਿੰਨੇ ਵਾਰ ਅੱਗੇ ਵਧੀਆਂ ਸਨ ਪਰ ਹਰ ਵਾਰ ਦੇਵਕੀ ਨੇ ਰੂਹ ਨੂੰ ਦਾਗ ਨਹੀਂ ਸੀ ਲੱਗਣ ਦਿੱਤਾ। ਕੁਝ ਦਿਨ ਪਹਿਲਾਂ ਦੀ ਘਟਨਾ ਮੱਲੋ-ਮੱਲੀ ਦੇਵਕੀ ਦੀਆਂ ਅੱਖਾਂ ਅੱਗੇ ਛਾ ਗਈ।

ਇਹ ਰੋਹੀ ਦੀ ਕਰਤੂਤ ਦਾ ਦੂਜਾ ਹੇਲਾ ਸੀ। ਕਣਕਾਂ ਨੂੰ ਅਖੀਰੀ ਪਾਣੀ ਲਾਉਣਾ ਸੀ। ਸਿੰਦੂ ਆਪ ਪਾਣੀ ਲਾਉਣ ਗਿਆ ਸੀ। ਕਾਹਲੀ ਕਾਹਲੀ ਕੰਮ ਨਿਬੇੜਦੀ ਦੇਵਕੀ ਨੂੰ ਕੋਈ ਡਰ ਅੰਦਰੋਂ ਵੱਢ ਰਿਹਾ ਸੀ। ਜਿਉਂ ਜਿਉਂ ਕਾਲਾ ਹਨ੍ਹੇਰਾ ਵਧਦਾ ਜਾਂਦਾ ਸੀ, ਦੇਵਕੀ ਦਾ ਕੰਮ ਕਰਦੀ ਦਾ ਹੱਥ ਹੋਰ ਤੇਜ ਹੋ ਰਿਹਾ ਸੀ। ਰੋਹੀ ਬਰਾਂਡੇ ਵਿੱਚ ਬੈਠਾ ਰੋਜ ਵਾਂਗ ਹੀ ਇਕੱਲਾ ਪੀ ਰਿਹਾ ਸੀ। ਉਸਦੀਆਂ ਪਾੜਵੀਆਂ ਨਜਰਾਂ ਦੇਵਕੀ ਦਾ ਅੰਦਰ ਚੀਰ ਰਹੀਆਂ ਸਨ। ਦੇਵਕੀ ਨੇ ਰਾਜੂ ਦੇ ਹੱਥ ਰੋਟੀ ਫੜਾਈ ਤਾਂ ਰੋਹੀ ਦੋ ਕੁ ਰੋਟੀਆਂ ਖਾ ਕੇ ਖੜ੍ਹਾ ਹੋ ਗਿਆ। ਦੇਵਕੀ ਨੇ ਉਸਦੇ ਜੂਠੇ ਭਾਂਡੇ ਸਵੇਰੇ ਮਾਂਜਣ ਲਈ ਸਬਾਤ ਵਿੱਚ ਹੀ ਰੱਖ ਲਏ ਤੇ ਅੰਦਰੋਂ ਕੁੰਡਾ ਲਾ ਲਿਆ। ਦੇਵਕੀ ਨੇ ਘੰਟੇ ਕੁ ਬਾਅਦ ਵਿਰਲਾਂ ਵਿੱਚੋਂ ਦੀ ਬਰਾਂਡੇ ਵਿੱਚ ਨਿਗ੍ਹਾ ਵੀ ਮਾਰੀ, ਰੋਹੀ ਓਵੇਂ ਮੰਜੇ 'ਤੇ ਸਾਨ੍ਹ ਵਾਂਗ ਭੂਸਰਿਆ ਬੈਠਾ ਸੀ। ਦੇਵਕੀ ਨੂੰ ਇਸ ਤਰ੍ਹਾਂ ਆਕੜੇ ਬੈਠੇ ਰੋਹੀ ਤੋਂ ਕਿਸੇ ਮਾੜੇ ਇਰਾਦੇ ਦੀ ਬੋਅ ਆਈ। ਉਹ ਵੇਖ ਕੇ ਅਜੇ ਪਈ ਹੀ ਸੀ ਕਿ ਉਸਨੇ ਸਬਾਤ ਵੱਲ ਆਉਂਦੀ ਪੈੜ-ਚਾਲ ਸੁਣੀ। ਦੇਵਕੀ ਸਹੇ ਵਾਂਗ 'ਕੱਠੀ ਹੋ ਗਈ। ਉਸਨੂੰ ਪਹਿਲਾਂ ਤਖਤੇ ਧੱਕਣ ਦੀ ਅਵਾਜ ਸੁਣੀ ਅਤੇ ਫਿਰ ਤਖਤਿਆਂ 'ਤੇ ਹੁੰਦੀ 'ਥੱਪ ਥੱਪ' ਦੀ। ਜਿਵੇਂ ਕੋਈ ਤਖਤਿਆਂ 'ਤੇ ਨਹੀਂ ਉਸਦੇ ਦਿਮਾਗ ਵਿੱਚ ਹਥੌੜੇ ਮਾਰ ਰਿਹਾ ਹੋਵੇ। ਤਖਤੇ 'ਤੇ ਵੱਜਦੇ ਮੋਟੇ ਹੱਥਾਂ ਵਾਂਗ ਹੀ ਉਸਦਾ ਆਪਣਾ ਦਿਲ ਫੜੱਕ ਫੜੱਕ ਵੱਜ ਰਿਹਾ ਸੀ। ਉਹ ਚਿੜੀ ਦੇ ਬੋਟ ਵਾਂਗ ਕੰਬਣ ਲੱਗ ਪਈ। ਫਿਰ ਉਸਨੂੰ ਇੱਕ ਗੰਦੀ ਗਾਲ੍ਹ ਸੁਣੀ ਤੇ ਪੈੜ-ਚਾਲ ਦੂਰ ਹੁੰਦੀ ਗਈ।

ਜਦੋਂ ਦੇਵਕੀ ਸਵੇਰੇ ਚਾਰ ਵਜੇ ਵਿਹੜੇ ਵਿੱਚ ਪਿਸਾਬ ਕਰਨ ਆਈ ਤਾਂ ਉਸਨੂੰ ਆਪਣੇ ਪਿੱਛੇ ਕੋਈ ਪਰਛਾਵਾਂ ਖੜ੍ਹਾ ਮਹਿਸੂਸ ਹੋਇਆ। ਜਦੋਂ ਉਸਨੇ ਉਠਦਿਆਂ ਪਿੱਛੇ ਮੁੜ ਕੇ ਵੇਖਿਆ, ਰੋਹੀ ਰਾਖਸ਼ ਵਾਂਗ ਉਸਦੇ ਸਾਹਮਣੇ ਖੜ੍ਹਾ ਸੀ। ਦੇਵਕੀ ਪਾਸਾ ਵੱਟ ਕੇ ਲੰਘਣ ਲੱਗੀ ਤਾਂ ਉਸਨੇ ਬਾਂਹ ਫੜ ਲਈ।

''ਛਾਡਦੇ ਮੈਨੂੰ....!'' ਉਹ ਪਿੰਜਰੇ ਪਏ ਪੰਛੀ ਵਾਂਗ ਛਟਪਟਾਈ।

''ਤੂੰ ਐਧਰ ਆ।'' ਰੋਹੀ ਨੇ ਉਸਨੂੰ ਖਿੱਚਣਾ ਚਾਹਿਆ ਪਰ ਉਹ ਪੈਰ ਅੜਾ ਕੇ ਖੜ੍ਹ ਗਈ।

''ਤੇਰੀ ਨੀ ਮਾਂ ਦੀ....!'' ਉਸਨੇ ਦੇਵਕੀ ਦੇ ਦੋ-ਤਿੰਨ ਥੱਪੜ ਜੜ ਕੇ ਉਹ ਬੋਰੀ ਵਾਂਗ ਘੜੀਸ ਲਈ। ਦੇਵਕੀ ਦੀ ਚੁੰਨੀ ਵਿਹੜੇ ਵਿੱਚ ਹੀ ਲਹਿ ਕੇ ਡਿੱਗ ਪਈ।

''ਤੂੰ ਛਾਡਦੇ ਮੈਨੂੰ, ਨਹੀਂ ਮੈਂ ਰੌਲਾ ਪਾਊਗੀ ਰਾਜੂ.....ਰਾਜੂ......ਛਾਡਦੇ ਮੈਨੂੰ ਹਰਾਮੀ.....ਆਪਣੀ ਬੈਨ ਕੇ ਨਾਲ ਕਰ ਐਸਾ ਕੁਛ।'' ਦੇਵਕੀ ਨੇ ਉੱਚੀ ਉੱਚੀ ਬੋਲਦਿਆਂ ਘਰ ਸਿਰ ਤੇ ਚੁੱਕ ਲਿਆ। ਰੋਹੀ ਸੁਣ ਕੇ ਭਮੱਤਰ ਗਿਆ। ਉਸਨੂੰ ਇਹ ਆਸ ਨਹੀਂ ਸੀ।

''ਚਲ ਭਾਜਾ...ਅ...ਭੈਣ ਚੋ.....!'' ਉਸਨੇ ਦੇਵਕੀ ਦੇ ਇੱਕ ਥੱਪੜ ਹੋਰ ਮਾਰਦਿਆਂ ਉਸਦੀ ਬਾਂਹ ਛੱਡ ਦਿੱਤੀ। ਦੇਵਕੀ ਸੇਰ ਦੇ ਪੰਜੇ 'ਚੋਂ ਛੁਟੀ ਮ੍ਰਨ ਵਾਂਗ ਭੱਜ ਕੇ ਸਬਾਤ ਵਿੱਚ ਆ ਵੜੀ। ਉਸ ਤੋਂ ਬਾਅਦ ਉਹ ਦਿਨ ਚੜ੍ਹਦੇ ਤੱਕ ਡੁਸਕਦੀ ਰਹੀ ਤੇ ਸਾਰੀ ਗੱਲ ਸਿੰਦੂ ਨੂੰ ਦੱਸਣ ਦੀਆਂ ਘਾੜਤਾਂ ਘੜਦੀ ਰਹੀ। ਜਦੋਂ ਸਿੰਦੂ ਆਇਆ ਤਾਂ ਉਸਨੇ ਹਟਕੋਰੇ ਲੈ ਲੈ ਸਾਰੀ ਗੱਲ ਉਸਨੂੰ ਦੱਸ ਦਿੱਤੀ।

''ਫੇਰ ਕੀ ਹੋ ਗਿਆ। ਉਸਦਾ ਕੀ ਸੀਰ ਨੀ ਘਰ 'ਚ। ਜੇ ਤੇਰੇ ਪਤੰਦਰ ਨੇ ਡੂਢ ਵੰਡਾ ਲਿਆ ਫੇਰ ਉਹਦਾ ਕੀ ਕਰਦੇਂ ਗੀ ਤੂੰ।'' ਸਿੰਦੂ ਦੀ ਗੱਲ ਦੇਵਕੀ ਦੇ ਦਿਲ ਵਿੱਚ ਤੀਰ ਵਾਂਗ ਜਾ ਖੁੱਭੀ। ਉਸਦਾ ਜੀਅ ਕੀਤਾ ਦੋਵਾਂ ਦੀ ਗਰਦਣ ਲਾਹ ਦੇਵੇ। ਰੋਹੀ ਤਾਂ ਜਿਹੋ ਜਿਹਾ ਹੈ, ਉਸਨੇ ਵੇਖ ਹੀ ਲਿਆ ਪਰ ਸਿੰਦੂ ਵੀ ਐਨਾ ਖੁਦਗਰਜ ਨਿਕਲੇਗਾ ਉਸਨੇ ਤਾਂ ਕਦੇ ਸੋਚਿਆ ਵੀ ਨਹੀਂ ਸੀ। ਉਹ ਤਾਂ

ਸਿੰਦੂ ਨੂੰ ਆਪਣਾ ਪਤੀ ਮੰਨੀ ਬੈਠੀ ਸੀ। ਉਸਨੂੰ ਕੀ ਪਤਾ ਸੀ ਕਿ ਉਹ ਵੀ ਇਸ ਘਿਨਾਉਣੀ ਸਾਜ਼ਿਸ਼ ਵਿੱਚ ਸ਼ਾਮਿਲ ਹੋਵੇਗਾ। ਅੱਜ ਜਦੋਂ ਸਿੰਦੂ ਉਸ ਦਿਨ ਦੀ ਘਟਨਾ ਨਾਲੋਂ ਵੀ ਨੰਗਾ-ਚਿੱਟਾ ਹੋ ਕੇ ਉਸਦੇ ਸਾਹਮਣੇ ਆ ਗਿਆ ਤਾਂ ਉਹ ਸੱਪਣੀ ਵਾਂਗ ਵਿਓ ਘੋਲ ਕੇ ਰਹਿ ਗਈ ਸੀ। ਉਸਨੂੰ ਆਪਣੀ ਹਾਲਤ ਮੰਡੀ ਤੋਂ ਮੁੱਲ ਲਿਆਂਦੀ ਮੱਝ ਤੋਂ ਵੀ ਭੈੜੀ ਲੱਗੀ। ਮੱਝ ਦੀ ਵੀ ਕੋਈ ਆਪਣੀ ਮਰਜੀ ਹੁੰਦੀ ਹੈ ਪਰ ਇਥੇ ਤਾਂ ਜਿਸ ਦਾ ਜੀਅ ਕਰਦਾ ਹੈ ਆ ਕੇ ਬਾਂਹ ਫੜ ਲੈਂਦਾ ਹੈ।

ਇਸ ਸਾਰੀ ਘਟਨਾ ਬਾਰੇ ਸੋਚਦਿਆਂ ਉਸ ਦਾ ਜੀਅ ਭੈੜਾ ਜਿਹਾ ਪੈ ਗਿਆ। ਉਸਨੇ ਮਹਿਸੂਸ ਕੀਤਾ, ਉਸਦੀਆਂ ਅੱਖਾਂ ਵਿੱਚੋਂ ਹੰਝੂ ਘਰਾਲਾਂ ਬਣ ਬਣ ਵਹਿ ਰਹੇ ਹਨ। ਸਿੰਦੂ ਨੂੰ ਉਡੀਕਣ ਦਾ ਚਾਅ ਜੋ ਪਹਿਲਾਂ ਚੜ੍ਹਿਆ ਸੀ ਉਹ ਇਹ ਘਟਨਾ ਯਾਦ ਆਉਂਦਿਆਂ ਹੀ ਕੱਚੇ ਰੰਗ ਵਾਂਗ ਲਹਿ ਗਿਆ। ਬਾਹਰਲਾ ਬਾਰ ਖੜਕਿਆ। ਉਹ ਕਾਹਲੀ ਨਾਲ ਅੱਖਾਂ ਪੂੰਝਦੀ, ਸੁਭਾਵਕ ਜਿਹੀ ਹੋ ਕੇ ਬਾਰ ਖੋਲ੍ਹਣ ਚਲੀ ਗਈ। ਸਿੰਦੂ ਹੱਥ 'ਚ ਗੰਡਾਸਾ ਲਈਂ ਅੰਦਰ ਲੰਘ ਆਇਆ। ਦੇਵਕੀ ਨੇ ਅਣ-ਮੰਨੇ ਜਿਹੇ ਮਨ ਨਾਲ ਉਸਨੂੰ ਨਹਾਉਣ ਲਈ ਪਾਣੀ ਪਾ ਦਿੱਤਾ। ਸਿੰਦੂ ਨੇ ਨਹਾਉਣ ਤੋਂ ਬਾਅਦ ਮੱਝ ਨੂੰ ਨਾਲ ਦੇਣ ਵਾਂਗ ਦੋ ਪੈੱਗ ਇਕੱਠੇ ਹੀ ਅੰਦਰ ਸੁੱਟ ਲਏ।

''ਆਪਨੇ ਰਾਜੂ ਨੂੰ ਵੀ ਸਕੂਲ ਲਾ ਦੇਂਦੇ ਪਾਂਚ ਸਾਲ ਕਾ ਹੋ ਗਿਆ।'' ਦੇਵਕੀ ਅੰਦਾਜ਼ੇ ਜਿਹੇ ਨਾਲ ਹੀ ਰਾਜੂ ਦੀ ਉਮਰ ਕਿਆਸਦੀ ਬੋਲੀ।

''ਹਾਂ ਲਾਮਾਂਗੇ ਇਹਨੂੰ ਵੀ, ਆਹ ਕਣਕ ਜੀ ਦਾ ਨਿਬੇੜ ਲੀਏ ਪਹਿਲਾਂ।'' ਸਿੰਦੂ ਨੇ ਧੁੜਧੁੜੀ ਲੈਂਦਿਆਂ ਕੁਤਰੀਆਂ ਮੁੱਛਾਂ 'ਤੇ ਹੱਥ ਫੇਰਿਆ ਤੇ ਬੋਤਲ ਕਾਨਸ 'ਤੇ ਪਏ ਗੇਲਣ ਓਹਲੇ ਕਰ ਦਿੱਤੀ। ''ਨਾਲੇ ਸੋਦਾ ਖ਼ਤਮ ਹੁਆ ਪਿਐ।'' ਦੇਵਕੀ ਨੇ ਥਾਲ 'ਚ ਰੋਟੀ ਪਾ ਕੇ ਮੰਜੇ 'ਤੇ ਬੈਠੇ ਸਿੰਦੂ ਨੂੰ ਫੜਾ ਦਿੱਤੀ।

''ਤੂੰ ਐਂ ਕਰ, ਐਨੇ ਸਾਰਾ ਸੋਦਾ ਕਿਸੇ ਤੋਂ ਪਰਚੀ 'ਤੇ ਲਿਖਾ ਕੇ ਰੱਖ ਲੈ। ਆਹ ਕਣਕ ਜੀ ਵਿਕ ਜਾਣ ਦੇ। ਨਾਲੇ ਤਾਂ ਮੈਂ ਇਹਦਾ ਦਾਖਲਾ ਭਰੇ ਆਊਂ, ਨਾਲੇ ਜਿੰਦੋਂ ਸਾਅਬ ਕਰਨ ਜਾਊਂ, ਓਦੀਂ ਲੈ ਆਊਂ ਸਾਰਾ ਸਮਾਨ।'' ਸਿੰਦੂ ਕਾਹਲੀ-ਕਾਹਲੀ, ਚੱਪ-ਚੱਪ ਕਰਦਾ ਰੋਟੀ ਖਾਣ ਲੱਗ ਪਿਆ।

''ਆਪਾਂ ਕੋ ਤੋ ਮਾਝ ਵੀ ਲੇਨੀ ਪਏਗੀ। ਇਹ ਤੋ ਹਾਟਨੇ ਆਲੀ ਐ।''

''ਕੁਛ ਨੀ ਹੁੰਦਾ ਐਨੇ ਦੋ ਮੀਨ੍ਹੇ ਮੁੱਲ ਲੈ ਲਾਂਗੇ। ਫੇਰ ਇਹ ਸੂਏ ਪਊ।''

''ਚੰਗਾ।'' ਦੇਵਕੀ ਰੋਟੀ ਖਾਂਦਿਆਂ ਮੱਝ ਦੇ ਜੁਗਾਲੀ ਕਰਨ ਵਾਂਗ ਹਿਲਦੇ ਸਿੰਦੂ ਦੇ ਮੂੰਹ ਵੱਲ ਵੇਖਦੀ ਰਹੀ। ਜਦੋਂ ਸਿੰਦੂ ਨੇ ਰੋਟੀ ਖਾ ਲਈ ਤਾਂ ਦੇਵਕੀ ਨੇ ਭਾਂਡੇ ਚੁੱਕ ਕੇ ਰੋਹੀ ਦੇ ਭਾਂਡਿਆਂ ਉਪਰ ਹੀ ਰੱਖ ਦਿੱਤੇ। ਉਹ ਕੱਪੜਾ ਵਿਛਾਉਣ ਲੱਗ ਪਈ। ਸਿੰਦੂ ਅਸੀਲ ਜਿਹਾ ਹੁੰਦਾ ਉਸਦੇ ਨੇੜੇ ਆ ਗਿਆ। ਦੇਵਕੀ ਨੂੰ ਉਸਦੇ ਮੂੰਹ 'ਚੋਂ ਆਉਂਦੀ ਸ਼ਰਾਬ ਦੀ ਹਵਾੜ ਸਪਰੋਅ ਵਾਂਗ ਚੜ ਗਈ। ਉਸਨੇ ਕਸੈਲੇ ਜਿਹੇ ਮੂੰਹ ਨਾਲ ਸਿੰਦੂ ਵੱਲ ਵੇਖਿਆ, ਸਿੰਦੂ ਵੀ ਉਸਨੂੰ ਰੋਹੀ ਦਾ ਰੂਪ ਹੀ ਜਾਪਿਆ। ਉਸਦਾ ਜੀਅ ਕੀਤਾ ਕਿ ਖੂੰਜੇ ਪਿਆ ਗੰਡਾਸਾ ਉਸਦੇ ਸਿਰ ਵਿੱਚ ਦੇ ਮਾਰੇ ਪਰ ਫਿਰ ਉਹ ਸੁੱਤੇ ਪਏ ਰਾਜੂ ਵੱਲ ਵੇਖਦੀ ਬੇਵਸ ਜਿਹੀ ਹੋ ਗਈ।

-0-0-

ਆੜਤੀਏ ਦਾ ਸੁਨੇਹਾ ਆਇਆ ਸੀ। ਅੱਜ ਸਿੰਦੂ ਨੇ ਹਿਸਾਬ ਕਰਨ ਜਾਣਾ ਸੀ। ਉਸਨੇ ਸੋਚਿਆ ਸੀ ਕਿ ਉਹ ਪਹਿਲਾਂ ਰਾਜੂ ਨੂੰ ਸਕੂਲ ਦਾਖਲ ਕਰਵਾਏਗਾ ਤੇ ਫਿਰ ਉਥੋਂ ਹੀ ਸਿੱਧਾ ਸੁਨਾਮ ਨੂੰ ਗਿਆਰਾਂ ਵਾਲੀ ਬੱਸ ਚੜ੍ਹ ਜਾਵੇਗਾ।

''ਰਾਜੂ ਨੂੰ ਵੀ ਕਰਦੀਂ ਤਿਆਰ ਫੇਰ। ਮੈਂ ਇਹਨੂੰ ਸਕੂਲ ਛੱਡ ਕੇ ਓਧਰ ਦੀ ਓਧਰ ਈ ਵਗਜੂੰ।'' ਸਿੰਦੂ ਨੇ ਚੁੱਲ੍ਹੇ ਅੱਗੇ ਬੈਠੀ ਦੇਵਕੀ ਨੂੰ ਕਿਹਾ।

''ਚੰਗਾ ਜੀ।'' ਦੇਵਕੀ ਨੇ ਕੋਲ ਬੈਠੇ ਰਾਜੂ ਵੱਲ ਮਿੰਨ੍ਹਾ ਜਿਹਾ ਮੁਸਕਰਾਇਆ।

''ਮੈਂ....ਨੀ....ਮੇਰੇ ਕੋਲੇ ਤਾਂ ਕੁਛ ਵੀ ਨੀ....ਨਾਲੇ ਤਾਂ ਮੇਰੇ ਕੋਲੇ ਝੋਲਾ ਵੀ ਨੀ ਹੈਗਾ, ਨਾਲੇ ਕਾਪੀ ਵੀ ਨੀ ਹੈਗੀ....।'' ਰਾਜੂ ਬੈਠਾ ਬੈਠਾ ਹੀ ਸੁੰਡੀ ਵਾਂਗ ਮੁੜਨ ਲੱਗ ਪਿਆ।

''ਨਾ ਮੇਰਾ ਪੁਤ, ਆਜ ਤੋਂ ਕੱਲਾ ਤੇਰਾ ਦਾਖਲਾ ਈ ਬਰਨੈ। ਤੇਰਾ ਡੇਡੀ ਜਾ ਤੇ ਰਹੈ ਸੁਨਾਮ। ਤੈਨੂੰ ਸਾਰਾ ਕੁਛ ਲਾ ਕੇ ਦੇਊ। ਨਾਲੇ ਕੇਦਾ....., ਨਾਲੇ ਕਾਪੀਆਂ..., ਨਾਲੇ ਨਮਾਂ...ਬੇਗ......।'' ਦੇਵਕੀ ਨੇ ਰਾਜੂ ਦੇ ਖੁਸ਼ਕ ਸਿਰ ਵਿੱਚ ਹੱਥ ਫੇਰਿਆ।

''ਮੈਨੂੰ ਮਾਸਟਰ ਤਾਂ ਨੀ ਕੁੱਟਦੇ?'' ਰਾਜੂ ਸਮਝੌਤਾ ਕਰਨ ਵਾਂਗ ਗੱਲ ਪਹਿਲਾਂ ਖੋਲ੍ਹ ਲੈਣੀ ਚਾਹੁੰਦਾ ਸੀ।

''ਨਾਂਹ, ਏਂ ਕੀਮੇ ਕੁਟੇਂਗੇ ਤੈਨੂੰ ਮਾਸਟਰ, ਤੇਰਾ ਡੇਡੀ ਤੇਰੇ ਨਾਲ ਜਾਊਗਾ, ਉਹ ਕਹਿ ਕੇ ਆਊਗਾ ਮਾਸਟਰਾਂ ਨੂੰ। ਚਲ ਬੇਟੇ ਤੈਨੂੰ ਨਹਾ ਕੇ ਨਮੇਂ ਕਾਪੜੇ ਪਾਦਾਂ।'' ਦੇਵਕੀ ਨੇ ਰਾਜੂ ਨੂੰ ਨਹਾ ਕੇ ਨਵੇਂ ਕੱਪੜੇ ਪਾ ਦਿੱਤੇ। ''ਉਹ ਸੌਦੇ ਦੀ ਪਰਚੀ ਵੀ ਫੜਾ ਦੇ ਕਿੱਥੇ ਐ।'' ਸਿੰਦੂ ਨੇ ਕਿੱਲੇ ਤੋਂ ਝੋਲਾ ਲਾਹ ਕੇ ਗੰਢ ਦੇ ਲਈ।

''ਏਨੂੰ ਕੇਦਾ ਕਾਪੀਆਂ ਵੀ ਲਾ ਦੇਨਾ।'' ਦੇਵਕੀ ਨੇ ਪਰਚੀ ਫੜਾਉਂਦਿਆਂ ਇੱਕ ਹੁਕਮ ਹੋਰ ਚਾੜ੍ਹ ਦਿੱਤਾ।

''ਚਲ ਬਈ ਮਿੱਤਰਾ।'' ਸਿੰਦੂ ਨੇ ਰਾਜੂ ਨੂੰ ਉਂਗਲ ਫੜਾ ਕੇ ਸਕੂਲ ਨੂੰ ਤੋਰ ਲਿਆ। ਰਾਜੂ ਨਵੇਂ ਕੱਪੜਿਆਂ ਦੇ ਚਾਅ ਵਿੱਚ ਮਸਤਿਆ ਕਤਾੜੀਆਂ ਲਾਉਂਦਾ ਤੁਰ ਪਿਆ।

ਸਕੂਲ 'ਚ ਸਾਹਮਣੇ ਕੁਰਸੀ 'ਤੇ ਬੈਠੇ ਮਾਸਟਰ ਨੂੰ ਸਿੰਦੂ ਨੇ ਸਤਿ ਸ੍ਰੀ ਅਕਾਲ ਬੁਲਾ ਦਿੱਤੀ।

''ਆਓ ਜੀ.....।'' ਮਾਸਟਰ ਕਿੰਨੇ ਹੀ ਸਾਲਾਂ ਤੋਂ ਇਸ ਸਕੂਲ ਵਿੱਚ ਹੋਣ ਕਰਕੇ ਸਿੰਦੂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸਨੇ ਬੱਚਿਆਂ ਨੂੰ ਹੁਕਮ ਚਾੜ੍ਹ ਦਿੱਤਾ, ''ਜਾਓ ਓਏ, ਕੁਰਸੀ ਲੈ ਕੇ ਆਓ।'' ਤਿੰਨ-ਚਾਰ ਬੱਚੇ ਉੱਠ ਕੇ ਭੱਜ ਲਏ, '' ਓਏ ਇੱਕ ਜਾਓ, ਸਾਰਾ ਟੱਬਰ ਕਿਉਂ ਉੱਠ ਕੇ ਭੱਜ ਲਿਆ।'' ਤਿੰਨ ਬੱਚੇ ਮੂੰਹ ਲਟਕਾਉਂਦੇ ਬਸਤਿਆਂ ਤੇ ਬੈਠ ਗਏ। ''ਹੋਰ ਸੁਣਾ।'' ਫਿਰ ਉਹ ਸਿੰਦੂ ਵੱਲ ਧਿਆਨ ਕਰਦਿਆਂ ਬੋਲਿਆ।

''ਹੋਰ ਤਾਂ ਠੀਕ ਐ, ਬੱਸ ਆਹ ਜਵਾਕ ਜੇ ਨੂੰ ਦਾਖਲ ਕਰਾਉਣ ਆਇਆ ਤੀ।'' ਉਸਨੇ ਆਪਣੀਆਂ ਲੱਤਾਂ ਪਿੱਛੇ ਲੁਕਦੇ ਰਾਜੂ ਨੂੰ ਫੜ ਕੇ ਅੱਗੇ ਕਰ ਦਿੱਤਾ।

''ਉਮਰ ਕਿੰਨੀ ਐ ਇਹਦੀ?'' ਮਾਸਟਰ ਨੇ ਰਾਜੂ ਨੂੰ ਸਿਰ ਤੋਂ ਪੈਰਾਂ ਤੱਕ ਦੋ-ਤਿੰਨ ਵਾਰ ਦੇਖਿਆ।

''ਜੀ ਪੰਜ ਸਾਲ ਦਾ ਹੋ ਗਿਆ।'' ਸਿੰਦੂ ਲਿਆ ਕੇ ਰੱਖੀ ਕੁਰਸੀ ਤੇ ਬੈਠ ਗਿਆ।

''ਅੱਛਿਆ ਅੱਛਿਆ! ਇੱਕ ਮਿੰਟ.......ਹਾਂ ਚਲ ਫੇਰ ਲਿਖਾ ਨਾਂ।'' ਮਾਸਟਰ ਨੇ ਇਧਰ-ਉਧਰ ਹੱਥ ਜਿਹੇ ਮਾਰ ਕੇ ਲੋੜੀਦਾ ਕਾਗਜ਼ ਅਤੇ ਪੈੱਨ ਕੱਢ ਲਿਆ।

''ਰਾਜੂ ਸਿੰਘ ਜੀ।''

''ਬਾਪ ਦਾ ਨਾਂ?''

''ਸਿੰਦੂ। ਆ ਨਹੀਂ...ਨਹੀਂ... ਸਿੰਦਰ ਸਿੰਘ ਲਿਖੋ ਜੀ।''

''ਮਾਂ ਦਾ ਨਾਂ?''

''ਦੇਵਕੀ ਕੌਰ।''

''ਅੱਛਿਆ ਇਹਨੂੰ ਤੂ....... ਐਂ ਕਰੀਂ, ਇੱਕ.....ਕਾਪੀ ਤੇ ਇੱਕ ਪਹਿਲੀ ਆਲਾ ਕੈਦਾ ਲਿਆ ਕੇ ਦੇਦੀਂ।''

''ਕੈਦਾ ਕਿਹਾ ਜਾ ਜੀ?''

''ਕੈਦਾ?'' ਮਾਸਟਰ ਨੇ ਦੋ-ਤਿੰਨ ਵਾਰ ਉਪਰ ਹੇਠ ਸਿਰ ਮਾਰਿਆ ਤੇ ਫਿਰ ਬੋਲਿਆ, ''ਐਂ ਕਰ ਓਏ ਸਤਨਾਮ, ਓਹ ਪਹਿਲੀ 'ਚੋਂ ਇੱਕ ਕੈਦਾ ਫੜ ਕੇ ਲਿਆ।'' ਜਦੋਂ ਬੱਚਾ ਕੈਦਾ ਲੈ ਆਇਆ ਤਾਂ ਉਹ ਸਿੰਦੂ ਦੇ ਸਾਹਮਣੇ ਕਰਦਿਆਂ ਬੋਲਿਆ, ''ਆਹ ਦੇਖ ਇਹਦੇ ਨਾਲ ਦਾ।''

''ਠੀਕ ਐ ਜੀ। ਫੇਰ ਇਹਨੂੰ ਛੱਡਜਾਂ?''

''ਹਾਂ ਛੱਡ ਜੇ ਚਾਹੇ ਬੈਠ ਜੂ ਗਾ।''

''ਮੈਂ.....ਅ.....ਨੀਂ।'' ਰਾਜੂ ਨੇ ਇੱਕ ਦੋ ਵਾਰ ਇਧਰ-ਉਧਰ ਮੋਢੇ ਮਾਰੇ ਪਰ ਸਿੰਦੂ ਚੀਜੀ ਲਿਆਉਣ ਦਾ ਲਾਲਚ ਦੇ ਕੇ ਉਸਨੂੰ ਗੁਆਂਢੀਆਂ ਦੇ ਮੁੰਡੇ ਨਾਲ ਬਿਠਾ ਗਿਆ ਤੇ ਆਪ ਗਿਆਰਾਂ ਵਾਲੀ ਬੱਸ ਸੁਨਾਮ ਨੂੰ ਚੜ੍ਹ ਗਿਆ।

ਸੂਰਜ ਦੀ ਟਿੱਕੀ ਕਦੋਂ ਦੀ ਸੂਏ ਦੇ ਸਫੈਦਿਆਂ ਓਹਲੇ ਰੰਗ ਵਟਾਉਂਦੀ ਅਲੋਪ ਹੋ ਗਈ ਸੀ। ਸ਼ਾਮ ਦੇ ਹਨ੍ਹੇਰੇ ਨੇ ਮੱਲਕ ਦੇਣੇ ਘਰਾਂ ਦੇ ਵਿਹੜਿਆਂ 'ਚ ਪੈਰ ਰੱਖ ਲਿਆ ਸੀ। ਓਦੋਂ ਹੀ ਸਿੰਦੂ ਸ਼ਰਾਬ ਦਾ ਰੱਜਿਆ ਬਾਹਰਲੇ ਤਖਤਿਆਂ ਵਿੱਚ ਆ ਵੱਜਿਆ। ਦੇਵਕੀ ਚੁੱਲ੍ਹੇ 'ਚ ਗੋਹੇ ਲਾਉਂਦੀ ਥਾਏਂ ਛੱਡ ਕੇ ਭੱਜੀ ਆਈ। ਉਸਨੇ ਵੇਖਿਆ ਸਿੰਦੂ ਤਖਤਿਆਂ ਤੋਂ ਅੰਦਰ ਹੋਇਆ ਡਰਨੇ ਵਾਂਗ ਖੜ੍ਹਾ ਸੀ। ਉਸਦੇ ਇੱਕ ਹੱਥ ਵਿੱਚ ਥੋੜ੍ਹੀ ਜਿਹੀ ਬਚੀ ਬੋਤਲ ਤੇ ਦੂਸਰੇ ਵਿੱਚ ਸਵੇਰ ਵਾਲਾ ਝੋਲਾ ਓਵੇਂ ਦੀ ਓਵੇਂ ਗੰਢ ਦਿੱਤਾ ਹੋਇਆ ਸੀ। ਦੇਵਕੀ ਨੂੰ ਕੁਝ ਸਮਝ ਨਾ ਆਇਆ। ਉਹ ਵੀ ਖੜ੍ਹੀ ਸਿੰਦੂ ਵੱਲ ਹੈਰਾਨੀ ਨਾਲ ਵੇਖਦੀ ਰਹੀ। ਫਿਰ ਸਿੰਦੂ ਟੁੱਟੀ ਜਿਹੀ ਚਾਲ ਚਲਦਾ ਬਰਾਂਡੇ ਵਿਚਲੇ ਮੰਜੇ 'ਤੇ ਇਸ ਤਰ੍ਹਾਂ ਆ ਡਿੱਗਿਆ ਜਿਵੇਂ ਕੋਈ ਖੜ੍ਹਾ-ਖੜੋਤਾ ਹੀ ਬੇਹੋਸ਼ ਹੋ ਕੇ ਡਿੱਗ ਪੈਂਦਾ ਹੈ। ਬਾਹਰ ਚੌਂਕੜੀ 'ਤੇ ਬੈਠਾ ਰੋਹੀ ਵੀ ਉੱਠ ਕੇ ਸਿੰਦੂ ਕੋਲ ਆ ਗਿਆ, ''ਕਰ ਆਇਆ ਬਾਈ ਸਾਅਬ?'' ਉਹ ਸਿੰਦੂ ਦੇ ਮੰਜੇ 'ਤੇ ਹੀ ਬੈਠਦਾ ਬੋਲਿਆ। ਸਿੰਦੂ ਕੁਝ ਨਹੀਂ ਬੋਲਿਆ ਸਿਰਫ ਉੱਠ ਕੇ ਬੈਠ ਗਿਆ।

''ਕੀ ਕਹਿੰਦਾ ਬਾਈ ਆੜ੍ਹਤੀਆ?'' ਰੋਹੀ ਨੇ ਪਹਿਲਾਂ ਵਾਲਾ ਸਵਾਲ ਹੀ ਉਲਟਾ ਕੇ ਪੁੱਛਿਆ।

''ਊ....ਹੂੰ....ਊ.....ਹੂੰ...ਹੂੰ...ਹੂੰ.....।'' ਸਿੰਦੂ ਗੋਡਿਆਂ ਵਿੱਚ ਮੂੰਹ ਦੇ ਕੇ ਰੋਣ ਲੱਗ ਪਿਆ।

''ਕੀ ਗੱਲ ਹੋ ਗੀ? ਕੋਈ ਗੱਲ ਵੀ ਦੱਸ।'' ਰੋਹੀ ਉਸਦੇ ਹੋਰ ਨੇੜੇ ਨੂੰ ਸਰਕ ਗਿਆ।

''ਬਾ....ਅ....ਈ....ਆ...ਆਪਾਂ...ਨੂੰ ਕੁ...ਕੁ...ਕੁਛ ਨੀ ਬਚਿਆ ਓਏ........।'' ਸਿੰਦੂ ਫਿਰ ਰੋਣ ਲੱਗ ਪਿਆ। ਦੇਵਕੀ ਦੀਆਂ ਅੱਖਾਂ ਵਿੱਚ ਵੀ ਪਾਣੀ ਭਰ ਆਇਆ। ਸਿੰਦੂ ਨੇ ਰੋਂਦਿਆਂ ਗਲ 'ਚ ਅਟਕਿਆ ਹਾਉਕਾ ਅੰਦਰ ਖਿੱਚਿਆ ਤੇ ਫੇਰ ਬੋਲਿਆ, ''ਅਜੇ ਮੇਰਾ ਪਤਿਉਰਾ ਕਹਿੰਦਾ ਸੱਠ ਹਜ਼ਾਰ ਹੋਰ ਰਹਿ ਗਿਆ ਥੋਡੇ ਕਣੀ।''

''ਪੁੱਛਣਾ ਤਾਂ ਹੈਗਾ ਤੀ ਸਾਲੇ ਨੂੰ, ਵੀ ਐਨੇ ਕਾਹਦੇ ਕਰਤੇ।'' ਰੋਹੀ ਨੂੰ ਆੜ੍ਹਤੀਏ 'ਤੇ ਖਿੱਝ ਜਿਹੀ ਚੜ੍ਹ ਗਈ।

''ਪੁੱਛਿਆ ਤਾਂ ਹੈਗਾ ਤੀ ਗਾ। ਵਹੀ ਜੀ ਕੱਢ ਕੇ ਸਾਰੇ ਗਣਿਆ ਤੇ, ਕਹਿੰਦਾ ਐਨਾ ਥੋਡੇ ਕਣੀ ਵਿਆਜ ਹੋ ਗਿਆ।''

''ਆਪਾਂ ਝੁੱਗਾ ਚੱਕ ਜਾਨਿਆਂ, ਆਪਣਾ ਕੀ ਕਰਲੂ ਓਹੋ।'' ਰੋਹੀ ਠੱਡਿਓਂ ਹੀ ਮੁੱਕਰਣਾ ਚਾਹੁੰਦਾ ਸੀ।

''ਤਾਏ ਸਰਵਣ ਦੀ ਵਿੱਚ ਗਵਾਹੀ ਐ, ਇਹਨੂੰ ਕੀ ਮੂੰਹ ਦਿਖਾਮਾਂਗੇ।'' ਜੱਟ ਦੀ ਅਣਖ ਅੱਗੋਂ ਘੇਰ ਕੇ ਖੜ੍ਹ ਗਈ।

ਬਾਹਰ ਹਨ੍ਹੇਰਾ ਹੋਰ ਸੰਘਣਾ ਹੋ ਗਿਆ ਸੀ। ਮੋੜ ਵਾਲੀ ਚੌਂਕੜੀ 'ਤੇ ਬੈਠੀ ਮੁੰਡੀਰ ਦਾ ਹਾਸਾ ਅਜੇ ਵੀ 'ਛਣ ਛਣ' ਕਰਦਾ ਸੁਣ ਰਿਹਾ ਸੀ। ਦੇਵਕੀ ਨੂੰ ਜਾਪਿਆ ਜਿਵੇਂ ਉਹ ਇਹਨਾਂ ਦੀ ਹੋਣੀ 'ਤੇ ਹੱਸ ਰਹੇ ਹੋਣ। ਸਿੰਦੂ ਨੂੰ ਬਾਹਰ ਚੌਂਕੜੀ ਤੋਂ ਸੁਣੀਂਦਾ ਹਾਸਾ ਵਿਊ ਵਰਗਾ ਲੱਗਿਆ। ਉਹ ਵਿਹੜੇ 'ਚੋਂ ਉੱਠ ਕੇ ਅੰਦਰ ਸਵਾਤ ਵਿੱਚ ਜਾ ਪਿਆ। ਪਤਾ ਨਹੀਂ ਇਸ ਹਾਸੇ ਤੋਂ ਹੀ ਡਰਦਾ ਉਹ ਕੀੜਿਆਂ ਵਾਲੇ ਕੁੱਤੇ ਵਾਂਗ ਦੇਹ ਲੁਕਾਉਂਦਾ ਅੰਦਰ ਜਾ ਵੜਿਆ ਸੀ। ਦੇਵਕੀ ਨੇ ਮਰਨਾਊ ਜਿਹੇ ਇਰਾਦੇ ਨਾਲ ਕੱਚੀਆਂ-ਪਿੱਲੀਆਂ ਥੱਪ ਦਿੱਤੀਆਂ। ਉਹ ਰੋਟੀਆਂ ਪਕਾਉਂਦੀ ਵੀ ਧੂੰਏਂ ਦੇ ਪੱਜ ਕਈ ਵਾਰ ਰੋਈ ਸੀ। ਦੇਵਕੀ ਨੇ ਸਾਰਿਆਂ ਨੂੰ ਰੋਟੀ ਪਾ ਕੇ ਫੜਾ ਦਿੱਤੀ ਪਰ ਕਿਸੇ ਦੇ ਵੀ ਸੰਘੋਂ ਹੇਠ ਨਾ ਹੋਈ। ਜਦੋਂ ਮੰਜੇ ਵਿਛਾ ਕੇ ਪਏ, ਨੀਂਦ ਸਾਰਿਆਂ ਤੋਂ ਪਰ੍ਹਾਂ ਪਰ੍ਹਾਂ ਦੀ ਲੰਘ ਗਈ। ਦੇਵਕੀ, ਸਿੰਦੂ ਤੇ ਰੋਹੀ ਸਾਰੀ ਰਾਤ ਦੇਹ ਤੋੜਨ ਵਾਲਿਆਂ ਵਾਂਗ ਪਾਸੇ ਪਰਤਦੇ ਰਹੇ।

## 8

ਚਾਹੇ ਸੂਰਜ ਡੁੱਬ ਗਿਆ ਸੀ ਪਰ ਅਜੇ ਵੀ ਪੂਰੀ ਤਪਸ਼ ਸੀ। ਖੇਤਾਂ ਨੂੰ ਗਏ ਰੇਹੜੇ ਕੱਖਾਂ ਦੇ ਭਰੇ, ਧੂੜ ਉਡਾਉਂਦੇ ਵਾਪਸ ਆ ਰਹੇ ਸਨ। ਸਿੰਦੂ ਬਾਹਰਲੀ ਫਿਰਨੀ ਸਰਵਣ ਕੇ ਘਰ ਨੂੰ ਤੁਰਿਆ ਜਾ ਰਿਹਾ ਸੀ। ਪਿਛਲੇ ਦੋ ਦਿਨਾਂ ਤੋਂ ਸਿੰਦੂ ਤੇ ਰੋਹੀ ਰੁਪਈਆਂ ਲਈ ਹੱਥ-ਪੱਲਾ ਮਾਰਦੇ ਰਹੇ ਸਨ ਪਰ ਕਿਤੋਂ ਜੁਗਾੜ ਨਹੀਂ ਬਣਿਆ ਸੀ। ਘਰ ਦਾ ਲੂਣ-ਤੇਲ ਮੁੱਕਿਆ ਪਿਆ ਸੀ। ਲੈਣ-ਦੇਣ

ਵਾਲਿਆਂ ਨੇ ਬਾਰ ਨੀਵਾਂ ਕਰ ਰੱਖਿਆ ਸੀ। ਰਾਜੂ ਨੂੰ ਕਾਪੀਆਂ, ਕੈਦਾ ਤੇ ਵਰਦੀ ਲੈਣੀ ਸੀ। ਫਿਰ ਦੋਵਾਂ ਭਰਾਵਾਂ ਨੇ ਇੱਕ ਕਿੱਲਾ ਹੋਰ ਬੈਅ ਕਰਨ ਲਈ ਕੌੜਾ ਘੁੱਟ ਭਰ ਲਿਆ ਸੀ। ਔਧਾ ਕੁ ਹੋਏ ਸਿੰਦੂ ਨੇ ਸਰਵਣ ਕੇ ਲੋਹੇ ਦੇ ਗੇਟ 'ਚ ਖੜ੍ਹ ਕੇ ਅਵਾਜ਼ ਮਾਰੀ, ਸਰਵਣ ਘਰ ਹੀ ਸੀ।

''ਆਜਾ.....ਆਜਾ.....ਲੰਘਿਆ ਆ ਸਿੰਦੂ ਸਿਆਂ।'' ਸਰਵਣ ਖੁਰਲੀ ਕੋਲੋਂ ਕੱਖਾਂ ਵਾਲੇ ਹੱਥ ਝਾੜਦਾ ਬਾਰ ਵੱਲ ਅਹੁਲਿਆ।

''ਤਾਇਆ ਉਰੇ ਆ ਮਾੜ੍ਹੀ ਜੀ ਗੱਲ ਕਰਨੀ ਐ।'' ਸਿੰਦੂ ਸਰਵਣ ਕੀ ਸਿਰੇ ਵਾਲੀ ਬੈਠਕ ਵਿੱਚ ਹੀ ਵੜ ਗਿਆ।

''ਭਾਈ ਦੋ ਗਲਾਸ ਚਾਹ ਦੇ ਬਣਾਓ।'' ਸਰਵਣ ਚੁੱਲ੍ਹੇ ਵੱਲ ਅਵਾਜ ਮਾਰਦਾ ਨਲਕੇ ਉੱਤੇ ਹੱਥ ਧੋਣ ਲੱਗ ਪਿਆ ਤੇ ਫਿਰ ਹੱਥ ਪੂੰਝਦਾ ਸਿੰਦੂ ਕੋਲ ਬੈਠਕ ਵਿੱਚ ਆ ਗਿਆ ''ਹਾਂ ਬਈ ਸਿੰਦੂ ਹੋਰ ਸੁਣਾ।''

''ਕੀ ਸੁਣਾਈਏ ਤਾਇਆ, ਤੂੰ ਤਾਂ ਜਾਣੀ-ਜਾਣ ਐਂ। ਸਾਲੀ ਆਹ ਕਬੀਲਦਾਰੀਏ ਨੀ ਪੱਟੀ ਬੰਨ੍ਹਣ ਦਿੰਦੀ।'' ਸਿੰਦੂ ਡੂੰਘੀ ਉਦਾਸੀ ਵਿੱਚੋਂ ਬੋਲਿਆ।

''ਕੀ ਹੋ ਗਿਆ ਤੇਰੀ ਕਬੀਲਦਾਰੀ ਨੂੰ? ਐਨੀ ਕਾਮੀਂ ਤੈਨੂੰ ਬਹੂ ਮਿਲਗੀ। ਸੁੱਖ ਨਾਲ ਜਵਾਕ ਐ ਇੱਕ। ਹੋਰ ਕੀ ਤੂੰ ਪਟਿਆਲੇ ਆਲੇ ਰਾਜੇ ਦੀ ਗੱਦੀ ਭਾਲਦੈਂ।''

''ਪਟਿਆਲੇ ਆਲੇ ਰਾਜੇ ਦੀ ਗੱਦੀ ਕੀ ਆਪਾਂ ਚੱਟਣੀ ਐ ਤਾਇਆ। ਆਪਣੀਓ ਬਚੀ ਰਹਿਜੇ ਓਹੀ ਬਹੁਤ ਐ।'' ਸਿੰਦੂ ਨੂੰ ਆਪਣੇ ਪੈਰਾਂ ਹੇਠਲੀ ਧਰਤੀ ਖਿਸਕਦੀ ਮਹਿਸੂਸ ਹੋ ਰਹੀ ਸੀ।

''ਹਾਂ ਚੰਗਾ ਦੱਸ ਫੇਰ ਕਿਮੇਂ ਆਉਣੇ ਹੋਏ।'' ਸਰਵਣ ਨੇ ਉਸਦੀਆਂ ਗੱਲਾਂ ਅਤੇ ਉਦਾਸੇ ਚਿਹਰੇ ਤੋਂ ਕੁਝ ਕੁਝ ਅੰਦਾਜ਼ਾ ਲਾ ਲਿਆ ਸੀ।

''ਮੈਂ ਤਾਂ ਤਾਇਆ ਐਂ......ਅ.....ਆਇਆ ਤੀ, ਵੀ.....ਈ......ਤੂੰ ਨਾਜਰ ਕਿਆਂ ਨਾਲ ਕਿੱਲੇ ਦੀ ਗੱਲ ਕਰਾਦੇ।''

''ਗੱਲ ਤਾਂ ਮੈਂ ਕਰਾਦੂੰ। ਮੈਂ ਤਾਂ ਐਂ ਕਹਿੰਦਾ ਤੀ ਵੀ ਜੇ ਸਰਦਾ ਤੀ, ਸਾਰ ਲੈਂਦੇ। ਜਮੀਨ ਸਾਲੀ ਖੁਰਦੀ ਖੁਰਦੀ ਖੁਰ ਜਾਂਦੀ ਐ। ਨਾਲੇ ਹੁਣ ਸੋਡੇ ਕੋਲੇ ਤਿੰਨ ਕਿੱਲੇ ਤਾਂ ਪਹਿਲੀਂ ਰਹਿੰਦੇ ਨੇ, ਕੀ ਨੰਗੀ ਨਹਾਊ ਕੀ ਨਚੋੜੂ।''

''ਜੇ ਸਰਦਾ ਹੁੰਦਾ ਤਾਇਆ, ਤੇਰੇ ਕੋਲੇ ਕਾਹਨੂੰ ਆਉਂਦਾ।''

''ਲੈ ਬਾਬਾ ਚਾਹ।'' ਸਰਵਣ ਦਾ ਪੋਤਾ ਸੁਰਿੰਦਰ ਦੋ ਗਲਾਸਾਂ 'ਚ ਚਾਹ ਪਾਈਂ ਮੰਜਿਆਂ ਕੋਲ ਰੱਖ ਗਿਆ।

''ਲੈ ਪਹਿਲਾਂ ਚਾਹ ਚੱਕ।'' ਸਰਵਣ ਨੇ ਇੱਕ ਗਲਾਸ ਆਪ ਚੁੱਕ ਲਿਆ ਅਤੇ ਫਿਰ ਗਲਾਸ 'ਚ ਫੂਕ ਮਾਰਦਿਆਂ ਪੁੱਛਿਆ, ''ਮੈਂ ਤਾਂ ਸੋਨੂੰ ਅਜੇ ਵੀ ਕਹਿਣਾ ਵੀ ਆਹ ਨਸ਼ਿਆਂ ਦੀ ਲਲਕ ਛੱਡਦੋ, ਸਭ ਠੀਕ ਹੋਜੂ। ਕਿਉਂ ਆਪਣੇ ਚੰਗੇ ਭਲੇ ਸਰੀਰ ਗਾਲੇ ਨੇ।'' ਸਰਵਣ ਸਿੰਦੂ ਹੋਰਾਂ ਨੂੰ ਹਰ ਵਾਰ ਇਹੀ ਗੱਲ ਕਹਿੰਦਾ ਸੀ ਪਰ ਉਹ ਇੱਕ ਕੰਨ ਪਾ ਕੇ ਦੂਜੇ ਵਿੱਚੋਂ ਦੀ ਕੱਢ ਦਿੰਦੇ।

''ਇਹ ਹੁਣ ਸਾਡੇ ਸਾਰੇ ਦੀ ਗੱਲ ਨੀ ਰਹੀ ਤਾਇਆ। ਵੈਲ ਤਾਂ ਕੇਰਾਂ ਚਿੰਬੜ ਜੇ ਫੇਰ ਸਿਵਿਆਂ ਤੱਕ ਖਹਿੜਾ ਨੀ ਛੱਡਦਾ। ਨਾਲੇ ਦਿਮਾਗ 'ਤੇ ਸੌ ਤਾਂ ਬੋਝ ਨੇ ਸਾਲੇ। ਬੰਦਾ ਹੁਣ ਕੀ ਕਰੇ?'' ਸਿੰਦੂ ਵੀ ਇੱਕ ਤਰ੍ਹਾਂ ਨਾਲ ਸੱਚ ਹੀ ਬੋਲ ਰਿਹਾ ਸੀ। ਨਸ਼ੇ ਛੱਡਣ ਦੀ ਸਟੇਜ ਤਾਂ ਉਹ ਫੁੱਟਦੀ ਜਵਾਨੀ ਵਿੱਚ ਹੀ ਪਾਰ ਕਰ ਗਏ ਸਨ। ਕੁਝ ਚਿਰ ਦੋਵੇਂ ਚੁੱਪ ਕੀਤੇ ਚਾਹ ਪੀਂਦੇ ਰਹੇ ਤੇ ਫਿਰ ਸਰਵਣ ਔਖਾ ਜਿਹਾ ਹੁੰਦਾ ਉੱਠ ਖੜਿਆ, ''ਚੰਗਾ ਫੇਰ ਭਾਈ, ਮਰਜੀ ਐ ਤੇਰੀ। ਮੈਂ ਜਾ ਕੇ ਆਉਣਾ ਨਾਜਰ ਕੇੋਲੇ।'' ਸਰਵਣ ਉੱਠ ਕੇ ਤੁਰ ਗਿਆ।

ਜਦੋਂ ਵੀ ਕੋਈ ਗੱਲ ਕਰਨੀ ਹੁੰਦੀ ਸਿੰਦੂ ਪਹਿਲਾਂ ਸਰਵਣ ਕੋਲ ਹੀ ਦਿਲ ਦੀ ਘੁੰਡੀ ਖੋਲ੍ਹਦਾ ਸੀ। ਜਦੋਂ ਉਹ ਅੱਜ ਤੋਂ ਕਈ ਸਾਲ ਪਹਿਲਾਂ, ਪਹਿਲੀ ਵਾਰ ਜ਼ਮੀਨ ਵੇਚਣ ਲਈ ਸਰਵਣ ਕੋਲ ਗੱਲ ਕਰਨ ਆਇਆ ਸੀ ਤਾਂ ਉਸਨੂੰ ਬੜੀ ਸ਼ਰਮ ਆਈ ਸੀ। ਰਸਤੇ 'ਚ ਆਉਂਦਿਆਂ ਉਹ ਹਰ ਟੱਕਰਣ ਵਾਲੇ ਤੋਂ ਅੱਖ ਬਚਾਉਂਦਾ ਆਇਆ ਸੀ। ਜੇ ਕੋਈ ਸੁਭਾਵਕ ਹੀ ਉਸਦਾ ਹਾਲ-ਚਾਲ ਪੁੱਛਦਾ, ਮੁਸਕਰਾ ਪੈਂਦਾ ਤਾਂ ਉਸਨੂੰ ਮਹਿਸੂਸ ਹੁੰਦਾ ਜਿਵੇਂ ਉਸਨੇ ਉਸਦੀ ਜ਼ਮੀਨ ਵੇਚਣ ਵਾਲੀ ਗੱਲ ਬੁੱਝ ਲਈ ਹੋਵੇ ਤੇ ਉਹ ਸਿੰਦੂ ਦੀ ਹਾਲਤ 'ਤੇ ਹੱਸ ਰਿਹਾ ਹੋਵੇ। ਘਰ ਆ ਕੇ ਵੀ ਉਹ ਕਿੰਨੀ ਹੀ ਦੇਰ ਸਰਵਣ ਕੋਲ ਇਹ ਗੱਲ ਨਹੀਂ ਛੇੜ ਸਕਿਆ ਸੀ। ਫਿਰ ਜਦ

ਉਸਨੇ ਆਪਣੇ ਅੰਦਰਲੇ ਮਨ ਨਾਲ ਘੋਲ ਕਰਦਿਆਂ ਇਹ ਗੱਲ ਮੂੰਹੋਂ ਕੱਢੀ ਸੀ ਤਾਂ ਉਸਦੀਆਂ ਅੱਖਾਂ ਦਾ ਪਾਣੀ ਵੀ ਨਾਲ ਹੀ ਸਿੰਮ ਆਇਆ ਸੀ। ਕਿੰਨੀ ਔਖੀ ਲੱਗੀ ਸੀ ਇੱਕ ਜੱਟ ਨੂੰ ਉਸ ਦਿਨ ਪੁੱਤਾਂ ਨਾਲੋਂ ਪਿਆਰੀ ਜ਼ਮੀਨ ਵੇਚਣੀ। ਉਸ ਦਿਨ ਤੋਂ ਬਾਅਦ ਤਾਂ ਉਹ ਨੰਗਾ ਚਿੱਟਾ ਹੋ ਗਿਆ ਸੀ। ਫਿਰ ਮੁੜ ਉਸਨੂੰ ਕਦੇ ਜ਼ਮੀਨ ਵੇਚਣੀ ਬਹੁਤੀ ਸ਼ਰਮ ਵਾਲੀ ਗੱਲ ਨਾ ਲੱਗੀ।

ਬਾਹਰ ਜੋਤੇ ਝਾੜਨ ਦੀ ਧੱਪ ਧੱਪ ਵਿੱਚ ਸਰਵਣ ਨਾਜ਼ਰ ਨੂੰ ਕਹਿ ਰਿਹਾ ਸੀ, ''ਆਜਾ ਅੰਦਰੀ ਆਜਾ।'' ਸਰਵਣ ਤੇ ਨਾਜ਼ਰ ਅੰਦਰ ਮੰਜਿਆਂ 'ਤੇ ਆ ਬੈਠੇ। ਸਰਵਣ ਉੱਠ ਕੇ ਚਾਹ ਨੂੰ ਕਹਿਣ ਚਲਾ ਗਿਆ। ਜਦੋਂ ਉਹ ਵਾਪਸ ਆਇਆ ਤਾਂ ਨਾਜ਼ਰ ਨੇ ਗੱਲ ਤੋਰੀ, '' ਦੇਖ ਬਾਈ ਸਿੰਦੂਆ! ਮੈਂ ਤਾਂ ਪਹਿਲਾਂ ਇਹੀ ਕਹਿਣਾ ਵੀ ਜੇ ਕਿਮੇਂ ਨਾ ਕਿਮੇਂ ਵੀ ਸਰਦੈ ਤਾਂ ਸਾਰਲੈ। ਦੇਖ! ਮੇਰੀ ਭੋਰਾ ਰੂਹ ਨੀ ਕਰਦੀ ਤੇਰੀ ਜ਼ਮੀਨ ਲੈਣ ਨੂੰ। ਜੇ ਮੈਂ ਨੀ ਲਊਂ, ਕੋਈ ਹੋਰ ਲੈ ਲਊ ਪਰ ਮੈਨੂੰ ਤਾਂ ਲੋਕ ਇਹੀ ਕਹਿਣਗੇ ਵੀ ਖਵਾ-ਪਿਆ ਕੇ ਜ਼ਮੀਨ ਲੈ ਗਿਆ। ਜੇ ਜਮ੍ਹਾਂ ਭਾਈ ਤੂੰ ਕਹਿਣੈ ਵੀ ਪਾਣੀ ਸਿਰ ਤੋਂ ਈ ਲਾਂਗਿਆ, ਫੇਰ ਤੇਰੀ ਮਰਜੀ ਐ।'' ਨਾਜ਼ਰ ਨੂੰ ਸਿੰਦੂ 'ਤੇ ਦਿਲੋਂ ਹਮਦਰਦੀ ਸੀ।

''ਜੇ ਪਾਣੀ ਸਿਰ ਤੋਂ ਲੰਘਿਐ ਤਾਂ ਹੀ ਇਹ ਕੋੜਾ ਘੁੱਟ ਭਰਦਾਂ। ਨਹੀਂ ਬਾਈ ਕੀਹਦਾ ਜੀਅ ਕਰਦੈ ਜ਼ਮੀਨ ਵੇਚਣ ਨੂੰ।'' ਸਿੰਦੂ ਨੇ ਕਹਿ ਕੇ ਨੀਵੀਂ ਪਾ ਲਈ।

''ਚਲੋ ਫੇਰ ਭਾਈ ਜੇ ਹੁਣ ਇਹਦਾ ਸਰਦਾ ਈ ਨੀ ਤਾਂ ਕਰਲੋ ਸੌਦਾ। ਰੋਜ਼ ਦੇ ਕੱਠੇ ਖਾਂਦੇ-ਪੀਂਦੇ ਓ, ਜੇ ਹਜ਼ਾਰ ਦੋ ਹਜ਼ਾਰ ਇਧਰ-ਉਧਰ ਹੋਜੂ ਤਾਂ ਕੋਈ ਗੱਲ ਨੀ।'' ਸਰਵਣ ਨੇ ਗੱਲ ਅੱਗੇ ਸਰਕਾ ਦਿੱਤੀ।

''ਹਾਂ ਦੱਸ ਭਾਈ ਸਿੰਦੂ ਕਿਮੇਂ ਕਰਨੈ।'' ਸਰਵਣ ਸਿੰਦੂ ਦੇ ਮਨ ਦੀ ਗੱਲ ਬੁਝਣੀ ਚਾਹੁੰਦਾ ਸੀ।

''ਜਿਮੇਂ ਮਰਜੀ ਕਰਲੋ ਤਾਇਆ, ਸੋਨੂੰ ਪਤਾ ਈ ਐ ਕੀ ਰੇਟ ਚਲਦੈ।''

''ਇੱਕ ਰੇਟ ਤਾਂ ਦੇਖ ਕੋਈ ਹੈ ਨੀ ਭਾਈ।'' ਸਰਵਣ ਨੇ ਨਾਂਹ ਵਿੱਚ ਹੱਥ ਮਾਰਿਆ ਤੇ ਫਿਰ ਬੋਲਿਆ, ''ਊ ਤੇਰੇ ਸਾਹਮਣੇ ਜੇਠੂ ਕਿਆਂ ਨੇ ਵੇਚੀ ਐ ਬਾਈਆਂ ਨੂੰ ਦੋ ਪੱਚੀ 'ਚ। ਓਦੂੰ ਬਾਅਦ ਆਪਣੇ ਕੋਈ ਸੌਦਾ ਨੀ ਹੋਇਆ।''

''ਚਲ ਫੇਰ ਠੀਕ ਐ ਐਨੇ 'ਚ।'' ਸਿੰਦੂ ਨੇ ਸਹਿਮਤੀ ਵਿੱਚ ਸਿਰ ਹਿਲਾ ਦਿੱਤਾ।

''ਕਿਉਂ ਨਾਜ਼ਰ?'' ਸਰਵਣ ਨੇ ਨਾਜ਼ਰ ਦੀ ਰਾਏ ਜਾਣਨ ਲਈ ਪੁੱਛਿਆ।

''ਮੈਂ ਤਾਂ ਆਪਣੇ ਵੱਲੋਂ ਪੰਜ ਹੋਰ ਵਧਾ ਦਿੰਨਾਂ, ਕੋਈ ਇਹ ਨਾ ਕਹਿਦੇ ਨਾਲ ਹੁੰਦਾ ਧੋਖਾ ਕਰ ਗਿਆ।'' ਨਾਜ਼ਰ ਨੇ ਛਾਤੀ ਨੂੰ ਹੱਥ ਲਾ ਕੇ ਕਵੀਸ਼ਰਾਂ ਵਾਂਗ ਅੱਗੇ ਨੂੰ ਹਵਾ ਵਿੱਚ ਹਿਲਾ ਦਿੱਤਾ।

''ਧੰਨ ਭਾਗ ਭਾਈ ਤੇਰੇ। ਇਹ ਵੀ ਤੇਰੇ ਭਾਈਆਂ ਵਰਗਾ ਈ ਐ।'' ਸਰਵਣ ਨੇ ਨਾਜ਼ਰ ਦੀ ਖੁਲਦਿਲੀ 'ਤੇ ਸ਼ਾਬਾਸ਼ ਦਿੱਤੀ। ਫਿਰ ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਦੋਵਾਂ ਵੱਲ ਸੁਆਲੀਆਂ ਨਜ਼ਰਾਂ ਫੇਰਦਾ ਬੋਲਿਆ, ''ਰਜਿਸਟਰੀ ਫੇਰ ਕਦੋਂ ਕਰਾਉਣੀ ਐ?''

''ਮੇਰੇ ਕਣੀਓਂ ਤਾਂ ਚਾਹੇ ਕੱਲ੍ਹ ਨੂੰ ਕਰਾ ਲੋ।'' ਨਾਜ਼ਰ ਹਰ ਪਾਸਿਓਂ ਮੋਕਲਾ ਸੀ।

''ਕੱਲ੍ਹ ਨੂੰ ਈ ਠੀਕ ਐ ਫੇਰ।'' 'ਅੰਨਾ ਕੀ ਭਾਲੇ ਦੋ ਅੱਖਾਂ' ਵਾਂਗ ਸਿੰਦੂ ਨੇ ਨਾਜ਼ਰ ਦੇ ਮੂੰਹੋਂ ਨਿਕਲੀ ਗੱਲ ਝੱਟ ਬੋਚ ਲਈ।

''ਹਾਂ ਠੀਕ ਐ ਫੇਰ ਕੱਲ੍ਹ ਨੂੰ।'' ਸਰਵਣ ਵੀ ਸਹਿਮਤ ਹੋ ਗਿਆ ਤੇ ਫਿਰ ਕੁਝ ਸੋਚਦਾ ਬੋਲਿਆ, ''ਮੈਂ ਇੱਕ ਰੈਅ ਦੇਮਾਂ ਤੈਨੂੰ ਸਿੰਦੂ, ਜੇ ਮੰਨੇ ਤਾਂ?'' ਜਦੋਂ ਸਿੰਦੂ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ, ਸਰਵਣ ਫਿਰ ਬੋਲਿਆ, ''ਮੈਂ ਤਾਂ ਇਹ ਕਹਿਣਾ ਤੈਨੂੰ, ਵੀ ਤੈਂ ਸਾਰੇ ਪੈਸੇ 'ਕੱਠੇ ਕੀ ਕਰਨੇ ਨੇ। ਤੂੰ ਆਪਣੇ ਪੈਸੇ ਨਾਜ਼ਰ ਕੋਲ ਈ ਰੱਖ। ਜਦੋਂ ਜਿੰਨਿਆਂ ਦੀ ਲੋੜ ਹੋਈ, ਇਹਤੋਂ ਫੜ ਕੇ ਲੈ ਗਿਆ। ਜਿੰਨੇ ਲਿਆਇਆ ਕਰੇਂਗਾ, ਆਵਦਾ ਲਿਖੀ ਜਾਈਂ। ਤੂੰ ਚਾਹੇ ਗੁੱਸਾ ਈ ਮੰਨੇ, ਸਾਰੇ ਪੈਸੇ ਤਾਂ ਤੂੰ ਦੋ ਦਿਨਾਂ 'ਚ ਈ ਡਾਅ ਦੇਗਾਂ। ਅੱਗੇ ਤੇਰੀ ਮਰਜੀ ਐ ਭਾਈ।''

''ਨਾਂਹ ਠੀਕ ਐ ਤਾਇਆ ਤੇਰੀ ਗੱਲ।'' ਸਿੰਦੂ ਨੂੰ ਸਰਵਣ ਦੀ ਗਲ ਜਚ ਗਈ।

''ਚੰਗਾ ਫੇਰ ਕੱਲ੍ਹ ਨੂੰ ਜਿਹਨੂੰ ਜਿਹਨੂੰ ਵੀ ਲੈ ਕੇ ਜਾਣੈ ਆਵਦਾ ਆਥਣੇ ਉਹਨੂੰ ਕਹਿ ਆਇਓਂ।''

''ਇੱਕ ਤਾਂ ਤਾਇਆ ਤੂੰ ਹੀ ਹੋ ਜੀ, ਬਾਕੀ ਨੰਬਰਦਾਰ ਨੂੰ ਮੈਂ ਆਥਣੇ ਕਹਿ ਆਊਂ।'' ਨਾਜਰ ਨੇ ਖੜ੍ਹੇ ਹੁੰਦਿਆਂ ਜੋੜੇ ਪਾ ਲਏ। ਸਿੰਦੂ ਵੀ ਉੱਠ ਖੜਿਆ।

''ਚੰਗਾ ਤਾਇਆ ਫੇਰ।''

''ਚੰਗਾ ਭਾਈ। ਚਾਹ ਹੋਰ ਪੀ ਜਾਂਦੇ।''

''ਨਾ ਬੱਸ ਚੜ੍ਹਦੀ ਕਲੈ।''

ਦੋਵੇਂ ਬਾਹਰ ਆ ਗਏ। ਸਾਹਮਣੇ ਚੌਂਕੜੀ ਤੇ ਜੇਠੂ ਦਾ ਭਾਈ ਸੇਰੂ, ਬਾਬੇ ਕਾ ਅਮਰੀਕ, ਜੱਗਾ, ਸਰਵਣ ਤਾਏ ਦਾ ਮੁੰਡਾ ਸਾਤਾ ਅਤੇ ਹੋਰ ਇਨ੍ਹਾਂ ਵਰਗਾ ਹੀ ਵਿਹਲੜ ਲੁੰਗ-ਲਾਣਾ 'ਕੱਠਾ ਹੋਇਆ ਬੈਠਿਆ ਸੀ। ਹੋਰ ਵਿਹੜਿਆਂ ਵਾਂਗ ਇਸ ਵਿਹੜੇ ਦੀ ਵੀ ਇਹ ਪਾਰਲੀਮੈਂਟ ਸੀ। ਕਦੇ ਤਾਂ ਇਥੇ ਅਹਿਮ ਫੈਸਲੇ ਹੁੰਦੇ, ਗੰਭੀਰ ਗੱਲਾਂ ਹੁੰਦੀਆਂ। ਕਦੇ ਹਾਸੀ ਠੱਠਾ ਤੇ ਕਦੇ ਫੇਰ ਸਰਵਣ ਤਾਏ ਦੇ ਸਧਾਰਨ ਜਿਹੇ ਮੁੰਡੇ ਸਾਤੇ ਨੂੰ ਵਾਹਣੀਂ ਪਾਈਂ ਰੱਖਦੇ। ਸਾਤਾ ਸਰਵਣ ਦੇ ਵਿਆਹ ਤੋਂ ਸਤਾਰਾਂ-ਅਠਾਰਾਂ ਸਾਲ ਬਾਅਦ ਜਨਮਿਆ ਸੀ। ਉਸ ਤੋਂ ਬਾਅਦ ਸਰਵਣ ਦੀ ਬਹੂ ਦੇ ਕੋਈ ਹੋਰ ਨਿੱਕਾ ਨਿਆਣਾ ਨਾ ਹੋਇਆ। ਵਥੇਰੇ ਡਾਕਟਰਾਂ ਨੂੰ ਦਿਖਾਇਆ, ਹੋਰ ਵਧੇਰੇ ਓਹੜ-ਪੋਹੜ ਕੀਤੇ ਪਰ ਰੱਬ ਜਿਵੇਂ ਚੁੱਪ ਹੀ ਵੱਟ ਗਿਆ ਹੋਵੇ। ਜਿਉਂ ਜਿਉਂ ਸਾਤਾ ਵੱਡਾ ਹੁੰਦਾ ਗਿਆ ਉਸਦਾ ਪਤਾ ਲਗਦਾ ਰਿਹਾ ਕਿ ਉਹ ਪੂਰੀ ਤਰ੍ਹਾਂ ਨੌਰਮਲ ਨਹੀਂ ਸੀ। ਸਕੂਲ ਪੜ੍ਹਨ ਲਾਇਆ, ਪੰਜਵੀਂ ਤੋਂ ਅੱਗੇ ਨਾ ਵਧਿਆ। ਜਦ ਸਾਤਾ ਵੱਡਾ ਹੋਇਆ, ਸਰਵਣ ਨੇ ਇਸ ਦਾ ਵਿਆਹ ਕਰ ਦਿੱਤਾ। ਦਸ ਕਿੱਲਿਆਂ ਨੂੰ ਝੱਟ ਰਿਸਤਾ ਹੋ ਗਿਆ। ਸਾਲ ਬਾਅਦ ਹੀ ਸਾਤੇ ਦੀ ਘਰਵਾਲੀ ਦੀ ਕੁੱਖੋਂ ਸੁਰਿੰਦਰ ਦਾ ਜਨਮ ਹੋਇਆ ਤਾਂ ਸਰਵਣ ਸਭ ਦੁੱਖ ਭੁੱਲ ਗਿਆ। ਸਾਤਾ ਚਾਹੇ ਸਧਾਰਨ ਸੀ ਪਰ ਉਹ ਸਾਰੀ ਚੌਂਕੜੀ ਦੀ ਰੌਣਕ ਸੀ। ਜਦ ਸਿੰਦੂ ਹੋਰੀਂ ਚੌਂਕੜੀ ਕੋਲ ਆਏ ਤਾਂ ਨਾਜਰ ਤਾਂ ਪੈਰ ਜਿਹੇ ਮਲਦਾ ਅੱਗੇ ਲੰਘ ਗਿਆ ਤੇ ਸਿੰਦੂ ਚੌਂਕੜੀ ਵਾਲੀ ਮੁੰਡੀਰ ਵਿਚਕਾਰ ਬੈਠ ਗਿਆ। ਅੱਜ ਸੂਈ ਸਾਤੇ ਉਪਰ ਹੀ ਟਿਕੀ ਹੋਈ ਸੀ। ਜਦ ਕੋਈ ਸਾਤੇ ਨੂੰ ਟਿੱਚਰ ਕਰਦਾ ਤਾਂ ਸਾਤਾ ਹੋਰਾਂ ਨਾਲ ਆਪ ਵੀ ਭੱਠੀ 'ਚ ਤਿੜਕਦੀਆਂ ਖਿੱਲਾਂ ਵਾਂਗ ਤਿੜ ਤਿੜ ਕਰਕੇ ਹੱਸਦਾ।

''ਇੱਕ ਦਿਨ ਸਰਵਣ ਤੇ ਸਾਤਾ ਟੋਕਾ ਕੁੱਟ ਰਹੇ ਤੀ ਭਾਈ।'' ਸੇਰੂ ਨੇ ਸਾਰਿਆਂ ਵੱਲ ਪੜਤਾਲੀਆਂ ਅੱਖਾਂ ਘੁਮਾਈਆਂ। ਸਾਰਿਆਂ ਦਾ ਧਿਆਨ ਸੇਰੂ ਦੀ ਗੱਲ ਵੱਲ ਹੀ ਸੀ। ਫਿਰ ਸੇਰੂ ਮੂੰਹ ਜਿਹਾ ਸੰਵਾਰਦਾ ਅੱਗੇ ਬੋਲਿਆ, ''ਸਰਵਣ ਕਹਿੰਦਾ ਸਾਤੇ ਨੂੰ, ਐਂ ਕਰ ਓਏ! ਪਟਾ ਜਾ ਲਹੀ ਜਾਂਦੈ ਬਰੋਜਾ ਲਾਦੇ। ਸਾਤੇ ਨੇ ਬਰੋਜੇ ਨਾਲ ਲਬੇੜੀ ਉਂਗਲ। ਉਂਗਲ ਨਾਲ ਈ ਬਰੋਜਾ ਲਾਉਣ ਲੱਗ ਗਿਆ। ਜਦੋਂ ਆਈ ਪਟੇ 'ਚ ਉਂਗਲ, ਫੇਰ ਮਾਰੇ ਲੇਰਾਂ। ਸਰਵਣ, ਸਾਤੇ ਦੇ ਪੱਟੀ ਕਰਾਉਣ ਜਾਂਦਾ ਮੈਨੂੰ ਓਥੇ ਜੇ ਟੱਕਰ ਗਿਆ।'' ਸੇਰੂ ਨੇ ਉਸ ਥਾਂ ਵੱਲ ਉਂਗਲ ਸੇਧੀ। ਸਾਰਿਆਂ ਦੀਆਂ ਅੱਖਾਂ ਉਸ ਥਾਂ ਦੀ ਨਿਸ਼ਾਨਦੇਹੀ ਕਰਦੀਆਂ ਫਿਰ ਸੇਰੂ 'ਤੇ ਕੇਂਦਰਿਤ ਹੋ ਗਈਆਂ। ਸੇਰੂ ਕਹਿ ਰਿਹਾ ਸੀ, ''ਮੈਂ ਕਿਹਾ ਸਰਵਣਾ ਕੀ ਗੱਲ ਹੋ ਗਈ। ਕਹਿੰਦਾ ਕਾਹਨੂੰ ਯਰ, ਰੱਬ ਨੇ ਮੁੰਡਾ ਮੈਨੂੰ ਦਿੱਤਾ ਤਾਂ ਹੈਗਾ ਤੀ, ਪਤੰਦਰ ਨੇ ਇਹਾ ਜਾ ਦੇ ਕੇ ਝਰੇਡ ਜੀ ਕਰਤੀ।''

''ਅਈਂ ਕੇਰਾਂ ਭਾਈ ਟੱਲੀ ਨਾਲ ਹੋਈ।'' ਸਾਰਿਆਂ ਦਾ ਧਿਆਨ ਜੱਗੇ ਵੱਲ ਘੁੰਮ ਗਿਆ। ਉਹ ਗੱਲ ਨੂੰ ਹਾਸੇ ਦੀ ਚਾਸ਼ਨੀ ਵਿੱਚ ਡਬੋਂਦਾ, ਸੱਜਰੀ ਕੱਟੀ ਦਾੜ੍ਹੀ 'ਤੇ ਹੱਥ ਫੇਰਦਾ ਉਚਾਰ ਰਿਹਾ ਸੀ, ''ਟੱਲੀ ਬਘੇਲੇ ਕਿਆਂ ਨਾਲ ਪਾਲੀ ਤੀ ਓਦੋਂ। ਬਘੇਲੇ ਕਿਆਂ ਨੇ ਨਮਾਂ ਨਮਾਂ ਇੰਜਣ ਲਿਆਂਦਾ ਤੀ। ਟੱਲੀ ਨੇ ਪਹਿਲਾਂ ਨਾ ਇੰਜਣ ਕਦੇ ਚਲਾਇਆ ਤੀ, ਨਾ ਬੰਦ ਕਰਿਆ ਤੀ। ਓਦੋਂ ਭਾਈ ਚਲਦੇ ਚਲਦੇ ਇੰਜਣ ਤੋਂ ਪਟਾ ਟੁੱਟ ਕੇ ਟੋਏ 'ਚ ਡਿੱਗ ਪਿਆ। ਬਘੇਲਾ ਕਹਿੰਦਾ, ਜਾਈਂ ਕੇਰਾਂ ਟੱਲੀ ਭੱਜਕੇ, ਕਰੀਂ ਬੰਦ। ਟੱਲੀ ਨੇ ਤਾਂ ਭਾਈ ਭੱਜਕੇ ਜਾ ਕੇ ਧੂੰਏਂ ਆਲੇ ਸਲੈਸਰ ਮੂਹਰੇ ਹੱਥ ਲਾ ਲਿਆ। ਕਹਿੰਦਾ, 'ਹਾਏ ਓਏ ਬਾਪੂ ਮਾਰਤਾ!' ਬਘੇਲਾ ਭੱਜਕੇ ਆਇਆ ਕਹਿੰਦਾ, 'ਕੀ ਹੋ ਗਿਆ?' ਟੱਲੀ ਬੋਲਦੈ! ਕਹਿੰਦਾ, 'ਚਾਚਾ ਪਤੰਦਰਾ ਬੰਦ ਕਰਨ ਆਲਾ ਤੱਤਾ ਈ ਲਵਾ ਰੱਖਿਐ।' ਸੇਰੂ ਦੀ ਗੱਲ ਨਾਲ ਸਾਰੀ ਚੌਂਕੜੀ 'ਤੇ ਹਾਸੜ ਮੱਚ ਗਈ।

ਸਾਹਮਣਿਓਂ ਛੱਗੜ ਤੁਰਿਆ ਆ ਰਿਹਾ ਸੀ। ਉਸਦੇ ਪਿੱਛੇ ਪੰਜ-ਛੇ ਚੋਲਿਆਂ ਵਾਲੇ ਸਿੱਖ ਬੋਰੀਆਂ ਲਈ ਆ ਰਹੇ ਸਨ। ਬੋਰੀਆਂ ਵਾਲੇ ਸਿੱਖ ਦਰਵਾਜੇ ਵਾਲੇ ਘਰ ਵੜ ਗਏ ਅਤੇ ਛੱਗੜ ਅੱਗੇ ਲੰਘ ਆਇਆ।

''ਸੁੰਨੇ ਖਾਗੜ ਕਿੱਧਰੋਂ ਮੋੜ ਲਿਆਇਆ।'' ਨੇੜੇ ਆਏ ਛੰਗੜ ਨੂੰ ਸਿੰਦੂ ਨੇ ਚੋਟ ਮਾਰ ਦਿੱਤੀ।

''ਪਤਾ ਨੀ ਭੈਣ....ਕਿੱਧਰੋਂ ਆ ਪੈਂਦੇ ਨੇ ਕੱਢੀ-ਕਢਾਈ 'ਤੇ। ਸਾਡੇ ਘਰੇ ਵੀ ਆਏ ਤੀ। ਮੈਨੂੰ ਕਹਿੰਦੇ ਸਿੰਘਾ ਬੋਰੀ ਧਰਕੇ ਗਏ ਤੀ। ਮੈਂ ਉਹ ਬਲਦ ਦੇ ਝੁੱਲ 'ਚ ਈ ਸਿਊਂ 'ਤੀ ਤੀ। ਮੈਂ ਕਿਹਾ ਓਹ ਪਈ ਐ ਬਲਦ ਦੇ ਝੁੱਲ 'ਚ ਸਿਊਂਤੀ, ਦੇੜ੍ਹ ਕੇ ਲੈਜੋ। ਫੇਰ ਸਾਲੇ ਕੰਨ ਜੇ ਝਾੜ ਕੇ ਮੁੜਗੇ।'' ਫਿਰ ਛੰਗੜ ਬੁੜ ਬੁੜ ਕਰਦਾ, ਸਿੱਖਾਂ ਨੂੰ ਸਲੋਕ ਸੁਣਾਉਂਦਾ, ਢਾਕਾਂ ਤੇ ਹੱਥ ਧਰਕੇ ਚੌਂਕੜੀ ਕੋਲ ਹੀ ਖੜ੍ਹ ਗਿਆ।

''ਇਨ੍ਹਾਂ ਨੇ ਤਾਂ ਜਮਾਂ ਸ਼ਰਮ ਲਾਹ ਰੱਖੀ ਐ ਭਾਈ। ਪਹਿਲਾ ਤਾਂ ਕਦੇ ਨੀ ਦੇਖਿਆ ਤੀ ਆਹ ਹਾਲ।'' ਪਰ੍ਹਾਂ ਨੂੰ ਬੈਠਾ ਬਜ਼ੁਰਗ ਦਾੜ੍ਹੀ ਪਲੋਸਦਾ ਆਪਣੇ ਤਜਰਬੇ ਵਿੱਚੋਂ ਬੋਲਿਆ।

''ਅਜੇ ਤਾਂ ਤਾਇਆ ਐਂ ਕਹਿਣਗੀ, ਅਕੇ ਕੰਮ ਕਰਦੇ ਵਾਹਿਗੁਰੂ ਵਾਹਿਗੁਰੂ ਜਪਿਆ ਕਰੋ। ਇਨ੍ਹਾਂ ਦੀ ਫੜਕੇ ਗਿੱਚੀ ਛਰੰਮੀ ਤੇ ਲੈਜੋ। ਢਿੱਲਾ ਜਾ ਚੁਕਾ ਦੋ ਭਰਾ, ਜਿਹੜਾ ਗਲ 'ਚ ਪੈਜੇ। ਓਧਰੋਂ ਨਿਕਲ ਜੇ ਚੰਪਲ। ਫੇਰ ਪਤਿਊਰੇ ਜੇ 'ਹਾਏ! ਬਾਪੂ ਪਾਣੀ ਦੇਂਦੇ ਓਏ!' ਵੀ ਕਹਿ ਜਾਣ ਮੇਰੀ ਮੂਤ ਨਾਲ ਦਾੜ੍ਹੀ ਮੁਨਦਿਓ।'' ਛੰਗੜ ਨੇ ਪਾਣੀ ਨਚੋੜਨ ਵਾਂਗ ਦਾੜ੍ਹੀ ਤੇ ਹੱਥ ਫੇਰ ਕੇ ਪਰ੍ਹਾਂ ਨੂੰ ਝਟਕ ਦਿੱਤਾ।

''ਅੱਜ ਕੱਲ੍ਹ ਕਿਹੜੇ ਰਹੇ ਨੇ ਗੁਰਦੁਆਰੇ, ਇਨ੍ਹਾਂ ਨੇ ਤਾਂ ਦੁਕਾਨਾਂ ਬਣਾ ਰੱਖੀਆਂ ਨੇ ਭਾਈ। ਵਿਹਲੇ ਬੈਠੇ ਟੱਬਰਾਂ ਨੂੰ ਪਾਲੀ ਜਾਂਦੇ ਨੇ।'' ਪਹਿਲਾਂ ਵਾਲਾ ਬਜ਼ੁਰਗ ਹੀ ਉਦਾਸੀ ਜਿਹੀ 'ਚੋਂ ਬੋਲਦਾ ਖੜ੍ਹਾ ਹੋ ਕੇ ਘਰ ਨੂੰ ਤੁਰ ਗਿਆ। ਛੰਗੜ ਅੱਗੇ ਲੰਘ ਗਿਆ। ਸਿੰਦੂ ਆਪਣੇ ਘਰ ਜਾ ਵੜਿਆ।

ਅਗਲੇ ਦਿਨ ਸਿੰਦੂ, ਰੋਹੀ, ਸਰਵਣ, ਨਾਜਰ ਅਤੇ ਦਰਸ਼ਨ ਨੰਬਰਦਾਰ ਗਿਆਰਾਂ ਵਾਲੀ ਬੱਸ ਸੁਨਾਮ ਨੂੰ ਚੜ੍ਹ ਗਏ। ਕਚਹਿਰੀ ਜਾ ਕੇ ਪਹਿਲਾਂ ਪਟਵਾਰੀ ਤੋਂ ਨੰਬਰ ਕਢਵਾਏ ਫੇਰ ਅਸਟਾਮ ਲੈ ਕੇ ਅਰਜੀਨਸੀਬ ਤੋਂ ਟਾਇਪ ਕਰਵਾ ਕੇ ਤਹਿਸੀਲਦਾਰ ਦੇ ਪੇਸ਼ ਹੋ ਗਏ। ਜਦ ਰਜਿਸਟਰੀ ਹੋ ਗਈ ਤਾਂ ਸਾਰੇ ਕਚਹਿਰੀ ਦੇ ਬਾਹਰ ਬਣੇ ਹੋਟਲ ਤੇ ਚਾਹ ਪੀਣ ਬੈਠ ਗਏ।

ਸ਼ਾਮ ਨੂੰ ਮੁੜਦੇ ਹੋਏ ਸਾਰੇ ਠੇਕੇ 'ਤੇ ਹੀ ਉਤਰ ਗਏ। ਓਥੋਂ ਸ਼ਰਾਬ ਖਰੀਦ ਕੇ ਨਾਜਰ ਸਾਰਿਆਂ ਨੂੰ ਆਪਣੇ ਘਰ ਲੈ ਗਿਆ। ਜਦੋਂ ਬੋਤਲਾਂ ਖਾਲੀ ਹੋ ਕੇ ਮੰਜਿਆਂ ਹੇਠ ਰੁੜ੍ਹ ਗਈਆਂ ਤਾਂ ਰੋਹੀ ਹੋਰੀਂ ਉੱਠ ਕੇ ਘਰ ਨੂੰ ਤੁਰ ਪਏ। ਬੀਹੀ ਵਿੱਚ ਤੁਰੇ ਆਉਂਦਿਆਂ ਰੋਹੀ ਨੇ ਇੱਕ ਲਲਕਾਰਾ ਮਾਰ ਦਿੱਤਾ, ''ਬੂ......ਅ.......ਓ......ਏ......ਆਜੇ ਕਿਹੜਾ ਆਉਂਦੈ...ਓ.....ਏ.....!''

''ਭੈਣ ਦਿ.....ਆ.... ਖਸਮਾਂ ਕੀ ਮ...ਮੁੰਡੇ ਨੂੰ ਵਿਆਹ ਕੇ ਲਿਆਇਐਂ ਓਏ।'' ਸਿੰਦੂ ਨੇ ਉਸਦੀ ਗਿੱਚੀ ਵਿੱਚ ਧੱਫਾ ਮਾਰਿਆ।

''ਓਏ ਲੋ..ਕੋ ਬੂ.....ਆ....।'' ਬਾਰ ਵਿੱਚ ਜਾ ਕੇ ਰੋਹੀ ਨੇ ਇੱਕ ਲਲਕਾਰਾ ਹੋਰ ਮਾਰ ਦਿੱਤਾ। ਅੰਦਰ ਮੰਜੇ 'ਤੇ ਬੈਠੀ ਦੇਵਕੀ ਡਰ ਨਾਲ ਕੰਬਦੀ ਖੜ੍ਹੀ ਹੋ ਗਈ। ਦੋਵੇਂ ਭਰਾ ਸ਼ਰਾਬ ਨਾਲ ਧੁੱਤ ਅੰਦਰ ਲੰਘ ਆਏ। ਦੇਵਕੀ ਭੱਜ ਕੇ ਅੰਦਰੋਂ ਇੱਕ ਮੰਜਾ ਹੋਰ ਚੁੱਕ ਲਿਆਈ।

''ਉਰੇ ਆ...ਪੁੱਤ। ਉਰੇ ਅ...ਅ...ਆਜਾ ਮੇਰਾ ਸ਼ੇਰ।'' ਰਾਜੂ ਡਰ ਤੇ ਹੈਰਾਨੀ 'ਚ ਉਲਝਿਆ ਪੈਰ ਜਿਹੇ ਘੜੀਸਦਾ ਸਿੰਦੂ ਦੇ ਮੰਜੇ ਕੋਲ ਹੋ ਗਿਆ, 'ਐਂ ਕਰ ਪੁੱਤ ਅ....ਆਹ..ਝ...ਝੋਲਾ ਤੇਰੀ ਮੰਮੀ ਨੂੰ ਫੜਾ ਦੇ। ਸ...ਸਾਰਾ ਸਮਾਨ ਲਿਆਇਆਂ ਮੈਂ, ਨਾਲੇ ਤੇਰੇ ਵਾਸਤੇ ਚੀਜੀ ਐ, ਸੰ..ਗਤਰੇ।''

''ਮੇਰੀ ਵਰਦੀ.....ਨਾਲੇ ਕਾਪੀਆਂ।'' ਸਿੰਦੂ ਨੂੰ ਲਾਡ ਕਰਦਾ ਵੇਖ ਕੇ ਰਾਜੂ ਦਾ ਡਰ ਲੱਥ ਗਿਆ ਅਤੇ ਉਸਨੇ ਨੇੜੇ ਹੁੰਦਿਆਂ ਆਪਣੀਆਂ ਜਰੂਰਤਾਂ ਗਿਣਾ ਦਿੱਤੀਆਂ।

''ਲੈ ਹੋ ਬੋਲਾ, ਅ...ਆਹ....ਚੱਕ! ਹੋਰ ਲੈਣੇ ਨੇ? ਆਹ ਚ...ਚੱਕ! ਲੈ ਆਹ ਸ...ਸਾਰੇ ਚੱਕ!! ਕੱਲ੍ਹ ਨੂੰ ਆ..ਵਦੀ ਮੰਮੀ ਨਾ...ਨਾਲ ਜਾਕੇ ਸਾ..ਅ...ਰਾ ਸਮਾਨ ਲਿਆਈਂ! ਨਾਲੇ ਤੇਰੀ ਮੰਮੀ ਨੂੰ ਦਵਾ ਲਿਆਈਂ ਸੋਣੇ-ਸੋਣੇ ਸ..ਸੂ...ਟ!!'' ਸਿੰਦੂ ਨੇ ਜੇਬ ਚੋਂ ਰੁਪਏ ਕੱਢ ਕੱਢ ਮੰਜੇ 'ਤੇ ਢੇਰੀ ਲਾ ਦਿੱਤੀ।

''ਓਏ! ਬਾਪੂ ਹਾ....ਏ, ਐ....ਨੇ ਪੈਸੇ!'' ਰਾਜੂ ਨੇ ਮੂੰਹ ਤੇ ਹੱਥ ਰੱਖ ਕੇ ਅੱਖਾਂ ਟੱਡ ਲਈਆਂ।

''ਸ...ਸਾਰੇ ਤੇਰੇ ਵਾ...ਵਾਸਤੇ ਨੇ ਮ..ਮੇਰੇ ਸ਼ੇਰ ਵਾਸਤੇ। ਉਰੇ ਆ ਉਰੇ...ਏ.......ਹਾ.....ਆ....।'' ਸਿੰਦੂ ਨੇ ਰਾਜੂ ਨੂੰ ਚੁੱਕ ਕੇ ਗੋਦੀ ਵਿੱਚ ਬਿਠਾ ਲਿਆ। ਸਾਹਮਣੇ ਮੰਜੇ 'ਤੇ ਪਿਆ ਰੋਹੀ ਪਹਿਲਾਂ ਤਾਂ ਇਹਨਾਂ ਵੱਲ ਵੇਖਦਾ ਸੂਰ ਵਾਂਗ 'ਖੁਰ ਖੁਰ' ਜਿਹੀ ਕਰੀਂ ਗਿਆ ਤੇ ਫਿਰ ਉਸਦੀ 'ਖੁਰ ਖੁਰ' ਮੱਧਮ ਹੁੰਦੀ ਗਈ ਤੇ ਘੁਰਾੜੇ ਉੱਚੇ ਹੋ ਗਏ।

''ਐਨੇ ਪੈਸਿਆਂ ਦਾ ਕੀ ਕਰਾਂਗੇ ਬਾਪੂ।'' ਗੋਦੀ 'ਚ ਬੈਠਾ ਰਾਜੂ ਉਪਰ ਸਿੰਦੂ ਦੀ ਅਧ-ਚਿੱਟੀ ਦਾੜ੍ਹੀ ਵੱਲ ਵੇਖਦਾ ਬੋਲਿਆ।

''ਤ..ਤੇਰੇ ਵਾ....ਵਾਸਤੇ ਬਹੂ ਲਿ..ਆ...ਮਾਂਗੇ ਸੋਹਣੀ ਜੀ, ਤੇਰੀ ਬੇਬੇ ਨਾਲੋਂ ਵੀ ਸੋਹਣੀ।''

''ਮੈਂ.....ਨੀ.....ਮੈਂ ਤਾਂ ਮੇਰੀ ਬੇਬੇ ਵਰਗੀ ਲਿਆਊਂ।''

''ਰਾਜੂ ਬੇਟੇ ਤੇਰੇ ਡੈਡੀ ਕੇ ਕੇਹਦੇ ਰੋਟੀ ਖਾਲੇਂਗੇ।'' ਚੁੱਲ੍ਹੇ ਅੱਗੇ ਬੈਠੀ ਦੇਵਕੀ ਨੇ ਰਾਜੂ ਨੂੰ ਅਵਾਜ਼ ਮਾਰੀ।

''ਜਾਹ ਪੁੱਤ ਲਿਆ।'' ਸਿੰਦੂ ਨੇ ਰਾਜੂ ਨੂੰ ਦੋਵੇਂ ਬਾਹਵਾਂ 'ਤੇ ਉਗਾਸ ਕੇ ਮੰਜੇ ਤੋਂ ਹੇਠ ਉਤਾਰ ਦਿੱਤਾ। ਉਹ ਭੱਜ ਕੇ ਦੇਵਕੀ ਨਾਲ ਰੋਟੀ ਚੁਕਾ ਲਿਆਇਆ। ਸਿੰਦੂ ਨੇ ਮਸਾਂ ਦੋ-ਚਾਰ ਬੁਰਕੀਆਂ ਇਧਰ-ਉਧਰ ਲਾਈਆਂ ਤੇ ਉਹ ਬਿਨਾਂ ਹੱਥ ਧੋਤੇ ਹੀ ਮੰਜੇ 'ਤੇ ਢੇਰੀ ਹੋ ਗਿਆ। ਜਦੋਂ ਨੂੰ ਦੇਵਕੀ ਅੰਦਰੋਂ ਸਿੰਦੂ ਲਈ ਕੱਪੜੇ ਲੈ ਕੇ ਆਈ ਉਸਦੇ ਘੁਰਾੜਿਆਂ ਦੀ ਸੁਰ ਵੀ ਰੋਹੀ ਨਾਲ ਜਾ ਰਲੀ ਸੀ। ਦੇਵਕੀ ਨੇ ਦੋਵਾਂ ਉਪਰ ਇੱਕ ਇੱਕ ਖੇਸ ਪਾ ਦਿੱਤਾ ਤੇ ਆਪ ਥੋੜ੍ਹਾ ਹਟਵਾਂ ਮੰਜਾ ਡਾਹ ਕੇ ਪੈ ਗਈ।

ਅਸਮਾਨ ਤਾਰਿਆਂ ਨਾਲ ਭਰਿਆ ਪਿਆ ਸੀ। ਕਿਤੇ ਕਿਤੇ ਕੋਈ ਨਿੱਕੀ ਨਿੱਕੀ ਬੱਦਲੀ, ਤਾੜੇ ਨਾਲ ਵੱਖ ਹੋਏ ਰੂੰ ਦੇ ਫੰਬਿਆਂ ਵਾਂਗ ਉੱਡੀ ਫਿਰਦੀ ਸੀ। ਦੇਵਕੀ ਅੱਖਾਂ ਗੱਡੀ ਤਾਰਿਆਂ ਵੱਲ ਵੇਖਦੀ ਪੁਰਾਣੀਆਂ ਯਾਦਾਂ ਨਾਲ ਤੰਦ ਜੋੜੀ ਪਈ ਸੀ। ਕਦੇ ਉਹ ਵੀ ਜਵਾਨੀ ਦੇ ਦਸਤਕ ਵੇਲੇ ਆਪਣੇ ਦੇਸ਼, ਆਪਣੇ ਭੈਣ-ਭਾਈਆਂ 'ਚ ਪਈ ਤਾਰੇ ਗਿਣਦੀ ਹੁੰਦੀ ਸੀ। ਅਜੇ ਤਾਂ ਉਸਦੀ ਤਾਰੇ ਗਿਣਨ ਦੀ ਹੀ ਰੁੱਤ ਸੀ ਜਦ ਉਹ ਆਪਣੇ ਹੀ ਪਿੰਡ ਦੀ ਕਿਸੇ ਤੀਵੀਂ ਦੇ ਢਹੇ ਚੜ੍ਹੀ ਪੰਜਾਬ ਪਹੁੰਚ ਗਈ ਸੀ। ਉਸਦੇ ਪਿੰਡ ਦੀ ਉਹ ਤੀਵੀਂ ਕਿਸੇ ਟਰੱਕ ਡਰਾਇਵਰ ਨਾਲ ਪੰਜਾਬ ਦੌੜ ਕੇ ਆਈ ਸੀ। ਕਈ ਸਾਲ ਤਾਂ ਉਹ ਉਧਰ ਨਾ ਗਏ ਪਰ ਹੌਲੀ ਹੌਲੀ ਉਨ੍ਹਾਂ ਦੀ ਬਿਹਾਰ ਵਿੱਚ ਆਉਣੀ-ਜਾਣੀ ਹੋ ਗਈ ਸੀ। ਉਹ ਦੋਵੇਂ ਜੀਅ ਦੇਵਕੀ ਦੇ ਮਾਂ-ਬਾਪ ਨੂੰ ਦੇਵਕੀ ਦਾ ਇਧਰ ਵਿਆਹ ਕਰ ਦੇਣ ਦਾ ਝਾਂਸਾ ਦੇ ਕੇ ਇਧਰ ਲਿਆਏ ਸਨ ਪਰ ਇਧਰ ਮਹੀਨਾ ਆਪਣੇ ਘਰ ਰੱਖ ਕੇ ਉਨ੍ਹਾਂ ਨੇ ਦੇਵਕੀ ਬਠਿੰਡੇ ਲਾਗਲੇ ਪਿੰਡ ਦਿਉਣ, ਫੀਟਰ ਰੇਹੜਾ ਚਲਾਉਣ ਵਾਲੇ ਅਮਲੀ ਨੂੰ ਵੇਚ ਦਿੱਤੀ ਸੀ। ਦਿਉਣ ਵਾਲੇ ਅਮਲੀ ਤੋਂ ਲੁੱਟਰ ਵਾਲਾ ਮੱਘਰ ਮੁੱਲ ਲੈ ਆਇਆ ਸੀ। ਹੁਣ ਮੱਘਰ ਨੇ ਦੇਵਕੀ ਦੀ ਬਾਂਹ ਸਿੰਦੂ ਨੂੰ ਫੜਾ ਦਿੱਤੀ ਸੀ। ਫਿਰ ਉਸਦੀ ਸੋਚ ਅਸਮਾਨ 'ਚ ਉਡਦੀਆਂ ਬੱਦਲੀਆਂ ਵਾਂਗ ਪਤਾ ਨਹੀਂ ਕਿੱਥੇ ਕਿੱਥੇ ਭਾਉਂਦੀ ਰਹੀ। ਜਦ ਰਾਤ ਢਲੀ ਤੇਂ ਚੰਦ ਦੀ ਚਾਨਣੀ ਮੱਧਮ ਪੈਣ ਲੱਗੀ, ਦੇਵਕੀ ਦੀ ਅੱਖ ਭਾਰੀ ਹੁੰਦੀ ਗਈ ਫਿਰ ਪਤਾ ਨਹੀਂ ਕਦੋਂ ਉਹ ਨੀਂਦ ਦੀ ਗੁਫਾ ਵਿੱਚ ਜਾ ਉਤਰੀ।

## 9

ਚਾਰ-ਪੰਜ ਸਾਲ ਅੱਖ ਦੇ ਫੋਰ ਵਾਂਗ ਲੰਘ ਗਏ ਸਨ। ਰਾਜੂ ਪੰਜਵੀਂ ਵਿੱਚ ਹੋ ਗਿਆ ਸੀ। ਸਿੰਦੂ ਤੇ ਰੋਹੀ ਨਸ਼ਿਆਂ ਦੀ ਆਦਤ ਨੇ ਖੜਸੁਕ ਟਾਹਲੀ ਵਰਗੇ ਕਰ ਦਿੱਤੇ ਸਨ। ਸਿੰਦੂ ਦੀ ਅਧ-ਚਿੱਟੀ ਦਾੜ੍ਹੀ ਵਿੱਚ ਹੁਣ ਟਾਵਾਂ ਟਾਵਾਂ ਹੀ ਕਾਲਾ ਵਾਲ ਰਹਿ ਗਿਆ ਸੀ। ਇਹਨਾਂ ਪੰਜ ਸਾਲਾਂ ਦੌਰਾਨ ਨਾਜ਼ਰ ਨੂੰ ਵੇਚੇ ਕਿੱਲੇ ਦੇ ਪੈਸੇ ਥੋੜ੍ਹੇ ਥੋੜ੍ਹੇ ਕਰਕੇ ਸਾਰੇ ਲੇਖੇ ਲੱਗ ਗਏ ਸਨ। ਦੂਜੇ-ਤੀਜੇ ਦਿਨ ਦੋਵੇਂ ਭਰਾਵਾਂ 'ਚੋਂ ਕੋਈ ਨਾ ਕੋਈ ਰੁਪਏ ਲੈਣ ਲਈ ਨਾਜ਼ਰ ਕੇ ਘਰ ਜਾ ਖੜ੍ਹਦਾ ਸੀ। ਨਾਜ਼ਰ ਨੇ ਵਧੇਰਾ ਕਿਹਾ ਸੀ, ''ਸੰਜਮ ਨਾਲ ਚੱਲੋ।'' ਦੇਵਕੀ ਰੋਜ਼ ਪਿੱਟਦੀ, ''ਰਾਜੂ ਵੱਲ ਵੀ ਦੇਖੋ ਏਹ ਕੀ ਕਰੇਗਾ?'' ਪਰ ਡੂਮਣੀ ਸਿਰਹਾਣੇ ਦੁੱਧ ਕਦ ਜੰਮਿਆ ਹੈ। ਹਾਂ! ਦੇਵਕੀ ਤੇ ਨਾਜ਼ਰ ਦੇ ਟੋਕਣ ਨਾਲ ਇਹਨਾਂ ਦੀ ਚਾਲ 'ਚ ਫ਼ਰਕ ਜ਼ਰੂਰ ਪਿਆ ਸੀ ਪਰ ਰੁਕੇ ਨਹੀਂ। ਜੇ ਕੋਈ ਟੋਕਣ ਵਾਲਾ ਨਾ

ਹੁੰਦਾ ਤਾਂ ਹੁਣ ਤੱਕ ਤਾਂ ਇਹ ਰਹਿੰਦੇ ਦੋ ਕਿੱਲਿਆਂ ਦੀਆਂ ਵੀ ਫੱਕੀਆਂ ਉਡਾ ਜਾਂਦੇ। ਫਿਰ ਦੋਵੇਂ ਭਰਾਵਾਂ ਨੇ ਆਪਸ ਵਿੱਚ ਹੀ ਸਲਾਹ ਕਰਕੇ ਰਹਿੰਦੇ ਦੋ ਕਿੱਲੇ ਅਗਲੇ ਸਾਲ ਲਈ ਠੇਕੇ ਉੱਤੇ ਚਾੜ੍ਹ ਦਿੱਤੇ।

ਸੂਰਜ ਸੂਏ ਦੀਆਂ ਲਹਿਰਾਂ ਤੇ ਡੋਲੇ ਖਾਂਦਾ ਕਦੋਂ ਦਾ ਛਿਪ ਗਿਆ ਸੀ। ਸਿੰਦੂ ਥੱਕਿਆ ਜਿਹਾ ਸੂਏ ਦੀ ਪਟੜੀ 'ਤੇ ਤੁਰਿਆ ਆ ਰਿਹਾ ਸੀ। ਅੱਜ ਉਹ ਕਣਕ ਨੂੰ ਅਖੀਰੀ ਪਾਣੀ ਲਾ ਕੇ ਆਇਆ ਸੀ। ਅਗਲੀ ਫ਼ਸਲ ਦੀ ਬਿਜਾਈ ਠੇਕੇ ਵਾਲੇ ਨੇ ਕਰਨੀ ਸੀ। ਪਿੰਡ ਦੇ ਗੁਰਦੁਆਰੇ 'ਚੋਂ ਰਹਿਰਾਸ ਦੇ ਪਾਠ ਦੀ ਅਵਾਜ ਸੁਣਾਈ ਦੇ ਰਹੀ ਸੀ। ਉਹ ਪਟੜੀ ਤੋਂ ਲਹਿ ਕੇ ਪੁਲ ਚੜ੍ਹ ਗਿਆ। ਜਦੋਂ ਪੁਲ ਦੀ ਢਲਾਣ ਉਤਰਿਆ ਤਾਂ ਸਾਹਮਣੇ ਚੌਂਕੜੀ ਵਾਲਾ ਮੋੜ ਨਜ਼ਰ ਪੈ ਗਿਆ। ਇਸ ਮੋੜ 'ਤੇ ਹੀ ਸਾਹਮਣੇ ਸਿੰਦੂ ਹੋਰਾਂ ਦਾ ਘਰ ਹੈ। ਉਸਨੇ ਵੇਖਿਆ ਅੱਜ ਚੌਂਕੜੀ ਉੱਤੇ ਹੋਰ ਦਿਨਾਂ ਨਾਲੋਂ ਕੁਝ ਜ਼ਿਆਦਾ ਹੀ ਇਕੱਠ ਸੀ। ਫਿਰ ਉਸਨੂੰ ਕੁਝ ਬੰਦੇ-ਬੁੜੀਆਂ ਆਪਣੇ ਘਰ ਵੜਦੇ-ਨਿਕਲਦੇ ਵੀ ਦਿਸ ਗਏ। ਉਹ ਸਸੋਪੰਜ ਵਿੱਚ ਪੈ ਗਿਆ, 'ਹੈਂ! ਇਹ ਕੀ ਗੱਲ ਹੋ ਗੀ? ਕਿਤੇ ਜਵਾਕ ਜਾ ਈ ਨਾ ਕਾਸੇ ਥੱਲੇ ਆ ਗਿਆ ਹੋਵੇ, ਸੂਟ ਵੱਟ ਕੇ ਨਿਕਲਦੈ ਘਰੋਂ। ਕਿੰਨੇ ਵਾਰੀ ਕਿਹੈ ਵੀ ਮੋੜ ਦਾ ਕੰਮ ਐ ਘਰੋਂ ਖੇਡ ਲਿਆ ਕਰੇ। ਕਿਤੇ ਦੇਵਕੀ ਨਾ......?' ਪਹਿਲਾਂ ਉਹ ਸੋਚ ਗਿਆ ਫਿਰ ਜਲਦੀ ਨਾਲ ਆਪਣੇ ਸਿਰ ਨੂੰ ਝਟਕ ਦਿੱਤਾ ਜਿਵੇਂ ਉਸਨੇ ਇਹ ਸੋਚ ਬੇਲੋੜੀ ਸਮਝ ਕੇ ਆਪਣੇ ਦਿਮਾਗ਼ ਵਿੱਚੋਂ ਝਟਕ ਦਿੱਤੀ ਹੋਵੇ। 'ਫੇਰ ਹੋਰ ਕੀ ਗੱਲ ਹੋ ਗੀ......?' ਉਹ ਉਥੋਂ ਹੀ ਲੰਬੀਆ ਪੁਲਾਂਗਾਂ ਭਰਦਾ ਕਾਹਲੇ ਕਦਮੀਂ ਹੋ ਗਿਆ। ਜਦ ਉਹ ਉਲਝਿਆ ਜਿਹਾ ਮੋੜ 'ਤੇ ਆਇਆ ਤਾਂ ਬਾਹਰ ਖੜ੍ਹੇ ਬੁੜੀਆਂ-ਬੰਦਿਆਂ ਨੇ ਤਰਸ ਅਤੇ ਹੈਰਾਨੀ ਭਰੀਆਂ ਸਵਾਲੀਆਂ ਨਜ਼ਰਾਂ ਉਸ ਦੇ ਚਿਹਰੇ 'ਤੇ ਗੱਡ ਦਿੱਤੀਆਂ। ਸਿੰਦੂ ਉਹਨਾਂ ਅੱਗੇ ਆਪ ਸਵਾਲ ਬਣਿਆ ਘਰ ਅੰਦਰ ਲੰਘ ਗਿਆ। ਰੋਹੀ ਮੂੰਹ ਲਟਕਾਈ ਬੰਦਿਆਂ 'ਚ ਘਿਰਿਆ ਖੜ੍ਹਾ ਸੀ। ਰਾਜੂ ਅਮਰੋ ਤਾਈ ਦੀ ਗੋਦੀ ਵਿੱਚ ਬੈਠਾ ਹੁਬਕੀ ਹੁਬਕੀ ਰੋ ਰਿਹਾ ਸੀ।

''ਕੀ ਗੱਲ ਐ ਤਾਈ?'' ਉਲਝਣ ਜਿਹੀ 'ਚ ਪਏ ਸਿੰਦੂ ਨੇ ਅਮਰੋ ਨੂੰ ਪੁੱਛਦਿਆਂ ਵਿਹੜੇ 'ਚ ਖੜ੍ਹੇ ਸਾਰੇ ਬੰਦੇ-ਬੁੜੀਆਂ 'ਤੇ ਨਜ਼ਰ ਫੇਰੀ, ਦੇਵਕੀ ਕਿਤੇ ਨਜ਼ਰ ਨਹੀਂ ਸੀ ਆਈ।

''ਕੀ ਦੱਸੀਏ ਭਾਈ। ਅੱਜ ਆਥਣੇ ਜੇ ਰਾਜੂ ਦੇਵਕੀ ਨਾਲ ਰੁੱਸ ਕੇ ਸਕੂਲ ਕਣੀਂ ਭੱਜ ਗਿਆ। ਦੋ ਤਿੰਨ ਜਵਾਕ ਦੇਵਕੀ ਨੂੰ ਦੱਸ ਗਏ, ਅਕੇ ਉਹ ਤਾਂ ਕਿਸੇ ਟਰਾਲੀ 'ਚ ਚੀਮਿਆਂ ਨੂੰ ਚੜ੍ਹ ਗਿਆ। ਇਹ ਬੌਲੀ ਨੇ ਨਾ ਕਿਸੇ ਨੂੰ ਪੁੱਛਿਆ ਨਾ ਦੱਸਿਆ, ਮਗਰੇ ਛੀ ਆਲੀ ਬੱਸ ਆਪ ਚੜ੍ਹ ਗੀ। ਰਾਜੂ ਨੂੰ ਤਾਂ ਉਥੇ ਅੱਡੇ 'ਚ ਫਿਰਦੇ ਨੂੰ ਸੇਰੂ ਤੇਲ ਲੈਣ ਗਿਆ ਤੀ, ਚੜ੍ਹਾ ਲਿਆਇਆ। ਦੇਵਕੀ ਅਜੇ ਤੱਕ ਨੀ ਮੁੜੀ।

''ਕੋਈ ਪਤਾ ਕਰਨ ਨੀ ਗਿਆ?'' ਸਿੰਦੂ ਨੇ ਭਰੇ ਮਨ ਨਾਲ ਪੁੱਛਿਆ। ਉਸਨੂੰ ਅੱਖਾਂ ਸਾਹਮਣੇ ਇੱਕ ਵਾਰ ਫਿਰ ਆਪਣਾ ਘਰ ਉਜੜਦਾ ਦਿਸ ਰਿਹਾ ਸੀ।

''ਭੇਜੇ ਨੇ ਭਾਈ ਨਾਜ਼ਰ ਤੇ ਕੌਲੇ ਹੋਰੀਂ ਤੇਰੇ ਮੂਹਰੇ-ਮੂਹਰੀ। ਬੱਸ! ਪੁੱਤ ਬੱਸ! ਕੋਈ ਨਾ ਰੋ ਨਾ। ਆਜੂ ਹੁਣੀ। ਗਏ ਨੇ ਤੇਰੇ ਚਾਚੇ ਹੋਰੀਂ ਲੈਣ।'' ਅਮਰੋ ਨੇ ਰਾਜੂ ਨੂੰ ਦਿਲਾਸਾ ਦਿੰਦਿਆਂ ਹਥੇਲੀ ਨਾਲ ਉਸਦੀਆਂ ਅੱਖਾਂ ਪੂੰਝ ਦਿੱਤੀਆਂ।

''ਹਾਏ! ਓਏ ਵੈਰੀਆ!! ਕਿਹੜੇ ਜਨਮਾਂ ਦਾ ਬਦਲਾ ਲੈਨੈਂ....ਮੈਥੋਂ।'' ਸਿੰਦੂ ਨੇ ਉਪਰ ਵੱਲ ਤਕਦਿਆਂ ਧਾਹ ਮਾਰੀ ਤੇ ਫਿਰ ਮੰਜੇ 'ਤੇ ਸਿਰ ਫੜ ਕੇ ਬੈਠ ਗਿਆ। ਅੱਖਾਂ 'ਚੋਂ ਵਗੇ ਹੰਝੂ ਉਦਾਸੀ ਜਿਹੀ ਦਾੜ੍ਹੀ ਵਿੱਚ ਗੁਆਚ ਗਏ।

''ਲੈ! ਹੈਂ! ਹੋ....ਟ, ਤੂੰ ਕਿਉਂ ਕਮਲ ਕੁਟਦੈਂ। ਜੇ ਤੂੰ ਹੀ ਸਿਆਣਾ-ਬਿਆਣਾ ਐਂ ਦਿਲ ਸਿੱਟ ਗਿਆ, ਫੇਰ ਏਸ ਬਲੂਰ ਦਾ ਕੀ ਬਣੂ।'' ਅਮਰੋ ਤਾਈ ਸਿੰਦੂ ਨੂੰ ਵੇਖ ਕੇ ਆਪ ਭਾਵੁਕ ਹੋਈ, ਮੈਲੀ ਚੁੰਨੀ ਨਾਲ ਅੱਖਾਂ ਪੂੰਝਦੀ ਸਿੰਦੂ ਦਾ ਮੋਢਾ ਹਲੂਣਨ ਲੱਗ ਪਈ।

''ਤਾਈ ਏਸ ਘਰ ਨੇ ਇੱਕ ਦਿਨ ਪੱਟਿਆ ਜਾਣਾ ਤੀ, ਬੱਸ! ਗਿਆ....।'' ਸਿੰਦੂ ਨੇ ਖੱਬੇ ਹੱਥ ਦੇ ਅੰਗੂਠੇ ਅਤੇ ਪਹਿਲੀ ਉਂਗਲ ਨਾਲ ਅੱਖਾਂ ਨਚੋੜੀਆਂ।

''ਐਂ ਨੀ ਪੁੱਤ ਬੋਲ-ਕਬੋਲ ਬੋਲਦੇ ਹੁੰਦੇ ਸੁੱਖ ਨਾਲ। ਤੂੰ ਤਾਂ ਬੁੜੀਆਂ ਨਾਲੋਂ ਵੀ ਟੱਪ ਗਿਆ। ਉੱਠ। ਖੜ੍ਹਾ ਹੋ ਕੇ ਰਾਜੂ ਨੂੰ ਵਰਿਆ। ਰੋ ਰੋ ਕੇ ਜਵਾਕ ਮੱਛੀਏਂ-ਮਾਹ ਹੋਇਆ ਪਿਐ।'' ਅਮਰੋ ਨੇ ਸਿੰਦੂ ਨੂੰ ਮੋਢਿਓਂ ਫੜ ਕੇ ਖੜ੍ਹਾ ਕਰਨਾ ਚਾਹਿਆ ਪਰ ਉਹ ਮੰਜੇ 'ਤੇ ਹੀ ਬੈਠਾ ਅੱਖਾਂ ਪੂੰਝਦਾ ਰਿਹਾ।

ਹਨ੍ਹੇਰਾ ਹੁੰਦਾ ਵੇਖ ਹੌਲੀ ਹੌਲੀ ਸਾਰੇ ਰਿਸਕਣ ਲੱਗ ਪਏ। ਕਈ ਗੱਲਾਂ ਦਿਆਂ ਚਸਕੀਆਂ ਨੇ ਚੌਂਕੜੀ 'ਤੇ ਆ ਪੈਰ ਮਲੇ। ਚੌਂਕੜੀ 'ਤੇ ਖੜ੍ਹੀ ਮੁੰਢੀਰ ਵਿੱਚ ਗੱਲਾਂ ਛਿੜ ਪਈਆਂ।

''ਉਹ ਤਾਂ ਚੜ੍ਹ ਗੀ ਹੁਣ ਬੰਬੇ ਕਲਕੱਤੇ ਨੂੰ, ਹੁਣ ਕੀ ਵਾਪਸ ਆਊ।''

''ਲੈ ਐਂ ਜਵਾਕ ਨੂੰ ਛੱਡ ਕੇ ਕਿਮੇਂ ਵਗਜੂ ਭਲਾ!'' ਇੱਕ ਨੇ ਬੱਚੇ ਦੇ ਮੋਹ ਦੀ ਦਲੀਲ ਦਿੱਤੀ।

''ਇਹਨਾਂ ਨੂੰ ਕਾਹਦਾ ਹੁੰਦੈ ਭਾਈ ਜਵਾਕਾਂ ਦਾ ਮੋਹ। ਜਦੋਂ ਅਵਦੇ ਸਾਰੇ ਘਰਦਿਆਂ ਨੂੰ ਛੱਡ ਕੇ ਆ ਜਾਂਦੀਆਂ ਨੇ, ਉਨ੍ਹਾਂ ਦਾ ਮੋਹ ਤਾਂ ਇਹਨਾਂ ਨੂੰ ਆਉਂਦਾ ਨੀ, ਜਵਾਕਾਂ ਦੇ ਮੋਹ ਨੂੰ ਕੀ ਇਹੋ ਲੱਤ ਮਾਰਦੀਆਂ ਨੇ।'' ਦੂਜੇ ਨੇ ਵਕੀਲ ਵਾਂਗ ਪਹਿਲੇ ਦੀ ਗੱਲ ਕੱਟ ਦਿੱਤੀ।

''ਘਰੇ ਤਾਂ ਸਵਾਹ ਨੀ ਰਹੀ ਖਾਣ ਨੂੰ। ਉਹ ਭਜਦੀ ਨਾ, ਹੋਰ ਕੀ ਕਰਦੀ? ਉਹਨੂੰ ਅੱਗੇ ਦਿੰਹਦਾ ਤੀ ਸਾਰਾ ਕੁਛ।'' ਵਿੱਚੋਂ ਇੱਕ ਨੇ ਆਪਣਾ ਹੀ ਅੰਦਾਜ਼ਾ ਲਗਾਉਂਦਿਆਂ ਚੌਂਕੜੀ ਦੀ ਜੁੰਡਲੀ ਉੱਤੇ ਆਪਣੀ ਗੱਲ ਦਾ ਪ੍ਰਭਾਵ ਛੱਡਣਾ ਚਾਹਿਆ।

''ਅਸਲ ਗੱਲ ਤਾਂ ਸੋਨੂੰ ਪਤਾ ਈ ਨੀ।'' ਸੇਰੂ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਫਿਰ ਪੈਰਾਂ ਭਾਰ ਬੈਠਿਆ ਬੈਠਿਆ ਹੀ ਇੱਕ ਕਦਮ ਅੱਗੇ ਵਧ ਕੇ, ਗਰਦਨ ਬਗਲੇ ਵਾਂਗ ਲਫਾ ਲਈ। ਆਪਣਾ ਮੂੰਹ ਨੇੜੇ ਬੈਠੇ ਬਜ਼ੁਰਗ ਦੇ ਕੰਨ ਕੋਲ ਕਰਦਿਆਂ ਹੌਲੀ ਜਿਹੀ ਮੂੰਹੋਂ ਫੁੱਟਿਆ, ''ਨਸ਼ੇ ਦੇ ਤਾਂ ਦੋਏਂ ਭਾਈ ਖਾਧੇ ਪਏ ਨੇ, ਰਹੂ ਕੀਹਦੇ ਸਾਅਰੇ!'' ਬਾਕੀ ਗੱਲ ਉਸਨੇ ਅੱਖਾਂ ਫੇਰਦਿਆਂ ਸਿਰ ਜਿਹਾ ਮਾਰ ਕੇ ਸਮਝਾ ਦਿੱਤੀ।

''ਐਂ ਕਮਲਿਓ ਕੀਹਦਾ ਜੀਅ ਕਰਦਾ ਹੁੰਦੈ ਆਪਣਾ ਘਰ-ਬਾਰ, ਦੇਸ਼ ਛੱਡਣ ਨੂੰ। ਇਹ ਤਾਂ ਵਿਚਾਰੀਆਂ ਓਧਰ ਭੁੱਖੀਆਂ ਮਰਦੀਆਂ, ਢਿੱਡ ਦੀਆਂ ਮਾਰੀਆਂ ਆਉਂਦੀਆਂ ਨੇ। ਤੁਸੀਂ ਜਾ ਕੇ ਦਿਖਾਓ ਐਂ ਆਪਣਾ ਸਾਰਾ ਕੁਛ ਛੱਡ ਕੇ।'' ਸੇਰੂ ਕੋਲ ਬੈਠਾ ਉਹੀ ਬਜ਼ੁਰਗ ਦੇਵਕੀ ਦੇ ਹੱਕ ਵਿੱਚ ਨਿਤਰ ਆਇਆ।

''ਇਹ ਤਾਂ ਗੱਲ ਤੇਰੀ ਠੀਕ ਐ।'' ਫਿਰ ਸਾਰਿਆਂ ਨੇ ਸਹਿਮਤੀ ਵਿੱਚ ਸਿਰ ਮਾਰੇ।

''ਏਸ ਘਰ ਦੀਆਂ ਤੀਮੀਆਂ ਨੂੰ ਤਾਂ ਭੱਜਣ ਦੀ ਗੁੜ੍ਹਤੀ ਈ ਮਿਲੀ ਹੋਈ ਐ। ਪਹਿਲਾਂ ਇਹਦੇ ਪਿਓ ਦੀ ਸੋਰ੍ਹਿਆਂ ਨਾਲ ਵਿਆਹ ਕੇ ਲਿਆਂਦੀ ਨੀ ਆਪਣੇ ਜੇਠ ਦੇ ਜਾ ਬੈਠੀ ਤੀ।'' ਜੇਠੂ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਮੋੜ ਲਿਆ।

''ਇਹਨਾਂ ਦੀ ਮਾਂ ਵੀ ਭੱਜ ਗੀ ਤੀ?'' ਨਵੇਂ ਪੋਜ ਨੇ ਹੈਰਾਨੀ ਨਾਲ ਜੇਠੂ ਵੱਲ ਵੇਖਿਆ।

''ਇਹਨਾਂ ਦੀ ਮਾਂ ਕਾਹਨੂੰ। ਇਹ ਸਿੰਦੂ ਤੇ ਰੋਹੀ ਤਾਂ ਦੋਏਂ ਮੁਸਲੀ ਦੇ ਨੇ। ਜਦੋਂ ਇਹਨਾਂ ਦੇ ਪਿਓ ਕਾਕੇ ਨੇ ਮੁਸਲੀ ਨੂੰ ਘਰੇਂ ਵਸਾ ਲਿਆ ਤਾਂ ਉਹਦੀ ਪਹਿਲੀ ਘਰ ਆਲੀ ਇਹਨਾਂ ਦੇ ਤਾਏ ਤੇਜੇ ਦੇ ਘਰ ਜਾ ਵਸੀ।''

''ਅੱਛਿਆ ਜੀ! ਤਾਂ ਤਾਂ ਫੇਰ ਇਨ੍ਹਾਂ ਨੇ ਇੱਕ ਘਰ 'ਚ ਈ ਪੰਜਾਹ ਜਾਤਾਂ 'ਕੱਠੀਆਂ ਕਰ ਰੱਖੀਆਂ ਨੇ।'' ਨਵਾਂ ਮੁੰਡਾ ਜੇਠੂ ਦੀ ਗੱਲ ਸੁਣ ਕੇ ਹੈਰਾਨੀ ਵਿੱਚ ਮੁਸਕੜੀਏ ਹੱਸਿਆ।

''ਵੱਡਿਆਂ ਨੂੰ ਤਾਂ ਬਖਸਦੇ ਪਤੰਦਰੋ, ਉਨ੍ਹਾਂ ਨੇ ਥੋਡਾ ਕੀ ਮਾੜਾ ਕਰਤਾ?'' ਕਿਸੇ ਸਿਆਣੇ ਬਜ਼ੁਰਗ ਨੇ ਜੇਠੂ ਨੂੰ ਛਿੜਕਿਆ ਤਾਂ ਸਾਰੇ ਔੜ ਦੀ ਮਾਰੀ ਫ਼ਸਲ ਵਾਂਗ ਮੁਰਝਾ ਗਏ।

''ਚਲ ਆਪਾਂ ਨੇ ਕੀ ਧਾਰਾਂ ਲੈਣੀਆਂ ਨੇ ਕਿਸੇ ਤੋਂ। ਜਾ ਕੇ ਆਪਣੇ ਆਲੀਆਂ ਚੌਂਕ ਕਰਲੇ।'' ਚੌਂਕੜੀ 'ਤੇ ਬੈਠਾ ਕੋਈ ਗੱਲਾਂ 'ਚੋਂ ਰਸ ਮੁੱਕਿਆ ਵੇਖ ਕੇ ਘਰ ਜਾਣ ਲਈ ਉੱਠ ਖੜ੍ਹਿਆ। ਫਿਰ ਹੌਲੀ ਹੌਲੀ ਸਾਰੇ ਖਿੰਡ ਗਏ।

ਅਮਰੋ ਤਾਈ ਰੋਂਦੇ ਕੁਰਲਾਉਂਦੇ ਰਾਜੂ ਨੂੰ ਆਪਣੇ ਨਾਲ ਘਰ ਲੈ ਗਈ ਸੀ। ਰੋਹੀ ਸਿੰਦੂ ਦੇ ਖੇਤੋਂ ਆਏ ਤੋਂ ਦੋ ਬੰਦਿਆਂ ਨੂੰ ਨਾਲ ਲੈ ਕੇ ਨਾਜ਼ਰ ਹੋਰਾਂ ਦੇ ਪਿੱਛੇ ਹੀ ਚੀਮਿਆਂ ਨੂੰ ਤੁਰ ਗਿਆ ਸੀ। ਸਿੰਦੂ ਕੋਲ ਸਰਵਣ ਤਾਇਆ ਅਤੇ ਗੁਆਂਢੀਆਂ ਦਾ ਜੱਗਾ ਚੁੱਪ-ਚਾਪ

ਬੈਠੇ ਇੱਕ ਦੂਜੇ ਦੇ ਮੂੰਹ ਵੱਲ ਬਿਟਰ ਬਿਟਰ ਤੱਕ ਰਹੇ ਸਨ। ਕਿਸੇ ਨੂੰ ਵੀ ਕੋਈ ਗੱਲ ਨਹੀਂ ਸੀ ਸੁੱਝ ਰਹੀ ਜਿਵੇਂ ਦੇਵਕੀ ਉਨ੍ਹਾਂ ਦੀ ਜ਼ਬਾਨ ਖਿੱਚ ਕੇ ਲੈ ਗਈ ਹੋਵੇ। ਸਰਵਣ ਚੁੱਪ-ਚਾਪ ਬੈਠਾ ਹੀ ਉੱਠ ਕੇ ਤੁਰ ਗਿਆ ਸੀ ਤੇ ਘਰੋਂ ਰੋਟੀ ਚੁੱਕ ਲਿਆਇਆ ਸੀ ਪਰ ਸਿੰਦੂ ਦੇ ਤਾਂ ਇੱਕ ਬੁਰਕੀ ਵੀ ਸੰਘੋਂ ਹੇਠ ਨਹੀਂ ਸੀ ਹੋਈ। ਉਸਦੀ ਤਾਂ ਭੁੱਖ ਹੀ ਮਰ ਗਈ ਸੀ। ਉਸਦਾ ਅੰਦਰ ਤਾਂ ਦੁੱਖ ਦੇ ਗੁਬਾਰ ਨਾਲ ਕਿਨਾਰਿਆਂ ਤੱਕ ਭਰਿਆ ਪਿਆ ਸੀ। ਰੋਟੀ ਦੀ ਬੁਰਕੀ ਕਿੱਥੇ ਪਾਉਂਦਾ। ਸਰਵਣ ਨੇ ਓਵੇਂ ਹੀ ਪੋਣੇ 'ਚ ਬੰਨ੍ਹੀ ਰੋਟੀ ਸਬਾਤ ਵਿੱਚ ਰੱਖ ਦਿੱਤੀ ਸੀ, ''ਜਦੋਂ ਜੀਅ ਹੌਲਾ ਹੋਇਆ ਖਾ ਲੀਂ।''

ਰਾਤ ਦੇ ਦਸ ਵਜੇ ਨਾਜ਼ਰ ਹੋਰੀਂ ਰਾਹਾਂ ਦੀ ਧੂੜ ਫੱਕਦੇ, ਖ਼ਾਲੀ ਹੱਥ ਵਾਪਸ ਮੁੜ ਆਏ। ਦੇਵਕੀ ਜਾਦੂਗਰ ਦੀ ਹਥੇਲੀ 'ਤੇ ਰੱਖੇ ਰੁਪਈਏ ਵਾਂਗ ਹੀ ਕਿਧਰੇ ਨੂੰ 'ਛੂ-ਮੰਤਰ' ਹੋ ਗਈ ਸੀ। ਸਾਰਿਆਂ ਦੇ ਸੱਖਣੇ ਜਿਹੇ ਮੂੰਹ ਵੇਖ ਕੇ ਸਿੰਦੂ ਦੀਆਂ ਅੱਖਾਂ ਦੇ ਕੋਇਆਂ ਵਿੱਚ ਫਿਰ ਪਾਣੀ ਸਿੰਮ ਆਇਆ।

''ਕਿਉਂ ਲੱਗਿਆ ਨੀ ਪਤਾ?'' ਸਰਵਣ ਨਾਜ਼ਰ ਹੋਰਾਂ ਦੇ ਮੂੰਹੋਂ ਬੋਲਦੀ ਗੱਲ ਹੀ ਦੁਬਾਰਾ ਦੁਹਰਾ ਗਿਆ।

''ਕਿਤੇ ਨੀ ਕੋਈ ਪਤਾ ਲੱਗਿਆ, ਅਸੀਂ ਤਾਂ ਸਾਰੇ ਕਿਤੇ ਦੇਖ ਆਏ।'' ਛੱਗਤ ਮੂੰਹ ਲਮਕਾਈ ਮੰਜੇ 'ਤੇ ਬੈਠ ਗਿਆ।

''ਐਂ ਤਾਂ ਉਹ ਭੱਜਣ ਆਲੀ ਹੈਨੀ ਤੀ।'' ਸਰਵਣ ਨੂੰ ਅਜੇ ਵੀ ਯਕੀਨ ਨਹੀਂ ਸੀ ਆ ਰਿਹਾ।

''ਕੀ ਪਤੈ ਹੁਣ! ਅਸੀਂ ਤਾਂ ਪਹਿਲਾਂ ਚੀਮੇ ਪਤ ਪਤ ਕਰਕੇ ਭਾਲੀ। ਫੇਰ ਛੱਗਤ ਹੋਰੀਂ ਭੀਖੀ ਤੱਕ ਦੇਖ ਕੇ ਆਏ। ਮੈਂ ਤੇ ਕੈਲੇ ਨੇ ਸਾਰਾ ਸੁਨਾਮ ਗਾਹ ਤਾ। ਟਰੱਕ ਯੂਨੀਅਨ 'ਚ ਵੀ ਦੇਖੀ। ਓਥੋਂ ਪਤਾ ਵੀ ਕੀਤਾ। ਕਿਤੇ ਕੋਈ ਉੱਘ-ਸੁੱਘ ਨੀ ਨਿਕਲੀ। ਕੀ ਪਤੈ ਹੁਣ ਕਿੱਧਰ ਹਵਾ ਬਣਗੀ।'' ਨਾਜ਼ਰ ਦੇਵਕੀ ਦੇ ਇਸ ਤਰ੍ਹਾਂ ਗੁਆਚ ਜਾਣ 'ਤੇ ਹੈਰਾਨ ਸੀ।

''ਚੀਮੇਂ ਨੀ ਕਿਸੇ ਤੋਂ ਪਤਾ ਕਰਿਆ?'' ਸਿੰਦੂ ਦੁੱਖਾਂ ਦੇ ਪਹਾੜ ਥੱਲੇ ਦਬਿਆ ਮਸਾਂ ਬੋਲਿਆ।

''ਚੀਮੇਂ ਵੀ ਪਤਾ ਕਰਿਆ ਤੀ। ਅਸੀਂ ਤਾਂ ਹਰੇਕ ਨੂੰ ਪੁੱਛਦੇ ਰਹੇ ਆਂ ਵੀ ਭਾਈ ਅਹੀ ਜੀ ਤੀਮੀਂ ਤੀ। ਇੱਕ ਨੇ ਕਿਹਾ ਵੀ ਤੀ, ਵੀ ਹਾਂ ਅਸੀਂ ਅਹੀ ਜੀ ਤੀਮੀਂ ਇਥੇ ਫਿਰਦੀ ਦੇਖੀ ਐ। ਵੀ ਫੇਰ ਨੀ ਪਤਾ ਸਾਨੂੰ ਕਿੱਧਰ ਗਈ।'' ਛੱਗਤ ਨੇ ਹਨ੍ਹੇਰੇ 'ਚ ਖ਼ਾਲੀ ਹੱਥ ਘੁਮਾਇਆ ਜਿਵੇਂ ਦੇਵਕੀ ਉਸਦੇ ਹੱਥਾਂ ਚੋਂ ਹੀ ਕਬੂਤਰ ਵਾਂਗ ਫਰ ਫਰ ਕਰਦੀ ਉੱਡ ਗਈ ਹੋਵੇ।

''ਉਹਦੇ ਨਾਲ ਤਾਂ ਭਾਈ ਜ਼ਰੂਰ ਕੋਈ ਧੱਕਾ ਹੋਇਆ ਹੋਊ। ਨਹੀਂ ਐਂ ਤਾਂ ਹੈਨੀ ਤੀ ਜਾਣ ਆਲੀ।'' ਸਰਵਣ ਦਾ ਮਨ ਅਜੇ ਵੀ ਦੇਵਕੀ ਦੀ ਸਾਹਦੀ ਭਰਦਾ ਸੀ।

''ਆਪ ਗਈ ਐ, ਚਾਹੇ ਕੋਈ ਲੈ ਕੇ ਗਿਐ। ਬੱਸ ਮੇਰੇ ਘਰ ਨੂੰ ਉਜੜਨ ਦਾ ਬਹਾਨਾ ਮਿਲਣਾ ਤੀ।'' ਸਿੰਦੂ ਫਿਰ ਨਿਆਣਿਆਂ ਵਾਂਗ ਬੁੱਸ ਬੁੱਸ ਕਰਨ ਲੱਗ ਪਿਆ।

''ਲਿਖੀਆਂ ਨੂੰ ਕੌਣ ਮੇਟ ਸਕਦੈ। ਇਹ ਤਾਂ ਜਿਹੜਾ ਲਿਖਿਐ ਹਰ ਹੀਲੇ ਭੋਗਣਾ ਈ ਪੈਂਦੈ ਭਾਈ।'' ਸਰਵਣ ਨੇ ਸਿੰਦੂ ਦਾ ਦਿਲ ਧਰਾਉਣ ਲਈ ਗੱਲ ਲੇਖਾਂ 'ਤੇ ਲਿਆ ਸੁੱਟੀ।

''ਰੱਬ ਨੂੰ ਮਾੜਾ ਕਰਨ ਲਈ ਸਾਡਾ ਘਰ ਈ ਥਿਆਇਆ ਤੀ।'' ਉਹ ਜਵਾਬ ਮੰਗਣ ਵਾਂਗ ਸਭ ਦੀਆਂ ਅੱਖਾਂ ਵਿੱਚ ਝਾਕਿਆ ਪਰ ਇਸ ਗੱਲ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਸੀ।

''ਚੰਗਾ ਫੇਰ ਤੁਸੀਂ ਬੈਠੋ ਮੈਂ ਰੋਟੀ ਬਣਵਾ ਲਿਆਮਾਂ।'' ਸਰਵਣ ਉੱਠ ਕੇ ਤੁਰਨ ਲੱਗਿਆ ਤਾਂ ਨਾਜ਼ਰ ਨੇ ਰੋਕ ਲਿਆ।

''ਨਹੀਂ ਤਾਇਆ ਤੂੰ ਕਾਹਨੂੰ ਖੇਚਲ ਕਰਦੈਂ, ਘਰੇਂ ਜਾ ਕੇ ਖਾਲਾਂਗੇ।''

''ਲੈ ਖੇਚਲ ਤਾਂ ਕਾਹਦੀ ਤੀ ਇਹੇ।'' ਸਰਵਣ ਨਾਜ਼ਰ ਦੇ ਕਹਿਣ 'ਤੇ ਵਾਪਸ ਮੰਜੇ 'ਤੇ ਆ ਬੈਠਾ।

ਨਾਜ਼ਰ ਹੋਰੀਂ ਕਿੰਨਾ ਚਿਰ ਸਿੰਦੂ ਦਾ ਦਿਲ ਧਰਾਉਣ ਲਈ ਬੈਠੇ ਰਹੇ। ਰੋਹੀ ਨੇ ਦਿਲ ਕਰੜਾ ਕਰਨ ਲਈ ਉਨ੍ਹਾਂ ਕੋਲ ਸ਼ਰਾਬ ਦੀ ਬੋਤਲ ਵੀ ਲਿਆ ਰੱਖੀ ਸੀ ਪਰ ਸਾਰੇ ਇੱਕ ਇੱਕ ਪੈੱਗ ਲਾ ਕੇ ਘਰਾਂ ਨੂੰ ਤੁਰ ਗਏ।

''ਲੈ ਰੋਟੀ ਖਾ ਲੈ, ਤਾਇਆ ਫੜਾ ਗਿਆ ਤੀ।'' ਸਿੰਦੂ ਨੇ ਪੋਣੇ 'ਚ ਬੰਨ੍ਹੀ ਰੋਟੀ ਸਬਾਤ 'ਚੋਂ ਲਿਆ ਕੇ ਰੋਹੀ ਦੇ ਮੰਜੇ 'ਤੇ ਰੱਖ ਦਿੱਤੀ।

''ਰੱਖ ਦੇ ਅੰਦਰ ਈ ਭੁੱਖ ਜੀ ਨੀ ਹੈਗੀ ਮੈਨੂੰ ਤਾਂ।'' ਰੋਹੀ ਨੇ ਨਾਜ਼ਰ ਹੋਰਾਂ ਲਈ ਰੱਖੀ ਬੋਤਲ 'ਚੋਂ ਦੋ-ਤਿੰਨ ਪੈੱਗ ਇਕੱਠੇ ਹੀ ਲਾ ਲਏ ਤੇ ਫਿਰ ਪੰਦੀਂ ਦਰੀ ਸੁੱਟ ਕੇ ਪੈ ਗਿਆ। ਬਰਾਬਰ ਮੰਜੇ 'ਤੇ ਪਿਆ ਸਿੱਦੂ, ਉਪਰ ਅਸਮਾਨ ਤੇ ਚਮਕਦੇ ਚੰਨ ਤਾਰਿਆਂ ਵੱਲ ਖ਼ਾਲੀ ਖ਼ਾਲੀ ਤੱਕਦਾ ਪਤਾ ਨਹੀਂ ਕੀ ਕੀ ਸੋਚਦਾ ਰਿਹਾ। ਚੰਨ, ਕਾਲੀਆਂ ਧੂੰਏਂ ਵਰਗੀਆਂ ਬੱਦਲੀਆਂ 'ਚੋਂ ਨਿਕਲਦਾ, ਲੁਕਦਾ, ਸਰਕਦਾ ਰਿਹਾ। ਸਿੱਦੂ ਦੀ ਸੋਚ ਵੀ ਪਤਾ ਨਹੀਂ ਕਿੱਥੇ ਕਿੱਥੇ ਭਟਕਦੀ ਰਹੀ। ਅੱਧੀ ਰਾਤ ਤੋਂ ਬਾਅਦ ਸਿੱਦੂ ਨੂੰ ਆਪਣੀਆਂ ਪੁਤਲੀਆਂ ਭਾਰੀ ਜਿਹੀਆਂ ਹੁੰਦੀਆਂ ਮਹਿਸੂਸ ਹੋਈਆਂ। ਫਿਰ ਪਤਾ ਨਹੀਂ ਕਦੋਂ ਉਹ ਨੀਂਦ ਵਿੱਚ ਗੋਤਾ ਖਾ ਗਿਆ।

-0-0-

ਜਦੋਂ ਬੱਚਿਆਂ ਨੇ ਦੇਵਕੀ ਨੂੰ ਆ ਕੇ ਦੱਸਿਆ, 'ਰਾਜੂ ਰੋਂਦਾ ਰੋਂਦਾ ਚੀਮਿਆਂ ਨੂੰ ਟਰਾਲੀ 'ਚ ਚੜ੍ਹ ਗਿਆ।' ਸੁਣ ਕੇ ਉਸਦੇ ਤਾਂ ਅਸਾਨ ਹੀ ਮਾਰੇ ਗਏ। ਆਟੇ ਲਈ ਚੁੱਕੀ ਪਰਾਂਤ ਥਾਏਂ ਸੁੱਟ ਦਿੱਤੀ। ਬੱਸ ਨੇ ਹਾਰਨ ਦਿੱਤਾ ਸੀ। ਉਹ ਭੱਜ ਕੇ ਚੌਂਕੜੀ ਵਾਲੇ ਅੱਡੇ ਤੋਂ ਬੱਸ ਜਾ ਚੜ੍ਹੀ। ਦਿਮਾਗ਼ ਵਿੱਚ ਅਣਹੋਈਆਂ ਸੋਚਾਂ ਨੇ ਖੌਰੂ ਮਚਾ ਦਿੱਤਾ, 'ਮੈਂ ਕਾਹਨੂੰ ਮਾਰਨਾ ਥਾ, ਖੇਡਦੇ ਤੋਂ ਦੂਧ ਈ ਡੁਲੇਆ ਥਾ, ਫਿਰ ਕੀ ਹੂਆ। ਪਤਾ ਨ੍ਹੀ ਹੁਣ ਕੀਥੇ ਗਿਆ ਹੋਨਾ। ਕੀਤੇ ਕੋਈ ਹੋਰ ਨਾ ਕੂਛ ਕਰਲੇ। ਮੇਰਾ ਤੋਂ ਏਥੇ ਊਸਕੇ ਬਿਨਾਂ ਕੁਛ ਨ੍ਹੀ ਐ।' ਫਿਰ ਉਸਦੇ ਮਨ 'ਚ ਸੋਚ ਆਈ ਕਿ ਆਥਣ ਦਾ ਸਮਾਂ ਹੈ ਉਸਨੇ ਜ਼ਰੂਰ ਕਿਸੇ ਨੂੰ ਨਾਲ ਲੈ ਆਉਣਾ ਸੀ। ਉਹ ਇਹਨਾਂ ਸੋਚਾਂ ਦੀਆਂ ਲਹਿਰਾਂ ਵਿੱਚ ਹੀ ਡਿੱਕ-ਡੋਲੇ ਖਾਂਦੀ ਚੀਮੇ ਜਾ ਉਤਰੀ। ਕਾਹਲੀ ਕਾਹਲੀ ਭੱਜੀ ਫਿਰਦੀ ਨੇ ਇਧਰ-ਉਧਰ ਵੇਖਿਆ, ਰਾਜੂ ਕਿਤੇ ਨਹੀਂ ਦਿਸਿਆ। ਮਨ 'ਚ ਲੱਖਾਂ ਸ਼ੰਕਾਵਾਂ ਉਭਰ ਆਈਆਂ, 'ਕੀਤੇ ਸੁਨਾਮ ਨਾ ਚਲਾ ਗਿਆ ਹੋਵੇ। ਸੁਨਾਮ ਤਾਂ ਉਹ ਕੀਨੀ ਵਾਰ ਜਾ ਆਇਆ ਥਾ। ਮੇਰੇ ਨਾਲ ਵੀ ਕੀਨੀ ਵਾਰ ਜਾ ਆਇਆ ਥਾ ਆਪਨੇ ਡੇਡੀ ਨਾਲ ਵੀ ਕੀਨੀ ਵਾਰ ਗਿਆ ਐ। ਜੇ ਇਥੇ ਚੀਮੇ ਹੁੰਦਾ ਹੂਨ ਤਾਕ ਤੋ ਮਿਲ ਜਾਤਾ, ਕਿਹੜਾ ਏਹ ਵਡਾ ਸਹਿਰ ਐ। ਕੀਸੇ ਤੋ ਪਤਾ ਤੋ ਕਰਾਂ।' ਉਹ ਡਰੀ ਜਿਹੀ ਖੋਖੇ ਤੇ ਚਾਹ ਪੀਂਦੇ ਦੋ ਆਦਮੀਆਂ ਕੋਲ ਜਾ ਖੜ੍ਹੀ, ''ਏਥੇ ਕੀਸੇ ਬੱਚੇ ਨੂੰ ਨੀ ਦੇਖਿਆ?''

''ਕਿੱਡਾ ਕੁ?'' ਕੁੰਢੀਆਂ ਮੁੱਛਾਂ ਵਾਲੇ ਪੈਤੀ ਕੁ ਸਾਲ ਦੇ ਆਦਮੀ ਨੇ ਉਸਨੂੰ ਪੈਰਾਂ ਤੋਂ ਲੈ ਕੇ ਸਿਰ ਤੱਕ ਤੱਕਦੇ ਨੇ ਪੁੱਛਿਆ।

''ਨੌ-ਦਾਸ ਸਾਲ ਕਾ, ਨੀਲੀ ਜੀ ਵਰਦੀ ਪਾਈ ਏ ਸਕੂਲ ਆਲੀ।''

''ਨੀਲੀ ਜੀ ਵਰਦੀ? ਹਾਂ ਦੇਖਿਆ ਸੀ, ਉਹ ਤਾਂ ਟਰੱਕ ਚੜ੍ਹ ਗਿਆ ਭੀਖੀ ਨੂੰ।'' ਉਸਦੀ ਇਹ ਗੱਲ ਤੇ ਨਾਲ ਖੜ੍ਹਾ ਵੀਹ ਕੁ ਸਾਲ ਦਾ ਮੁੰਡਾ ਉਸ ਵੱਲ ਹੈਰਾਨੀ ਨਾਲ ਝਾਕਿਆ ਤਾਂ ਉਸਨੇ ਮੁੱਛਾਂ ਵਿੱਚ ਗੁੱਝਾ ਜਿਹਾ ਹੱਸਦੇ ਨੇ ਉਸਨੂੰ ਅੱਖ ਦੱਬ ਦਿੱਤੀ। ਫਿਰ ਜੱਕੋ-ਤੱਕੀ ਜਿਹੀ 'ਚ ਖੜ੍ਹੀ ਦੇਵਕੀ ਨੂੰ ਇੱਕ ਹੋਰ ਵਲ ਮਾਰਿਆ, ''ਮੈਂ ਜਾਣਦਾਂ ਉਹ ਟਰੱਕ ਆਲੇ ਨੂੰ, ਭੀਖੀ ਯੂਨੀਅਨ ਦਾ ਸੀ।'' ਉਸ ਆਦਮੀ ਦੀ ਇਹ ਗੱਲ ਸੁਣ ਕੇ ਦੇਵਕੀ ਖਿੜ ਗਈ। ਉਸਨੂੰ ਚਾਅ ਜਿਹਾ ਚੜ੍ਹ ਗਿਆ। ਉਹ ਕਾਹਲੀ ਪੈਂਦੀ ਬੋਲੀ, ''ਬਾਅਈ ਬਣਕੇ ਜੇ ਤੂ ਜਾਣਤੈਂ ਮੇਨੂੰ ਉਸਕੇ ਕੋਲ ਲੇਜਾ, ਮੇਰਾ ਲਾੜਕਾ ਮੇਰੇ ਨਾਲ ਲਾੜ ਕੇ ਆ ਗਿਆ ਥਾ।'' ਦੇਵਕੀ ਨੇ ਉਸ ਆਦਮੀ ਵੱਲ ਹੱਥ ਜੋੜੇ।

''ਅਸੀਂ ਵੀ ਓਧਰੀ ਜਾ ਰਿਹਾਂ, ਚਲ ਟਰੱਕ 'ਚ ਬੈਠਜਾ।'' ਉਸ ਆਦਮੀ ਨੇ ਖੋਖੇ ਵਾਲੇ ਦੇ ਪੈਸੇ ਦਿੰਦਿਆਂ ਟਰੱਕ ਵੱਲ ਇਸ਼ਾਰਾ ਕਰ ਦਿੱਤਾ। ਦੇਵਕੀ ਬਿਨਾਂ ਕੁਝ ਸੋਚੇ ਟਰੱਕ ਵਿੱਚ ਜਾ ਬੈਠੀ। ਰਾਜੂ ਨੂੰ ਲੱਭ ਲੈਣ ਦਾ ਚਾਅ ਉਸਦੀ ਹਰ ਸੋਚ 'ਤੇ ਭਾਰੂ ਸੀ। ਉਹ ਹਵਾ ਵਾਂਗ ਉੱਡ ਕੇ ਰਾਜੂ ਕੋਲ ਜਾਣਾ ਚਾਹੁੰਦੀ ਸੀ। ਆਪਣੇ ਦਿਲ ਦੇ ਟੁਕੜੇ ਨੂੰ ਆਪਣੀ ਹਿੱਕ ਨਾਲ ਲਾ ਕੇ ਵਿਛੋੜੇ ਵਿੱਚ ਧੜਕਦੇ ਦਿਲ ਨੂੰ ਸ਼ਾਂਤ ਕਰ ਲੈਣਾ ਚਾਹੁੰਦੀ ਸੀ। ਉਸਨੂੰ ਭੱਜੇ ਜਾਂਦੇ ਟਰੱਕ ਦੀ ਰਫ਼ਤਾਰ ਵੀ ਬੜੀ ਹੌਲੀ ਲੱਗ ਰਹੀ ਸੀ ਜਿਵੇਂ ਉਹ ਗੱਡੇ ਵਾਂਗ ਚੱਲ ਰਿਹਾ ਹੋਵੇ। ਉਨ੍ਹਾਂ ਦੋਹਾਂ ਆਦਮੀਆਂ ਨੇ ਟਰੱਕ ਵਿੱਚ ਬੈਠਿਆਂ ਨੇ ਹੀ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ। ਬਾਹਰ ਹਨ੍ਹੇਰਾ ਹੋਰ ਸੰਘਣਾ ਹੋ ਰਿਹਾ ਸੀ। ਸੜਕ 'ਤੇ ਆਉਂਦੇ-ਜਾਂਦੇ ਵਾਹਨਾਂ ਦੀਆਂ ਲਾਇਟਾਂ ਇਧਰ-ਉਧਰ ਭੱਜ ਰਹੀਆਂ ਸਨ ਜਿਵੇਂ ਕੋਈ ਹਨ੍ਹੇਰੇ 'ਚ ਮਸਾਲਾਂ ਫੜੀ ਭੱਜਿਆ ਫਿਰ ਰਿਹਾ ਹੋਵੇ। ਫਿਰ ਇਹ ਸਾਰੀਆਂ ਲਾਇਟਾਂ ਦਿਸਣੋਂ ਹਟ ਗਈਆਂ। ਹੁਣ ਟਰੱਕ ਜੀ. ਟੀ. ਰੋਡ ਤੋਂ ਲਹਿ ਕੇ ਨਹਿਰ ਦੀ ਪਟੜੀ 'ਤੇ ਬਣੀ ਸਿੰਗਲ ਰੋਡ ਪੈ ਗਿਆ ਸੀ। ਨਹਿਰ 'ਤੇ ਖੜ੍ਹੇ ਦਿਓ ਕੱਦ ਸਫੈਦਿਆਂ ਵਿਚਕਾਰ ਟਰੱਕ ਦੀ ਗੂੰਜ ਹੋਰ ਵੀ ਡਰਾਵਣੀ ਤੇ ਡੂੰਘੀ ਹੋ ਗਈ ਸੀ। ਅਚਾਨਕ ਟਰੱਕ ਹੌਲੀ ਹੁੰਦਾ ਇੱਕ ਸੁੰਨਸਾਨ

ਜਿਹੀ ਜਗ੍ਹਾ 'ਤੇ ਆ ਰੁਕਿਆ। ਕਿਸੇ ਵਾਪਰਣ ਵਾਲੀ ਹੋਣੀ ਤੋਂ ਡਰੀ ਦੇਵਕੀ ਹੈਰਾਨੀ ਨਾਲ ਦੋਵਾਂ ਵੱਲ ਝਾਕੀ ਪਰ ਉਹ ਹਨ੍ਹੇਰੇ ਵਿੱਚ ਉਨ੍ਹਾਂ ਦੀਆਂ ਮੈਲੀਆਂ ਅੱਖਾਂ ਦੀ ਭਾਸ਼ਾ ਨਾ ਪੜ੍ਹ ਸਕੀ। ਡਰਾਇਵਰ ਨੇ ਟਰੱਕ ਬੰਦ ਕਰ ਕੇ ਦੇਵਕੀ ਦੀ ਚੁੰਨੀ ਲਾਹ ਲਈ। ਦੇਵਕੀ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਪਰ ਉਹ ਟਰੱਕ ਵਿੱਚ ਹੀ ਕਿਧਰੇ ਗੁੰਮ ਹੋ ਗਈਆਂ। ਕਲੀਨਰ ਨੇ ਦੇਵਕੀ ਦੀਆਂ ਬਾਂਹਾਂ ਫੜ ਕੇ ਉਸਨੂੰ ਢਾਅ ਲਿਆ। ਡਰਾਇਵਰ ਨੇ ਉਸਦਾ ਮੂੰਹ ਟੱਡ ਕੇ ਨਾਲ ਦੇਣ ਵਾਂਗ ਬਚੀ ਸ਼ਰਾਬ ਦੀ ਬੋਤਲ ਉਸਦੇ ਮੂੰਹ ਵਿੱਚ ਤੁੰਨ ਦਿੱਤੀ। ਦੇਵਕੀ ਨੇ ਘੁੱਟ ਮੂੰਹ ਵਿੱਚ ਹੀ ਅਟਕਾ ਲਈ। ਡਰਾਇਵਰ ਨੇ ਉਸਦਾ ਨੱਕ ਬੰਦ ਕਰ ਲਿਆ। ਜਦ ਉਹ ਫੱਟੜ ਪੰਛੀ ਵਾਂਗ ਦੇਹ ਤੋੜਦੀ ਸਾਹ ਲੈਣ ਲੱਗੀ ਤਾਂ ਸ਼ਰਾਬ ਹਲਕ ਚੀਰਦੀ ਅੰਦਰ ਲੰਘ ਗਈ। ਕੁਝ ਚਿਰ ਉਹ ਕਸਾਈ ਦੇ ਢਾਹੇ ਬੱਕਰੇ ਵਾਂਗ ਲੱਤਾਂ-ਬਾਂਹਾਂ ਮਾਰਦੀ ਰਹੀ ਫਿਰ ਸ਼ਰਾਬ ਦਾ ਨਸ਼ਾ ਉਸਦੇ ਦਿਮਾਗ਼ ਨੂੰ ਚੜ੍ਹਨਾ ਸ਼ੁਰੂ ਹੋ ਗਿਆ। ਉਸਦੀਆਂ ਅੱਖਾਂ ਗੇਰੂ ਵਾਂਗ ਲਾਲ ਹੋ ਗਈਆਂ। ਉਸਦੀ ਸੁਰਤੀ ਗੁੰਮਦੀ ਗਈ ਤੇ ਸਰੀਰ ਢਿੱਲਾ ਪੈ ਗਿਆ। ਦੋਵੇਂ ਭੁੱਖੇ ਕੁੱਤਿਆਂ ਵਾਂਗ ਉਸਨੂੰ ਚੂੰਡਦੇ ਰਹੇ। ਜਦੋਂ ਦਿਲ ਭਰ ਗਿਆ ਟਰੱਕ ਅੱਗੇ ਨੂੰ ਹੱਕ ਲਿਆ। ਨਹਿਰ ਦੀ ਪਟੜੀ 'ਤੇ ਖੜ੍ਹੇ ਸਫੈਦਿਆਂ ਵਿਚਕਾਰ ਉਸਦੀ ਗੂੰਜ ਫਿਰ ਉੱਚੀ ਹੋ ਗਈ।

-O-O-

ਸ਼ਰਾਬ ਦੇ ਨਸ਼ੇ ਅਤੇ ਰੋ ਰੋ ਕੇ ਭਾਰੀ ਹੋਈਆਂ ਅੱਖਾਂ ਜਦੋਂ ਦੇਵਕੀ ਨੇ ਹੌਲੀ ਹੌਲੀ ਪੁੱਟੀਆਂ ਤਾਂ ਉਸਦੀ ਨਜ਼ਰ ਨੇ ਓਪਰੇ ਕਮਰੇ ਦਾ ਪੋਟਾ ਪੋਟਾ ਫਰੋਲ ਦਿੱਤਾ। ਛੱਤ 'ਤੇ ਲਮਕਦੇ ਜਾਲੇ, ਧੂੰਏਂ ਨਾਲ ਕਾਲੀਆਂ ਹੋਈਆਂ ਕੰਧਾਂ ਅਤੇ ਕਮਰੇ 'ਚੋਂ ਹੋਰੂੰ ਹੋਰੂੰ ਆਉਂਦੀ ਹਵਾੜ ਨੇ ਉਸਦਾ ਸਾਹ ਘੁੱਟ ਲਿਆ। ਜਦ ਉਹ ਘਬਰਾਈ ਜਿਹੀ ਉੱਠਣ ਲਈ ਅਹੁਲੀ ਤਾਂ ਉਸਦੇ ਅੰਗ ਅੰਗ 'ਚੋਂ ਚੀਸਾਂ ਉੱਠ ਖੜੀਆਂ ਜਿਵੇਂ ਉਸਦਾ ਸਾਰਾ ਸਰੀਰ ਘੁਲਾੜੀ ਵਿੱਚ ਪੀੜ ਦਿੱਤਾ ਗਿਆ ਹੋਵੇ। ਰਾਤ ਵਾਪਰੀ ਸਾਰੀ ਘਟਨਾ ਉਸਦੀਆਂ ਅੱਖਾਂ ਅੱਗੇ ਤਾਂਡਵ ਨਾਚ ਨੱਚਣ ਲੱਗ ਪਈ। ਉਸਦਾ ਅੰਦਰ ਡਰ, ਗੁੱਸੇ ਅਤੇ ਦਰਦ ਨਾਲ ਉਬਲਣ ਲੱਗ ਪਿਆ। ਉਸਨੇ ਖੜ੍ਹੀ ਹੋਣ ਲਈ ਸਾਰੀ ਸ਼ਕਤੀ ਇਕੱਠੀ ਕਰਕੇ ਤਰੀੜ ਵੱਟੀ ਪਰ ਅਸਫਲ ਹੋ ਕੇ ਫਿਰ ਨਿਢਾਲ ਹੋ ਗਈ। ਅਚਾਨਕ ਉਸਨੇ ਬਾਹਰ ਭਾਂਡਿਆਂ ਦਾ ਖੜਕਾ ਸੁਣਿਆ। ਉਹ ਚੌਕੰਨੀ ਹੋ ਗਈ। ਫਿਰ ਉਸਨੂੰ ਕੋਈ ਪੈੜ-ਚਾਲ ਕਮਰੇ ਵੱਲ ਆਉਂਦੀ ਲੱਗੀ।

''ਲੈ ਚਾਹ ਪੀ ਲੈ।'' ਮੁੰਡੇ ਨੇ ਅੰਦਰ ਵੜਦਿਆਂ ਵੇਖਿਆ, ਦੇਵਕੀ ਜਾਗ ਪਈ ਸੀ। ਉਸਨੇ ਮੁਸਕਰਾਉਂਦਿਆਂ ਚਾਹ ਦਾ ਗਲਾਸ ਉਸ ਵੱਲ ਵਧਾਇਆ।

''ਮੇਰਾ ਰਾਜੂ ਕੀਥੇ ਐ?'' ਦੇਵਕੀ ਡਰ ਅਤੇ ਹੈਰਾਨੀ ਨਾਲ ਸਵਾਲ ਪੁੱਛਦੀ ਉਸਦੀਆਂ ਅੱਖਾਂ ਵਿੱਚ ਸਿੱਧੀ ਝਾਕੀ। ਉਸਨੂੰ ਆਪਣੇ ਨਾਲ ਹੋਈਆਂ ਜ਼ਿਆਦਤੀਆਂ ਯਾਦ ਆਈਆਂ ਤੇ ਅੱਖਾਂ 'ਚੋਂ ਪਾਣੀ ਦੀਆਂ ਛੱਲਾਂ ਛਲਕ ਪਈਆਂ।

''ਤੂੰ ਚਾਹ ਪੀ ਲੈ ਮੈਂ ਦਸਦਾਂ ਸਾਰਾ ਕੁਛ।'' ਮੁੰਡਾ ਉਸ ਵਾਲੇ ਮੰਜੇ ਤੇ ਹੀ ਬੈਠ ਗਿਆ। ਦੇਵਕੀ ਡਰ ਨਾਲ ਹੋਰ 'ਕੱਠੀ ਹੋ ਗਈ।

''ਤੂੰ ਚਾਹ ਤਾਂ ਪੀ ਲੈ।'' ਕਰਨੈਲ ਨੇ ਦੇਵਕੀ ਦਾ ਹੱਥ ਫੜਕੇ, ਚਾਹ ਦਾ ਗਲਾਸ ਉਸਦੇ ਹੱਥਾਂ ਵਿੱਚ ਦੇ ਦਿੱਤਾ। ਦੇਵਕੀ ਨੇ ਬਿਨਾਂ ਬੋਲੇ, ਦਰਦ ਕਰਦੇ ਖੁਸ਼ਕ ਸੁੱਕੇ ਬੁੱਲ੍ਹ ਗਲਾਸ ਨੂੰ ਲਾ ਲਏ।

''ਤੈਨੂੰ ਵੀਹ ਹਜ਼ਾਰ 'ਚ ਵੇਚ ਗੇ ਓਹੋ ਮੈਨੂੰ।'' ਜਦੋਂ ਦੇਵਕੀ ਨੇ ਚਾਹ ਪੀ ਲਈ ਤਾਂ ਕਰਨੈਲ ਨੇ ਦੇਵਕੀ 'ਤੇ ਆਪਣਾ ਹੱਕ ਜਤਾਉਂਦਿਆਂ ਉਸ ਦੇ ਸਿਰ 'ਤੇ ਪਹਾੜ ਤੋੜ ਦਿੱਤਾ। ਦੇਵਕੀ 'ਵੇਚ ਗਏ' ਸੁਣ ਕੇ ਚਕਰਾ ਗਈ।

''ਮੇਰਾ ਰਾਜੂ ਕੀਥੇ ਐ?'' ਉਸਦੀ ਅੰਦਰਲੀ ਮਮਤਾ ਨੇ ਉਛਾਲਾ ਖਾਧਾ ਤਾਂ ਉਹ ਦਰਦ ਕਰਦੇ ਅੰਗਾਂ 'ਚ ਬਚੀ-ਖੁਚੀ ਤਾਕਤ ਭਰਦੀ ਉੱਠਣ ਲਈ ਅਹੁਲੀ।

''ਤੂੰ ਚੁੱਪ ਕਰਕੇ ਬੈਠੀ ਰਹਿ ਐਥੀ!'' ਕਰਨੈਲ ਨੇ ਦੇਵਕੀ ਨੂੰ ਦੋਵਾਂ ਡੌਲਿਆਂ ਤੋਂ ਫੜ ਕੇ ਇੱਕ ਤਰ੍ਹਾਂ ਨਾਲ ਮੰਜੇ 'ਤੇ ਸੁੱਟ ਹੀ ਦਿੱਤਾ।

ਦੇਵਕੀ ਬੇਵਸੀ ਵਿੱਚ ਉਸ ਵੱਲ ਝਾਕੀ ਤੇ ਫਿਰ ਅੱਖਾਂ ਭਰਦੀ ਨੇ ਨੀਵੀਂ ਪਾ ਲਈ। ਉਹ ਹੁਣ ਕਰ ਵੀ ਕੀ ਸਕਦੀ ਸੀ। ਨਾ ਉਸਨੂੰ ਇਲਾਕੇ ਦਾ ਪਤਾ, ਨਾ ਪਿੰਡ ਦਾ। ਜੇ ਵਿਰੋਧ ਕਰਦੀ ਤਾਂ ਕਰਨੈਲ ਨੇ ਦੋ ਡਾਂਗਾਂ ਮਾਰ ਕੇ ਅੰਦਰ ਬੰਦ ਕਰ ਦੇਣਾ ਸੀ। ਉਹ ਮੁਟਕੀ ਜਿਹੀ ਮਾਰ ਕੇ ਓਵੇਂ ਮੰਜੇ 'ਤੇ ਫਿਰ ਪੈ ਗਈ।

ਕਰਨੈਲ ਆਪਣੀ ਮਾਂ ਦੇ ਪਿੱਛੇ ਹੀ ਆਇਆ ਸੀ। ਕਰਨੈਲ ਦੇ ਬਾਪ ਨੂੰ ਜ਼ਮੀਨ ਥੋੜ੍ਹੀ ਹੋਣ ਕਰਕੇ ਕੋਈ ਰਿਸ਼ਤਾ ਨਹੀਂ ਸੀ ਜੁੜਿਆ। ਅਖ਼ੀਰ ਉਹ ਭੁੱਖਾ ਮਰਦਾ ਫ਼ੌਜ ਵਿੱਚ ਭਰਤੀ ਜਾ ਹੋਇਆ ਸੀ। ਉਹ ਫ਼ੌਜ ਵਿੱਚੋਂ ਰਿਟਾਇਰ ਹੋ ਕੇ ਆਇਆ ਤਾਂ ਉਸਨੂੰ ਆਪਣਾ ਸੱਖਣਾ ਘਰ ਵੱਢ ਖਾਇਆਂ ਵਾਂਗ ਆਉਂਦਾ। ਉਸਦੀ ਬੁੱਢੀ ਮਾਂ ਕੰਡੇ 'ਤੇ ਹੁੰਦੀ ਤਾਂ ਦੋ ਰੋਟੀਆਂ ਥੱਪ ਦਿੰਦੀ, ਨਹੀਂ ਉਸਨੂੰ ਆਪ ਹੀ ਹੱਥ ਫੂਕਣੇ ਪੈਂਦੇ। ਵੇਲਣੇ 'ਤੇ ਪਾਈ ਰੋਟੀ ਗੋਲ ਕਰਨ ਦੀ ਜੱਦੋ-ਜਹਿਦ ਵਿੱਚ ਉਸਨੂੰ ਫ਼ੌਜ ਦੀਆਂ ਪੱਕੀਆਂ-ਪਕਾਈਆਂ ਯਾਦ ਆਉਂਦੀਆਂ। ਕਦੇ ਦਾਲ ਕੱਚੀ, ਕਦੇ ਲੂਣ ਘੱਟ, ਕਦੇ ਮਿਰਚ ਘੱਟ। ਉਹ ਅੱਕ ਜਾਂਦਾ। ਉਸਦਾ ਦੁਬਾਰਾ ਫ਼ੌਜ ਵਿੱਚ ਦੌੜ ਜਾਣ ਨੂੰ ਦਿਲ ਕਰਦਾ ਪਰ ਉੱਥੋਂ ਤਾਂ ਉਹ ਹੁਣ ਸਦਾ ਲਈ ਅਲਵਿਦਾ ਕਹਿ ਆਇਆ ਸੀ। ਇਸ ਝੰਜਟ ਤੋਂ ਖਹਿੜਾ ਛੁਡਾਉਣ ਲਈ ਅਖ਼ੀਰ ਉਸਨੇ ਆਪਣੀ ਮਾਂ ਨਾਲ ਸਲਾਹ ਕਰਕੇ ਕਰਨੈਲ ਦੀ ਮਾਂ ਮੁੱਲ ਲੈ ਆਂਦੀ। ਓਦੋਂ ਕਰਨੈਲ ਸਾਲ ਕੁ ਦਾ ਗੋਦੀ ਸੀ। ਕਰਨੈਲ ਦੇ ਬਾਪ ਨੂੰ ਬੜਾ ਸਕੂਨ ਆਇਆ ਕਰੇ, ਜਦੋਂ ਕਰਨੈਲ ਦੀ ਮਾਂ ਉਸਨੂੰ ਤੱਤੀਆਂ ਤੱਤੀਆਂ ਲਾਹ ਕੇ ਖਵਾਇਆ ਕਰੇ ਪਰ ਇਹ ਸਕੂਨ ਉਹ ਬਹੁਤ ਦੇਰ ਨਾ ਮਾਣ ਸਕਿਆ ਜਦੋਂ ਕਰਨੈਲ ਦੀ ਮਾਂ ਕਰਨੈਲ ਨੂੰ ਉਥੇ ਹੀ ਛੱਡ ਕੇ ਆਪ ਹਵਾ ਹੋ ਗਈ। ਪਤਾ ਨਹੀ ਕਿਹੜੇ ਰੋਹੀਏਂ ਜਾ ਚੜ੍ਹੀ ਸੀ, ਮੁੜਕੇ ਉਸਦਾ ਕੋਈ ਪਤਾ ਨਾ ਲੱਗਿਆ। ਹੁਣ ਕਰਨੈਲ ਦੇ ਬਾਪ ਨੂੰ ਹੋਰ ਵੀ ਔਖਾ ਹੋ ਗਿਆ। ਪਹਿਲਾਂ ਉਹ ਦੋ ਮੈਂਬਰਾਂ ਦੀ ਰੋਟੀ ਲਾਹੁੰਦਾ ਸੀ, ਹੁਣ ਉਸਨੂੰ ਕਰਨੈਲ ਨੂੰ ਵੀ ਸਾਂਭਣਾ ਪੈਂਦਾ। ਜੇ ਕੋਈ ਕਰਨੈਲ ਦੇ ਬਾਪ ਨੂੰ ਪੁੱਛਦਾ, ''ਐਂ ਜਵਾਕ ਨੂੰ ਛੱਡ ਕੇ ਉਹ ਕਿਮੇਂ ਬਾਗੀ! ਮੋਹ ਨੀ ਆਇਆ ਚੰਦਰੀ ਨੂੰ?''

ਤਾਂ ਕਰਨੈਲ ਦਾ ਬਾਪ ਆਪਣੇ ਸਾਰੇ ਦੁੱਖ ਮਨ ਦੇ ਕਿਸੇ ਕੋਨੇ ਛੁਪਾ ਕੇ, ਬੁੱਲ੍ਹਾਂ 'ਤੇ ਨਕਲੀ ਹਾਸਾ ਧੂੜਦਾ ਕਹਿੰਦਾ, ''ਇਨ੍ਹਾਂ ਨੂੰ ਕਾਹਦਾ ਮੋਹ ਹੁੰਦੈ। ਖ਼ਬਰੈ ਇਹ ਕੀਹਦੀ ਕੀਹਦੀ 'ਲਾਦ ਹੁੰਦੀ ਐ। ਵੀਹ ਥਾਂਏਂ ਵਿਕਦੀਆਂ, ਚਾਲੀ ਜਵਾਕ ਜੰਮ ਦਿੰਦੀਆਂ ਨੇ। ਜੇ ਇਹੇ ਐਂ ਜਵਾਕਾਂ ਦਾ ਮੋਹ ਕਰਨ ਲੱਗ ਪੈਣ ਤਾਂ ਇਹ ਐਨੇ ਸਾਂਭਣਗੀਆਂ ਕਿਮੇਂ। ਇੱਕ ਜਣੀ ਦਾ ਟਰੱਕ ਜਵਾਕਾਂ ਦਾ ਭਰਜੇ।''

ਪੁੱਛਣ ਵਾਲਾ 'ਹੈਂ...ਹੈਂ....' ਕਰਦਾ ਕੰਨ ਜਿਹੇ ਲਵੇਟ ਕੇ ਅੱਗੇ ਖਿਸਕ ਜਾਂਦਾ। ਕਰਨੈਲ ਦੇ ਬਾਪ ਨੇ ਕਰਨੈਲ ਨੂੰ ਆਪਣਾ ਪੁੱਤ ਬਣਾ ਕੇ ਪਾਲਿਆ। ਜਦੋਂ ਕਰਨੈਲ ਜਵਾਨ ਹੋਇਆ ਤਾਂ ਉਸਦੇ ਬਾਪ ਦਾ ਭੌਰ ਉਡਾਰੀ ਮਾਰ ਗਿਆ। ਕਰਨੈਲ ਨੂੰ ਖ਼ੁਦ ਚਾਨਣ ਸੀ, ਜਦੋਂ ਉਸਦੇ ਬਾਪ ਨੂੰ ਰਿਸ਼ਤਾ ਨਹੀਂ ਸੀ ਜੁੜਿਆ ਤਾਂ ਉਸ ਲਈ ਕੌਣ ਲਈ ਬੈਠਾ ਹੈ ਡੋਲੇ। ਉਸਨੇ ਵੀ ਛੜੇ-ਛੜਾਂਗ ਨੇ ਹੀ ਮਰਨਾ ਹੈ। ਜਦੋਂ ਪਿੰਡ ਵਿੱਚ ਉਸਦੇ ਹਾਣਦਿਆਂ ਦੇ ਵਿਆਹ ਹੁੰਦੇ ਤਾਂ ਉਸਦੇ ਮਨ ਵਿੱਚ ਖੋਹ ਜਿਹੀ ਪੈਂਦੀ। ਉਸਦੇ ਅੰਦਰੋਂ ਕੁਝ ਚਿਰਿਆ ਜਾਂਦਾ। ਫਿਰ ਹੌਲੀ ਹੌਲੀ ਉਸਦੇ ਸਾਰੇ ਹਾਣੀ ਵਿਆਹੇ ਗਏ ਪਰ ਉਸਦੀ ਵਾਰੀ ਨਾ ਆਈ। ਤੀਵੀਂ ਦੀ ਲਾਲਸਾ ਉਸਦੇ ਅੰਦਰ ਹਰ ਰੋਜ਼ ਉੱਛਲ-ਵੱਟੇ ਲੈਂਦੀ। ਉਹ ਤੀਵੀਂ ਦੀ ਬੰਨ੍ਹ-ਸੁੱਭ ਕਰਨ ਲਈ ਮਨ 'ਚ ਸੌ ਸੌ ਘਾੜਤਾਂ ਘੜਦਾ। ਸੌ ਸੌ ਹੀਲੇ ਸੋਚਦਾ। ਉਸਨੇ ਤਾਂ ਆਪਣੇ ਗੁਆਂਢੀ ਪਿੰਡ ਦੇ ਯਾਰ-ਬੇਲੀ ਸੱਤੀ ਡਰਾਇਵਰ ਨੂੰ ਕਿੰਨੇ ਵਾਰ ਕਿਹਾ ਸੀ ਕਿ ਉਹ ਤਾਂ ਟਰੱਕਾਂ ਤੇ ਬਾਹਰ-ਅੰਦਰ ਜਾਂਦਾ ਆਉਂਦਾ ਹੈ। ਕੋਈ ਮਹਿੰਗੀ-ਸਸਤੀ ਉਧਰੋਂ ਹੀ ਲੈ ਆਵੇ ਪਰ ਸੱਤੀ ਡਰਾਇਵਰ ਬੁੱਲ੍ਹਾਂ 'ਚ ਹੱਸਦਾ ਸਿਰ ਜਿਹਾ ਹਿਲਾ ਕੇ ਕਹਿ ਦਿੰਦਾ, ''ਕੋਈ ਨਾ ਮਾਰਾਂਗੇ ਕੋਈ ਮੋਰਚਾ।''

''ਜਦੋਂ ਮੇਰੇ ਰੌਂਦ ਮੁੱਕ ਗੇ ਓਦੋਂ ਮੋਰਚਾ ਮਾਰ ਕੇ ਕੀ ਕਰੋਂਗੇ।'' ਕਰਨੈਲ ਉਦਾਸੀ 'ਚ ਡੁੱਬਿਆ ਆਪਣੀ ਉਮਰ ਵੱਲ ਇਸ਼ਾਰਾ ਕਰਦਾ।

ਸੱਤੀ ਹੋਰੀਂ ਉਸਨੂੰ ਨਸ਼ੇ ਦੀ ਲੋਰ ਵਿੱਚ ਹੌਸਲੇ ਦੀਆਂ ਥਾਪੀਆਂ ਦਿੰਦੇ ਤੇ ਗੱਡੀ ਦਾ ਸੈਲਫ ਮਾਰ ਕੇ ਆਥਣ ਦੇ ਹਨੇਰੇ ਵਿੱਚ ਪਿੰਡ ਨੂੰ ਤੁਰ ਪੈਂਦੇ।

-0-0-

ਰਾਤ ਦਾ ਪਹਿਲਾ ਪਹਿਰ ਬੀਤ ਗਿਆ ਸੀ। ਹਨ੍ਹੇਰੀ ਰਾਤ ਵਿੱਚ ਟਾਵਾਂ ਟਾਵਾਂ ਤਾਰਾ ਹਨ੍ਹੇਰੇ 'ਚ ਬਿੱਲੀ ਦੀਆਂ ਅੱਖਾਂ ਵਾਂਗ ਚਮਕ ਰਿਹਾ ਸੀ। ਕਰਨੈਲ ਆਪਣੇ ਕਮਰੇ 'ਚ ਘੂਕ ਸੁੱਤਾ ਪਿਆ ਸੀ। ਫਿਰ ਅਚਾਨਕ ਕੁੱਤਿਆਂ ਦੇ ਉੱਚੀ ਉੱਚੀ ਭੌਂਕਣ ਦੀ ਅਵਾਜ਼ ਨੇ ਉਸਦੀ ਗੂੜ੍ਹੀ ਨੀਂਦ ਤੋੜ ਦਿੱਤੀ। ਪਹਿਲਾਂ ਉਸਨੂੰ ਸ਼ੱਕ ਜਿਹਾ ਹੋਇਆ ਫਿਰ ਜਦ ਉਸਨੇ ਧਿਆਨ ਨਾਲ ਸੁਣਿਆ, ਕੋਈ ਸੱਚ-ਮੁੱਚ ਹੀ ਉਸਦਾ ਨਾਂ ਲੈ ਕੇ ਤਖਤਿਆਂ 'ਤੇ ਧੱਫੇ ਮਾਰ ਰਿਹਾ ਸੀ। ਉਸਨੇ ਉੱਠ ਕੇ ਜੋੜੇ ਪਾਏ ਤੇ ਅਵਾਜ਼ ਪਹਿਚਾਣਦਾ ਬਾਰ ਵੱਲ ਵਧਿਆ। ਬਾਰ ਕੋਲ ਖੜ੍ਹ ਕੇ ਉਸਨੇ ਬਾਹਰ ਸੁਣਾਉਂਦਿਆਂ ਕਿਹਾ, ''ਕਿਹੜੈ?''

''ਮੈਂ... ਅ...ਆਂ ਬਾਈ... ਸੱਤੀ।''

''ਕੌਣ, ਜਿੱਤੂਪੁਰੀਆ?''

''ਹਾਂ.. ਹਾਂ... ਬਾਰ ਖੋਲ੍ਹ।''

''ਅੱਛਿਆ ਅੱਛਿਆ।'' ਕਰਨੈਲ ਨੇ ਬਾਰ ਖੋਲ੍ਹ ਦਿੱਤਾ।

''ਬਾਈ.... ਅੱਜ ਤੇਰੇ ਯਾਰ ਨੇ ਤੇਰੀ ਤ..ਤਮੰਨਾ ਪੂਰੀ ਕਰਤੀ।'' ਸੱਤੀ ਨੇ ਹੈਰਾਨ ਖੜ੍ਹੇ ਕਰਨੈਲ ਦਾ ਹੱਥ ਫੜਕੇ ਮਿਲਾਉਂਦਿਆਂ ਹਿਲਾਇਆ।

''ਕਿਹੜੀ ਤਮੰਨਾ? ਆਜਾ ਅੰਦਰ ਲੰਘਿਆ।'' ਕਰਨੈਲ ਨੇ ਊਈਂ 'ਉੱਘ ਦੀਆਂ ਪਤਾਲ' ਮਾਰਦੇ ਸ਼ਰਾਬੀ ਸੱਤੀ ਨੂੰ ਬਾਹੋਂ ਫੜਕੇ ਅੰਦਰ ਖਿੱਚਣਾ ਚਾਹਿਆ ਪਰ ਉਹ ਕਿੱਲੇ ਵਾਂਗ ਅੜ ਕੇ ਬਾਰ ਵਿੱਚ ਹੀ ਖੜ੍ਹ ਗਿਆ।

''ਬਾਈ.... ਪਾਣੀ ਬਾਰ, ਪਾਣੀ।''

''ਸਾਲਿਆ ਪਾਣੀ ਦਾ ਕੋਈ ਇਹੋ ਵੇਲੈ?''

''ਚੋਰਾਂ ਦਾ ਵੇਲਾ.... ਇਹੀ ਹੁੰ....ਹੁੰਦੈ ਬਾਈ। ਓ...ਹ ਦੇਖ ਟਰੱਕ 'ਚ, ਤੇ...ਤੇਰੇ ਵਾ....ਵਾਸਤੇ ਤੀਮੀਂ ਲਿਆਂਦੀ ਐ ਤੀਮੀਂ।'' ਸੱਤੀ ਨੇ ਆਪਣੇ ਵਾਂਗ ਹੀ ਡੋਲਦੀ ਬਾਂਹ ਟਰੱਕ ਵੱਲ ਸੇਧ ਲਈ। ਕਰਨੈਲ ਨੇ ਟਰੱਕ ਵੱਲ ਨਿਗ੍ਹਾ ਮਾਰੀ ਪਰ ਉਸਨੂੰ ਕੁਝ ਨਾ ਦਿਸਿਆ। ਸੱਤੀ ਉਸਦੀ ਬਾਂਹ ਫੜਕੇ ਟਰੱਕ ਕੋਲ ਲੈ ਗਿਆ ਤੇ ਤਾਕੀ ਖੋਲ੍ਹ ਦਿੱਤੀ। ਦੇਵਕੀ ਸੀਟ 'ਤੇ ਬੇਸੁਰਤ ਹੋਈ ਪਈ ਸੀ। ਕਰਨੈਲ ਨੇ ਟਰੱਕ 'ਚ ਚੜ੍ਹ ਕੇ ਉਸਦਾ ਮੂੰਹ ਥਪ-ਥਪਾਇਆ ਪਰ ਉਸਨੇ ਅੱਖ ਨਾ ਪੁੱਟੀ।

''ਇਹ ਤਾਂ ਬੇਹੋਸ਼ ਹੋਈ ਪਈ ਐ ਓਏ। ਸਾਲਿਆ ਕਤਲ ਗਲ ਪਵਾਏਂਗਾ। ਕਿੱਥੋਂ ਲਿਆਇਐਂ ਇਹਨੂੰ?'' ਕਰਨੈਲ ਦੇਵਕੀ ਦੀ ਹਾਲਤ ਵੇਖ ਕੇ ਡਰ ਗਿਆ।

''ਨਾਂਹ... ਹੋਰ ਤੇਰੇ ਭਾਅ ਦਾ ਆ...ਆਪਣੇ ਆਪ ਚੜ੍ਹ ਕੇ ਆ... ਜਾਂਦੀਆਂ ਨੇ? ਆਪਣਾ ਹ....ਹੱਥ ਪੱਲਾ ਲਾਏ ਬਿਨਾਂ ਤਾਂ ਮ....ਮੰਡੀ ਲੈ ਜਾਣ ਵਾਸਤੇ ਮੈਸ ਨੀ ਚੜ੍ਹਦੀ, ਇਹ ਤਾਂ ਫੇ....ਫੇਰ ਵੀ ਤੀ...ਤੀਮੀਂ ਐ। ਇ..ਇਹੋ ਨਾਗ ਦੀਆਂ ਬ...ਬ...ਬੱਚੀਆਂ ਬੇ..ਬੇਹੋਸ਼ ਕਰੇ ਬਿਨਾਂ ਨੀ ਕਾ...ਕਾਬੂ ਆਉਂਦੀਆਂ।''

''ਕਿਤੇ ਹੋਰੀ ਤਾਂ ਨੀ ਕੁਛ ਖਵਾਤਾ ਕੰਜਰੋ?'' ਕਰਨੈਲ ਅਜੇ ਵੀ ਡਰਿਆ ਹੋਇਆ ਸੀ।

''ਕਿ... ਕਿਉਂ ਬਾਣੀਆਂ ਦੇ ਢੱ....ਢੱਠੇ ਮਾਗੂੰ ਮੋਕ ਮਾ... ਮਾਰਦੈਂ। ਸ਼ਰਾਬ ਪਿਆਈ ਐ ਤ.... ਤ... ਤੜਕੇ ਨੂੰ ਲਹਿਜੂ। ਚਲ ਲਹਾ ਇ...ਇਹਨੂੰ ਸਾਡੇ ਨਾਲ।'' ਸੱਤੀ ਨੇ ਹੇਠਾਂ ਖੜ੍ਹੇ ਨੇ ਹੀ ਦੇਵਕੀ ਦੀਆਂ ਲੱਤਾਂ ਫੜਕੇ ਆਪਣੇ ਵੱਲ ਨੂੰ ਘੜੀਸ ਲਈਆਂ। ਕਰਨੈਲ ਨੇ ਬਾਹਵਾਂ ਤੋਂ ਫੜ ਕੇ ਥੱਲੇ ਲਾਹ ਲਈ 'ਤੇ ਅੰਦਰ ਮੰਜੇ 'ਤੇ ਲਿਆ ਪਾਈ। ਕਲੀਨਰ ਬਾਹਰ ਗੱਡੀ ਵਿੱਚ ਹੀ ਬੈਠਾ ਰਿਹਾ।

''ਪਰ...... ਇਹ........ ਐਂ ਕਿਮੇਂ......?'' ਕਰਨੈਲ ਅਜੇ ਵੀ ਭੰਬਲ-ਭੂਸੇ ਵਿੱਚ ਹੀ ਫਸਿਆ ਖੜ੍ਹਿਆ ਸੀ।

''ਪ... ਪਰ ਪਰ ਕੀ ਲਾਈ ਐ। ਓ..ਓਦੋਂ ਤਾਂ ਰੋਜ਼ ਪੈਰ ਵ... ਵ... ਵੱਢਦਾ ਸੀ, ਤ.. ਤੀਮੀਂ ਲਿਆ ਕੇ ਦੇਹ, ਤੀਮੀਂ ਲਿਆ ਕੇ ਦੇਹ। ਹੁਣ ਛੇਤੀ.....।'' ਸੱਤੀ ਨੇ ਸ਼ਰਾਬੀ ਅੱਖਾਂ ਕਰਨੈਲ ਵੱਲ ਕੱਢੀਆਂ, ''ਸ਼ਰਾਬ ਪਿ.. ਪਿਆਈ ਐ ਤ.. ਤੜਕੇ ਨੂੰ ਲ..ਲ.. ਲਹਿਜੂ। ਐਂ ਤਾਂ ਇ... ਇਹੋ ਕਾਬੂ ਨੀ ਆ...ਆਉਣੀ ਸੀ।''

''ਚੰਗਾ ਦੱਸ ਕਿੰਨੇ ਪੈਸਿਆਂ 'ਚ ਲਿਆਂਦੀ ਐ?'' ਸੱਤੀ ਦੀਆਂ ਸਮਝੌਤੀਆਂ ਸੁਣ ਕੇ ਕਰਨੈਲ ਦਾ ਮਨ ਟਿਕਾਣੇ ਆ ਗਿਆ।

''ਓ...ਓਹੀ ਬਾਣੀਆਂ ਆਲੀਆਂ ਗੱ... ਗੱਲਾਂ ਫੇਰ। ਮੈਂ ਤੈ..ਥੋਂ ਕਦੋਂ ਮ... ਮੰਗਿਐ ਪੰਜਾਹ ਹਜ਼ਾਰ।''

''ਫੇਰ ਵੀ....?''

''ਤੂੰ ਆਪੇ ਦੇਦੇ ਖ..ਖਰਚਾ ਪਾਣੀ ਜੋ...ਜੋ...ਜੋਗੇ ਜਿਹੜਾ ਹ...ਹਜ਼ਾਰ, ਦੋ ਹਜ਼ਾਰ ਦੇ... ਦੇਣੈ ਯਾਰ।''

ਕਰਨੈਲ ਨੇ ਟਰੰਕ 'ਚੋਂ ਦੋ ਹਜ਼ਾਰ ਕੱਢ ਕੇ ਸੱਤੀ ਨੂੰ ਫੜਾ ਦਿੱਤਾ। ਸੱਤੀ ਉਸੇ ਵੇਲੇ ਵਾਪਸ ਆਪਣੇ ਪਿੰਡ ਮੁੜ ਗਿਆ। ਕਰਨੈਲ ਨੇ ਆਪਣੇ ਲਈ ਦੂਸਰਾ ਮੰਜਾ ਡਾਹ ਲਿਆ ਪਰ ਉਸਦੀ ਸਾਰੀ ਰਾਤ ਅੱਖ ਨਾ ਲੱਗੀ। ਪਾਸੇ ਮਾਰਦੇ ਨੂੰ ਮਸਾਂ ਦਿਨ ਚੜ੍ਹਿਆ। ਦੇਵਕੀ ਅਜੇ ਵੀ ਸੁੱਤੀ ਪਈ ਸੀ। ਉਹ ਆਪ ਹੀ ਚੁੱਲ੍ਹੇ 'ਚ ਛਟੀਆਂ ਬਾਲ ਕੇ ਚਾਹ ਬਣਾਉਣ ਲੱਗ ਪਿਆ। ਜਦ ਉਹ ਚਾਹ ਲੈ ਕੇ ਅੰਦਰ ਆਇਆ ਤਾਂ ਦੇਵਕੀ ਜਾਗਦੀ ਪਈ ਸੀ।

ਕਰਨੈਲ ਨੇ ਆਪਣੇ ਬਾਪ ਦੇ ਤਜਰਬੇ ਵਿੱਚੋਂ ਸਿਖਦਿਆਂ ਪੰਜ-ਛੇ ਮਹੀਨੇ ਦੇਵਕੀ 'ਚ ਪੂਰੀ ਨਿਗ੍ਹਾ ਰੱਖੀ। ਉਹ ਪਰਛਾਵੇਂ ਵਾਂਗ ਉਸਦੇ ਨਾਲ ਨਾਲ ਰਹਿੰਦਾ। ਪਹਿਲਾਂ ਪਹਿਲਾਂ ਦੇਵਕੀ ਦੇ ਮਨ ਵਿੱਚ ਵੀ ਕਈ ਵਾਰ ਆਇਆ ਸੀ ਕਿ ਉਹ ਵਾਪਸ ਗੰਗਤਪੁਰ ਨੂੰ ਭੱਜ ਜਾਵੇ ਪਰ ਉਹ ਕਰਨੈਲ ਦਾ ਚੱਕਰਵਿਊ ਤੋੜ ਨਹੀਂ ਸਕੀ ਸੀ। ਫਿਰ ਸਮੇਂ ਦੇ ਦੰਦਿਆਂ ਨੇ ਉਸਦੇ ਮੋਹ-ਜਾਲ ਨੂੰ ਕੁਤਰਨਾ ਸ਼ੁਰੂ ਕਰ ਦਿੱਤਾ। ਹੁਣ ਉਸ ਉਪਰ ਦਿਲ ਨਾਲੋਂ ਦਿਮਾਗ਼ ਦੀ ਸੋਚ ਭਾਰੂ ਹੋਣ ਲੱਗ ਪਈ ਸੀ। ਉਹ ਸੋਚਦੀ, 'ਜੇ ਚਲੀ ਵੀ ਜਾਵੇਂਗੀ ਫੇਰ ਕੀ ਪਤੈ ਉਹ ਮੈਨੂੰ ਘਰ ਰੱਖਣ ਵੀ ਜਾਂ ਨਾ। ਰਾਜੂ ਦਾ ਕੋਈ ਪਤਾ ਨਹੀਂ ਵਾਪਸ ਆਇਆ ਹੋਊ ਜਾਂ ਨਾ। ਫਿਰ ਉਸਦਾ ਪੈਰ ਭਾਰੀ ਹੋ ਗਿਆ। ਉਸਦਾ ਮੋਹ ਪੇਟ ਵਾਲੇ ਬੱਚੇ ਨਾਲ ਜੁੜਨਾ ਸ਼ੁਰੂ ਹੋ ਗਿਆ। ਅਖ਼ੀਰ ਉਸਨੇ ਹੋਣੀ ਨਾਲ ਸਮਝੌਤਾ ਕਰਕੇ ਵਾਪਸ ਜਾਣ ਦਾ ਖ਼ਿਆਲ ਹੀ ਤਿਆਗ ਦਿੱਤਾ।

## 10

ਤਿੰਨ-ਚਾਰ ਮਹੀਨੇ ਬੀਤ ਗਏ ਸਨ। ਕਣਕਾਂ ਵੱਢ ਕੇ ਵੇਚ ਦਿੱਤੀਆਂ ਸਨ। ਹੁਣ ਸਾਉਣੀ ਦੀ ਫ਼ਸਲ ਬੀਜੀ ਜਾ ਚੁੱਕੀ ਸੀ। ਸਿੰਦੂ ਹੋਰਾਂ ਨੂੰ ਕਣਕ 'ਚੋਂ ਕੱਖ ਨਹੀਂ ਬਚਿਆ ਸੀ। ਬੱਸ ਆੜ੍ਹਤੀਏ ਦੇ ਪੂਰੇ ਹੋਏ ਸਨ। ਅਗਲੇ ਸਾਲ ਲਈ ਉਨ੍ਹਾਂ ਨੇ ਜ਼ਮੀਨ ਠੇਕੇ ਉੱਤੇ ਦਿੱਤੀ ਹੋਈ ਸੀ। ਹੁਣ ਤਾਂ ਦੋਵੇਂ ਭਰਾ ਘਰ ਜੋਗੇ ਹੀ ਰਹਿ ਗਏ ਸਨ। ਦੇਵਕੀ ਦੀ ਵੀ ਅਜੇ ਤੱਕ ਕੋਈ ਉੱਘ-ਸੁੱਘ ਨਹੀਂ ਸੀ ਲੱਗੀ। ਪਹਿਲਾਂ ਤਾਂ ਰਾਜੂ ਦੋ-ਤਿੰਨ ਮਹੀਨੇ ਦਿਲ 'ਚ ਦੇਵਕੀ ਦਾ ਹੇਰਵਾ ਕਰਦਾ ਰਿਹਾ ਫਿਰ ਹੌਲੀ ਹੌਲੀ ਸਿੰਦੂ ਹੋਰਾਂ ਦੇ ਭਾਣਾ ਮੰਨਣ ਵਾਂਗ ਨਾ-ਉਮੀਦ ਹੋ ਕੇ ਬੈਠ ਗਿਆ। ਦੇਵਕੀ ਦੇ ਭੱਜ ਜਾਣ ਦਾ ਬਹੁਤਾ ਦੁੱਖ ਸਿੰਦੂ ਤੇ ਰਾਜੂ ਨੂੰ ਹੀ ਸੀ। ਰੋਹੀ ਨੂੰ ਤਾਂ ਸਗੋਂ ਲੁਕਵੀਂ ਖੁਸ਼ੀ ਹੋਈ ਸੀ। ਜੇ ਦੇਵਕੀ ਵੰਝ ਬਣੀ ਵਿਹੜੇ ਵਿੱਚ ਗੱਡੀ ਖੜ੍ਹੀ ਰਹਿੰਦੀ ਤਾਂ ਰੋਹੀ ਨੂੰ ਤੀਵੀਂ ਲਿਆਉਣ ਦਾ ਕਦੇ ਮੌਕਾ ਨਹੀਂ ਸੀ ਮਿਲਣਾ। ਦੇਵਕੀ ਦੇ ਭੱਜ ਜਾਣ ਨਾਲ ਹੁਣ ਉਸ ਲਈ ਰਾਹ ਖੁੱਲ੍ਹ ਗਿਆ ਸੀ, ਉਸਨੂੰ ਹੋਰ ਤੀਵੀਂ ਲਿਆਉਣ ਦਾ ਬਹਾਨਾ ਮਿਲ ਗਿਆ ਸੀ। ਇਸ ਗੱਲ ਨੂੰ ਲੈ ਕੇ ਘਰ ਵਿੱਚ ਰੋਜ਼ ਅੱਗ ਸੁਲਘਦੀ ਸੀ। ਰੋਹੀ ਦੇ ਕਈ ਜੋਟੀਦਾਰ ਉਸਦੇ ਕੰਨਾਂ ਵਿੱਚ ਫੂਕਾਂ ਮਾਰਦੇ। ਰੋਹੀ ਉਨ੍ਹਾਂ ਦੀਆਂ ਫੂਕਾਂ ਨਾਲ ਲਾਟ ਵਾਂਗ ਬਲ ਉਠਦਾ। ਘਰੋਂ ਆ ਕੇ ਆਪਣੀ ਗੱਲ ਮਨਾਉਣ ਲਈ ਖੌਰੂ ਪਾਉਂਦਾ। ਸਿੰਦੂ ਉਸ ਉੱਤੇ ਵਧੇਰੇ ਠੰਡੇ ਛਿੱਟੇ ਮਾਰਦਾ ਪਰ ਉਹ ਆਪਣੀ ਗੱਲ 'ਤੇ ਫਾਨੇ ਵਾਂਗ ਅੜਿਆ ਰਹਿੰਦਾ। ਸਿੰਦੂ ਨੇ ਹਾਰ ਕੇ ਸਰਵਣ ਤਾਏ ਕੋਲ ਗੱਲ ਤੋਰੀ। ਸਰਵਣ ਨੇ ਸਵੇਰੇ ਸਿੰਦੂ ਤੇ ਰੋਹੀ ਨੂੰ ਸਬਾਤ ਵਿੱਚ ਸੱਦ ਲਿਆ।

''ਦੇਖ ਰੋਹੀ ਸਿਆਂ, ਥੋਡੀ ਕਬੀਲਦਾਰੀ ਭਾਈ ਪਹਿਲਾਂ ਈ ਡਾਵਾਂਡੋਲ ਐ। ਆਹ ਹੋਰ ਵੀਹ ਹਜ਼ਾਰ ਨੂੰ ਖੂਹ ਪੱਟਣ ਨੂੰ ਕਿਉਂ ਫਿਰਦੈਂ।'' ਸਰਵਣ ਨੇ ਰੋਹੀ ਨੂੰ ਸਮਝਾਉਂਦਿਆਂ ਕਿਹਾ।

''ਤਾਇਆ ਹੁਣ ਰੋਜ਼ ਆਪ ਹੱਥ ਕਿੱਥੇ ਫੂਕੇ ਜਾਂਦੇ ਨੇ।'' ਰੋਹੀ ਨੇ ਆਪਣੇ ਪੱਖ 'ਚ ਦਲੀਲ ਦਿੱਤੀ।

''ਹੱਥ ਕਿਹੜਾ ਤੂੰ ਫੂਕਦੈਂ। ਰੋਟੀਆਂ ਸਿੰਦੂ ਲਾਹੁੰਦੈ ਜਾਂ ਵਿਚਾਰਾ ਆਹ ਜਵਾਕ ਥੱਪਦੈ ਕੱਚੀਆਂ-ਪਿੱਲੀਆਂ।

''ਤਾਏ ਇਹਨੂੰ ਪੁੱਛ ਵੀ ਕਦੇ ਇਹਨੂੰ ਰੋਟੀ ਲਾਹੁਣ ਨੂੰ ਕਿਹਾ ਹੋਵੇ। ਅਸੀਂ ਜਾਣੀਏ, ਬੱਸ ਅਸੀਂ ਜਾਣੀਏ।''

ਸਰਵਣ ਨੇ ਹੱਥ ਖੜ੍ਹਾ ਕਰਕੇ ਸਿੰਦੂ ਨੂੰ ਨਾ ਬੋਲਣ ਦਾ ਇਸ਼ਾਰਾ ਕੀਤਾ ਤੇ ਫਿਰ ਨਰਮੀ ਨਾਲ ਰੋਹੀ ਨੂੰ ਸੰਬੋਧਿਤ ਹੋਇਆ, ''ਆਪਣੇ ਘਰ ਕਣੀ ਦੇਖੇ ਭਾਈ। ਕਬੀਲਦਾਰੀ ਸਾਲੀ ਪਾਈਪਤ ਦੇ ਸੂਤ ਮਾਂਗੂੰ ਉਲਝਦੀ ਉਲਝਦੀ ਉਲਝ ਜਾਂਦੀ ਐ, ਫੇਰ ਨੀ ਕੋਈ ਤੰਦ ਹੱਥ ਲਗਦੀ।''

''ਜਦੋਂ ਇਹਨੇ ਦੋ ਲਿਆਂਦੀਆਂ ਤੀਆਂ ਓਦੋਂ ਨੀ ਕਬੀਲਦਾਰੀ ਦਿਸੀ ਇਹਨੂੰ।'' ਰੋਹੀ ਆਪਣੀ ਥਾਂ ਲੋਹੇ ਦਾ ਰਾਡ ਹੋ ਕੇ ਖੜ੍ਹ ਗਿਆ।

''ਐਂ ਫੇਰ ਵਾੜ ਕੇ ਦਿਖਾਈਂ ਤੀਮੀਂ ਇਥੇ!'' ਸਿੰਦੂ ਰੋਹੀ ਨੂੰ ਚਾਰੇ ਚੁੱਕ ਕੇ ਪੈ ਗਿਆ।

''ਗੱਲ ਸੁਣ ਲੈ ਤਾਏ ਇਹੋ ਮੇਰੀ!'' ਰੋਹੀ ਨੇ ਸੱਜੇ ਹੱਥ ਦੀ ਉਂਗਲ ਹਵਾ ਵਿੱਚ ਤਲਵਾਰ ਵਾਂਗ ਹਿਲਾਈ, ''ਜਾਂ ਤਾਂ ਮੈਂ ਲਿਆਊਂ ਤੀਮੀਂ, ਨਹੀਂ ਫੇਰ ਮੇਰਾ ਅੱਧ ਵੰਡਦੇ। ਬੱਸ! ਸਿੱਧੀ ਜੀ ਗੱਲ ਐ!'' ਰੋਹੀ ਧਮਕੀ ਦੇ ਕੇ ਵਰੋਲੇ ਵਾਂਗ ਘਰੋਂ ਨਿਕਲ ਗਿਆ।

ਸਰਵਣ ''ਗੱਲ ਤਾਂ ਸੁਣ...., ਤੂੰ ਬੈਠ ਤਾਂ ਸਈ....'' ਕਹਿੰਦਾ ਰਹਿ ਗਿਆ। ਫਿਰ ਉਸਨੇ ਕੋਈ ਵਾਹ ਨਾ ਜਾਂਦੀ ਵੇਖ ਕੇ ਸਿੰਦੂ ਨੂੰ ਮਨਾਉਣ ਲਈ ਗੱਲ ਤੋਰੀ, ''ਚਲ ਜੇ ਲਿਆਉਂਦੈ ਲਿਆਉਣ ਦੇ ਫੇਰ ਹੋਰ ਕੀ ਐ!''

''ਪਹਿਲਾਂ ਦੋ ਲਿਆਂਦੀਆਂ ਤੀਆਂ ਉਨ੍ਹਾਂ ਨੇ ਕਿਹੜਾ ਪਾਰ ਲੰਘਾਤੇ।''

''ਹੁਣ ਭਾਈ ਤੇਰੇ ਸਾਹਮਣੇ ਐ। ਮੈਂ ਤਾਂ ਵਥੇਰਾ ਸਮਝਾਇਆ ਤੀ। ਪੈਰਾਂ 'ਤੇ ਤਾਂ ਪਾਣੀ ਨੀ ਪੈਣ ਦਿੰਦਾ। ਜੇ ਰੋਕੇਂਗਾ, ਕਹੂਗਾ ਅੱਧ ਵੰਡ! ਦੋ ਕਿੱਲਿਆਂ 'ਚ ਕੀ ਵੰਡਣ-ਵੰਡਾਉਣ ਨੂੰ ਰਹਿ ਗਿਆ। ਮੈਂ ਤਾਂ ਅਈਂ ਕਹਿਣਾ ਵੀ ਜਿਹੜਾ ਕੁਛ ਕਰਦੈ ਕਰ ਲੈਣ ਦੇ, ਤੂੰ ਨਾ ਬੋਲੀਂ।''

''ਚਲ ਤਾਇਆ ਫੇਰ ਹੁਣ ਮੈਂ ਤਾਂ ਕਾਹਨੂੰ ਬੋਲਦਾਂ। ਕਰ ਲੈਣ ਦੇ ਇਹਨੂੰ ਜਿਹੜਾ ਕੁਛ ਕਰਦੈ।''

''ਚੰਗਾ ਤੂੰ ਸਿਆਣਾ ਬਣੀ, ਇਹਦੇ ਤਾਂ ਦਿਮਾਗ਼ ਨੂੰ ਹੁਣ ਕਿਸੇ ਨੇ ਪੁੱਠੀ ਭਮਾਈ ਦੇ ਰੱਖੀ ਐ।'' ਸਰਵਣ ਸਿੰਦੂ ਨੂੰ ਮੱਤਾਂ ਦਿੰਦਾ ਘਰ ਨੂੰ ਤੁਰ ਗਿਆ।

ਜਦੋਂ ਠੇਕੇ ਦੇ ਪੈਸੇ ਆ ਗਏ ਤਾਂ ਤਿੰਨ-ਚਾਰ ਦਿਨਾਂ ਬਾਅਦ ਰੋਹੀ, ਸੇਰੂ ਨੂੰ ਨਾਲ ਲਿਜਾ ਕੇ ਕਿਤੋਂ ਮਧਰੀ ਜਿਹੀ ਤੀਵੀਂ ਅਠਾਰਾਂ ਹਜ਼ਾਰ 'ਚ ਲੈ ਆਇਆ। ਗੋਦੀ ਉਹਦੇ ਦੋ ਕੁ ਸਾਲ ਦੀ ਕੁੜੀ ਸੀ। ਜਦੋਂ ਰੋਹੀ ਤੀਵੀਂ ਨੂੰ ਲਈਂ ਕਾਰ ਵਿੱਚੋਂ ਉਤਰਿਆ ਤਾਂ ਚੌਂਕੜੀ 'ਤੇ ਬੈਠੀ ਮੁੰਡੀਰ ਤਮਾਸ਼ਾ ਵੇਖਣ ਵਾਂਗ ਸਿੰਦੂ ਕੇ ਬਾਰ ਅੱਗੇ ਇਕੱਠੀ ਹੋ ਗਈ। ਕਈ ਪੈਰ ਜਿਹਾ ਮਲਦੇ ਉਹਨਾਂ ਦੇ ਘਰ ਅੰਦਰ ਜਾ ਵੜੇ। ਬੱਚੇ ਤੀਵੀਂ ਨੂੰ ਵੇਖ ਕੇ 'ਸਿੰਦੂ ਕਿਆਂ ਨੇ ਇੱਕ ਹੋਰ ਲਿਆਂਦੀ ਓਏ.....ਏ....ਏ....!' ਕਹਿੰਦੇ ਘਰਾਂ ਨੂੰ ਸੁਨੇਹੇ ਲਾਉਣ ਦੌੜ ਗਏ। ਉਹ ਹਰ ਇੱਕ ਵੱਲ ਵੇਖਦੀ ਦੰਦ ਜਿਹੇ ਕੱਢ ਕੇ ਹੱਸ ਪੈਂਦੀ। ਰੋਹੀ ਨੇ ਉਸਨੂੰ ਲਿਜਾ ਕੇ ਅੰਦਰ ਸਬਾਤ ਵਿੱਚ ਬਿਠਾ ਦਿੱਤਾ। ਰਾਜੂ ਮੱਖੀ ਵਾਂਗ ਕੰਧੇ ਨਾਲ ਚਿਪਕਿਆ ਖੜ੍ਹਾ, ਹੈਰਾਨ ਹੋਇਆ ਚਾਚੇ ਦੀ ਇਸ ਨਵੀਂ ਲੱਲੀ-ਛੱਲੀ ਨੂੰ ਵੇਖ ਰਿਹਾ ਸੀ। ਉਸਨੂੰ ਸਮਝ ਨਹੀਂ ਸੀ ਆ ਰਹੀ, ਉਹ ਇਸ ਸਭ ਤੇ ਖੁਸ਼ ਹੋਵੇ ਜਾਂ ਉਦਾਸ। ਚਾਹੇ ਉਹ ਪਹਿਲਾਂ ਇਸ ਉਦਾਸੀ ਅਤੇ ਖ਼ੁਸ਼ੀ 'ਚ ਉਲਝਿਆ ਰਿਹਾ ਸੀ ਪਰ ਜਦੋਂ ਸ਼ਾਮ ਨੂੰ ਚਾਚੀ ਨੇ ਉਨ੍ਹਾਂ ਨੂੰ ਰੋਟੀ ਪਕਾ ਕੇ ਫੜਾ ਦਿੱਤੀ ਤਾਂ ਉਸਨੂੰ ਇਹ ਮੌਕਾ ਖੁਸ਼ੀ ਵਾਲਾ ਲੱਗਿਆ। ਹੁਣ ਉਸਦਾ ਆਪਣਾ ਇਸ ਕੰਮ ਤੋਂ ਖਹਿੜਾ ਛੁਟ ਜਾਣਾ ਸੀ। ਅੱਜ ਚਾਚੇ ਦਾ ਮੰਜਾ ਵੀ ਰਾਜੂ ਹੋਰਾਂ ਨਾਲੋਂ ਨਿਖੜ ਕੇ ਪਰ੍ਹਾਂ ਚਾਚੀ ਦੇ ਮੰਜੇ ਨਾਲ ਜਾ ਜੁੜਿਆ ਸੀ।

ਅਗਲੇ ਦਿਨ ਚੌਂਕੜੀ 'ਤੇ ਰੋਹੀ ਦੀ ਨਵੀਂ ਲਿਆਂਦੀ ਤੀਵੀਂ ਦੇ ਚਰਚੇ ਸੀ। ਗੱਲਾਂ ਮਸਾਲੇ ਲਾ ਲਾ ਛੱਡੀਆਂ ਜਾ ਰਹੀਆਂ ਸਨ। ਇਸ ਢਾਣੀ ਵਿੱਚ ਹੀ ਬੈਠਾ ਰਾਜੂ ਆਪਣੇ ਘਰ ਬਾਰੇ ਹੁੰਦੀਆਂ ਗੱਲਾਂ ਕੰਨ ਚੁੱਕ ਚੁੱਕ ਸੁਣ ਰਿਹਾ ਸੀ। ਹੁਣ ਤੋਂ ਰਾਜੂ ਦੀ ਡਿਊਟੀ ਰੋਟੀਆਂ ਲਾਹੁਣ ਤੋਂ ਬਦਲ ਕੇ ਘਰ ਦੀ ਨਿਗਰਾਨੀ 'ਤੇ ਲਾ ਦਿੱਤੀ ਸੀ। ਰੋਹੀ ਨੇ ਤਾੜਨਾ ਕੀਤੀ ਸੀ, ''ਤੇਰੀ ਚਾਚੀ ਦੀ ਪੂਰੀ ਤਰ੍ਹਾਂ ਗ਼ੌਰ ਰੱਖੀਂ। ਜੇ ਉਰ੍ਹਾਂ-ਪਰ੍ਹਾਂ ਜਾਊ ਤਾਂ ਤੂੰ ਨਾਲ ਜਾਈਂ।'' ਹੁਣ ਰਾਜੂ ਨੇ ਪੂਰੀ ਜ਼ਿੰਮੇਵਾਰੀ ਓਟ ਲਈ ਸੀ। ਹੱਥ ਫੂਕਣ ਨਾਲੋਂ ਇਹ ਕੰਮ ਕਿਤੇ ਸੌਖਾ ਸੀ। ਉਹ ਚਪੜਾਸੀ ਤੋਂ ਕਲਰਕ ਬਣੇ ਮੁਲਾਜ਼ਮ ਵਾਂਗ ਚੌੜਾ ਹੋਇਆ ਫਿਰਦਾ ਸੀ ਅਤੇ ਅੱਜ ਤੋਂ ਹੀ ਆਪਣੀ ਡਿਊਟੀ ਸਾਂਭ ਲਈ ਸੀ। ਹੁਣ ਉਸਨੂੰ ਨਾ ਰੋਟੀ ਲਾਹੁਣ ਦਾ ਫ਼ਿਕਰ ਸੀ ਨਾ ਸਕੂਲ ਜਾਣ ਦਾ। ਸਕੂਲ ਜਾਣੋ ਤਾਂ ਉਹ

ਪੰਜਵੀਂ ਤੋਂ ਬਾਅਦ ਹੀ ਹਟਾ ਲਿਆ ਸੀ। ਦੇਵਕੀ ਦੇ ਭੱਜਣ ਮਗਰੋਂ ਰੋਟੀ-ਟੁੱਕ ਦੀ ਸਾਰੀ ਜ਼ਿੰਮੇਵਾਰੀ ਰਾਜੂ ਉੱਪਰ ਹੀ ਆ ਪਈ ਸੀ। ਸਿੰਦੂ ਹੋਰੀਂ ਸ਼ਰਾਬ ਦੇ ਰੱਜੇ ਰਾਜੂ ਤੋਂ ਰੋਟੀ ਮੰਗਦੇ। ਰਾਜੂ ਪਹਿਲਾਂ ਕਈ ਦਿਨ ਤਾਂ ਲਿੱਚ-ਕੜਿੱਚੀਆਂ ਕਰਦਾ ਰਿਹਾ, ਰੋਟੀ ਲਾਹੁਣ ਪਿੱਛੇ ਕੁੱਟ ਖਾਂਦਾ ਰਿਹਾ ਫਿਰ ਹੌਲੀ ਹੌਲੀ ਹਾਲੀ ਕੱਢੇ ਨਰਮ ਵੱਛੇ ਵਾਂਗ ਸਿੱਧੇ ਲੀਹੇ ਤੁਰ ਪਿਆ। ਸਮੇਂ ਦੀ ਮਰਜ਼ੀ ਮੁਤਾਬਕ ਉਸਨੂੰ ਵੀ ਢਲਣਾ ਪਿਆ। ਹਾਣੀਆਂ ਨਾਲ ਬਾਹਰ ਖੇਡਣਾ ਛੱਡ ਦਿੱਤਾ ਤੇ ਦੇਵਕੀ ਦੀ ਥਾਂ ਚੁੱਲ੍ਹੇ-ਚੌਂਕੇ ਦੀ ਸਾਰੀ ਜ਼ਿੰਮੇਵਾਰੀ ਆਪ ਸਾਂਭ ਲਈ। ਅੱਜ ਨਵੀਂ ਚਾਚੀ ਦੇ ਸਾਰਾ ਕੰਮ ਕਰਨ ਕਰਕੇ ਉਸਨੂੰ ਮਹਿਸੂਸ ਹੋਇਆ ਜਿਵੇਂ ਉਹ ਵੀਹ ਸਾਲੀ ਕੱਟ ਕੇ ਅਜ਼ਾਦ ਹੋ ਗਿਆ ਹੋਵੇ। ਉਸਨੂੰ ਚੌਂਕੜੀ ਦੀ ਮੁੰਡੀਰ 'ਚ ਆਪਣੇ ਘਰ ਬਾਰੇ ਹੁੰਦੀਆਂ ਪੁੱਠੀਆਂ-ਸਿੱਧੀਆਂ ਗੱਲਾਂ ਤੋਂ ਦੁਖੀ ਹੋਣ ਦੀ ਬਜਾਏ ਆਪਣੇ ਅਜ਼ਾਦ ਹੋਣ ਦੀ ਕਿਤੇ ਜ਼ਿਆਦਾ ਖੁਸ਼ੀ ਸੀ। ਉਸਨੂੰ ਗੱਲਾਂ ਸੁਣ ਮਿੰਨਾ ਮਿੰਨਾ ਹੱਸਦੇ ਨੂੰ ਕਰਮੇ ਨੇ ਰੜਕਾਇਆ, ''ਕਿਉਂ ਮੁੰਡਿਆ, ਤੇਰੀ ਨਮੀਂ ਚਾਚੀ ਕਿਮੇਂ ਐ ਫੇਰ। ਹੈਂ!''

''ਹੀ...ਹੀ....ਹੀ...।'' ਰਾਜੂ ਨੇ ਦੰਦ ਕੱਢਦਿਆਂ ਨੀਵੀਂ ਪਾ ਲਈ।

''ਨਮੀਂ ਚਾਚੀ ਇਹਦੀ ਐਨ ਅੱਠੇ-ਅੱਠ ਮਾਰਦੀ ਐ।'' ਜੱਗੇ ਨੇ ਰਾਜੂ ਦੀ ਥਾਂ ਜਵਾਬ ਦੇ ਦਿੱਤਾ।

''ਮੈਂ ਸੁਣਿਐ ਮੋਟਰ ਨਾਲ ਮਗਲੈਲ ਦਾ ਡੱਬਾ ਫਰੀ ਆਇਐ।'' ਕਰਮੇ ਨੇ ਇੱਕ ਚੋਭ ਹੋਰ ਮਾਰ ਦਿੱਤੀ।

''ਹੈਂ?'' ਜੱਗੇ ਦੇ ਨਾਲ ਨਾਲ ਸਾਰੇ ਚੌਂਕੜੀ ਵਾਲੇ ਕਰਮੇ ਦੀ ਅਲੋਕਾਰ ਗੱਲ 'ਤੇ ਡਰੇ ਰੋਝਾਂ ਵਾਂਗ ਝਾਕੇ।

''ਹੋਰ ਹੁਣ, ਰਾਜੂ ਦੀ ਚਾਚੀ ਨਾਲ ਇੱਕ ਕੁੜੀ ਵੀ ਫਰੀ ਆਈ ਐ।'' ਕਰਮੇ ਨੇ ਜਦੋਂ ਆਪਣੀ ਗੱਲ ਦੀ ਵਿਆਖਿਆ ਕਰਕੇ ਸੁਣਾਈ ਤਾਂ ਸਾਰੀ ਚੌਂਕੜੀ 'ਤੇ ਹਾਸਤ ਮੱਚ ਗਈ।

''ਕਿਮੇਂ ਮਰਜ਼ੀ ਐ, ਇਹਦੀ ਖਹਿੜਾ ਛੁਟਿਆ ਵਿਚਾਰੇ ਦਾ। ਨਹੀਂ ਅਈਂ ਮਰ ਜਾਂਦਾ ਇਹਨਾਂ ਦੀਆਂ ਰੋਟੀਆਂ ਲਾਹੁੰਦਾ।'' 'ਕਾਲੀਆਂ ਦੇ ਬਜ਼ੁਰਗ ਨਛੱਤਰ ਨੇ ਰਾਜੂ ਲਈ ਹਮਦਰਦੀ ਦਿਖਾਈ।

''ਇਹਦਾ ਕੀ ਪਤੈ ਹੁਣ ਤਾਇਆ, ਕਿੰਨੇ ਚਿਰ ਦੀ ਪ੍ਰਾਹੁਣੀ ਐ।'' ਕਰਮੇ ਨੇ ਸ਼ੰਕਾ ਜ਼ਾਹਰ ਕੀਤੀ।

''ਕਿਉਂ?''

''ਕਿਉਂ, ਕੀ। ਪਹਿਲਾਂ ਨੀ ਭੱਜੀਆਂ ਤੇਰੇ ਸਾਹਮਣੇ।'' ਕਰਮੇ ਨੇ ਬਜ਼ੁਰਗ ਨੂੰ ਦਲੀਲ ਦਿੱਤੀ।

''ਫੇਰ ਹੁਣ ਨੀ ਭੱਜ ਸਕਦੀ।'' ਜੱਗੇ ਨੇ 'ਨਾਂਹ' ਵਿੱਚ ਸਿਰ ਮਾਰਿਆ।

''ਹੁਣ ਕੀ ਇਹਦੇ ਸੰਗਲ ਲਾ ਤੇ।''

''ਸੰਗਲ ਈ ਸਮਝ ਲੈ। ਆਹ ਬੌਡੀਗਾਰਡ ਪੱਕਾ ਈ ਰੱਖ ਤਾ ਰੋਹੀ ਹੋਰਾਂ ਨੇ।'' ਜੱਗੇ ਨੇ ਰਾਜੂ ਵੱਲ ਹੱਥ ਕਰਦਿਆਂ ਕਿਹਾ।

''ਇਹ ਬਹੁਤ ਸਿਆਰ ਕੌਮ ਹੁੰਦੀ ਐ। ਤੇਰੇ ਵਰਗੇ ਖੱਬੀ-ਖਾਨਾ ਨੂੰ ਨੀ ਪਤਾ ਲੱਗਣ ਦਿੰਦੀਆਂ, ਇਹ ਤਾਂ ਫੇਰ ਵੀ ਜਵਾਕ ਐ।'' ਕਰਮੇ ਨੇ ਪਹਿਲਾਂ ਜੱਗੇ ਵੱਲ ਤੇ ਫਿਰ ਰਾਜੂ ਵੱਲ ਵੇਖਿਆ।

''ਚਲੋ ਦੇਖਦਿਆਂ ਫੇਰ ਕੀ ਬਣਦੈ।'' ਜੱਗਾ ਗੱਲ ਭਵਿੱਖ 'ਤੇ ਛੱਡ ਕੇ ਖੜ੍ਹਾ ਹੋ ਗਿਆ। ਫਿਰ ਕਰਮਾ ਵੀ ਘਰਾਂ ਨੂੰ ਤੁਰ ਗਿਆ। ਗੱਲ ਸਿੰਦੂ ਕੇ ਘਰ ਤੋਂ ਤਿਲਕਦੀ ਤਿਲਕਦੀ ਤੀਵੀਂਆਂ ਦੇ ਸੁਭਾਅ ਤੇ ਜਾ ਪੁੱਜੀ। ਹੌਲੀ ਹੌਲੀ ਸਾਰੇ ਵਿਹੜੇ ਦੀਆਂ ਤੀਵੀਂਆਂ ਦਾ ਪਾਤਰ-ਚਿਤਰਨ ਕਰ ਦਿੱਤਾ। ਰਾਜੂ ਸਭ ਦੀਆਂ ਭਾਂਤ-ਸੁਭਾਂਤੀਆਂ ਗੱਲਾਂ ਸੁਣ ਸੁਣ ਹੱਸਦਾ ਰਿਹਾ। ਹੁਣ ਉਹ ਦੂਜੇ ਘਰਾਂ ਦੀਆਂ ਤੀਵੀਂਆਂ ਬਾਰੇ ਗੱਲਾਂ ਸੁਣ ਕੇ ਜ਼ਿਆਦਾ ਖੁਸ਼ ਸੀ।

ਜਿਸ ਦਿਨ ਸਿੰਦੂ ਜਾਂ ਰੋਹੀ 'ਚੋਂ ਕੋਈ ਘਰ ਹੁੰਦਾ, ਉਸ ਦਿਨ ਹੀ ਉਸਨੂੰ ਬਾਹਰ ਹਾਣੀਆਂ ਨਾਲ ਖੇਡਣ ਦਾ ਮੌਕਾ ਮਿਲਦਾ। ਨਹੀਂ ਤਾਂ ਉਹ ਸਾਰਾ ਦਿਨ ਘਰ ਹੀ ਖੇਡਦਾ ਰਹਿੰਦਾ ਜਾਂ ਬਾਹਰ ਚੌਂਕੜੀ 'ਤੇ ਆ ਬੈਠਦਾ। ਰੋਹੀ ਦੀ ਨਵੀਂ ਲਿਆਂਦੀ ਤੀਵੀਂ ਨੂੰ ਮੂੰਹ ਮਾਰਨ ਦੀ ਬੜੀ ਪੁੱਠੀ ਆਦਤ ਸੀ। ਜਦ ਸਿੰਦੂ ਜਾਂ ਰੋਹੀ 'ਚੋਂ ਕੋਈ ਘਰ ਨਾ ਹੁੰਦਾ ਤਾਂ ਉਹ ਦਾਣੇ ਲੈ ਜਾ ਕੇ ਹੱਟੀ ਉੱਪਰ ਜਾ ਸੁੱਟਦੀ। ਕੁੜੀ ਦੇ ਬਹਾਨੇ ਟੌਫੀਆਂ, ਚੂਰਨ, ਇਮਲੀ ਆਪ ਚਰਦੀ ਰਹਿੰਦੀ। ਰਾਜੂ, ਰੋਹੀ ਹੋਰਾਂ ਨੂੰ ਦੱਸਣ ਦੀ ਧਮਕੀ ਦੇ ਕੇ ਵਿੱਚੋਂ ਆਪਣਾ ਹਿੱਸਾ ਵੰਡਾ ਲੈਂਦਾ। ਇਸ ਤਰ੍ਹਾਂ ਰਾਜੂ ਦਾ ਵੀ ਮੂੰਹ ਬੰਦ ਹੋ ਜਾਂਦਾ। ਹੌਲੀ ਹੌਲੀ ਇਹ ਗੱਲ ਆਂਢ-ਗੁਆਂਢ ਨੇ ਰੋਹੀ ਹੋਰਾਂ

ਨੂੰ ਵੀ ਦੱਸ ਦਿੱਤੀ। ਰੋਹੀ ਨੇ ਉਸਨੂੰ ਕਈ ਵਾਰ ਕੁੱਟਿਆ ਪਰ ਫਿਰ ਵੀ ਉਹ 'ਦੋ ਪਈਆਂ ਵਿਸਰ ਗਈਆਂ ਸਦਕੇ ਮੇਰੀ ਚੂਹੀ ਦੇ' ਉੱਤੇ ਕਾਇਮ ਰਹਿੰਦੀ ਆਪਣੀ ਆਦਤ ਤੋਂ ਬਾਜ ਨਾ ਆਈ।

-0-0-

ਦੀਵਾਲੀ ਵਿੱਚ ਤਿੰਨ ਦਿਨ ਬਾਕੀ ਸਨ। ਜਨਾਨੀਆਂ ਘਰਾਂ ਨੂੰ ਲਿੱਪਣ-ਪੋਚਣ ਵਿੱਚ ਉਲਝੀਆਂ ਸਨ। ਕਈ ਘਰਾਂ ਨੂੰ ਰੰਗਾਂ ਨਾਲ ਚਮਕਾਇਆ ਜਾ ਰਿਹਾ ਸੀ। ਬੱਚੇ ਬੀਹੀਆਂ ਵਿੱਚ ਪਟਾਕੇ ਵਜਾਉਂਦੇ ਫਿਰਦੇ ਸਨ। ਅੱਜ ਸਿੰਦੂ ਦੁਪਹਿਰੇ ਦੋ ਵਾਲੀ ਬੱਸ 'ਤੇ ਹੀ ਰਾਜੂ ਨੂੰ ਨਾਲ ਲੈ ਕੇ ਆਪਣੀ ਭੈਣ ਨੂੰ ਦੀਵਾਲੀ ਦਾ ਬੋਹੀਆ ਦੇਣ ਚਲਾ ਗਿਆ ਸੀ। ਰੋਹੀ ਸਵੇਰੇ ਹੀ ਸ਼ੇਰੂ ਨਾਲ ਬੋਤਲ ਲੈ ਕੇ ਨਿਕਲ ਗਿਆ ਸੀ। ਹੁਣ ਸਰਸਵਤੀ 'ਤੇ ਬਹੁਤੀ ਨਿਗਰਾਨੀ ਨਹੀਂ ਰੱਖੀ ਜਾਂਦੀ ਸੀ। ਸਭ ਨੂੰ ਯਕੀਨ ਹੋ ਗਿਆ ਸੀ ਕਿ ਹੁਣ ਉਹ ਭੱਜੇਗੀ ਨਹੀਂ। ਰੋਹੀ ਹੋਰਾਂ ਨੇ ਉਸਨੂੰ ਇੱਕ-ਦੋ ਵਾਰ ਇਕੱਲੀ ਛੱਡ ਕੇ, ਲੁਕ ਕੇ ਵੇਖ ਵੀ ਲਿਆ ਸੀ। ਸਰਸਵਤੀ ਨੇ ਉਹਨਾਂ ਦੇ ਯਕੀਨ ਉੱਤੇ ਮੋਹਰ ਲਾ ਦਿੱਤੀ ਸੀ।

ਸਰਸਵਤੀ ਘਰੇ ਇਕੱਲੀ ਸੀ। ਉਸਨੇ ਟੋਕਰੇ 'ਤੇ ਡੰਡਾ ਲਾ ਕੇ, ਹੇਠਾਂ ਬੁਰਕੀਆਂ ਭੂਰ ਦਿੱਤੀਆਂ। ਡੰਡੇ ਨਾਲ ਲੰਬੀ ਰੱਸੀ ਬੰਨ੍ਹ ਕੇ ਆਪ ਪਰ੍ਹਾਂ ਬੈਠ ਗਈ। ਜਦੋਂ ਕੋਈ ਗੁਟਾਰ ਬੁਰਕੀਆਂ ਚੁਗਣ ਟੋਕਰੇ ਹੇਠ ਆਉਂਦੀ ਤਾਂ ਉਹ ਰੱਸੀ ਖਿੱਚ ਕੇ ਉਸਨੂੰ ਫੜ ਲੈਂਦੀ। ਜਦੋਂ ਤਿੰਨ-ਚਾਰ ਗੁਟਾਰਾਂ ਫੜੀਆਂ ਗਈਆਂ ਤਾਂ ਉਸਨੇ ਸਾਰੀਆਂ ਨੂੰ ਮਾਰ ਕੇ ਛਿੱਲ ਲਿਆ। ਪੀਸ ਬਣਾ ਕੇ ਚੁੱਲ੍ਹੇ ਚਾੜ ਦਿੱਤੀਆਂ। ਮੀਟ ਪੂਰੀ ਤਰ੍ਹਾਂ ਰਿੱਝ ਗਿਆ ਤਾਂ ਉਸਨੇ ਇੱਕ ਬੋਟੀ ਖਾ ਕੇ ਵੇਖੀ ਤੇ ਤਸੱਲੀ ਵਿੱਚ ਸਿਰ ਹਿਲਾਇਆ। ਪਤੀਲੀ ਚੁੱਲ੍ਹੇ ਤੋਂ ਹੇਠ ਉਤਾਰ ਦਿੱਤੀ ਅਤੇ ਆਪ ਰੋਟੀਆਂ ਲੱਗ ਗਈ। ਸਰਸਵਤੀ ਨੇ ਅਜੇ ਦੋ ਹੀ ਰੋਟੀਆਂ ਲਾਹੀਆਂ ਸਨ ਜਦੋਂ ਰੋਹੀ ਤੇ ਸ਼ੇਰੂ ਸ਼ਰਾਬ ਦੇ ਰੱਜੇ ਅੰਦਰ ਬਰਾਂਡੇ ਵਿੱਚ ਆ ਬੈਠੇ। ਅੱਧੀ ਬੋਤਲ ਸ਼ੇਰੂ ਦੇ ਹੱਥ ਵਿੱਚ ਛਲਕ ਰਹੀ ਸੀ।

''ਆਹ..... ਇਥੇ ਲਿ.., ਆਈਂ ਪ... ਪਾ...ਕੇ ਦਾਲ ਦਾ ਭੇ...ਰਾ'' ਰੋਹੀ ਕੰਬਦੇ ਜਿਹੇ ਹੱਥਾਂ ਨਾਲ ਬੋਤਲ ਦਾ ਢੱਕਣ ਖੋਲ੍ਹਣ ਲੱਗ ਪਿਆ।

''ਯੇ ਲਓ ਜੀ।'' ਸਰਸਵਤੀ ਮੀਟ ਦੀ ਕੌਲੀ ਵਿੱਚ ਚਮਚਾ ਰੱਖ ਕੇ ਰੋਹੀ ਹੋਰਾਂ ਦੇ ਮੰਜੇ ਕੋਲ ਰੱਖ ਗਈ।

ਰੋਹੀ ਨੇ ਪੈੱਗ ਲਾ ਕੇ ਧੁੜਧੁੜੀ ਲਈ ਤੇ ਫਿਰ ਚਮਚਾ ਭਰ ਕੇ ਮੂੰਹ ਵਿੱਚ ਦੇ ਲਿਆ, ''ਆ.....ਹ...ਹ...ਹਾ, ਅੱਜ ਤਾਂ ਮੀਟ ਬਣਾ ਰੱਖਿਐ।'' ਮਾਸ ਦਾ ਸਵਾਦ ਲੈਂਦੇ 'ਸੀ ਸੀ' ਕਰਦੇ ਰੋਹੀ ਨੇ ਕੌਲੀ ਸ਼ੇਰੂ ਵੱਲ ਵਧਾ ਦਿੱਤੀ।

''ਚ... ਚੀਜ਼ ਤਾਂ ਵਧੀਆ ਬ...ਬਣੀ ਲੱਗਦੀ ਐ।'' ਸ਼ੇਰੂ ਨੇ ਹੱਡੀ ਚੂਸ ਕੇ ਪਰ੍ਹਾਂ ਸੁੱਟ ਦਿੱਤੀ। ''ਮੋਟਾ ਜਾ ਪ... ਪੀਸ ਪਵਾ ਕੇ ਲਿ...ਲਿਆਗਾਂ ਕੋਈ।''

ਰੋਹੀ ਕੌਲੀ ਚੁੱਕ ਕੇ ਚੁੱਲ੍ਹੇ ਕੋਲ ਚਲਾ ਗਿਆ 'ਤੇ ਪਤੀਲੇ ਵਿੱਚ ਕੜਛੀਆਂ ਮਾਰ ਕੇ ਫਿਰ ਮੁੜ ਆਇਆ, ''ਅ... ਅਹਿਆ ਜਾ ਕੁ... ਕੁਛ ਈ ਐ ਸਾਰਾ।''

''ਚਲ ਛੱਡ ਫੇਰ।'' ਸ਼ੇਰੂ ਨੇ ਰੋਹੀ ਹੱਥੋਂ ਕੌਲੀ ਫੜ ਲਈ।

''ਪ...ਪਾਣੀ ਲਿ..ਆਈਂ ਐਥੇ।'' ਰੋਹੀ ਨੇ ਸਰਸਵਤੀ ਨੂੰ ਅਵਾਜ਼ ਮਾਰੀ। ਜਦ ਸਰਸਵਤੀ ਮੰਜੇ ਕੋਲੋਂ ਜੱਗ ਚੁੱਕਣ ਲੱਗੀ ਤਾਂ ਰੋਹੀ ਨੇ ਪੁੱਛਿਆ, ''ਰਾਜੂ ਨੀ ਦੀਂਹਦਾ ਕਿਤੇ?''

''ਰਾਜੂ ਤੋ ਸਿੰਦੀ ਕੇ ਸਾਥ ਗਿਐ ਬਹਿਣ ਕੋਲ।''

''ਮੁ... ਮੁੜਿਆ ਨੀ... ਸਿੰਦੂ...... ਅਜੇ।''

''ਨਾਅ।'' ਸਰਸਵਤੀ ਨੇ ਸਿਰ ਫੇਰਿਆ।

''ਫੇ... ਫੇਰ ਆ...ਹ ਮੀਟ ਕੀਹਤੋਂ..... ਮ.... ਮੰਗਾਇਐ?''

''ਮੈਨੇ ਆਪ ਬਣਾਇਆ ਥਾ।''

''ਤੋਂ ਕ...ਕਾਹਦਾ ਬਣਾ ਲਿਆ!''

''ਪੰਛੀ ਪਕਤ ਕਰ।''

''ਕਿ... ਕਿਹੜੇ ਪੰਛੀ?'' ਰੋਹੀ ਦਾ ਗੁੱਸਾ ਸੱਤ ਅਸਮਾਨੀ ਚੜ੍ਹ ਗਿਆ। ਸ਼ਰਾਬ ਨਾਲ ਲਾਲ ਹੋਈਆਂ ਅੱਖਾਂ ਵਿੱਚ ਲਹੂ ਉਤਰ ਆਇਆ, ''ਕੀ ਅੱਗ... ਸਵਾਹ ਖ....ਖਵਾਇਐ ਸਾਨੂੰ ਕੁੱਤੀਏ!'' "....।" ਸਰਸਵਤੀ ਕੁਝ ਨਹੀਂ ਬੋਲੀ। ਰੋਹੀ ਦਾ ਉੱਚੀ ਉੱਚੀ ਰੌਲਾ ਸੁਣ ਕੇ ਬਾਹਰ ਚੌਂਕੜੀ 'ਤੇ ਬੈਠੇ ਆਦਮੀ ਅੰਦਰ ਆ ਗਏ।

''ਕੀ ਗੱਲ ਹੋਗੀ ਰੋਹੀਆ?'' ਬਾਹਰੋਂ ਭੱਜ ਕੇ ਆਇਆ ਜੱਗਾ ਰੋਹੀ ਕੋਲ ਆ ਖੜ੍ਹਿਆ।

''ਕ... ਕਾਹਨੂੰ ਯ... ਯਾਰ, ਪਤਾ ਨੀ ਭੈ... ਭੈਣ ਦੇ ਯਾਰ ਦੀ ਨੇ ਕੀ ਮਾਰ ਕੇ ਖ.... ਖਵਾਇਐ।'' ਰੋਹੀ ਭੂਸਰੇ ਸਾਨ੍ਹ ਵਾਂਗ ਸਰਸਵਤੀ ਵੱਲ ਵੇਖ ਰਿਹਾ ਸੀ।

''ਦੁਪਹਿਰੇ ਇਹੇ ਟੋਕਰੇ ਨਾਲ ਗੁਟਾਰਾਂ ਜੀਆਂ ਵੀ ਫੜੀ ਜਾਂਦੀ ਤੀ, ਕਿਤੇ ਉਹਨਾਂ ਨੂੰ ਈ ਨਾ ਤੜਕਾ ਲਾਤਾ ਹੋਵੇ।'' ਜੱਗੇ ਦੀ ਮੱਲੋ-ਮੱਲੀ ਹਾਸੀ ਨਿਕਲ ਗਈ।

''ਐ ਤੇਰੇ ਜਾਤੇ! ਹੈ ਨੀ?'' ਰੋਹੀ ਸਰਸਵਤੀ ਵੱਲ ਕੋੜਾ ਜਿਹਾ ਝਾਕਿਆ। ਜਦ ਸਰਸਵਤੀ ਨੇ 'ਹਾਂ' ਵਿੱਚ ਸਿਰ ਹਿਲਾ ਦਿੱਤਾ ਤਾਂ ਉਸਨੇ ਗੁੱਤੋਂ ਫੜਕੇ ਸਰਸਵਤੀ ਨੂੰ ਢਾਹ ਲਿਆ, ''ਤੇਰੀ ਨੀ ਭੈਣ....... ਦੀ ਕੁ.... ਕੁੱਤੀਏ.... ਤੇਰਾ ਪਾਉਣਾ ਭੋਗ ਅੱਜ।'' ਰੋਹੀ ਨੇ ਮੁੱਕੀਆਂ ਅਤੇ ਲੱਤਾਂ ਦੀ ਸਰਸਵਤੀ 'ਤੇ ਵਾਛੜ ਕਰ ਦਿੱਤੀ। ਸਰਸਵਤੀ ਗੇਂਦ ਵਾਂਗ ਹੇਠਾਂ ਰਿੜਦੀ ਲੇਰਾਂ ਮਾਰਨ ਲੱਗ ਪਈ।

''ਹੁਣ ਕਿਉਂ ਸਾਲਿਆ ਬੌਲਾ ਹੋਇਐਂ। ਪਹਿਲਾਂ ਨੀ ਦੀਂਹਦਾ ਤੀ ਵੀ ਮੀਟ ਕਿੱਥੋਂ ਆਇਐ।'' ਜੱਗੇ ਅਤੇ ਇੱਕ ਦੋ ਹੋਰ ਨੇ ਰੋਹੀ ਨੂੰ ਫੜ ਕੇ ਪਿੱਛੇ ਖਿੱਚ ਲਿਆ।

''ਕਾ..ਹਨੂੰ ਯਰ ਇਹਦੀ ਛ... ਛੱਡ ਮੈਨੂੰ ਅੱਜ ਕਰੀ ਦੇਣ ਦੇ। ਪ... ਪਤਿਉਰੀ ਨੇ ਤਪਾ ਰੱਖਿਆਂ.... ਪੱਚੀ ਸੌ...ਪਹਿਲਾਂ ਬਾਈਏ ਦਾ ਕ...ਕਰਾਤਾ। ਹ.., ਹਰ ਵਕਤ ਬ... ਬੱਕਰੀ ਮਾਂਗੂੰ ਅੱਗ-ਸਵਾ ਚਰੀ ਜਾਊ। ਜੇ ਮੈਂ...ਮੈਸਾਂ ਨੂੰ ਕੱਖ ਪਾਉਣ ਨੂੰ ਕਹਿ, ਧਾਰ ਕ...ਕੱ...ਢਣ ਨੂੰ ਕਹਿ, ਕਹੂ ਮੁ...ਮੁਝੇ ਤੋ ਆਤਾ ਨਹੀਂ। ਅਹੇ ਜੇ ਕੰਮ ਇਹਤੋਂ ਜਿ....ਜਿੰਨੇ ਮਰਜੀ ਕਰਾ ਲੈ।'' ਰੋਹੀ ਜੱਗੇ ਤੋਂ ਬਾਂਹ ਛੁਡਾ ਕੇ ਫਿਰ ਸਰਸਵਤੀ ਵੱਲ ਵਧਿਆ ਪਰ ਉਸਨੇ ਦੁਬਾਰਾ ਰੋਹੀ ਦੀ ਬਾਂਹ ਫੜਕੇ ਫਿਰ ਰੋਕ ਲਿਆ।

''ਆਹ ਦੇਖ ਤਾਇਆ, ਗੁਟਾਰਾਂ ਦੇ ਖੰਭ ਨੇ।'' ਕੈਲੇ ਦਾ ਵੱਡਾ ਮੁੰਡਾ ਸਮਸ਼ੇਰ ਬਾਹਰਲੇ ਤਖਤੇ ਓਹਲਿਓਂ ਗੁਟਾਰਾਂ ਦੇ ਖੰਭ ਚੁੱਕ ਲਿਆਇਆ।

''ਆਹ ਦੇਖ..... ਇਹਦੀ ਭੈਣ.....।'' ਰੋਹੀ ਲੜਖੜਾਉਂਦਾ ਸਰਸਵਤੀ ਵੱਲ ਵਧਿਆ ਪਰ ਦੋ ਜਣਿਆਂ ਨੇ ਉਸ ਨੂੰ ਫਿਰ ਫੜ ਲਿਆ।

''ਚਲ ਛੱਡ ਹੁਣ। ਹੁਣ ਜਿਹੜਾ ਕੁਛ ਹੋਣਾ ਤੀ ਹੋ ਗਿਆ। ਪੈਜਾ ਹੁਣ।'' ਸਰਵਣ ਤਾਇਆ ਰੋਹੀ ਨੂੰ ਸਮਝੌਤੀਆਂ ਦਿੰਦਾ ਬਰਾਂਡੇ ਵਾਲੇ ਮੰਜੇ ਵੱਲ ਲੈ ਗਿਆ।

''ਇਹਦਾ ਜੂ..... ਜੂੜ ਹੁਣ ਵੱਢਣਾ ਈ ਪਊ। ਸ... ਸਾਰਾ ਘਰ ਕੰ..... ਕੰਗਾਲ ਕਰਤਾ ਜਿੱਦੋਂ ਦੀ ਲਿਆਂਦੀ ਐ। ਘਰ ਨੂੰ ਤੰ... ਤੰਗਲੀ ਲਾ ਰੱਖੀ ਐ। ਇ.... ਇ.... ਇਹਨੂੰ ਮ...ਮੈਂ ਤੜਕੀ ਚਾੜ੍ਹਦਾਂ ਗੱਡੀ, ਮ....ਮੈਂਗ੍ਹੀ ਸਸਤੀ ਕਰਕੇ।''

''ਜਦੋਂ ਮੈਂ ਤੈਨੂੰ ਓਦੋਂ ਸਮਝਾਇਆ ਤੀ, ਵੀ ਰਹਿਣ ਦੇ ਭਾਈ, ਰਹਿਣ ਦੇ। ਓਦੋਂ ਤਾਂ ਪੈਰਾਂ ਤੇ ਪਾਣੀ ਨੀ ਪੈਣ ਦਿੱਤਾ। ਅਕੇ ਹਮਨੇ ਤਾਂ ਤੀਮੀਂ ਲੈ ਕੇ ਆਉਣੀ ਐ। ਹੁਣ ਲੈ ਲਿਆ ਸਵਾਦ!''

''ਬੱਸ ਤਾਇਆ....... ਜਿਹੜੀ ਗਲਤੀ ਹੋਗੀ ਹੁਣ......।'' ਰੋਹੀ ਨੇ ਆਲੇ-ਦੁਆਲੇ ਪਛਤਾਵੇ 'ਚ ਸਿਰ ਹਿਲਾਇਆ।

''ਚਲ ਹੁਣ ਪੈਜਾ। ਕੁੱਟੇ ਤੋਂ ਨੀ ਕੋਈ ਸਮਝਦਾ ਹੁੰਦਾ। ਜੇ ਨਹੀਂ ਠੀਕ ਵਹਿੰਦੀ ਤਾਂ ਆਪਣਾ ਜਿਮੇਂ ਮਰਜੀ ਕਰਲਿਓਂ।'' ਸਰਵਣ ਰੋਹੀ ਨੂੰ ਸਮਝਾ ਕੇ ਆਪਣੇ ਘਰ ਚਲਾ ਗਿਆ।

ਸਰਵਣ ਦੇ ਜਾਣ ਤੋਂ ਬਾਅਦ ਰੋਹੀ ਨੂੰ ਸ਼ੇਰੂ ਦਾ ਖਿਆਲ ਆਇਆ। ਉਹ ਤਾਂ ਪੌੜੀਆਂ 'ਚ ਹੀ ਪੱਤਰੇ-ਵਾਚ ਗਿਆ ਸੀ। ਰੋਹੀ ਦੀਆਂ ਅੱਖਾਂ ਸਾਹਮਣੇ ਸਮਸ਼ੇਰ ਦੇ ਦਿਖਾਏ ਖੰਭ ਘੁੰਮ ਗਏ। ਉਸਨੂੰ ਗਲਿਆਣ ਜਿਹੀ ਆਈ। ਉਹ ਉੱਠ ਕੇ ਨਲਕੇ ਕੋਲ ਚਲਾ

ਗਿਆ ਫਿਰ ਕਿੰਨੀ ਹੀ ਦੇਰ ਹਲਕ 'ਚ ਉਂਗਲ ਦੇ ਦੇ ਉਲਟੀ ਕਰਦਾ ਰਿਹਾ। ਉਸ ਤੋਂ ਬਾਅਦ ਉਸਨੂੰ ਕੋਈ ਸੁਰਤ ਨਹੀਂ ਰਹੀ ਕਿ ਕਦੋਂ ਉਹ ਬਰਾਂਡੇ ਵਿੱਚ ਆ ਪਿਆ ਤੇ ਸੁੱਤੇ ਪਏ ਉਪਰ ਸਰਸਵਤੀ ਕਦੋਂ ਰਜਾਈ ਸੁੱਟ ਗਈ।

## 11

ਸਰਸਵਤੀ ਦੀ ਗੁਟਾਰਾਂ ਦਾ ਮੀਟ ਬਣਾਉਣ ਵਾਲੀ ਗੱਲ ਕਿੰਨੇ ਦਿਨ ਕੁੱਕੜ-ਖੰਭੀਆਂ ਵਾਂਗ ਪਿੰਡ ਵਿੱਚ ਥਾਂ ਥਾਂ ਉਡਦੀ ਰਹੀ। ਕੋਈ ਸਰਸਵਤੀ ਨੂੰ ਭੰਡਦਾ, ਕੋਈ ਰੋਹੀ ਨੂੰ ਦੋਸ਼ੀ ਠਹਿਰਾਉਂਦਾ। ਕੋਈ ਸਵਾਦ ਲੈਣ ਦਾ ਮਾਰਾ ਉਚੇ ਹੀ ਗੱਲ ਨੂੰ ਥਾਂ ਥਾਂ ਛੰਡਦਾ ਰਹਿੰਦਾ। ਸਿੰਦੂ ਤੇ ਰੋਹੀ ਗੱਲ ਤੁਰੀ ਤੋਂ ਨਮੋਸ਼ੀ ਵਿੱਚ ਨੀਵੀਂਆਂ ਪਾ ਲੈਂਦੇ। ਰਾਜੂ 'ਹਿੜ ਹਿੜ' ਦੰਦ ਕੱਢ ਦਿੰਦਾ। ਫਿਰ ਹੌਲੀ ਹੌਲੀ ਗੱਲ ਕੱਚੇ ਰੰਗ ਵਾਂਗ ਫਿੱਕੀ ਪੈਂਦੀ ਰਹੀ। ਇਸ ਗੱਲ ਤੋਂ ਦਸ ਕੁ ਦਿਨਾਂ ਬਾਅਦ ਇਕੱਲੀ ਸਰਸਵਤੀ ਨੂੰ ਅਠਾਰਾਂ ਹਜਾਰ ਰੁਪਏ ਵਿੱਚ ਵੇਚ ਦਿੱਤਾ। ਕੁੜੀ ਰੋਹੀ ਨੂੰ ਹੀ ਰੱਖਣੀ ਪੈ ਗਈ। ਨਾਲ ਕੁੜੀ ਨੂੰ ਤੋਰਨ 'ਤੇ ਗਾਹਕ ਪੰਜ ਹਜ਼ਾਰ ਘੱਟ ਦਿੰਦੇ ਸੀ। ਪੰਜ ਹਜ਼ਾਰ ਘੱਟ ਲੈਣ ਨਾਲੋਂ ਕੁੜੀ ਨੂੰ ਰੱਖ ਲੈਣਾ ਰੋਹੀ ਨੇ ਜ਼ਿਆਦਾ ਫਾਇਦੇਮੰਦ ਸਮਝਿਆ। ਜਦ ਲੈਣ ਆਏ ਇਕੱਲੀ ਸਰਸਵਤੀ ਨੂੰ ਲੈ ਕੇ ਜਾਣ ਲੱਗੇ ਤਾਂ ਦੋਵੇਂ ਮਾਵਾਂ-ਧੀਆਂ ਨੇ ਚੀਕਾਂ ਮਾਰ ਮਾਰ ਅਸਮਾਨ ਸਿਰ ਉਪਰ ਚੁੱਕ ਲਿਆ ਸੀ। ਮਾਂ ਨੂੰ ਚਿੱਚੜੀ ਵਾਂਗ ਚਿੰਬੜੀ ਕੁੜੀ ਨੂੰ ਤੋੜ ਕੇ ਰੋਹੀ ਨੇ ਅੰਦਰ ਸਬਾਤ ਵਿੱਚ ਬੰਦ ਕਰ ਦਿੱਤਾ ਅਤੇ ਧਾਹਾਂ ਮਾਰਦੀ, ਹੱਥਾਂ 'ਚੋਂ ਨਿਕਲ ਨਿਕਲ ਜਾਂਦੀ ਸਰਸਵਤੀ ਨੂੰ ਮੱਲੋ-ਮੱਲੀ ਗੱਡੀ ਵਿੱਚ ਸੁੱਟ ਕੇ ਲੈ ਗਏ। ਹੁਣ ਚੁੱਲ੍ਹੇ-ਚੌਂਕੇ ਦੀ ਸਾਰੀ ਜ਼ਿੰਮੇਵਾਰੀ ਦੁਬਾਰਾ ਰਾਜੂ 'ਤੇ ਆ ਪਈ। ਰਾਜੂ ਵੀ ਹੁਣ ਸਿੰਦੂ ਹੋਰਾਂ ਦੀ ਬਹੁਤੀ ਗੱਲ ਨਹੀਂ ਗੌਲਦਾ ਸੀ। ਜੇ ਜੀਅ ਕਰਦਾ ਤਾਂ ਦੋ ਰੋਟੀਆਂ ਲਾਹ ਲੈਂਦਾ ਨਹੀਂ ਤਾਂ ਸਿੰਦੂ ਜਾਂ ਰੋਹੀ 'ਚੋਂ ਕਿਸੇ ਇੱਕ ਨੂੰ ਹੱਥ ਫੂਕਣੇ ਪੈਂਦੇ। ਕੁੜੀ ਸਾਰਾ ਦਿਨ 'ਮਾਂ ਮਾਂ' ਕਰਦੀ ਵਿਲਕਦੀ ਰਹਿੰਦੀ।

ਝੋਨਾ ਵੱਢ ਕੇ ਕੱਚੀ ਮੰਡੀ ਵਿੱਚ ਸੁੱਟਿਆ ਜਾ ਚੁੱਕਿਆ ਸੀ। ਇਸ ਵਾਰ ਗੰਗੜਪੁਰ ਵਿੱਚ ਪਹਿਲੀ ਵਾਰ ਮੰਡੀ ਆਈ ਸੀ। ਲੋਕਾਂ ਨੇ ਪਿੰਡ ਤੋਂ ਬਾਹਰ ਠੇਕੇ ਕੋਲੇ ਰੜੇ ਮੈਦਾਨ ਵਿੱਚ ਝੋਨਾ ਸੁੱਟ ਲਿਆ ਸੀ। ਕੱਚੀ ਮੰਡੀ ਹੋਣ ਕਰਕੇ ਸਾਰਾ ਦਿਨ ਗਰਦੋ-ਗੁਬਾਰ ਹੋਇਆ ਰਹਿੰਦਾ। ਬਹੁਤੇ ਲੋਕ ਪਿੰਡ 'ਚ ਮੰਡੀ ਆ ਜਾਣ ਦੇ ਚਾਅ ਨਾਲ ਹੀ ਗਰਦ ਦੀ ਪ੍ਰਵਾਹ ਨਾ ਕਰਦੇ ਮੰਡੀ ਬੈਠੇ ਰਹਿੰਦੇ। ਪਿੰਡ ਦੀ ਸੱਥ ਅਤੇ ਖੂੰਢਾਂ ਵਾਲੀ ਰੌਣਕ ਮੰਡੀ ਵਿੱਚ ਜਾ ਜੁੜੀ ਸੀ। ਬੱਚਿਆਂ ਲਈ ਤਾਂ ਇਹ ਚੰਭ ਹੀ ਸੀ। ਉਹ ਸਾਰਾ ਦਿਨ ਮੰਡੀ ਵਿੱਚ ਬੋਰੀਆਂ 'ਤੇ ਲੋਟਣੀਆਂ ਖਾਂਦੇ ਖੇਡਦੇ ਰਹਿੰਦੇ। ਚਾਹੇ ਸਾਰਾ ਦਿਨ ਮੰਡੀ ਵਿੱਚ ਰੌਣਕ ਲੱਗੀ ਰਹਿੰਦੀ ਪਰ ਖਾੜਕੂਵਾਦ ਦਾ ਜੋਰ ਹੋਣ ਕਰਕੇ ਸ਼ਾਮ ਹੁੰਦਿਆਂ ਹੀ ਸਾਰੀ ਮੰਡੀ ਸੁੰਨੀ ਹੋ ਜਾਂਦੀ। ਲੋਕ ਡਰਦੇ ਸੁੱਸਰੀ ਵਾਂਗ ਸੌਂ ਜਾਂਦੇ। ਕਈ ਆਪਣੇ ਸੋਨੇ ਵਰਗੇ ਝੋਨੇ ਦੇ ਢੇਰ ਸੁੰਨੇ ਛੱਡ ਕੇ ਘਰ ਆ ਪੈਂਦੇ। ਟਿੱਕੀ ਛਿਪਦੀ ਨਾਲ ਪਿੰਡ ਵਿੱਚ ਲਾਇਟਾਂ ਬੁਝ ਜਾਂਦੀਆਂ। ਸਾਰੇ ਪਿੰਡ ਵਿੱਚ ਸਿਵਿਆਂ ਵਰਗੀ ਖਾਮੋਸ਼ੀ ਛਾ ਜਾਂਦੀ। ਠੇਕਿਆਂ 'ਤੇ ਮੇਲੇ ਲੱਗਣੋਂ ਹਟ ਗਏ। ਕੋਈ ਬਹੁਤਾ ਲਾਲਚੀ ਹੀ ਦਿਨ ਖੜ੍ਹੇ ਹੀ ਅਧੀਆ, ਪਊਆ ਲੈ ਜਾਂਦਾ, ਆਪਣੀ ਭਲ ਪੂਰੀ ਕਰਕੇ ਸਦੇਹਾਂ ਹੀ ਰੋਟੀ ਖਾ, ਅੰਦਰੋਂ ਕੁੰਡਾ ਚਾੜ੍ਹ ਕੇ ਸੌਂ ਜਾਂਦਾ। ਰੋਹੀ ਠੇਕੇ 'ਚੋਂ ਬੋਤਲ ਲਈ ਆਉਂਦਾ ਸੀ ਤਾਂ ਮੰਡੀ ਬੈਠੇ ਕੈਲੇ ਨੇ ਬੋਲ ਮਾਰ ਲਿਆ, ''ਹੁਣ ਤਾਂ ਛੱਡਦੇ, ਵੇਲੇ ਤਾਂ ਦੇਖ ਕਿਹਤੇ ਨੇ!''

''ਦੇਖੀ ਜਾਊ ਜਿਹੜੀ ਹੋਊ, ਹੁਣ ਨੀ ਇਹ ਛੁਟਦੀ।'' ਰੋਹੀ ਕੈਲੇ ਦੀ ਅਵਾਜ਼ ਸੁਣ ਕੇ ਉਧਰ ਨੂੰ ਮੁੜ ਗਿਆ।

''ਕੀ ਪਤੈ ਉਨ੍ਹਾਂ ਦਾ, ਅਵਦਾ ਸੰਭਲ ਕੇ ਰਿਹਾ ਕਰ।''

''ਜਿੰਨੀ ਵਿਓ ਮਾਤਾ ਨੇ ਲਿਖਤੀ ਉਹਨੂੰ੍ਹ ਤਾਂ ਕੋਈ ਨੀ ਮੇਟ ਸਕਦਾ।'' ਰੋਹੀ ਕੈਲੇ ਨਾਲ ਝੋਨੇ ਦੇ ਢੇਰ ਕੋਲੇ ਡੱਠੇ ਮੰਜੇ 'ਤੇ ਬੈਠ ਗਿਆ।

''ਫੇਰ ਵੀ ਅਵਦੀ ਬੱਚਤ 'ਚ ਈ ਭਲੈ।''

''ਦੇਖੀ ਜਾਊ! ਜਦੋਂ ਮਰਨੈ, ਓਦੀਂ ਮਰਨੈ। ਅਵਦੀਆਂ ਖੁਆਇਸ਼ਾਂ ਤਾਂ ਪੂਰੀਆਂ ਕਰ ਲੀਏ। ਇਥੋਂ ਕਿਹੜਾ ਕੁਛ ਨਾਲ ਜਾਣੈ। ਜਿਹੜਾ ਖਾ ਪੀ ਲਿਆ ਉਹ ਅਵਦੈ।''

''ਨਾਲ ਤਾਂ ਕੀਹਦੇ ਜਾਂਦਾ ਹੁੰਦੈ। ਸਾਡੇ ਵਰਗਿਆਂ ਨੂੰ ਤਾਂ ਫੇਰ ਵੀ ਦੇਖਣਾ ਪੈਂਦੈ। ਤੇਰੇ ਤਾਂ ਹੁਣ ਰੰਨ ਨੀ, ਕੰਨ ਨੀ। ਤੈਨੂੰ ਉਤਰਦੀਆਂ ਨੇ ਅਸਮਾਨੋਂ।''

''ਚਲ ਐਂ ਕਰ, ਤੂੰ ਮੇਰੀ ਥਾਂਓ ਆ ਕੇ ਦੇਖ ਚਾਰ ਦਿਨ। ਜੇ ਨਾ ਵਟ ਨਿਕਲ ਜਾਣ ਚਾਰ ਦਿਨਾਂ 'ਚ।'' ਰੋਹੀ ਨੇ ਚੈਲੰਜ ਕਰ ਦਿੱਤਾ।

''ਅਸਲ ਵਟ ਤਾਂ ਪੁੱਤਰਾ ਕਬੀਲਦਾਰੀ 'ਚ ਨਿਕਲਦੇ ਨੇ। ਤੇਰੇ ਵਰਗੇ ਤਾਂ ਹੁਣ ਚੋਜ ਕਰਦੇ ਨੇ। ਜਦੋਂ ਜੀਅ ਕਰਿਆ ਤੀਮੀਂ ਲਿਆਂਦੀ, ਜਦੋਂ ਜੀਅ ਕਰਿਆ ਵੇਚਤੀ। ਤੈਨੂੰ ਕਿਹੜਾ ਹੁਣ ਸਾਲੀ ਦੇ ਵਿਆਹ 'ਤੇ ਛਮੂਲੀਆਂ ਆਲੇ ਕਾਂਟੇ ਲੈ ਕੇ ਜਾਣ ਦੀ ਸੋਚ ਐ।'' ਕੈਲਾ ਕਬੀਲਦਾਰੀ ਵਾਂਗ ਉਲਝੀ ਦਾੜ੍ਹੀ ਨੂੰ ਖੁਰਕਦਾ ਹੱਸ ਪਿਆ।

''ਵੇਚਣ ਨੂੰ ਤਾਂ ਕੀਹਦਾ ਜੀਅ ਕਰਦਾ ਹੁੰਦੈ। ਇਹ ਤਾਂ ਅਣ-ਸਰਦੇ ਨੂੰ ਅੱਕ ਚੱਬਣ ਆਲੀ ਗੱਲ ਐ।'' ਰੋਹੀ ਦੀਆਂ ਅੱਖਾਂ ਅੱਗੇ ਸਰਸਵਤੀ ਦੀਆਂ ਕਰਤੂਤਾਂ ਪਰਤੱਖ ਹੋ ਗਈਆਂ।

''ਸਰਸਵਤੀ 'ਚ ਕੀ ਘਾਟ ਤੀ। ਚੰਗੀ-ਭਲੀ ਨੂੰ ਮਿੰਟ 'ਚ 'ਠਾਰਾਂ ਹਜ਼ਾਰ 'ਚ ਵੇਚਤਾ।'' ਕੈਲਾ ਸਰਸਵਤੀ ਨੂੰ ਇਸ ਤਰ੍ਹਾਂ ਵੇਚ ਦੇਣ 'ਤੇ ਹੈਰਾਨ ਸੀ।

''ਤੈਨੂੰ ਨੀ ਪਤਾ ਬਾਈ! ਜੇ ਸਾਲ ਦੋ ਸਾਲ ਹੋਰ ਰੱਖ ਲੈਂਦੇ ਘਰ ਨੂੰ ਜਮ੍ਹਾਂ 'ਜਾੜ ਦਿੰਦੀ। ਵੀਹ ਵੀਹ, ਤੀਹ ਤੀਹ ਰੁਪਈਆਂ ਦਾ ਰੋਜ਼ ਦਾ ਉਹਦਾ ਟੌਫੀਆਂ-ਭੁਜੀਆ ਤੀ। ਇੱਕ ਪਤਿਊਰੀ ਨੇ ਓਦੋਂ ਗੁਟਾਰਾਂ ਮਾਰ ਕੇ ਈ ਖਵਾ ਤੀਆਂ।'' ਰੋਹੀ ਮੀਟ ਵਾਲੀ ਗੱਲ ਯਾਦ ਕਰਦਾ ਵੱਤ ਜਿਹਾ ਲੈ ਗਿਆ।

''ਉਹ ਤਾਂ ਖਰ ਓਦੋਂ ਉਹਨੇ ਮਾੜਾ ਈ ਕਰਿਆ।'' ਕੈਲਾ ਵੀ ਸਰਸਵਤੀ ਦੀ ਉਹ ਗੱਲ ਯਾਦ ਕਰਕੇ ਢਿੱਲਾ ਜਿਹਾ ਪੈ ਗਿਆ।

''ਮਾੜਾ ਕਿਹਾ, ਬੜਾ ਕਿਹਾ। ਮੇਰਾ ਤਾਂ ਓਦੋਂ ਐਂ ਜੀਅ ਕਰਦਾ ਤੀ ਵੀ ਇਹਦਾ ਗਲ ਘੋਟਦਾਂ।'' ਰੋਹੀ ਨੇ ਰੋਹ ਵਿੱਚ ਦੋਵੇਂ ਹੱਥਾਂ ਦੀ ਗਲ ਘੋਟਣ ਵਰਗੀ ਸਥਿਤੀ ਬਣਾ ਲਈ।

''ਮੈਂ ਤਾਂ ਸੁਣਿਐ ਸੋਡੇ ਆਲਾ ਛੱਗੜ ਤੇ ਕੈਲਾ ਬਾਜ਼ੀਗਰ ਖਾੜਕੂਆਂ ਨਾਲ ਰਲ ਗੇ।'' ਕੈਲੇ ਨੇ ਮੰਡੀ ਦੇ ਸ਼ੋਰ ਵਿੱਚ ਵੀ ਗੱਲ ਰੋਹੀ ਦੇ ਕੰਨ ਦੇ ਏਨਾ ਨੇੜੇ ਹੋ ਕੇ ਕੀਤੀ ਜਿਵੇਂ ਗੱਲ ਦੇ ਹਵਾ ਵਿੱਚ ਰਲਣ ਤੋਂ ਡਰਦਾ ਹੋਵੇ।

''ਸੁਣਿਆ ਤਾਂ ਮੈਂ ਵੀ ਐ।'' ਚਾਹੇ ਰੋਹੀ ਨੂੰ ਪੂਰੀ ਗੱਲ ਦਾ ਪਤਾ ਸੀ ਪਰ ਫਿਰ ਵੀ ਉਹ ਕੈਲੇ ਅੱਗੇ ਅਣਜਾਣ ਹੋ ਗਿਆ।

''ਨਾਲੇ ਕਹਿੰਦੇ ਨੇ ਅਕੇ ਜਿਹੜੀ ਵੱਡੇ ਵੀਰੋਂ ਕੀ ਲੁੱਟ-ਖੋਹ ਹੋਈ ਤੀ ਓਹਦੇ ਵਿੱਚ ਵੀ ਇਹੀ ਤੀ।''

''ਕੀ ਪਤੈ ਹੁਣ, ਹੋ ਵੀ ਸਕਦੇ ਨੇ।'' ਰੋਹੀ ਫਿਰ ਭੁਆਟਣੀ ਮਾਰ ਗਿਆ। ''ਚਲ ਛੱਡ ਆਪਾਂ ਕੀ ਲੈਣੈ ਕਿਸੇ ਤੋਂ, ਜੇ ਪੈੱਗ-ਸ਼ੈੱਗ ਲਾਉਣੈ ਤਾਂ ਕਰ ਗੱਲ।''

''ਨਾਂਹ ਭਾਈ ਆਪਾਂ ਤਾਂ ਘਰੋਂ ਜਾ ਕੇ ਈ ਲਾਮਾਂਗੇ।'' ਕੈਲਾ 'ਨਾਂਹ' ਵਿੱਚ ਸਿਰ ਮਾਰ ਗਿਆ।

''ਲਾ ਲੈ ਘੁੱਟ ਜੇ ਲਾਉਣੀ ਐ, ਕੁਛ ਨੀ ਹੁੰਦਾ।''

''ਨਾਂਹ।'' ਕੈਲਾ ਅਸਲੋਂ ਜਵਾਬ ਦੇ ਗਿਆ।

''ਚੰਗਾ ਫੇਰ ਇੱਕ ਕੰਮ ਕਰ। ਆਹ ਤੇਰੇ ਆਲੀ ਕੇਨੀ 'ਚ ਪਾਣੀ ਪਾ ਕੇ ਲਿਆ, ਮੈਂ ਤਾਂ ਹੋਮਾਂ ਘਰ ਤੱਕ ਜਾਣ ਆਲਾ।'' ਰੋਹੀ ਲੱਕ ਵਿੱਚੋਂ ਬੋਤਲ ਕੱਢ ਢੱਕਣ ਖੋਲ੍ਹਣ ਲੱਗ ਪਿਆ।

ਜਦੋਂ ਕੈਲਾ ਪਾਣੀ ਲੈ ਆਇਆ ਤਾਂ ਰੋਹੀ ਇੱਕੋ ਵਾਰ 'ਚ ਪਊਏ ਦਾ ਪੈੱਗ ਪਾ ਕੇ ਪੀ ਗਿਆ ਤੇ ਸਮਾਂ ਦੇਖਦਾ ਉੱਠ ਕੇ ਘਰ ਨੂੰ ਤੁਰ ਪਿਆ। ਇੱਕ ਪੈੱਗ ਨਾਲ ਹੀ ਉਸਨੂੰ ਚੰਗਾ ਸਰੂਰ ਆ ਗਿਆ ਸੀ। ਸਾਰੇ ਦਿਨ ਦੇ ਮੰਡੀ 'ਚ ਬੈਠੇ ਕਿਸਾਨ, ਨਾਲ ਦੀ ਢੇਰੀ ਵਾਲੇ ਨੂੰ 'ਗੌਰ ਰੱਖਣ ਲਈ' ਕਹਿ ਕੇ ਆਥਣ ਦੀ ਰੋਟੀ ਖਾਣ ਘਰਾਂ ਨੂੰ ਤੁਰ ਪਏ। ਕਈਆਂ ਦੀ ਰੋਟੀ ਮੰਡੀ ਵਿੱਚ ਬੈਠਿਆਂ ਦੀ ਹੀ ਆ ਗਈ। ਸ਼ਾਮ ਦਾ ਮਟਮੈਲਾ ਜਿਹਾ ਹਨ੍ਹੇਰਾ ਮੰਡੀ 'ਚ ਉੱਠੀ ਗਰਦ ਨਾਲ ਹੋਰ ਗਾੜ੍ਹਾ ਹੋ ਗਿਆ।

ਰੋਹੀ ਸਿਵਿਆਂ ਕੋਲ ਆ ਕੇ ਰੁਕ ਗਿਆ। ਉਸਨੇ ਡੱਬ ਵਿੱਚ ਟੰਗੀ ਬੋਤਲ ਸੰਭਾਲਦਿਆਂ ਸਿਵਿਆਂ ਦੀ ਕੰਧ ਕੋਲ ਲੱਗ ਕੇ ਪਿਸ਼ਾਬ ਕੀਤਾ ਤੇ ਫੇਰ ਤੁਰ ਪਿਆ। ਕੈਲੇ ਦੀਆਂ ਛੱਗਤ ਹੋਰਾਂ ਬਾਰੇ ਕੀਤੀਆਂ ਗੱਲਾਂ ਉਸਨੂੰ ਫਿਰ ਯਾਦ ਆ ਗਈਆਂ, ਜਿਹੜੀਆਂ ਉਹ ਕੈਲੇ ਤੋਂ ਛੁਪਾ ਗਿਆ ਸੀ। ਛੱਗੜ ਰੋਹੀ ਨੂੰ ਰੋਹੀ ਵਾਲੇ ਪਹੇ 'ਤੇ ਚੌਥੇ ਮਿਲਿਆ ਸੀ। ਜਿਹੜੀਆਂ ਗੱਲਾਂ ਛੱਗੜ ਨੇ ਦੱਸੀਆਂ ਸੀ ਉਹ ਹੈਰਾਨ ਕਰਨ ਵਾਲੀਆਂ ਸਨ। ਉਹ ਦੱਸਦਾ ਸੀ ਕਿ ਉਹਨਾਂ ਨੇ ਦੁਕਣੀ ਅਤੇ ਗੰਡਾਸੇ ਨਾਲ ਹੀ ਲੋਕਾਂ ਨੂੰ ਡਰਾ-ਧਮਕਾ ਕੇ, ਪੰਜ-ਚਾਰ ਦਿਨਾਂ 'ਚ ਹੀ ਪੰਜਾਹ-ਸੱਠ ਹਜ਼ਾਰ ਰੁਪਈਏ ਨਾਲ ਹੱਥ ਰੰਗ ਲਏ ਸਨ। ਛੱਗਤ ਨੇ ਰੋਹੀ ਨੂੰ ਵੀ ਨਾਲ ਚੱਲਣ ਲਈ ਜ਼ੋਰ ਪਾਇਆ ਸੀ ਪਰ ਰੋਹੀ ਦਾ ਮਨ ਨਹੀ ਮੰਨਿਆ ਸੀ।

ਜਦੋਂ ਰੋਹੀ ਘਰ ਆਇਆ ਤਾਂ ਸਾਰੇ ਪਿੰਡ ਵਿੱਚ ਬੱਲਬ ਜਗ ਪਏ ਸਨ। ਬਾਹਰ ਚੌਂਕੜੀ 'ਤੇ ਵੀ ਅੱਜ ਕੋਈ ਨਹੀਂ ਸੀ। ਸਿੰਦੂ ਕੱਲ੍ਹ ਦਾ ਨਾਜ਼ਰ ਨਾਲ ਉਹਦੇ ਸਹੁਰੀਂ ਗਿਆ ਮੁੜਿਆ ਨਹੀਂ ਸੀ। ਰਾਜੂ ਅੰਦਰ ਬਿਸਤਰੇ 'ਤੇ ਢੂਹ ਲਾਈਂ ਬੈਠਾ ਸੀ। ਰੋਹੀ ਨੇ ਇੱਕ ਕਰੜਾ ਜਿਹਾ ਪੈਂਗ ਲਾ ਕੇ ਚੁਪਕੇ ਨੇ ਹੀ ਰੋਟੀਆਂ ਵਾਲਾ ਛਾਬਾ ਫਰੋਲਿਆ। ਵਿੱਚ ਠੰਡੀਆਂ ਹੋਈਆਂ ਚੱਕੀ ਦੇ ਪੁੜ ਵਰਗੀਆਂ ਮੋਟੀਆਂ ਮੋਟੀਆਂ ਤਿੰਨ ਰੋਟੀਆਂ ਸਨ। ਰੋਹੀ ਨੇ ਤਿੰਨੇ ਹੱਥ 'ਤੇ ਧਰ ਲਈਆਂ ਤੇ ਇਧਰ-ਉਧਰ ਕੌਲੀਆਂ ਫਰੋਲੀਆਂ। ਸਾਰੀਆਂ ਖ਼ਾਲੀ ਕੌਲੀਆਂ ਮੂੰਹ ਚਿੜਾਉਂਦੀਆਂ ਵੇਖ ਕੇ ਉਸਨੇ ਰਾਜੂ ਨੂੰ ਪੁੱਛਿਆ, ''ਦਾਲ-ਦੂਲ ਨੀ ਬਣਾਈ ਓਏ ਕੋਈ?''

''ਨਾਂਹ, ਬਣਾਈ ਨੀ।''

''ਕਿਉਂ?''

''ਊਈਂ।'' ਰੋਹੀ, ਰਾਜੂ ਦਾ ਰੁੱਖਾ ਜਿਹਾ ਜਵਾਬ ਸੁਣ ਕੇ ਰੋਟੀਆਂ ਉੱਤੇ ਅੰਬ ਦੇ ਅਚਾਰ ਦੀ ਫਾੜੀ ਧਰਕੇ ਖਾਣ ਲੱਗ ਪਿਆ। ਰੋਟੀ ਖਾ ਕੇ ਪਿੰਨ ਪਿੱਛੇ ਚਾਦਰੇ ਨਾਲ ਹੀ ਹੱਥ ਪੂੰਝ ਦਿੱਤੇ ਤੇ ਬਰਾਂਡੇ 'ਚ ਕੱਪੜਾ ਵਿਛਾ ਕੇ ਪੈ ਗਿਆ।

ਰਾਤ ਦਾ ਪਹਿਲਾ ਪਹਿਰ ਬੀਤ ਗਿਆ ਸੀ। ਸਾਰੇ ਪਿੰਡ ਵਿੱਚ ਉਜਾੜ ਵਰਗੀ ਖ਼ਾਮੋਸ਼ੀ ਸੀ। ਲੋਕ ਕਿਸੇ ਭੈਅ 'ਚ ਜਕੜੇ ਦੜ ਵੱਟੀ ਪਏ ਸਨ। ਗਲੀਆਂ 'ਚ ਕੁੱਤੇ ਭੌਂਕਦੇ ਤਾਂ ਲੋਕਾਂ ਦੇ ਦਿਲ ਧੜਕਦੇ। ਹੁਣ ਵੀ ਮਹਾਜਨਾਂ ਦੀ ਦੁਕਾਨ ਵੱਲੋਂ ਕੁੱਤੇ ਭੌਂਕਣ ਦੀ ਮੱਧਮ ਜਿਹੀ ਅਵਾਜ਼ ਆ ਰਹੀ ਸੀ। ਫੇਰ ਕੁੱਤਿਆਂ ਦੀਆਂ ਇਹੀ ਅਵਾਜ਼ਾਂ ਹੌਲੀ ਹੌਲੀ ਚੌਂਕੜੀ ਵੱਲ ਨੂੰ ਆ ਗਈਆਂ। ਰੋਹੀ ਬਿੜਕ ਲੈਣ ਲਈ ਮੰਜੇ 'ਚੋਂ ਉੱਠ ਕੇ ਵਿਹੜੇ ਵਿਚਕਾਰ ਆ ਗਿਆ। ਰੋਹੀ ਦਾ ਨਾਂ ਲੈ ਕੇ ਬਾਹਰੋਂ ਅਵਾਜ਼ ਆਈ ਤੇ ਬਾਰ ਖੜਕਿਆ। ਉਹ ਡਰ ਨਾਲ ਸਿਰ ਤੋਂ ਲੈ ਕੇ ਲੱਤਾਂ ਤੱਕ ਕੰਬ ਗਿਆ। ਰੋਹੀ ਨੇ ਬਾਰ ਨਹੀਂ ਖੋਲ੍ਹਿਆ। ਉਹ ਅੱਖ ਦੇ ਫੋਰ ਵਿੱਚ ਹੀ ਡਰੀ ਬਿੱਲੀ ਵਾਂਗ ਬਰਾਂਡੇ ਵਿੱਚ ਆ ਲੁਕਿਆ। ਬਾਹਰੋਂ ਤਿੰਨ ਓਪਰੇ ਬੰਦਿਆਂ ਨੇ ਕੰਧ ਟੱਪ ਕੇ ਅੰਦਰ ਛਾਲਾਂ ਮਾਰੀਆਂ। ਉਹ ਬੈਟਰੀ ਮਾਰਦੇ ਬਰਾਂਡੇ ਵੱਲ ਨੂੰ ਆ ਗਏ। ਰੋਹੀ ਨੂੰ ਜਾਪਿਆ ਜਿਵੇਂ ਬੈਟਰੀ ਨਹੀਂ, ਮੌਤ ਉਸ ਵੱਲ ਵਧ ਰਹੀ ਹੋਵੇ। ਉਸਨੂੰ ਤ੍ਰੇਲੀ ਆ ਗਈ। ਸੁਰਤ ਗੁੰਮ ਹੋ ਗਈ। ਜਦੋਂ ਬਰਾਂਡੇ ਦੇ ਖੂੰਜੇ 'ਚ ਬੈਟਰੀ ਵੱਜੀ, ਰੋਹੀ 'ਕੱਠਾ ਹੋਇਆ ਮੀਂਹ 'ਚ ਭਿੱਜੀ ਗਾਂ ਵਾਂਗ ਕੰਬੀ ਜਾ ਰਿਹਾ ਸੀ।

''ਓਏ ਵਾਹ ਓਏ ਤੇਰੇ ਵੈਲੀਆ! ਮਾਰੇਂਗਾ ਸ਼ੇਰ!'' ਉਨ੍ਹਾਂ 'ਚੋਂ ਬੈਟਰੀ ਵਾਲਾ ਬੋਲ ਪਿਆ।

''ਕੌਣ ਛੱਗੜ ਐ?'' ਰੋਹੀ ਨੇ ਛੱਗੜ ਦੀ ਅਵਾਜ਼ ਪਹਿਚਾਣ ਲਈ ਸੀ ਪਰ ਡਰ ਨੇ ਅਜੇ ਵੀ ਉਸਦੇ ਅੰਗ ਅੰਗ ਨੂੰ ਕਾਂਬਾ ਛੇੜ ਰੱਖਿਆ ਸੀ।

''ਛੋਟੇ ਭਾਈ, ਆਪਣਿਆਂ ਨੂੰ ਈ ਪਹਿਚਾਨਣੋ ਹਟ ਗਿਆ।'' ਛੱਗੜ ਨੇ ਉਸਨੂੰ ਖੂੰਜੇ 'ਚੋਂ ਖਿੱਚ ਕੇ ਉਪਰ ਦੀ ਖੱਬੀ ਬਾਂਹ ਵਲ ਕੇ ਆਪਣੀ ਹਿੱਕ ਨਾਲ ਲਾ ਲਿਆ।

''ਬਾਈ ਡਰਾ ਈ ਦਿੱਤੇ ਤੀ ਤੈਂ ਤਾਂ।'' ਰੋਹੀ ਸ਼ਰਮਸਾਰ ਜਿਹਾ ਹੋ ਗਿਆ। ਉਸਦਾ ਜੀਅ ਕੀਤਾ ਕਿ ਉਹ ਛੱਗੜ ਨੂੰ ਗਾਲਾਂ ਕੱਢੇ ਪਰ ਉਹ ਕੈਲੇ ਬਾਜ਼ੀਗਰ ਤੋਂ ਬਿਨਾਂ ਤੀਸਰੇ ਓਪਰੇ ਬੰਦੇ ਤੋਂ ਭੈਅ ਖਾ ਗਿਆ। ਸਾਰੇ ਰੋਹੀ ਵਾਲੇ ਮੰਜੇ 'ਤੇ ਹੀ ਬੈਠ ਗਏ।

''ਸਿੰਦੂ ਤਾਂ ਕੱਲ੍ਹ ਪਰਸੋਂ ਨੂੰ ਈ ਮੁੜੂ ਫੇਰ ਹੈਂ!'' ਛੱਗੜ ਨੇ ਹਨੇਰੇ ਵਿੱਚ ਆਲੇ-ਦੁਆਲੇ ਨਿਗ੍ਹਾ ਮਾਰੀ।

''ਹਾਂ ਤੈਨੂੰ ਪਤਾ ਈ ਐ ਫੇਰ, ਨਾਜ਼ਰ ਨਾਲ ਗਿਐ ਓਹਦੇ ਸਹੁਰੀਂ।''

''ਮੁੰਡੇ ਨੂੰ ਵੀ ਲੈ ਕੇ ਗਿਐ ਨਾਲ?''

''ਨਾਂਹ ਉਹ ਤੇ ਕੁੜੀ ਤਾਂ ਅੰਦਰ ਪਏ ਨੇ।

''ਚਲੋ...।'' ਛੱਗਤ ਨੇ ਉਪਰ-ਹੇਠ ਸਿਰ ਮਾਰਿਆ, ''ਅਸੀਂ ਤਾਂ ਤੈਨੂੰ ਲੈਣ ਆਏ ਤੀ।''

''ਕਿਉਂ, ਮੈਥੋਂ ਕੀ ਕਰਾਉਣੈ!''

''ਤੈਥੋਂ ਵੀ ਸਾਡੇ ਆਲਾ ਕੰਮ ਈ ਕਰਾਉਣੈ। ਬਰਾਬਰ ਦਾ ਹਿੱਸਾ ਦੇਮਾਂਗੇ।''

ਰੋਹੀ ਨੂੰ ਜੱਕੋ-ਤੱਕੀ 'ਚ ਪਏ ਨੂੰ ਵੇਖ ਕੇ ਛੱਗਤ ਫਿਰ ਬੋਲਿਆ, ''ਡਰ ਆਲੀ ਕੋਈ ਗੱਲ ਨੀ। ਰਾਤ ਨੂੰ ਤਾਂ ਆਪਣਾ ਈ ਰਾਜ ਹੁੰਦੈ। ਜਿਹਨੂੰ ਮਰਜੀ ਜਾ ਕੇ ਕਹਿਦੀਂ, ਬਾਬੇ ਆਂ! ਲੋਕ ਮੂਤਦੇ ਫਿਰਨਗੇ। ਜਿੰਨਾ ਪੈਸਾ-ਧੇਲਾ ਹੁੰਦੈ ਡਰਦੇ ਫੱਟ ਕੱਢ ਕੇ ਦੇ ਦਿੰਦੇ ਨੇ। ਰੋਟੀ-ਪਾਣੀ ਵੱਖਰਾ। ਚਾਹੇ ਅੱਧੀ ਰਾਤ ਨੂੰ 'ਵਾਜ ਮਾਰ ਦੇਈਂ, ਤਾਜੀ ਬਣੀ ਆਊ। ਦੋ ਦੋ ਦਾਲਾਂ ਨਾਲ ਨੂੰ। ਐਥੇ ਆਪ ਹੱਥ ਫੂਕਦਾ ਫਿਰਦੈਂ।'' ਰੋਹੀ ਨੂੰ 'ਦੋ ਦੋ ਦਾਲਾਂ' ਵਾਲੀ ਗੱਲ ਸੁਣ ਕੇ ਆਥਣੇ ਅਚਾਰ ਨਾਲ ਖਾਧੀ ਸੱਕ ਵਰਗੀ ਰੋਟੀ ਅੰਦਰ ਚੁਭਦੀ ਜਾਪੀ।

''ਆਹ ਬਾਈ ਕੌਣ ਐ?'' ਰੋਹੀ ਨੂੰ, ਲੋਈ ਦੀ ਬੁੱਕਲ ਮਾਰੀਂ ਬੈਠੇ ਤੀਸਰੇ ਬੰਦੇ ਦੀ ਅਜੇ ਪਹਿਚਾਣ ਨਹੀਂ ਸੀ ਆਈ।

''ਇਹ ਤਾਂ ਲੁੱਟਰ ਆਲਾ ਪੰਮੀ ਐ। ਆਪਣੇ ਖੇਤ ਦਾ ਗੁਆਂਢੀ।'' ਛੱਗਤ ਨੂੰ ਗੱਲ ਕਰਦਿਆਂ ਸੁਣ ਕੇ ਉਸ ਆਦਮੀ ਨੇ ਆਪਣੇ ਮੂੰਹ ਤੋਂ ਲੋਈ ਲਾਹ ਦਿੱਤੀ। ਰੋਹੀ ਨੇ ਨੇੜੇ ਨੂੰ ਹੋ ਕੇ ਵੇਖਿਆ, ਉਹ ਸੱਚ-ਮੁੱਚ ਹੀ ਲੁੱਟਰ ਵਾਲਾ ਪੰਮੀ ਸੀ।

''ਹੋਰ ਕੀ ਹਾਲ ਐ ਬਾਈ।'' ਰੋਹੀ ਨੇ ਪਹਿਚਾਣਦਿਆਂ ਪੰਮੀ ਨਾਲ ਹੱਥ ਮਿਲਾਇਆ।

''ਠੀਕ-ਠਾਕ ਬਾਈ। ਤੂੰ ਚੱਲ ਸਾਡੇ ਨਾਲ ਨਜਾਰੇ ਨੇ।'' ਪੰਮੀ ਨੇ ਵੀ ਛੱਗਤ ਵਾਲੀ ਗੱਲ ਹੀ ਦੁਹਰਾ ਦਿੱਤੀ।

''ਕਿਤੇ ਊਈਂ ਨਾ ਫਸਾਦਿਓ ਪਤੰਦਰੋ।'' ਰੋਹੀ ਉਨ੍ਹਾਂ ਨੂੰ ਟਣਕਾਉਂਦਾ ਅੰਦਰੋਂ ਮੰਨ ਗਿਆ।

''ਫਸਣ-ਫਸਾਉਣ ਆਲੀ ਗੱਲ ਤਾਂ ਤੂੰ ਮਨ 'ਚੋਂ ਈ ਕੱਢਦੇ।'' ਕਾਫ਼ੀ ਚਿਰ ਤੋਂ ਚੁੱਪ ਬੈਠਾ ਕੈਲਾ ਬਾਜ਼ੀਗਰ ਤੜ ਵਿੱਚ ਆ ਕੇ ਬੋਲਿਆ।

''ਜੇ ਅਸਲੀ ਖਾੜਕੂ ਟੱਕਰ ਗੇ ਫੇਰ?'' ਰੋਹੀ ਨੂੰ ਇੱਕ ਡਰ ਹੋਰ ਘੇਰ ਖੜ੍ਹਿਆ।

''ਫੇਰ ਆਪਣੇ ਕਿਹੜਾ ਮੱਥੇ 'ਤੇ ਲਿਖਿਆ ਹੋਇਐ ਵੀ ਆਪਾਂ ਅਸਲੀ ਆਂ ਕ ਨਕਲੀ ਆਂ। ਜਿੰਨਾ ਚਿਰ ਘੋੜਾ ਭਜਦੈ ਵਿੱਚੇ ਭਜਾਈ ਚੱਲਾਂਗੇ।'' ਛੱਗਤ ਬੋਲਿਆ।

''ਚਲ ਚਲੋ ਫੇਰ ਦੇਖੀ ਜਾਊਗੀ।'' ਰੋਹੀ, ਛੱਗਤ ਦੀ ਟੋਲੀ ਵਿੱਚ ਸ਼ਾਮਲ ਹੋਣ ਲਈ ਪੂਰੀ ਤਰ੍ਹਾਂ ਤਿਆਰ ਹੋ ਗਿਆ।

''ਚਲ ਚੱਕ ਫੇਰ ਲੋਈ।'' ਪੰਮੀ ਨੇ ਰੋਹੀ ਦੇ ਪਿੱਠ ਪਿੱਛੇ ਥਾਪੀ ਦਿੱਤੀ।

''ਹੋਰ ਕੁਛ?'' ਰੋਹੀ ਸਿਰਹਾਣਿਓਂ ਲੋਈ ਚੁੱਕਦਾ ਪੁੱਛ ਗਿਆ।

''ਹੋਰ ਕੁਛ ਅਸੀਂ ਆਪੀ ਦੇਮਾਂਗੇ।'' ਛੱਗਤ ਨੇ ਰੋਹੀ ਨੂੰ ਨਾਲ ਤੋਰ ਲਿਆ।

ਰੋਹੀ ਨੇ ਬਾਹਰਲੇ ਬਾਰ ਦਾ ਕੁੰਡਾ ਖੋਲ੍ਹ ਕੇ ਤਿੰਨਾ ਨੂੰ ਬਾਹਰ ਲੰਘਾ ਦਿੱਤਾ। ਆਪ ਅੰਦਰੋਂ ਕੁੰਡਾ ਲਾ ਕੇ, ਕੰਧ ਟੱਪ ਕੇ ਬਾਹਰ ਛਾਲ ਮਾਰੀ। ਕੰਧਾਂ ਨਾਲ ਲੱਗੇ ਕੁੱਤੇ ਬੰਦਿਆਂ ਦੀ ਬਿੜਕ ਲੈਂਦੇ ਫਿਰ ਭੌਂਕਣ ਲੱਗ ਪਏ। ਚਾਰੇ ਪਿੰਡ ਦੀ ਫਿਰਨੀ ਫਿਰਨੀ ਹੁੰਦੇ ਬੀੜ ਵਾਲੇ ਪਹੇ ਪੈ ਗਏ।

''ਲੈ ਫੜ ਅੱਜ ਤੋਂ ਤੇਰਾ ਇਹ ਐ ਹਥਿਆਰ।'' ਛੱਗਤ ਨੇ ਡੱਬ 'ਚੋਂ ਪਸਤੌਲ ਕੱਢ ਕੇ ਰੋਹੀ ਨੂੰ ਫੜਾ ਦਿੱਤਾ।

''ਇਹ ਕਿੱਥੋਂ ਲਿਆਏ ਓਏ।'' ਰੋਹੀ ਪਸਤੌਲ ਵੇਖ ਕੇ ਭਮੱਤਰ ਗਿਆ।

''ਲਿਆਉਣਾ-ਲੀਉਣਾ ਕਿੱਥੋਂ ਤੀ, ਇਹ ਤਾਂ ਮੇਲੇ ਤੋਂ ਲਿਆਂਦੈ।''

''ਨਕਲੀ ਐ ਇਹੇ?'' ਰੋਹੀ ਅਜੇ ਵੀ ਹੈਰਾਨ ਹੋਈ ਜਾ ਰਿਹਾ ਸੀ।

''ਅਸਲੀ ਤੋਂ ਕੀ ਆਪਾਂ ਟਿੰਡੀਆਂ ਲੈਣੀਆਂ ਨੇ। ਇਹ ਤਾਂ ਲੋਕਾਂ ਨੂੰ ਡਰਾਉਣ ਵਾਸਤੇ ਐ। ਇਹਦੇ ਨਾਲ ਕਿਹੜਾ ਆਪਾਂ ਪ੍ਰਧਾਨ ਮੰਤਰੀ ਮਾਰਨੈ।''

''ਇਹ ਤਾਂ ਜਮਾਂ ਅਸਲੀ ਵਰਗਾ ਲਗਦੈ।'' ਰੋਹੀ ਹਨ੍ਹੇਰੇ ਵਿੱਚ ਖਿਡੌਣਾ ਪਸਤੌਲ ਨੂੰ ਉਲਟਾ-ਪੁਲਟਾ ਕੇ ਟੋਹ ਟੋਹ ਵੇਖ ਰਿਹਾ ਸੀ।

''ਚੰਗਾ ਇਹਨੂੰ ਤੂੰ ਟੰਗ ਲੱਕ 'ਚ। ਆਜੋ ਪਹਿਲਾਂ ਕਰਤੇ ਜੇ ਹੋਜੀਏ। ਨਸ਼ੇ ਬਿਨਾਂ ਤਾਂ ਸਾਲੀ ਕੋਈ ਵਾਰਦਾਤ ਵੀ ਨੀ ਕਰੀ ਜਾਂਦੀ।'' ਛੱਗਤ ਨੇ ਸੂਏ ਦੀ ਪਟੜੀ ਚੜ੍ਹਦਿਆਂ ਡੱਬ 'ਚੋਂ ਬੋਤਲ ਕੱਢ ਲਈ।

ਚਾਰਾਂ ਨੇ ਮੂੰਹ ਲਾ ਕੇ ਬੋਤਲ ਖਾਲੀ ਕਰ ਦਿੱਤੀ। ਸੂਏ ਦੀ ਪਟੜੀ 'ਤੇ ਖੜ੍ਹੇ ਨਲਕੇ ਤੋਂ ਪਾਣੀ ਪੀ ਲਿਆ। ਖ਼ਾਲੀ ਬੋਤਲ ਵਗਦੇ ਸੂਏ ਵਿੱਚ ਵਗਾਹ ਮਾਰੀ। ਜਦੋਂ ਉਹ ਬੀੜ ਦੀ ਬਾਹਰਲੀ ਫਿਰਨੀ 'ਤੇ ਆਏ ਤਾਂ ਛੱਗਤ ਫੌਜ ਦੇ ਕਪਤਾਨ ਵਾਂਗ ਹਾਲਾਤ ਭਾਂਪਦਾ ਸਭ ਤੋਂ ਅੱਗੇ ਲੱਗ ਗਿਆ। ਬੀਹੀਆਂ 'ਚ ਹਰਲ ਹਰਲ ਗੇੜੇ ਦਿੰਦਿਆਂ ਦੇ, ਕੁੱਤਿਆਂ ਦੇ ਭੌਂਕਣ ਦੀ ਅਵਾਜ ਵੀ ਨਾਲ ਨਾਲ ਫਿਰਦੀ ਰਹੀ। ਛੱਗਤ ਨੇ ਇਸਾਰੇ ਨਾਲ ਤਿੰਨਾਂ ਨੂੰ ਇੱਕ ਘਰ ਦੇ ਅੱਗੇ ਰੋਕ ਲਿਆ। ਬਾਹਰ ਦਰੇ 'ਤੇ ਬਣੀ ਬੈਠਕ ਵਿੱਚ ਮੱਧਮ ਜਿਹੀ ਟੇਪ ਦੀ ਅਵਾਜ ਆ ਰਹੀ ਸੀ। ਛੱਗਤ ਨੇ ਬਾਰ ਖੜਕਾਇਆ। ਅੰਦਰੋਂ ਬੈਠਕ 'ਚੋਂ ਮੰਜੇ ਦੇ ਜਰਕਣ ਦੀ ਅਵਾਜ਼ ਆਈ। ਕੋਈ ਬੈਠਕ 'ਚੋਂ ਬਾਰ ਖੋਲ੍ਹਣ ਲਈ ਉੱਠ ਖੜ੍ਹਿਆ ਸੀ।

''ਹਾਂ ਜੀ, ਬਾਈ ਜੀ।'' ਤੀਹ ਕੁ ਸਾਲ ਦੇ ਨੌਜਵਾਨ ਨੇ ਬਾਰ ਖੋਲ੍ਹ ਕੇ ਛੱਗਤ ਨੂੰ ਪੁੱਛਿਆ।

''ਸਾਲਿਆ ਬਾਈ ਦਿਆ। ਜਦੋਂ ਸਾਡੀਆਂ ਟੇਪਾਂ ਬੰਦ ਕਰਾਈਆਂ ਹੋਈਆਂ ਨੇ, ਇਹ ਧਨੌਗੀ ਕਿਉਂ ਲਾਈ ਐ ਓਏ!'' ਛੱਗਤ ਨੇ ਉਸਨੂੰ ਗਲਮੇਂ ਤੋਂ ਫੜ ਕੇ ਬਾਹਰ ਖਿੱਚ ਲਿਆ।

''ਜੀ ਊਈਂ ਲਾ ਲੀ ਸੀ, ਹੁਣ ਨੀ ਲਾਉਂਦਾ।''

''ਸਾਲਾ ਊਈਂ ਦਾ! ਤੈਨੂੰ ਪਤਾ ਨੀ ਅਜਿਹਾ ਗੰਦ ਪਾਉਣਾ ਬਾਬਿਆਂ ਦਾ ਬੰਦ ਕਰਾਇਆ ਹੋਇਐ।'' ਛੱਗਤ ਨੇ ਜੋਰ ਦੀ ਥੱਪੜ ਮਾਰਿਆ, ਮੁੰਡੇ ਦਾ ਢਿਲਕਿਆ ਪਰਨਾ ਖੁੱਲ੍ਹ ਗਿਆ।

''ਜੀ ਮਾਫ਼ ਕਰਦੋ।'' ਮੁੰਡੇ ਨੇ ਡਰ ਵਿੱਚ ਹੱਥ ਜੋੜ ਲਏ।

ਬਾਰ 'ਚ ਰੌਲਾ ਪੈਂਦਾ ਸੁਣ ਕੇ ਅੰਦਰੋਂ ਦੋ ਤੀਵੀਂਆਂ ਬਾਹਰ ਆ ਗਈਆਂ। ਗੁਆਂਢੀ ਜਾਗਦੇ ਹੀ ਸੌਂ ਗਏ। ''ਵੇ ਭਾਈ ਇਹ ਤਾਂ ਪ੍ਰਾਹੁਣੈ ਸਾਡਾ ਇਹਨੂੰ ਨਾ ਕੁਛ ਕਰਿਓ।'' ਇੱਕ ਬੁੜੀ ਨੇ ਅੱਖਾਂ ਪੂੰਝਦਿਆਂ ਮਾਫ਼ੀ ਮੰਗਣ ਵਾਂਗ ਛੱਗਤ ਹੋਰਾਂ ਵੱਲ ਹੱਥ ਜੋੜ ਲਏ।

''ਪ੍ਰਾਹੁਣਾ ਸੋਡੈ ਇਹੋ, ਬਣਿਆ ਸਾਡਾ ਫਿਰਦੈ। ਜਦੋਂ ਅਸੀਂ ਟੇਪਾਂ ਲਾਉਣੀਆਂ ਬੰਦ ਕਰਾਈਆਂ ਹੋਈਆਂ ਨੇ, ਇਹ ਕੀ ਫੇਰ ਉੱਤੋਂ ਉਤਰਿਐ ਕੋਈ।'' ਕੈਲਾ ਬਾਜੀਗਰ ਬੁੱਢੀ ਵੱਲ ਕੁੱਦ ਕੇ ਪੈ ਗਿਆ।

''ਦਾਰੂ ਵੀ ਪੀਤੀ ਐ ਓਏ!'' ਲੁੱਟਰ ਵਾਲੇ ਪੰਮੀ ਨੇ ਹੋਰ ਦਬਕਾ ਮਾਰਿਆ।

''ਵੇ ਭਾਈ ਅੱਗੇ ਤੋਂ ਨੀ ਪੀਂਦਾ। ਹਾੜ੍ਹੇ ਹਾੜ੍ਹੇ।'' ਉਹੀ ਤੀਵੀਂ ਮੁੰਡੇ ਦੇ ਬੋਲਣ ਤੋਂ ਪਹਿਲਾਂ ਹੀ ਅੱਗੇ ਵਧਦੀ ਕਬੂਲ ਕਰ ਗਈ।

''ਤੁਸੀਂ ਜਾਓ ਅੰਦਰ ਅਸੀਂ ਇਹਦੇ ਨਾਲ ਨਿਪਟਣੈ।'' ਛੱਗਤ ਨੇ ਬੁੱਢੀ ਅਤੇ ਕੁੜੀ ਨੂੰ ਉਂਗਲ ਦਾ ਇਸ਼ਾਰਾ ਕਰਦਿਆਂ ਅੰਦਰ ਜਾਣ ਲਈ ਕਿਹਾ।

''ਵੇ ਵੀਰਾ! ਮੈਂ ਥੋਡੀਆਂ ਭੈਣਾਂ ਵਰਗੀ ਆਂ। ਮੈਨੂੰ ਮੇਰੇ ਸਿਰ ਦਾ ਸਾਈਂ ਬਖਸਦੋ।'' ਕੁੜੀ ਨੇ ਖ਼ੈਰ ਲੈਣ ਵਾਂਗ ਛੱਗਤ ਹੋਰਾਂ ਵੱਲ ਚੁੰਨੀ ਦਾ ਪੱਲਾ ਅੱਡ ਲਿਆ।

''ਤੁਸੀਂ ਅੰਦਰ ਜਾਣੈ ਕਿ ਭੁੰਨ ਦੀਏ ਸਾਰਿਆਂ ਨੂੰ ਐਥੀ। ਕੱਢ ਓਏ ਪਸਤੌਲ ਫੇਰ।'' ਰੋਹੀ ਨੇ ਖਿਡੌਣਾ ਪਸਤੌਲ ਕੱਢਦਿਆਂ ਵਾਰੀ ਵਾਰੀ ਤਿੰਨਾਂ ਵੱਲ ਸੇਧਿਆ। ਫਿਰ ਪਸਤੌਲ ਦੇ ਇਸ਼ਾਰੇ ਨਾਲ ਹੀ ਬੁੜੀ ਅਤੇ ਕੁੜੀ ਨੂੰ ਅੰਦਰ ਜਾਣ ਲਈ ਕਿਹਾ।

''ਵੇ.....ਹਾਏ! ਵੇ ਪੁੱਤ ਹਾੜੇ......!'' ਬੁੜੀ ਤੇ ਕੁੜੀ ਹੰਝੂ ਕੇਰਦੀਆਂ, ਡਰ ਨਾਲ ਕੰਬਦੀਆਂ ਅੰਦਰ ਹੋ ਗਈਆਂ।

''ਐਂ ਕਰੋ ਤੁਸੀਂ ਦੋ ਸਿੰਘ ਅੰਦਰ ਤਲਾਸ਼ੀ ਲੈ ਕੇ ਆਓ, ਕੋਈ ਗ਼ੈਰ ਹਥਿਆਰ ਨਾ ਰੱਖੀਂ ਬੈਠਾ ਹੋਵੇ।'' ਛੱਗਤ ਨੇ ਰੋਹੀ ਤੇ ਕੈਲੇ ਬਾਜੀਗਰ ਨੂੰ ਬੈਠਕ ਵਿੱਚੋਂ ਹੱਥ-ਪੱਲਾ ਮਾਰ ਲਿਆਉਣ ਦਾ ਇਸ਼ਾਰਾ ਕਰ ਦਿੱਤਾ। ਕੈਲੇ ਬਾਜੀਗਰ ਨੇ ਮੁੰਡੇ ਦੀ ਕਿੱਲੇ ਟੰਗੀ ਪੈਂਟ

ਚੋਂ ਬਟੂਆ ਕੱਢ ਲਿਆ। ਰੋਹੀ ਨੇ ਆਪਣੇ ਟੁੱਟੇ ਛਿੱਤਰ ਲਾਹ ਕੇ ਮੁੰਡੇ ਦੀ ਨਵੀਂ ਜੁੱਤੀ ਅੜਾ ਲਈ। ਸਟੂਲ 'ਤੇ ਪਊਏ ਦੀ ਊਣੀ ਹੋਈ ਪਈ ਬੋਤਲ ਚੁੱਕ ਲਈ। ਪਲੇਟ ਵਾਲਾ ਭੁਜੀਆ ਗੀਝੇ ਵਿੱਚ ਉਲਟਾ ਲਿਆ।

''ਸਾਲਾ ਅੰਗਰੇਜੀ ਪੀਂਦੈ!'' ਰੋਹੀ ਨੇ ਬਾਹਰ ਆ ਕੇ ਬੋਤਲ ਛੰਗਤ ਅੱਗੇ ਛਲਕਾਈ।

''ਪਾਓ ਓਏ ਇਹਨੂੰ ਲੰਬਾ। ਪੰਥ ਨੂੰ ਖਤਰਾ ਹੋਇਆ ਪਿਐ, ਇਹ ਸਾਲਾ ਸ਼ਰਾਬਾਂ ਪੀਂਦੈ।'' ਛੰਗਤ ਨੇ ਕਪਤਾਨੀ ਹੁਕਮ ਦੇ ਦਿੱਤਾ।

''ਹਾ....ਏ......ਓਏ.......! ਬਾਈ.......ਮੈਂ ਤਾਂ ਸੋਨੂੰ ਕੁਛ ਨੀ ਕਿਹਾ...... ਮੈਨੂੰ ਕਿਉਂ ਮਾਰਦਿਓਂ ਓਏ ਬਾਈ......!'' ਗਿੜ-ਗਿੜਾਉਂਦੇ ਮੁੰਡੇ ਨੂੰ ਬਾਰ ਕੋਲੋਂ ਖਿੱਚ ਕੇ ਪਰ੍ਹਾਂ ਲੈ ਗਏ ਤੇ ਫਿਰ ਰੋਹੀ ਹੋਰਾਂ ਨੇ ਲੱਤਾਂ, ਮੁੱਕੀਆਂ ਨਾਲ ਭੰਨਦਿਆਂ ਹੇਠਾਂ ਸੁੱਟ ਲਿਆ। ਬਾਜ਼ੀਗਰ ਨੇ ਆਲੇ-ਦੁਆਲੇ ਨਿਗ੍ਹਾ ਮਾਰੀ। ਗੁਆਂਢੀਆਂ ਦੇ ਬਾਰ ਅੱਗੇ ਚੌਂਕੜੀ ਵਜੋਂ ਰੱਖਿਆ ਵੱਡਾ ਰੋੜ ਚੁੱਕ ਕੇ ਲੰਬੇ ਪਏ ਮੁੰਡੇ ਦੀ ਢੂਹੀ ਵਿੱਚ ਦੇ ਮਾਰਿਆ। ਮੁੰਡਾ ਲੇਰ ਮਾਰਦਾ ਦਰਦ ਨਾਲ ਸੁੰਡੀ ਵਾਂਗ 'ਕੱਠਾ ਹੋ ਗਿਆ। ਪਿੱਠ ਤੋਂ ਲੈ ਕੇ ਗਰਦਨ ਤੱਕ ਦਰਦ ਦੇ ਭਾਂਬੜ ਨਿੱਕਲ ਗਏ। ਮੁੰਡਾ ਲੇਰਾਂ ਮਾਰਦਾ ਮੇਲ੍ਹਣ ਲੱਗ ਪਿਆ। ਚਾਰੇ ਕਾਹਲੇ-ਕਦਮੀਂ ਗਲੀਆਂ ਦੇ ਹਨ੍ਹੇਰੇ ਵਿੱਚ ਗੁਆਚ ਗਏ। ਮੁੰਡੇ ਦੀ ਮਾਂ ਅਤੇ ਘਰ ਵਾਲੀ ਅੰਦਰੋਂ ਭੱਜੀਆਂ ਆਈਆਂ। ਮੁੰਡੇ ਦੀ ਹਾਲਤ ਵੇਖ ਕੇ ਮਾਵਾਂ-ਧੀਆਂ ਪਿੱਟਣ ਲੱਗ ਪਈਆਂ। ਗੁਆਂਢੀ ਹੌਲੀ ਹੌਲੀ ਬਿੜਕਾਂ ਲੈਂਦੇ 'ਕੱਠੇ ਹੋਣ ਲੱਗ ਪਏ। ਮੁੰਡੇ ਨੂੰ ਚੁੱਕ ਕੇ ਅੰਦਰ ਮੰਜੇ ਉੱਤੇ ਪਾ ਦਿੱਤਾ। ਇੱਕ ਭੱਜ ਕੇ ਗੱਡੀ ਲੈ ਆਇਆ। ਉਸਨੂੰ ਦਰਦ ਨਾਲ ਤੜਫਦੇ ਨੂੰ ਗੱਡੀ ਵਿੱਚ ਪਾ ਕੇ ਮਲੇਰਕੋਟਲੇ ਨੂੰ ਲੈ ਗਏ।

''ਤੈਂ ਉਹਦੇ ਰੋੜ ਕਾਹਨੂੰ ਮਾਰਨਾ ਤੀ।'' ਪੰਮੀ ਨੂੰ ਮੱਛੀ ਵਾਂਗ ਤੜਫਦਾ ਮੁੰਡਾ ਅਜੇ ਵੀ ਅੱਖਾਂ ਅੱਗੇ ਦਿਸ ਰਿਹਾ ਸੀ।

''ਜੇ ਨਾ ਮਾਰਦੇ ਫੇਰ ਸਾਲਾ ਸੌ ਪੰਗੇ ਡਾਹੁੰਦਾ। ਇਹ ਨੀ ਪਤਾ ਕਿਤੇ ਸਿਆਣ ਏ ਲੈਂਦਾ। ਸਾਰਿਆਂ ਨੂੰ ਫਸਾ ਦਿੰਦਾ।'' ਬਾਜ਼ੀਗਰ ਨੂੰ ਅਜੇ ਵੀ ਮੁੰਡੇ ਦੇ ਰੋੜ ਮਾਰਨ ਦਾ ਕੋਈ ਪਛਤਾਵਾ ਨਹੀਂ ਸੀ।

''ਫੇਰ ਅਜੇ ਕਿਹੜਾ ਓਹੋ ਮਰ ਗਿਆ ਹੋਣਾ।'' ਰੋਹੀ ਨੇ ਅੰਦਾਜ਼ਾ ਲਾਇਆ।

''ਜੇ ਨਾ ਮਰਿਆ ਹੋਇਆ ਸਾਲਾ ਆਪਣੇ 'ਲਾਜ 'ਚ ਤਾਂ ਉਲਝਿਆ ਰਹੂ, ਆਪਣੇ ਕਣੀਂ ਤਾਂ ਨੀ ਗ਼ੌਰ ਕਰੂ।''

''ਲੈ ਲਾਓ ਫੇਰ ਥੋੜ੍ਹੀ ਥੋੜ੍ਹੀ, ਅੰਗਰੇਜ਼ੀ ਐ।'' ਰੋਹੀ ਨੇ ਡੱਬ 'ਚੋਂ ਅੰਗਰੇਜ਼ੀ ਦੀ ਬੋਤਲ ਕੱਢ ਕੇ ਛੰਗਤ ਵੱਲ ਵਧਾ ਦਿੱਤੀ। ਚਾਰੇ ਉਸੇ ਨਲਕੇ ਕੋਲ ਆ ਬੈਠੇ, ਜਿੱਥੇ ਬੈਠ ਕੇ ਉਹ ਜਾਂਦੇ ਹੋਏ ਸ਼ਰਾਬ ਪੀ ਕੇ ਗਏ ਸੀ। ਚਾਰਾਂ ਨੇ ਉਸੇ ਤਰ੍ਹਾਂ ਹੀ ਬੋਤਲ ਨੂੰ ਮੂੰਹ ਲਾ ਕੇ ਸ਼ਰਾਬ ਪੀ ਲਈ।

''ਚਲੋ ਚੱਲੀਏ!'' ਰੋਹੀ ਨੇ ਬਾਕੀ ਬਚਦੀ ਬੋਤਲ ਡੱਬ ਵਿੱਚ ਟੰਗ ਲਈ। ਚਾਰੇ ਪਟੜੀਓਂ ਉਤਰ ਕੇ ਗੰਗੜਪੁਰ ਨੂੰ ਆਉਂਦੇ ਪਹੇ ਪੈ ਗਏ। ਬੀਰ ਪਿੰਡ 'ਚੋਂ ਕੁੱਤੇ ਭੌਂਕਣ ਦੀ ਅਵਾਜ਼ ਅਜੇ ਵੀ ਸੁਣ ਰਹੀ ਸੀ। ਦੁੱਖ ਦੇ ਕੀਰਨਿਆਂ ਨੂੰ ਪਿੱਛੇ ਛੱਡਦਾ ਚਾਰਾਂ ਦਾ ਡਰਾਉਣਾ ਹਾਸਾ ਗੰਗੜਪੁਰ ਨੂੰ ਵਧ ਰਿਹਾ ਸੀ।

## 12

ਚਾਹੇ ਸੂਰਜ ਅਜੇ ਨਹੀਂ ਚਮਕਿਆ ਸੀ ਪਰ ਗੰਗੜਪੁਰ ਦੇ ਲੋਕ ਕੰਮ ਧੰਦੇ ਵਿੱਚ ਜੁਟ ਗਏ ਸਨ। ਵਾੜਿਆਂ ਵਿੱਚੋਂ ਪਾਥੀਆਂ ਪੱਥਣ ਦੀ 'ਥੱਪ ਥੱਪ' ਦੀ ਅਵਾਜ਼ ਆਉਣ ਲੱਗ ਪਈ ਸੀ। ਜੀਰੀ ਦੇ ਕਰਚੇ ਮਚਾ ਕੇ ਵਿਹਲੇ ਕੀਤੇ ਵਾਹਣਾਂ ਨੂੰ ਵਾਹੁਣ ਲਈ ਟਰੈਕਟਰਾਂ ਦੀ ਗੂੰਜ ਪਿੰਡੋਂ ਖੇਤਾਂ ਨੂੰ ਜਾਂਦੇ ਪਹਿਆਂ 'ਤੇ ਗੂੰਜ ਪਈ ਸੀ। ਸਿੰਦੂ ਕੀ ਸਬਾਤ ਕੋਲੋਂ ਲੰਘਦੇ ਟਰੈਕਟਰ ਦੇ ਖੜਾਕ ਨੇ ਰਾਜੂ ਦੀ ਅੱਖ ਖੋਲ੍ਹ ਦਿੱਤੀ। ਰਾਜੂ ਨੇ ਵੇਖਿਆ, ਚਿੱਟਾ ਦਿਨ ਚੜ੍ਹ ਗਿਆ ਸੀ। ਰੋਹੀ ਅਜੇ ਵੀ ਬਰਾਂਡੇ ਵਿੱਚ ਰਜਾਈ ਦੱਬੀਂ ਪਿਆ ਸੀ। ਛੋਟੀ ਕੁੜੀ ਰੋਡੀ ਪਲੰਘਾੜੀ 'ਤੇ ਇੰਨੂ ਵਾਂਗ 'ਕੱਠੀ ਹੋਈ ਪਈ ਸੀ। ਉਸਦੀ ਮੈਲੀ ਜੁੱਲੀ ਉਪਰੋਂ ਲਹਿ ਕੇ ਹੇਠਾਂ ਡਿੱਗੀ ਪਈ ਸੀ। ਰਾਜੂ ਨੇ ਹੇਠੋਂ ਰਜਾਈ ਚੁੱਕ ਕੇ ਕੁੰਗੜੀ ਪਈ ਰੋਡੀ ਉੱਪਰ ਦੇ ਦਿੱਤੀ। ਅੱਖਾਂ ਮਲਦੇ ਰਾਜੂ ਨੇ ਵੇਖਿਆ, ਮੱਝਾਂ ਵੀ ਕਿਸੇ ਨੇ ਕੱਖਾਂ 'ਤੇ ਨਹੀਂ ਬੰਨ੍ਹੀਆਂ ਸਨ। ਉਹ ਕਿੱਲਿਆਂ ਦੇ ਆਲੇ-ਦੁਆਲੇ ਕੋਹਲੂ ਗੇੜਾ ਦਿੰਦੀਆਂ ਖੁਰ-ਵੱਢ ਕਰ ਰਹੀਆਂ ਸਨ। ਰਾਜੂ ਨੂੰ

ਅੱਜ ਪਹਿਲੀ ਵਾਰ ਏਨਾ ਕੁਵੇਲਾ ਹੋਇਆ ਸੀ। ਪਹਿਲਾਂ ਤਾਂ ਸਿੱਦੂ ਜਾਂ ਰੋਹੀ 'ਚੋਂ ਕੋਈ ਨਾ ਕੋਈ ਉਸਨੂੰ ਉਠਾ ਦਿੰਦਾ ਸੀ। ਉਹ ਉੱਠ ਕੇ ਚੁੱਲ੍ਹੇ 'ਤੇ ਚਾਹ ਧਰਦਾ ਤੇ ਫਿਰ ਸਾਰਿਆਂ ਨੂੰ ਬਾਟੀਆਂ ਵਿੱਚ ਪਾ ਕੇ ਫੜਾ ਦਿੰਦਾ। ਰਾਜੂ ਨੂੰ ਰੋਹੀ 'ਤੇ ਬੜੀ ਖਿੱਝ ਚੜ੍ਹੀ। ਉਸਨੇ ਨਾ ਤਾਂ ਅੱਜ ਰਾਜੂ ਨੂੰ ਜਗਾਇਆ ਅਤੇ ਨਾ ਹੀ ਮੱਛਾਂ ਕੱਖਾਂ 'ਤੇ ਬੰਨ੍ਹੀਆਂ। ਆਪ ਅਜੇ ਵੀ ਘੋੜੇ ਵੇਚੀਂ ਸੁੱਤਾ ਪਿਆ ਸੀ। ਰਾਜੂ ਨੇ ਰੋਹੀ 'ਤੇ ਖਿੱਝਦੇ ਨੇ ਆਪ ਹੀ ਮੱਛਾਂ ਨੂੰ ਕੱਖਾਂ 'ਤੇ ਬੰਨ੍ਹ ਦਿੱਤੀ ਤੇ ਫਿਰ ਚਾਹ ਧਰ ਕੇ ਰੋਹੀ ਦੀ ਰਜਾਈ ਖਿੱਚ ਲਈ,

''ਉੱਠ ਖੜ੍ਹ ਚਾਚਾ ਧਾਰ ਕੱਢਣ ਆਲੀ ਪਈ ਐ।''

''ਤੂੰ ਹੀ ਕੱਢ ਲੈ ਅੱਜ ਤਾਂ।'' ਰੋਹੀ ਨੇ ਫਿਰ ਰਜਾਈ ਦੱਬ ਲਈ।

''ਕਿਉਂ, ਮੈਨੂੰ ਕੀ ਠੇਕਾ ਲਿਐ। ਭੈਣ ਮਰਾਵੇ ਨਹੀਂ ਕੱਢਣੀ ਨਾ ਕੱਢ!'' ਰਾਜੂ ਸਿਰ ਉਪਰੋਂ 'ਨਾਂਹ' ਵਿੱਚ ਹੱਥ ਮਾਰਦਾ ਚੁੱਲ੍ਹੇ ਕੋਲ ਆ ਬੈਠਿਆ। ਆਪਣੀ ਚਾਹ ਬਾਟੀ ਵਿੱਚ ਪਾ ਲਈ ਤੇ ਬਾਕੀ ਓਵੇਂ ਚੁੱਲ੍ਹੇ ਉਪਰ ਹੀ ਰੱਖ ਦਿੱਤੀ।

ਰੋਹੀ ਦੀ ਅਜੇ ਨੀਂਦ ਨਹੀਂ ਉਤਰੀ ਸੀ। ਉਹ ਤਾਂ ਅਜੇ ਤਿੰਨ-ਚਾਰ ਘੰਟੇ ਪਹਿਲਾਂ ਹੀ ਆ ਕੇ ਪਿਆ ਸੀ। ਜਦੋਂ ਉਹ ਉੱਠਿਆ ਵਿਹੜੇ ਵਿੱਚ ਤੇਜ਼ ਧੁੱਪ ਚੜ੍ਹ ਆਈ ਸੀ। ਉਸਨੂੰ ਰਾਤ ਵਾਪਰੀ ਸਾਰੀ ਘਟਨਾ ਸੁਪਨੇ ਵਾਂਗ ਲੱਗੀ। ਜਦ ਉਹ ਮੰਜੇ 'ਚੋਂ ਖੜ੍ਹਾ ਹੋ ਕੇ ਜੋੜੇ ਪਾਉਣ ਲੱਗਿਆ ਤਾਂ ਆਪਣੇ ਟੁੱਟੇ ਛਿੱਤਰਾਂ ਦੀ ਥਾਂ ਨਵੇਂ ਜੋੜੇ ਵੇਖਦਿਆਂ ਰਾਤ ਦੀ ਘਟਨਾ ਉਸਦੀਆਂ ਅੱਖਾਂ ਅੱਗੇ ਪ੍ਰਤੱਖ ਹੋ ਗਈ। ਫਿਰ ਉਸਨੇ ਕੁਝ ਯਾਦ ਆ ਜਾਣ 'ਤੇ ਮੰਜੇ ਦੇ ਸਿਰਹਾਣੇ ਵੱਲ ਨਿਗ੍ਹਾ ਮਾਰੀ, ਰਾਤ ਦੀ ਬਚੀ ਅੰਗਰੇਜ਼ੀ ਦੀ ਬੋਤਲ ਪਈ ਸੀ। ਉਸਨੇ ਚਾਹ ਦੀ ਥਾਂ ਅੰਗਰੇਜ਼ੀ ਦਾ ਇੱਕ ਪੈੱਗ ਅੰਦਰ ਸੁੱਟ ਲਿਆ। ਪੈੱਗ ਅੰਦਰ ਜਾਂਦਿਆਂ ਯਾਦ ਆਇਆ, ਅੱਜ ਉਹਨਾਂ ਨੇ ਛੰਗਤ ਕੇ ਖੇਤ ਇੱਕੱਠੇ ਹੋਣਾ ਸੀ। ਜਦ ਉਹ ਰੋਟੀ-ਟੁੱਕ ਖਾ ਕੇ ਛੰਗਤ ਕੇ ਖੇਤ ਪਹੁੰਚਿਆ, ਛੰਗਤ ਤੇ ਕੈਲਾ ਬਾਜ਼ੀਗਰ ਪਹਿਲਾਂ ਹੀ ਆਏ ਬੈਠੇ ਸਨ।

''ਆਓ ਬਈ ਸੰਤੋ!'' ਕੈਲੇ ਨੇ ਰੋਹੀ ਨੂੰ ਆਉਂਦਿਆਂ ਹੀ ਛੇੜਿਆ। ਰੋਹੀ ਨਸ਼ੇੜੀ ਹਾਸੀ ਹਸਦਾ ਬਿਨਾਂ ਕੁਝ ਬੋਲਿਆਂ ਮੰਜੇ 'ਤੇ ਬੈਠ ਗਿਆ।

''ਅੱਜ ਤਾਂ ਸਵੇਰੇ ਈ ਦੇਗਾਂ ਛਕੀਆਂ ਲਗਦੀਆਂ ਨੇ।'' ਕੈਲਾ ਚਾਂਭਲਿਆ ਫਿਰ ਕਹਿ ਗਿਆ।

''ਹੱਡ-ਪੈਰ ਜੇ ਟੁੱਟੀ ਜਾਂਦੇ ਤੀ, ਮਖਾਂ ਹੱਡ-ਪੈਰਾਂ ਦੀ ਅਸਲ ਦਵਾਈ ਤਾਂ ਫੇਰ ਇਹੀ ਐ।'' ਰੋਹੀ ਸ਼ਰਾਬ ਪੀਣ ਦਾ ਕਾਰਨ ਦੱਸ ਗਿਆ।

''ਕਿਮੇਂ ਲੱਗਿਆ ਫੇਰ ਰਾਤ ਆਲਾ ਮੋਰਚਾ?'' ਛੰਗਤ ਰਾਤ ਦੀ ਵਾਰਦਾਤ ਬਾਰੇ ਰੋਹੀ ਦਾ ਅੰਦਰ ਪੜ੍ਹਨਾ ਚਾਹੁੰਦਾ ਸੀ।

''ਮੈਨੂੰ ਤਾਂ ਕੋਈ ਖ਼ਾਸ ਨੀ ਲੱਗਿਆ।''

''ਕਿਉਂ?'' ਰੋਹੀ ਦੀ ਗੱਲ 'ਤੇ ਦੋਵਾਂ ਨੇ ਹੈਰਾਨੀ ਵਿੱਚ ਮੂੰਹ ਟੱਡ ਲਏ।

''ਹੋਰ! ਸਾਢੇ ਤਿੰਨ ਤਿੰਨ ਸੌ ਈ ਆਇਐ ਸਾਰਾ।'' ਰੋਹੀ ਦੀ ਪਹਿਲੀ ਵਾਰਦਾਤ ਵਿੱਚ ਹੀ ਮੋਟਾ ਹੱਥ ਮਾਰ ਲੈਣ ਦੀ ਲਾਲਸਾ ਸੀ।

''ਕਿਉਂ ਹੋਰ ਕੀ ਤੈਨੂੰ.........ਮੈਥੋਂ ਹੋਰ ਸੁਣਦਾ ਤੀ, ਅਹੋ ਆਊ। ਸਾਲਿਆ ਇੱਕ ਦਿਹਾੜੀ ਦੇ ਪੰਜਾਹ ਰੁਪਈਏ ਨੇ ਸਾਰੇ ਦਿਨ ਦੇ। ਨਾਲੇ ਜੱਟ ਸਾਰਾ ਦਿਨ ਖ਼ੂਨ ਚੂਸ ਲੈਂਦੇ ਨੇ। ਤੂੰ ਸਾਢੇ ਤਿੰਨ ਘੰਟਿਆਂ 'ਚ ਸਾਢੇ ਤਿੰਨ ਸੌ ਕੁਟ ਲਿਆਇਆ। ਹੋਰ ਐਦੂੰ ਉੱਤੋਂ ਦੀ ਕੀ ਹੋਊ।'' ਕੈਲਾ ਬਾਜ਼ੀਗਰ ਆਪਣੇ ਦਿਹਾੜੀ ਕਰਨ ਦੇ ਤਜਰਬੇ ਵਿੱਚੋਂ ਦਲੀਲ ਦੇ ਗਿਆ।

''ਜਿਹੜੀ ਆਹ ਕੱਢਮੀਂ ਪਾਈ ਫਿਰਦੈਂ ਇਹ ਕੀ ਊਈਂ ਆ ਜਾਂਦੀ ਐ।'' ਛੰਗਤ ਨੇ ਰੋਹੀ ਦੇ ਪੈਰਾਂ ਵਿੱਚ ਪਾਈ ਕੱਢਵੀਂ ਜੁੱਤੀ ਵੱਲ ਵੇਖਦਿਆਂ ਇੱਕ ਤੀਰ ਹੋਰ ਛੱਡ ਦਿੱਤਾ।

''ਤੂੰ ਸ਼ੁਕਰ ਕਰ ਪੰਦਰਾਂ ਸੌ ਹੱਥ ਲੱਗ ਗਿਆ। ਇਹ ਨੀ ਪਤਾ ਅਈਂ ਖ਼ਾਲੀਓ ਮੁੜਨਾ ਪੈਂਦਾ।'' ਕੈਲਾ ਉਸਨੂੰ ਸਮਝਾਉਂਦਾ ਹੋਰ ਨੇੜੇ ਹੋ ਗਿਆ।

''ਇਹ ਤਾਂ ਅਈਂ ਹੁੰਦੇ ਰਹਿੰਦੇ ਨੇ ਫੇਰ ਅਹੇ ਜੇ ਕੰਮਾਂ 'ਚ ਵਾਧੇ-ਘਾਟੇ। ਕਦੇ ਤਾਂ ਗੱਲ ਹਜ਼ਾਰਾਂ 'ਚ ਜਾ ਪਹੁੰਚਦੀ ਐ। ਕਦੇ ਸੌਆਂ 'ਚ ਈ ਰਹਿ ਜਾਂਦੀ ਐ। ਕਦੇ ਸਾਲਾ ਖ਼ਾਲੀ ਹੱਥ ਝਾੜਕੇ ਈ ਮੁੜਨਾ ਪੈ ਜਾਂਦੈ।'' ਛੱਗਤ ਵਾਰਦਾਤ 'ਚ ਹੁੰਦੇ ਵਾਧੇ-ਘਾਟਿਆਂ ਲਈ ਰੋਹੀ ਨੂੰ ਪਹਿਲੋਂ ਤਿਆਰ ਕਰ ਰਿਹਾ ਸੀ। ਛੱਗਤ ਹੋਰਾਂ ਦੇ ਗੱਲਾਂ ਕਰਦਿਆਂ ਲੁੱਟਰ ਵਾਲਾ ਪੰਮੀ ਵੀ ਆ ਗਿਆ।

''ਰਾਤ ਆਲਾ ਕੰਮ ਫੇਰ ਕਿਮੇਂ ਲੱਗਿਆ?'' ਛੱਗਤ, ਰੋਹੀ ਨਾਲ ਚਲਦੀ ਗੱਲ ਹੀ ਪੰਮੀ ਨੂੰ ਪੁੱਛ ਗਿਆ।

''ਬਹੁਤ ਵਧੀਆ ਰਹੀ।''

''ਕਿਉਂ? ਸੁਣਦੈਂ!'' ਛੱਗਤ ਨੇ ਅੱਖਾਂ ਦੇ ਇਸ਼ਾਰੇ ਨਾਲ ਹੀ ਰੋਹੀ ਦਾ ਧਿਆਨ ਪੰਮੀ ਦੀ ਕਹੀ ਗੱਲ ਵੱਲ ਦਿਵਾਇਆ।

''ਐ ਤਾਂ ਖਰ ਠੀਕ ਐ। ਮੈਂ ਤਾਂ ਊਂ ਕਹਿੰਦਾ ਤੀ ਵੀ ਜੇ ਵੱਡਾ ਹੱਥ ਵੱਜ ਜਾਂਦਾ ਤਾਂ ਚੰਗਾ ਤੀ।'' ਰੋਹੀ ਢੈਲਾ ਜਿਹਾ ਪੈ ਗਿਆ। ਅਸਲ ਵਿੱਚ ਕੈਲੇ ਦੀ ਦਿਹਾੜੀ ਵਾਲੀ ਦਲੀਲ ਉਸਦੇ ਦਿਲ ਨੂੰ ਲੱਗ ਗਈ ਸੀ।

''ਜਿੰਨਾ ਵੱਡਾ ਹੱਥ ਮਾਰਾਂਗੇ, ਓਨੀ ਵੱਡਾ ਖ਼ਤਰਾ ਹੁੰਦੈ। ਬਾਹਲਾ ਖਾਂਦੇ ਥੋੜ੍ਹੇ ਤੋਂ ਵੀ ਨਾ ਜਾਈਏ ਕਿਤੇ।'' ਵੱਡਾ ਹੱਥ ਮਾਰ ਕੇ ਛੱਗਤ ਕੋਈ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦਾ ਸੀ। ਅੱਤਵਾਦ ਦੀ ਮੱਚਦੀ ਅੱਗ ਵਿੱਚ ਅਜਿਹੀਆਂ ਨਿੱਕੀਆਂ-ਮੋਟੀਆਂ ਲੁੱਟਾਂ ਤਾਂ ਪੁਲਸ ਵਾਲਿਆਂ ਨੇ ਅੱਖੋਂ-ਪਰੋਖੇ ਕਰ ਛੱਡੀਆਂ ਸਨ।

''ਐ ਕਰ ਕੈਲਿਆ। ਓਹ ਪਿਐ ਦੁੱਧ। ਚਾਹ ਬਣਾ ਕੇਰਾਂ ਕੱਫ਼ੇ ਜੇ ਆਲੀ, ਫੇਰ ਅਗਲਾ ਪ੍ਰੋਗਰਾਮ ਸੋਚਾਂਗੇ।'' ਛੱਗਤ ਨੇ ਕੈਲੇ ਨੂੰ ਹੁਕਮ ਚਾੜ੍ਹ ਦਿੱਤਾ।

ਕੈਲੇ ਨੇ ਕੋਠੇ 'ਚ ਬਣੇ ਚੁੱਲ੍ਹੇ 'ਤੇ ਚਾਹ ਧਰ ਲਈ। ਤ੍ਰੇਲੀਆਂ ਛਟੀਆਂ ਦੀ ਮਸਾਂ ਮਚਾਈ ਅੱਗ ਦੁਬਾਰਾ ਬੁਝ ਗਈ। ਸਾਰਾ ਕੋਠਾ ਧੂੰਏਂ ਨਾਲ ਭਰ ਗਿਆ।

''ਓਏ ਬਾਜ਼ੀਗਰਾ ਕੰਜਰਾ ਇਹਨੂੰ ਮਚਾ ਲੈ, ਤੇਰੀ ਮਾਂ ਨੂੰ। ਕਿਉਂ ਸਾਰਿਆਂ ਦਾ ਸਾਹ ਬੰਦ ਕਰਿਐ।'' ਪੰਮੀ 'ਖਊਂ ਖਊਂ' ਕਰਦਾ ਕੋਠੇ ਤੋਂ ਬਾਹਰ ਆ ਗਿਆ। ਰੋਹੀ ਤੇ ਛੱਗਤ ਵੀ ਅੱਖਾਂ ਮਲਦੇ ਉਸਦੇ ਪਿੱਛੇ ਹੀ ਬਾਹਰ ਨਿਕਲ ਗਏ।

''ਮੈਂ ਕੀ ਕਰਾਂ, ਗਿੱਲੀਆਂ ਛਟੀਆਂ ਮਚਦੀਆਂ ਤਾਂ ਹੈ ਨੀ।'' ਕੈਲੇ ਦਾ ਉਲਾਂਭਾ ਧੂੰਏਂ ਨਾਲ ਭਰੇ ਕੋਠੇ ਵਿੱਚ ਹੀ ਗੁਆਚ ਗਿਆ।

ਤਿੰਨੋ ਬਾਹਰ ਖੇਲ 'ਤੇ ਆ ਕੇ ਬੈਠ ਗਏ। ਕਣਕਾਂ ਦੀ ਬਿਜਾਈ ਪੂਰੇ ਜ਼ੋਰਾਂ 'ਤੇ ਸੀ। ਆਲੇ-ਦੁਆਲੇ ਟਰੈਕਟਰ ਹੋਲੀਆਂ ਦਿੰਦੇ ਫਿਰਦੇ ਸਨ। ਟਰੈਕਟਰਾਂ ਦੀ ਗੂੰਜ ਨੇ ਖੇਤਾਂ ਵਿੱਚ ਘੜਮੱਸ ਮਚਾ ਰੱਖਿਆ ਸੀ। ਕੈਲੇ ਬਾਜ਼ੀਗਰ ਨੇ ਚਾਹ ਬਾਟੀਆਂ ਵਿੱਚ ਪਾ ਕੇ ਸਾਰਿਆਂ ਨੂੰ ਅਵਾਜ਼ ਮਾਰ ਲਈ।

''ਮੇਰੇ ਦਿਮਾਗ਼ 'ਚ ਇੱਕ ਗੱਲ ਆਉਂਦੀ ਐ।'' ਰੋਹੀ ਚਾਹ ਦੀ ਘੁੱਟ ਭਰਦਿਆਂ ਬੁੱਲ੍ਹ ਜਿਹੇ ਸੰਵਾਰਦਾ ਬੋਲਿਆ।

ਸਾਰਿਆਂ ਨੇ ਕੀਰਤਨ ਸੁਣਨ ਵਾਂਗ ਧਿਆਨ ਰੋਹੀ ਵੱਲ ਗੱਡ ਲਿਆ। ਰੋਹੀ ਸਾਰਿਆਂ ਦੇ ਚਿਹਰਿਆਂ ਤੋਂ ਸਹਿਮਤੀ ਪੜ੍ਹਦਾ ਅੱਗੇ ਬੋਲਿਆ, ''ਮੈਂ ਤਾਂ ਐਂ ਕਹਿੰਦਾ ਤੀ, ਉਹ ਹਰੀ ਡਰਾਇਵਰ ਨੂੰ ਦਿਖਾਈਏ ਕਦੇ ਪੰਜੀ ਦਾ ਭੈਣ। ਨਾਲੇ ਤਾਂ ਸਾਲੇ ਨੇ ਆਪਣਾ ਵੀਹ ਹਜ਼ਾਰ ਨੀ ਮੋੜਿਆ, ਨਾਲੇ ਸੁਰਜੀ ਦੇਖਲੈ ਤੱਖਰ ਵੇਚਤੀ ਤੀ। ਮੈਂ ਪੱਕੇ ਬੰਦੇ ਤੋਂ ਪਤਾ ਵੀ ਕਰਾਇਆ ਤੀ।''

''ਗੱਲ ਤੇਰੀ ਸੋਲਾਂ ਆਨੇ ਐ। ਉਹਦਾ ਤਾਂ ਕੰਡਾ ਜਾ ਕੱਢਣ ਆਲਾ ਈ ਐ। ਓਦੋਂ ਦੇਖਲੈ, ਜਦੋਂ ਅਸੀਂ ਗਏ ਤੀ। ਚਾਰੇ ਚੁੱਕ ਕੇ ਪੈ ਗਿਆ ਤੀ ਸਾਨੂੰ। ਅਸੀਂ ਬਥੇਰਾ ਕਿਹਾ, ਕਾਹਨੂੰ ਪੈਣ ਦਿੱਤੈ ਪੈਰਾਂ 'ਤੇ ਪਾਣੀ। ਉਲਟਾ ਅੰਦਰੋਂ ਕਿਰਪਾਨ ਚੁੱਕ ਲਿਆਇਆ।'' ਹਰੀ ਡਰਾਇਵਰ ਨਾਲ ਹੋਈ ਘਟਨਾ ਯਾਦ ਕਰਕੇ ਛੱਗਤ ਦੀਆਂ ਅੱਖਾਂ ਵਿੱਚ ਗੁੱਸੇ ਦੀ ਲਾਲੀ ਉਤਰ ਆਈ।

''ਜੇ ਆਹ ਗੱਲ ਐ ਫੇਰ ਸ਼ੁਭ ਕੰਮ 'ਚ ਦੇਰੀ ਕਿਉਂ। ਕਰੋ ਸਾਲੇ ਦਾ ਘੋਗਾ ਚਿੱਤ।'' ਪੰਮੀ ਨੇ ਪਤਲੀਆਂ ਮੁੱਛਾਂ ਨੂੰ ਮਰੋੜਾ ਦਿੰਦਿਆਂ ਇਸ਼ਾਰੇ ਨਾਲ ਅੱਖਾਂ ਘੁੰਮਾਈਆਂ।

''ਦੱਸੋ ਫੇਰ ਕਦੋਂ ਚੱਲਣੈ?'' ਰੋਹੀ ਹਰੀ ਤੋਂ ਬਦਲਾ ਲੈਣ ਲਈ ਕਾਹਲਾ ਸੀ।

''ਦੋ ਕ ਦਿਨ ਖੜਜੋ ਮੈਂ ਕਣਕ ਬੀਜ ਲਾਂ, ਫੇਰ ਟੱਕਰਾਂਗੇ ਉਹਨੂੰ ਪ੍ਰਹੁਣੇ ਬਣਕੇ।'' ਛੱਗਤ ਨੇ ਖੱਬੇ ਹੱਥ ਦੀ ਮੁੱਠੀ ਸੱਜੀ ਹਥੇਲੀ 'ਤੇ ਜ਼ੋਰ ਦੀ ਮਾਰਦਿਆਂ ਕਿਹਾ।

ਚਾਰੇ ਦੁਪਹਿਰ ਤੱਕ ਹਰੀ ਤੋਂ ਬਦਲਾ ਲੈਣ ਦੀਆਂ ਸਕੀਮਾਂ ਬਣਾਉਂਦੇ ਰਹੇ ਤੇ ਫਿਰ ਦੁਪਹਿਰ ਤੋਂ ਬਾਅਦ ਚਾਹ ਪੀ ਕੇ ਸਾਰੇ ਆਪਣੇ-ਆਪਣੇ ਘਰਾਂ ਨੂੰ ਤੁਰ ਆਏ।

-0-0-

ਹਾੜ੍ਹੀ ਦੀ ਬਿਜਾਈ ਕਦੋਂ ਦੀ ਖ਼ਤਮ ਹੋ ਗਈ ਸੀ। ਹੁਣ ਤਾਂ ਕਣਕਾਂ ਦੀਆਂ ਤੂਈਆਂ ਵੀ ਧਰਤੀ ਤੋਂ ਬਾਹਰ ਉੱਠ ਖੜ੍ਹੀਆਂ ਸਨ। ਰੁੱਖਾਂ ਦੇ ਪੱਤੇ ਝੜਨ ਲੱਗ ਪਏ ਸਨ। ਠੰਡ ਜ਼ੋਰ ਫੜਦੀ ਜਾਂਦੀ ਸੀ। ਅਜਿਹੀ ਹੀ ਇੱਕ ਠੰਡੀ ਰਾਤ ਵਿੱਚ ਰੋਹੀ, ਛੱਗਤ ਤੇ ਕੈਲਾ ਬਾਜ਼ੀਗਰ ਸੂਏ ਦੀ ਪਟੜੀ 'ਤੇ ਖੇਸੀਆਂ ਦੀਆਂ ਬੁੱਕਲਾਂ ਮਾਰੀ ਬੈਠੇ ਪੰਮੀ ਨੂੰ ਉਡੀਕ ਰਹੇ ਸਨ। ਚਾਹੇ ਰਾਤ ਦੇ ਸਾਢੇ ਸੱਤ ਹੀ ਵੱਜੇ ਸਨ ਫਿਰ ਵੀ ਪਿੰਡ ਵਿੱਚ ਸਿਵਿਆਂ ਵਰਗੀ ਖ਼ਾਮੋਸ਼ੀ ਸੀ, ਜਿਵੇਂ ਸਾਰਾ ਪਿੰਡ ਗੋਲੀ ਚੱਲਣ ਦੀ ਅਵਾਜ਼ ਸੁਣ ਕੇ ਖੱਲ-ਖੂੰਜਿਆਂ ਵਿੱਚ ਦੁਬਕ ਗਿਆ ਹੋਵੇ। ਗੁਰਦੁਆਰੇ ਦੇ ਨਿਸ਼ਾਨ ਸਾਹਿਬ 'ਤੇ ਚਮਕਦੇ ਬੱਲਬ ਬਿਨਾਂ ਸਾਰੇ ਪਿੰਡ ਵਿੱਚ ਹਨ੍ਹੇਰਾ ਹੀ ਹਨ੍ਹੇਰਾ ਸੀ। ਬੀਂਡਿਆਂ ਦੀ 'ਟਰੀ...ਟਰੀ...' ਹਨ੍ਹੇਰੀ ਰਾਤ ਨੂੰ ਹੋਰ ਵੀ ਡਰਾਵਣਾ ਬਣਾ ਰਹੀ ਸੀ ਪਰ ਛੱਗਤ ਹੋਰੀਂ ਅਜਿਹੀ ਖ਼ਾਮੋਸ਼ ਕਾਲੀ ਰਾਤ ਦਾ ਫ਼ਾਇਦਾ ਉਠਾਉਣ ਲਈ ਹੱਥਾਂ ਵਿੱਚ ਥੁੱਕੀਂ ਬੈਠੇ ਸਨ। ਹਰੀ ਨਾਲ ਦੋ ਹੱਥ ਕਰਨ ਲਈ ਰੋਹੀ ਤੇ ਛੱਗਤ ਦਾ ਖ਼ੂਨ ਸਭ ਤੋਂ ਵੱਧ ਉਬਾਲੇ ਖਾ ਰਿਹਾ ਸੀ। ਉਨ੍ਹਾਂ ਦੇ ਦਿਲਾਂ 'ਚ ਹਰੀ ਦੀ ਮਾਰੀ ਠੱਗੀ ਭੱਖੜੇ ਦੇ ਕੰਡੇ ਵਾਂਗ ਚੁਭੀ ਪਈ ਸੀ। ਚਾਹੇ ਪਹਿਲੇ ਮੌਕੇ ਹਰੀ ਕਿਸਮਤ ਨਾਲ ਬਚ ਗਿਆ ਸੀ ਪਰ ਹੁਣ ਛੱਗਤ ਹੋਰੀਂ ਇਹ ਮੌਕਾ ਹੱਥੋਂ ਨਹੀਂ ਗਵਾਉਣਾ ਚਾਹੁੰਦੇ ਸਨ। ਪਹਿਲੀ ਵਾਰ ਉਹ ਛੱਗਤ ਦੀ ਕਣਕ ਬਿਜਾਈ ਤੋਂ ਤੀਜੇ ਦਿਨ ਹੀ ਰਾਤ ਨੂੰ ਸੁਨਾਮ ਆਏ ਸੀ ਪਰ ਉਸ ਦਿਨ ਹਰੀ ਘਰ ਨਹੀਂ ਸੀ ਮਿਲਿਆ। ਸ਼ਾਇਦ ਉਹ ਵੀ ਮਾੜੇ ਹਾਲਾਤ ਤੋਂ ਡਰਦਾ ਕਿਧਰੇ ਟਲ ਗਿਆ ਸੀ ਪਰ ਹੁਣ ਛੱਗਤ ਹੋਰਾਂ ਨੇ ਪੂਰੀ ਸੂਹ ਲੈ ਰੱਖੀ ਸੀ ਕਿ ਅੱਜ-ਕੱਲ੍ਹ ਹਰੀ ਘਰ ਆਇਆ ਹੋਇਆ ਹੈ। "ਕਿੱਧਰ ਤਾਈਂ ਉਲਝਾ ਲਈ ਪੰਮੀ ਨੇ, ਅਜੇ ਤੱਕ ਨੀ ਬਹੁੜਿਆ।" ਛੱਗਤ ਨੇ ਚੁੱਪ ਦਾ ਪੱਥਰ ਸਿਰੋਂ ਲਾਹੁੰਦਿਆਂ ਕਿਹਾ।

"ਲੈ ਯਾਦ ਕਰਿਆ, ਓਹ ਆ ਗਿਆ।" ਕੈਲੇ ਨੇ ਹਨ੍ਹੇਰੇ ਵਿੱਚ ਤੁਰੇ ਆਉਂਦੇ ਪੰਮੀ ਦੀ ਤੋਰ ਪਹਿਚਾਣਦਿਆਂ ਸਾਰਿਆਂ ਦਾ ਧਿਆਨ ਉਧਰ ਮੋੜ ਦਿੱਤਾ।

"ਆਜਾ ਆਜਾ ਤੈਨੂੰ ਈ 'ਡੀਕਦੇ ਤੀ।" ਰੋਹੀ ਪਿੱਠ ਝਾੜਦਾ ਖੜ੍ਹਾ ਹੋ ਗਿਆ ਤੇ ਖੇਸੀ ਦੀ ਬੁੱਕਲ ਖੋਲ੍ਹ ਕੇ ਚੰਗੀ ਤਰ੍ਹਾਂ ਮਾਰ ਲਈ। ਬਾਕੀ ਦੋਵੇਂ ਵੀ ਖੜ੍ਹੇ ਹੋ ਕੇ ਤੁਰ ਪਏ। ਚਾਰਾਂ ਨੇ ਆਪਣੇ-ਆਪਣੇ ਹਥਿਆਰ ਸੰਭਾਲੇ ਹੋਏ ਸਨ। ਛੱਗਤ ਤੇ ਪੰਮੀ ਕੋਲ ਗੰਡਾਸੇ, ਰੋਹੀ ਕੋਲ ਖਿਡੌਣਾ ਪਸਤੌਲ ਤੇ ਕੈਲੇ ਬਾਜ਼ੀਗਰ ਨੇ ਹੱਥ ਕੁ ਦੀ ਲੋਹੇ ਦੀ ਨਾਲੀ ਚੁੱਕੀ ਹੋਈ ਸੀ। ਉਨ੍ਹਾਂ ਨੇ ਪਿੰਡਾਂ ਵਿੱਚੋਂ ਹੋ ਕੇ ਜਾਣ ਦੀ ਬਜਾਏ ਸੂਏ ਦਾ ਰਾਹ ਚੁਣਿਆ ਸੀ ਤਾਂ ਕਿ ਉਹ ਬਿਨਾਂ ਕਿਸੇ ਦੇ ਮੂੰਹ-ਮੱਥੇ ਲੱਗੇ ਸਿੱਧਾ ਸੁਨਾਮ ਜਾ ਨਿਕਲਣ। ਸੂਏ ਦਾ ਰਾਹ ਪਿੰਡਾਂ ਤੋਂ ਬਾਹਰਵਾਰ ਦੀ ਹੁੰਦਾ ਹੋਇਆ ਸੁਨਾਮ ਦੇ ਬਾਹਰ ਜਾ ਨਿਕਲਦਾ ਸੀ।

"ਤੈਨੂੰ ਪੱਕਾ ਪਤੈ ਵੀ ਉਹ ਆਇਆ ਹੋਇਐ? ਕਿਤੇ ਪਹਿਲਾਂ ਮਾਂਗੂੰ ਉਈਂ ਭਕਾਈ ਹੋਜੇ।" ਛੱਗਤ ਨੇ ਰੋਹੀ ਨੂੰ ਇੱਕ ਵਾਰ ਫਿਰ ਟੁਣਕਾ ਕੇ ਵੇਖਣਾ ਚਾਹਿਆ।

"ਹਾਂ ਮੇਰੇ ਬਾਪੂ, ਹੋਰ ਕਿੰਨੇ ਵਾਰ ਦੱਸਾਂ। ਜਮ੍ਹਾਂ ਐਨ ਪੱਕੇ ਬੰਦੇ ਨੇ ਦੱਸਿਐ ਵੀ ਹਰੀ ਅੱਜ ਘਰੀਂ ਐ।"

"ਗੱਲ ਸੁਣ ਲਓ ਭਾਈ ਇੱਕ!" ਕੈਲੇ ਬਾਜ਼ੀਗਰ ਨੇ ਡਾਂਗ ਵਰਗੀ ਉਂਗਲ ਹਨ੍ਹੇਰੇ ਵਿੱਚ ਖੜ੍ਹੀ ਕੀਤੀ, "ਤੁਸੀਂ ਚਾਹੇ ਉਹਨੂੰ ਕੁੱਟੋ, ਚਾਹੇ ਲੁੱਟੋ। ਜੇ ਉਹਨੇ ਕੋਈ ਤੀਮੀਂ-ਤੂਮੀਂ ਲਿਆਂਦੀ ਹੋਈ ਤਾਂ ਉਹ ਮੇਰੀ ਹੋਊ।" ਕੈਲੇ ਅੰਦਰਲਾ ਛੜਾਪਣ ਅੰਗੜਾਈ ਲੈ ਗਿਆ।

"ਸਾਲਿਆ! ਅਸੀਂ ਉਹਨੂੰ ਲੁੱਟ ਕੇ, ਕੁੱਟ ਕੇ ਕੀ ਕੱਢਾਂਗੇ? ਵੀਹ ਹਜ਼ਾਰ ਦੀ ਤੀਮੀਂ ਵਾਸਤੇ ਤਾਂ ਤੂੰ ਪਹਿਲੀਂ ਮੂੰਹ ਪਾੜ ਲਿਆ।" ਪੰਮੀ ਨੇ ਪਤਲੀਆਂ ਮੁੱਛਾਂ ਵਿੱਚੋਂ ਕੈਲੇ ਨੂੰ ਮਿੱਠਾ ਜਿਹਾ ਘੂਰਿਆ।

"ਬਾਈ, ਦੋ ਪੈਸਿਆਂ ਪਿੱਛੇ ਕਿਉਂ ਭਾਈ ਦੇ ਵਸਦੇ ਘਰ 'ਚ ਲੱਤ ਮਾਰਦਿਓ।" ਕੈਲਾ ਬੁੱਲ੍ਹਾਂ 'ਚ ਹੱਸਦਾ ਪੰਮੀ ਨੂੰ ਉਲਾਂਭਾ ਦੇ ਗਿਆ।

''ਤੇਰਾ ਵੀ ਕਰਦਾਂਗੇ ਕਿਧਰੋਂ ਟੰਕਾ ਫਿੱਟ. ਪਹਿਲਾਂ ਘਰ ਚਲਾਉਣ ਜੋਕਰਾ ਕੁਛ ਮੁੱਠੀ 'ਚ ਤਾਂ ਕਰਲੈ। ਤੀਮੀਂ ਦਾ ਕੰਬਾਇਨ ਜਿੰਨਾ ਖਰਚ ਐ ਕੱਲੀ ਦਾ। ਘਰੋਂ ਤਾਂ ਸਾਲਿਆ ਤੇਰੇ ਚੂਹੇ ਵੀ ਆ ਕੇ ਬੇਸ਼ਰਮੀ ਮੰਨਦੇ ਨੇ. ਵੀ ਕਿਹੜੇ ਨੰਗ ਦੇ ਘਰ ਆ ਵੜੇ।'' ਛੱਗੜ. ਕੈਲੇ ਬਾਜ਼ੀਗਰ ਦੀ ਢਿਚਕੂ ਢਿਚਕੂ ਕਰਦੀ ਕਬੀਲਦਾਰੀ 'ਤੇ ਗੁੱਝੀ ਚੋਭ ਮਾਰ ਗਿਆ।

ਚਾਹੇ ਇਹ ਗੱਲ ਛੱਗੜ ਨੇ ਸੁਭਾਵਿਕ ਹੀ ਕਰੀ ਸੀ ਪਰ ਕੈਲੇ ਦੇ ਅੰਦਰੋਂ ਹਾਉਕਾ ਜਿਹਾ ਨਿਕਲ ਗਿਆ। ਉਸਨੂੰ ਆਪਣੀ ਫੱਟੜ ਚਿੜੀ ਵਾਂਗ ਅਧੀਰੀ ਸਾਹਾਂ 'ਤੇ ਪਈ ਕਬੀਲਦਾਰੀ ਦਾ ਚੇਤਾ ਆ ਗਿਆ। ਟੁੱਟਵੀਂ ਲੱਗਦੀ ਦਿਹਾੜੀ ਨਾਲ ਤਾਂ ਉਹ ਆਪਣੇ ਮਾਂ-ਪਿਓ ਅਤੇ ਆਪਣਾ ਢਿੱਡ ਮਸਾਂ ਤੋਰਦਾ ਸੀ। ਹੋਰ ਚੌਥੀ ਨੂੰ ਲਿਆ ਕੇ ਉਹ ਕਿੱਥੋਂ ਖਵਾ ਦੇਵੇਗਾ ਪਰੌਂਠੇ। ਚਾਹੇ ਰੋਹੀ ਵਰਗਿਆਂ ਨੂੰ ਮੁੱਲ ਦੀ ਤੀਵੀਂ ਜੁੜ ਜਾਂਦੀ ਹੈ ਪਰ ਕੈਲੇ ਲਈ ਤਾਂ ਮੁੱਲ ਦੀ ਤੀਵੀਂ ਰੱਖਣਾ ਵੀ ਤਲਿੱਸਮੀ ਸੁਪਨੇ ਵੇਖਣ ਵਾਂਗ ਸੀ। ਉਹ ਢੈਲਾ ਜਿਹਾ ਪੈਂਦਾ. ''ਥੋਡੀ ਮਰਜੀ ਐ ਬਾਈ।'' ਕਹਿ ਕੇ ਨੀਵੀਂ ਪਾਈਂ ਨਾਲ ਤੁਰਿਆ ਗਿਆ। ਦੋ-ਤਿੰਨ ਪਿੰਡ ਲੰਘ ਕੇ ਉਹ ਘਾਸੀਵਾਲ ਦੇ ਪੁਲ 'ਤੇ ਲੱਗੇ ਨਲਕੇ ਕੋਲ ਆ ਰੁਕੇ। ਸਾਹਮਣੇ ਉੱਚੀ ਜਗ੍ਹਾ 'ਤੇ ਸੁਨਾਮ ਸ਼ਹਿਰ ਦੀਆਂ ਲਾਇਟਾਂ ਤਾਰਿਆਂ ਵਾਂਗ ਚਮਕ ਰਹੀਆਂ ਸਨ।

''ਲਓ ਫੇਰ. ਹੋਵੇ ਦਲੇਰ।'' ਛੱਗੜ ਨੇ ਡੱਬ 'ਚੋਂ ਬੋਤਲ ਕੱਢ ਕੇ ਪੰਮੀ ਨੂੰ ਫੜਾ ਦਿੱਤੀ। ਪੰਮੀ ਨੇ ਬੋਤਲ ਦਾ ਡੱਟ ਖੋਲ੍ਹ ਕੇ ਮੂੰਹ ਨੂੰ ਲਾ ਲਈ. ਗੱਟ ਗੱਟ ਕਰਕੇ ਪਊਆ ਪੀ ਗਿਆ ਤੇ ਫੇਰ ਨਲਕੇ ਤੋਂ ਓਕ ਨਾਲ ਪਾਣੀ ਪੀ ਲਿਆ। ਚਾਰਾਂ ਨੇ ਪਊਆ ਪਊਆ ਅੰਦਰ ਸੁੱਟ ਲਿਆ। ਸਿਰ 'ਤੇ ਬੰਨ੍ਹੇ ਪਰਨਿਆਂ ਦੇ ਲੜ ਮੂੰਹਾਂ ਉੱਪਰ ਦੀ ਕਰ ਲਏ। ਖ਼ਾਲੀ ਬੋਤਲ ਪੰਮੀ ਨੇ ਪਟੜੀ 'ਤੇ ਮਾਰ ਕੇ ਭੰਨ ਦਿੱਤੀ।

ਹੁਣ ਉਹ ਸੂਏ ਤੋਂ ਲਹਿ ਕੇ ਸੁਨਾਮ ਨੂੰ ਜਾਂਦੇ ਸਿੱਧੇ ਪਹੇ ਪੈ ਗਏ। ਸੁਨਾਮ ਅੱਡੇ ਵਿੱਚ ਜਾਣ ਦੀ ਬਜਾਏ ਉਹ ਮੰਡੀ ਵਾਲੇ ਫਾਟਕ ਉੱਪਰ ਦੀ ਹੋ ਗਏ। ਸ਼ਹਿਰ ਦੀਆਂ ਚਾਨਣੀਆਂ ਬੀਹੀਆਂ ਵਿੱਚੋਂ ਦਗੜ-ਦਗੜ ਕਰਦੇ ਹੋਏ ਉਹ ਹਰੀ ਦੇ ਬਾਰ ਅੱਗੇ ਜਾ ਰੁਕੇ। ਅਵਾਰਾ ਕੁੱਤੇ ਓਪਰੇ ਬੰਦਿਆਂ ਦੀ ਬਿੜਕ ਪਾ ਕੇ ਭੌਂਕਣ ਲੱਗ ਪਏ। ਆਂਢੀਆਂ-ਗੁਆਂਢੀਆਂ ਨੇ ਬਿੜਕਾਂ ਭੰਨੀਆਂ ਪਰ ਹਾਲਾਤ ਦੇ ਡਰੋਂ ਜਾਗਦੇ ਹੀ ਸੌਂ ਗਏ। ਛੱਗੜ ਹੋਰੀਂ ਪਹਿਲਾਂ ਕੁਝ ਚਿਰ ਘੁਸਰ-ਮੁਸਰ ਕਰਦੇ ਰਹੇ ਫਿਰ ਰੋਹੀ ਕੰਧ ਨਾਲ ਬੈਠ ਗਿਆ। ਕੈਲਾ ਉਸਦੇ ਮੋਢਿਆਂ ਉੱਪਰ ਚੜ੍ਹ ਗਿਆ। ਛੱਗੜ ਤੇ ਪੰਮੀ ਨੇ ਰੋਹੀ ਨੂੰ ਸਹਾਰਾ ਦੇ ਕੇ ਖੜ੍ਹਾ ਕਰ ਦਿੱਤਾ. ਕੈਲਾ ਅਰਾਮ ਨਾਲ ਕੰਧ ਟੱਪ ਗਿਆ। ਜਦੋਂ ਕੈਲੇ ਨੇ ਅੰਦਰੋਂ ਬਾਰ ਖੋਲ੍ਹਿਆ ਤਾਂ ਉਹ ਤਿੰਨੇ ਧੁੱਸ ਦੇ ਕੇ ਅੰਦਰ ਜਾ ਵੜੇ। ਕੈਲੇ ਨੇ ਜੋਰ ਦੀ ਬੈਠਕ ਦੇ ਤਖਤਿਆਂ ਨੂੰ ਲੱਤ ਮਾਰੀ। ਬਾਰ ਸਪਾਟ ਖੁੱਲ੍ਹ ਗਿਆ। ਹਰੀ ਤ੍ਰਬਕ ਕੇ ਰਜਾਈ 'ਚੋਂ ਉੱਠ ਖੜ੍ਹਿਆ ਤੇ ਸਾਹਮਣੇ ਮੜ੍ਹਾਸੇ ਮਾਰੀਂ ਖੜ੍ਹੇ ਚਾਰ ਬੰਦੇ ਵੇਖ ਕੇ ਚਿਹਰੇ ਦਾ ਰੰਗ ਹਲਦੀ ਵਾਂਗ ਪੀਲਾ ਪੈ ਗਿਆ। ਡਰ ਨਾਲ ਅੰਗ-ਅੰਗ ਕੰਬ ਗਿਆ। ਫਿਰ ਉਹ ਬਿਜਲੀ ਦੇ ਝਟਕੇ ਜਿੰਨੀ ਫੁਰਤੀ ਨਾਲ ਮੰਜੇ 'ਚੋਂ ਉੱਠ ਕੇ ਬਾਹਰ ਨੂੰ ਭੱਜਣ ਲੱਗਿਆ। ਛੱਗੜ ਨੇ ਗੰਡਾਸਾ ਵਾਹ ਦਿੱਤਾ। ਸੱਜੇ ਮੋਢੇ ਵਿੱਚ ਦੋ ਉਂਗਲਾਂ ਡੂੰਘਾ ਫੱਟ ਹੋ ਗਿਆ। ਹਰੀ ਗੁਲੇਲ ਲੱਗੇ ਕਬੂਤਰ ਵਾਂਗ ਫੁੜਕ ਕੇ ਥਾਏਂ ਡਿੱਗ ਪਿਆ। ਡਿਗਦੇ ਦੇ ਦੋ ਵਾਰ ਪੰਮੀ ਨੇ ਕਰ ਦਿੱਤੇ। ਦੋਵੇਂ ਵਾਰ ਸਿਰ ਵਿੱਚ ਚੀਰਾ ਦੇ ਗਏ। ਲਹੂ ਦੀਆਂ ਤਤੀਰੀਆਂ ਚੱਲ ਪਈਆਂ। ਹਰੀ ਬੇਹੋਸ਼ ਹੋ ਕੇ ਮੂਧੇ-ਮੂੰਹ ਡਿੱਗ ਪਿਆ। ਚਾਰਾਂ ਨੇ ਕਾਹਲੀ-ਕਾਹਲੀ ਦੋਵੇਂ ਕਮਰੇ ਨਰਮਾ ਭੇਲਣ ਵਾਂਗ ਭੇਲ ਦਿੱਤੇ। ਸਾਰੇ ਟਰੰਕ. ਅਲਮਾਰੀਆਂ ਪੱਟ ਦਿੱਤੇ। ਕੈਲੇ ਬਾਜ਼ੀਗਰ ਦੇ ਅਲਮਾਰੀ 'ਚੋਂ ਤੀਹ ਹਜ਼ਾਰ ਹੱਥ ਲੱਗ ਗਿਆ। ਉਸਨੇ ਇਸ਼ਾਰੇ ਨਾਲ ਸਾਰਿਆਂ ਨੂੰ ਸਮਝਾ ਦਿੱਤਾ। ਚਾਰੇ. ਪੈਸੇ ਹੱਥ ਲਗਦਿਆਂ ਹੀ ਉੱਥੋਂ ਹਨ੍ਹੇਰੀ ਬਣ ਗਏ। ਬੇਹੋਸ਼ ਹੋਏ ਹਰੀ ਦੇ ਸਿਰ ਅਤੇ ਮੋਢੇ 'ਚੋਂ ਖ਼ੂਨ ਸਾਰੀ ਰਾਤ ਵਗਦਾ ਰਿਹਾ। ਸਵੇਰ ਤੱਕ ਉਹ ਠੰਡਾ ਹੋ ਗਿਆ।

ਸੁਨਾਮ ਹੋਈ ਵਾਰਦਾਤ ਦੀਆਂ ਖ਼ਬਰਾਂ ਅਖ਼ਬਾਰਾ ਵਿੱਚ ਛਪੀਆ, ਪਿੰਡ ਦੇ ਗਲੀ-ਮੋੜਾਂ 'ਤੇ ਗੱਲਾਂ ਹੋਈਆਂ ਫਿਰ ਕਤਲਾਂ, ਵਾਰਦਾਤਾਂ ਦੀ ਰੁੱਤ ਵਿੱਚ ਛੇਤੀ ਹੀ ਸਮੇਂ ਦੀ ਧੂੜ ਵਿੱਚ ਗੁਆਚ ਗਈਆਂ। ਛੱਗੜ ਹੋਰੀਂ ਪਹਿਲਾਂ ਕਈ ਦਿਨ ਇਧਰ-ਉਧਰ ਟਲੇ ਫਿਰਦੇ ਰਹੇ। ਕੋਈ ਘਰ ਦੇ ਕੰਮ ਵਿੱਚ ਖੁੱਭ ਗਿਆ, ਕੋਈ ਰਿਸ਼ਤੇਦਾਰੀ ਵਿੱਚ ਚਲਾ ਗਿਆ। ਜਦੋਂ ਉਹਨਾਂ ਨੂੰ ਸਭ ਸੁੱਖ-ਸਾਂਦ ਲੱਗੀ, ਸ਼ਿਕਾਰੀ ਕੁੱਤਿਆਂ ਵਾਂਗ ਫਿਰ ਇਕੱਠੇ ਹੋ ਗਏ। ਹੁਣ ਤਾਂ ਸਿੰਦੂ ਨੂੰ ਵੀ ਰੋਹੀ ਦੇ ਭੈੜੇ ਕਾਰਨਾਮਿਆਂ ਦਾ ਪਤਾ ਲੱਗ ਚੁੱਕਿਆ ਸੀ। ਉਸਨੇ ਰੋਹੀ ਨੂੰ ਗੱਲੀਂ ਗੱਲੀਂ ਸਮਝਾਇਆ ਵੀ ਪਰ ਰੋਹੀ 'ਤੇ ਰੱਤੀ ਭਰ ਅਸਰ ਨਾ ਹੋਇਆ। ਰੋਹੀ ਨੇ ਤਾਂ ਸਿੰਦੂ ਦੀਆਂ ਸਾਰੀਆਂ ਗੱਲਾਂ ਪਾਣੀ 'ਚ ਭਿੱਜੇ ਕੁੱਤੇ ਦੇ ਪਿੰਡਾ ਛੰਡਣ ਵਾਂਗ ਮੌਕੇ ਤੇ ਹੀ ਦਿਮਾਗ਼ 'ਚੋਂ ਝਟਕ ਦਿੱਤੀਆਂ। ਪਹਿਲਾਂ ਤਾਂ ਸਿੰਦੂ ਦਾ ਜੀਅ ਕੀਤਾ ਸੀ ਕਿ ਉਹ ਸਰਵਣ ਤਾਏ ਨੂੰ ਕਹਿ ਕੇ ਰੋਹੀ ਨੂੰ ਸਮਝਾਵੇ ਫਿਰ ਗੱਲ ਵਧ ਜਾਣ ਦੇ ਡਰੋਂ ਉਸਨੇ ਚੁੱਪ ਵੱਟ ਲਈ। ਛੱਗੜ ਹੋਰਾਂ ਦੀ ਜੁੰਡਲੀ ਨੇ ਆਪਣਾ ਸਿਲਸਿਲਾ ਫਿਰ ਅੱਗੇ ਤੋਰ ਲਿਆ।

ਹੁਣ ਤਾਂ ਰੋਹੀ ਘਰ ਵੀ ਘੱਟ ਵੱਧ ਹੀ ਆਉਂਦਾ ਸੀ। ਰੋਹੀ ਦੀ ਕੁੜੀ ਚਾਰ ਸਾਲਾਂ ਦੀ ਹੋ ਗਈ ਸੀ। ਰੋਡੀ ਦਾ ਤਾਂ ਨਾਂ ਵੀ ਕਿਸੇ ਨੇ ਨਹੀਂ ਸੀ ਰੱਖਿਆ। ਸਿਰ ਮੁੰਨਿਆ ਹੋਣ ਕਰਕੇ ਸਾਰੇ ਉਸਨੂੰ ਰੋਡੀ ਰੋਡੀ ਕਹਿੰਦੇ ਸਨ। ਫਿਰ ਰੋਡੀ ਹੀ ਉਸਦਾ ਅਸਲੀ ਨਾਮ ਬਣ ਗਿਆ। ਪਹਿਲਾਂ ਤਾਂ ਰਾਜੂ ਨੂੰ ਤਿੰਨ ਜਣਿਆਂ ਦੀਆਂ ਰੋਟੀਆਂ ਹੀ ਪਕਾਉਣੀਆਂ ਪੈਂਦੀਆਂ ਸਨ। ਹੁਣ ਤਾਂ ਰੋਡੀ ਵੀ ਉਸਨੂੰ ਜੂੰ ਵਾਂਗ ਚਿੰਬੜੀ ਰਹਿੰਦੀ ਸੀ। ਰਾਜੂ ਹੀ ਉਸਦਾ ਮਾਂ ਬਾਪ, ਭੈਣ ਭਾਈ ਸੀ। ਸਿੰਦੂ ਤਾਂ ਸ਼ਰਾਬ ਨਾਲ ਰੱਜਿਆ ਰਹਿੰਦਾ। ਰੋਹੀ ਉਂਝ ਨਹੀਂ ਘਰ ਵੜਦਾ ਸੀ। ਜਦੋਂ ਜੀਅ ਕਰਦਾ ਰਾਜੂ ਉਸਨੂੰ ਤਿੰਨ-ਚਾਰ ਦਿਨਾਂ ਬਾਅਦ ਨਹਾ ਦਿੰਦਾ, ਧੋ ਕੇ ਕੱਪੜੇ ਪਾ ਦਿੰਦਾ। ਨਹੀਂ ਤਾਂ ਉਹ ਕਈ-ਕਈ ਦਿਨ ਸਾਧ ਦੇ ਭਭੂਤੀ ਮਲਣ ਵਾਂਗ ਰੇਤੇ ਨਾਲ ਲਿੱਬੜੀ-ਤਿੱਬੜੀ ਫਿਰਦੀ ਰਹਿੰਦੀ।

ਸਿੰਦੂ ਹੋਰਾਂ ਨੇ ਇੱਕ ਕਿੱਲਾ ਹੋਰ ਲੇਖੇ ਲਾ ਦਿੱਤਾ ਸੀ। ਜ਼ਮੀਨ ਵੇਚਣ ਵੇਲੇ ਰਾਜੂ ਵਧੇਰਾ ਕਲਪਿਆ ਸੀ। ਸਿੰਦੂ ਹੋਰਾਂ ਅੱਗੇ ਹੱਥ ਜੋੜੇ ਸਨ। ਸਰਵਣ ਤਾਏ ਨੂੰ ਸਮਝਾਉਣ ਲਈ ਕਿਹਾ ਸੀ ਪਰ ਉਸ ਦਾ ਕੋਈ ਟੱਕ ਨਾ ਪੁੱਗਣ ਦਿੱਤਾ। ਉਲਟਾ ਦੋ-ਚਾਰ, ਧੌਲ-ਧੱਫੇ ਖਾ ਕੇ ਬੈਠ ਗਿਆ।

ਰਾਜੂ ਹੁਣ ਜ਼ਿਆਦਾਤਰ ਘਰ ਹੀ ਰਹਿੰਦਾ ਸੀ ਜਾਂ ਕਦੇ ਕਦੇ ਸਰਵਣ ਤਾਏ ਕੇ ਖੇਤ ਕੰਮ-ਧੰਦਾ ਕਰਵਾ ਆਉਂਦਾ। ਪਿੰਡ ਦੇ ਮੁੰਡਿਆਂ ਨਾਲ ਰਲਣ ਦਾ ਉਸਦਾ ਹੀਆ ਨਹੀਂ ਪੈਂਦਾ ਸੀ। ਉਹ ਸਾਰੇ ਉਸਨੂੰ ਹੋਰੂੰ ਹੋਰੂੰ ਨਜ਼ਰਾਂ ਨਾਲ ਵੇਖਦੇ ਸਨ। ਛੋਟਾ ਹੁੰਦਾ ਵੀ ਉਹ ਪਿੰਡ ਦੇ ਮੁੰਡਿਆਂ ਤੋਂ ਕੁੱਟ ਖਾਂਦਾ ਰਿਹਾ ਸੀ। ਖੇਡਦੇ ਵਕਤ ਸਾਰੇ ਬੀਹੀ ਵਿਹੜੇ ਦੇ ਜਵਾਕ ਰਲਕੇ ਉਸਨੂੰ ਕੁੱਟਦੇ ਸਨ। ਉਹ ਰੋਂਦਾ-ਰੋਂਦਾ ਘਰ ਆ ਜਾਂਦਾ। ਦੇਵਕੀ ਉਸਨੂੰ ਹਿੱਕ ਨਾਲ ਲਾ ਕੇ ਖ਼ੁਦ ਰੋਣ ਲੱਗ ਜਾਂਦੀ। ਉਸਨੂੰ ਦੇਵਕੀ ਦਾ ਆਪ ਵੀ ਉਸਦੇ ਨਾਲ ਰੋਣ ਲੱਗ ਜਾਣਾ ਬੜਾ ਅਜੀਬ ਲੱਗਦਾ ਸੀ। ਉਸ ਸਮੇਂ ਉਹ ਬੇਸਮਝ ਸੀ, ਸਵੇਰ ਨੂੰ ਉਨ੍ਹਾਂ ਬੱਚਿਆਂ ਨਾਲ ਹੀ ਫਿਰ ਖੇਡਣ ਚਲਾ ਜਾਂਦਾ। ਸਾਰੇ ਬੱਚੇ ਉਸਨੂੰ 'ਭਈਆ ਭਈਆ' ਕਹਿ ਕੇ ਚਿੜਾਉਂਦੇ। ਓਦੋਂ ਉਹ ਇਨ੍ਹਾਂ ਗੱਲਾਂ ਨੂੰ ਸਮਝਦਾ ਨਹੀਂ ਸੀ, ਹੁਣ ਉਸਨੂੰ ਸਭ ਸਮਝ ਆ ਗਈ ਸੀ। ਮਾਂ ਦਾ ਉਸਨੂੰ ਹਿੱਕ ਨਾਲ ਲਾ ਕੇ ਰੋਣਾ, ਬੱਚਿਆਂ ਦੁਆਰਾ ਭਈਆ ਭਈਆ ਕਹਿ ਕੇ ਸੱਦਣਾ, ਇਨ੍ਹਾਂ ਗੱਲਾਂ ਪਿੱਛੇ ਲੁਕੇ ਕਾਰਨ, ਵਾਪਰੇ ਹਾਲਾਤ ਹੁਣ ਉਸਨੂੰ ਪਰਤੱਖ ਦਿਸਦੇ ਸਨ। ਹੁਣ ਤਾਂ ਲੋਕ ਉਸਨੂੰ ਅੱਗੇ-ਪਿੱਛੇ ਬੜੇ ਭੈੜੇ ਜਿਹੇ ਸ਼ਬਦ 'ਬੇਰੜਾ ਬੀਅ' ਨਾਲ ਵੀ ਸੰਬੋਧਨ ਕਰਨ ਲੱਗ ਪਏ ਸਨ। ਲੋਕਾਂ ਦੇ ਇਹਨਾਂ ਜ਼ਹਿਰ ਵਰਗੇ ਬੋਲਾਂ ਤੋਂ ਡਰਦਾ ਹੁਣ ਉਹ ਘੱਟ-ਵੱਧ ਹੀ ਬਾਹਰ ਜਾਂਦਾ ਸੀ। ਚਾਹੇ ਉਹ ਕਣਕ ਭਿੰਨੇ ਰੰਗ, ਤਿੱਖੇ ਨੈਣ ਨਕਸ਼ਾਂ ਕਰਕੇ ਜ਼ਿਮੀਦਾਰਾਂ ਦੇ ਮੁੰਡਿਆਂ ਨਾਲੋਂ ਕਿਸੇ ਗੱਲੋਂ ਘੱਟ ਨਹੀਂ ਸੀ ਫਿਰ ਵੀ ਲੋਕ ਉਸਨੂੰ ਅੰਦਰੋ-ਅੰਦਰੀ ਨਫ਼ਰਤ ਕਰਦੇ ਸਨ। ਜੇ ਕਦੇ ਉਸਨੂੰ ਆਪਣੇਪਨ ਦਾ ਅਹਿਸਾਸ ਹੁੰਦਾ ਤਾਂ ਉਹ ਸਿਰਫ਼ ਦੋ ਥਾਂਵਾਂ ਸਨ, ਇੱਕ ਸਰਵਣ ਤਾਏ ਦਾ ਘਰ ਤੇ ਦੂਸਰਾ ਸਾਹਮਣੇ ਜੱਗੇ ਕਾ ਚੁਬਾਰਾ। ਕਦੇ ਕਦੇ ਜੱਗੇ ਕੇ ਚੁਬਾਰੇ 'ਚੋਂ ਗੁਲਾਬ ਦੀਆਂ ਪੱਤੀਆਂ ਵਰਗੇ ਗੁਲਾਬੀ ਬੁੱਲ੍ਹਾਂ 'ਚੋਂ ਮੋਹ ਦੀਆਂ ਛੱਲਾਂ ਮਾਰਦੀ ਮੁਸਕਾਨ ਉਸਦੀ ਉਜਾੜ ਵਰਗੀ ਜ਼ਿੰਦਗੀ ਵਿੱਚ ਮਹਿਕਾਂ ਖਿਲਾਰ ਜਾਂਦੀ।

ਪਹਿਲਾ ਤਾਂ ਰਾਜੂ ਨੂੰ ਪਤਾ ਹੀ ਨਹੀਂ ਸੀ ਕਿ ਉਸਦੀ ਉਦਾਸੀ ਜ਼ਿੰਦਗੀ ਦੇ ਦਰਾਂ 'ਤੇ ਕੋਈ ਪਿਆਰ ਮੁਹੱਬਤ ਲਈਂ ਖੜ੍ਹਾ ਦਰ ਖੜਕਾ ਰਿਹਾ ਹੈ। ਕੁੜੀ ਹਰ ਰੋਜ਼ ਚੁਬਾਰੇ ਦੀ ਖਿੜਕੀ ਅੱਧ-ਭੇੜੀਂ ਖੜ੍ਹੀ, ਰਾਜੂ ਨੂੰ ਵਿਹੜੇ ਵਿੱਚ ਨਿੱਕਾ ਨਿੱਕਾ ਕੰਮ ਕਰਦੇ ਨੂੰ,

ਝਾੜੂ ਲਾਉਂਦੇ, ਰੋਟੀਆਂ ਪਕਾਉਂਦੇ, ਭਾਂਡੇ ਮਾਂਜਦੇ ਨੂੰ ਪਿਆਰ ਤੇ ਤਰਸ ਭਰੀਆਂ ਨਜ਼ਰਾਂ ਨਾਲ ਵੇਖਦੀ ਰਹਿੰਦੀ। ਕਦੇ ਕਦੇ ਉਸਨੂੰ ਰਾਜੂ ਵਿਹੜੇ ਵਿੱਚ ਇੱਟਾਂ ਰੱਖੀਂ ਨਹਾਉਂਦਾ ਵੀ ਨਜ਼ਰੀਂ ਪੈ ਜਾਂਦਾ। ਰਾਜੂ ਦੇ ਗੁੰਦਵੇਂ ਸਰੀਰ ਤੋਂ ਤਿਲਕਦਾ ਪਾਣੀ, ਪਿੰਡਾ ਮਲਣ ਵੇਲੇ ਅੰਗ ਅੰਗ ਵਿੱਚ ਪੈਂਦੀਆਂ ਕੁੱਕੜੀਆਂ, ਕੁੜੀ ਦੇ ਅੰਦਰ ਦੀਆਂ ਤਾਰਾਂ ਛੇੜ ਜਾਂਦੀਆਂ। ਉਸਦੇ ਅੰਦਰ ਪਿਆਰ ਦਾ ਜਵਾਰਭਾਟਾ ਛੱਲਾਂ ਮਾਰਦਾ। ਉਹ ਸਾਰੀ ਸਰੂਰ ਸਰੂਰ ਹੋ ਜਾਂਦੀ।

ਰਾਣੀ ਆਪਣੀ ਛੋਟੀ ਮਾਸੀ ਕੋਲ ਗਿਆਰਵੀਂ ਵਿੱਚ ਪੜ੍ਹਨ ਲਈ ਆਈ ਸੀ। ਉਸਦੇ ਆਪਣੇ ਪਿੰਡ ਕੁਲਹਿਰੀ ਤਾਂ ਦਸਵੀ ਤੱਕ ਦਾ ਹੀ ਸਕੂਲ ਸੀ। ਅੱਗੇ ਪੜ੍ਹਨ ਲਈ ਬੁਢਲਾਡੇ ਜਾਣਾ ਪੈਣਾ ਸੀ। ਰਾਣੀ ਦਾ ਪਿਓ ਉਸਨੂੰ ਬੁਢਲਾਡੇ ਪੜ੍ਹਨ ਲਾਉਣ ਲਈ ਰਾਜ਼ੀ ਨਹੀਂ ਸੀ ਹੋਇਆ। ਉਸਨੂੰ ਅੱਗੇ ਨਾ ਪੜ੍ਹਨ ਲਾਉਣ ਦੀ ਗੱਲ ਜਦੋਂ ਉਸਦੀ ਛੋਟੀ ਮਾਸੀ ਨੂੰ ਪਤਾ ਲੱਗੀ ਤਾਂ ਉਸਨੇ ਆਪਣੇ ਘਰ ਵਾਲੇ ਜੱਗੇ ਨੂੰ ਭੇਜ ਕੇ ਰਾਣੀ ਨੂੰ ਇਥੇ ਮੰਗਵਾ ਲਿਆ ਸੀ ਤੇ ਉਸੇ ਦਿਨ ਗਿਆਰਵੀਂ ਵਿੱਚ ਦਾਖਲ ਕਰਵਾ ਦਿੱਤੀ ਸੀ। ਇਥੇ ਪੜ੍ਹਨ ਲਾਉਣ ਲਈ ਰਾਣੀ ਦਾ ਪਿਤਾ ਵੀ ਝੱਟ ਰਾਜ਼ੀ ਹੋ ਗਿਆ ਸੀ।

ਪਹਿਲੇ ਦਿਨ ਹੀ ਰਾਣੀ ਨੇ ਆਪਣੇ ਮਾਸੀ-ਮਾਸੜ ਰਾਜੂ ਕਿਆਂ ਬਾਰੇ ਗੱਲਾਂ ਕਰਦੇ ਸੁਣੇ ਸੀ।

''ਜਿਹੜਾ ਬੀਰ ਮਾਰਿਆ ਤੀ ਮੁੰਡਾ ਉਹ ਵੀ ਇਨ੍ਹਾਂ ਨੇ ਈ ਮਾਰਿਆ ਤੀ।'' ਉਸਦਾ ਮਾਸੜ ਦੱਸ ਰਿਹਾ ਸੀ।

''ਅੱਛਿਆ!'' ਮਾਸੀ ਹੈਰਾਨ ਹੋਈ ਲਾਇਟ ਦੇ ਚਾਨਣੇ ਮਾਸੜ ਦੇ ਮੂੰਹ ਵੱਲ ਵੇਖ ਰਹੀ ਸੀ।

''ਹੋ...ਅ....ਰ...ਉਹਦੀ ਬਹੂ ਆਈ ਤੀ ਲੀਲੇ ਕੇ ਮੁਕਾਣ। ਰੋਹੀ ਵੀ ਓਥੀ ਤੀ। ਇਹਦੇ ਜੋੜੇ ਪਹਿਚਾਣ ਲਏ ਤੀ ਉਹਨੇ ਪੂਰੇ। ਕਹਿੰਦੇ ਵਿਚਾਰੀ ਐਨਾ ਰੋਈ ਤੀ। ਉਹ ਮੁੰਡੇ ਨੇ ਦੁੱਖ ਵੀ ਬਹੁਤ ਭੋਗਿਆ ਤੀ। ਵਿਚਾਰਾ ਦੋ ਮਹੀਨੇ ਤੜਫ਼ੀ ਗਿਆ। ਟੱਟੀ ਪਿਸ਼ਾਬ ਵਿੱਚੇ ਕਰਦਾ। ਆਹ ਰੀੜ੍ਹ ਦੀ ਹੱਡੀ ਟੁੱਟ ਗੀ ਤੀ ਰੋੜ ਮਾਰੇ ਤੋਂ।''

''ਹਾਏ ਵੇ ਪਾਪੀਓ!'' ਉਸਦੀ ਮਾਸੀ ਨੇ ਦੁਰਅਸੀਸ ਦਿੱਤੀ।

''ਜਿਹੜਾ ਸੁਨਾਮ ਉਹ ਤੀਮੀਂਆਂ ਵੇਚਦਾ ਤੀ, ਜਿਹਤੋਂ ਇਹ ਸੁਰਜੀ ਲਿਆਏ ਤੀ।''

''ਹਾਂ ਹਾਂ।'' ਮਾਸੀ ਨੇ ਗੱਲ ਸਮਝਦਿਆਂ ਸਿਰ ਹਿਲਾਇਆ।

''ਉਹ ਵੀ ਕਹਿੰਦੇ ਇਹਨਾਂ ਨੇ ਈ ਮਾਰਿਐ। ਉਹਦਾ ਤਾਂ ਕਹਿੰਦੇ ਪੁਲਸ ਆਲਿਆਂ ਨੂੰ ਵੀ ਪਤਾ ਲੱਗ ਗਿਆ। ਤਾਂਹੀਂ ਤਾਂ ਹੁਣ ਰੋਹੀ ਕਈ ਦਿਨਾਂ ਤੋਂ ਘਰੇ ਨੀ ਆਇਆ।'' ਜੱਗੇ ਨੇ ਗੱਲ ਏਨੀ ਹੌਲੀ ਕੀਤੀ ਜਿਵੇਂ ਸੱਚ-ਮੁੱਚ ਕੰਧਾਂ ਦੇ ਕੰਨ ਹੋਣ ਤੋਂ ਡਰਦਾ ਹੋਵੇ।

''ਅੱਛਿਆ!'' ਮਾਸੀ ਜੱਗੇ ਦੀਆਂ ਗੱਲਾਂ ਸੁਣ ਸੁਣ ਹੈਰਾਨ ਹੋਈ ਜਾ ਰਹੀ ਸੀ।

''ਹੋਰ ਹੁਣ, ਹੁਣ ਤਾਂ ਕਹਿੰਦੇ ਆਪਣੇ ਪਿੰਡ 'ਚ ਵੀ ਕਈਆਂ ਨੂੰ ਪਤਾ ਲੱਗ ਗਿਆ।''

''ਚਲ ਉਹ ਤਾਂ ਜਿਹਾ ਜਾ ਕਰਨਗੇ, ਭੋਗਣਗੇ। ਅਸਲ ਕਰਮ ਮਾੜੇ ਤਾਂ ਵਿਚਾਰੇ ਏਸ ਰਾਜੂ ਦੇ ਨੇ। ਹੋਰ ਸਾਰੇ ਛੁਟ ਜਾਣਗੇ। ਇਹ ਵਿਚਾਰਾ ਅੰਬਰੀ ਆਂਡਾ, ਇਹ ਨੀ ਛੁੱਟਣਾ।'' ਮਾਸੀ ਧੁਰ ਅੰਦਰੋਂ ਰਾਜੂ ਨਾਲ ਹਮਦਰਦੀ ਰਖਦੀ ਕਹਿ ਰਹੀ ਸੀ। ਫਿਰ ਰਾਜੂ ਬਾਰੇ ਕਿੰਨੀ ਦੇਰ ਗੱਲਾਂ ਹੁੰਦੀਆਂ ਰਹੀਆਂ। ਰਾਣੀ ਹੈਰਾਨ ਹੋਈ ਬਿਟਰ ਬਿਟਰ ਕਦੇ ਮਾਸੀ ਤੇ ਕਦੇ ਮਾਸੜ ਦੇ ਮੂੰਹ ਵੱਲ ਵੇਖਦੀ ਰਹੀ ਸੀ।

''ਕੀਹਦੀਆਂ ਗੱਲਾਂ ਕਰਦੇ ਸੀ ਮਾਸੀ ਤੁਸੀ ਰਾਤ?'' ਅਗਲੇ ਦਿਨ ਰਾਣੀ ਨੇ ਪਰਮਜੀਤ ਨੂੰ ਸੁਭਾਵਿਕ ਹੀ ਪੁੱਛ ਲਿਆ ਸੀ।

''ਆਹ ਆਪਣੇ ਸਾਹਮਣੇ ਘਰ ਆਲਿਆਂ ਦੀ ਗੱਲ ਤੀ ਭਾਈ। ਇਹਨਾਂ ਨੇ ਮੁੱਲ ਲਿਆਂਦੀ ਤੀ ਇੱਕ ਤੀਮੀਂ। ਮਗਰ ਜਵਾਕ ਤੀ ਦੋ ਤਿੰਨ ਕ ਸਾਲ ਦਾ। ਉਹ ਆਪ ਤਾਂ ਭੱਜ ਗੀ, ਮੁੰਡਾ ਉਰੇ ਛੱਡਗੀ। ਹੁਣ ਵਿਚਾਰੇ ਨੂੰ ਆਪਣੀ ਮਾਂ ਆਲਾ ਸਾਰਾ ਕੰਮ ਆਪ ਕਰਨਾ ਪੈਂਦੈ। ਪਿਓ, ਚਾਚਾ ਤਾਂ ਓਹਦੇ ਕਿਸੇ ਕਰਮ ਦੇ ਨੀ। ਜਮੀਨ ਵੇਚ ਲੈਂਦੇ ਨੇ, ਖਾ ਲੈਂਦੇ ਨੇ। ਚਾਚਾ ਤਾਂ ਬਾਹਰ ਅੰਦਰ ਤੁਰਿਆ ਫਿਰਦੈ। ਪਿਓ ਊਂ ਨੀ ਸ਼ਰਾਬ ਨਾਲ ਅੱਖ ਖੋਲ੍ਹਦਾ। ਵਿਚਾਰਾ ਦਸ-ਗਿਆਰਾਂ ਸਾਲ ਦਾ ਤੀ ਜਦੋਂ ਤੋਂ ਇਨ੍ਹਾਂ ਨੂੰ ਰੋਟੀਆਂ ਲਾਹ ਲਾਹ ਖਵਾਉਣ ਲੱਗਿਐ....।'' ਪਰਮਜੀਤ ਨੇ ਰਾਣੀ ਨੂੰ ਸਿੱਦੂ ਕਾ ਸਾਰਾ ਗ੍ਰੰਥ ਖੋਲ੍ਹ ਕੇ ਸੁਣਾ ਦਿੱਤਾ। ਰਾਣੀ ਨੇ ਮਾਸੀ ਦੀਆਂ ਗੱਲਾਂ ਸੁਣ ਕੇ ਰਾਜੂ ਲਈ ਹਮਦਰਦੀ ਦਾ ਹਾਉਕਾ ਲਿਆ। ਸ਼ਾਮ ਨੂੰ ਜਦ ਉਹ ਚੁਬਾਰੇ ਚੜ੍ਹੀ ਤਾਂ ਉਸਨੇ ਚੁਬਾਰੇ ਦੀ ਖਿੜਕੀ ਰਾਹੀਂ ਸਭ

ਕੁਝ ਆਪਣੇ ਅੱਖੀਂ ਵੇਖ ਲਿਆ। ਰਾਜੂ ਇਕੱਲਾ ਬਨੈਣ-ਕੱਛਾ ਪਾਈਂ ਧੂੰਏਂ ਨਾਲ ਧੁਖੜਦਾ ਰੋਟੀਆਂ ਪਕਾ ਰਿਹਾ ਸੀ। ਉਹ ਚੁਬਾਰੇ ਦੀ ਖਿੜਕੀ ਵਿੱਚ ਖੜ੍ਹੀ ਕਿੰਨਾ ਚਿਰ ਰਾਜੂ ਨੂੰ ਕੰਮ ਕਰਦਿਆਂ ਵੇਖਦੀ ਰਹੀ। ਰਾਣੀ ਦੇ ਦਿਲ ਦੇ ਕਿਸੇ ਕੋਨੇ ਵਿੱਚ ਰਾਜੂ ਲਈ ਤਰਸ ਅਤੇ ਪਿਆਰ ਨੇ ਸਿਰ ਚੁੱਕ ਲਿਆ ਸੀ। ਹੁਣ ਉਹ ਰੋਜ਼ ਰਾਜੂ ਨੂੰ ਕੰਮ ਕਰਦਿਆਂ, ਨਹਾਉਂਦਿਆਂ ਵੇਖਦੀ ਰਹਿੰਦੀ। ਉਸ ਦਾ ਦਿਲ ਕਰਦਾ ਉਹ ਉਸਦੇ ਹੱਥੋਂ ਆਟੇ ਵਾਲੀ ਪਰਾਤ ਖੋਹ ਲਏ ਤੇ ਉਸ ਨੂੰ ਪਤਲੀਆਂ ਪਤਲੀਆਂ ਰੋਟੀਆਂ ਆਪਣੇ ਹੱਥੀਂ ਲਾਹ ਕੇ ਖਵਾਵੇ।

ਇੱਕ ਦਿਨ ਚੁਬਾਰੇ ਦੀ ਖਿੜਕੀ ਵਿੱਚ ਖੜ੍ਹੀ ਰਾਣੀ ਵੱਲ, ਵਿਹੜੇ ਵਿੱਚ ਨਹਾਉਂਦਿਆਂ ਰਾਜੂ ਦੀ ਨਿਗ੍ਹਾ ਪੈ ਗਈ। ਆਪਣੇ ਵੱਲ ਇਸ ਤਰ੍ਹਾਂ ਰੀਝ ਲਾਈਂ ਵੇਖ ਰਹੀ ਬਿਗਾਨੀ ਕੁੜੀ ਨੂੰ ਵੇਖਦਿਆਂ ਉਹ ਭਮੱਤਰ ਗਿਆ। ਉਸਨੂੰ ਸਮਝ ਨਾ ਆਵੇ ਕਿ ਉਹ ਸੰਗ ਜਿਹੀ ਮੰਨਦਾ ਅੰਦਰ ਜਾ ਵੜੇ ਜਾਂ ਨਹਾਉਂਦਾ ਰਹੇ। ਫਿਰ ਉਹ ਸਾਰੀ ਬਾਲਟੀ ਹੀ ਆਪਣੇ ਪਿੰਡੇ 'ਤੇ ਉਲਟਾ ਕੇ ਅੰਦਰ ਜਾ ਵੜਿਆ। ਪਰਨੇ ਨਾਲ ਸਰੀਰ ਪੂੰਝਿਆ। ਜਦ ਉਹ ਕੱਪੜੇ ਪਾ ਕੇ ਬਾਹਰ ਆਇਆ, ਰਾਣੀ ਓਵੇਂ ਖਿੜਕੀ ਵਿੱਚ ਖੜ੍ਹੀ ਹਾਸੇ ਦੀਆਂ ਮਹਿਕਾਂ ਖਿਲਾਰ ਰਹੀ ਸੀ। ਉਸਦੇ ਗੁਲਾਬੀ ਬੁੱਲ੍ਹਾਂ 'ਚੋਂ ਮੋਤੀਆਂ ਵਾਂਗ ਚਮਕਦੇ ਦੰਦ ਰਾਜੂ ਨੂੰ ਯਾਰੀ ਦੀ ਰਮਜ਼ ਸਮਝਾ ਰਹੇ ਸਨ। ਰਾਜੂ ਡੌਰ-ਭੌਰ ਹੋਇਆ ਵਿਹੜੇ ਵਿੱਚ ਖੋ ਖੋ ਦੇ ਪੋਲ ਵਾਂਗ ਗੱਡਿਆ ਖੜ੍ਹਾ, ਇਸ ਸਭ ਨੂੰ ਮਿੱਠੇ ਸੁਪਨੇ ਵਾਂਗ ਵੇਖ ਰਿਹਾ ਸੀ। ਰਾਣੀ ਨੇ ਹੱਥ ਹਿਲਾ ਕੇ ਖਿੜਕੀ ਬੰਦ ਕਰ ਦਿੱਤੀ। ਜਦ ਕੁੜੀ ਅੱਖਾਂ ਤੋਂ ਓਹਲੇ ਹੋ ਗਈ ਰਾਜੂ ਆਪਣੇ-ਆਪ ਵਿੱਚ ਆਇਆ। ਉਸਨੂੰ ਜਾਪਿਆ ਜਿਵੇਂ ਉਹ ਹੁਣੇ-ਹੁਣੇ ਕੋਈ ਹੁਸੀਨ ਸੁਪਨਾ ਵੇਖ ਕੇ ਹਟਿਆ ਹੋਵੇ। ਫਿਰ ਉਸਨੂੰ ਇਹ ਸੁਪਨਾ ਸੱਚ ਵਿੱਚ ਤਬਦੀਲ ਹੁੰਦਾ ਲੱਗਿਆ ਜਦ ਕੁੜੀ ਹਰ ਰੋਜ਼ ਚੁਬਾਰੇ ਦੀ ਖਿੜਕੀ ਵਿੱਚ ਖੜ੍ਹੀ ਹਾਸੇ ਦੀਆਂ ਛਹਿਬਰਾਂ ਲਾ ਦਿੰਦੀ। ਹੁਣ ਤਾਂ ਰਾਜੂ ਵੀ ਕੁੜੀ ਨਾਲ ਅੱਖਾਂ ਦੀ ਭਾਸ਼ਾ ਬੋਲਣ ਲੱਗ ਪਿਆ ਸੀ।

-0-0-

ਅੱਜ ਕਾਂ-ਅੱਖ ਨਿਕਲੀ ਸੀ। ਸਿਖਰ ਦੁਪਹਿਰ ਦਾ ਇੱਕ ਵੱਜਿਆ। ਆਲਾ-ਦੁਆਲਾ ਭੱਠੀ ਵਾਂਗ ਤਪਿਆ ਪਿਆ ਸੀ। ਲੋਕ ਪੱਖਿਆਂ ਦੀ ਤੱਤੀ ਹਵਾ ਥੱਲੇ ਮੰਜਿਆਂ 'ਚ ਪਏ ਪਾਸੇ ਪਰਤ ਰਹੇ ਸਨ। ਰਾਣੀ ਚੁਬਾਰੇ ਚੜ੍ਹੀ। ਸਾਹਮਣੇ ਬਰਾਂਡੇ 'ਚ ਰਾਜੂ ਰੋਟੀਆਂ ਉੱਤੇ ਅਚਾਰ ਰੱਖੀਂ ਖਾ ਰਿਹਾ ਸੀ। ਕੋਲ ਪਲੰਘਘੜੀ 'ਤੇ ਰੋਡੀ ਸੁੱਤੀ ਪਈ ਸੀ। ਰਾਣੀ ਨੇ ਰਾਜੂ ਦਾ ਧਿਆਨ ਖਿੱਚਣ ਲਈ ਪੋਲੀ ਜਿਹੀ ਤਾੜੀ ਮਾਰੀ ਪਰ ਏਨੀ ਕੁ ਅਵਾਜ਼ ਰਾਜੂ ਦਾ ਧਿਆਨ ਨਾ ਉਖੇੜ ਸਕੀ। ਫੇਰ ਉਸਨੇ ਕੋਠੇ ਤੋਂ ਰੋੜੀ ਚੁੱਕ ਕੇ ਰਾਜੂ ਵੱਲ ਵਗਾਹ ਦਿੱਤੀ। ਰਾਜੂ ਨੇ ਉਪਰ ਤੱਕਿਆ, ਕੋਠੇ 'ਤੇ ਖੜ੍ਹੀ ਰਾਣੀ ਫੁੱਲਾਂ ਵਾਂਗ ਖਿੜੀ ਹੱਸ ਰਹੀ ਸੀ। ਸਿਖਰ ਦੁਪਹਿਰੇ ਰਾਣੀ ਦਾ ਹੋਸ਼ ਗਵਾਉਂਦਾ ਹੁਸਨ ਵੇਖ ਕੇ ਰਾਜੂ ਦਾ ਦਿਲ ਠੰਡਾ-ਠਾਰ ਹੋ ਗਿਆ। ਅੰਦਰਲੀ ਖੁਸ਼ੀ ਉਸਦੀਆਂ ਅੱਖਾਂ ਵਿੱਚੋਂ ਹੱਸ ਪਈ। ਰਾਜੂ ਰੋਟੀ ਛੱਡ ਕੇ ਰਾਣੀ ਵੱਲ ਅੱਖਾਂ ਗੱਡ ਕੇ ਖਲੋ ਗਿਆ ਜਿਵੇਂ ਉਹ ਕੋਈ ਜਾਦੂ ਦੀ ਪਰੀ ਹੋਵੇ ਤੇ ਉਸਦੇ ਨਜ਼ਰਾਂ ਹਟਾਉਂਦਿਆਂ ਕਿਧਰੇ ਗੁਆਚ ਨਾ ਜਾਵੇ।

ਰਾਣੀ ਨੇ ਕਪਾਹ ਦੀ ਛਟੀ ਵਾਂਗ ਦੂਹਰੀ ਜਿਹੀ ਹੋ ਕੇ ਛਾਤੀ 'ਤੇ ਹੱਥ ਰੱਖਿਆ ਤੇ ਦੋਵੇਂ ਹੱਥ ਰੋਟੀਆਂ ਪਕਾਉਣ ਵਾਲਿਆਂ ਵਾਂਗ ਇੱਕ-ਦੂਜੇ 'ਤੇ ਮਾਰੇ ਫਿਰ ਬੁਰਕੀ ਪਾਉਣ ਵਾਂਗ ਇੱਕ ਹੱਥ ਮੂੰਹ ਨੂੰ ਲਾ ਕੇ ਰਾਜੂ ਨੂੰ ਰੋਟੀਆਂ ਆਪ ਪਕਾ ਕੇ ਖਵਾਉਣ ਦਾ ਇਸ਼ਾਰਾ ਕਰ ਦਿੱਤਾ। ਰਾਜੂ ਨੇ ਬੁੱਲ੍ਹਾਂ 'ਚ ਮਿੰਨਾ ਜਿਹਾ ਮੁਸਕਰਾਉਂਦਿਆਂ ਹੌਸਲਾ ਕਰਕੇ ਰਾਣੀ ਨੂੰ ਹੱਥ ਮਾਰ ਲਿਆ। ਉਹ ਠਹਿਰ ਜਾਣ ਲਈ ਹੱਥ ਖੜ੍ਹਾ ਕਰਕੇ ਹੇਠਾਂ ਉਤਰ ਆਈ।

ਬਰਾਂਡੇ ਵਿੱਚ ਉਸਦੀ ਮਾਸੀ ਸਾਲ ਕੁ ਦੇ ਲਾਡੀ ਨੂੰ ਨਾਲ ਪਾਈਂ ਸੁੱਤੀ ਪਈ ਸੀ। ਉਹ ਕੁਝ ਦੇਰ ਮਾਸੀ ਤੋਂ ਪਰ੍ਹਾਂ ਖੜ੍ਹੀ ਹਾਲਾਤ ਤਾੜਦੀ ਰਹੀ ਫਿਰ ਬਿੱਲੀ ਵਾਂਗ ਪੋਲੇ ਪੋਲੇ ਪੈਰ ਟਿਕਾਉਂਦੀ ਬਾਰ ਵਿੱਚ ਆ ਗਈ। ਬੀਹੀ ਦੇ ਦੋਵੇਂ ਪਾਸੇ ਪੜਤਾਲੀਆ ਨਜ਼ਰ ਮਾਰੀ। ਸੇਕ ਮਾਰਦੀਆਂ ਬੀਹੀਆਂ ਵਿੱਚ ਸੁੰਨ-ਸਰਾਂ ਸੀ। ਸਾਹਮਣੇ ਰਾਜੂ ਦਾ ਘਰ ਰਾਣੀ ਨੂੰ ਅਵਾਜ਼ਾਂ ਮਾਰਦਾ ਸੀ। ਉਹ ਇਸ਼ਕ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸੋਹਣੀ ਦੇ ਝਨਾਂ ਪਾਰ ਕਰਨ ਵਾਂਗ, ਸੇਕ ਮਾਰਦੀ ਗਲੀ ਚੀਰ ਕੇ ਰਾਜੂ ਦੇ ਘਰ ਜਾ ਵੜੀ।

''ਚਲ ਪਕਾ ਕੇ ਦੇਮਾਂ ਤਾਜ਼ੀਆਂ।'' ਰਾਣੀ ਰਾਜੂ ਦੇ ਅੱਗੇ ਜਾ ਖੜ੍ਹੀ।

''ਮੈਂ...ਮੈਂ...ਤੂੰ...ਤੂੰ...!'' ਰਾਜੂ ਰਾਣੀ ਨੂੰ ਵੇਖ ਕੇ ਪਾਗ਼ਲ ਦੇ ਝਾਟੇ ਵਾਂਗ ਉਲਝ ਗਿਆ। ਉਸਨੂੰ ਕੁਝ ਨਾ ਸੁੱਝੀ ਕਿ ਉਹ ਰਾਣੀ ਨੂੰ ਕੀ ਕਹੇ? ਕੀ ਕਰੇ?

''ਕਿਵੇਂ ਬੱਕਰੀ ਵਾਂਗੂੰ 'ਮੈਂ ਮੈਂ' ਕਰੀ ਜਾਨੈ, ਕੁਛ ਬੋਲ ਵੀ।'' ਕਿਸੇ ਸਾਧ ਦਾ ਸ਼ਰੀਫ਼ ਚੇਲਾ ਬਣੇ ਰਾਜੂ ਉੱਤੇ ਰਾਣੀ ਨੂੰ ਹਾਸਾ ਆ ਗਿਆ।

''ਇਧਰ ਆਜਾ ਕੋਈ ਦੇਖਲੂ ਉਰੇ।'' ਰਾਜੂ ਜੱਗੇ ਕੇ ਚੁਬਾਰੇ ਵੱਲ ਵੇਖਦਾ ਰਾਣੀ ਨੂੰ ਬਾਂਹੋਂ ਫੜਕੇ ਸਬਾਤ ਵਿੱਚ ਲੈ ਗਿਆ। ''ਐਂ ਕਿਉਂ ਆਈ ਐਂ ਜੇ ਕਿਸੇ ਨੂੰ ਪਤਾ ਲੱਗ ਗਿਆ।'' ਰਾਜੂ ਅਜੇ ਵੀ ਡਰ ਅਤੇ ਹੈਰਾਨੀ ਵਿੱਚ ਉਲਝਿਆ ਖੜ੍ਹਾ ਸੀ।

''ਤੈਂ ਤਾਂ ਬੁਲਾਇਐ ਹੱਥ ਮਾਰ ਕੇ।''

ਪਹਿਲਾਂ ਤਾਂ ਰਾਜੂ ਨੇ ਰਾਣੀ ਦੇ ਬੋਲ ਸੁਣ ਕੇ ਆਲੇ 'ਚ ਫਸੀ ਬਿੱਲੀ ਵਾਂਗ ਫਸਿਆ ਮਹਿਸੂਸ ਕੀਤਾ ਤੇ ਫਿਰ ਆਪਣੀ ਗੱਲ 'ਤੇ ਖੜ੍ਹਦਿਆਂ ਬੋਲਿਆ, ''ਤੇਰਾ ਨਾਂ ਰਾਣੀ ਈ ਐ ਨਾ?''

''ਹਾਂ। ਮੈਨੂੰ ਤੇਰਾ ਤਾਂ ਪਤੈ, ਰਾਜੂ!'' ਰਾਣੀ ਨੇ ਬੁੱਲ੍ਹਾਂ 'ਤੇ ਪਿਆਰ ਮੁਸਕਾਨ ਲਿਆਉਂਦਿਆਂ ਰਾਜੂ ਵੱਲ ਵਿਸ਼ਵਾਸ ਦੀ ਉਂਗਲ ਸੇਧ ਲਈ।

''ਕਿੰਨੇ ਦਿਨ ਰਹੇਂਗੀ?''

''ਦੋ ਸਾਲ। ਗਿਆਰਵੀਂ ਤੇ ਬਾਰਵੀਂ ਕਰੂੰਗੀ।''

''ਤੇਰੇ ਪਿੰਡ ਨੀ ਤੀ ਕੋਈ ਸਕੂਲ?''

''ਕਿਉਂ, ਮੇਰੇ ਉਰੇ ਆਉਣ ਨਾਲ ਕੀ ਤੇਰੇ ਮਿਰਚਾਂ ਲੜ ਗਈਆਂ।''

ਰਾਣੀ ਦੇ ਕੀਤੇ ਉਲਟੇ ਸਵਾਲ ਨੇ ਰਾਜੂ ਨੂੰ ਸ਼ਰਮਸਾਰ ਜਿਹਾ ਕਰ ਦਿੱਤਾ। ਉਸਨੇ ਮੰਜੇ 'ਤੇ ਬੈਠੀ ਰਾਣੀ ਨੂੰ ਗਲਵਕੜੀ ਵਿੱਚ ਭਰ ਲਿਆ, ''ਮੈਂ ਤਾਂ ਉਈਂ ਪੁੱਛਿਆ ਤੀ ਸੋਹਣਿਓ। ਮੈਂ ਤਾਂ ਚਾਹੁਣਾ ਤੂੰ ਹਮੇਸ਼ਾ ਮੇਰੇ ਕੋਲ ਰਹੇਂ। ਇਥੇ ਵਸਦੀ ਰਹੇਂ।'' ਰਾਜੂ ਨੇ ਰਾਣੀ ਦਾ ਹੱਥ ਫੜਕੇ ਆਪਣੇ ਧੜਕਦੇ ਦਿਲ 'ਤੇ ਰੱਖ ਲਿਆ।

''ਮੈਂ ਨੀ ਜਾਣਾ ਇਥੋਂ! ਮੈਂ ਤਾਂ ਉਰੀ ਰਹੂੰ, ਤੇਰੇ ਕੋਲ।'' ਰਾਣੀ ਨੇ ਅੱਲ੍ਹੜ ਨਖ਼ਰੇ ਨਾਲ ਬਰਾਬਰ ਬੈਠੇ ਰਾਜੂ ਦੇ ਗੋਡਿਆਂ ਵਿੱਚ ਆਪਣਾ ਸਿਰ ਟਿਕਾ ਲਿਆ। ਰਾਜੂ ਨੇ ਉਸਦੇ ਵਾਲਾਂ ਵਿੱਚ ਪਿਆਰ ਨਾਲ ਹੱਥ ਫੇਰਨਾ ਸ਼ੁਰੂ ਕਰ ਦਿੱਤਾ। ਰਾਜੂ ਦੇ ਹੱਥਾਂ ਦੀ ਸਪਰਸ਼ ਪਾ ਕੇ ਰਾਣੀ ਭੰਗ ਦੇ ਨਸ਼ਈ ਵਾਂਗ ਲੋਰ ਵਿੱਚ ਆ ਗਈ।

''ਹਾਏ ਓਏ ਰੱਬਾ! ਜੇ ਏਸੇ ਤਰ੍ਹਾਂ ਸੰਭਵ ਹੋ ਸਕਦਾ ਮੈਂ ਤਾਂ ਤੈਨੂੰ ਹੁਣ ਇਥੇ ਹੀ ਰੱਖ ਲੈਂਦਾ। ਮਹੀਂਵਾਲ ਵਾਂਗ ਪੱਟ ਚੀਰ ਕੇ ਖਵਾ ਦਿੰਦਾ। ਤੇਰੇ ਸਾਥ ਦੀ ਖ਼ਾਤਰ ਰਾਂਝੇ ਵਾਂਗ ਬਾਰਾਂ ਸਾਲ ਮੱਝੀਆਂ ਵੀ ਚਰਾ ਲੈਂਦਾ। ਮੇਰਾ ਕਿਤੇ ਆਪਣਾ ਘਰ ਹੁੰਦਾ, ਤੈਨੂੰ ਮਿਰਜ਼ੇ ਵਾਂਗ ਕੱਢ ਕੇ ਲੈ ਜਾਂਦਾ। ਮੇਰੀਆਂ ਤਾਂ ਆਪਣੀਆਂ ਜੜ੍ਹਾਂ ਵੀ ਕਿਤੇ ਨਹੀਂ। ਨਫ਼ਰਤ ਦੀ ਹਨ੍ਹੇਰੀ ਵਿੱਚ ਤੈਨੂੰ ਨਾਲ ਲਈ ਕਿਵੇਂ ਖਲੋ ਸਕਾਂਗਾ। ਤੈਨੂੰ ਖ਼ਤਰੇ ਸਹੇੜਨ ਤੋਂ ਬਿਨਾਂ ਹੋਰ ਕੀ ਕਰ ਸਕਦਾ ਹਾਂ ਮੈਂ! ਨਾਲੇ ਇੱਕ ਭਈਆ ਕੀ ਕਰ ਸਕਦੈ?'' ਉਹ ਆਪਣੇ ਅੰਦਰ ਨਾਲ ਗੱਲਾਂ ਕਰਦਾ ਡੂੰਘਾ ਉਤਰ ਗਿਆ।

''ਕਿੱਥੇ ਖੋਹ ਗਏ ਜੀ?'' ਰਾਣੀ ਦੇ ਬੋਲਾਂ ਨੇ ਸੋਚਾਂ 'ਚ ਭਟਕਦੇ ਰਾਜੂ ਦਾ ਧਿਆਨ ਮੋੜ ਲਿਆ।

''ਹੈਂ! ਕੁਛ ਨੀ। ਬੱਸ ਊਈਂ!'' ਰਾਜੂ ਨੇ ਆਪਣੀ ਜ਼ਿੰਦਗੀ ਵਰਗੇ ਹੀ ਉਲਝੇ ਜਿਹੇ ਬੋਲ ਬੋਲੇ।

''ਚੰਗਾ, ਮੈਂ ਜਾਨੀ ਆਂ ਫੇਰ ਮਾਸੀ ਨਾ ਉੱਠ ਖੜ੍ਹੇ।'' ਰਾਣੀ ਉੱਠ ਕੇ ਖੜ੍ਹੀ ਹੋ ਗਈ।

''ਐਡੀ ਛੇਤੀ!'' ਰਾਜੂ ਆਪਣੇ ਦਿਲ ਵਿਚਲੇ ਦੁੱਖ-ਸੁੱਖ ਰਾਣੀ ਅੱਗੇ ਉਲੱਦ ਦੇਣਾ ਚਾਹੁੰਦਾ ਸੀ। ਅਜੇ ਤਾਂ ਉਸਨੇ ਕਿੰਨਾ ਕੁਝ ਰਾਣੀ ਨਾਲ ਸਾਂਝਾ ਕਰਨਾ ਸੀ। ਮਸਾਂ ਤਾਂ ਉਸਨੂੰ ਦੁੱਖਾਂ ਦੀ ਦਲਦਲ ਵਿੱਚ ਖੁੱਭੇ ਨੂੰ ਹੌਸਲਾ ਦੇਣ ਵਾਲਾ, ਧਰਵਾਸ ਦੇਣ ਵਾਲਾ, ਆਪਣਾ ਕਹਿਣ ਵਾਲਾ ਕੋਈ ਮਿਲਿਆ ਸੀ ਕਿ ਰਾਣੀ ਜਾਣ ਲਈ ਤਿਆਰ ਹੋਈ ਖੜ੍ਹੀ ਸੀ।

''ਚੰਗਾ ਫੇਰ ਕਦੇ ਫੇਰ ਮਿਲੀਂ ਖੁੱਲ੍ਹ ਕੇ ਗੱਲਾਂ ਕਰਾਂਗੇ।'' ਰਾਜੂ ਨੇ ਨਾ ਚਾਹੁੰਦਿਆਂ ਵੀ ਅਗਲੀ ਮਿਲਣੀ ਦੀ ਆਸ ਰੱਖਦਿਆਂ ਰਾਣੀ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ।

''ਹੁਣ ਕਦੋਂ ਮਿਲਣੈ?'' ਰਾਜੂ ਅਗਲੀ ਮਿਲਣੀ ਦੀ ਆਸ ਰੱਖਦਾ ਪੁੱਛ ਗਿਆ।

''ਜਦੋਂ ਮਰਜ਼ੀ ਬੁਲਾ ਲਈਂ, ਪੈਰ ਜੁੱਤੀ ਨੀ ਪਾਉਂਦੀ।'' ਰਾਣੀ ਨੇ ਰਾਜੂ ਦਾ ਹੱਥ ਫੜਦਿਆਂ ਵਿਸ਼ਵਾਸ ਦਿਵਾਇਆ।

''ਚੰਗਾ ਜਿਉਂਦੀ ਰਹਿ ਮੇਰੀ ਹਾਣਨੇ।'' ਰਾਜੂ ਨੇ ਰਾਣੀ ਦੇ ਦੋਵੇਂ ਹੱਥ ਫੜ ਕੇ ਚੁੰਮੇ।

ਰਾਣੀ ਸਬਾਤ ਵਿੱਚੋਂ ਨਿਕਲ ਗਈ। ਉਹ ਹਿਰਨੀ ਵਾਂਗ ਚੁੰਗੀਆਂ ਭਰਦੀ ਕਾਹਲੀ-ਕਾਹਲੀ ਗੇਟ ਤੋਂ ਬਾਹਰ ਹੋ ਗਈ। ਰਾਜੂ ਤੁਰੀ ਜਾਂਦੀ ਰਾਣੀ ਨੂੰ ਬੁੱਤ ਬਣਿਆ ਖੜ੍ਹਾ ਵੇਖਦਾ ਰਿਹਾ। ਸਦੀਆਂ ਤੋਂ ਬੰਜਰ ਧਰਤੀ ਵਰਗਾ ਦਿਲ, ਪਿਆਰ ਦੇ ਝਨਾਂ ਵਾਂਗ ਠਾਠਾਂ ਮਾਰਨ ਲੱਗ ਪਿਆ। ਉਹ ਕਿੰਨਾ ਹੀ ਚਿਰ ਖੁਸ਼ੀਆਂ ਨਾਲ ਲੱਦਿਆ ਵਿਹੜੇ ਵਿੱਚ ਖੜ੍ਹਾ ਰਿਹਾ।

## 14

ਅਜੇ ਲੋਈ ਪਾਟੀ ਨਹੀਂ ਸੀ, ਲੋਕ ਕੋਠਿਆਂ ਉਪਰ ਘੂਕ ਸੁੱਤੇ ਪਏ ਸਨ ਜਦੋਂ ਪੁਲਸ ਦਾ ਭਰਿਆ ਕੈਂਟਰ ਸਿੰਦੂ ਕੇ ਬਾਰ ਅੱਗੇ ਆ ਰੁਕਿਆ। ਸਿਪਾਹੀਆਂ ਨੇ ਫੁਰਤੀ ਨਾਲ ਉਤਰ ਕੇ ਸਿੰਦੂ ਕਾ ਸਾਰਾ ਘਰ ਘੇਰ ਲਿਆ। ਥਾਣੇਦਾਰ ਨੇ ਕੁੰਡਾ ਖੜਕਾਇਆ, ''ਬਾਰ ਖੋਲ੍ਹੋ ਓਏ।''

ਜਦੋਂ ਦੋ-ਤਿੰਨ ਬੋਲ ਵੱਜੇ, ਵਿਹੜੇ 'ਚ ਪਏ ਰਾਜੂ ਨੂੰ ਜਾਗ ਆ ਗਈ। ਉਹ ਅੱਖਾਂ ਮਲਦਾ ਬਾਰ ਕੋਲ ਆ ਗਿਆ।

''ਕੌਣ ਐ?'' ਰਾਜੂ ਨੇ ਪੁੱਛਦਿਆਂ ਬਾਰ ਦਾ ਕੁੰਡਾ ਖੋਲ੍ਹ ਦਿੱਤਾ।

''ਆਪੇ ਪਤਾ ਲੱਗਜੂ ਪ੍ਰਹੁਣਿਆਂ ਦਾ।'' ਥਾਣੇਦਾਰ, ਤਿੰਨ-ਚਾਰ ਪੁਲਸੀਆਂ ਨਾਲ ਝੋਟੇ ਵਾਂਗ ਧੁੱਸ ਦੇ ਕੇ ਅੰਦਰ ਆ ਵੜਿਆ।

''ਕ...ਕ...ਕੀ ਕੰਮ ਐ ਜੀ.....।'' ਰਾਜੂ ਦੇ ਸੰਘੋਂ ਡਰੇ ਬੋਲ ਮਸਾਂ ਨਿੱਕਲੇ। ਪੁਲਸੀਏ ਰਾਜੂ ਦੀ ਗੱਲ ਅਣਸੁਣੀ ਕਰਕੇ ਫਹਿਆਂ ਦੇ ਕੁੱਤਿਆਂ ਵਾਂਗ ਅੰਦਰ ਖੱਲ-ਖੂੰਜਿਆਂ ਵਿੱਚ ਮੁਸ਼ਕਾਂ ਲੈਣ ਲੱਗ ਪਏ। ਰਾਜੂ ਨੇ ਕੁਝ ਸੋਚਦਿਆਂ ਰੋਡੀ ਨੂੰ ਉਠਾ ਲਿਆ। ਉਹ ਅਜੇ ਰੋਡੀ ਨੂੰ ਕੁਝ ਕਹਿਣ ਹੀ ਲੱਗਾ ਸੀ ਕਿ ਥਾਣੇਦਾਰ ਕਾਲ ਵਾਂਗ ਉਸਦੇ ਸਿਰ 'ਤੇ ਆ ਖੜ੍ਹਿਆ।

''ਰੋਹੀ ਕਿੱਥੇ ਐ ਓਏ।''

''ਜੀ ਮੈਨੂੰ ਤਾਂ ਪਤਾ ਨੀ।''

''ਸਿੰਦੂ?''

''ਉਹ ਵੀ ਨੀ ਕਈ ਦਿਨਾਂ ਦਾ ਘਰੋਂ ਆਇਆ ਜੀ।''

''ਸਾਲੀ ਬੇਗ਼ੈਰਤੀ ਕੌਮ ਸਾਨੂੰ ਚਾਰਦੀ ਐ।'' ਥਾਣੇਦਾਰ ਦੇ ਥੱਪੜ ਨੇ ਡਰ ਨਾਲ ਇਕੱਠੇ ਹੋਏ ਖੜ੍ਹੇ ਰਾਜੂ ਦੇ ਪੈਰ ਉਖੇੜ ਦਿੱਤੇ। ਅਜੇ ਉਹ ਸੰਭਲਣ ਹੀ ਲੱਗਾ ਸੀ ਕਿ ਥਾਣੇਦਾਰ ਦਾ ਹਥੌੜੇ ਵਰਗਾ ਘਸੁੰਨ ਉਸਦੀ ਗਰਦਨ 'ਤੇ ਹੋਰ ਆ ਪਿਆ। ਉਹ ਗੜਿਆਂ ਦੀ ਮਾਰ 'ਚ ਆਏ ਪੰਛੀ ਵਾਂਗ ਲੜ-ਖੜਾਉਂਦਾ ਹੇਠਾਂ ਡਿੱਗ ਪਿਆ। ਰੋਡੀ ਨੇ ਰਾਜੂ ਨੂੰ ਕੁੱਟਦਿਆਂ ਵੇਖ ਕੇ ਚੀਕਾ-ਰੌਲੀ ਪਾ ਦਿੱਤੀ।

''ਤੈਨੂੰ ਪਟਮੇਲੀ ਪੈ ਗਈ?'' ਕੋਲ ਖੜ੍ਹੇ ਸਿਪਾਹੀ ਨੇ ਇੱਕ ਥੱਪੜ 'ਰੀਂ...ਰੀਂ...' ਕਰਦੀ ਰੋਡੀ ਦੇ ਜੜ ਦਿੱਤਾ। ਅੱਗ 'ਤੇ ਪਾਏ ਪੈਟਰੋਲ ਵਾਂਗ ਰੋਡੀ ਦੀਆਂ ਚੀਕਾਂ ਹੋਰ ਉੱਚੀਆਂ ਹੋ ਗਈਆਂ।

''ਆਹ ਬੇਗ਼ੈਰਤੀ ਕੌਮ ਨੂੰ ਤਾਂ ਸਿੱਟੋ ਕੈਂਟਰ 'ਚ। ਖਵਾਓ ਥਾਣੇ ਦੀਆਂ ਰੋਟੀਆਂ।'' ਥਾਣੇਦਾਰ ਨੇ ਰਾਜੂ ਨੂੰ ਗਲਮੇ ਤੋਂ ਫੜ ਕੇ ਬਾਹਰ ਨੂੰ ਘਤੀਸ ਲਿਆ।

''ਜੀ...ਮੈਂ...ਮੈਂ ਕੀ....ਕ....ਕਰੇ ਐ।'' ਰਾਜੂ ਹੱਥ ਜੋੜੀ ਡਰ ਨਾਲ ਕੰਬੀ ਜਾ ਰਿਹਾ ਸੀ।

''ਤੈਨੂੰ ਦੱਸਾਂਗੇ ਪੁੱਤ ਮੇਰਿਆ, ਕੀ ਕਰਿਐ। ਜਦੋਂ ਤੇਰੇ ਚਾੜ੍ਹਿਆ ਘੋਟਾ ਉਹ ਤਾਂ ਆਪੇ ਆ ਕੇ ਥਾਣੇ ਦਾ ਬਾਰ ਖੜਕਾਉਣਗੇ।''

ਰਾਜੂ ਨੂੰ ਲੇਲੜੀਆਂ ਕੱਢਦੇ ਨੂੰ ਕੈਂਟਰ ਵਿੱਚ ਸੁੱਟ ਲਿਆ। ਰੇਡੀ ਚੀਕਾਂ ਮਾਰਦੀ ਰਾਜੂ ਪਿੱਛੇ ਭੱਜੀ। ਕੈਂਟਰ ਤੋਰ ਲਿਆ। ਰਾਜੂ ਨੇ ਵੇਖਿਆ, ਰੇਡੀ ਅਜੇ ਵੀ ਬਾਰ 'ਚ ਖੜ੍ਹੀ ਉੱਚੀ ਉੱਚੀ ਰੋ ਰਹੀ ਸੀ। ਸਾਰੇ ਰਾਹ ਥਾਣੇਦਾਰ ਨੇ ਰਾਜੂ ਨੂੰ ਕੁਝ ਨਹੀਂ ਕਿਹਾ। ਥਾਣੇ ਅੰਦਰ ਵੜਦਿਆਂ ਥਾਣੇਦਾਰ ਨੇ ਬਿਨਾਂ ਕੁਝ ਪੁੱਛਿਆਂ ਹੀ ਉਸਦਾ ਲੱਤਾਂ-ਮੁੱਕੀਆਂ ਨਾਲ ਲਤੜਾ ਪਾ ਦਿੱਤਾ। ਜਿੱਥੇ ਵੀ ਠੇਡਾ ਵੱਜਦਾ ਰਾਜੂ ਉੱਥੇ ਹੀ ਹੱਥ ਰੱਖ ਕੇ ਲੇਰ ਮਾਰਦਾ, ਦਰਦ ਨਾਲ ਸੁੰਡੀ ਵਾਂਗ 'ਕੱਠਾ ਹੋ ਜਾਂਦਾ। ਜਦੋਂ ਥਾਣੇਦਾਰ ਹਫੋਂ ਟੁੱਟ ਗਿਆ ਫਿਰ ਉਸਨੇ ਦੋ ਸਿਪਾਹੀਆਂ ਨੂੰ ਹੁਕਮ ਚਾੜ੍ਹ ਦਿੱਤਾ, ''ਐਂ ਕਰੋ ਓਏ! ਮੇਰੇ ਆਉਂਦੇ ਤੱਕ ਇਹਦੇ ਪਟਾ ਚਾੜ੍ਹੀ ਰੱਖੋ। ਆ ਕੇ ਈ ਗੱਲ ਕਰੂੰ ਇਹਦੇ ਨਾਲ।''

ਥਾਣੇਦਾਰ ਨੇ ਜਾ ਕੇ ਚਾਹ ਦੀ ਥਾਂ ਬੋਤਲ ਖੋਲ੍ਹ ਲਈ। ਤਿੰਨ ਸਿਪਾਹੀ ਰਾਜੂ ਨੂੰ ਲੱਤਾਂ-ਬਾਹਾਂ ਤੋਂ ਫੜ ਕੇ ਮਰੇ ਕੁੱਤੇ ਵਾਂਗ ਘੜੀਸਦੇ ਇੱਕ ਪਾਸੇ ਲੈ ਗਏ। ਰਾਜੂ ਦੇ ਸਾਰੇ ਕੱਪੜੇ ਲਾਹ ਕੇ ਹੇਠਾਂ ਪਾ ਲਿਆ। ਦੋ ਸਿਪਾਹੀਆਂ ਨੇ ਉਸਨੂੰ ਲੱਤਾਂ-ਬਾਹਾਂ ਤੋਂ ਦੱਬ ਲਿਆ। ਇੱਕ ਨੇ ਉਸਦੇ ਨੰਗੇ ਪਿੰਡੇ 'ਤੇ ਪਟੇ ਵਰਾਉਣੇ ਸ਼ੁਰੂ ਕਰ ਦਿੱਤੇ। ਪਹਿਲਾਂ ਪਹਿਲਾਂ ਤਾਂ ਉਹ ਚੀਕਾਂ ਮਾਰਦਾ ਰਿਹਾ ਜਦ ਪਟੇ ਨੇ ਵੱਜ ਵੱਜ ਕੇ ਪਿੰਡਾ ਸੁੰਨਾ ਕਰ ਦਿੱਤਾ ਫਿਰ ਉਹ ਨਿਢਾਲ ਹੋ ਕੇ ਥਾਣੇਦਾਰ ਦੇ ਆਉਣ ਤੱਕ ਦੰਦਾਂ 'ਚ ਜੀਭ ਦੱਬੀਂ ਪਿਆ ਰਿਹਾ। ਥਾਣੇਦਾਰ ਦਾ ਇਸ਼ਾਰਾ ਪਾ ਕੇ ਸਿਪਾਹੀ ਫਿਰ ਉਸਨੂੰ ਹਵਾਲਾਤ ਵਿੱਚ ਲੈ ਗਏ।

''ਦੱਸ ਨੀ ਮਾੜੀ ਕੌਮੇਂ, ਕਿੱਥੇ ਨੇ ਥੋੜੇ ਉਹ ਦੋਏਂ ਸਾਨ੍ਹ।'' ਥਾਣੇਦਾਰ ਦੀਆਂ ਲਾਲ ਅੱਖਾਂ 'ਚੋਂ ਸ਼ਰਾਬ ਬੋਲ ਰਹੀ ਸੀ।

''ਜੀ ਮੈਨੂੰ ਤਾਂ ਪਤਾ ਨੀ।''

''ਪਤਾ ਤਾਂ ਅਸੀਂ ਹੁਣ ਕਰਲਾਂਗੇ ਦੋ ਮਿੰਟਾਂ 'ਚ। ਐਂ ਕਰੋ ਓਏ, ਪਾੜੋ ਇਹਨੂੰ ਵਿਚਾਲੋਂ। ਸਾਲਿਆ ਜੇ ਵਿਚਾਲੋਂ ਪਾੜਕੇ ਅੱਧਾ ਪੰਜਾਬ ਤੇ ਅੱਧਾ ਤੈਨੂੰ ਯੂ. ਪੀ., ਬਿਹਾਰ ਨਾ ਭੇਜਿਆ ਤਾਂ ਮੈਨੂੰ ਬੱਗਤ ਨਾ ਕਹੀਂ।''

ਥਾਣੇਦਾਰ ਦੀ ਧਮਕੀ ਨਾਲ ਰਾਜੂ ਪੈਰਾਂ ਤੋਂ ਲੈ ਕੇ ਸਿਰ ਤੱਕ ਕੰਬ ਗਿਆ। ਪਰ ਉਹ ਦੱਸਦਾ ਕੀ? ਉਸਨੂੰ ਤਾਂ ਸੱਚ-ਮੁੱਚ ਹੀ ਪਤਾ ਨਹੀਂ ਸੀ ਕਿ ਸਿੰਦੂ ਤੇ ਰੋਹੀ ਕਿੱਧਰ ਗਏ ਨੇ। ਨਾ ਹੀ ਉਸਨੇ ਕਦੇ ਉਨ੍ਹਾਂ ਨੂੰ ਪੁੱਛਣ ਦੀ ਜ਼ਰੂਰਤ ਸਮਝੀ ਸੀ। ਦੋਵੇਂ ਸਿਪਾਹੀਆਂ ਨੇ ਰਾਜੂ ਨੂੰ ਲੱਤਾਂ ਤੋਂ ਫੜਕੇ ਖਿੱਚਣਾ ਸ਼ੁਰੂ ਕਰ ਦਿੱਤਾ। ਉਹ ਦਰਦ ਨਾਲ ਲੇਰਾਂ ਮਾਰਨ ਲੱਗ ਪਿਆ। ਉਸਨੂੰ ਮਹਿਸੂਸ ਹੋਇਆ ਜਿਵੇਂ ਉਹ ਸੱਚ-ਮੁੱਚ ਹੀ ਵਿਚਕਾਰੋਂ ਪਾੜ ਦਿੱਤਾ ਹੋਵੇ। ਲੱਤਾਂ ਵਿਚਕਾਰੋਂ ਉੱਠਿਆ ਦਰਦ ਉਸਦੀਆਂ ਚੀਕਾਂ ਵਿੱਚੋਂ ਬੋਲ ਪਿਆ।

''ਹਾਏ....ਮਾਂ.....! ਮੈਨੂੰ ਨੀ ਕੁਛ ਪਤਾ ਜੀ......!''

''ਦੱਸਦੇ ਨਹੀਂ ਵਿਚਾਲੋਂ ਥੱਲੇ ਲਾਦੂੰ...!'' ਥਾਣੇਦਾਰ ਨੇ ਉਪਰੋਂ ਝੂਟਾ ਮਾਰਿਆ। ਦਰਦ ਦੇ ਵਰੋਲੇ ਨੇ ਮੂੰਹੋਂ ਦੇ ਤੇਲੀ ਪਾ ਦਿੱਤੀ। ਉਹ ਗੁੰਮ ਹੋ ਕੇ ਗਰਦਨ ਮੋੜ ਗਿਆ।

''ਭੈਣ...ਚੋ......ਸਾਲੇ ਭਈਆਂ ਨੇ ਪੰਜਾਬ ਦਾ ਸੱਤਿਆ-ਨਾਸ ਕਰ ਛੱਡਿਐ। ਸਾਲੀ ਗੰਦੀ ਕੌਮ!'' ਥਾਣੇਦਾਰ ਨੇ ਨਫ਼ਰਤ ਵਿੱਚ ਨੱਕ ਚੜ੍ਹਾਉਂਦਿਆਂ ਲੋਥ ਬਣੇ ਪਏ ਰਾਜੂ ਦੇ ਠੁੱਡਾ ਮਾਰਿਆ, ''ਜਦੋਂ ਹੋਸ਼ ਆਈ ਇਹਨੂੰ ਪੁੱਛ ਲਿਓ ਗੰਦੇ ਬੀਅ ਨੂੰ।'' ਉਹ ਕਸੈਲਾ ਜਿਹਾ ਥੁੱਕ ਥੁੱਕਦਾ ਚਲਾ ਗਿਆ।

ਸਿਪਾਹੀਆਂ ਨੇ ਸੁੱਖ ਦਾ ਸਾਹ ਲਿਆ। ਉਹ ਰਾਜੂ ਨੂੰ ਓਵੇਂ ਪਏ ਨੂੰ ਛੱਡ ਕੇ ਤੁਰ ਗਏ। ਹਵਾਲਾਤ ਅੱਗੇ ਕਿਸੇ ਭਲੇ ਜਿਹੇ ਬੰਦੇ ਦੀ ਡਿਊਟੀ ਆ ਗਈ। ਜਦੋਂ ਰਾਜੂ ਨੂੰ ਹੋਸ਼ ਆਈ ਸੂਰਜ ਉੱਚਾ ਉੱਠ ਖੜ੍ਹਿਆ ਸੀ। ਹੋਸ਼ ਆਉਂਦਿਆਂ ਹੀ ਉਸਦੀਆਂ ਲੱਤਾਂ ਵਿਚਕਾਰ ਦਰਦ ਦੇ ਵਰੋਲੇ ਉੱਠੇ, ਉਹ ਗੰਢ ਵਾਂਗ 'ਕੱਠਾ ਹੋ ਗਿਆ। ਬਾਹਰ ਡਿਊਟੀ ਦਿੰਦੇ ਸੰਤਰੀ ਨੇ ਹਮਦਰਦੀ ਨਾਲ ਰਾਜੂ ਵੱਲ ਵੇਖਿਆ ਤੇ ਫਿਰ ਆਲੇ-ਦੁਆਲੇ ਵੇਖਦਾ ਉਸਦੇ ਨੇੜੇ ਹੋ ਗਿਆ, ''ਬਾਈ ਦੱਸਦੇ ਜੇ ਕੁਛ ਪਤੈ। ਕਾਹਨੂੰ ਆਪਣੀ ਜਾਨ ਗਵਾਉਣੈ।''

''ਜੇ ਮੈਨੂੰ ਕੁਛ ਪਤਾ ਹੁੰਦਾ ਮੈਂ ਤਾਂ ਕਦੋਂ ਦਾ ਦੱਸ ਦਿੰਦਾ ਜੀ। ਸੌਂਹ ਲੱਗੇ ਮੈਨੂੰ ਕੁਛ ਨੀ ਪਤਾ।'' ਰਾਜੂ ਦਾ ਮਨ ਉੱਛਲ ਗਿਆ। ਉਹ ਅੱਖਾਂ ਪੂੰਝਦਾ ਡੁਸਕਣ ਲੱਗ ਪਿਆ। ਦੁੱਖਾਂ 'ਚ ਘਿਰੇ ਰਾਜੂ ਨੂੰ ਆਪਣੀ ਮਾਂ ਦੇਵਕੀ ਯਾਦ ਆ ਗਈ। ਦੂਹਰੇ ਦਰਦ ਵਿੱਚ ਉਸਦੇ ਹਟਕੋਰੇ ਉੱਚੇ ਹੋ ਗਏ।

''ਤੇਰੇ ਮਗਰ ਨੀ ਆਇਆ ਕੋਈ?'' ਸਿਪਾਹੀ ਨੂੰ ਉਸ ਨਾਲ ਹਮਦਰਦੀ ਜਾਗ ਪਈ।

''ਜੜ੍ਹੋਂ ਖੁਣੇ ਦੇ ਮਗਰ ਕੌਣ ਆਉਂਦੈ ਜੀ! ਮੇਰਾ ਤਾਂ ਇਥੇ ਕੋਈ ਨੀ ਹੈ।''

''ਕਿਸੇ ਨੂੰ ਬੁਲਾ ਲੈਂਦਾ ਚੰਗਾ ਰਹਿੰਦਾ।'' ਸਿਪਾਹੀ ਉਸਦੇ ਨੇੜੇ ਹੋ ਕੇ ਦਬਵੀਂ ਅਵਾਜ਼ ਵਿੱਚ ਅੱਗੇ ਬੋਲਿਆ, '' ਅੱਗੇ ਤਾਂ ਕਿਸੇ ਨੂੰ ਦੱਸੀਂ ਨਾ। ਇਹ ਥਾਣੇਦਾਰ ਤਾਂ ਪੂਰਾ ਕਸਾਈ ਐ, ਕਸਾਈ। ਇਹਦੀ ਕੁੜੀ ਭਈਏ ਨਾਲ ਨਿੱਕਲ ਗਈ ਸੀ। ਓਦੋਂ ਦਾ ਇਹਨੂੰ ਹਰੇਕ ਭਈਏ 'ਚੋਂ ਆਪਣਾ ਜਮਾਈ ਈ ਦਿਸਦੈ। ਰਾਹ ਜਾਂਦੇ ਹਰੇਕ ਨੂੰ ਢਾਹ ਲੈਂਦੈ। ਜੇ ਇਹ ਤੋਂ ਬਚਿਆ ਜਾਂਦੈ ਬਚਲੈ ਮਿੱਤਰਾ। ਬਾਕੀ ਵਾਹਿਗੁਰੂ ਭਲੀ ਕਰੇ।''

ਰਾਜੂ ਡਰਿਆ ਬੈਠਾ ਰਿਹਾ। ਹੁਣ ਉਸਦੇ ਦਿਮਾਗ਼ ਤੇ ਦਰਦ ਨਾਲੋਂ ਡਰ ਭਾਰੂ ਸੀ। ਸਿਪਾਹੀ ਨੇ ਆਪਣੀ ਚਾਹ ਦੂਸਰਿਆਂ ਤੋਂ ਅੱਖ ਬਚਾ ਕੇ 'ਨਾਂਹ ਨਾਂਹ' ਕਰਦੇ ਰਾਜੂ ਨੂੰ ਫੜਾ ਦਿੱਤੀ। ਸਵੇਰ ਤੋਂ ਨਿਰਨੇ ਕਾਲਜੇ ਕੁੱਟ ਖਾਂਦੇ ਰਾਜੂ ਨੂੰ ਇੱਕ ਚਾਹ ਦਾ ਕੱਪ ਅੰਮ੍ਰਿਤ ਵਾਂਗ ਜਾਪਿਆ। ਚਾਹ ਪੀ ਕੇ ਉਹ ਥੋੜ੍ਹੀ ਜਿਹੀ ਸੁਰਤ ਸਿਰ ਹੋ ਗਿਆ।

-0-0-

ਰੇਸ਼ਮੀ ਨੇ ਰੋ ਰੋ ਕੇ ਬੁਰਾ ਹਾਲ ਕਰ ਲਿਆ ਸੀ। ਕਈ ਗੁਆਂਢੀਆਂ ਨੂੰ ਪੁਲਸ ਦਾ ਕੈਂਟਰ ਆਏ ਦਾ ਪਤਾ ਵੀ ਲੱਗ ਗਿਆ ਸੀ। ਸਿੰਦੂ ਕੇ ਘਰ ਪੈਂਦਾ ਰੌਲਾ ਵੀ ਸੁਣ ਲਿਆ ਸੀ ਪਰ ਉਹ ਘੇਸਲ ਜਿਹੀ ਵੱਟੀਂ, ਕੰਨਾਂ ਵਿੱਚ ਉਂਗਲਾਂ ਦੇਈਂ ਪਏ ਰਹੇ। ਜਦੋਂ ਕੈਂਟਰ ਚਲਾ ਗਿਆ ਫਿਰ ਸਾਰੇ ਐਵੇਂ ਹੀ ਗੁਆਂਢੀ ਹੋਣ ਦਾ ਭਰਮ ਜਿਹਾ ਪਾਉਂਦੇ ਹੌਲੀ ਹੌਲੀ ਸਿੰਦੂ ਕੇ ਬਾਰ ਅੱਗੇ ਇਕੱਠੇ ਹੋ ਗਏ। ਸਰਵਣ ਦੀ ਨੂੰਹ ਅਤੇ ਸਾਤੇ ਨੂੰ ਤਾਂ ਰਾਤ ਹੀ ਪਤਾ ਲੱਗ ਗਿਆ ਸੀ ਪਰ ਉਹ ਕੁਸਕੇ ਨਹੀਂ। ਨਾ ਹੀ ਉਹਨਾਂ ਨੇ ਸਰਵਣ ਨੂੰ ਦੱਸਿਆ। ਜਦੋਂ ਸਵੇਰੇ ਸਰਵਣ ਨੂੰ ਪਤਾ ਲੱਗਿਆ ਤਾਂ ਉਹ ਸੋਟੀ ਦੇ ਸਹਾਰੇ ਸਿੰਦੂ ਕੇ ਘਰ ਆ ਗਿਆ। ਉਸਨੇ ਰੇਸ਼ਮੀ ਨੂੰ ਚੁੱਪ ਕਰਾਉਂਦਿਆਂ ਕੁਝ ਪੁੱਛਣ ਦੀ ਕੋਸ਼ਿਸ਼ ਕੀਤੀ ਪਰ ਉਹ ਹਟਕੋਰੇ ਲੈਂਦੀ ਬਿਡਰਿਆਂ ਵਾਂਗ ਇਧਰ-ਉਧਰ ਵੇਖਦੀ ਰਹੀ। ਬਾਹਰ ਖੜ੍ਹਿਆਂ 'ਚੋਂ ਨਾਜਰ ਦੇ ਮੁੰਡੇ ਕੇਹੀ ਨੇ ਸਰਵਣ ਨੂੰ ਸੁਣੀ-ਸੁਣਾਈ ਗੱਲ ਦੱਸ ਦਿੱਤੀ ਕਿ ਰਾਜੂ ਨੂੰ ਪੁਲਸ ਫੜ ਕੇ ਲੈ ਗਈ ਹੈ। ਜਦ ਉਸਨੇ ਇਹੀ ਗੱਲ ਯਕੀਨ ਲਈ ਰੇਸ਼ਮੀ ਤੋਂ ਪੁੱਛੀ ਤਾਂ ਉਸਨੇ 'ਹਾਂ' ਵਿੱਚ ਸਿਰ ਹਿਲਾ ਦਿੱਤਾ। ਸਰਵਣ ਕੁੜੀ ਨੂੰ ਆਪਣੇ ਘਰ ਅਮਰੋ ਕੋਲ ਛੱਡ ਕੇ ਆਪ ਸਰਪੰਚ, ਪੰਚਾਂ ਕੋਲ ਤੁਰ ਗਿਆ। ਉਸਨੇ ਸਾਰਿਆਂ ਨੂੰ ਰਾਜੂ ਨੂੰ ਪੁਲਸ ਦੁਆਰਾ ਚੁੱਕ ਕੇ ਲੈ ਜਾਣ ਵਾਲੀ ਗੱਲ ਦੱਸੀ। ਦੋ ਮੈਂਬਰਾਂ ਬਿਨਾਂ ਕਿਸੇ ਨੇ ਧਾਅ ਨਾ ਧਰੀ। ਸਾਰੇ ਕੋਈ ਨਾ ਕੋਈ ਬਹਾਨਾ ਲਾ ਕੇ ਟਾਲਾ ਵੱਟ ਗਏ। ਫੇਰ ਵੀ ਸਰਵਣ ਇੱਕ ਦੋ-ਬੰਦਿਆਂ ਨੂੰ ਖਿੱਚ-ਧੂ ਕੇ ਨਾਲ ਲੈ ਗਿਆ। ਉਹ ਦੁਪਹਿਰ ਨੂੰ ਥਾਣੇ ਜਾ ਪਹੁੰਚੇ। ਸਾਹਮਣੇ ਥਾਣੇਦਾਰ ਮੇਜ ਕੁਰਸੀ ਡਾਹੀਂ ਬੈਠਾ ਸੀ। ਸਾਰੇ ਸਤਿ ਸ੍ਰੀ ਅਕਾਲ ਬੁਲਾ ਕੇ ਕੁਰਸੀਆਂ 'ਤੇ ਬੈਠ ਗਏ।

''ਹਾਂ ਬਈ ਕਿਮੇਂ ਆਉਣੇ ਹੋਏ ਪੰਚਾਇਤ ਦੇ।'' ਥਾਣੇਦਾਰ ਨੇ ਛੱਪੜ 'ਚ ਮੱਝ ਦੇ ਪਾਸੇ ਮਾਰਨ ਵਾਂਗ ਕੁਰਸੀ 'ਚ ਫਸੀ ਭਾਰੀ ਦੇਹ ਨੂੰ ਹਿਲਾਉਂਦਿਆਂ ਪੁੱਛਿਆ।

''ਬੱਸ ਜੀ ਆਹ ਕਾਕੇ ਦੇ ਬਾਰੇ 'ਚ ਈ ਆਏ ਤੀ।'' ਬਚਨੇ ਮੈਂਬਰ ਨੇ ਆਉਣ ਦਾ ਮਕਸਦ ਦੱਸ ਦਿੱਤਾ।

''ਅੱਛਿਆ ਅੱਛਿਆ।'' ਥਾਣੇਦਾਰ ਨੇ ਉਪਰ ਹੇਠ ਸਿਰ ਮਾਰਿਆ।

''ਇਹਨੂੰ ਤਾਂ ਜੀ ਉਨ੍ਹਾਂ ਬਾਰੇ ਕੁਛ ਨੀ ਪਤਾ। ਚਾਹੇ ਆਹ ਸਾਰੇ ਗੁਆਂਢੀਆਂ ਤੋਂ ਪੁੱਛ ਕੇ ਦੇਖ ਲਓ।'' ਸਰਵਣ, ਜੱਗੇ ਹੋਰਾਂ ਵੱਲ ਇਸ਼ਾਰਾ ਕਰਦਿਆਂ ਅੱਗੇ ਬੋਲਿਆ, ''ਇਹ ਤਾਂ ਵਿਚਾਰਾ ਅੰਬਰੀ ਆਂਡੈ। ਨਾ ਇਹਦੀ ਕੋਈ ਮਾਂ, ਨਾ ਬਾਪ। ਉਹ ਤਾਂ ਦੋਏ ਸਮਗਾਂ ਇਹਨੂੰ ਦੁੱਖ ਈ ਦਿੰਦੇ ਰਹੇ ਨੇ। ਇੱਕ ਉਹ ਕੁੜੀ ਐ ਚਾਰ ਕ ਸਾਲਾਂ ਦੀ, ਨਾ ਉਹਦੀ ਕਿਸੇ ਨੂੰ ਸੋਚ ਐ। ਬੱਸ ਇਹ ਮੁੰਡਾ ਉਹਨੂੰ ਸਾਂਭੇ, ਨਾ ਸਾਂਭੇ। ਉਹ ਵਿਚਾਰੀ ਹੁਣ ਰੁਲਦੀ ਫਿਰਦੀ ਐ। ਤੁਸੀਂ ਕਾਕੇ ਨੂੰ ਤਾਂ ਛੱਡੋ ਮਿਹਰਬਾਨੀ ਕਰਕੇ।''

''ਜੇ ਉਹ ਆਏ ਵੀ ਜੀ ਅਸੀਂ ਆਪ ਸੋਨੂੰ ਸੁਨੇਹਾ ਭੇਜਾਂਗੇ। ਇਹ ਜਿੰਮੇਵਾਰੀ ਸਾਡੀ ਐ ਜੀ।'' ਦੂਸਰੇ ਮੈਂਬਰ ਨੇ ਥਾਣੇਦਾਰ ਦੀ ਤਸੱਲੀ ਕਰਵਾਉਣੀ ਚਾਹੀ।

''ਤੁਸੀਂ ਏਸ ਮੁੰਡੇ ਨੂੰ ਰਹਿਣ ਦਿਓ ਇੱਕ-ਦੋ ਦਿਨ, ਉਹ ਆਪੇ ਭੱਜੇ ਆਉਣਗੇ।'' ਥਾਣੇਦਾਰ ਸੌਖਿਆਂ ਮੰਨਣ ਵਾਲਾ ਨਹੀਂ ਸੀ।

''ਨਹੀਂ ਜੀ ਐਂ ਨਾ ਕਰੋ, ਸਾਡੇ ਆਇਆਂ ਦੀ ਤਾਂ ਰੱਖੋ। ਉਰੇ ਆਓ ਜੀ ਇੱਕ ਮਿੰਟ।'' ਬਚਨਾ ਮੈਂਬਰ ਥਾਣੇਦਾਰ ਨੂੰ ਉਠਾ ਕੇ ਅੰਦਰ ਲੈ ਗਿਆ। ''ਆਹ ਲਓ ਜੀ ਅਵਦੀ ਖੇਚਲ।'' ਬਚਨੇ ਮੈਂਬਰ ਨੇ ਪੰਜ ਹਜ਼ਾਰ ਦੀ ਗੁੱਟੀ ਮੱਲੋ-ਮੱਲੀ ਥਾਣੇਦਾਰ ਦੇ ਹੱਥਾਂ ਵਿੱਚ ਦੇ ਦਿੱਤੀ।

''ਹੀਂ...ਹੀਂ...ਹੀਂ... ਜਦੋਂ ਤੁਸੀਂ ਹੁਣ ਉੱਤੋਂ ਦੀ ਏ ਪੈ ਗਏ, ਤਾਂ ਮਰਜੀ ਐ ਸੋਡੀ ਜਿਮੇਂ ਮਰਜੀ ਕਰਲੋ।'' ਥਾਣੇਦਾਰ ਰੁਪਏ ਜੇਬ 'ਚ ਪਾਉਂਦਾ ਬਾਹਰ ਆ ਗਿਆ। ''ਹੁਣ ਥੋਨੂੰ ਖ਼ਾਲੀ ਤਾਂ ਮੋੜ ਹੀ ਨੀ ਸਕਦੇ ਪਰ ਜੇ ਉਨ੍ਹਾਂ ਦੋਨਾਂ 'ਚੋਂ ਕੋਈ ਮਿਲੇ ਤਾਂ ਜ਼ਰੂਰ ਦੱਸਿਓ।'' ਥਾਣੇਦਾਰ ਅਜੇ ਵੀ ਆਪਣੀ ਲੱਤ ਉਪਰ ਰੱਖ ਰਿਹਾ ਸੀ।

''ਠੀਕ ਐ ਜੀ, ਬਹੁਤ ਮਿਹਰਬਾਨੀ ਜੀ ਥੋਡੀ।'' ਸਰਵਣ ਤਾਏ ਨਾਲ ਸਾਰੇ ਹੱਥ ਜੋੜਦੇ ਖੜ੍ਹੇ ਹੋ ਗਏ।

ਜਦੋਂ ਸਿਪਾਹੀ ਨੇ ਹਵਾਲਾਤ ਦਾ ਬਾਰ ਖੋਲ੍ਹਿਆ ਤਾਂ ਰਾਜੂ ਤੋਂ ਚੰਗੀ ਤਰ੍ਹਾਂ ਖੜ੍ਹਾ ਵੀ ਨਾ ਹੋਇਆ ਗਿਆ। ਨਾਜ਼ਰ ਨੇ ਸਹਾਰਾ ਦੇ ਕੇ ਉਸਨੂੰ ਟਰੈਕਟਰ 'ਤੇ ਬਿਠਾਇਆ। ਚਾਰ ਕੁ ਵਜੇ ਉਹ ਪਿੰਡ ਆ ਗਏ। ਜਿਹੜੇ ਨੂੰ ਵੀ ਰਾਜੂ ਦੇ ਆਏ ਦਾ ਪਤਾ ਲੱਗਿਆ, ਉਹ ਵੇਖਣ ਲਈ ਸਿੰਦੂ ਕੇ ਘਰ ਆ ਗਿਆ। ਚੌਂਕੜੀ ਵਾਲੀ ਸਾਰੀ ਮੁੰਡੀਰ ਹੀ ਤਮਾਸ਼ਾ ਵੇਖਣ ਵਾਂਗ ਰਾਜੂ ਕੇ ਘਰ ਆ ਜੁੜੀ।

ਰਾਣੀ ਮੁੱਠੀ 'ਚ ਕਾਲਜਾ ਫੜੀਂ ਸਵੇਰ ਤੋਂ ਲੂੰਹਦੀ ਫਿਰਦੀ ਸੀ। ਕਦੇ ਉਹ ਗਲੀ ਦੇ ਗੇਟ 'ਤੇ ਵੇਖਦੀ ਤੇ ਕਦੇ ਕੋਠੇ ਚੜ੍ਹ ਕੇ ਰਾਜੂ ਕੇ ਘਰ 'ਚ ਨਿਗ੍ਹਾ ਮਾਰਦੀ। ਰਾਜੂ ਦਾ ਸੁੰਨਾ ਘਰ ਵੇਖ ਕੇ ਉਸਦਾ ਅੰਦਰ ਤੜਫਦਾ। ਹੁਣ ਜਦੋਂ ਰਾਜੂ ਦੇ ਘਰ ਆਏ ਦਾ ਪਤਾ ਲੱਗਿਆ ਤਾਂ ਉਹ ਚੁਬਾਰੇ ਚੜ੍ਹ ਗਈ। ਰਾਜੂ ਕੇ ਵਿਹੜੇ ਵੱਲ ਖੁੱਲ੍ਹਦੀ ਖਿੜਕੀ ਅੱਧ-ਕੁ ਭੇੜ ਕੇ ਉਹ ਕਿੰਨਾ ਚਿਰ ਬਰਾਂਡੇ 'ਚ ਬੈਠੇ ਰਾਜੂ ਨੂੰ ਵੇਖਦੀ ਰਹੀ। ਉਸਨੂੰ ਰਾਜੂ ਦੀ ਹਾਲਤ 'ਤੇ ਤਰਸ ਆਇਆ। ਦਿਲ ਕੀਤਾ ਉਸਦੇ ਸਾਰੇ ਦੁੱਖ ਆਪ ਪੀ ਜਾਵੇ। ਜਦੋਂ ਜੱਗੀ ਨੇ ਘਰ ਆ ਕੇ ਰਾਜੂ ਦੇ ਪਈ ਕੁੱਟ ਬਾਰੇ ਦੱਸਿਆ ਤਾਂ ਉਹ ਤੜਫ ਕੇ ਰਹਿ ਗਈ। ਉਹ ਸੋਚਦੀ, ਕੋਈ ਅਜਿਹਾ ਜਾਦੂ ਹੋਵੇ ਜਿਸ ਨਾਲ ਉਸਦਾ ਰਾਜੂ ਪਲਾਂ ਵਿੱਚ ਨੌਂ ਬਰ ਨੌਂ ਹੋ ਜਾਵੇ। ਉਸਦਾ ਰਾਜੂ ਨੂੰ ਮਿਲਣ ਨੂੰ ਜੀਅ ਕਰਦਾ। ਉਸਦਾ ਦੁੱਖ-ਸੁੱਖ ਸੁਣਨ ਨੂੰ ਮਨ ਕਰਦਾ ਪਰ ਜਦ ਵੀ ਉਹ ਚੁਬਾਰੇ ਚੜ੍ਹ ਕੇ ਰਾਜੂ ਦੇ ਘਰ ਵੱਲ ਨਿਗ੍ਹਾ ਮਾਰਦੀ, ਸਰਵਣ ਤਾਇਆ ਰਾਜੂ ਕੋਲ ਬੈਠਾ ਹੁੰਦਾ। ਰੋਡੀ ਤਾਂ ਉਸ ਦਿਨ ਦੀ ਓਦਰੀ ਹੁਣ ਜ਼ਿਆਦਾ ਸਰਵਣ ਕੇ ਘਰ ਹੀ ਰਹਿੰਦੀ ਸੀ। ਚਾਹੇ ਸਰਵਣ ਤਾਏ ਕਰਕੇ ਰਾਣੀ ਦੀ ਰਾਜੂ ਨੂੰ ਮਿਲਣ ਦੀ ਤਮੰਨਾ ਪੂਰੀ ਨਹੀਂ ਹੋ ਰਹੀ ਸੀ ਪਰ ਫਿਰ ਵੀ ਰਾਜੂ ਦੀ ਦੇਖ-ਭਾਲ ਕਰਦੇ ਸਰਵਣ ਤਾਏ ਦਾ ਉਸਨੂੰ ਬੜਾ ਮੋਹ ਆਉਂਦਾ। ਦੋ-ਤਿੰਨ ਦਿਨਾਂ 'ਚ ਜਦੋਂ ਰਾਜੂ ਆਪਣੀ ਰੋਟੀ ਆਪ ਪਕਾਉਣ ਦੇ ਕਾਬਲ ਹੋ ਗਿਆ ਤਾਂ ਸਰਵਣ ਤਾਏ ਦੇ ਗੇੜੇ ਵੀ ਘਟ ਗਏ।

-0-0-

ਦੁਪਹਿਰਾ ਭੱਠੀ ਵਾਂਗ ਤਪਿਆ ਪਿਆ ਸੀ। ਰਾਜੂ ਬਰਾਂਡੇ ਵਿੱਚ ਪਿਆ ਛੱਤ ਵੱਲ ਬਿਟਰ ਬਿਟਰ ਵੇਖ ਰਿਹਾ ਸੀ। ਡੂੰਘੀਆਂ ਸੋਚਾਂ 'ਚ ਉਲਝਿਆ ਪਤਾ ਨਹੀਂ ਕੀ ਸੋਚੀਂ ਜਾ ਰਿਹਾ ਸੀ। ਕੱਲੇ ਨੂੰ ਘਰ ਵੱਢ ਵੱਢ ਖਾਂਦਾ ਸੀ। ਦੋ ਦਿਨਾਂ ਤੋਂ ਰੋਡੀ ਵੀ ਨਹੀਂ ਆਈ ਸੀ। ਸਰਵਣ ਤਾਇਆ ਵੀ ਕੱਲ੍ਹ ਗੇੜਾ ਮਾਰ ਕੇ ਗਿਆ ਸੀ। ਸਿੰਦੂ ਤੇ ਰੋਹੀ ਵੱਲੋਂ ਤਾਂ ਸਰਿਆ ਹੀ ਪਿਆ ਸੀ। ਸਿੰਦੂ ਤਾਂ ਦਸ ਦਿਨਾਂ ਦਾ ਗਿਆ ਹੁਣ ਤੱਕ ਨਹੀਂ ਮੁੜਿਆ ਸੀ। ਸਰਵਣ ਤਾਇਆ ਦਸਦਾ ਸੀ ਉਹ ਆਪਣੀ ਵੱਡੀ ਭੈਣ ਕੋਲ ਚੱਕੀਂ ਚਲਾ ਗਿਆ ਸੀ। ਰੋਹੀ ਕੱਲ੍ਹ ਅੱਧੀ ਰਾਤ ਆਇਆ ਸੀ, ਘਰ ਦੇ ਖੱਲ ਖੂੰਜਿਆਂ 'ਚ ਹੱਥ ਮਾਰਦਾ ਫਿਰੀ ਗਿਆ ਫੇਰ ਛਾਬੇ 'ਚ ਪਈਆਂ ਦੋ ਰੋਟੀਆਂ ਅਚਾਰ ਨਾਲ ਢਿੱਡ 'ਚ ਤੁੰਨ ਕੇ ਅੱਧੇ ਘੰਟੇ ਬਾਅਦ ਵਾਪਸ ਚਲਾ ਗਿਆ ਸੀ। ਸਾਰੇ ਘਰ ਵਿੱਚ ਸੁੰਨ-ਮਸਾਣ ਸੀ ਜਿਵੇਂ ਉਹ ਕਿਸੇ ਘਰ ਨਹੀਂ, ਸਿਵਿਆਂ ਵਿੱਚ ਪਿਆ ਹੋਵੇ। ਜਿੱਥੇ ਕੋਈ ਮਰੇ-ਖਪੇ ਬਿਨਾਂ ਜਾ ਕੇ ਪੈਰ ਨਹੀਂ ਪਾਉਂਦਾ। ਕਦੇ ਕਦੇ ਰਾਜੂ ਦਾ ਦਿਲ ਕਰਦਾ ਉਹ ਕੁਝ ਖਾ ਕੇ ਮਰ ਜਾਵੇ ਪਰ ਪਤਾ ਨਹੀਂ ਉਸਦੇ ਅੰਦਰਲੀ ਕਿਹੜੀ ਸ਼ਕਤੀ ਉਸਨੂੰ ਅਜਿਹਾ ਕਰਨੋ ਰੋਕੀ ਰੱਖਦੀ।

ਅਜੇ ਉਹ ਸੋਚਾਂ ਦੀਆਂ ਲਹਿਰਾਂ ਵਿੱਚ ਹੀ ਧੱਕੇ-ਠੇਡੇ ਖਾਂਦਾ ਫਿਰਦਾ ਸੀ ਜਦੋਂ ਰਾਣੀ ਉਸਦੇ ਮੰਜੇ ਕੋਲ ਜਾਦੂ ਵਾਂਗ ਆ ਪ੍ਰਗਟ ਹੋਈ। ਕਿੰਨੇ ਦਿਨਾਂ ਦੀ ਲੰਬੀ ਉਡੀਕ ਤੋਂ ਬਾਅਦ ਅੱਜ ਦੇ ਦੁਪਹਿਰ ਨੇ ਰਾਣੀ ਨੂੰ ਰਾਜੂ ਨਾਲ ਮਿਲਣ ਦਾ ਮੌਕਾ ਦਿੱਤਾ ਸੀ।

''ਕਿਵੇਂ ਓ ਤੁਸੀਂ?'' ਰਾਣੀ ਉਸਦੇ ਮੰਜੇ 'ਤੇ ਝੁਕ ਗਈ। ''ਠੀਕ ਐ ਬੱਸ। ਤੂੰ ਕਿਹੜਾ ਕਦੇ ਪਤਾ ਲਿਐ।''

ਰਾਜੂ ਉੱਠ ਕੇ ਸਬਾਤ ਨੂੰ ਤੁਰ ਪਿਆ। ਰਾਣੀ ਵੀ ਉਸਦੇ ਪਿੱਛੇ ਪਿੱਛੇ ਅੰਦਰ ਚਲੀ ਗਈ।

''ਮੇਰਾ ਕਿਹੜਾ ਜੀ ਨੀ ਕਰਦਾ ਸੀ। ਮ...ਮੈਂ ਤਾਂ ਕਿੱਦੇਂ...ਦੀ ਤੜਫੀ ਜਾਨੀ ਆਂ......ਪਰ ਕਦੇ ਮੌਕਾ ਈ ਨੀ ਮਿਲਿਆ, ਫੇਰ ਹੁਣ ਦੱਸ ਮ....ਮੈਂ ਕ...ਕੀ ਕਰਾਂ।'' ਰਾਣੀ ਕਹਿੰਦੀ ਡੁਸਕਣ ਲੱਗ ਪਈ।

''ਮੈਂ ਤਾਂ ਮਖੌਲ ਕਰਦਾਂ। ਨਾਲੇ ਮੈਨੂੰ ਕੁਛ ਨੀ ਹੋਇਆ, ਠੀਕ ਆਂ ਹੁਣ।'' ਰਾਜੂ ਯਕੀਨ ਦਵਾਉਣ ਲਈ ਰਾਣੀ ਦੀਆਂ ਅੱਖਾਂ ਵਿੱਚ ਸਿੱਧਾ ਝਾਕਿਆ।

''ਤੈਨੂੰ ਕਾਹਤੋਂ ਲੈ ਗੀ ਸੀ ਪੁਲਸ ਫੜਕੇ?'' ਰਾਣੀ ਨੇ ਅੱਖਾਂ ਪੂੰਝਦਿਆਂ ਪੁੱਛਿਆ।

''ਕਹਿੰਦੇ ਚਾਚੇ ਰੋਹੀ ਹੋਰੀਂ ਦੱਸ ਕਿੱਥੇ ਨੇ।''

''ਫੇਰ ਤੂੰ ਦੱਸ ਦਿੰਦਾ।''

''ਜੇ ਮੈਨੂੰ ਪਤਾ ਹੁੰਦਾ ਤਾਂ ਹੀ ਦੱਸਦਾ।''

''ਮੈਂ ਤਾਂ ਕਹਿਣੀ ਆਂ ਇਹ ਸਾਰੇ ਮਰ ਜਾਣ ਕੁੱਤੇ, ਜਿੰਨਾਂ ਨੇ ਮੇਰੇ ਰਾਜੂ ਨੂੰ ਕੁੱਟਿਐ।'' ਰਾਣੀ ਨੇ ਰਾਜੂ ਨੂੰ ਹਮਦਰਦੀ ਦੀ ਜੱਫੀ ਪਾ ਲਈ। ਰਾਣੀ ਦੀ ਹਮਦਰਦੀ ਤੇ ਪਿਆਰ ਦੇ ਵਾਰੇ ਜਾਂਦਿਆਂ ਰਾਜੂ ਨੇ ਮਨ 'ਚ ਉਠਦੇ ਢਾਹੂ ਵਿਚਾਰ ਮੱਖਣ 'ਚੋਂ ਵਾਲ ਕੱਢਣ ਵਾਂਗ ਪਰ੍ਹਾਂ ਵਗਾਹ ਮਾਰੇ। ਉਹ ਰਾਣੀ ਦੇ ਮੋਹ ਵਿੱਚ ਸਭ ਦੁੱਖ ਭੁੱਲ ਗਿਆ। ਰਾਣੀ ਉਸਦੇ ਜ਼ਖ਼ਮਾਂ 'ਤੇ ਦੁੱਖ-ਰੋਧਕ ਦਵਾਈ ਬਣ ਕੇ ਲੱਗ ਗਈ। ਉਹ ਕੁਝ ਚਿਰ ਇੱਕ-ਦੂਜੇ ਨੂੰ ਪਿਆਰ ਜਿਤਾਉਂਦੇ ਗੱਲਾਂ ਕਰਦੇ ਰਹੇ। ਫਿਰ ਰਾਣੀ ਰਾਜੂ ਨੂੰ ਹੌਸਲਾ ਰੱਖਣ ਲਈ ਕਹਿੰਦੀ, ਫੇਰ ਮਿਲਣ ਦਾ ਵਾਅਦਾ ਕਰਕੇ ਤੁਰ ਗਈ। ਅੱਜ ਕਿੰਨੇ ਦਿਨਾਂ ਬਾਅਦ ਰਾਜੂ ਦੇ ਬੁੱਲ੍ਹਾਂ 'ਤੇ ਮੁਸਕਾਨ ਧੂੜੀ ਗਈ ਸੀ।

## 15

ਗਰਮੀ ਘਟਦੀ ਜਾਂਦੀ ਸੀ। ਜੀਰੀਆਂ ਵਿੱਚ ਸੋਨੇ ਰੰਗੀ ਭਾਅ ਮਾਰਨ ਲੱਗ ਪਈ ਸੀ। ਰੁੱਖਾਂ ਦੇ ਪੱਤੇ ਝੜਨ ਲਈ ਧਰਤੀ ਵੱਲ ਵੇਖ ਰਹੇ ਸਨ। ਸਿੰਦੂ ਕੇ ਪਰਿਵਾਰ 'ਤੇ ਅਜੇ ਵੀ ਮੁਸੀਬਤਾਂ ਦੀ ਤਿੱਖੜ ਦੁਪਹਿਰ ਸੀ। ਰੋਹੀ ਬਾਹਰ ਭੱਜਿਆ ਫਿਰਦਾ ਸੀ। ਕਦੇ ਕਦੇ ਰਾਤ ਦੇ ਹਨ੍ਹੇਰੇ ਵਿੱਚ ਆਉਂਦਾ ਤੇ ਰਾਤ ਦੇ ਹਨ੍ਹੇਰੇ ਵਿੱਚ ਹੀ ਕਿਧਰੇ ਫੇਰ ਅਲੋਪ ਹੋ ਜਾਂਦਾ। ਸਿੰਦੂ ਭੈਣ ਕੋਲ ਗਿਆ ਮਾੜੇ ਹਾਲਾਤ ਤੋਂ ਡਰਦਾ ਅਜੇ ਤੱਕ ਮੁੜਿਆ ਨਹੀਂ ਸੀ। ਉਸਦੀ ਭੈਣ ਦਾ ਸਹੁਰਾ ਪਰਿਵਾਰ ਸਿੰਦੂ ਦੇ ਨਸ਼ਿਆਂ ਤੋਂ ਨੱਕ-ਬੁੱਲ੍ਹ ਵੱਟਣ ਲੱਗ ਪਿਆ ਸੀ। ਸਾਰਾ ਪਰਿਵਾਰ ਸਿੰਦੂ ਦੇ ਗੰਗੜਪੁਰ ਮੁੜ ਜਾਣ ਦੀ ਉਡੀਕ ਵਿੱਚ ਬੈਠਾ ਸੀ ਪਰ ਸਿੰਦੂ ਆਪਣੇ ਘਰ ਦੇ ਹਾਲਾਤ ਵੇਖਦਾ ਘੇਸਲ ਵੱਟੀਂ ਬੈਠਾ ਰਿਹਾ। ਕਦੇ ਕਦੇ ਹਨ੍ਹੇਰੇ ਸਵੇਰੇ ਗੰਗੜਪੁਰ ਆਉਂਦਾ, ਆਪਣੇ ਘਰ ਵੜੇ ਬਿਨਾਂ ਹੀ ਨਾਜ਼ਰ ਤੋਂ ਪੈਸੇ ਲੈ ਕੇ ਮੁੜ ਜਾਂਦਾ। ਜ਼ਮੀਨ ਦਾ ਰਹਿੰਦਾ ਕਿੱਲਾ ਵੀ ਡਲੇ ਵਾਂਗ ਖੁਰਨ ਲੱਗ ਪਿਆ ਸੀ। ਇੱਕ ਮੱਝ ਪੁਲਸ ਵਾਲਿਆਂ ਅਤੇ ਘਰ ਦੇ ਲੂਣ-ਤੇਲ ਦੇ ਮੂੰਹ ਪੈ ਗਈ ਸੀ। ਰਾਜੂ, ਸਰਵਣ ਤਾਏ ਦੇ ਖੇਤ ਫਿਰ ਜਾਣ ਲੱਗ ਪਿਆ ਸੀ। ਹੋਰ ਕੰਮ ਧੰਦੇ ਤੋਂ ਬਿਨਾਂ ਮੱਝਾਂ ਲਈ ਕੱਖ ਲਿਆਉਣ ਦੀ ਡਿਊਟੀ ਤਾਂ ਉਸਨੇ ਆਪਣੇ-ਆਪ ਪੱਕੀ ਹੀ ਸਾਂਭ ਲਈ ਸੀ। ਉਹ ਖੇਤੋਂ ਰੇਹੜਾ ਕੱਖਾਂ ਦਾ ਲਿਆਉਂਦਾ ਫਿਰ ਘਰ ਆ ਕੇ ਇੰਜਣ 'ਤੇ ਟੋਕਾ ਕੁਤਰਦਾ। ਵਿੱਚੋਂ ਦੋ ਕੁ ਟੋਕਰੇ ਪੱਲੀ 'ਚ ਪਾ ਕੇ ਆਪਣੀ ਮੱਝ ਲਈ ਲੈ ਜਾਂਦਾ। ਆਪਣੇ ਘਰ ਸਵੇਰੇ ਚੁੱਲ੍ਹੇ 'ਤੇ ਉਹ ਚਾਹ ਜ਼ਰੂਰ ਕਰਦਾ। ਸ਼ਾਮ-ਸਵੇਰ ਦੀ ਰੋਟੀ ਉਹ ਸਰਵਣ ਤਾਏ ਕੇ ਘਰ ਹੀ ਖਾਂਦਾ।

ਪੁਲਸ ਰੋਹੀ ਹੋਰਾਂ ਦੀ ਭਾਲ ਵਿੱਚ ਸੀ। ਉਹ ਅਜੇ ਵੀ ਸ਼ਾਮ-ਸਵੇਰੇ ਸਿੰਦੂ ਅਤੇ ਛੱਗੜ ਕੇ ਘਰਾਂ ਉੱਤੇ ਛਾਪੇ ਮਾਰਦੀ ਪਰ ਉੱਥੇ ਉਸਨੂੰ ਕੁਝ ਨਹੀਂ ਸੀ ਮਿਲਦਾ। ਛੱਗੜ ਹੋਰੀਂ ਦਿਨੇਂ ਚਰੀ-ਟਾਂਡਿਆਂ ਜਾਂ ਰੋਹੀ ਵਾਲੇ ਛੱਗੜ ਕੇ ਕੋਠੇ 'ਚ ਲੁਕੇ ਰਹਿੰਦੇ। ਕਿਸੇ ਲੁੱਟ-ਖੋਹ ਤੋਂ ਬਾਅਦ ਰਾਤ ਨੂੰ ਵੀ ਉਹ ਉੱਥੇ ਹੀ ਆ ਕੇ ਪੈਂਦੇ। ਆਲੇ-ਦੁਆਲੇ ਦੇ ਪਿੰਡਾਂ ਤੋਂ ਦੂਰ ਟਿੱਬਿਆਂ ਵਿਚਕਾਰ ਘਿਰਿਆ ਇਹ ਖੇਤ ਉਨ੍ਹਾਂ ਲਈ ਸੁਰੱਖਿਅਤ ਠਹਿਰ ਸੀ।

ਅੱਜ ਵੀ ਉਹ ਤਿੰਨੇ ਛੱਗੜ ਕੇ ਰੋਹੀ ਵਾਲੇ ਖੇਤ ਬੈਠੇ ਸਨ। ਕੈਲਾ ਬਾਜੀਗਰ ਦੁਪਹਿਰੇ ਗੁੜੱਦੀ ਤੋਂ ਮੁਰਗਾ ਲੈ ਆਇਆ ਸੀ। ਮਸਾਲਾ ਤਿਆਰ ਕਰਕੇ ਬਣਾਉਂਦਿਆਂ ਕਰਦਿਆਂ ਚਾਰ ਵੱਜ ਗਏ। ਛੱਗੜ, ਕੈਲਾ ਤੇ ਰੋਹੀ ਤਿੰਨੇ ਭਾਫਾਂ ਛੱਡਦੇ ਪਤੀਲੇ ਨੂੰ ਵਿਚਕਾਰ ਰੱਖ ਕੇ ਬੈਠ ਗਏ। ਛੱਗੜ ਕੋਠੇ ਦੇ ਪਿੱਛਲੇ ਪਾਸੇ ਦੱਬੀ ਘਰ ਦੀ ਬੋਤਲ ਕੱਢ ਲਿਆਇਆ। ਲੁੱਟਰ ਵਾਲਾ ਪੰਮੀ ਅੱਜ ਢਾਣੀ ਵਿੱਚੋਂ ਗਾਇਬ ਸੀ। ਉਹ ਤਿੰਨ ਦਿਨਾਂ ਲਈ ਕਿਸੇ ਰਿਸ਼ਤੇਦਾਰੀ 'ਚ ਜ਼ਰੂਰੀ ਕੰਮ ਜਾਣ ਲਈ ਕਹਿ ਕੇ ਗਿਆ ਸੀ। ਦੋ ਦੋ ਪੈੱਗ ਲਾ ਕੇ ਜਦੋਂ ਚੰਗਾ ਸਰੂਰ ਜਿਹਾ ਆ ਗਿਆ ਤਾਂ ਛੱਗੜ ਜੀਰੀ ਦੇ ਕਿਆਰੇ ਦਾ ਪਾਣੀ ਵੇਖਣ ਚਲਾ ਗਿਆ। ਛੱਗੜ ਨੇ ਜੀਰੀ ਦੇ ਕਿਆਰੇ ਵਿੱਚ ਵੜ ਕੇ ਵੇਖਿਆ, ਸਾਰੀਆਂ ਦੌਤੀਆਂ ਢੱਕੀਆਂ ਗਈਆਂ ਸਨ। ਉਹ ਅਗਲੇ ਕਿਆਰੇ 'ਚ ਨੱਕਾ ਕਰਨ ਲਈ ਜਦੋਂ ਖਾਲ 'ਤੇ ਆਇਆ ਤਾਂ ਉਸਨੇ ਵੇਖਿਆ ਪੁਲਸ ਦੀਆਂ ਦੋ ਗੱਡੀਆਂ ਰੋਹੀ ਵਾਲੇ ਪਹੇ ਮੁੜ ਕੇ ਉਸਦੇ ਖੇਤ ਨੂੰ ਆ ਰਹੀਆਂ ਸਨ। ਉਹ ਉਥੇ ਹੀ ਕਹੀ ਸੁੱਟ ਕੇ ਜੀਰੀ ਵਿੱਚੋਂ ਦੀ ਕੋਡਾ ਕੋਡਾ ਭੱਜ ਲਿਆ। ਰੋਹੀ ਤੇ ਕੈਲੇ ਨੂੰ ਬੋਲ ਮਾਰ ਕੇ ਸੁਚੇਤ ਕਰਨ ਦਾ ਮੌਕਾ ਹੀ ਨਹੀਂ ਮਿਲਿਆ।

ਗੱਡੀਆਂ ਦੀ ਗੂੰਜ ਸੁਣ ਕੇ ਜਦ ਰੋਹੀ ਤੇ ਕੈਲਾ ਬਾਹਰ ਨਿਕਲੇ ਤਾਂ ਪੁਲਸ ਸਿਰ 'ਤੇ ਆ ਚੜ੍ਹੀ ਸੀ। ਪੁਲਸ ਵੇਖ ਕੇ ਦੋਵਾਂ ਦੇ ਪੈਰਾਂ ਥੱਲੋਂ ਮਿੱਟੀ ਨਿਕਲ ਗਈ। ਉਹ ਭਮੱਤਰੇ ਜੀਰੀ ਵਿੱਚੋਂ ਦੀ ਭੱਜ ਲਏ। ਪੁਲਸ ਨੇ ਫਾਇਰ ਖੋਲ੍ਹ ਦਿੱਤਾ। ਦੋਵੇਂ ਗੁਲੇਲ ਲੱਗੇ ਬਟੇਰਿਆਂ ਵਾਂਗ ਫੁਤਕ ਕੇ ਜੀਰੀ ਵਿੱਚ ਹੀ ਲੋਟਣੀਆਂ ਖਾ ਗਏ। ਥਾਣੇਦਾਰ ਨੇ ਦੋਵਾਂ ਦੇ ਦੋ ਦੋ ਗੋਲੀਆਂ ਹੋਰ ਮਾਰ ਦੇ ਥਾਂਏ ਠੰਡੇ ਕਰ ਦਿੱਤੇ। ਮੁਕਾਬਲਾ ਦਿਖਾਉਣ ਲਈ ਦੋ ਚਾਰ ਗੋਲੀਆਂ ਕੋਠੇ ਦੇ ਇਧਰ-ਉਧਰ ਹੋਰ ਚਲਾ ਦਿੱਤੀਆਂ। ਸਿਪਾਹੀਆਂ ਨੇ ਖ਼ੂਨ ਨਾਲ ਲੱਥ-ਪੱਥ ਦੋਵੇਂ ਲਾਸ਼ਾਂ ਕੈਂਟਰ ਵਿੱਚ ਸੁੱਟ ਲਈਆਂ। ਆਲੇ-ਦੁਆਲੇ ਦੇ ਖੇਤਾਂ ਵਾਲੇ ਪੁਲਸ ਵੇਖਦੇ ਥਾਂ ਦੀ ਥਾਂ ਛਾਪਲ ਗਏ। ਪੁਲਸ ਗਈ ਤੋਂ ਬਾਅਦ ਭਾਣਾ ਵਰਤਿਆ ਵੇਖ ਕੇ ਡਰੇ ਹੋਏ ਘਰਾਂ ਨੂੰ ਪਰਤ ਆਏ।

ਦੋਵਾਂ ਦੀਆਂ ਲੋਥਾਂ ਦੂਸਰੇ ਦਿਨ ਸ਼ਾਮ ਨੂੰ ਦਿੱਤੀਆਂ। ਸਰਵਣ ਤਾਏ, ਨਾਜ਼ਰ ਅਤੇ ਕੈਲੇ ਦੇ ਵੱਡੇ ਭਾਈ ਤੋਂ ਬਿਨਾਂ ਕੋਈ ਲੋਥਾਂ ਲੈਣ ਨਾ ਗਿਆ। ਪਿੰਡ ਵਿੱਚ ਦੋਵਾਂ ਦੀ ਮੌਤ ਦਾ ਕੁੱਤੇ ਜਿੰਨਾ ਅਫ਼ਸੋਸ ਨਾ ਕੀਤਾ ਗਿਆ।

ਫੁੱਲਾਂ 'ਤੇ ਸਿੰਦੂ ਆਇਆ ਤਾਂ ਉਹ ਸਰਵਣ ਤਾਏ ਕੀ ਬੈਠਕ ਵਿੱਚ ਸਰਵਣ ਕੋਲ ਬੈਠ ਕੇ ਮਨ ਭਰ ਆਇਆ।

''ਤਾ...ਇ...ਆ ਸਾਡੇ ਘਰ ਨਾਲ ਅਈਂ ਵਾਪਰਨੀ ਤੀ...!'' ਸਿੰਦੂ ਦੀਆਂ ਖੱਡਾਂ ਵਾਂਗ ਅੰਦਰ ਧਸੀਆਂ ਅੱਖਾਂ 'ਚੋਂ ਹੰਝੂ ਛਲਕ ਪਏ।

''ਬੱਸ-ਬੱਸ ਸਿੰਦੂ ਹੁਣ ਰੋਏ ਤੋਂ ਕੀ ਬਣਦੈ। ਇਹ ਤਾਂ ਸਾਰੀ ਮਾਲਕ ਦੀ ਖੇਡ ਐ। ਕਰੇ-ਕਰਾਏ ਆਪ ਮਾਨਸ ਦੇ ਕਿਆ ਹਾਥ। ਸਭ ਓਹੀ ਕਰਦੈ ਜੋ ਕਰਦੈ। ਮੇਰੇ ਤੇਰੇ ਵਰਗੇ ਦੇ ਕੁਛ ਹੱਥ 'ਚ ਨੀ ਹੈ।'' ਸਰਵਣ ਨੇ ਹਮਦਰਦੀ ਨਾਲ ਸਿੰਦੂ ਦਾ ਮੋਢਾ ਥਾਪੜਿਆ।

''ਸਾਡੇ ਨਾਲ ਰੱਬ ਦਾ ਕੀ ਵੈਰ ਤੀ ਤਾਇਆ। ਸਾਡੇ ਘਰ ਦੀ ਹੀ ਪੁੱਠੀ ਕਿਸਮਤ ਕਿਉਂ ਲਿਖਤੀ।''

''ਇਹ ਤਾਂ ਭਾਈ ਸੋਡੇ ਪਰਿਵਾਰ ਦੀ ਜਿਮੇਂ ਲਿਖੀ ਤੀ ਭੋਗੀ ਜਾਂਦੈ। ਹੁਣ ਅਵਦਾ ਅੱਗੇ ਸੰਭਲੋ।'' ਸਰਵਣ ਚਾਹੇ ਅੱਗੇ ਸੰਭਲਣ ਲਈ ਕਹਿ ਤਾਂ ਗਿਆ ਸੀ ਪਰ ਉਸਦਾ ਅੰਦਰ ਜਾਣਦਾ ਸੀ, ਅੱਗੇ ਸੰਭਲਣ ਲਈ ਹੁਣ ਸਿੰਦੂ ਹੋਰਾਂ ਕੋਲ ਬਚਿਆ ਵੀ ਕੀ ਹੈ? ਜੱਟ ਦਾ ਤਾਂ ਜ਼ਮੀਨ ਜਾਇਦਾਦ ਕਿੱਲਾ ਹੁੰਦੈ ਜਦ ਕਿੱਲਾ ਹੀ ਨਾ ਰਹੇ ਤਾਂ ਜੱਟ ਮਰਿਆਂ ਤੋਂ ਵੱਧ ਹੋ ਜਾਂਦਾ ਹੈ। ਹੁਣ ਧੂਣੀ ਬੁਝੀ ਤੋਂ ਰਾਖ 'ਚ ਫੂਕਾਂ ਮਾਰਨ ਦਾ ਕੀ ਫ਼ਾਇਦਾ ਰਹਿ ਗਿਆ ਸੀ।

''ਤਾਇਆ, ਰੋਹੀ ਗੁਜਰਨ 'ਤੇ ਸੁਨੇਹਾ ਤਾਂ ਲਾ ਦਿੰਦੇ। ਜਾਂਦੀ ਵਾਰ ਦਾ ਮੂੰਹ ਤਾਂ ਦੇਖ ਲੈਂਦਾ।'' ਸਿੰਦੂ ਨੇ ਮੈਲੇ ਪਰਨੇ ਨਾਲ ਅੱਖਾਂ ਪੂੰਝੀਆਂ।

''ਭਾਈ ਅਸੀਂ ਤਾਂ ਲੋਥ ਲਿਆਉਣ 'ਚ ਈ ਉਲਝੇ ਰਹੇ। ਪੁਲਸ ਦੇਣ 'ਚ ਈ ਨਾ ਆਵੇ। ਦੂਜੇ ਦਿਨ ਆਥਣੇ ਮਸਾਂ ਲੋਥ ਦਿੱਤੀ ਚੀਰ-ਫਾੜ ਕਰਕੇ। ਅਧ-ਮੁਸ਼ਕੀ ਪਈ ਤੀ। ਜੇ ਥੋੜੀ 'ਡੀਕ ਕਰਦੇ ਤਾਂ ਵਿਚਾਰੇ ਦੀ ਮਿੱਟੀਓ ਬਦੀਨ ਹੁੰਦੀ।''

''ਐਂ ਕਿਉਂ ਨੀ ਦਿੱਤੀ?''

''ਬੱਸ ਪੈਸੇ ਖਾਣ ਦੇ ਢੰਗ ਤੀ ਸਾਰੇ। ਗਹਾਂ ਕਿਸੇ ਨੂੰ ਕਹਿ-ਕਹਾ ਕੇ ਮਸਾਂ ਲੋਥਾਂ ਲਈਆਂ ਤੀ। ਨਾਲੇ ਸਿੰਦੂ ਹੁਣ ਤੂੰ ਅਵਦੇ ਘਰ ਈ ਰਹੀਂ ਭਾਈ। ਕੱਲੇ ਜਵਾਕ ਦਾ ਕੀ ਵੱਟੀਂ ਦੈ। ਜੋਣੇ ਮਗਰੋਂ ਪੁਲਸ ਨੇ ਇਹਦਾ ਵਿਚਾਰੇ ਦਾ ਗਧੀ-ਗੇੜ ਪਾਈ ਰੱਖਿਆ। ਕੁੱਟ ਕੁੱਟ ਕੇ ਮੱਛੀਓ-ਮਾਂਹ ਕਰਤਾ ਜਵਾਕ।'' ਸਰਵਣ ਨੇ ਸਿੰਦੂ ਨੂੰ ਉਸ ਦੇ ਗਏ ਤੋਂ ਬਾਅਦ ਹੋਈ ਵਾਪਰੀ ਸਾਰੀ ਸੁਣਾ ਦਿੱਤੀ।

ਸਿੰਦੂ ਦੁੱਖਾਂ ਨਾਲ ਲੱਦਿਆ, ਹਾਉਕਾ ਲੈ ਕੇ ਘਰ ਨੂੰ ਤੁਰ ਆਇਆ।

-0-0-

ਛੱਗੜ ਹੋਰਾਂ 'ਤੇ ਛਾਪਾ ਲੁੱਟਰ ਵਾਲੇ ਪੰਮੀ ਨੇ ਹੀ ਮਰਵਾਇਆ ਸੀ। ਪੰਮੀ ਦੇ ਘਰ ਵਾਲਿਆਂ ਨੇ ਪੰਮੀ ਦਾ ਨਾਮ ਕਢਵਾਉਣ ਲਈ ਆਪਣੀ ਰਿਸ਼ਤੇਦਾਰੀ 'ਚੋਂ ਹੌਲਦਾਰ ਕੋਲ ਗੱਲ ਕੀਤੀ ਸੀ। ਹੌਲਦਾਰ ਨੇ ਇਹ ਘੁੰਡੀ ਦੱਸੀ ਸੀ ਕਿ ਉਹ ਪੁਲਸ ਦੀ ਮਦਦ ਕਰਕੇ ਆਪਣੇ ਬਾਕੀ ਸਾਥੀਆਂ ਨੂੰ ਫੜਾ ਦੇਵੇ। ਇਸ ਤਰ੍ਹਾਂ ਕਰਨ ਨਾਲ ਉਹ ਵਾਲ ਵਾਲ ਬਚ ਜਾਵੇਗਾ। ਪਹਿਲਾਂ ਤਾਂ ਪੰਮੀ ਡਰਦਾ ਮੰਨਿਆ ਨਹੀਂ ਸੀ ਫਿਰ ਜਦ ਹੌਲਦਾਰ ਨੇ ਉਸਦੀ ਜ਼ਿੰਮੇਵਾਰੀ ਲੈ ਕੇ ਪੰਮੀ ਨੂੰ ਸਾਰੀ ਗੱਲ ਸਮਝਾ ਦਿੱਤੀ ਤਾਂ ਉਸਨੇ 'ਹਾਂ' ਵਿੱਚ ਸਿਰ ਹਿਲਾ ਦਿੱਤਾ ਸੀ। ਪਹਿਲਾਂ ਤਾਂ ਇਸ ਗੱਲ ਦਾ ਕਿਸੇ ਨੂੰ ਪਤਾ ਨਹੀਂ ਸੀ ਲੱਗਿਆ। ਜਦ ਰੋਹੀ ਹੋਰਾਂ ਦੇ ਮਰਨ ਤੋਂ ਬਾਅਦ ਪੰਮੀ ਸ਼ਰੇਆਮ ਪਿੰਡ ਵਿੱਚ ਫਿਰਨ ਲੱਗ ਪਿਆ ਤਾਂ ਹੌਲੀ ਹੌਲੀ ਲੁੱਟਰ ਅਤੇ ਗੱਗੜਪੁਰ ਦੇ ਲੋਕਾਂ ਨੂੰ ਸਾਰੇ ਮਾਮਲੇ ਦੀ ਭਿਣਕ ਪੈ ਗਈ ਸੀ। ਪੰਮੀ ਦੇ ਇਸ ਕਾਰੇ ਦੀ ਦੋਵਾਂ ਪਿੰਡਾਂ ਦੇ ਗਲੀ ਮੋੜਾਂ 'ਤੇ ਚਰਚਾ ਹੋਈ ਸੀ। ਸਿੰਦੂ ਨੂੰ ਵੀ ਇਸ ਗੱਲ ਦਾ ਪਤਾ ਲੱਗ ਗਿਆ ਸੀ ਪਰ ਹੁਣ ਭਾਣਾ ਮੰਨਣ ਦੇ ਇਲਾਵਾ ਉਸਦੇ ਹੱਥ-ਵਸ ਕੁਝ ਨਹੀਂ ਸੀ। ਸਿੰਦੂ ਨੂੰ ਤਾਂ ਆਪਣਾ ਢਿੱਡ ਭਰਨ ਦੀ ਸੋਚ ਪਹਿਲਾਂ ਸੀ।

ਸਿੰਦੂ, ਰੋਹੀ ਦੇ ਭੋਗ ਤੋਂ ਦੋ ਦਿਨ ਬਾਅਦ ਤੱਕ ਪਿੰਡ ਹੀ ਰਿਹਾ। ਉਹ ਉਦਾਸਿਆ ਜਿਹਾ ਘਰ ਬਰਾਂਡੇ ਵਿੱਚ ਹੀ ਪਿਆ ਰਹਿੰਦਾ ਜਾਂ ਬਾਹਰ ਚੌਂਕੜੀ 'ਤੇ ਜਾ ਬੈਠਦਾ। ਅੱਜ ਵੀ ਉਹ ਰਾਜੂ ਦੀ ਉਡੀਕ ਵਿੱਚ ਬਾਹਰ ਚੌਂਕੜੀ 'ਤੇ ਬੈਠਾ ਸੀ। ਰਾਜੂ ਸਰਵਣ ਤਾਏ ਕੇ ਘਰੋਂ ਰੋਟੀ ਲੈਣ ਗਿਆ ਅਜੇ ਮੁੜਿਆ ਨਹੀਂ ਸੀ। ਚੌਂਕੜੀ ਉੱਤੇ ਜੁੜੀ ਮੁੰਡੀਰ ਦੀਆਂ ਗੱਲਾਂ ਵੱਲ ਸਿੰਦੂ ਦਾ ਭੋਰਾ ਧਿਆਨ ਨਹੀਂ ਸੀ। ਉਸਦੀ ਤਾਂ ਓਦੋਂ ਹੀ ਸੁਰਤੀ ਟੁੱਟੀ ਜਦ ਨਾਜ਼ਰ ਦੇ ਮੁੰਡੇ ਕੋਚੀ ਨੇ ਸਿੰਦੂ ਦਾ ਮੋਢਾ ਦੱਬਦਿਆਂ ਪੁੱਛਿਆ ਸੀ, ''ਭਲਾਂ ਤਾਏ! ਲੁੱਟਰ ਆਲੇ ਪੰਮੀ ਨੇ ਈ ਛਾਪਾ ਮਰਵਾਇਆ ਤੀ ਚਾਚੇ ਰੋਹੀ ਹੋਰਾਂ ਤੇ?''

''ਹੈਂ? ਹਾਂ! ਸੁਣਦੇ ਤਾਂ ਭਾਈ ਏਹੀ ਆਂ, ਬਾਕੀ ਰੱਬ ਜਾਣਦੈ।''

''ਸਾਰਾ ਕੁਛ ਏਸੇ ਨੇ ਈ ਕਰਿਐ। ਤਾਂਹੀਂ ਤਾਂ ਹੁਣ ਬਿਨਾਂ ਡਰ-ਭੌਂ ਤੋਂ ਪਿੰਡ 'ਚ ਗੇੜੇ ਦਿੰਦਾ ਫਿਰਦਾ ਰਹਿੰਦੈ। ਦਾੜ੍ਹੀ ਜੜੀਂ ਲਵਾ ਰੱਖੀ ਐ, ਬੋਦੀਆਂ ਛੱਡ ਰੱਖੀਆਂ ਨੇ।'' ਜੇਠੂ ਨੇ ਕੋਚੀ ਦੀ ਗੱਲ 'ਤੇ ਆਪਣੀ ਪੱਕੀ ਮੋਹਰ ਲਾ ਦਿੱਤੀ।

''ਅੱਛਿਆ ਜੀ!'' ਕੋਚੀ ਨੇ ਹੈਰਾਨੀ ਵਿੱਚ ਮੂੰਹ ਟੱਡ ਲਿਆ।

''ਮੈਂ ਤਾਂ ਸੁਣਿਆ ਤੀ ਇਹਨਾਂ ਸਾਰਿਆਂ ਦਾ ਪੈਸਾ-ਟਕਾ ਵੀ ਪੰਮੀ ਕੋਲ ਈ ਹੁੰਦਾ ਤੀ।'' ਵਿੱਚੋਂ ਇੱਕ ਹੋਰ ਬੋਲਿਆ।

''ਕਾਹਨੂੰ ਹੁੰਦਾ ਤੀ। ਲੋਕ ਉਈਂ ਸ਼ੋਸ਼ੇ ਛੱਡ ਦਿੰਦੇ ਨੇ। ਪੈਸੇ-ਟਕੇ ਦਾ ਹਿਸਾਬ ਤਾਂ ਸਾਰਾ ਛੱਗੜ ਰੱਖਦਾ ਤੀ।'' ਜੇਠੂ ਪੱਕੇ ਜਾਣਕਾਰ ਵਾਂਗ ਦੱਸ ਰਿਹਾ ਸੀ।

''ਛੱਗੜ ਵੀ ਕਹਿੰਦੇ ਪੈਸੇ-ਪ੍ਰਸੇ ਦੇ ਕੇ ਨਾਂਓ ਕਢਵਾਉਂਦਾ ਫਿਰਦੈ ਅਵਦਾ।'' ਕੈਲੇ ਦਾ ਮੁੰਡਾ ਸਮਸ਼ੇਰ ਬੋਲਿਆ।

''ਹੋ ਸਕਦੈ ਭਾਈ।'' ਵਿੱਚੋਂ ਇੱਕ ਨੇ ਗੱਲ ਦਾ ਹੁੰਗਾਰਾ ਭਰ ਦਿੱਤਾ।

''ਓਹ ਕਿਹੜਾ ਆਉਂਦੈ ਅੱਧੀ ਰਾਤ ਨੂੰ ਰੇਹੜਾ ਲਈਂ।'' ਸਮਸ਼ੇਰ ਨੇ ਸਾਰਿਆਂ ਦਾ ਧਿਆਨ ਸੂਏ ਦਾ ਪੁਲ ਟੱਪ ਕੇ ਪਿੰਡ ਵੱਲ ਆ ਰਹੇ ਰੇਹੜੇ ਵੱਲ ਮੋੜ ਦਿੱਤਾ।

''ਉਹ ਤਾਂ ਟੱਲੀ ਲੱਗਦੈ।''

''ਕੰਜਰ ਨੂੰ ਪੁੱਛਣ ਆਲਾ ਹੋਵੇ ਹੁਣ ਕੱਖਾਂ ਦਾ ਵੇਲੈ।''

''ਸੱਚ ਭਾਈ ਟੱਲੀ ਦੀ ਗੱਲ ਦੱਸਾਂ!'' ਸਮਸ਼ੇਰ ਨੇ ਸਾਰਿਆਂ ਦੇ ਚਿਹਰਿਆਂ 'ਤੇ ਨਜ਼ਰ ਫੇਰੀ। ਜਦ ਉਸਨੂੰ ਸਾਰਿਆਂ ਦਾ ਧਿਆਨ ਆਪਣੇ ਵੱਲ ਹੋਣ ਦੀ ਤਸੱਲੀ ਹੋ ਗਈ ਤਾਂ ਉਹ ਅੱਗੇ ਬੋਲਿਆ, ''ਟੱਲੀ ਮੇਰੇ ਤਾਏ ਕੋਲੇ ਆ ਗਿਆ। ਕਹਿੰਦਾ ਚਾਚਾ ਜੀ ਮੇਰੀ ਦੇਵੇ ਨਾਲ ਸਾਂਝੀ ਵਿਹੜੇ ਆਲੀ ਕੰਧ ਡਿੱਗ ਪਈ। ਮੈਂ ਵਥੇਰੇ ਵਾਰੀ ਕਹਿਤਾ ਉਹਨੂੰ, ਵੀ ਆਪਾਂ ਕੰਧ ਕੱਢ ਲੈਨੇ ਆਂ। ਉਹ ਮੇਰੀ ਗੱਲ ਈ ਨੀ ਸੁਣਦਾ। ਤੂੰ ਕਹੀਂ ਚਾਚਾ ਜੀ ਉਹਨੂੰ। ਮੇਰਾ ਤਾਇਆ ਕਹਿੰਦਾ, 'ਇਹ ਵੀ ਕੋਈ ਖਾਸ ਗੱਲ ਐ। ਤੇਰੇ ਕਿਹੜਾ ਹੁਣ ਕੋਈ ਕੁੜੀ ਐ। ਪਾ ਕੇ ਸੜੀ ਜੀ ਨਿੱਕਰ, ਵਿਹੜੇ 'ਚ ਤੜਕੀਂ ਚਾਰ ਗੇੜੇ ਦੇਤੇ। ਜੇ ਤੜਕੇ ਨੂੰ ਕੰਧ ਨਾ ਕੱਢਣ ਲੱਗਿਆ ਮੈਨੂੰ ਕਹਿੰਦੀਂ।' ਟੱਲੀ ਨੇ ਤਾਂ ਭਾਈ ਤਾਏ ਆਲੀ ਗੱਲ ਈ ਕੀਤੀ। ਦੇਵੇ ਨੇ ਦੂਜੇ ਦਿਨ ਕੰਧ ਕੱਢਤੀ।''

ਸਿੰਦੂ ਨੂੰ ਸਾਰਿਆਂ ਦਾ ਹਾਸਾ ਕੰਡਿਆਂ ਵਾਂਗ ਲੱਗਿਆ। ਉਹ ਰਾਜੂ ਨੂੰ ਆਉਂਦਾ ਵੇਖ ਕੇ, ਉੱਠ ਕੇ ਘਰ ਨੂੰ ਤੁਰ ਪਿਆ। ''ਹੁਣ ਵੇਲੈ ਕੋਈ ਓਏ ਕੱਖਾਂ ਦਾ।'' ਜੱਗੀ ਦੀ ਨੇੜੇ ਆਏ ਟੱਲੀ ਨੂੰ ਕਹੀ ਗੱਲ ਤੁਰੇ ਜਾਂਦੇ ਸਿੰਦੂ ਦੇ ਕੰਨਾਂ ਵਿੱਚ ਮੱਲੋ-ਮੱਲੀ ਵੜ ਗਈ।

''ਬਾਹਲਾ ਈ ਚਿਰ ਲਾ ਆਇਆ ਰਾਜੂ।'' ਸਿੰਦੂ ਅੰਦਰ ਮੰਜੇ 'ਤੇ ਆ ਬੈਠਿਆ।

''ਟੋਕਾ ਕੁੱਟਣ ਆਲਾ ਪਿਆ ਤੀ। ਇੱਕ ਵਿਚਾਲੇ ਪਟਾ ਟੁੱਟ ਗਿਆ, ਤਾਂ ਚਿਰ ਲੱਗ ਗਿਆ ਜਿਆਦੇ ਤਾਂ। ਤੂੰ ਰੋਟੀ ਖਾ ਲੈਂਦਾ ਬਾਪੂ ਅੰਦਰ ਪਈਆਂ ਨੇ ਪੋਣੇ 'ਚ ਬੰਨ੍ਹੀਆਂ।'' ਰਾਜੂ ਨੇ ਧਾਰ ਕੱਢਣ ਲਈ ਬਾਲਟੀ ਚੁੱਕ ਲਈ।

''ਤੂੰ ਖਾ ਲੀ?''

''ਮੈਂ ਤਾਂ ਤਾਏ ਕੇ ਈ ਖਾ ਆਇਆ ਤੀ।''

''ਅੱਛਿਆ, ਖਾ ਲਊਂਗਾ।''

''ਕਿੰਨਾ ਕ ਦੇ ਦਿੰਦੀ ਐ ਹੁਣ ਦੁੱਧ ਏਹੇ?'' ਰਾਜੂ ਜਦੋਂ ਧਾਰ ਕੱਢ ਲਿਆਇਆ, ਸਿੰਦੂ ਨੇ ਪੁੱਛਿਆ।

''ਇੱਕ ਡੰਗ ਦਾ ਡੂਢ ਕ ਕਿੱਲੋ ਦੇ ਦਿੰਦੀ ਐ।''

''ਚਲ ਚੰਗੈ ਜਿਹੜਾ ਦਿੰਦੀ ਐ। ਤੂੰ ਹੁਣ ਆਪ ਕੀ ਕਰਦਾ ਹੁੰਨੈ?''

''ਮੈਂ ਤਾਂ ਤਾਏ ਕੇ ਖੇਤ ਈ ਕਰਵਾਉਨਾ ਹੁੰਨਾ ਮਾੜਾ-ਮੋਟਾ ਕੰਮ ਧੰਦਾ ਜਾ।''

''ਮੈਂ ਕੱਲ੍ਹ ਨੂੰ ਜਾਊਂਗਾ ਤੇਰੀ ਭੂਆ ਕੋਲੇ, ਫੇਰ ਇੱਕ-ਦੋ ਦਿਨਾਂ ਨੂੰ ਮੁੜੇ ਆਊਂਗਾ ਸਾਰਾ ਕੱਪੜਾ-ਲੀੜਾ ਲੈ ਕੇ।''

''ਚੰਗਾ।'' ਰਾਜੂ ਨੇ ਬੇਪਰਵਾਹਾਂ ਵਾਂਗ ਜਵਾਬ ਦਿੱਤਾ।

ਸਿੰਦੂ ਅਗਲੇ ਦਿਨ ਆਪਣੀ ਭੈਣ ਕੋਲ ਚੱਕੀਂ ਚਲਾ ਗਿਆ। ਉਹ ਜਾਣ ਸਾਰ ਆਪਣਾ ਕੱਪੜਾ-ਲੀੜਾ ਸਮੇਟਣ ਲੱਗ ਪਿਆ। ਉਸਦੀ ਭੈਣ ਤੋਂ ਬਿਨਾਂ ਘਰ ਦੇ ਹੋਰ ਕਿਸੇ ਜੀਅ ਨੇ ਉਸਨੂੰ ਇੱਕ ਵਾਰੀ ਵੀ ਰੁਕਣ ਲਈ ਨਾ ਕਿਹਾ। ਸਾਰਾ ਟੱਬਰ ਤਾਂ ਚਾਹੁੰਦਾ ਸੀ ਕਿ ਕਦ ਉਹ ਉਨ੍ਹਾਂ ਦੇ ਗਲੋਂ ਲਹੇ। ਹੁਣ ਤਾਂ ਉਸਦਾ ਜੀਜਾ ਵੀ ਆਨੀ-ਬਹਾਨੀ ਸਿੰਦੂ ਨੂੰ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਦੀ ਸੂੜ ਧਰ ਲੈਂਦਾ ਸੀ। ਸਿੰਦੂ ਨੌਕਰੀ ਤੋਂ ਬਰਖਾਸਤ ਕੀਤੇ ਮੁਲਾਜ਼ਮ ਵਾਂਗ ਮੂੰਹ ਜਿਹਾ ਲਟਕਾਈ ਤੀਜੇ ਦਿਨ ਹੀ ਪਿੰਡ ਆ ਗਿਆ।

ਪਿੰਡ ਆ ਕੇ ਉਹ ਹੋਰ ਵੀ ਉਦਾਸ ਹੋ ਗਿਆ। ਖੇਤ ਵਿਕ ਗਏ ਸਨ, ਕੰਮ ਖੁੱਸ ਗਿਆ ਸੀ। ਸਾਰਾ ਦਿਨ ਘਰ ਪਏ ਦਾ ਵੀ ਨਹੀਂ ਲੰਘਦਾ ਸੀ। ਜੱਟ ਦਾ ਪੁੱਤ ਹੋ ਕੇ ਦਿਹਾੜੀ ਕਰਨੋ ਨੱਕ ਵੱਟਦਾ ਸੀ। ਉਹ ਰੋਜ਼ ਸੋਚਾਂ ਦੇ ਘੋੜੇ ਦੜਾਉਂਦਾ। ਹੁਣ ਕੀ ਕਰਾਂ? ਕਿੱਧਰ ਜਾਵਾਂ? ਸਰਵਣ ਤਾਏ ਕੇ ਵੀ ਵਿਹਲੇ ਨੂੰ ਕਿੰਨਾ ਕੁ ਚਿਰ ਰੋਟੀ ਦੇ ਦੇਣਗੇ? ਅਖੀਰ ਇੱਕ ਦਿਨ ਉਹ ਭਗਵੇਂ ਪਾ ਕੇ ਡੇਰੇ ਜਾ ਬੈਠਿਆ। ਡੇਰੇ ਦੇ ਸਾਧ ਨੇ ਸਿਰ 'ਤੇ ਬਾਵਾ ਰੰਗਾ ਪਰਨਾ ਬੰਨ੍ਹ ਕੇ, ਸਲੇਟ 'ਤੇ ਲਿਖੇ ਅੱਖਰਾਂ ਵਾਂਗ ਸਿੰਦੂ ਦੀ ਹੋਂਦ ਸਦਾ ਲਈ ਮਿਟਾ ਦਿੱਤੀ ਅਤੇ ਉਸਦਾ ਨਵਾਂ ਨਾਮਕਰਨ 'ਨੌਮੀ ਦਾਸ' ਕਰ ਦਿੱਤਾ।

ਹਨ੍ਹੇਰੀ 'ਚ ਉੱਡੀ ਖੱਖਰ ਵਾਂਗ ਸਿੰਦੂ ਦੇ ਸਾਧ ਬਣਨ ਦੀ ਗੱਲ ਕਿੰਨਾ ਚਿਰ ਪਿੰਡ ਵਿੱਚ ਉੱਡੀ ਫਿਰਦੀ ਰਹੀ। ਪਿੰਡ ਦੀਆਂ ਬੁੜੀਆਂ ਮੂੰਹ ਜੋੜ ਜੋੜ ਗੱਲਾਂ ਕਰਦੀਆਂ। ਖੁੰਢਾਂ ਉੱਤੇ ਸਿੰਦੂ ਨੂੰ ਲੈ ਕੇ ਗੱਲਾਂ ਰਿੜ੍ਹਕੀਆਂ ਜਾਂਦੀਆਂ। ਫਿਰ ਹੌਲੀ ਹੌਲੀ ਲੋਕ ਇਹ ਅਲੋਕਾਰ ਗੱਲ ਭੁੱਲ-ਭੁਲਾ ਗਏ। ਜਿਵੇਂ ਲੋਕਾਂ ਨੇ ਹੁਣ ਸਿੰਦੂ ਨੂੰ ਨੌਮੀ ਦਾਸ ਦੇ ਰੂਪ ਵਿੱਚ ਖਿੜੇ ਮੱਥੇ ਸਵੀਕਾਰ ਕਰ ਲਿਆ ਹੋਵੇ। ਹੁਣ ਤਾਂ ਸਿੰਦੂ ਪਿੰਡ 'ਚੋਂ ਡਾਲੀ ਮੰਗਦਾ ਵੀ ਲੋਕਾਂ ਨੂੰ ਓਪਰਾ ਨਹੀਂ ਸੀ ਲੱਗਦਾ। ਕਈ ਤਾਂ ਉਸਨੂੰ ਹੱਥ ਖੜ੍ਹਾ ਕਰਕੇ 'ਮ...ਹਾ...ਰਾ...ਜ...ਜੀ...' ਵੀ ਬੋਲਦੇ ਸਨ ਤੇ ਅੱਗੋਂ ਸਿੰਦੂ ਗੂੜ੍ਹ ਗਿਆਨੀ ਸਾਧਾਂ ਵਾਂਗ 'ਹਰੇ ਰਾਮ ਭਾਈ' ਕਹਿ ਦਿੰਦਾ ਸੀ। ਕਦੇ ਕਦੇ ਉਹ ਘਰ ਵੀ ਗੇੜਾ ਮਾਰਦਾ। ਰਾਜੂ ਨੂੰ ਥੋੜ੍ਹੇ ਬਹੁਤੇ ਰੁਪਏ ਵੀ ਦੇ ਜਾਂਦਾ।

ਰੋਡੀ ਹੁਣ ਰਾਜੂ ਕੋਲ ਹੀ ਜਿਆਦਾ ਰਹਿੰਦੀ। ਸਰਵਣ ਤਾਇਆ ਚਾਹੇ ਰੋਡੀ ਨਾਲ ਜਿੰਨੀ ਮਰਜੀ ਹਮਦਰਦੀ ਰੱਖਦਾ ਸੀ ਪਰ ਉਸਦੀ ਉਮਰ ਨਾਲ ਉਸਦੀ ਪੁੱਗਤ ਵੀ ਘਟਦੀ ਗਈ ਸੀ। ਹੁਣ ਉਹ ਆਪਣੀ ਹੈਂਕੜ ਨਹੀਂ ਪੁਗਾ ਸਕਦਾ ਸੀ। ਸਰਵਣ ਦੀ ਗੱਦੀ ਹੁਣ ਉਸਦੀ ਨੂੰਹ ਨੇ ਖੋਹ ਲਈ ਸੀ। ਉਹ ਰੋਡੀ ਤੋਂ ਨੱਕ-ਬੁੱਲ੍ਹ ਕੱਢਣ ਲੱਗ ਪਈ ਸੀ। ਰੇਹੀ ਕਾਲੇ ਦੌਰ ਦੇ ਮੂੰਹ ਜਾ ਪਿਆ ਸੀ। ਸਿੰਦੂ ਸਾਧ ਬਣ ਗਿਆ। ਰੋਡੀ ਦਾ ਕੋਈ ਵਾਲੀ-ਵਾਰਿਸ ਨਹੀਂ ਰਿਹਾ ਸੀ। ਸਰਵਣ ਦੀ ਨੂੰਹ ਨੂੰ ਇਸ ਗੱਲ ਦਾ ਡਰ ਸੀ ਕਿ ਕਿਤੇ ਰੋਡੀ ਮਰੇ ਸੱਪ ਵਾਂਗ ਉਹਨਾਂ ਦੇ ਗਲ ਹੀ ਨਾ ਪੈ ਜਾਵੇ। ਉਹ ਉਸਨੂੰ ਆਨੀ-ਬਹਾਨੀ ਦੁਰਕਾਰਦੀ ਰਹਿੰਦੀ। ਰੋਡੀ ਵੀ ਪਿਆਰ, ਨਫ਼ਰਤ ਨੂੰ ਸਮਝਦੀ ਸੀ। ਉਹ ਹੁਣ ਸਰਵਣ ਤਾਏ ਦੇ ਘਰ ਘੱਟ-ਵੱਧ ਹੀ ਜਾਂਦੀ।

ਰਾਜੂ ਤੇ ਰਾਣੀ ਹਨ੍ਹੇਰੇ-ਸਵੇਰੇ ਮਿਲਦੇ ਰਹਿੰਦੇ ਸਨ। ਉਹ ਆਪਣੇ ਵੱਲੋਂ ਚਾਹੇ ਜਿੰਨੀ ਮਰਜੀ ਚੌਕਸੀ ਰੱਖਦੇ ਸੀ ਪਰ ਕੁੱਤੇ ਦੀ ਸੁੰਘਣੀ ਵਾਲੇ ਮਰਦ-ਤੀਵੀਆਂ ਨੇ ਉਨ੍ਹਾਂ ਦੀ ਪਿਆਰ ਕਹਾਣੀ ਦੀ ਪੈੜ ਸੁੰਘ ਹੀ ਲਈ ਸੀ। ਰਾਣੀ ਦੇ ਮਾਸੜ ਅਤੇ ਮਾਸੀ ਨੂੰ ਵੀ ਗੱਲ ਦਾ ਥੋੜ੍ਹਾ ਥੋੜ੍ਹਾ ਝਾਉਲਾ ਜਿਹਾ ਪੈ ਗਿਆ ਸੀ। ਰਾਣੀ ਦਾ ਕੋਠੇ ਚੜ੍ਹਨਾ, ਕਿੰਨਾ ਕਿੰਨਾ ਚਿਰ ਚੁਬਾਰੇ ਵਿੱਚ ਖੜ੍ਹੀ ਰਹਿਣਾ ਹੀ ਉਸ 'ਤੇ ਸ਼ੱਕ ਕਰਵਾਉਂਦਾ ਸੀ। ਪਿੰਡ ਦੇ ਜਿੰਨ੍ਹਾਂ ਮੁੰਡਿਆਂ ਨੇ ਰਾਣੀ ਦੇ ਅੱਗੇ-ਪਿੱਛੇ ਗੇੜੇ ਲਾਏ ਸੀ, ਉਹ ਰਾਣੀ ਦੀ ਰਾਜੂ ਨਾਲ ਗੱਲ ਸੁਣ ਕੇ, ਸੜ ਕੇ ਕੋਲੇ ਹੋ ਗਏ ਸਨ। ਉਨ੍ਹਾਂ ਨੂੰ ਮਹਿਸੂਸ ਹੁੰਦਾ ਜਿਵੇਂ ਰਾਜੂ ਉਹਨਾਂ ਦਾ ਹੱਕ ਖੋਹ ਕੇ ਖਾ ਗਿਆ ਹੋਵੇ। ਪਿੰਡ ਦੀ ਜਿਸ ਇੱਕਾ-ਦੁੱਕਾ ਤੀਵੀਂ ਨੂੰ ਰਾਣੀ ਤੇ ਰਾਜੂ ਦੀ ਗੱਲ ਦਾ ਪਤਾ ਲੱਗਿਆ ਸੀ ਉਹ ਹੈਰਾਨ ਹੋ ਹੋ ਅੱਗੇ ਹੋਰ ਤੀਵੀਂਆਂ ਦੇ ਕੰਨਾਂ ਵਿੱਚ ਚੋਂਦੀ।

''ਨੀ ਜਿਹੜੀ ਜੱਗੇ ਦੀ ਭਤੀਜੀ ਨੀ ਹੈ!''

''ਹਾਂ।'' ਤਾਂ ਦੂਜੀ ਗੱਲ ਸੁਣਨ ਲਈ ਹੋਰ ਨੇੜੇ ਹੋ ਜਾਂਦੀ।

''ਮੈਂ ਸੁਣਿਐ ਉਹ ਰਾਜੂ ਨਾਲ ਖੇਹ ਖਾਂਦੀ ਫਿਰਦੀ ਐ।''

''ਕਿਹੜਾ ਰਾਜੂ?''

''ਨੀ ਆਹ ਸਿੰਦੂ ਕਾ ਭਈਆ ਜਾ।''

''ਅੱਛਿਆ!'' ਦੂਜੀ ਹੈਰਾਨੀ ਵਿੱਚ ਅੱਖਾਂ ਟੱਡਦੀ ਫਿਰ ਨੱਕ ਜਿਹਾ ਚੜ੍ਹਾਉਂਦੀ ਅੱਗੇ ਕਹਿੰਦੀ, ''ਲੈ...... ਹੋਣ...... ਅੱਜ-ਕੱਲ੍ਹ ਦੀਆਂ ਕੁੜੀਆਂ ਨੂੰ ਤਾਂ ਰੱਬ ਲੈਣ ਆਇਐ। ਨਾਂਹ ਜੱਗੇ ਨੂੰ ਨੀ ਪਤਾ ਲੱਗਿਆ? ਉਹਦੇ ਕੀ ਅੱਖਾਂ 'ਤੇ ਪੱਟੀ ਬੰਨ੍ਹੀ ਐ।''

''ਪਤਾ ਤਾਂ ਹੋਊ। ਹੁਣ ਕੀ ਪਤੈ ਭਾਈ ਅਗਲਾ ਕਿਹੜੀ ਗੱਲੋਂ ਨੀ ਬੋਲਦਾ।'' ਪਹਿਲੀ ਬੁੱਲ੍ਹਾਂ 'ਚ ਗੁੱਝਾ ਜਿਹਾ ਮੁਸਕਰਾਉਂਦੀ, ਅਗਲੀ ਨੂੰ ਹੈਰਾਨ ਖੜ੍ਹੀ ਨੂੰ ਛੱਡ ਕੇ ਅੱਗੇ ਤੁਰ ਜਾਂਦੀ।

ਕਦੇ ਕਦੇ ਚੌਂਕੜੀ 'ਤੇ ਬੈਠੇ ਮੁੰਡਿਆਂ ਵਿੱਚ ਵੀ ਰਾਜੂ ਤੇ ਰਾਣੀ ਦੇ ਪਿਆਰ ਦੀ ਵਾਰਤਾ ਛਿੜ ਪੈਂਦੀ ਸੀ। ਇਸ ਤਰ੍ਹਾਂ ਲੋਕ ਕਿੰਨੇ ਮਹੀਨੇ ਮੂੰਹਾਂ ਦੇ ਭੇੜ ਕਰਦੇ ਰਹੇ। ਸਮਾਂ, ਦਿਨਾਂ-ਮਹੀਨਿਆਂ ਨੂੰ ਅੱਖਾਂ ਵਿਖਾਉਂਦਾ ਅੱਗੇ ਸਰਕਦਾ ਰਿਹਾ। ਸਰੋਂਆਂ ਦੇ ਪੀਲੇ ਫੁੱਲ ਫਲੀਆਂ ਵਿੱਚ ਬਦਲ ਗਏ। ਕਣਕਾਂ ਨੂੰ ਸੋਨੇ ਰੰਗਾ ਰੰਗ ਚੜ੍ਹ ਗਿਆ। ਸਿਆਲ ਦੀ ਰੁੱਤ ਗਰਮੀ ਵੱਲ ਸਰਕਣ ਲੱਗੀ। ਨਾਲ ਹੀ ਸਰਕਦੀ ਰਹੀ ਰਾਜੂ ਤੇ ਰਾਣੀ ਦੀ ਪਿਆਰ ਕਹਾਣੀ।

-0-0-

ਅੱਜ ਰਾਜੂ ਘਰ ਦੀਆਂ ਸਾਰੀਆਂ ਲਾਈਟਾਂ ਬੁਝਾਈ, ਬਰਾਂਡੇ ਵਿੱਚ ਬੈਠਾ ਰਾਣੀ ਨੂੰ ਉਡੀਕ ਰਿਹਾ ਸੀ। ਸਮਾਂ ਦਸ ਤੋਂ ਉਪਰ ਲੰਘ ਚੁੱਕਿਆ ਸੀ। ਰਾਣੀ ਨੇ ਗਿਆਰਾਂ ਵਜੇ ਆਉਣ ਨੂੰ ਕਿਹਾ ਸੀ। ਰਾਜੂ ਲਈ ਉਡੀਕ ਕਰਨੀ ਔਖੀ ਹੋ ਰਹੀ ਸੀ। ਇੱਕ ਇੱਕ ਮਿੰਟ ਇੱਕ ਇੱਕ ਘੰਟੇ ਵਾਂਗ ਬੀਤ ਰਿਹਾ ਸੀ। ਰਾਜੂ ਅੱਚਵੀ ਜਿਹੀ ਕਰਦਾ ਮੰਜੇ 'ਚੋਂ ਉੱਠ ਖੜ੍ਹਿਆ। ਸਬਾਤ ਦਾ ਬਾਰ ਖੋਲ੍ਹ ਕੇ ਵੇਖਿਆ, ਰੋਡੀ ਮੰਜੇ 'ਚ ਘੂਕ ਸੁੱਤੀ ਪਈ ਸੀ। ਉਹ ਓਵੇਂ ਹੀ ਹੌਲੀ ਦੇਣੇ ਬਾਰ ਭੇੜ ਕੇ ਬਾਹਰਲੇ ਬਾਰ ਨੂੰ ਤੁਰ ਪਿਆ। ਬਾਹਰਲੇ ਬਾਰ ਦਾ ਉਸਨੇ ਕੁੰਡਾ ਨਹੀਂ ਅੜਾਇਆ ਸੀ। ਰਾਣੀ ਨੇ ਉਸਨੂੰ ਆਪ ਕਿਹਾ ਸੀ ਕਿ ਉਹ ਬਾਹਰਲੇ ਬਾਰ ਦਾ ਕੁੰਡਾ ਖੁੱਲ੍ਹਾ ਰੱਖੇ। ਉਹ ਗਿਆਰਾਂ ਕੁ ਦੇ ਲੱਗਭਗ ਜਦੋਂ ਵੀ ਮੌਕਾ ਮਿਲਿਆ ਆ ਜਾਵੇਗੀ। ਰਾਜੂ ਉਂਝੇ ਹੀ ਭੇੜਿਆ ਬਾਰ ਖੋਲ੍ਹ ਕੇ ਬਾਹਰ ਬੀਹੀ ਵਿੱਚ ਆ ਗਿਆ। ਸੂਏ ਦੇ ਪੁਲ ਵੱਲ ਨੂੰ ਕੁੱਤੇ ਭੌਂਕ ਰਹੇ ਸਨ। ਚੰਨ ਅੱਜ ਚੜ੍ਹਿਆ ਨਹੀਂ ਸੀ। ਕਾਲੇ ਧੂੰਏਂ ਵਰਗੇ ਬੱਦਲਾਂ ਨੇ ਤਾਰੇ ਵੀ ਢਕ ਲਏ ਸਨ। ਸੂਏ ਦੇ ਪਾਰ ਬੱਦਲਾਂ 'ਚੋਂ ਕਦੇ ਕਦੇ ਲਿਸ਼ਕਦੀ ਤਾਰ ਜਿਹੀ ਦਿਖਾਈ ਦੇ ਜਾਂਦੀ ਸੀ। ਸਾਹਮਣੇ ਚੌਂਕੜੀ 'ਤੇ ਬਘੇਲੇ ਕਾ ਬੱਲਬ ਜਗ ਰਿਹਾ ਸੀ। ਇੱਕ ਵਾਰ ਤਾਂ ਉਸਦਾ ਜੀਅ ਕੀਤਾ, ਉਹ ਰੋੜਾ ਮਾਰ ਕੇ ਬੱਲਬ ਨੂੰ ਭੰਨ ਦੇਵੇ ਤਾਂ ਕਿ ਰਾਣੀ ਹਨ੍ਹੇਰੀ ਗਲੀ ਵਿੱਚੋਂ ਦੀ ਬਿਨਾਂ ਕਿਸੇ ਡਰੋਂ ਆ ਸਕੇ। ਫਿਰ ਉਹ ਕੁਝ ਹੋਰ ਸੋਚਦਾ ਵਾਪਸ ਬਰਾਂਡੇ ਵਿੱਚ ਮੰਜੇ 'ਤੇ ਆ ਬੈਠਿਆ। ਉਂਝ ਤਾਂ ਉਹ ਸਬਾਤ ਵਿੱਚ ਪੈਂਦਾ ਸੀ ਪਰ ਅੱਜ ਰਾਣੀ ਦੇ ਆਉਣ ਕਰਕੇ ਉਸਨੇ ਮੰਜਾ ਬਰਾਂਡੇ ਵਿੱਚ ਹੀ ਡਾਹ ਲਿਆ ਸੀ। ਪੁਰੇ ਦੀ ਠੰਡੀ ਹਵਾ ਬਰਾਂਡੇ ਵਿੱਚ ਸਿੱਧੀ ਪੈਂਦੀ ਸੀ। ਉਸਨੇ ਚੱਪਲਾਂ ਕੱਢ ਕੇ ਪੈਰ ਮੈਲੀ ਜਿਹੀ ਰਜਾਈ ਵਿੱਚ ਦੇ ਲਏ। ਤੇਜ਼ ਚਲਦੀ ਹਵਾ ਨਾਲ ਜਦੋਂ ਬਾਰ ਖੜਕਦਾ ਰਾਜੂ ਅੱਭੜਵਾਇਆਂ ਵਾਂਗ ਉਠਦਾ, ਭੱਜ ਕੇ ਬਾਹਰ ਵੇਖਦਾ, ਸੁੰਨ-ਸਰਾਂ ਹੁੰਦੀ। ਜਦੋਂ ਸਮਾਂ ਗਿਆਰਾਂ ਤੋਂ ਟੱਪ ਗਿਆ ਤਾਂ ਰਾਜੂ ਦੀ ਉਡੀਕ ਹੋਰ ਬੇਸਬਰੀ ਹੋ ਗਈ। ਉਹ ਬਾਹਰਲੇ ਬਾਰ ਵੱਲ ਪਹਿਰੇਦਾਰ ਵਾਂਗ ਨਿਗ੍ਹਾ ਗੱਡੀ ਬੈਠਾ ਰਿਹਾ।

ਸਾਢੇ ਕੁ ਗਿਆਰਾਂ ਵਜੇ ਬਾਰ ਖੜਕਿਆ ਤਾਂ ਉਸਨੇ ਮੰਜੇ 'ਚੋਂ ਟਿੱਡੀ ਵਾਂਗ ਟਪੂਸੀ ਮਾਰੀ। ਚੱਪਲਾਂ ਪਾ ਕੇ ਅਜੇ ਉਹ ਬਰਾਂਡੇ 'ਚੋਂ ਬਾਹਰ ਹੀ ਆਇਆ ਸੀ, ਰਾਣੀ ਬਾਰ ਲੰਘ ਕੇ ਅੰਦਰ ਆ ਗਈ।

''ਐਨਾ ਲੇਟ ਹੋ ਗਈ?'' ਉਸਨੇ ਰਾਣੀ ਦਾ ਵਿਹੜੇ ਵਿੱਚ ਹੀ ਹੱਥ ਫੜ ਲਿਆ।

''ਮਾਸੀ ਉੱਠੀ ਫਿਰਦੀ ਸੀ, ਜਦੋਂ ਉਹ ਸੁੱਤੀ ਫੇਰ ਆਈ ਆਂ।''

''ਮੈਨੂੰ ਤਾਂ ਐਂ ਹੋ ਗਿਆ ਤੀ ਵੀ ਹੁਣ ਨੀ ਆਉਂਦੀ।''

''ਹਾ...ਏ...ਐਂ ਕਿਉਂ ਨਾ ਆਉਂਦੀ! ਚਾਹੇ ਜਾਨ ਦੇ ਕੇ ਆਉਣਾ ਪੈਂਦਾ, ਆਉਂਦੀ ਜ਼ਰੂਰ।'' ਉਸਨੇ ਰਾਜੂ ਦੀ ਵੱਖੀ ਉਪਰੋਂ ਦੀ ਬਾਂਹ ਵਲ ਲਈ। ਦੋਵੇਂ ਬਰਾਂਡੇ ਵਿੱਚ ਆ ਗਏ। ''ਮੈਨੂੰ ਤਾਂ ਠੰਡ ਚੜ੍ਹ ਗਈ। ਮੈਂ ਤਾਂ ਰਜਾਈ 'ਚ ਪੈਨੀ ਆਂ।'' ਰਾਣੀ ਨੇ ਕਾਹਲੀ ਨਾਲ ਰਜਾਈ 'ਚ ਵੜ ਕੇ ਚਾਰੇ ਲਤ ਦੱਬ ਲਏ।

''ਜੇ ਰਜਾਈ 'ਚ ਈ ਪੈਣਾ ਤੀ ਤਾਂ ਐਡੀ ਦੂਰ ਆਉਣ ਦੀ ਕੀ ਲੋੜ ਤੀ।'' ਰਾਜੂ ਨੇ ਰਾਣੀ ਤੋਂ ਰਜਾਈ ਖਿੱਚ ਕੇ ਪੈਂਦਾਂ 'ਤੇ ਰੱਖ ਦਿੱਤੀ, ਆਪ ਮੰਜੇ 'ਤੇ ਰਾਣੀ ਦੇ ਬਰਾਬਰ ਬੈਠ ਗਿਆ।

''ਹਾਏ ਓਏ ਬਾਪੂ! ਪਾਲਾ ਚਾੜ੍ਹਤਾ।'' ਰਾਣੀ ਨੇ ਨਖਰੇ ਵਿੱਚ ਮੂੰਹ ਬਣਾਉਂਦਿਆਂ ਰਾਜੂ ਦੀ ਹਿੱਕ ਵਿੱਚ ਮੁੱਕੀ ਜੜ ਦਿੱਤੀ।

''ਕਿਉਂ ਮਾਰਦੀ ਐਂ ਵਕਤ ਦੇ ਮਾਰਿਆਂ ਨੂੰ। ਮੈਂ ਤਾਂ ਜਿਉਂਦਾ ਈ ਤੇਰੇ ਕਰਕੇ ਫਿਰਦਾਂ।'' ਰਾਜੂ ਦੇ ਬੋਲਾਂ 'ਚੋਂ ਉਸਦੀ ਗਰੀਬੀ, ਲਾਚਾਰੀ ਝਲਕ ਪਈ।

''ਹੁਣ ਤਾਂ ਮੈਂ ਥੋੜ੍ਹੇ ਜੇ ਦਿਨ ਆਂ ਤੇਰੇ ਕੋਲੇ, ਫੇਰ ਕੀ ਕਰੇਂਗਾ।''

''ਕਿਉਂ ਕੀ ਹੋ ਗਿਆ?'' ਰਾਜੂ ਦਾ ਹੈਰਾਨੀ ਵਿੱਚ ਚਿਹਰਾ ਉਤਰ ਗਿਆ।

''ਮੇਰੇ ਪੇਪਰਾਂ 'ਚ ਵੀਹ ਕ ਦਿਨ ਰਹਿੰਦੇ ਨੇ। ਪੇਪਰਾਂ ਤੋਂ ਬਾਅਦ ਮੈਂ ਵਗ ਜੂੰਗੀ।''

''ਜਾਮੋਂਗੀ ਕਿਉਂ ਉਰੀ ਰਹੀਂ ਗਾਂ।''

''ਕਿਉਂ ਤੇਰੇ ਬਾਪ ਦਾ ਰਾਜ ਐ। ਪੇਪਰਾਂ ਤੋਂ ਬਾਅਦ ਤਾਂ ਮੇਰੇ ਬਾਪ ਨੇ ਇੱਕ ਦਿਨ ਵੀ ਰਹਿਣ ਦੇਣੀ। ਇਹ ਤਾਂ ਪਤਾ ਨੀ ਪੜ੍ਹਾਈ ਵਾਸਤੇ ਆਹ ਦੋ ਸਾਲ ਮੈਂ ਕਿਮੇਂ ਛੱਡ 'ਤੀ।'' ਰਾਣੀ ਆਪਣੇ ਪਿਤਾ ਦੇ ਸੁਭਾਅ ਤੋਂ ਅੰਦਰੋਂ ਦੁਖੀ ਹੋਈ ਬੋਲੀ।

''ਤੇਰੇ ਬਾਪੂ ਅੱਗੇ ਤਾਂ ਮੈਂ ਜਾ ਕੇ ਹੱਥ ਜੋੜ ਲੈਨਾਂ, ਵੀ ਕੁੜੀ ਨੂੰ ਦੋ ਸਾਲ ਹੋਰ ਛੱਡੋ।''

''ਜੇ ਐਨਾ ਹੌਸਲਾ ਕਰਲੇਂਗਾ ਤਾਂ ਉਰੀ ਰੱਖ ਲੈ ਗਾਂ ਆਪਣੇ ਕੋਲੇ।''

''ਨਾ ਭਾਈ ਇਹ ਤਾਂ ਹੱਸਣ ਦੀਆਂ ਗੱਲਾਂ ਨੇ। ਉਰੇ ਕੌਣ ਰਹਿਣ ਦਿੰਦੈ ਆਪਾਂ ਨੂੰ। ਰਹਿਣ ਤਾਂ ਮੈਨੂੰ ਕੱਲੇ ਨੂੰ ਨੀ ਦਿੰਦੇ। ਲੋਕ ਤਾਂ ਆਪਾਂ ਦੋਵਾਂ ਨੂੰ ਵੱਢ ਦੇਣਗੇ। ਫੇਰ ਤਾਂ ਆਪਾਂ ਸਵਰਗਾਂ 'ਚ ਈ ਜਾ ਕੇ ਰਹਾਂਗੇ ਕੱਠੇ।''

''ਹਾਏ ਵੇ! ਐਂ ਭੈੜੇ ਬੋਲ ਕਿਉਂ ਬੋਲਦੈਂ।'' ਰਾਣੀ ਨੇ ਰਾਜੂ ਦੇ ਮੂੰਹ 'ਤੇ ਹੱਥ ਰੱਖ ਦਿੱਤਾ। ''ਰੱਬ ਆਪਾਂ ਨੂੰ ਕਦੇ ਵੱਖ ਨਾ ਕਰੇ।'' ਉਸਨੇ ਰਾਜੂ ਦੀ ਬੁੱਕਲ ਵਿੱਚ ਮੂੰਹ ਲੁਕੋ ਲਿਆ ਜਿਵੇਂ ਸਮਾਜ ਤੋਂ ਡਰਦੀ ਉਹ ਰਾਜੂ ਦੇ ਅੰਦਰ ਲੁਕ ਜਾਣਾ ਚਾਹੁੰਦੀ ਹੋਵੇ।

''ਅੱਗੇ ਤਾਂ ਸਮਾਂ ਦੱਸੂ ਰਾਣੀ, ਕੀ ਕੀ ਵਕਤ ਪੈਂਦੇ ਨੇ।'' ਰਾਜੂ ਦੂਰ ਆਪਣੇ ਭਵਿੱਖ ਨੂੰ ਵੇਖਦਾ ਉਦਾਸ ਹੋ ਗਿਆ।

''ਇਹੋ ਜਿਹੀਆਂ ਗੱਲਾਂ ਨਾ ਮੂੰਹੋਂ ਕੱਢ ਮੇਰੇ ਹਾਣੀਆ! ਰੱਬ ਸਭ ਸੁੱਖ ਰੱਖੂ।'' ਰਾਣੀ ਵਿਸ਼ਵਾਸ ਨਾਲ ਰਾਜੂ ਦੀਆਂ ਅੱਖਾਂ ਵਿੱਚ ਝਾਕੀ।

''ਮੈਨੂੰ ਭੁੱਲੀਂ ਨਾ ਰਾਣੀ। ਬੱਸ ਮੈਨੂੰ ਏਸੇ ਗੱਲ ਦਾ ਬਹੁਤ ਸਹਾਰਾ ਰਹੂ ਵੀ ਮੇਰਾ ਵੀ ਕੋਈ ਹੈਗਾ ਤੀ।''

''ਤੈਨੂੰ ਤਾਂ ਮੈਂ ਸੱਤ ਜਨਮ ਨੀ ਭੁੱਲਦੀ।''

''ਸੱਚੀਂ?''

''ਸਹੁੰ ਤੇਰੀ।'' ਰਾਣੀ ਰਾਜੂ ਨਾਲ ਜੁੜ ਕੇ ਇੱਕ ਹੋ ਗਈ।

-0-0-

ਜਦੋਂ ਸਿੱਖ ਲਗਦੇ ਨਾਲ ਪਰਮਜੀਤ ਪਿਸ਼ਾਬ ਕਰਨ ਲਈ ਉੱਠੀ, ਰਾਣੀ ਦਾ ਖਾਲੀ ਮੰਜਾ ਮੂੰਹ ਚਿੜਾ ਰਿਹਾ ਸੀ। ਉਸਨੇ ਸੋਚਿਆ ਪਿਸ਼ਾਬ ਕਰਨ ਗਈ ਹੋਵੇਗੀ। ਜਦ ਉਹ ਪਰਮਜੀਤ ਦੇ ਪਿਸ਼ਾਬ ਕਰਕੇ ਮੁੜ ਆਉਣ 'ਤੇ ਵੀ ਕਿਧਰੋਂ ਨਾ ਆਈ ਤਾਂ ਉਸਦੇ ਮੱਥੇ ਪਰੇਸ਼ਾਨੀ ਦੀਆਂ ਤਿਊੜੀਆਂ ਹੋਰ ਡੂੰਘੀਆਂ ਹੋ ਗਈਆਂ। ਉਸਨੇ ਗੁਸਲਖਾਨੇ 'ਚ ਵੇਖਿਆ। ਸਾਰੇ ਕਮਰਿਆਂ ਵਿੱਚ ਨਿਗ੍ਹਾ ਮਾਰੀ। ਚੁਬਾਰੇ 'ਚ ਵੀ ਵੇਖ ਆਈ ਪਰ ਰਾਣੀ ਕਿਤੇ ਨਾ ਲੱਭੀ। ਉਹ ਤਾਂ ਜਾਦੂਗਰ ਦੀ ਕਬੂਤਰੀ ਵਾਂਗ ਪਤਾ ਨਹੀਂ ਕਿੱਥੇ ਗਾਇਬ ਹੋ ਗਈ ਸੀ। ਪਰਮਜੀਤ ਉਸ ਘੜੀ 'ਤੇ ਪਛਤਾਉਂਦੀ ਸਾਰਾ ਘਰ ਚੋਰਾਂ ਵਾਂਗ ਫਰੋਲਦੀ ਰਹੀ ਜਦੋਂ ਉਸਨੇ ਜੱਗੇ ਨੂੰ, ਰਾਣੀ ਨੂੰ ਲੈ ਆਉਣ ਲਈ ਕੁਲਹਿਣੀ ਤੋਰਿਆ ਸੀ। 'ਹੇ ਵਾਹਿਗੁਰੂ! ਹੁਣ ਮੈਂ ਕੀ ਕਰਾਂ? ਮੇਰੇ ਦਿਮਾਗ ਨੂੰ ਕਿਉਂ ਪੁੱਠੀ ਭਮਾਈ ਦੇ ਗਈ ਤੀ। ਬਿਗਾਨੀ 'ਲਾਦ ਬਿਨਾਂ ਕਿਹੜਾ ਇਥੇ ਗੱਡਾ ਖੜ੍ਹਾ ਤੀ। ਹੁਣ ਪਤਾ ਨੀ ਅੱਧੀ ਰਾਤ ਨੂੰ ਕੁੱਤੀ ਕਿਹੜੇ ਕੋਲੇ ਗਈ ਹੋਊਗੀ। ਜੇ ਜੱਗੇ ਨੂੰ ਦੱਸਦੀ ਆਂ ਤਾਂ ਵੀ ਮਰਦੀ ਆਂ, ਜੇ ਨਹੀਂ ਦੱਸਦੀ ਤਾਂ ਵੀ ਮਰਦੀ ਆਂ। ਹੁਣ ਤਾਂ ਬਿਗਾਨੀਆਂ ਧੀਆਂ ਕਿਸੇ ਦੇ ਲਿਆਉਣ ਦੀਆਂ ਨੀ।' ਉਹ ਸਿਰ ਫੜੀਂ ਕਿੰਨਾ ਚਿਰ ਬੈਠੀ ਸੋਚਦੀ ਰਹੀ। ਫਿਰ ਉਸਨੇ ਜੱਗੇ ਨੂੰ ਉਠਾਉਣ ਦਾ ਮਨ ਬਣਾ ਲਿਆ।

''ਗੱਲ ਸੁਣਿਓ ਮਾੜੀ ਜੀ.....।'' ਸੌ ਸ਼ੰਕਾਵਾਂ 'ਚ ਘਿਰੀ ਪਰਮਜੀਤ ਨੇ ਜੱਗੇ ਦੀ ਰਜਾਈ ਦਾ ਲੜ ਖਿੱਚਿਆ।

''ਹਾਂ! ਕੀ ਗੱਲ ਹੋ ਗੀ?'' ਜੱਗਾ ਅੱਖਾਂ ਮਲਦਾ ਉੱਠ ਖੜ੍ਹਿਆ।

''ਆਪਣੀ ਰਾਣੀ ਨੀ ਹੈਗੀ ਘਰੇ।''

''ਐਥੀ ਕਿਤੇ ਹੋਊ, ਪਿਸ਼ਾਬ-ਪਸ਼ੂਬ ਕਰਨ ਗਈ ਹੋਊ।''

''ਨਾ ਹੈਨੀ ਮੈਂ ਤਾਂ ਸਾਰੇ ਦੇਖ ਲਿਆ।''

''ਹੈਨੀ?'' ਜੱਗਾ ਵੀ ਹੈਰਾਨ ਹੋ ਗਿਆ। ਉਸਨੇ ਪਹਿਲਾਂ ਆਪਣੀ ਤਸੱਲੀ ਲਈ ਸਾਰੇ ਕਮਰਿਆਂ ਵਿੱਚ ਵੇਖਿਆ। ਬਾਹਰਲੇ ਬਾਰ ਕੋਲ ਅਇਆ, ਅੰਦਰਲਾ ਕੁੰਡਾ ਖੁੱਲ੍ਹਾ ਪਿਆ ਸੀ। ਉਸਨੂੰ ਜਿਹੜੀ ਸ਼ੱਕ ਦਾ ਕਦੇ ਝਾਉਲਾ ਜਿਹਾ ਪੈਂਦਾ ਸੀ ਉਹ ਯਕੀਨ ਵਿੱਚ ਬਦਲ ਗਈ। ਉਹ ਗੰਡਾਸਾ ਚੁੱਕ ਕੇ ਬਾਹਰ ਨੂੰ ਤੁਰ ਪਿਆ।

''ਮੈਂ ਚੱਲਾਂ ਨਾਲ?'' ਪਰਮਜੀਤ ਉਸਦੇ ਪਿੱਛੇ ਅਹੁਲੀ।

''ਮੈਂ ਮੇਲੇ 'ਤੇ ਚੱਲਿਆਂ?'' ਜੱਗਾ ਉਸਨੂੰ ਚਾਰੇ ਚੁੱਕ ਕੇ ਪੈ ਗਿਆ।

''ਮੈਂ ਤਾਂ.... ਊ.... ਊਈਂ....।'' ਉਹ ਮਿਣ ਮਿਣ ਕਰਦੀ ਪਿੱਛੇ ਹਟ ਗਈ। ਜਦੋਂ ਜੱਗਾ ਗੰਡਾਸਾ ਲੈ ਕੇ ਬਾਹਰ ਆਇਆ, ਕੋਈ ਕੋਈ ਗੁਰਦੁਆਰੇ ਜਾਣ ਵਾਲਾ ਲੰਘਿਆ ਜਾ ਰਿਹਾ ਸੀ। ਜੱਗਾ ਕੁਝ ਚਿਰ ਪਹਿਰੇਦਾਰ ਵਾਂਗ ਗੰਡਾਸਾ ਲਈਂ ਆਪਣੇ ਬਾਰ 'ਚ ਖੜ੍ਹਾ ਰਿਹਾ। ਫੇਰ ਉਹ ਸ਼ੱਕੀ ਨਿਗਾਹਾਂ ਨਾਲ ਸਿੱਦੂ ਕੇ ਘਰ ਨੂੰ ਤਾੜਦਾ, ਸਿੱਦੂ ਕੇ ਬਾਰ ਅੱਗੇ ਇਧਰ-ਉਧਰ ਗੇੜੇ ਦੇਣ ਲੱਗ ਪਿਆ। ਸਾਢੇ ਚਾਰ ਹੋਏ ਰਾਣੀ ਉੱਠ ਕੇ ਤੁਰ ਪਈ।

''ਬੱਸ! ਐਡੀ ਛੇਤੀ ਚੱਲੀ ਵੀ!'' ਰਾਜੂ ਨੇ ਰਾਣੀ ਨੂੰ ਬਾਹੋਂ ਫੜਕੇ ਰੋਕ ਲਿਆ।

''ਟੈਮ ਤਾਂ ਦੇਖ, ਸਾਢੇ ਚਾਰ ਹੋ ਗਏ। ਜੇ ਕੋਈ ਜਾਗ ਪਿਆ ਫੇਰ?''

''ਤੂੰ ਬੈਠ ਜਾਹ ਦਸ ਮਿੰਟ ਹੋਰ। ਸਿਆਲ ਦੀਆਂ ਰਾਤਾਂ 'ਚ ਐਨੀ ਸਨੇਹਾਂ ਕੌਣ ਉਠਦੈ।'' ਰਾਜੂ ਨੇ ਰਾਣੀ ਨੂੰ ਖਿੱਚ ਕੇ ਮੰਜੇ 'ਤੇ ਬਿਠਾ ਲਿਆ।

ਉਹ ਦਸ ਕੁ ਮਿੰਟ ਗੱਲਾਂ ਕਰਨ ਤੋਂ ਬਾਅਦ ਉੱਠ ਕੇ ਤਖਤਿਆਂ ਕੋਲ ਆ ਗਏ। ਰਾਜੂ ਨੇ ਤਖਤਿਆਂ ਦੀਆਂ ਵਿਰਲਾਂ ਰਾਹੀਂ ਬਾਹਰਲੀ ਪੜਤਾਲ ਲੈਣੀ ਚਾਹੀ, ਸਾਹਮਣੇ ਚੌਂਕੜੀ 'ਤੇ ਕੋਈ ਗੰਡਾਸਾ ਲਈਂ ਬੈਠਾ ਸੀ। ਰਾਜੂ ਦਾ ਮੱਥਾ ਠਣਕਿਆ। ਉਸਨੇ ਧਿਆਨ ਨਾਲ ਦੁਬਾਰਾ ਵੇਖਿਆ, ਸਾਹਮਣੇ ਸੱਚ-ਮੁੱਚ ਹੀ ਜੱਗਾ ਬੈਠਾ ਉਨ੍ਹਾਂ ਦੇ ਬਾਰ ਵੱਲ ਘੂਰ ਰਿਹਾ ਸੀ।

''ਮਾਰੇ ਗਏ!'' ਰਾਜੂ ਕਰੰਟ ਲੱਗਣ ਵਾਂਗ ਤਖਤਿਆਂ ਤੋਂ ਪਿੱਛੇ ਹਟ ਗਿਆ।

''ਕੀ ਹੋ ਗਿਆ?'' ਰਾਣੀ ਦਾ ਗੁਲਾਬੀ ਚਿਹਰਾ ਬੱਗਾ ਹੋ ਗਿਆ।

''ਤੇਰਾ ਮਾਸੜ ਬੈਠੈ।''

''ਹਾਏ! ਹੁਣ?'' ਰਾਣੀ ਦੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ। ਉਹ ਡਰ ਨਾਲ ਅੰਦਰ ਤੱਕ ਕੰਬ ਗਈ।

''ਚਲ ਅੰਦਰ ਚਲ ਪਹਿਲਾਂ, ਦੇਖਦੇ ਆਂ।'' ਦੋਵੇਂ ਅੰਦਰ ਬਰਾਂਡੇ ਵਿੱਚ ਆ ਬੈਠੇ।

''ਮੇਰੇ ਘਰਦਿਆਂ ਨੂੰ ਤਾਂ ਪਤਾ ਲੱਗ ਗਿਆ।'' ਰਾਣੀ ਅੱਖਾਂ ਭਰ ਆਈ।

''ਕੋਈ ਨਾ ਤੂੰ ਬੈਠ ਮੈਂ ਦੇਖਦਾਂ।'' ਰਾਜੂ ਨੇ ਡੁਸਕਦੀ ਰਾਣੀ ਨੂੰ ਮੋਢਿਆਂ ਤੋਂ ਫੜ ਕੇ ਮੰਜੇ 'ਤੇ ਬਿਠਾ ਦਿੱਤਾ ਤੇ ਆਪ ਫਿਰ ਤਖਤਿਆਂ ਕੋਲ ਜਾ ਖੜ੍ਹਿਆ। ਜੱਗਾ ਅਜੇ ਵੀ ਪ੍ਰੇਤ ਬਣਿਆ ਚੌਂਕੜੀ 'ਤੇ ਬੈਠਾ ਸੀ। ਰਾਜੂ ਕਿੰਨਾ ਹੀ ਚਿਰ ਤਖਤਿਆਂ ਕੋਲ ਖੜ੍ਹਿਆ ਜੱਗੇ ਦੇ ਉੱਠ ਜਾਣ ਦਾ ਇੰਤਜ਼ਾਰ ਕਰਦਾ ਰਿਹਾ ਪਰ ਉਹ ਸਾਧ ਵਾਂਗ ਸਮਾਧੀ ਲਾਈਂ ਉਥੇ ਹੀ ਬੈਠਾ ਰਿਹਾ।

ਹੁਣ ਤਾਂ ਗੋਹਾ-ਕੂੜਾ ਸੁੱਟਣ ਵਾਲੀਆਂ ਅਤੇ ਜੰਗਲ-ਪਾਣੀ ਜਾਣ ਵਾਲਿਆਂ ਦੀ ਬੀਹੀ ਵਿੱਚੋਂ ਟਾਵੀਂ ਟਾਵੀਂ ਪੈੜ-ਚਾਲ ਵੀ ਸੁਣਨ ਲੱਗ ਪਈ ਸੀ। ਰਾਜੂ ਜੱਗੇ ਦੇ ਤੁਰ ਜਾਣ ਦੀਆਂ ਸਾਰੀਆਂ ਉਮੀਦਾਂ ਲਾਹ ਕੇ ਢਿਲਕਿਆ ਜਿਹਾ ਮੂੰਹ ਕਰੀਂ ਰਾਣੀ ਕੋਲ ਬਰਾਂਡੇ ਵਿੱਚ ਆ ਖੜ੍ਹਿਆ।

''ਉਹਨੂੰ ਤਾਂ ਪੱਕਾ ਸ਼ੱਕ ਹੋ ਗਿਆ। ਉਹ ਨੀ ਹੁਣ ਜਾਂਦਾ।'' ਰਾਜੂ ਨੇ ਨਾਉਮੀਦ ਵਿੱਚ ਸਿਰ ਮਾਰਿਆ।

''ਹੁਣ ਫੇਰ?'' ਰਾਣੀ ਨੇ ਡਰੀਆਂ ਅੱਖਾਂ ਨਾਲ ਰਾਜੂ ਦੇ ਚਿਹਰੇ ਵੱਲ ਤੱਕਿਆ।

''ਹੁਣ ਤਾਂ ਹੋਰ ਹੋਰ ਦਿਨ ਚੜ੍ਹੀ ਜਾਂਦੈ, ਜਾਣਾ ਈ ਪਊ।''

''ਮੈਂ ਨੀ ਜਾਂਦੀ........।'' ਰਾਣੀ ਫਿਰ ਰੋਣ ਲੱਗ ਪਈ।

''ਏਥੋਂ ਤੈਨੂੰ ਲੰਘਾਉਣ ਦੀ ਜ਼ਿੰਮੇਵਾਰੀ ਮੇਰੀ ਐ। ਚਾਹੇ ਮੇਰੇ ਡੱਕਰੇ ਕਰ ਦੇਣ। ਤੂੰ ਤੁਰ, ਛੇਤੀ ਕਰ।'' ਰਾਜੂ ਰਾਣੀ ਨੂੰ ਲੈ ਕੇ ਬਾਰ ਕੋਲ ਆ ਗਿਆ, ''ਜਦੋਂ ਮੈਂ ਬਾਰ ਖੋਲ੍ਹ ਕੇ ਬਾਹਰ ਨਿਕਲ ਗਿਆ ਤੂੰ ਮੇਰੇ ਪਿੱਛੋਂ ਦੀ ਨਿੱਕਲ ਕੇ, ਭੱਜ ਕੇ ਘਰੇ ਜਾ ਵੜੀਂ।'' ਰਾਜੂ ਨੇ ਵਿਰਲ ਵਿੱਚੋਂ ਦੀ ਬਾਹਰ ਨਿਗ੍ਹਾ ਮਾਰੀ, ਉਹ ਹੋਰ ਭਮੱਤਰ ਗਿਆ। ਬਾਹਰ ਜੱਗੇ ਦਾ ਵੱਡਾ ਭਾਈ ਤੇ ਦੋਵੇਂ ਭਤੀਜੇ ਖੜ੍ਹੇ ਸਨ। ਜੱਗੇ ਦੇ ਇਥੇ ਆ ਬੈਠਣ ਤੋਂ ਬਾਅਦ ਪਰਮਜੀਤ ਆਪਣੇ ਦਿਉਰ ਨੂੰ ਸਾਰੀ ਗੱਲ ਦੱਸ ਆਈ ਸੀ।

ਰਾਜੂ ਨੇ ਦਿਲ ਕਰੜਾ ਕਰ ਕੇ ਬਾਰ ਖੋਲ੍ਹ ਲਿਆ ਤੇ ਭੱਜ ਕੇ ਬੀਹੀ ਵਿੱਚ ਨਿਕਲ ਗਿਆ। ਸਾਰਿਆਂ ਦਾ ਧਿਆਨ ਰਾਜੂ ਵੱਲ ਮੁੜਿਆ। ਰਾਣੀ ਹਵਾ ਵਾਂਗ ਗੇਟੋਂ ਨਿਕਲ ਕੇ ਆਪਣੇ ਘਰ ਨੂੰ ਭੱਜ ਲਈ। ਜੱਗੇ ਨੇ ਬਾਰੋਂ ਨਿਕਲ ਕੇ ਆਉਂਦੇ ਰਾਜੂ ਦੇ ਡਾਂਗ ਮੌਰਾਂ ਵਿੱਚ ਮਾਰੀ ਉਹ 'ਹਾਏ! ਮਾਰਤਾ!' ਕਹਿੰਦਾ ਗੇੜਾ ਖਾ ਗਿਆ। ਅਜੇ ਉਹ ਸੰਭਲ ਕੇ ਭੱਜਣ ਹੀ ਲੱਗਾ ਸੀ ਕਿ ਜੱਗੇ ਦੇ ਵੱਡੇ ਭਤੀਜੇ ਨੇ ਰਾਜੂ ਨੂੰ ਜੱਫਾ ਮਾਰ ਕੇ ਬੀਹੀ ਵਿੱਚ ਹੀ ਸੁੱਟ ਲਿਆ।

''ਅੱਜ ਜਾਵੇ ਨਾ ਭੈਣ ਚੋ....ਭਈਆ ਬਚਕੇ।'' ਉਸਦੇ ਛੋਟੇ ਭਤੀਜੇ ਨੇ ਲੱਤਾਂ ਮਾਰ ਮਾਰ ਉਸਦੀ ਵੱਖੀ ਭੰਨ ਦਿੱਤੀ। ਰੌਲਾ ਸੁਣ ਕੇ ਜੰਗਲ-ਪਾਣੀ ਜਾਂਦੇ ਹੋਰ ਲੋਕ ਇਕੱਠੇ ਹੋ ਗਏ।

''ਇਹ ਚੌਲ ਖਾਣੀ ਜਾਤ ਕਾਹਨੂੰ ਪੰਜਾਬ 'ਚ ਰੱਖਣ ਦੇ ਲੈਕ ਐ।''

''ਇਹ ਭੈਣ ਚੋ...ਬੇਰਤਾ ਬੀਅ, ਖੱਸੀ ਕਰੋ ਮੇਰੇ ਸਾਲੇ ਨੂੰ।'' ਤਮਾਸ਼ਾ ਵੇਖਣ ਵਾਲਿਆਂ ਦੇ ਇਕੱਠ 'ਚੋਂ ਹਰਨਾਮੀ ਕਾ ਲੱਖਾ ਕਚੀਚੀ ਲੈ ਗਿਆ।

''ਅਸੀਂ ਤਾਂ ਚੰਗਾ ਸਮਝਦੇ ਤੀ, ਇਹ ਤਾਂ ਭੈਣ ਦਾ ਯਾਰ ਸੱਪ ਨਿਕਲਿਆ।'' ਕੈਲੇ ਦਾ ਸਮਸ਼ੇਰ ਇਕੱਠ ਚੋਂ ਨਿਕਲ ਕੇ ਡਿੱਗੇ ਪਏ ਰਾਜੂ ਦੇ ਦੋ-ਚਾਰ ਘਸੁੰਨ ਮਾਰ ਗਿਆ।

''ਇਹਦਾ ਤਾਂ ਮੂੰਹ ਕਾਲਾ ਕਰੋ ਪਤਿਊਰੇ ਦਾ।'' ਸੇਰੂ ਕੁੱਟਦੇ ਜੱਗੇ ਹੋਰਾਂ ਨੂੰ ਹੱਲਾਸ਼ੇਰੀ ਦੇ ਗਿਆ। ਫੇਰ ਤਾਂ ਜਿਸਦਾ ਵੀ ਦਾਅ ਲੱਗਿਆ ਉਹ ਰਾਜੂ 'ਤੇ ਆਪਣਾ ਹੱਥ ਖੋਲ੍ਹ ਗਿਆ। ਰਾਜੂ ਲੱਤਾਂ ਮੁੱਕੀਆਂ ਖਾਂਦਾ ਬੀਹੀ 'ਚ ਫੁੱਟਬਾਲ ਵਾਂਗ ਰਿੜਦਾ ਰਿਹਾ। ਦੰਦਾਂ ਵਿੱਚੋਂ ਲਹੂ ਨਿਕਲ ਗਿਆ। ਡਾਂਗ ਵੱਜਣ ਨਾਲ ਬਾਂਹ ਟੁੱਟ ਕੇ ਟੁੱਟੀ ਟਾਹਣੀ ਵਾਂਗ ਲਮਕ ਗਈ। ਉਹ ਸਾਰਾ ਮਿੱਟੀ ਘੱਟੇ ਵਿੱਚ ਗੁੰਨਿਆ ਗਿਆ। ਸਰਵਣ ਤਾਏ ਨੂੰ ਪਤਾ ਲੱਗਿਆ ਤਾਂ ਉਹ ਛਟੀ ਦਾ ਸਹਾਰਾ ਲਈਂ ਡਿੱਗਦਾ-ਢਹਿੰਦਾ ਆ ਗਿਆ।

ਸਰਵਣ ਨੂੰ ਵੇਖ ਕੇ ਜੱਗੇ ਦਾ ਵੱਡਾ ਭਾਈ ਨਾਸਾਂ ਫਰਕਾਉਂਦਾ ਬੋਲਿਆ, ''ਆਹ ਆ ਗਿਆ ਵੱਡਾ ਹੇਜਲਾ ਇਹਦਾ।''

''ਤੁਸੀਂ ਊਈਂ ਸਾਰਾ ਪਿੰਡ ਇਹਦੇ ਬਾਦ ਪੈ ਗਿਆ, ਨਾਂਹ ਇਹਦਾ ਕਸੂਰ ਦੱਸੋ ਕੀ ਐ?'' ਸਰਵਣ ਰਾਜੂ ਦੀ ਹਮਾਇਤ ਵਿੱਚ ਆ ਖੜ੍ਹਿਆ।

''ਨਾਂਹ ਅਜੇ ਤੈਨੂੰ ਕਸੂਰ ਦਾ ਪਤਾ ਈ ਨੀ ਲੱਗਿਆ!'' ਜੱਗੇ ਨੇ ਸਰਵਣ ਵੱਲ ਨਫ਼ਰਤ ਨਾਲ ਝਾਕਦਿਆਂ ਬੀਹੀ ਵਿੱਚ ਗੰਡਾਸਾ ਠਕੋਰਿਆ।

''ਸਭ ਪਤਾ ਲਾਗਿਆ ਮੈਨੂੰ। ਮੈਨੂੰ ਇਹ ਦੱਸੋ ਵੀ ਇਹੇ ਸੋਡੇ ਘਰੇਂ ਗਿਆ ਤੀ ਜਾਂ ਸੋਡੀ ਕੁੜੀ ਇਹਦੇ ਘਰੇਂ ਆਈ ਤੀ.......? ਜੇ ਕਿਸੇ ਦੀ ਗਾਂ ਹਲਕੀ ਫਿਰਦੀ ਲੋਕਾਂ ਨੂੰ ਵੱਢਦੀ ਫਿਰਦੀ ਐ ਤਾਂ ਉਹਦੇ ਮਾਲਕ ਰੱਸਾ ਪਾਉਣ ਭਾਈ। ਲੋਕਾਂ ਨੂੰ ਕਿਉਂ ਦੋਸ ਦਿੰਦੇ ਨੇ। ਘਰੋਂ ਤਾਂ ਉਹੇ ਇਹਦੇ ਚੱਲ ਕੇ ਆਈ ਐ। ਇਹਦਾ ਕੀ ਖੋਟ ਐ.....!'' ਸਰਵਣ ਸੱਚੀਆਂ ਸੁਣਾਉਣ ਲੱਗ ਪਿਆ। ਜੱਗੇ ਹੋਰੀਂ ਮਿਣ ਮਿਣ ਕਰਦੇ ਆਪਣੇ ਘਰ ਜਾ ਵੜੇ। ਸਰਵਣ ਰਾਜੂ ਨੂੰ ਹੌਲੀ ਹੌਲੀ ਤੋਰ ਕੇ ਅੰਦਰ ਲੈ ਗਿਆ।

ਚੰਗਾ ਦਿਨ ਚੜ੍ਹੇ ਤੋਂ ਸਰਵਣ ਰਾਜੂ ਨੂੰ ਸੁਨਾਮ ਲੈ ਜਾ ਕੇ ਬਾਂਹ 'ਤੇ ਪਲੱਸਤਰ ਲਗਵਾ ਲਿਆਇਆ। ਪਰ ਸਰੀਰ ਦੇ ਅੰਗ ਅੰਗ 'ਚੋਂ ਉਠਦਾ ਦਰਦ ਅਜੇ ਵੀ ਰੁਕਣ ਦਾ ਨਾਂ ਨਹੀਂ ਲੈ ਰਿਹਾ ਸੀ। ਉਹ ਸਾਰਾ ਦਿਨ ਦਰਦ ਨਾਲ ਘੁਲਦਾ ਤਰੀੜ ਵੱਟੀਂ ਪਿਆ ਰਿਹਾ। ਆਥਣੇ ਜਦੋਂ ਨੈਮੀ ਦਾਸ ਰਾਜੂ ਦਾ ਪਤਾ ਲੈਣ ਘਰ ਆਇਆ ਤਾਂ ਰਾਜੂ ਦੀ ਬੁਰੀ ਹਾਲਤ ਵੇਖ ਕੇ ਪੁੱਛਿਆ, ''ਡਾਕਟਰ ਨੂੰ ਬੁਲਾ ਕੇ ਲਿਆਮਾਂ, ਕੋਈ ਦਰਦ ਦਾ ਟੀਕਾ-ਟੂਕਾ ਲਾਜੂਗਾ।''

''ਨਾਂਹ ਬੱਸ ਰਹਿਣ ਦੇ।'' ਰਾਜੂ ਨੇ ਮੂੰਹ ਦੂਜੇ ਪਾਸੇ ਮੋੜ ਲਿਆ।

''ਫੇਰ ਐਂ ਕਿਮੇਂ ਹਟੂ ਦਰਦ?''

''ਆਪੇ ਹਟਜੂ ਭੈਣ ਗੜਾ ਕੇ, ਵੱਧ ਤੋਂ ਵੱਧ ਮਰਜੂੰਗਾ। ਕਿਹੜਾ ਮੇਰੇ ਬਿਨਾਂ ਇਥੇ ਦੇਸ ਸੁੰਨਾ ਹੁੰਦੈ।''

ਰਾਜੂ ਦੇ ਉਲਟੇ ਜਿਹੇ ਜਵਾਬ ਸੁਣ ਕੇ ਨੈਮੀ ਦਾਸ ਚੁੱਪ ਵੱਟ ਗਿਆ। ਆਥਣੇ ਜਦੋਂ ਸਰਵਣ ਤਾਇਆ ਰੋਟੀ ਲੈ ਕੇ ਆਇਆ ਤਾਂ ਉਹ ਅਧੀਆ ਠੇਕੇ ਦੀ ਸ਼ਰਾਬ ਦਾ ਲੈ ਆਇਆ।

''ਲੈ ਇਹਦੇ ਲਾ ਲੈ ਦੋ ਪੈੱਗ। ਨਸ਼ੇ 'ਚ ਨੀਂਦ ਆਜੂ। ਊਂ ਤਾਂ ਸਾਰੀ ਰਾਤ ਨੀ ਸੁੱਤਾ ਜਾਣਾ।'' ਸਰਵਣ ਨੇ ਗਲਾਸ ਤੇ ਅਧੀਆ ਰਾਜੂ ਅੱਗੇ ਕਰ ਦਿੱਤਾ।

''ਨਹੀਂ ਬਾਬਾ।'' ਰਾਜੂ ਨੇ ਨਾਂਹ ਵਿੱਚ ਸਿਰ ਹਿਲਾਇਆ।

''ਨਹੀਂ ਕਿਉਂ? ਐਂ ਸਾਰੀ ਰਾਤ ਕਿਮੇਂ ਕੱਟੇਂਗਾ ਫੇਰ। ਲੈ ਫੜ ਮੇਰਾ ਸ਼ੇਰ।'' ਸਰਵਣ ਨੇ ਮੱਲੋ-ਮੱਲੀ ਗਲਾਸ ਵਿੱਚ ਭਰਵਾਂ ਪੈੱਗ ਪਾ ਕੇ ਰਾਜੂ ਦੇ ਹੱਥਾਂ ਵਿੱਚ ਫੜਾ ਦਿੱਤਾ। ਰਾਜੂ ਨੇ ਅੱਖਾਂ ਮੀਟ ਕੇ ਗਲਾਸ ਮੂੰਹ ਨੂੰ ਲਾ ਲਿਆ। ਹਲਕ ਚੀਰਦੀ ਸ਼ਰਾਬ ਅੰਦਰ ਲੰਘ ਗਈ। ਰੋਟੀ ਖਾਣ ਤੋਂ ਪਹਿਲਾਂ ਛੋਟਾ ਜਿਹਾ ਪੈੱਗ ਇੱਕ ਹੋਰ ਪਿਆ ਦਿੱਤਾ। ਨੈਮੀ ਦਾਸ ਨੂੰ ਕੁਝ ਸਮਝਾ ਕੇ ਸਾਰੇ ਭਾਂਡੇ ਸਮੇਟਦਾ ਸਰਵਣ ਆਪਣੇ ਘਰ ਨੂੰ ਤੁਰ ਗਿਆ।

ਨੈਮੀ ਦਾਸ ਨੇ ਰਾਜੂ ਦਾ ਮੰਜਾ ਸਬਾਤ ਵਿੱਚ ਡਾਹ ਦਿੱਤਾ ਤੇ ਆਪ ਬਰਾਂਡੇ ਵਿੱਚ ਪੈ ਗਿਆ। ਨੈਮੀ ਦਾਸ ਦੇ ਪੈਣ ਸਾਰ ਘੁਰਾੜੇ ਉੱਚੇ ਹੋ ਗਏ। ਰਾਜੂ ਅਜੇ ਸੁੱਤਾ ਨਹੀਂ ਸੀ। ਚਾਹੇ ਸ਼ਰਾਬ ਪੀਣ ਕਰਕੇ ਉਸਦਾ ਸਰੀਰਕ ਦਰਦ ਘਟ ਗਿਆ ਸੀ ਪਰ ਉਸ ਨਾਲ ਲੋਕਾਂ ਦੁਆਰਾ ਕੀਤੇ ਸਲੂਕ ਕਰਕੇ ਉਹ ਵਾਰ ਵਾਰ ਤ੍ਰਿੱਸ ਪੈਂਦਾ ਸੀ, 'ਮੈਂ ਏਸ ਮਿੱਟੀ ਵਿੱਚ ਪਲਿਆ, ਜਵਾਨ ਹੋਇਆ, ਏਸ ਸਰੀਕੇ-ਕਬੀਲੇ ਨੂੰ ਆਪਣਾ ਬਣਾਇਆ ਪਰ ਇਹਨਾਂ ਲੋਕਾਂ ਨੇ ਕਦੇ ਮੈਨੂੰ ਆਪਣਾ ਨਹੀਂ ਸਮਝਿਆ। ਇਹਨਾਂ ਨਾਲ ਹੀ ਬਚਪਨ ਦੀਆਂ ਖੇਡਾਂ ਖੇਡੀਆਂ। ਇਹਨਾਂ ਨੂੰ ਹੀ ਆਪਣੇ ਮਿੱਤਰ, ਤਾਏ, ਚਾਚੇ ਮੰਨਿਆ ਪਰ ਇਨ੍ਹਾਂ ਨੇ ਹਮੇਸ਼ਾ ਮੇਰੇ ਕੋਲੋਂ ਵਿੱਥ ਬਣਾ ਕੇ ਰੱਖੀ। ਇਹ ਪੰਜਾਬ ਮੇਰਾ ਹੈ! ਇਥੋਂ ਦੀ ਹਵਾ ਵਿੱਚ ਮੈਂ ਸਾਹ ਲਿਆ ਹੈ। ਇਥੋਂ ਦੀ ਮਿੱਟੀ ਵਿੱਚ ਆਪਣਾ ਖੂਨ-ਪਸੀਨਾ ਡੋਲ੍ਹਦਾ ਹਾਂ ਪਰ ਇਹ ਲੋਕ ਮੈਨੂੰ ਫਿਰ ਵੀ ਯੂ. ਪੀ., ਬਿਹਾਰ ਦਾ ਭਈਆ ਕਿਉਂ ਸੱਦਦੇ ਨੇ? ਇਨ੍ਹਾਂ ਗੱਲਾਂ ਦਾ ਜਵਾਬ ਮੈਂ ਕਿੱਥੋਂ ਲੱਭਾਂ? ਮੇਰੇ ਤਾਂ ਕੁਝ ਸਮਝ ਨਹੀਂ ਪੈਂਦੀ। ....ਜੇ ਮੈਂ ਰਾਣੀ ਨੂੰ ਪਿਆਰ ਕੀਤਾ ਤਾਂ ਸਾਰਾ ਪਿੰਡ ਮੇਰਾ ਭਈਆਪੁਣਾ ਪਰਖਦਾ ਮੇਰੇ ਪਿੱਛੇ ਪੈ ਗਿਆ। ਜਿੰਨਾਂ ਨੂੰ ਮੈਂ ਆਪਣਾ ਸਮਝਿਆ ਸੀ ਉਹ ਵੀ ਮੈਨੂੰ ਕੁੱਟਣ ਆ ਪਏ....। ਮ.... ਮੈਂ ਕਿਸ ਤੋਂ ਕੀ ਜਵਾਬ ਲਵਾਂ? ਇਹ ਮੈਨੂੰ ਪੂਰੀ ਤਰ੍ਹਾਂ ਕਿਉਂ ਨਹੀਂ ਅਪਣਾਉਂਦੇ? ਕਿਉਂ....? ਕਿਉਂ ਮੈਨੂੰ ਬੇਗਾਨਾ ਸਮਝਦੇ ਨੇ? ਕਿਉਂ ਮੈਥੋਂ ਇੱਕ ਵਿੱਥ 'ਤੇ ਖੜ੍ਹੇ ਨੇ? ਬੱਸ ਇੱਕ ਸਰਵਣ ਤਾਇਆ ਹੈ ਵਿਚਾਰਾ ਜਿਹਦੇ ਕਰਕੇ ਦਿਨ ਲੰਘੀ ਜਾਂਦੇ ਨੇ, ਨਹੀਂ ਤਾਂ ਕਦੇ ਕਦੇ ਦਿਲ ਕਰ ਆਉਂਦਾ ਹੈ ਅਜਿਹੇ ਸਮਾਜ ਤੋਂ, ਅਜਿਹੇ ਲੋਕਾਂ ਤੋਂ ਸਦਾ ਲਈ ਨਾਤਾ ਤੋੜ ਕੇ ਚਲਾ ਜਾਵਾਂ। .....ਪਰ ਆਪਣਾ ਘਰ ਬਾਰ, ਆਪਣਾ ਪਿੰਡ, ਆਪਣਾ ਦੇਸ਼ ਛੱਡ ਕੇ ਕਿਹੜੇ ਬਿਗਾਨੇ ਦੇਸ ਜਾਵਾਂ? ਕੌਣ ਅਪਣਾਏ ਮੈਨੂੰ? ਮੈਂ ਕਿਤੋਂ ਦਾ ਵੀ ਨਹੀਂ। ਮੈਂ ਤਾਂ ਸੱਚ-ਮੁੱਚ ਹੀ ਬੇਰੜਾ ਰਿਹਾ। ਨਾ ਭਈਆ ਰਿਹਾ, ਨਾ ਮੁਸਲਮਾਨ, ਨਾ ਜੱਟ ਬਣਿਆ। ਮੈਂ ਕੀ....?' ਉਹ ਕਿੰਨਾ ਹੀ ਚਿਰ ਆਪਣਾ ਵਜੂਦ ਲੱਭਦਾ ਦਿਮਾਗ ਨਾਲ ਘੋਲ ਕਰਦਾ ਰਿਹਾ। ਸ਼ਰਾਬ ਦਾ ਨਸ਼ਾ ਹੋਰ ਭਾਰੂ ਹੁੰਦਾ ਗਿਆ ਫਿਰ ਉਸਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਉਹ ਸੌਂ ਗਿਆ।

ਰਾਜੂ ਕਿੰਨੇ ਹੀ ਦਿਨ ਲੋਕਾਂ ਨੂੰ ਬਾਹਰ ਦਿਖਾਈ ਨਾ ਦਿੱਤਾ। ਕਦੇ-ਕਦੇ ਨੈਮੀ ਦਾਸ ਉਸਨੂੰ ਡੇਰਿਓਂ ਆ ਕੇ ਦਵਾਈ-ਬੂਟੀ ਦਿਵਾ ਜਾਂਦਾ। ਆਥਣ-ਸਵੇਰ ਡਾਲੀ 'ਚੋਂ ਰੋਟੀਆਂ ਤੇ ਦੁੱਧ ਕੱਢਕੇ ਫੜਾ ਜਾਂਦਾ। ਫਿਰ ਇੱਕ ਦਿਨ ਗੱਲ ਪਰਾਲ ਦੀ ਅੱਗ ਵਾਂਗ ਸਿੰਦੂ ਕੇ ਸਾਰੇ ਵਿਹੜੇ ਵਿੱਚ ਫੈਲ ਗਈ, 'ਰਾਜੂ ਮਜ਼ਬੀਆਂ ਦੇ ਮੱਖਣ ਨਾਲ ਟਰੱਕਾਂ ਤੇ ਭੱਜ ਗਿਆ ਓਏ....!'

## 17

ਹਾੜ੍ਹੀ ਦਾ ਸੀਜਨ ਨੇੜੇ ਲੱਗਿਆ ਸੀ। ਮੌਸਮ ਵਿੱਚ ਖੁਸ਼ਕੀ ਆਉਣੀ ਸ਼ੁਰੂ ਹੋ ਗਈ ਸੀ। ਰਾਤ ਠੰਡੀ ਹੁੰਦੀ ਪਰ ਦਿਨੇ ਗਰਮੀ ਹੁੰਦੀ।

ਸਰਵਣ ਤਾਇਆ ਸਿਰੇ ਵਾਲੀ ਬੈਠਕ ਵਿੱਚ ਮੰਜਾ ਡਾਹੀਂ ਪਿਆ ਸੀ। ਹੁਣ ਉਹ ਤੁਰਨੋ-ਫਿਰਨੋ ਰਹਿ ਗਿਆ ਸੀ। ਬੱਸ ਮੌਤ ਦੇ ਕਿਨਾਰੇ ਖੜ੍ਹਿਆ ਸੀ ਪਤਾ ਨਹੀਂ ਕਦੋਂ ਪੈਰ ਤਿਲਕ ਜਾਵੇ, ਭਾਣਾ ਵਰਤ ਜਾਵੇ। ਮੌਤ ਦੇ ਇਸੇ ਡਰੋਂ ਅੱਜ ਉਸਨੇ ਸਾਤੇ ਨੂੰ ਪਿੰਡ ਦੇ

ਮੋਹਤਬਰ ਬੰਦੇ ਬੁਲਾਉਣ ਲਈ ਭੇਜਿਆ ਸੀ ਤਾਂ ਕਿ ਉਹ ਆਪਣੇ ਹੱਥੀਂ ਰੋਡੀ ਨੂੰ ਕਿਸੇ ਤਨ-ਪੱਤਣ ਲਾ ਦੇਵੇ। ਨੈਮੀ ਦਾਸ ਤੇ ਰਾਜੂ ਤਾਂ ਹੁਣ ਘਰ ਦਾ ਰਾਹ ਹੀ ਭੁੱਲ ਗਏ ਸਨ। ਦੋਵਾਂ ਪਿਓ-ਪੁੱਤਾਂ ਵਿੱਚੋਂ ਨਾ ਕਿਸੇ ਨੇ ਘਰ ਦੀ ਸਾਰ ਲਈ ਤੇ ਨਾ ਰੋਡੀ ਦੀ। ਸਰਵਣ ਤਾਏ ਨੂੰ ਰੋਡੀ 'ਤੇ ਤਰਸ ਆਉਂਦਾ। ਉਹ ਕਿਸਮਤ ਦੀ ਮਾਰੀ ਸਾਰਾ ਦਿਨ ਰੋਂਦੀ ਕਦੇ ਸਿੱਦੂ ਕੇ ਘਰ 'ਤੇ ਕਦੇ ਸਰਵਣ ਕੇ ਘਰ ਫਿਰਦੀ ਰਹਿੰਦੀ। ਕਈ ਕਈ ਦਿਨ ਨਾ ਨਹਾਉਣ ਕਰਕੇ ਉਸਦੇ ਸਿਰ ਵਿੱਚ ਜੂੰਆਂ ਪੈ ਗਈਆਂ ਸੀ। ਸਰਵਣ ਤਾਏ ਨੇ ਸਾਤੋ ਨੂੰ ਕਹਿ ਕੇ ਉਸਦੇ ਵਾਲ ਜੜ੍ਹੋਂ ਕਟਵਾ ਦਿੱਤੇ ਸਨ।

ਸਰਵਣ ਤਾਏ ਦੀ ਨੂੰਹ ਚਾਹੇ ਸਰਵਣ ਕਰਕੇ ਰੋਡੀ ਨੂੰ ਦੋ ਰੋਟੀਆਂ ਦੇ ਦਿੰਦੀ ਸੀ ਪਰ ਰੋਡੀ ਉਸਦੇ ਹਮੇਸ਼ਾ ਅੱਖ-ਕਣ ਰੜਕਦੀ ਰਹਿੰਦੀ। ਉਹ ਆਨੀ-ਬਹਾਨੀ ਗਾਲ੍ਹਾਂ ਦੇ ਦੇ ਸਿੱਦੂ ਦੀਆਂ ਦੋ ਪੀੜ੍ਹੀਆਂ ਪੁਣ ਦਿੰਦੀ। ਇਸ ਰੋਜ਼ ਦੇ ਕਜੀਆ-ਕਲੇਸ਼ ਤੋਂ ਤੰਗ ਆ ਕੇ ਹੀ ਸਰਵਣ ਨੇ ਅੱਜ ਰੋਡੀ ਦਾ ਕੋਈ ਹੀਲਾ ਕਰਨ ਦੀ ਸੋਚੀ ਸੀ। ਸਰਵਣ ਨੂੰ ਇਹ ਸੁਝਾਅ ਪਤਾ ਲੈਣ ਆਇਆ ਬਚਨਾ ਮੈਂਬਰ ਦੇ ਗਿਆ ਸੀ। ਸਰਵਣ ਨੂੰ ਵੀ ਇਹ ਗੱਲ ਠੀਕ ਬੈਠੀ ਸੀ।

ਸਰਵਣ ਕੀ ਬੈਠਕ ਵਿੱਚ ਸਾਰੇ ਇਕੱਠੇ ਹੋ ਗਏ। ਜਦ ਸਾਰਿਆਂ ਨੇ ਚਾਹ ਪੀ ਕੇ ਗਲਾਸ ਹੇਠਾਂ ਰੱਖ ਦਿੱਤੇ ਤਾਂ ਸਰਵਣ ਨੇ ਸਾਰਿਆਂ ਦੇ ਚਿਹਰਿਆਂ 'ਤੇ ਤਰਦੀ ਜਿਹੀ ਨਿਗ੍ਹਾ ਮਾਰ ਕੇ ਗੱਲ ਤੋਰ ਲਈ, "ਗੱਲ ਇਹ ਐ ਭਾਈ, ਮੈਂ ਸੋਨੂੰ ਸਾਰਿਆਂ ਨੂੰ ਰੋਡੀ ਵਾਸਤੇ ਈ ਗੱਲ ਕਰਨ ਨੂੰ ਸੱਦਿਆ ਤੀ....।"

"ਕਿਹੜੀ ਰੋਡੀ?" ਦਰਸ਼ਨ ਨੰਬਰਦਾਰ ਸਰਵਣ ਦੀ ਗੱਲ ਵਿੱਚੋਂ ਟੋਕ ਗਿਆ।

"ਆਹ ਆਪਣੇ ਰੋਹੀ ਦੀ ਕੁੜੀ ਯਾਰ।" ਨਾਜਰ ਨੇ ਸਿੱਦੂ ਕੇ ਘਰ ਵੱਲ ਹੱਥ ਕਰਦਿਆਂ ਗੱਲ ਸਾਫ਼ ਕੀਤੀ।

"ਅੱਛਿਆ ਅੱਛਿਆ।"

"ਦੇਖੋ ਹੁਣ ਸੋਨੂੰ ਸਾਰਿਆਂ ਨੂੰ ਇਨ੍ਹਾਂ ਦੇ ਘਰ ਬਾਰੇ ਤਾਂ ਪਤਾ ਈ ਐ। ਸਿੱਦੂ ਐ, ਉਹਨੇ ਨੀ ਕਦੇ ਕੁੜੀ ਦਾ ਪਤਾ-ਸੁਤਾ ਲਿਆ ਆ ਕੇ। ਜਿੱਦੋਂ ਦਾ ਗਿਐ, ਨਾ ਕਦੇ ਰਾਜੂ ਆਇਐ। ਇਹ ਵਿਚਾਰੀ ਸਾਰਾ ਦਿਨ ਰੋਂਦੀ ਫਿਰਦੀ ਰਹਿੰਦੀ ਐ। ਨਾ ਕੋਈ ਨਵਾਵੇ-ਧਵਾਵੇ, ਨਾ ਕੋਈ ਕੱਪੜੇ ਧੋਵੇ। ਹੁਣ ਕੱਲ੍ਹ ਨੂੰ ਮੈਂ ਅੱਖਾਂ ਮੀਚ ਗਿਆ, ਫੇਰ ਇਹਨੂੰ ਕੌਣ ਪੁੱਛੂ। ਹੁਣ ਤੁਸੀਂ ਸਾਰੇ ਸਿਆਣੇ ਓਂ। ਕੁੜੀਆਂ ਕੌੜੀ ਵੇਲ ਮਾਂਗੂੰ ਵਧਦੀਆਂ ਨੇ। ਕੱਲ੍ਹ ਨੂੰ ਇਹਨੇ ਵੀ ਭਾਈ ਸੁੱਖ ਨਾਲ ਜਵਾਨ ਹੋਣੈ, ਫੇਰ ਕੌਣ ਇਹਨੂੰ ਵਿਚਾਰੀ ਨੂੰ ਘਰੋਂ ਠਾਊ। ਹੁਣ ਮੈਨੂੰ ਈ ਪਤੈ ਇਹਨੂੰ ਜਿਹੜੀਆਂ ਦੋ ਰੋਟੀਆਂ ਮਿਲਦੀਆਂ ਨੇ, ਉਹ ਕਿਹੜੇ ਹਾਲੀਂ ਮਿਲਦੀਆਂ ਨੇ। ਇਹ ਬੇਸਮਝ ਐ ਵਿਚਾਰੀ। ਜੇ ਕੋਈ ਸਿਆਣਾ ਹੋਵੇ, ਕੁਛ ਖਾ ਕੇ ਮਰਜੇ.........।"

"ਕਿਉਂ ਅਸੀਂ ਕਿਹੜਾ ਜੀ ਇਹਦਾ ਠੇਕਾ ਲਿਐ। ਜੰਮੀ ਕਿਸੇ ਨੇ, ਗੂੰਹ-ਮੂਤ ਧੋਣ ਨੂੰ ਅਸੀਂ। ਉਹ ਤਾਂ ਬੱਕਰੀ ਦੀਆਂ ਮੀਂਗਣਾਂ ਮਾਂਗੂੰ ਥਾਂ-ਥਾਂ ਜਵਾਕ ਖਿਡਾਉਂਦੀਆਂ ਫਿਰਦੀਆਂ ਨੇ। ਸਿਆਪਾ ਸਾਡੇ ਵਰਗਿਆਂ ਦੀ ਜਾਨ ਨੂੰ ਪਾਉਂਦੀਆਂ ਨੇ.....।" ਸਰਵਣ ਦੀ ਨੂੰਹ ਦੋ ਗਿੱਠ ਦਾ ਘੁੰਡ ਕੱਢੀ ਕੌਲੇ ਓਹਲਿਓਂ ਸਾਹਮਣੇ ਮੈਦਾਨ ਵਿੱਚ ਆ ਗਈ।

"ਤੂੰ ਭਾਈ ਚੁੱਪ ਕਰ। ਤੂੰ ਕਾਹਨੂੰ ਬੋਲਦੀਐਂ ਬੰਦਿਆਂ ਦੀ ਗੱਲ 'ਚ।" ਸਰਪੰਚ ਨੇ ਆਪਣੀ ਸਿਆਣਪ ਝਾੜੀ।

"ਬੋਲਿਆ ਤਾਂ ਜੀ ਫੇਰ ਜਾਂਦੈ। ਥੋਡੇ ਸਾਹਮਣੇ ਐ। ਪਹਿਲਾਂ ਤਾਂ ਉਹ ਆਹ ੇਇੱਕ ਮੁੰਡਾ ਸਿੱਟ ਗੀ। ਉਹਨੂੰ ਸਾਂਭਿਆ। ਦੂਜੀ ਲਿਆਂਦੀ, ਦੂਜੀ ਆਹ ਕੁੜੀ ਸਿੱਟ ਗੀ।" ਸਰਵਣ ਦੀ ਨੂੰਹ ਸੁਨਹਿਰੀ ਮੌਕਾ ਵੇਖ ਕੇ ਆਪਣੀ ਦੱਬੀ ਭੜਾਸ ਕੱਢਣ ਲੱਗ ਪਈ।

"ਚਲ ਸ਼ਾਬਾਸ਼ ਭਾਈ ਤੇਰੇ, ਬਹਾਨੇ ਨਾਲ ਪੁੰਨ ਖੱਟ ਲਿਆ। ਕੋਈ ਨਾ ਭਾਈ ਹੁਣ ਤੂੰ ਓਧਰ ਆਪਣਾ ਕੰਮ ਕਰ, ਅਸੀਂ ਕਰਦਿਆਂ ਗੱਲ।" ਦਰਸ਼ਨ ਨੰਬਰਦਾਰ ਨੇ ਠੰਡਾ ਛਿੜਕਿਆ।

"ਪੁੰਨ ਖੱਟਣੈ ਤੁਸੀਂ ਲੈਜੋ ਆਪਣੇ ਘਰੇਂ......।" ਸਰਵਣ ਦੀ ਨੂੰਹ ਬੋਲਦੀ ਬੋਲਦੀ ਤੁਰ ਗਈ।

"ਲੈ ਦੇਖ ਲਿਆ ਭਾਈ!" ਸਰਵਣ ਵਿਚਾਰਾ ਜਿਹਾ ਬਣਿਆ ਸਾਰਿਆਂ ਦੇ ਮੂੰਹ ਵੱਲ ਝਾਕਿਆ।

"ਚਲ ਛੱਡ ਤਾਇਆ, ਬੁੜੀਆਂ ਕੋਲੇ ਤਾਂ ਜਿਹੀ ਜੀ ਮੱਤ ਹੁੰਦੀ ਐ ਵਰਤੀ ਜਾਂਦੀਆਂ ਨੇ, ਆਪਣੀ ਗੱਲ ਕਰੋ।" ਨਾਜਰ ਨੇ ਲੀਹ ਤੋਂ ਉਤਰੀ ਗੱਲ ਮੁੜ ਲੀਹ 'ਤੇ ਚਾੜ੍ਹ ਲਈ।

''ਮੈਨੂੰ ਤਾਂ ਭਾਈ ਆਹ ਬਚਨ ਨੇ ਕਿਹਾ ਤੀ। ਮੈਨੂੰ ਵੀ ਗੱਲ ਠੀਕ ਬੈਠੀ। ਇਹ ਕਹਿੰਦਾ ਤੀ ਵੀ ਆਪਾਂ ਕੁੜੀ ਨੂੰ ਗੁਰੂ ਕੀ ਸਾਹਿਬ ਗੁਰਦੁਆਰੇ ਛੱਡ ਆਉਇਆ। ਓਥੇ ਵਿਚਾਰੀ ਚਲ ਅਵਦਾ ਪਲਜੂ, ਨਾਲੇ ਉਹ ਆਪੇ ਕਿਸੇ ਥਾਂ ਟਿਕਾਣੇ ਲਾ ਦੇਣਗੇ।''

''ਕੀ ਪਤੈ ਉਹ ਰੱਖਣ ਜਾਂ ਨਾ।'' ਦਰਸ਼ਨ ਨੰਬਰਦਾਰ ਨੇ ਤੌਖਲਾ ਪ੍ਰਗਟ ਕੀਤਾ।

''ਨਾਂਹ! ਰੱਖਣਗੇ। ਪਹਿਲਾਂ ਵੀ ਉਨ੍ਹਾਂ ਨੇ ਕਈ ਅਨਾਥ ਕੁੜੀਆਂ ਰੱਖੀਆਂ ਹੋਈਆਂ ਨੇ। ਇੱਕ ਕੁੜੀ ਤਾਂ ਆਹ ਚੀਮਿਆਂ ਤੋਂ ਆਪਣੇ ਗਿੰਦਰ ਸਿੰਘ ਹੋਰੀਂ ਛੱਡਕੇ ਆਏ ਨੇ। ਮੈਨੂੰ ਵੀ ਏਸ ਬਾਰੇ ਗਿੰਦਰ ਨੇ ਈ ਕਿਹਾ ਤੀ।'' ਬਚਨੇ ਮੈਂਬਰ ਨੇ ਸਾਰਿਆਂ ਦੀ ਤਸੱਲੀ ਕਰਵਾ ਦਿੱਤੀ।

''ਜੇ ਐਂ ਕਰ ਲੈਣਗੇ ਫੇਰ ਤਾਂ ਗੱਲ ਬਹੁਤ ਠੀਕ ਐ। ਇਥੇ ਵਿਚਾਰੀ ਨੂੰ ਕੌਣ ਸਾਂਭੂ, ਕੌਣ ਵਿਆਹੂ-ਵਰੂ।'' ਨਾਜ਼ਰ ਨੂੰ ਗੱਲ ਜਚ ਗਈ।

''ਹਾਂ ਫੇਰ ਤਾਂ ਠੀਕ ਐ।'' ਸਾਰਿਆਂ ਨੇ ਹਾਮੀ ਵਿੱਚ ਸਿਰ ਹਿਲਾ ਦਿੱਤੇ।

''ਸਿੱਦੂ ਨੂੰ ਵੀ ਪੁੱਛ ਲਓ ਕੀ ਕਹਿੰਦੈ। ਪਹਿਲਾਂ ਤਾਂ ਓਸੇ ਦੀਓ ਪੁੱਗੂ।'' ਸਰਪੰਚ ਨੇ ਸੁਝਾ ਦਿੱਤਾ।

''ਭੇਜਿਐ ਉਧਰ ਵੀ ਕੈਲਾ। ਅੱਜ ਆਥਣੇ ਜਾਂ ਕੱਲ੍ਹ ਨੂੰ ਆਜੂ। ਜਦੋਂ ਵੀ ਆ ਗਿਆ ਮੈਂ ਸੁਨੇਹਾ ਭੇਜੂੰ ਸੋਨੂੰ। ਚਲ ਕੇਰਾਂ ਪਿੰਡ ਦੀ ਪੰਚਾਇਤ ਦੀ ਨਿਗ੍ਹਾ ਹੇਠ ਵਗਜੂ ਵਿਚਾਰੀ।'' ਸਰਵਣ ਨੇ ਡੂੰਘਾ ਸਾਹ ਲਿਆ ਜਿਵੇਂ ਅੱਧਾ ਭਾਰ ਉਸਦੇ ਸਿਰੋਂ ਹੁਣ ਹੀ ਲਹਿ ਗਿਆ ਹੋਵੇ।

''ਚੰਗਾ ਤਾਇਆ ਫੇਰ, ਜਦੋਂ ਵੀ ਸਿੱਦੂ ਆ ਗਿਆ ਕਿਸੇ ਹੱਥ ਸੁਨੇਹਾ ਭੇਜ ਦੀਂ, ਅਸੀਂ ਆਜਾਂਗੇ'' ਸਰਪੰਚ ਕਹਿੰਦਾ ਖੜ੍ਹਾ ਹੋ ਗਿਆ।

''ਚੰਗਾ ਭਾਈ ਜਿਉਂਦੇ ਰਹੋ!'' ਸਰਵਣ ਨੇ ਸ਼ੁਕਰਾਨੇ ਵਜੋਂ ਅਸੀਸ ਦਿੱਤੀ।

ਸਾਰੇ ਉੱਠ ਕੇ ਤੁਰ ਪਏ। ਸਰਵਣ ਫਿਰ ਮੰਜੇ 'ਤੇ ਟੇਢਾ ਹੋ ਗਿਆ। ਉਹ ਰੋਡੀ ਦੀ ਹਾਲਤ ਬਾਰੇ ਸੋਚਦਾ ਉਦਾਸ ਹੋ ਗਿਆ।

-0-0-

ਕੈਲਾ ਸੇਰੋਂ ਦੇ ਬਾਹਰ-ਬਾਰ ਸੂਏ ਵਾਲੇ ਅੱਡੇ ਉੱਤੇ ਜਾ ਉਤਰਿਆ। ਸੂਏ ਦੀ ਪਟੜੀ 'ਤੇ ਲੱਗੇ ਨਲਕੇ ਤੋਂ ਪਾਣੀ ਪੀ ਕੇ, ਸੂਏ ਦੇ ਨਾਲ-ਨਾਲ ਜਾਂਦੀ ਪਹੀ ਪੈ ਗਿਆ। ਸਰਵਣ ਤਾਏ ਦੀ ਦੱਸੀ ਨਿਸ਼ਾਨੀ ਅਨੁਸਾਰ ਇਹ ਪਹੀ ਹੀ ਨੈਮੀਂ ਦਾਸ ਦੇ ਡੇਰੇ ਨੂੰ ਜਾਂਦੀ ਸੀ।

ਗੰਗੜਪੁਰ ਦੇ ਸਾਧ ਨੇ ਨੈਮੀਂ ਦਾਸ ਨੂੰ ਸੇਰੋਂ ਦੇ ਖੇਤਾਂ ਵਿੱਚ ਬਣੀ ਇਸ ਸਮਾਧ ਉੱਤੇ ਬਿਠਾ ਦਿੱਤਾ ਸੀ। ਇੱਕ ਕਮਰਾ ਇਥੇ ਪਹਿਲਾਂ ਹੀ ਬਣਿਆ ਹੋਇਆ ਸੀ ਜਿੱਥੇ ਪਿੰਡ ਦੇ ਸਿੱਧੂ ਵਿਹੜੇ ਦੇ ਲੋਕ ਹਰ ਦੁਸਹਿਰੇ ਨੂੰ ਚੌਲਾਂ ਦੇ ਕੜਾਹੇ ਕੱਢਦੇ ਸਨ। ਇੱਕ ਕਮਰਾ ਨੈਮੀਂ ਦਾਸ ਦੇ ਆਉਣ ਨਾਲ ਹੋਰ ਬਣ ਗਿਆ ਸੀ। ਨੈਮੀਂ ਦਾਸ ਹੀ ਹੁਣ ਇਸ ਨਵੇਂ ਹੋਂਦ 'ਚ ਆਏ ਡੇਰੇ ਦਾ ਕਰਤਾ-ਧਰਤਾ, ਸਭ ਕੁਝ ਸੀ। ਮੁਫ਼ਤ ਦਾ ਘਿਓ, ਬਦਾਮ ਖਾ ਕੇ ਹੁਣ ਨੈਮੀਂ ਦਾਸ ਦੇ ਚਿਹਰੇ 'ਤੇ ਕੁਦਰਤੀ ਜਲੌਅ ਵੀ ਝਲਕਣ ਲੱਗ ਪਿਆ ਸੀ। ਸਿੱਦੂ ਦੀ ਡਿੱਗੂ ਡਿੱਗੂ ਕਰਦੀ ਜ਼ਿੰਦਗੀ ਦੀ ਗੱਡੀ ਨੈਮੀਂ ਦਾਸ ਬਣ ਕੇ ਦੁਬਾਰਾ ਪਟੜੀ 'ਤੇ ਆ ਚੜ੍ਹੀ ਸੀ। ਹੁਣ ਉਹ ਸੇਰੋਂ ਦੇ ਸਾਰੇ ਲੋਕਾਂ ਲਈ ਅਮਲੀ ਸਿੱਦੂ ਨਹੀਂ, ਬਾਬਾ ਨੈਮੀਂ ਦਾਸ ਸੀ।

ਕੈਲੇ ਨੂੰ ਅੱਡੇ ਤੋਂ, ਸਾਹਮਣੇ ਦਰੱਖਤਾਂ ਦੇ ਝੁੰਡ ਤੋਂ ਬਿਨਾਂ ਕੁਝ ਨਹੀਂ ਦਿਸਿਆ ਸੀ ਪਰ ਜਦੋਂ ਉਹ ਨੇੜੇ ਆਇਆ ਤਾਂ ਦਰੱਖਤਾਂ ਵਿਚਕਾਰ ਬਣੇ ਦੋ ਕਮਰਿਆਂ ਉੱਪਰ ਕੀਤਾ ਬਾਵਾ ਰੰਗ ਵੇਖ ਕੇ ਯਕੀਨ ਬੱਝ ਗਿਆ। ਜਦੋਂ ਕੈਲਾ ਹੋਰ ਨੇੜੇ ਆਇਆ ਤਾਂ ਸਾਹਮਣੇ ਨਿੰਮ ਹੇਠ ਡੱਠੇ ਤਖ਼ਤਪੋਸ਼ 'ਤੇ ਨੈਮੀਂ ਦਾਸ ਬੈਠਾ ਦਿਸ ਪਿਆ। ਤਖ਼ਤਪੋਸ਼ ਦੇ ਸਾਹਮਣੇ ਹੀ ਹੇਠਾਂ ਪੱਲੀ 'ਤੇ ਤਿੰਨ ਆਦਮੀ ਹੋਰ ਬੈਠੇ ਸਨ। ਪਹਿਲਾਂ ਤਾਂ ਕੈਲੇ ਨੂੰ ਨੈਮੀਂ ਦਾਸ ਦੀ ਪਹਿਚਾਣ ਹੀ ਨਹੀਂ ਆਈ। ਕਿੰਨਾ ਫ਼ਰਕ ਪੈ ਗਿਆ ਸੀ। ਦਾੜ੍ਹਾ ਵਧ ਗਿਆ ਸੀ। ਖੜ-ਸੁੱਕ ਟਾਹਲੀ ਵਾਂਗ ਖੜ ਖੜ ਹਿਲਦਾ ਸਰੀਰ ਭਾਰਾ ਹੋ ਗਿਆ ਸੀ। ਚਾਹੇ ਨੇੜੇ ਆਏ ਕੈਲੇ ਨੇ ਸਿੱਦੂ ਨੂੰ

ਪਹਿਚਾਣ ਲਿਆ ਸੀ ਪਰ ਸਿੰਦੂ ਨੂੰ ਸੱਚ-ਮੁੱਚ ਮਹੰਤਾਂ ਵਾਲੇ ਭੇਸ ਵਿੱਚ ਵੇਖ ਕੇ ਮੱਲੋ-ਮੱਲੀ ਹੱਥ ਜੁੜ ਗਏ। ਉਹ ਜੋੜੇ ਲਾਹ ਕੇ ਸਾਹਮਣੇ ਪੱਲੀ ਉੱਤੇ ਹੀ ਬੈਠ ਗਿਆ।

''ਚਲੋ ਭਾਈ ਫੇਰ ਤੁਸੀਂ ਸਵੇਰੇ ਆਇਓ, ਆਪਾਂ ਸਵੇਰੇ ਗੱਲ ਕਰਾਂਗੇ। ਤੂੰ ਐਂ ਕਰ ਮੱਖਣ, ਚਾਹ ਬਣਾ ਥੋੜ੍ਹੀ ਜੀ।'' ਦੋ ਆਦਮੀ ਨੈਮੀਂ ਦਾਸ ਦੇ ਗੋਡੀਂ ਹੱਥ ਲਾ ਕੇ ਤੁਰ ਗਏ। ਮੱਖਣ ਚਾਹ ਬਣਾਉਣ ਚਲਾ ਗਿਆ।

''ਹੋਰ ਸੁਣਾ ਕੈਲੇ, ਕਿਮੇਂ ਅੱਜ ਰਾਹ ਭੁੱਲ ਗਿਆ।'' ਨੈਮੀਂ ਦਾਸ ਨੇ ਗੱਲ ਤੋਰੀ।

''ਰਾਹ ਤਾਂ ਕਾਹਨੂੰ ਭੁੱਲਿਆਂ ਜੀ। ਮੈਨੂੰ ਤਾਂ ਸਰਵਣ ਤਾਏ ਨੇ ਭੇਜਿਆ ਤੀ।'' ਪਹਿਲਾਂ ਤਾਂ ਉਸਨੇ 'ਜੀ' ਲਾ ਦਿੱਤਾ ਪਰ ਫੇਰ ਇਕੱਠੇ ਰਹੇ ਹਾਣੀ ਨੂੰ 'ਜੀ ਜੀ' ਕਰਕੇ ਬੁਲਾਉਣਾ ਉਸਨੂੰ ਅਟ-ਪਟਾ ਜਿਹਾ ਲੱਗਿਆ।

''ਕਿਮੇਂ?''

''ਰੋਡੀ ਬਾਰੇ ਗੱਲ ਕਰਨੀ ਤੀ।''

''ਕਿਉਂ ਕੀ ਗੱਲ?''

''ਉਹਨੂੰ ਗੁਰ-ਸਰ ਗੁਰਦੁਆਰੇ ਛੱਡਣ ਨੂੰ ਕਹਿੰਦੇ ਤੀ। ਕਹਿੰਦੇ ਵੀ ਓਥੇ ਚਲ ਅਵਦਾ ਪਲਜੂ। ਉਰੇ ਵਿਚਾਰੀ ਸਾਰਾ ਦਿਨ ਰੁਲਦੀ ਫਿਰਦੀ ਰਹਿੰਦੀ ਐ।''

''ਫੇਰ?''

''ਫੇਰ ਕੀ, ਮੈਨੂੰ ਤਾਂ ਅਈਂ ਭੇਜਿਆ ਤੀ ਤੇਰੇ ਕੋਲੇ, ਵੀ ਨੈਮੀਂ ਦਾਸ ਨੂੰ ਬੁਲਾ ਲਿਆਈਂ, ਉਹਨੂੰ ਵੀ ਪੁੱਛ ਲਈਏ ਕੀ ਸਲਾਹ ਐ।''

''ਮੇਰੀ ਤਾਂ ਯਰ ਕੀ ਸਲਾਹ ਐ। ਨਾਲੇ ਮੈਂ ਜਾ ਕੇ ਕੀ ਕਰੂੰਗਾ। ਸਰਵਣ ਤਾਇਆ ਹੈਗਾ, ਜਿਮੇਂ ਮਰਜੀ ਕਰਲੇ। ਮੈਨੂੰ ਤਾਂ ਕੋਈ ਇਤਰਾਜ ਨੀ।''

''ਫੇਰ ਵੀ ਕੇਰਾਂ ਤੂੰ ਜਾ ਕੇ ਸਰਵਣ ਤਾਏ ਨਾਲ ਆਪਣੇ ਮੂੰਹੀਂ ਗੱਲ ਕਰਲੈ।''

''ਮੂੰਹੀਂ ਗੱਲ ਕਰਨ ਨੂੰ ਕੀ ਐ। ਮੇਰੇ ਨਾਲੋਂ ਤਾਂ ਉਹ ਜਿਆਦੇ ਸਿਆਣੈ। ਨਾਲੇ ਅਸੀਂ ਇਧਰ ਡੇਰੇ ਦੀ ਚਾਰਦੀਵਾਰੀ ਜੀ ਦਾ ਕੰਮ ਤੋਰਨੈ। ਆਹ ਤੇਰੇ ਮੂਹਰੇ ਓਸੇ ਬਾਰੇ ਈ ਗੱਲ ਕਰ ਰਹੇ ਤੀ। ਕੱਲ੍ਹ ਨੂੰ ਸਰਪੰਚ ਹੋਰੀਂ ਵੀ ਆਉਣਗੇ ਗੱਲ ਕਰਨ। ਮੈਨੂੰ ਟੈਮ ਨੀ ਲੱਗਣਾ। ਬੱਸ ਤੂੰ ਤਾਏ ਨੂੰ ਕਹਿੰਦੀਂ ਵੀ ਜਿਮੇਂ ਮਰਜੀ ਕਰਲੇ।''

''ਲਓ ਬਾਬਾ ਜੀ ਚਾਹ।'' ਮੱਖਣ ਨੇ ਚਾਹ ਬਾਟੀਆਂ ਵਿੱਚ ਪਾ ਕੇ ਫੜਾ ਦਿੱਤੀ।

''ਚਲ ਮੈਂ ਕਹਿਦੂੰ ਫੇਰ।'' ਕੈਲੇ ਨੇ ਚਾਹ ਦੀ ਬਾਟੀ ਚੁੱਕ ਕੇ ਮੂੰਹ ਨੂੰ ਲਾ ਲਈ।

''ਹੋਰ ਸੁਣਾ ਪਿੰਡ ਦਾ ਕੀ ਹਾਲ ਐ?''

''ਠੀਕ ਐ ਬੱਸ ਟੈਮ ਲੰਘੀ ਜਾਂਦੈ।''

''ਰਾਜੂ ਨੀ ਆਇਆ ਕਦੇ?''

''ਨਾਂਹ! ਉਹ ਤਾਂ ਜਿੱਦੋਂ ਦਾ ਗਿਐ ਮੁੜਕੇ ਨੀ ਆਇਆ।''

''ਜਦੋਂ ਕਦੇ ਆਇਆ ਮੇਰੇ ਕੋਲੇ ਭੇਜੀਂ।''

''ਠੀਕ ਐ।''

''ਚੰਗਾ ਫੇਰ ਮੈਂ ਚਲਦਾਂ।'' ਕੈਲੇ ਨੇ ਚਾਹ ਪੀ ਕੇ ਬਾਟੀ ਇੱਕ ਪਾਸੇ ਰੱਖ ਦਿੱਤੀ।

''ਹੁਣੀ ਕੀ ਹੋਇਐ, ਤੂੰ ਦੁਪਹਿਰਾ ਢਾਲ ਕੇ ਜਾਈਂ। ਨਾਲੇ ਲੰਗਰ-ਪਾਣੀ ਛਕ ਕੇ ਜਾਈਂ।''

''ਰੋਟੀ ਨੂੰ ਤਾਂ ਕੀ ਹੋਇਐ ਮੈਂ ਖਾ ਕੇ ਈ ਤੁਰਿਆ ਤੀ।''

''ਕੋਈ ਨਾ ਫੇਰ ਪਿੰਡ ਤਾਂ ਨੀ ਦੂਰ ਹੁੰਦਾ। ਵਗਜੀਂ ਰਾਮ ਨਾਲ।''

ਕੈਲੇ ਨੂੰ ਨੇਮੀਂ ਦਾਸ ਨੇ ਰੋਕ ਲਿਆ। ਉਹ ਉਸੇ ਪੱਲੀ 'ਤੇ ਪੈ ਗਿਆ। ਠੰਡੀ ਛਾਂ ਹੇਠ ਚੁਪਕੇ ਜਿਹੇ ਨੀਂਦ ਨੇ ਆ ਦੱਬਿਆ। ਜਦੋਂ ਉੱਠਿਆ ਤਿੰਨ ਵੱਜੇ ਪਏ ਸਨ। ਨੇਮੀਂ ਦਾਸ ਨੇ ਉਸਨੂੰ ਮੱਲੋ-ਮੱਲੀ ਰੋਟੀ ਖਵਾ ਕੇ ਤੋਰਿਆ। ਡਾਲੀ ਵਾਲੀ ਸੱਤ ਪ੍ਰਕਾਰ ਦੀ ਦਾਲ ਦੀਆਂ ਤਰੀਫ਼ਾਂ ਕਰਦਾ ਉਹ ਉਥੋਂ ਪੌਣੇ ਚਾਰ ਵਜੇ ਬੱਸ ਚੜ੍ਹਿਆ।

ਸ਼ਾਮ ਨੂੰ ਉਸਨੇ ਨੇਮੀਂ ਦਾਸ ਨਾਲ ਹੋਈ ਸਾਰੀ ਗੱਲ-ਬਾਤ ਸਰਵਣ ਤਾਏ ਨੂੰ ਦੱਸ ਦਿੱਤੀ। ਨੇਮੀਂ ਦਾਸ ਦੀ ਰਾਏ ਜਾਣ ਕੇ ਸਰਵਣ ਨੇ ਸਾਤੇ ਨੂੰ ਸੁਨੇਹਾ ਦੇ ਕੇ ਸਰਪੰਚ ਹੋਰਾਂ ਵੱਲ ਭੇਜ ਦਿੱਤਾ ਕਿ ਉਹ ਸਵੇਰੇ ਨੌਂ ਕੁ ਵਜੇ ਘਰ ਆ ਜਾਣ।

ਸਵੇਰੇ ਸਰਪੰਚ, ਮੈਂਬਰ, ਕੈਲਾ, ਨਾਜਰ, ਗਿੰਦਰ ਸਿੱਖ ਅਤੇ ਹੋਰ ਪਿੰਡ ਦੇ ਸਿਆਣੇ ਆਦਮੀ ਅਤੇ ਚਾਂਭਲੀ ਮੁੰਡੀਰ ਸਰਵਣ ਕੇ ਘਰ ਇਕੱਠੇ ਹੋ ਗਏ। ਰੋਡੀ ਨੂੰ ਨਹਾ ਕੇ ਨਵੇਂ ਕੱਪੜੇ ਪਾਏ। ਸਿਰ 'ਤੇ ਚਿੱਟੀ ਦਸਤਾਰ ਬੰਨ੍ਹ ਦਿੱਤੀ।

''ਲੈ ਭਾਈ ਨਾਜਰਾ! ਏਸ ਗਊ ਧੀ ਦਾ ਜਿੰਨਾ ਦਾਣਾ-ਪਾਣੀ ਏਸ ਪਿੰਡ 'ਚ ਲਿਖਿਆ ਤੀ ਚੁਗ ਲਿਆ। ਹੁਣ ਤੂੰ ਆਪ ਗ਼ੌਰ ਨਾਲ ਛੱਡ ਕੇ ਆਈਂ ਮੇਰਾ ਪੁੱਤ।'' ਮੰਜੇ 'ਤੇ ਬੈਠੇ ਸਰਵਣ ਨੇ ਰੋਡੀ ਦੇ ਸਿਰ ਉੱਤੇ ਹੱਥ ਫੇਰਦਿਆਂ ਤਿੰਨ-ਚਾਰ ਸੌ ਰੁਪਈਆ ਨਾਜਰ ਦੀ ਮੁੱਠੀ ਵਿੱਚ ਦੇ ਦਿੱਤਾ।

''ਹਾਏ....! ਮੈਂ ਨੀ ਜਾਂ....ਦੀ....!'' ਕੁੜੀ ਸਾਤੇ ਤੋਂ ਬਾਂਹ ਛੁਡਾ ਕੇ ਸਰਵਣ ਤਾਏ ਦੇ ਗਲ ਨੂੰ ਚਿੰਬੜ ਗਈ।

''ਨਹੀਂ ਮੇਰਾ ਪੁੱਤ, ਤੈਨੂੰ ਕਿਤੇ ਨੀ ਛੱਡ ਕੇ ਆਉਂਦੇ। ਤੇਰੇ ਰਾਜੂ ਵੀਰੇ ਨੂੰ ਮਿਲਾ ਕੇ ਲਿਆਉਂਦੇ ਨੇ। ਮਿਲਣੈ ਨਾ ਰਾਜੂ ਵੀਰੇ ਨੂੰ?'' ਸਰਵਣ ਦੀ ਨੂੰਹ ਨੇ ਭੋਲੇ ਬਚਪਨ ਨੂੰ ਕਦੇ ਨਾ ਪੂਰਾ ਹੋਣ ਵਾਲਾ ਸੁਪਨਾ ਦਿਖਾਇਆ।

''ਹੂੰ!'' ਰੋਡੀ ਨੇ ਰਾਜੂ ਨੂੰ ਮਿਲਣ ਦੀ ਖੁਸ਼ੀ ਦੇ ਚਾਅ ਨਾਲ 'ਹਾਂ' ਵਿੱਚ ਸਿਰ ਮਾਰਿਆ।

''ਨਾਲੇ ਰਾਜੂ ਵੀਰਾ ਤੈਨੂੰ ਐਨੀਆਂ ਚੀਜਾਂ ਦੇਊਗਾ....। ਤੂੰ ਬੱਸ ਅੱਜ ਜਾ ਕੇ ਕੱਲ੍ਹ ਨੂੰ ਮੁੜ ਆਈਂ।'' ਆਪਣਾ ਦਾਅ ਸਿੱਧਾ ਪਿਆ ਵੇਖ ਕੇ ਉਸਨੇ ਰੋਡੀ ਨੂੰ ਇੱਕ ਰੰਗੀਨ ਸੁਪਨਾ ਹੋਰ ਵਿਖਾ ਦਿੱਤਾ।

''ਚੰਗਾ!'' ਰੋਡੀ ਰਾਜੂ ਵੀਰ ਨੂੰ ਮਿਲਣ ਦੀ ਖੁਸ਼ੀ ਨੰਨ੍ਹੇ ਦਿਲ ਵਿੱਚ ਸਾਂਭਦੀ ਸਾਤੇ ਦੀ ਉਂਗਲ ਫੜ ਕੇ ਨਾਲ ਤੁਰ ਪਈ। ਨਾਜਰ ਹੋਰੀਂ ਰੋਡੀ ਨੂੰ ਲੈ ਕੇ ਬਾਰ ਟੱਪ ਗਏ। ਲੋਕ ਵੀ ਹੌਲੀ ਹੌਲੀ ਘੁਸਰ-ਮੁਸਰ ਕਰਦੇ ਸਰਵਣ ਕੇ ਘਰ ਤੋਂ ਬਾਹਰ ਹੋ ਗਏ। ਸਰਵਣ ਤਾਏ ਨੇ ਛਲਕ ਆਈਆਂ ਅੱਖਾਂ ਪੂੰਝ ਲਈਆਂ।

## 18

ਰਾਜੂ ਨੂੰ ਗੱਡੀਆਂ 'ਤੇ ਆਏ ਨੂੰ ਚਾਰ ਸਾਲ ਹੋ ਗਏ ਸਨ। ਉਸਨੇ ਮੁੜਕੇ ਪਿੰਡ ਵੱਲ ਮੂੰਹ ਨਹੀਂ ਕੀਤਾ ਸੀ। ਮੂੰਹ ਕਰਦਾ ਵੀ ਕਿਸ ਸਹਾਰੇ? ਏਸ ਪਿੰਡ ਨੇ ਤਾਂ ਕਦੇ ਉਸਨੂੰ ਆਪਣਾ ਮੰਨਿਆ ਹੀ ਨਹੀਂ। ਜਿਸ ਪਿੰਡ ਨੇ ਉਸਦਾ ਬਚਪਨ ਰੋਲ ਦਿੱਤਾ, ਜਵਾਨੀ ਪੈਰੇਂ ਸਾਰੇ ਪਿੰਡ ਨੇ ਹੀ ਵੈਰ ਬੰਨ੍ਹ ਲਿਆ, ਉਸ ਪਿੰਡ ਨਾਲ ਉਸਦੀ ਕੀ ਸਾਂਝ ਰਹਿ ਗਈ ਸੀ। ਉਹ ਪਿੰਡ ਨੂੰ ਫਤਹਿ ਬੁਲਾ ਕੇ ਸੜਕਾਂ 'ਤੇ ਜਵਾਨੀ ਰੋਲਣ ਲਈ ਪਿੰਡੋਂ ਨਿਕਲ ਤੁਰਿਆ ਸੀ। ਚਾਹੇ ਉਸਨੂੰ ਪਿੰਡ ਨਾਲ ਕਿੰਨੀ ਵੀ ਨਫ਼ਰਤ ਸੀ ਪਰ ਮਨ ਦੇ ਕਿਸੇ ਕੋਨਿਓਂ ਕਦੇ ਕਦੇ ਪਿੰਡ ਲਈ ਮੋਹ ਵੀ ਜਾਗ ਪੈਂਦਾ। ਜੀਅ ਕਰਦਾ, ਉਹ ਆਪਣੇ ਪਿੰਡ ਜਾਵੇ, ਆਪਣਾ ਘਰ ਵੇਖੇ। ਸਰਵਣ ਤਾਏ ਨੂੰ ਵੀ ਮਿਲਣ ਨੂੰ ਦਿਲ ਕਰ ਆਉਂਦਾ ਪਰ ਪਿੰਡ ਜਾਣ ਦੀ ਚਾਹਤ ਉਸਦੇ ਮਨ ਵਿੱਚ ਬਹੁਤਾ ਚਿਰ ਕਾਇਮ ਨਾ ਰਹਿੰਦੀ। ਜਦ ਉਹ ਆਪਣੇ ਨਾਲ ਪਿੰਡ ਦੇ ਲੋਕਾਂ ਦੁਆਰਾ ਕੀਤਾ ਦੁਰਵਿਹਾਰ ਚਿਤਵਦਾ ਤਾਂ ਉਹ ਪਿੰਡ ਜਾਣੋਂ ਦੜ ਵੱਟ ਜਾਂਦਾ।

ਇਹਨਾਂ ਚਾਰ ਸਾਲਾਂ ਵਿੱਚ ਉਹਨੇ ਤਿੰਨ ਗੱਡੀਆਂ ਬਦਲ ਦਿੱਤੀਆਂ ਸਨ। ਪਹਿਲਾਂ ਦੋ ਸਾਲ ਉਹ ਮੱਖਣ ਨਾਲ ਕਲੀਨਰੀ ਕਰਦਾ ਰਿਹਾ। ਜਦ ਡਰਾਇਵਰੀ ਸਿੱਖ ਗਿਆ ਤਾਂ ਉਸਨੇ ਆਪਣੀ ਜ਼ਿੰਮੇਵਾਰੀ 'ਤੇ ਕਿਸੇ ਹੋਰ ਟਰੱਕ 'ਤੇ ਡਰਾਇਵਰ ਰਖਵਾ ਦਿੱਤਾ। ਡੇਢ ਸਾਲ ਰਾਜੂ ਦੀ ਉਸ ਨਾਲ ਚੰਗੀ ਨਿਭੀ ਫਿਰ ਤਨਖਾਹ ਦੇ ਲੈਣ-ਦੇਣ ਤੇ ਖਟ-ਮਿਠ ਹੋਣ ਕਰਕੇ ਹੁਣ ਉਹ ਛੇ ਮਹੀਨਿਆਂ ਤੋਂ ਤੀਸਰੀ ਥਾਂ ਆ ਗਿਆ ਸੀ। ਸੁਨਾਮ ਦੀ ਇਸ ਗੱਡੀ ਦੇ ਮਾਲਕ ਕੋਲ ਸਿਰਫ਼ ਇੱਕੋ ਗੱਡੀ ਸੀ। ਲੋਕਲ ਚੱਕਰ ਇਕੱਲਾ ਰਾਜੂ

ਲਾਉਂਦਾ। ਲੰਬੇ ਚੱਕਰ 'ਤੇ ਮਾਲਕ ਆਪ ਨਾਲ ਆਉਂਦਾ। ਦਿਨੇ ਮਾਲਕ ਆਪ ਗੱਡੀ ਚਲਾਉਂਦਾ ਤੇ ਰਾਤ ਨੂੰ ਰਾਜੂ ਨੂੰ ਫੜਾ ਦਿੰਦਾ। ਗੱਡੀ ਦਾ ਮਾਲਕ ਬੜੇ ਅੜਬ ਸੁਭਾਅ ਦਾ ਸੀ। ਗੱਡੀ ਨਾਲ ਕੋਈ 'ਈਂਮ-ਘੀਂਮ' ਹੋ ਜਾਣ ਤੇ ਉਹ ਡਰਾਇਵਰ ਨੂੰ ਕਤਮਾ ਗਿਣਦਾ। ਕਈ ਵਾਰ ਤਾਂ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਦਾ ਤਵਾ ਧਰ ਲੈਂਦਾ, ਜਿਸ ਕਰਕੇ ਉਸ ਨਾਲ ਬਹੁਤਾ ਚਿਰ ਕੋਈ ਡਰਾਇਵਰ ਨਹੀਂ ਸੀ ਕੱਟਦਾ। ਇਹਨਾਂ ਛੇ ਮਹੀਨਿਆਂ 'ਚ ਰਾਜੂ ਵੀ ਉਸ ਨਾਲ ਕਈ ਵਾਰ ਖਹਿਬੜ ਚੁੱਕਿਆ ਸੀ। ਮਾਲਕ ਦੇ ਅੜਬ ਸੁਭਾ ਤੋਂ ਖਿੱਝੇ ਰਾਜੂ ਦਾ ਕਈ ਵਾਰ ਦਿਲ ਕੀਤਾ ਸੀ ਕਿ ਉਹ ਮੱਥਾ ਟੇਕ ਜਾਵੇ ਪਰ ਉਹ ਅਜੇ ਕੋਈ ਹੋਰ ਗੱਡੀ ਮਿਲ ਜਾਣ ਦੀ ਝਾਕ ਵਿੱਚ ਇਸ ਨਾਲ ਦਿਨ-ਕਟੀ ਕਰੀਂ ਜਾ ਰਿਹਾ ਸੀ।

ਅੱਜ ਵੀ ਜਦ ਗੱਡੀ ਦਾ ਕਰੌਸ ਟੁੱਟਿਆ ਤਾਂ ਉਸਨੇ ਰਾਜੂ ਨੂੰ ਸਿੱਧੀਆਂ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਦੀ ਸੂੜ ਧਰ ਲਈ। ਇੱਕ ਵਾਰ ਤਾਂ ਰਾਜੂ ਦੇ ਮਨ 'ਚ ਆਈ ਕਿ ਉਹ ਰਾਡ ਮਾਰ ਕੇ ਉਸਦਾ ਸਿਰ ਪਾੜ ਦੇਵੇ ਪਰ ਪਤਾ ਨਹੀਂ ਉਹ ਕਿਹੜੀ ਝੇਪ ਵਿੱਚ ਕੰਨ ਲਵੇਟੀਂ ਸਾਰਾ ਕੁਝ ਸੁਣਦਾ ਰਿਹਾ। ਕਸੂਰ ਰਾਜੂ ਦਾ ਵੀ ਨਹੀਂ ਸੀ ਜੇ ਉਹ ਗੱਡੀ ਖੜ੍ਹੀ ਕਰੀਂ ਰੱਖਦਾ ਤਾਂ ਮਾਲਕ ਨੇ ਮਾਵਾਂ-ਭੈਣਾ ਦੀਆਂ ਗਾਲ੍ਹਾ ਦਿੰਦਿਆਂ ਆਪ ਹੀ ਕਹਿ ਦੇਣਾ ਸੀ, 'ਆਪਣੀ ਮਾਂ ਨੂੰ ਇਧਰ ਦੀ ਕੂਕ ਲੈ। ਇਥੇ ਖੜ੍ਹਾ ਲਈ ਕੀ ਧਾਰ ਚੋਣੀ ਐ।' ਸੜਕ 'ਤੇ ਇੱਕ ਪਾਸੇ ਛਟੀਆਂ ਦੀ ਟਰਾਲੀ ਪਲਟੀ ਪਈ ਸੀ। ਦੂਸਰੇ ਪਾਸੇ ਸੈਲਰ ਦੇ ਬਾਹਰ ਗੋਡੇ ਗੋਡੇ ਬੂਰ ਸੀ। ਰਾਜੂ ਨੇ 'ਲੰਘ ਜਾਊ' ਸੋਚ ਕੇ ਗੱਡੀ ਦੂਸਰੇ ਗੇਅਰ ਵਿੱਚ ਪਾ ਲਈ ਸੀ ਤੇ ਪੂਰੀ ਰੇਸ ਦੇ ਕੇ ਬਰੇਤੀ ਦੀ ਭਰੀ ਗੱਡੀ ਬੂਰ ਵਿੱਚੋਂ ਦੀ ਸਿੱਧੀ ਕਰ ਦਿੱਤੀ। ਗੱਡੀ ਅਜੇ ਦਸ-ਵੀਹ ਫੁੱਟ ਹੀ ਬੂਰ ਵਿੱਚ ਗਈ ਸੀ ਕਿ 'ਕੜੱਕ' ਕਰਦਾ ਕਰੌਸ ਟੁੱਟ ਗਿਆ।

''ਕੀ ਗੱਲ ਹੋ ਗੀ ਓਏ!'' ਉਪਰਲੀ ਸੀਟ 'ਤੇ ਪਏ ਮਾਲਕ ਨੂੰ ਜਾਗ ਆ ਗਈ।

''ਲੱਗਦੈ ਕਰੌਸ ਟੁੱਟ ਗਿਆ ਜੀ।'' ਵਿਚਾਰੇ ਜਿਹੇ ਬਣੇ ਰਾਜੂ ਨੇ ਅੰਦਾਜ਼ਾ ਲਾਉਂਦਿਆਂ ਕਿਹਾ।

''ਐਂ ਕਿਮੇਂ ਟੁੱਟ ਗਿਆ?''

''ਸੜਕ 'ਤੇ ਛਟੀਆਂ ਦੀ ਟਰਾਲੀ ਉਲਟੀ ਪਈ ਤੀ। ਮੈਂ ਇਧਰ ਦੀ ਲੰਘਾਉਣ ਲੱਗ ਗਿਆ।''

''ਐਧਰ ਕਿੱਧਰ ਦੀ?'' ਮਾਲਕ ਕਹਿੰਦਾ ਗੱਡੀ ਚੋਂ ਹੇਠਾਂ ਉਤਰ ਗਿਆ। ਉਸਦੇ ਪੈਰ ਬੂਰ ਵਿੱਚ ਧਸ ਗਏ, ''ਆਹ, ਅੰਨਾ ਸੀ ਤੂੰ ਓਏ! ਤੈਨੂੰ ਐਨੀ ਅਕਲ ਨੀ ਸਾਲਿਆ, ਵੀ ਇਥੋਂ ਦੀ ਤੇਰੀ ਮਾਂ ਮਕਲਾਵੇ ਮਾਂਗੂੰ ਲੰਘੂ। ਬੂਰ ਤਾਂ ਲੱਕ ਲੱਕ ਚੜ੍ਹਿਆ ਪਿਐ। ਲੋਡ ਗੱਡੀ ਇਥੋਂ ਦੀ ਕਿਮੇਂ ਲੰਘੂ ਸਾਲਿਆ ਮਾਂ ਜਾਭਿਆ!'' ਮਾਲਕ ਨੇ ਰਾਜੂ ਨੂੰ ਰੱਜ ਕੇ ਗਾਲ੍ਹਾਂ ਕੱਢੀਆਂ।

''ਮੈਨੂੰ ਤਾਂ ਐਂ ਤੀ ਵੀ ਲੰਘਜੂੰ।''

''ਸਾਲਾ ਲੰਘਜੂ ਦਾ। ਹੁਣ ਖਪੀ ਜਾਈਂ ਸਾਰੀ ਰਾਤ ਇਥੇ। ਹੁਣ ਇਥੇ ਮੇਰੇ ਹੱਨੇ 'ਤੇ ਖੜ੍ਹਾ ਕੀ ਕਰਦੈਂ। ਇਹਨੂੰ ਗਾਲ ਲੈ। ਥੱਲੋਂ ਬੂਰ ਹਟਾ ਕੇ ਦੇਖ, ਕਿੱਥੋਂ ਟੁੱਟਿਐ।''

ਰਾਜੂ ਗੱਡੀ ਥੱਲੋਂ ਬੂਰ ਹਟਾਉਣ ਲੱਗ ਪਿਆ। ਜਦੋਂ ਬੂਰ ਪਰ੍ਹੇ ਕਰਕੇ ਵੇਖਿਆ ਕਰੌਸ ਦੀ ਡੱਬੀ ਕਰੈਕ ਹੋ ਗਈ ਸੀ।

''ਆਹ ਡੱਬੀ ਕਰੇਕ ਹੋ ਗਈ ਜੀ।''

''ਟੈਮ ਕੀ ਹੋਇਐ?''

''ਦੋ ਵੱਜਗੇ ਜੀ।''

''ਤੂੰ ਐਂ ਕਰ ਇਹਦੇ ਥੱਲੋਂ ਬੂਰ ਹਟਾ ਕੇ ਹੋਰ ਥਾਂ ਕਰਲੈ। ਮੈਂ ਘਰੇ ਜਾਨਾਂ, ਨਾਲੇ ਤਾਂ ਸਵੇਰੇ ਤੇਰੀ ਚਾਹ ਲੈ ਆਊਂ, ਨਾਲੇ ਮਿਸਤਰੀ ਨੂੰ ਸੱਦ ਲਿਆਊਂ।''

''ਚੰਗਾ ਜੀ।''

ਰਾਜੂ ਨੇ ਅੱਧੇ ਘੰਟੇ ਵਿੱਚ ਗੱਡੀ ਦੇ ਕੋਲੋਂ ਬੂਰ ਹਟਾ ਕੇ ਰਾਹ ਕਰ ਲਿਆ ਤੇ ਆਪ ਅੰਦਰ ਬੈਠ ਕੇ ਗੱਡੀ ਦਾ ਸ਼ੀਸ਼ਾ ਚੜ੍ਹਾ ਲਿਆ। ਉਸਨੇ ਜੇਬ 'ਚੋਂ ਜਰਦੇ ਦੀ ਸਟੀਲ ਦੀ ਡੱਬੀ ਕੱਢੀ ਤੇ ਹਥੇਲੀ 'ਤੇ ਜਰਦਾ ਪਾ ਕੇ ਮਲਣ ਲੱਗ ਪਿਆ। ਜਰਦਾ ਮਲਦਿਆਂ ਰਾਜੂ

ਦੇ ਉਸ ਦਿਨ ਵਾਲੀ ਗੱਲ ਫਿਰ ਯਾਦ ਆ ਗਈ, ਜਿਸਨੇ ਰਾਜੂ ਨੂੰ ਹੁਣ ਤੱਕ ਪਰੇਸ਼ਾਨੀ ਵਿੱਚ ਪਾ ਰੱਖਿਆ ਸੀ। ਉਸ ਦਿਨ ਵੀ ਉਹ ਢਾਬੇ 'ਤੇ ਬੈਠਾ ਜਰਦਾ ਹੀ ਮਲ ਰਿਹਾ ਸੀ ਜਦ ਉਸ ਮੁੰਡੇ ਨੇ ਰਾਜੂ ਨੂੰ ਕਿਹਾ ਸੀ, "ਇੱਕ ਚੂੰਡੀ ਬਾਈ ਵੱਧ ਪਾ ਲਈਂ।" ਜਦ ਰਾਜੂ ਨੇ ਜਰਦਾ ਮਲ ਲਿਆ ਤਾਂ ਉਹ ਚੂੰਡੀ ਲੈ ਕੇ ਰਾਜੂ ਦੇ ਸਾਹਮਣੇ ਵਾਲੇ ਮੰਜੇ ਉੱਤੇ ਹੀ ਬੈਠ ਗਿਆ। "ਕਿੱਥੋਂ ਐ ਗੱਡੀ ਬਾਈ?"

"ਸੁਨਾਮ ਤੋਂ।"

"ਤੁਸੀਂ ਵੀ ਸੁਨਾਮ ਤੋਂ?"

"ਨਾਂਹ ਮੇਰਾ ਪਿੰਡ ਤਾਂ ਗੱਗੜਪੁਰ ਐ।"

"ਗੱਗੜਪੁਰ। ....ਆਹ ਚੀਮਿਆਂ ਕੋਲੇ।"

"ਹਾਂ ਹਾਂ....। ਤੇਰਾ ਕਿਹੜਾ ਪਿੰਡ ਐ ਬਾਈ?"

"ਮੇਰਾ ਤਾਂ ਬਠਿੰਡੇ ਤੋਂ ਅੱਗੇ ਫਰੀਦਕੋਟ ਜਿਲ੍ਹੇ 'ਚ ਐ ਕੁਸਲਾ ਪਰ ਰਹਿਣਾ ਮੈਂ ਇਥੇ ਖਿਆਲੇ ਆਂ। ਏਸੇ ਮਾਨਸਾ ਆਲੇ ਰੋਡ 'ਤੇ ਈ ਪੈਂਦੈ।"

"ਇਥੇ ਕਿਮੇਂ ਫੇਰ?" ਰਾਜੂ ਨੇ ਪੁੱਛਿਆ।

"ਇਥੇ ਮਾਮੇ ਨਾਲ ਦੋ ਗੱਡੀਆਂ ਸਾਂਝੀਆਂ ਨੇ। ਭੀਖੀ ਦੀ ਯੂਨੀਅਨ 'ਚ ਈ ਨੇ।"

"ਅੱਛਿਆ ਅੱਛਿਆ...। ਠੀਕ ਐ,...।" ਰਾਜੂ ਨੇ ਉਪਰ ਹੇਠ ਸਿਰ ਹਿਲਾਇਆ।

"ਇੱਕ ਯਰ ਤੇਰੇ ਪਿੰਡੋਂ ਸਾਡੇ ਗੁਆਂਢ 'ਚ ਕੋਈ ਤੀਵੀਂ ਵੀ ਰਹਿੰਦੀ ਐ। ਭਈਆ ਰਾਣੀ ਐ।"

ਪਹਿਲਾਂ ਤਾਂ ਰਾਜੂ ਮੁੰਡੇ ਦੀ ਗੱਲ ਸੁਣ ਕੇ ਖੜ੍ਹੇ ਪਾਣੀ 'ਚ ਅਚਾਨਕ ਹੀ ਸੁਨਾਮੀ ਲਹਿਰਾਂ ਉੱਠ ਖੜ੍ਹਨ ਵਾਂਗ ਹਿੱਲ ਗਿਆ। ਫਿਰ ਉਹ ਅੰਦਰੇ-ਅੰਦਰ ਆਪਣੇ ਡੋਲਦੇ ਮਨ ਨੂੰ ਖੁਦ ਹੀ ਢਾਰਸ ਦੇਣ ਲੱਗ ਪਿਆ, 'ਕਿੰਨੇ ਸਾਲ ਹੋ ਗਏ ਪਿੰਡੋਂ ਆਏ ਨੂੰ, ਕੀ ਪਤੈ ਕੋਈ ਹੋਰ ਹੋਵੇ। ਹੁਣ ਤਾਂ ਪੰਜਾਬ ਭਰਿਆ ਪਿਐ ਇਹਨਾਂ ਨਾਲ।' ਪਰ ਮਨ ਦੇ ਕਿਸੇ ਕੋਨਿਓਂ ਉੱਠਿਆ ਮਾਂ ਦਾ ਮੋਹ ਉਸਨੂੰ ਹੋਰ ਪੁੱਛਣ ਲਈ ਮਜਬੂਰ ਕਰ ਗਿਆ।

"ਕਿੰਨੇ ਕ ਸਾਲਾਂ ਤੋਂ ਰਹਿੰਦੀ ਐ?" ਰਾਜੂ ਨੇ ਸਹਿਜ ਹੁੰਦਿਆਂ ਪੁੱਛਿਆ ਸੀ।

"ਦਸ-ਗਿਆਰਾਂ ਸਾਲ ਤਾਂ ਹੋ ਗਏ ਹੋਣਗੇ। ਵੱਧ ਬੇਸ਼ੱਕ ਹੋ ਗਏ ਹੋਣ ਕਿਉਂਕਿ ਵੱਡਾ ਮੁੰਡਾ ਉਹਦਾ ਹੁਣ ਛੇਵੀਂ-ਸੱਤਵੀਂ 'ਚ ਪੜ੍ਹਦੈ।"

"ਕੈ ਜਵਾਕ ਨੇ?"

"ਤਿੰਨ ਨੇ ਦੋ ਮੁੰਡੇ, ਇੱਕ ਕੁੜੀ।"

"ਆਪ ਕਹੀ ਜੀ ਐ?" ਰਾਜੂ ਦੇ ਅੰਦਰ ਭੂਚਾਲ ਉੱਠ ਰਿਹਾ ਸੀ ਪਰ ਉਹ ਹਰ ਹੀਲੇ ਆਪਣੇ-ਆਪ ਨੂੰ ਸਹਿਜ ਰੱਖਦਾ ਪੁੱਛ ਰਿਹਾ ਸੀ।

"ਪੱਕੇ ਜੇ ਰੰਗ ਨਾਲ ਐ, ਲੰਬੀ ਜੀ। ਸੱਜੀ ਅੱਖ ਦੇ ਉਪਰ ਵੱਡਾ ਸਾਰਾ ਕਾਲਾ ਤਿਣ ਐ।"

"ਪਤਾ ਨੀ ਭਾਈ ਮੇਰੇ ਤਾਂ ਖ਼ਿਆਲ ਨੀ।" ਰਾਜੂ ਉਪਰੋਂ-ਉਪਰੋਂ ਕਹਿ ਗਿਆ ਪਰ ਉਸਦਾ ਅੰਦਰਲਾ ਕੁਝ ਹੋਰ ਕਹਿ ਰਿਹਾ ਸੀ। ਆਪਣੀ ਹੀ ਮਾਂ ਬਾਰੇ ਉਹ ਸਾਹਮਣੇ ਬੈਠੇ ਨਾਲ ਬੇਗਾਨਿਆਂ ਦੀਆਂ ਗੱਲਾਂ ਕਰਨ ਵਾਂਗ ਗੱਲਾਂ ਕਰ ਰਿਹਾ ਸੀ। ਉਸਨੇ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਜਿੰਦਗੀ ਉਸਨੂੰ ਇਸ ਮੋੜ 'ਤੇ ਲਿਆ ਖੜ੍ਹਾਏਗੀ। ਉਹ ਜਲਦੀ ਨਾਲ ਹੱਥ ਮਿਲਾ ਕੇ ਗੱਡੀ ਵਿੱਚ ਜਾ ਬੈਠਿਆ। ਹੁਣ ਤੱਕ ਜਬਤ ਕਰਕੇ ਰੱਖਿਆ, ਭਰਿਆ ਮਨ ਉੱਛਲ ਗਿਆ।

ਦੋ ਕੁ ਮਹੀਨਿਆਂ ਬਾਅਦ ਸੁਨਾਮ ਰਾਜੂ ਨੂੰ ਕੁਸਲੇ ਵਾਲਾ ਕਾਲਾ ਫਿਰ ਮਿਲ ਗਿਆ ਸੀ। ਉਸ ਰਾਤ ਦੋਵਾਂ ਨੇ ਇਕੱਠਿਆਂ ਦਾਰੂ ਪੀਤੀ। ਰੱਜ ਕੇ ਗੱਲਾਂ ਕੀਤੀਆਂ। ਪਹਿਲੇ ਦਿਨ ਦੀ ਸਧਾਰਨ ਗੱਲ-ਬਾਤ ਨਾਲੋਂ ਹੁਣ ਦੋਸਤੀ ਦਾ ਰੰਗ ਗੂੜ੍ਹਾ ਹੋ ਗਿਆ ਸੀ। ਦੋਵਾਂ

ਨੇ ਆਪਣੀਆਂ ਬੁੱਕਲਾਂ ਖੋਲ੍ਹ ਦਿੱਤੀਆਂ ਸਨ। ਜਿੰਦਗੀ ਦੀਆਂ ਗੁੱਝੀਆਂ ਗੱਲਾਂ ਤੋਂ ਪਰਦੇ ਹਟਾ ਦਿੱਤੇ ਸੀ। ਜੇ ਰਾਜੂ ਨੇ ਕੋਈ ਗੱਲ ਦੱਸੀ ਨਹੀਂ ਸੀ ਤਾਂ ਮਾਂ ਵਾਲੀ ਗੱਲ। ਇੱਕ ਵਾਰ ਤਾਂ ਉਸਦਾ ਦਿਲ ਕੀਤਾ ਸੀ ਕਿ ਉਹ ਆਪਣੇ ਅੰਦਰਲੀ ਇਹ ਗੰਢ ਵੀ ਕਾਲੇ ਅੱਗੇ ਖੋਲ੍ਹ ਦੇਵੇ। ਇੱਕ ਵਾਰ ਆਪਣੀ ਮਾਂ ਨੂੰ ਮਿਲਾਉਣ ਲਈ ਮਿੰਨਤ ਕਰ ਲਏ ਪਰ ਜਦ ਦਿਲ ਉੱਤੇ ਦਿਮਾਗ ਭਾਰੂ ਹੋ ਜਾਂਦਾ ਤਾਂ ਉਹ ਹੋਰ ਕਿੰਨਾ ਕੁਝ ਸੋਚ ਜਾਂਦਾ, 'ਹੁਣ ਤੱਕ ਤਾਂ ਮਾਂ ਮੈਨੂੰ ਭੁੱਲ ਗਈ ਹੋਵੇਗੀ। ਤਿੰਨ ਬੱਚੇ ਹੋਰ ਹੋ ਗਏ, ਉਨ੍ਹਾਂ ਵਿੱਚ ਮੋਹ ਪੈ ਗਿਆ ਹੋਣਾ। ਇਹ ਵੀ ਨਹੀਂ ਪਤਾ ਜੇ ਮੈਂ ਮਿਲਣ ਜਾਵਾਂ ਤਾਂ ਅੱਗੋਂ ਮੈਨੂੰ ਕਿੱਝ ਮਿਲੇ। ਕੀ ਪਤੈ, ਮੇਰੇ ਜਾਣ ਨਾਲ ਉਸਦੀ ਸ਼ਾਂਤ ਗੁਜਰਦੀ ਜਿੰਦਗੀ ਵਿੱਚ ਫਿਰ ਭੂਚਾਲ ਉੱਠ ਖੜ੍ਹੇ।' ਉਹ ਕਿੰਨਾ ਹੀ ਕੁਝ ਸੋਚਦਾ ਆਪਣੇ ਮਿਲਣ ਦੀ ਲਾਲਸਾ ਨੂੰ ਅੰਦਰ ਹੀ ਦਬਾ ਲੈਂਦਾ।

ਸੁਨਾਮ ਤੋਂ ਬਾਅਦ ਤਾਂ ਉਹ ਕਈ ਵਾਰ ਮਿਲੇ ਸਨ। ਜਿਉਂ ਜਿਉਂ ਮਿਲਣੀ ਵਧਦੀ ਗਈ ਸੀ, ਦੋਵਾਂ ਦੀ ਦੋਸਤੀ ਹੋਰ ਪਰਪੱਕ ਹੁੰਦੀ ਗਈ ਸੀ। ਇਕੱਠੇ ਖਾਂਦੇ-ਪੀਂਦਿਆਂ ਕਿੰਨਾ ਹੀ ਨਿੱਜੀ ਇੱਕ ਦੂਜੇ ਨੂੰ ਦੱਸ ਦਿੱਤਾ ਸੀ। ਚਾਹੇ ਰਾਜੂ ਨੇ ਕਾਲੇ ਨੂੰ ਰਾਣੀ ਸਮੇਤ ਆਪਣੀਆਂ ਸਭ ਗੱਲਾਂ ਦੱਸ ਦਿੱਤੀਆਂ ਸਨ ਪਰ ਆਪਣੀ ਮਾਂ ਦੇਵਕੀ ਬਾਰੇ ਉਹ ਅਜੇ ਤੱਕ ਨਹੀਂ ਸੀ ਦੱਸ ਸਕਿਆ। ਪਤਾ ਨਹੀਂ ਉਸਦੇ ਅੰਦਰ ਬੈਠੀ ਕਿਹੜੀ ਝਿਜਕ ਨੇ ਉਸਦਾ ਮੂੰਹ ਬੰਨ੍ਹੀ ਰੱਖਿਆ ਸੀ।

ਰਾਜੂ ਨੂੰ ਸਾਰੀ ਰਾਤ ਆਪਣੀ ਮਾਂ ਦੇਵਕੀ ਅਤੇ ਗੰਗੜਪੁਰ ਵਿੱਚ ਗੁਜਰੀ ਜਿੰਦਗੀ ਬਾਰੇ ਸੋਚਾਂ ਸੋਚਦਿਆਂ ਨੀਂਦ ਨਹੀਂ ਸੀ ਆਈ। ਪਹਿਲਾਂ ਤਾਂ ਟਰਾਲੀ ਵਾਲੇ ਉਸ ਕੋਲ ਕੁਝ ਚਿਰ ਬੈਠੇ ਗੱਲਾਂ ਕਰਦੇ ਰਹੇ ਸੀ ਫਿਰ ਉਹ ਵੀ ਚਲੇ ਗਏ। ਫਿਰ ਉਹ ਇਕੱਲਾ ਹੀ ਬੈਠਾ ਸਾਰੀ ਰਾਤ ਸੋਚਾਂ ਦੇ ਘੋੜੇ ਪਤਾ ਨਹੀਂ ਕਿੱਥੇ ਕਿੱਥੇ ਦੁੜਾਉਂਦਾ ਰਿਹਾ। ਸਵੇਰੇ ਜਦੋਂ ਮਾਲਕ ਮਿਸਤਰੀ ਨੂੰ ਲੈ ਕੇ ਆਇਆ ਤਾਂ ਉਹ ਉਸੇ ਤਰ੍ਹਾਂ ਉੱਠ ਕੇ ਗੱਡੀ ਹੇਠ ਜਾ ਵੜਿਆ। ਕਰੌਸ ਦੀ ਡੱਬੀ ਪਾ ਕੇ ਮਿਸਤਰੀ ਨੇ ਗੱਡੀ ਠੀਕ ਕਰ ਦਿੱਤੀ। ਅੱਗੋਂ ਬੂਰ ਤਾਂ ਰਾਜੂ ਨੇ ਰਾਤ ਹੀ ਹਟਾ ਦਿੱਤਾ ਸੀ। ਉਸਨੇ ਗੱਡੀ ਸਟਾਰਟ ਕਰਕੇ ਬਾਹਰ ਕੱਢ ਲਈ।

''ਮੈਂ ਤਾਂ ਥੱਕਿਆ ਪਿਆਂ। ਤੂੰ ਹੀ ਚਲਾ ਗੱਡੀ ਰਾਜੂ। ਆਹ ਘੰਟੇ ਕ ਦਾ ਰਸਤਾ ਰਹਿ ਗਿਆ ਬੱਸ ਮੂਨਕ ਤੱਕ ਦਾ।'' ਮਾਲਕ ਉੱਪਰਲੀ ਸੀਟ ਉੱਪਰ ਚੜ੍ਹ ਕੇ ਪੈ ਗਿਆ।

''ਐਂ ਬੂਰ ਵਿਚਦੀ ਕਾਹਨੂੰ ਕਰਨੀ ਸੀ ਗੱਡੀ।'' ਆਪਣੇ-ਆਪ ਵਿੱਚ ਗੁਆਚੇ ਜਾਂਦੇ ਰਾਜੂ ਨੂੰ ਮਿਸਤਰੀ ਨੇ ਬੁਲਾ ਲਿਆ।

''ਮੈਨੂੰ ਤਾਂ ਐਂ ਤੀ ਵੀ ਚਲ ਲੰਘਜੂ ਗੀ। ਕਾਹਨੂੰ ਇਥੇ ਦਿਹਾੜੀ ਭੰਨਣੀ ਐ।''

''ਹੁਣ ਓਦੂੰ ਵੀ ਜਿਆਦੇ ਟੈਮ ਲਾਗਿਆ।''

''ਚਲ ਜਿਹੜਾ ਹੋਣਾ ਹੁੰਦੈ ਉਹ ਤਾਂ ਹੋ ਕੇ ਈ ਰਹਿੰਦੈ।'' ਰਾਜੂ ਨੇ ਮਿਸਤਰੀ ਤੋਂ ਇੱਕ ਤਰ੍ਹਾਂ ਨਾਲ ਖਹਿੜਾ ਛੁਡਾਇਆ।

ਫਿਰ ਮਿਸਤਰੀ ਨੇ ਕੋਈ ਗੱਲ ਨਹੀਂ ਕੀਤੀ। ਰਾਜੂ ਨੇ ਗੱਡੀ ਸਿੰਗਲ ਰੋਡ ਤੋਂ ਜੀ. ਟੀ. ਰੋਡ ਚਾੜ੍ਹ ਲਈ। ਦਿਨ ਚੜ੍ਹਨਾ ਸ਼ੁਰੂ ਹੋ ਗਿਆ ਸੀ। ਰੋਡ 'ਤੇ ਗੱਡੀਆਂ ਦੀ ਆਵਾਜਾਈ ਵਧਣ ਨਾਲ ਹਾਰਨਾਂ ਦਾ ਗੀਤ ਜੁੜ ਗਿਆ ਸੀ। ਪਿਛਲੀਆਂ ਯਾਦਾਂ ਅਜੇ ਵੀ ਉਂਗਲ ਫੜੀਂ, ਰਾਜੂ ਦੇ ਨਾਲ ਨਾਲ ਤੁਰ ਰਹੀਆਂ ਸਨ। ਉਸਦੀਆਂ ਉਨੀਂਦਰੀਆਂ ਅੱਖਾਂ ਅੱਗੇ ਕਦੇ ਉਸਦੀ ਮਾਂ ਦੇਵਕੀ ਦਾ ਰੋਂਦਾ ਚਿਹਰਾ ਆ ਖੜ੍ਹਦਾ ਤੇ ਕਦੇ ਰਾਣੀ ਹੱਸਦੀ ਹੋਈ ਉਸਦੇ ਅੱਗੇ ਅੱਗੇ ਦੌੜਦੀ ਜਾਂਦੀ। ਉਹ ਜਿਵੇਂ ਦੋਵਾਂ ਨੂੰ ਫੜਨ ਲਈ ਹੀ ਗੱਡੀ ਨੂੰ ਸਰਪੱਟ ਦੌੜਾਈ ਜਾ ਰਿਹਾ ਸੀ। ਲੰਬੇ ਸਫੈਦਿਆਂ ਵਿਚਕਾਰ ਗੱਡੀ ਦੀ ਗੂੰਜ ਹੋਰ ਉੱਚੀ ਹੋ ਗਈ ਸੀ।

## 19

ਸਮੇਂ ਦੇ ਪੋਚੇ ਨੇ ਗੰਗੜਪੁਰ ਵਿੱਚੋਂ ਕਿੰਨਾ ਕੁਝ ਮਿਟਾ ਦਿੱਤਾ ਸੀ ਤੇ ਕਿੰਨਾ ਹੀ ਕੁਝ ਨਵਾਂ ਉਕਰਿਆ ਗਿਆ ਸੀ। ਸਰਵਣ ਤਾਇਆ ਤੇ ਅਮਰੋ ਤਾਈ ਜਿੰਦਗੀ ਨੂੰ ਆਖਰੀ ਸਲਾਮ ਕਹਿ ਗਏ ਸਨ। ਰਾਣੀ ਇਸ਼ਕ ਨੂੰ ਬੇਦਾਵਾ ਲਿਖ ਕੇ, ਬਾਰਵੀਂ ਦਾ ਸਰਟੀਫਿਕੇਟ ਲੈ ਪਿੰਡ ਨੂੰ ਤੁਰ ਗਈ ਸੀ। ਸਾਲ ਬਾਅਦ ਹੀ ਉਹ ਲਾਲ ਫੁਲਕਾਰੀ ਲੈ ਕੇ, ਹੱਥੀਂ ਚੂੜਾ ਪਾ ਕੇ ਲੁੱਟਰ ਵਿਆਹੀ

ਆ ਗਈ ਸੀ। ਹੁਣ ਉਹ ਕਦੇ ਕਦੇ ਸਾਊ ਬੀਵੀ ਬਣੀ ਆਪਣੇ ਘਰ ਵਾਲੇ ਤੇ ਦੋ ਸਾਲ ਦੇ ਮੁੰਡੇ ਨਾਲ ਮਾਸੀ ਨੂੰ ਮਿਲਣ ਗੱਗੜਪੁਰ ਆਉਂਦੀ। ਛੱਗਤ ਨੇ ਲੁੱਟ-ਖਸੁੱਟ ਦੇ ਪੈਸਿਆਂ ਨਾਲ ਹੀ ਪੁਲਸ ਵਾਲਿਆਂ ਦਾ ਮੂੰਹ ਭਰ ਕੇ ਆਪਣਾ ਨਾਮ ਕਢਵਾ ਲਿਆ ਸੀ। ਉਹ ਕੁਤਰੀ ਦਾੜ੍ਹੀ 'ਤੇ ਹੱਥ ਫੇਰਦਾ, ਮੁੱਛਾਂ ਨੂੰ ਬੱਤੀ ਵੱਟਣ ਵਾਂਗ ਵਟ ਚਾੜ੍ਹਦਾ, ਆਪਣੀਆਂ ਵਾਰਦਾਤਾਂ ਦੇ ਕਿੱਸੇ ਸੁਣਾਉਂਦਾ ਚੌਂਕੜੀ 'ਤੇ ਮਹਿਫਲ ਲਾਈ ਰੱਖਦਾ ਸੀ। ਸਿੱਦੂ ਤੋਂ ਨੌਮੀਂ ਦਾਸ ਬਣੇ ਸੰਤ ਦੀ ਮਹਿਮਾ ਵੀ ਹੁਣ ਚੋਟੀ 'ਤੇ ਸੀ। ਉਹ ਗੱਗੜਪੁਰ ਦੇ ਖੇਡ ਮੇਲੇ 'ਤੇ ਹਰ ਸਾਲ ਆਉਂਦਾ ਅਤੇ ਸਟੇਜ ਉੱਤੇ ਅਗਲੀਆਂ ਕੁਰਸੀਆਂ 'ਤੇ ਬੈਠਾ ਖਿਡਾਰੀਆਂ ਨੂੰ ਨੋਟਾਂ ਦੀ ਬਰਸਾਤ ਕਰਦਾ। ਰੋਹੀ ਦੇ ਮਰਨ ਵਾਂਗ ਹੁਣ ਰਾਜੂ ਵੀ ਗੱਗੜਪੁਰ ਦੇ ਲੋਕਾਂ ਦੇ ਚੇਤਿਆਂ ਚੋਂ ਫਿੱਕਾ ਪੈ ਗਿਆ ਸੀ।

ਸਮੇਂ ਦਾ ਗੇੜ ਕੱਟਦਾ ਸਾਉਣ ਦਾ ਮਹੀਨਾ ਚੜ੍ਹ ਆਇਆ ਸੀ। ਕਦੇ ਤਾਂ ਸਾਰਾ ਅਸਮਾਨ ਹੀ ਕਾਲਖ ਵਰਗੇ ਬੱਦਲਾਂ ਨਾਲ ਢਕ ਜਾਂਦਾ 'ਤੇ ਫਿਰ ਜੋਰ ਜੋਰ ਦੀ ਮੋਟੀ ਕਣੀ ਦਾ ਮੀਂਹ ਉਤਰ ਆਉਂਦਾ। ਕਦੇ ਕਦੇ ਸੂਰਜ ਅੱਗ ਵਾਂਗ ਤਪਦਾ। ਧਰਤੀ 'ਚੋਂ ਭੜਾਸ ਨਿਕਲਦੀ। ਲੋਕ ਤ੍ਰਾਹ-ਤ੍ਰਾਹ ਕਰਦੇ। ਝੋਨਿਆਂ 'ਚੋਂ ਪਾਣੀ ਸੁੱਕਣ ਲਗਦਾ। ਬਾਗਲਾਂ ਵਿੱਚ ਖੜ੍ਹੇ ਪਸ਼ੂ ਗਿੱਠ ਗਿੱਠ ਦੀਆਂ ਜੀਭਾਂ ਕੱਢੀ ਹੌਂਕਣ ਲਗਦੇ। ਮੋਟਾ ਮੋਟਾ ਮੱਛਰ ਸਾਰੀ ਰਾਤ ਨਾ ਟਿਕਣ ਦਿੰਦਾ। ਸਾਰੀ ਰਾਤ ਹੀ ਕੋਠਿਆਂ 'ਤੋਂ ਬੱਚਿਆਂ ਦੇ ਰੋਣ ਦੀ ਅਵਾਜ਼ ਆਉਂਦੀ ਰਹਿੰਦੀ।

ਰਾਤ ਬੀਤ ਗਈ ਸੀ। ਸਵੇਰ ਦੇ ਚਾਰ ਵੱਜਣ ਵਾਲੇ ਸਨ। ਬੱਦਲਾਂ ਨਾਲ ਢਕੇ ਅਸਮਾਨ ਵਿੱਚੋਂ ਕਦੇ ਕਦੇ ਕੋਈ ਟਾਂਵਾਂ ਤਾਰਾ ਬੱਦਲਾਂ ਦਾ ਘੁੰਡ ਹਟਾ ਕੇ ਚਮਕ ਪੈਂਦਾ। ਫਿਰ ਹੌਲੀ ਹੌਲੀ ਅਸਮਾਨ ਵਿੱਚ ਫੈਲੇ ਧੂੰਏਂ ਵਰਗੇ ਬੱਦਲ ਹੋਰ ਗੂੜ੍ਹੇ ਹੋ ਗਏ। ਬਰੀਕ ਬਰੀਕ ਕਣੀਆਂ ਧਰਤੀ 'ਤੇ ਡਿੱਗਣ ਲੱਗ ਪਈਆਂ। ਕੋਠਿਆਂ 'ਤੇ ਪਏ ਲੋਕਾਂ ਵਿੱਚ ਘੁਸਰ-ਮੁਸਰ ਹੋਈ ਤੇ ਫਿਰ ਕੋਠਿਆਂ ਅਤੇ ਵਿਹੜਿਆਂ ਵਿਚਲੇ ਮੰਜੇ ਅੰਦਰ ਬਰਾਂਡਿਆਂ ਵਿੱਚ ਆ ਗਏ। ਇਸੇ ਸਮੇਂ ਲੁੱਟਰ ਵੱਲੋਂ ਟਰੱਕ ਦੀ ਗੂੰਜ ਸੂਆ ਟੱਪ ਕੇ ਗੱਗੜਪੁਰ ਵਿੱਚ ਆ ਵੜੀ। ਜਦੋਂ ਟਰੱਕ ਸਿੱਦੂ ਕੇ ਘਰ ਕੋਲ ਮੋੜ 'ਤੇ ਆ ਰੁਕਿਆ ਤਾਂ ਗੁਆਂਢੀਆਂ ਨੇ ਕੰਨ-ਬਿੜਕਾਂ ਲਈਆਂ। ਟਰੱਕ ਚੋਂ ਸਹਾਰਾ ਦੇ ਕੇ ਰਾਜੂ ਨੂੰ ਹੇਠ ਉਤਾਰ ਦਿੱਤਾ ਤੇ ਟਰੱਕ ਚੁਰੱਸਤੇ 'ਚੋਂ ਹੀ ਬੈਕ ਹੋ ਕੇ ਵਾਪਸ ਮੁੜ ਗਿਆ।

ਪਿੰਡ ਵਿੱਚ ਇਸ ਤਰ੍ਹਾਂ ਚੋਰਾਂ ਵਾਂਗ ਆ ਵੜੇ ਬੰਦੇ ਨੂੰ ਵੇਖ ਕੇ ਪਿੰਡ ਦੇ ਕੁੱਤੇ ਭੌਂਕਣ ਲੱਗ ਪਏ। ਰਾਜੂ ਕੁੱਤਿਆਂ ਦੀ 'ਟਊਂ ਟਊਂ 'ਚ ਘਿਰਿਆ, ਚੁਰੱਸਤੇ 'ਚ ਡਰਨੇ ਵਾਂਗ ਖੜ੍ਹਾ ਪਹਿਲਾਂ ਆਲੇ-ਦੁਆਲੇ ਝਾਕਦਾ ਰਿਹਾ ਫਿਰ ਉਹ ਸੋਟੀ ਦਾ ਸਹਾਰਾ ਲੈ ਕੇ ਹੌਲੀ ਹੌਲੀ ਤੁਰਦਾ ਆਪਣੇ ਬਾਰ ਅੱਗੇ ਆ ਖੜ੍ਹਿਆ। ਉਸਦੀ ਸੱਜੀ ਲੱਤ ਉੱਤੇ ਪੈਰ ਤੋਂ ਲੈ ਕੇ ਗੋਡੇ ਦੇ ਉਪਰ ਤੱਕ ਲੱਗੇ ਪਲੱਸਤਰ ਅਤੇ ਸੱਜੀ ਅੱਖ 'ਤੇ ਹੀ ਬੱਝੀ ਚਿੱਟੀ ਪੱਟੀ ਉਸ ਨਾਲ ਕੋਈ ਹੋਣੀ ਵਾਪਰਨ ਦਾ ਪਰਤੱਖ ਸੰਕੇਤ ਦੇ ਰਹੀ ਸੀ। ਰਾਜੂ ਨੇ ਥੋੜ੍ਹਾ ਹੋਰ ਨੇੜੇ ਹੋ ਕੇ ਆਪਣੇ ਬਾਰ ਦਾ ਕੁੰਡਾ ਵੇਖਿਆ ਤਾਂ ਉਹ ਬਾਹਰੋਂ ਖੁੱਲ੍ਹਾ ਹੀ ਪਿਆ ਸੀ। ਫਿਰ ਉਸ ਨੇ ਇੱਕ ਹੱਥ ਨਾਲ ਬਾਰ ਨੂੰ ਧੱਕ ਕੇ ਵੇਖਿਆ। ਬਾਰ ਅੰਦਰੋਂ ਅੜਿਆ ਸੀ। ਉਹ ਕੁਝ ਚਿਰ ਉਲਝਿਆ ਖੜ੍ਹਾ ਸੋਚਦਾ ਰਿਹਾ। ਚਾਰ ਵੱਜਣ ਤੇ ਗੁਰਦੁਆਰੇ 'ਚੋਂ ਭਾਈ ਦਾ ਬੋਲ ਵੀ ਗੂੰਜ ਪਿਆ ਸੀ। ਫਿਰ ਉਹ ਕੋਈ ਅਚਾਨਕ ਤੰਦ ਹੱਥ ਆ ਜਾਣ ਵਾਂਗ ਓਥੋਂ ਸਰਵਣ ਤਾਏ ਕੇ ਘਰ ਨੂੰ ਤੁਰ ਪਿਆ।

''ਤਾਏ.....! ਓਹ ਤਾਏ..ਏ.....।'' ਰਾਜੂ ਨੇ ਬਾਹਰਲਾ ਗੇਟ ਖੜਕਾਇਆ।

''ਸਾਤੇ..... ਸਾਤੇ ਬਾਰ ਖੋਲ੍ਹੀਂ.....।'' ਪਹਿਲੇ ਬੋਲ ਨਾਲ ਕੋਈ ਉੱਠਿਆ ਨਾ ਵੇਖ ਕੇ ਉਸਨੇ ਦੁਬਾਰਾ ਫਿਰ ਬਾਰ ਖੜਕਾਇਆ। ਉਹ ਇੱਕ ਲੱਤ ਦੇ ਸਹਾਰੇ ਕਸੀਸ ਵੱਟੀ ਖੜ੍ਹਾ ਸੀ। ਲੱਤ ਸਿੱਧੀ ਲਮਕੀ ਹੋਣ ਕਰਕੇ ਦਰਦ ਸ਼ੁਰੂ ਹੋ ਗਿਆ ਸੀ। ਉਸਦੇ ਇੱਕ-ਦੋ ਬੋਲ ਹੋਰ ਮਾਰਨ 'ਤੇ ਸਾਤੇ ਕੇ ਵਿਹੜੇ ਵਾਲੀ ਲਾਇਟ ਜਗੀ ਤੇ ਕਿਸੇ ਦੀ ਪੈੜ-ਚਾਲ ਬਾਰ ਵੱਲ ਆਉਂਦੀ ਸੁਣੀ।

''ਕਿਹੜੈ ਬਾਈ?'' ਸਾਤੇ ਨੇ ਪੁੱਛਦਿਆਂ ਬਾਰ ਖੋਲ੍ਹ ਦਿੱਤਾ।

''ਮੈਂ ਆਂ ਚਾਚੇ।'' ਮੀਂਹ ਨਾਲ ਭਿੱਜਿਆ ਰਾਜੂ, ਅੱਧਾ ਕੁ ਹੁੰਦਾ ਸਾਤੇ ਦੇ ਸਾਹਮਣੇ ਹੋ ਗਿਆ।

''ਤੂੰ..... ਰਾਜੂ!.... ਆਹ..... ਐਸ ਟੈਮ!'' ਉਹ ਰਾਜੂ ਨੂੰ ਪੱਟੀਆਂ 'ਚ ਨੂੜੇ ਖੜ੍ਹੇ ਨੂੰ ਵੇਖ ਕੇ ਹੈਰਾਨ ਹੋ ਗਿਆ। ਫਿਰ ਉਸਨੂੰ ਸਹਾਰਾ ਦੇ ਕੇ ਸਿਰੇ ਵਾਲੀ ਬੈਠਕ ਵਿੱਚ ਮੰਜੇ ਉੱਤੇ ਲਿਆ ਪਾਇਆ।

ਸਾਤੇ ਦੀ ਪਤਨੀ ਵੀ ਸਿਰੇ ਵਾਲੀ ਬੈਠਕ ਵਿੱਚ ਆ ਖੜ੍ਹੀ। ਉਸਨੇ ਰਾਜੂ ਵੱਲ ਭੈਂਗਾ ਜਿਹਾ ਵੇਖਦੀ ਨੇ ਮੱਥੇ ਉੱਤੇ ਓਰਿਆਂ ਵਰਗੀਆਂ ਤਿਉੜੀਆਂ ਪਾ ਲਈਆਂ ਫਿਰ ਲੋਕ-ਲੱਜ ਵਜੋਂ ਰਾਜੂ ਨੂੰ ਪੁੱਛ ਲਿਆ, ''ਐਂ ਭਾਈ ਸੱਟਾਂ ਕਿੱਥੋਂ ਖਾ ਆਇਆ?''

''ਚਾਚੀ, ਗੱਡੀ ਦਾ ਐਕਸੀਡੈਂਟ ਹੋ ਗਿਆ ਤੀ।'' ਰਾਜੂ ਨੇ ਕਸੀਸ ਵੱਟਦਿਆਂ ਪਲੱਸਤਰ ਵਾਲੀ ਲੱਤ ਮੰਜੇ ਉੱਤੇ ਠੀਕ ਕਰਕੇ ਟਿਕਾ ਲਈ।

''ਕੋਈ ਨਾ ਭਾਈ, ਮੈਂ ਚਾਹ ਕਰਕੇ ਦਿੰਨੀ ਆਂ।'' ਸਾਤੇ ਦੀ ਪਤਨੀ ਨੇ ਸਾਤੇ ਨੂੰ ਵੀ ਅੱਖਾਂ ਨਾਲ ਬਾਹਰ ਆਉਣ ਦਾ ਇਸ਼ਾਰਾ ਕਰ ਦਿੱਤਾ।

''ਨਾਂਹ, ਇਹ...ਲਹਾ ਕੇ ਲੋਕਾਂ ਕੋਲੋਂ ਚੰਮ, ਹੁਣ ਸੱਟਾਂ ਖਾ ਕੇ ਆਪਾਂ ਨੂੰ ਦੱਦ ਆ ਲੱਗਿਆ।'' ਉਹ ਇਸ ਤਰ੍ਹਾਂ ਨੱਕ ਚੜ੍ਹਾ ਕੇ ਨਫ਼ਰਤ ਨਾਲ ਬੋਲੀ ਜਿਵੇਂ ਭੁਲੇਖੇ ਨਾਲ ਕੌੜੀਆਂ ਮਿਰਚਾਂ ਚੱਬ ਬੈਠੀ ਹੋਵੇ।

''ਚਲ ਕੋਈ ਨਾ। ਅਵਦਾ ਵਗਜੂਗਾ।'' ਸਾਤੇ ਨੇ ਮਿੱਠਾ ਪੋਚਾ ਮਾਰਿਆ।

''ਹੁਣ ਕਿਉਂ ਜਾਊ ਇਹੇ। ਇਹ ਤਾਂ ਹੁਣ ਆਪਾਂ ਨੂੰ ਈ ਸੱਜਰਾ ਪ੍ਰਹੁਣਾ ਲੱਗੂ! ਨਾਲੇ ਗੱਲ ਸੁਣ ਲੈ! ਮੈਥੋਂ ਕੋਈ ਨੀ ਹੁਣ ਕਿਸੇ ਦਾ ਗੂੰਹ-ਮੂਤ ਹੁੰਦਾ। ਕਿਤੇ ਬਿਠਾ ਲਏਂ ਇਥੇ ਮੇਰੇ ਹੱਨੇ ਤੇ।'' ਉਸਨੇ ਸਾਤੇ ਨੂੰ ਪਹਿਲਾਂ ਹੀ ਚਿਤਾਵਨੀ ਦਿੰਦਿਆਂ ਉਂਗਲ ਤਲਵਾਰ ਵਾਂਗ ਹਵਾ ਵਿੱਚ ਹਿਲਾਈ।

''ਚੰਗਾ ਠੀਕ ਐ।'' ਸਾਤੇ ਨੇ ਸ਼ਰੀਫ਼ ਮੁਜਰਮ ਵਾਂਗ ਫ਼ੈਸਲਾ 'ਸੱਤ ਬਚਨ' ਕਹਿ ਕੇ ਮੰਨ ਲਿਆ।

ਉਹ ਸਾਤੇ ਨੂੰ ਗੱਲ ਸਮਝਾ ਕੇ ਚਾਹ ਬਣਾਉਣ ਚਲੀ ਗਈ। ਸਾਤਾ ਰਾਜੂ ਕੋਲ ਬੈਠਕ ਵਿੱਚ ਆ ਗਿਆ। ਰਾਜੂ ਨੇ ਦੋਵਾਂ ਦੀ ਬਾਹਰ ਹੁੰਦੀ ਘੁਸਰ-ਮੁਸਰ ਸੁਣ ਲਈ ਸੀ ਪਰ ਉਸ ਨੂੰ ਸਮਝ ਕੁਝ ਨਹੀਂ ਸੀ ਆਇਆ। ਉਂਝ ਰਾਜੂ ਨੇ ਗੱਲ ਦਾ ਅੰਦਾਜ਼ਾ ਲਾ ਹੀ ਲਿਆ ਸੀ। ਉਹ ਉਸਦੇ ਸੁਭਾ ਤੋਂ ਚੰਗੀ ਤਰ੍ਹਾਂ ਵਾਕਫ਼ ਸੀ। ਇੱਕ ਵਾਰ ਤਾਂ ਰਾਜੂ ਦਾ ਦਿਲ ਕੀਤਾ ਸੀ, ਜੇ ਚਾਚਾ ਬਾਹਰ ਚਲਾ ਜਾਵੇ ਤਾਂ ਸਾਹਮਣੇ ਅਲਮਾਰੀ ਦੇ ਉਪਰ ਪਈ ਸਪਰੇਅ ਦੀ ਸ਼ੀਸ਼ੀ ਪੀ ਕੇ ਸਭ ਦੀ ਚਿੰਤਾ ਦੂਰ ਕਰ ਜਾਵਾਂ ਪਰ ਚਾਚਾ ਪਹਿਰੇਦਾਰ ਵਾਂਗ ਕੋਲ ਬੈਠਾ ਸੀ। ਜਦੋਂ ਸਾਤੇ ਦੀ ਘਰ ਵਾਲੀ ਚਾਹ ਬਣਾ ਲਿਆਈ ਤਾਂ ਚਾਹ ਪੀਂਦਿਆਂ ਰਾਜੂ ਨੇ ਗੱਲ ਤੋਰਦਿਆਂ ਕਿਹਾ, ''ਚਾਚਾ ਪਹਿਲਾਂ ਮੈਂ ਅਵਦਾ ਬਾਰ ਖੋਲ੍ਹਣ ਲੱਗਿਆ ਤੀ। ਉਹ ਤਾਂ ਬਾਹਰੋਂ ਈ ਖੁੱਲ੍ਹਾ ਪਿਆ ਤੀ। ਜਦੋਂ ਧੱਕ ਕੇ ਦੇਖਿਆ, ਅੰਦਰੋਂ ਕੁੰਡਾ ਲੱਗਿਆ ਪਿਆ ਤੀ।''

''ਉਹ ਤਾਂ ਭਾਈ ਅਸੀਂ ਨੇ ਅੰਦਰੋਂ ਜਿੰਦਾ ਲਾ ਕੇ, ਸਾਡੇ ਕਣੀ ਬਾਰ ਭੰਨ ਲਿਆ ਤੀ। ਨਹੀਂ ਤਾਂ ਸਾਰਾ ਦਿਨ ਲੋਕ ਉਥੇ ਜੈ ਰੋਏ ਦੇ ਤਾਸ਼ ਖੇਡੀ ਜਾਂਦੇ। ਰਾਤ ਨੂੰ ਕੁੱਤੇ ਬਿੱਲੇ ਵੜੇ ਫਿਰਦੇ ਰਹਿੰਦੇ। ਹੁਣ ਚਲ ਨਾਲੇ ਤਾਂ ਓਧਰ ਡੰਗਰ ਬੱਝ ਜਾਂਦੇ ਨੇ, ਨਾਲੇ ਆਪਣੀ ਨਿਗ੍ਹਾ ਹੇਠ ਐ। ਸੁੰਨਾ ਘਰ ਤਾਂ ਬੰਦੇ ਬਿਨਾਂ ਊਈ ਓਦਰ ਜਾਂਦੈ।'' ਸਾਤੇ ਤੋਂ ਪਹਿਲਾਂ ਹੀ ਉਸਦੀ ਘਰ ਵਾਲੀ ਬੋਲ ਪਈ।

''ਸਰਬਣ ਬਾਬਾ ਕਿੱਥੇ ਐ ਚਾਚਾ?'' ਹੁਣ ਤੱਕ ਸਰਵਣ ਦੇ ਨਾ ਆਉਣ ਕਰਕੇ ਰਾਜੂ ਨੇ ਪੁੱਛ ਲਿਆ।

''ਉਹ ਤਾਂ ਭਾਈ ਸੁਰਗਵਾਸ ਹੋ ਗਿਆ ਤੀ।''

''ਕਦੋਂ....!'' ਰਾਜੂ ਨੇ ਅੰਤਾਂ ਦੇ ਦੁੱਖ ਅਤੇ ਹਮਦਰਦੀ ਨਾਲ ਪੁੱਛਿਆ।

''ਪਰਾਰ। ਪਰਾਰ ਤੇਰਾ ਬਾਬਾ ਚਲ ਗਿਆ। ਪਿਛਲੇ ਸਾਲ ਈ ਬੇਬੇ ਚਲ ਗੀ।''

''ਅੰਬੋ ਵੀ ਚਲ ਗੀ!'' ਉਹ ਹੈਰਾਨ ਹੋ ਗਿਆ।

''ਚਲੋ ਚਲੀ ਦਾ ਮੇਲੈ ਭਾਈ। ਵਾਰੀ ਆਈ ਤੋਂ ਸਭ ਤੁਰੀ ਜਾਂਦੇ ਨੇ। ਜਦੋਂ ਰੱਬ ਘਰੋਂ ਉਨ੍ਹਾਂ ਨੂੰ 'ਵਾਜ ਪੈ ਗੀ ਉਹ ਤੁਰਗੇ।'' ਸਾਤੇ ਨੇ ਸੁਲਝੇ ਹੋਏ ਸੰਤ ਵਾਂਗ ਵਖਿਆਨ ਕੀਤਾ। ਰਾਜੂ ਸਧਾਰਨ ਸਾਤੇ ਦੇ ਮੂੰਹੋਂ ਅਸਧਾਰਨ ਜਿਹੀ ਗੱਲ ਸੁਣਦਾ ਉਸਦੇ ਮੂੰਹ ਵੱਲ ਵੇਖੀ ਗਿਆ।

''ਰੋਡੀ?'' ਰਾਜੂ ਨੂੰ ਅਚਾਨਕ ਯਾਦ ਆ ਗਿਆ।

''ਉਹਨੂੰ ਤਾਂ ਤੇਰੇ ਬਾਬੇ ਮਰਨ ਤੋਂ ਪਹਿਲਾਂ ਪਿੰਡ ਦੀ ਪੰਚਾਇਤ 'ਗੁਰੂ ਕੇ ਸਾਹਿਬ' ਗੁਰਦੁਆਰੇ ਛੱਡ ਆਈ ਤੀ। ਤੈਥੋਂ ਬਾਅਦ ਵਿਚਾਰੀ ਸਾਰਾ ਦਿਨ ਰੋਂਦੀ ਫਿਰਦੀ ਰਹਿੰਦੀ। ਨਾ ਨਹਾਉਂਦੀ, ਨਾ ਧੋਂਦੀ। ਸਿਰ 'ਚ ਜੂੰਆਂ ਪੈ ਕੇ ਊਂ ਬੁਰਾ ਹਾਲ ਹੋ ਗਿਆ ਤੀ....।'' ਸਾਤੇ ਨੇ ਰੋਡੀ ਨੂੰ ਗੁਰਦੁਆਰੇ ਤੋਰਨ ਦੇ ਸਾਰੇ ਕਾਰਨਾਂ ਵੱਲ ਝਾਤ ਪਵਾ ਦਿੱਤੀ।

ਰਾਜੂ ਸਾਤੇ ਨਾਲ ਪੰਜ ਵਜੇ ਤੱਕ ਔਖਾਂ ਭਰੀ ਪਿੰਡ ਦੀਆਂ, ਆਪਣੇ ਘਰ ਦੀਆਂ, ਆਪਣੇ ਖੱਖੜੀ-ਕਰੇਲੇ ਹੋ ਗਏ ਪਰਿਵਾਰ ਦੀਆਂ ਗੱਲਾਂ ਕਰਦਾ ਰਿਹਾ। ਫੇਰ ਸਾਤਾ ਮੱਝਾਂ ਨੂੰ ਕੱਖ ਪਾਉਣ ਚਲਾ ਗਿਆ।

ਸਵੇਰੇ ਰਾਜੂ ਸੋਟੀ ਦੇ ਸਹਾਰੇ ਹੌਲੀ ਹੌਲੀ ਤੁਰਦਾ ਸਾਤੇ ਨਾਲ ਆਪਣੇ ਘਰ ਗਿਆ। ਆਪਣੇ ਘਰ ਪੈਰ ਪਾਉਂਦਿਆਂ ਘਰ ਦੀ ਹਾਲਤ ਵੇਖ ਕੇ ਰਾਜੂ ਦਾ ਮਨ ਭਰ ਆਇਆ। ਸਾਤੇ ਨੇ ਸਬਾਤ ਦਾ ਬਾਰ ਖੋਲ੍ਹ ਕੇ ਅੰਦਰੋਂ ਗਰਦ ਨਾਲ ਭਰਿਆ ਮੰਜਾ ਝਾੜ ਕੇ ਬਰਾਂਡੇ ਵਿੱਚ ਡਾਹ ਦਿੱਤਾ। ਸਾਤਾ ਮੰਜਾ ਡਾਹ ਕੇ ਮੱਝਾਂ ਨੂੰ ਪਾਣੀ ਪਿਲਾਉਣ ਚਲਾ ਗਿਆ। ਰਾਜੂ ਨੇ ਮੰਜੇ ਉੱਤੇ ਬੈਠੇ ਨੇ ਹੀ, ਸੱਚ-ਮੁੱਚ ਬੰਦੇ ਲਈ ਓਦਰ ਗਏ ਘਰ 'ਤੇ ਆਲੇ-ਦੁਆਲੇ ਮੋਹ ਭਰੀ ਨਿਗ੍ਹਾ ਮਾਰੀ। ਚੁੱਲ੍ਹੇ-ਚੌਂਕੇ ਮੀਂਹਾਂ ਨਾਲ ਢਹਿ ਗਏ ਸਨ ਸਿਰਫ਼ ਪੁਰਾਣੇ ਕਿਲਿਆਂ ਵਾਂਗ ਖੰਡਰ ਬਾਕੀ ਸਨ। ਵਿਹੜੇ ਵਿੱਚ ਮੱਝਾਂ ਦੀ ਖੁਰ-ਵੱਢ ਸੀ। ਘਰ ਦੇ ਖੂੰਜਿਆਂ 'ਚੋਂ ਗਿੱਠ ਗਿੱਠ ਕੱਖ ਉੱਗ ਆਏ ਸਨ। ਬਰਾਂਡੇ ਦੀਆਂ ਛੱਤਾਂ 'ਤੇ ਲੰਬੇ-ਲੰਬੇ ਜਾਲੇ ਲਮਕ ਰਹੇ ਸਨ। ਉਹ ਮੰਜੇ ਤੋਂ ਉੱਠ ਕੇ ਅੰਦਰ ਸਬਾਤ ਵਿੱਚ ਚਲਾ ਗਿਆ। ਸਬਾਤ ਵਿਚਲਾ ਸਾਰਾ ਸਮਾਨ ਗਰਦ ਨਾਲ ਭਰਿਆ ਪਿਆ ਸੀ। ਰਾਜੂ ਦੀ ਨਿਗ੍ਹਾ ਸਬਾਤ ਵਿੱਚ ਖ਼ਾਮੋਸ਼ ਪਏ ਸਾਰੇ ਸਮਾਨ ਉਪਰੋਂ ਹੁੰਦੀ ਪੇਟੀ ਉਪਰ ਆ ਟਿਕੀ, 'ਪਹਿਲਾਂ ਇਹੀ ਸਮਾਨ ਮਾਂ ਦੇ ਹੱਥਾਂ ਵਿੱਚ ਬੋਲਦਾ ਸੀ, ਹੱਸਦਾ ਸੀ, ਇੱਕ ਜੀਵਨ ਜਿਊਂਦਾ ਸੀ। ਮਾਂ ਸਾਰੇ ਸਮਾਨ ਨੂੰ ਰੋਜ਼ ਝਾੜਦੀ ਪੂੰਝਦੀ। ਤਵੇ, ਖੁਰਚਣੇ ਧੋਂਦੀ। ਭਾਂਡਿਆਂ ਨੂੰ ਮਾਂਜ ਮਾਂਜ ਚਮਕਾ ਦਿੰਦੀ। ਅੱਜ ਸਾਰਾ ਕੁਝ ਜਿਵੇਂ ਖ਼ਾਮੋਸ਼ ਬੈਠਾ ਉਸੇ ਦੀ ਉਡੀਕ ਕਰ ਰਿਹਾ ਹੋਵੇ।'

ਰਾਜੂ ਪੇਟੀ ਕੋਲ ਆ ਖੜ੍ਹਾ। ਉਸਨੇ ਪੇਟੀ ਉਪਰ ਪੋਲਾ ਜਿਹਾ ਹੱਥ ਫੇਰਿਆ ਜਿਵੇਂ ਮਾਂ ਛੋਟੇ ਹੁੰਦਿਆਂ ਉਸ ਦੇ ਸਿਰ 'ਤੇ ਪਿਆਰ ਦਾ ਹੱਥ ਫੇਰਦੀ ਸੀ। ਰਾਜੂ ਦਾ ਹੱਥ ਮਿੱਟੀ ਨਾਲ ਭਰ ਗਿਆ। ਉਸਨੇ ਮੋਢੇ ਵਾਲੇ ਪਰਨੇ ਨਾਲ ਸਾਰੀ ਪੇਟੀ ਝਾੜ ਦਿੱਤੀ। ਫਿਰ ਪੇਟੀ ਉਪਰ ਮੱਥਾ ਟਿਕਾਇਆ ਤੇ ਡੁਸਕਣ ਲੱਗ ਪਿਆ। ਹੰਝੂ ਪੇਟੀ ਉਪਰ ਡੁਲ੍ਹਦੇ ਰਹੇ। ਉਹ ਰੱਜ ਕੇ ਰੋਇਆ। ਜਦ ਮਨ ਹੌਲਾ ਹੋ ਗਿਆ, ਬਰਾਂਡੇ ਵਿੱਚ ਮੰਜੇ ਉੱਤੇ ਆ ਪਿਆ।

ਰਾਜੂ ਦੇ ਪਿੰਡ ਆ ਜਾਣ ਦੀ ਗੱਲ ਹਵਾ ਵਾਂਗ ਦੁਪਹਿਰ ਤੱਕ ਸਾਰੇ ਪਿੰਡ ਵਿੱਚ ਫੈਲ ਗਈ। ਕਈ ਬੰਦੇ-ਬੁੜ੍ਹੀਆਂ ਪਤਾ ਲੈਣ ਦੇ ਬਹਾਨੇ ਰਾਜੂ ਨੂੰ ਵੇਖਣ ਆਏ। ਦੁਪਹਿਰ ਢਲੇ ਤੋਂ ਨਾਜਰ ਵੀ ਆਇਆ ਸੀ। ਕਿੰਨਾ ਚਿਰ ਬੈਠਾ ਰਾਜੂ ਨਾਲ ਦੁੱਖ-ਸੁੱਖ ਫੋਲਦਾ ਰਿਹਾ ਸੀ। ਜਦੋਂ ਜੱਗੀ ਨੂੰ ਪਤਾ ਲੱਗਿਆ ਉਹ ਵੀ ਕੋਠੇ ਚੜ੍ਹ ਕੇ ਬਰਾਂਡੇ 'ਚ ਬੈਠੇ ਰਾਜੂ ਵੱਲ ਕੁਣੱਖਾ ਜਿਹਾ ਝਾਕਿਆ ਸੀ। ਸ਼ਾਮ ਨੂੰ ਸਾਤਾ ਰੋਟੀ ਲੈ ਆਇਆ। ਰਾਜੂ ਨੇ ਅਣ-ਮੰਨੇ ਜਿਹੇ ਮਨ ਨਾਲ ਦੋ ਰੋਟੀਆਂ ਅੰਦਰ ਸੁੱਟ ਲਈਆਂ ਤੇ ਬਿਨਾਂ ਹੱਥ ਧੋਤੇ ਹੀ ਉਸੇ ਮੰਜੇ ਤੇ ਫਿਰ ਟੇਢਾ ਹੋ ਗਿਆ।

''ਕਿੱਥੇ ਪਏਂਗਾ ਰਾਜੂ?'' ਸਾਤੇ ਨੇ ਭਾਂਡੇ ਇਕੱਠੇ ਕਰਦਿਆਂ ਪੁੱਛਿਆ।

''ਬੱਸ ਚਾਚਾ, ਇਥੇ ਈ ਰੱਖ ਜਾ ਅੰਦਰੋਂ ਖੇਸ ਦਰੀ ਕੱਢ ਕੇ ਇੱਕ।'' ''ਉਰੇ ਗਰਮੀ ਨੀ ਹੋਊ।''

''ਗਰਮੀ ਨੂੰ ਕੀ ਐ। ਜੇ ਬਾਹਰੇ ਮੀਂਹ ਆ ਗਿਆ ਫੇਰ ਮੈਨੂੰ ਮੰਜਾ ਅੰਦਰ ਕਰਨਾ ਔਖਾ ਹੋਜੂ।'' ਰਾਜੂ ਨੇ ਬੱਦਲਾਂ ਨਾਲ ਢਕੇ ਅਸਮਾਨ ਵੱਲ ਅੰਦਾਜ਼ਾ ਜਿਹਾ ਲਗਾਉਂਦਿਆਂ ਕਿਹਾ।

''ਚਲ ਮਰਜ਼ੀ ਐ ਤੇਰੀ।'' ਸਾਤਾ ਅੰਦਰ ਸਬਾਤ ਵਿੱਚ ਵੜ ਗਿਆ।

''ਚਾਚੇ ਇੱਕ ਪਾਣੀ ਦਾ ਜੱਗ ਜ਼ਰੂਰ ਦੇਜੀਂ। ਨਾਲੇ ਤਾਂ ਮੈਂ ਦਵਾਈ ਲੈ ਲਊਂ, ਨਾਲੇ ਜੇ ਲੋੜ ਹੋਈ ਰਾਤ ਨੂੰ ਪੀ ਲਊਂ।'' ਰਾਜੂ ਨੇ ਸਾਤੇ ਦੀ ਮਿੰਨਤ ਜਿਹੀ ਕੀਤੀ।

ਸਾਤਾ ਪਾਣੀ ਰੱਖ ਕੇ ਵੀ ਕਦੋਂ ਦਾ ਮੁੜ ਗਿਆ ਸੀ ਪਰ ਰਾਜੂ ਬਿਨਾਂ ਬਿਸਤਰਾ ਵਿਛਾਏ ਉਦੋਂ ਪਿਆ ਰਿਹਾ। ਅੱਜ ਉਹ ਕਿੰਨੇ ਸਾਲਾਂ ਬਾਅਦ ਆਪਣੇ ਘਰ ਮੰਜੇ ਤੇ ਪਿਆ ਸੀ, ਨਹੀਂ ਤਾਂ ਉਸਦੀਆਂ ਰਾਤਾਂ ਟਰੱਕ ਦੀ ਸੀਟ ਉੱਤੇ ਹੀ ਗੁਜ਼ਰਦੀਆਂ ਸਨ ਪਰ

ਅੱਜ ਘਰ 'ਚੋਂ ਉਹ ਨਿੱਘ ਨਹੀਂ ਸੀ ਆਇਆ ਜਿਹੜਾ ਪਹਿਲਾਂ ਆਉਂਦਾ ਹੁੰਦਾ ਸੀ। ਉਸਦੀ ਸੋਚ ਹੁਣ ਵੀ ਉਹ ਦਿਨ ਲੱਭ ਰਹੀ ਸੀ ਜਦੋਂ ਉਸਨੂੰ ਇਹ ਘਰ ਸੱਚ-ਮੁੱਚ ਘਰ ਲਗਦਾ ਸੀ।

ਕਿੱਥੇ ਰਹਿ ਗਿਆ ਉਹ ਸਭ ਕੁਝ ਜਿਸਦੇ ਰਾਜੂ ਨੇ ਇਸ ਘਰ ਦੀ ਗੋਦ ਵਿੱਚ ਬੈਠ ਕੇ ਸੁਪਨੇ ਲਏ ਸਨ। ਉਸ ਨੂੰ ਉਹ ਗੱਲ ਫਿਰ ਯਾਦ ਆ ਜਾਂਦੀ ਹੈ ਜਦੋਂ ਸਿੰਦੂ ਨੇ ਇਸੇ ਵਿਹੜੇ ਵਿੱਚ ਬੈਠੇ ਨੇ ਰਾਜੂ ਨੂੰ ਉਸਦੀ ਮਾਂ ਦੇਵਕੀ ਨਾਲੋਂ ਵੀ ਸੋਹਣੀ ਬਹੂ ਲਿਆਉਣ ਦੇ ਸੁਪਨੇ ਦਿਖਾਏ ਸੀ। ਰਾਜੂ ਨੇ ਸਿੰਦੂ ਦੀ ਗੱਲ ਟੋਕਦਿਆਂ ਕਿਹਾ ਸੀ, ''ਮੈਂ ਨੀ.....ਮੈਂ ਤਾਂ ਮੇਰੀ ਬੇਬੇ ਵਰਗੀ ਲਿਆਊਂ।'' ਹੁਣ ਨਾ ਤਾਂ ਉਸਦੀ ਮਾਂ ਰਹੀ ਹੈ, ਨਾ ਉਸ ਵਰਗੀ ਕੋਈ ਹੋਰ ਤੀਵੀਂ ਜੁੜੀ ਹੈ। ਮਾਂ ਨਾਲ ਬਿਤਾਏ ਪਲ ਉਸਦੇ ਚੇਤੇ 'ਚ ਫਿਲਮ ਵਾਂਗ ਘੁੰਮਣ ਲੱਗਦੇ ਹਨ।

ਉਸਨੂੰ ਲਗਦਾ ਹੈ ਉਹ ਢੇਰ ਸਾਰੇ ਰੁਪਏ ਦੇ ਕੇ ਆਪਣੀ ਮਾਂ ਵਰਗੀ ਵਹੁਟੀ ਘਰ ਲੈ ਆਇਆ ਹੈ। ਉਹ ਘੁੰਡ ਉਤਾਰ ਕੇ ਵੇਖਦਾ ਹੈ। ਹੈਂ! ਇਹ ਤਾਂ ਉਸਦੀ ਮਾਂ ਹੀ ਹੈ। ਉਹ ਰੋਣ ਲਗਦਾ ਹੈ। ਉਸ ਨਾਲ ਧੋਖਾ ਹੋ ਗਿਆ ਹੈ। ਉਸਨੂੰ ਤਾਂ ਉਸਦੀ ਮਾਂ ਹੀ ਵੇਚ ਦਿੱਤੀ ਹੈ। ਉਸਦਾ ਰੋਣ ਹੋਰ ਉੱਚੀ ਹੋ ਜਾਂਦਾ ਹੈ। ਲੋਕ ਰਾਜੂ ਨੂੰ ਰੋਂਦਿਆ ਵੇਖ ਕੇ ਘਰ ਇਕੱਠੇ ਹੋਣ ਲਗਦੇ ਹਨ। ਉਸਦੀ ਮਾਂ ਵੀ ਜੱਗੇ ਕੇ ਚੁਬਾਰੇ ਵੱਲੋਂ ਹੇਠਾਂ ਉਤਰ ਰਹੀ ਹੈ। ''ਓਏ ਰਾਜੂ, ਰੋਤਾ ਕੇਊਂ ਐਂ। ਮੈਂ ਤੇ ਏਥੇ ਹੂੰ। ਇਹ ਤੇ ਤੇਰੀ ਵਹੁਟੀ ਐ ਬੁੱਧੂ।'' ਉਹ ਧਿਆਨ ਨਾਲ ਵੇਖਦਾ ਹੈ। ਸੱਚ-ਮੁੱਚ ਉਸਦੀ ਮਾਂ ਤਾਂ ਜੱਗੇ ਕੇ ਚੁਬਾਰੇ ਵੱਲੋਂ ਉਤਰਦੀ ਉਸ ਕੋਲ ਆ ਖੜ੍ਹੀ ਹੈ।

ਫਿਰ ਅਚਾਨਕ ਸਾਰੇ ਹੱਸਦੇ ਅਲੋਪ ਹੋ ਜਾਂਦੇ ਹਨ ਸਿਰਫ਼ ਉਸਦੀ ਵਹੁਟੀ ਉਸਦੇ ਸਾਹਮਣੇ ਬੈਠੀ ਹੈ। ਫਿਰ ਉਸਦੀ ਵਹੁਟੀ ਦਾ ਚਿਹਰਾ ਹੌਲੀ ਹੌਲੀ ਰਾਣੀ ਵਿੱਚ ਵਟਣਾ ਸ਼ੁਰੂ ਹੋ ਜਾਂਦਾ ਹੈ। 'ਹੈਂ! ਰਾਣੀ?' ਉਹ ਰਾਣੀ ਨੂੰ ਆਪਣੀ ਹਿੱਕ ਨਾਲ ਘੁੱਟ ਲੈਣਾ ਚਾਹੁੰਦਾ ਹੈ ਪਰ ਜਿਉਂ ਹੀ ਉਹ ਰਾਣੀ ਦੀ ਬਾਂਹ ਫੜਨ ਲਈ ਹੱਥ ਅੱਗੇ ਵਧਾਉਂਦਾ ਹੈ, ਉਹ ਪਿੱਛੇ ਹਟ ਜਾਂਦੀ ਹੈ। ਉਹ ਭੱਜ ਕੇ ਉਸ ਨੂੰ ਫੜਨ ਲਗਦਾ ਹੈ, ਰਾਣੀ ਭੱਜ ਕੇ ਕੰਧ 'ਤੇ ਚੜ੍ਹ ਜਾਂਦੀ ਹੈ। ਕੰਧ ਉੱਤੇ ਤੁਰੀ ਜਾਂਦੀ ਰਾਣੀ ਦੀਆਂ ਝਾਂਜਰਾਂ 'ਛਣ ਛਣ' ਛਣਕ ਰਹੀਆਂ ਹਨ। ਉਹ ਕੰਧ 'ਤੇ ਚੜ੍ਹਨ ਦੀ ਕੋਸ਼ਿਸ਼ ਕਰਦਾ ਹੈ ਪਰ ਤਿਲ੍ਹਕ ਕੇ ਫਿਰ ਡਿੱਗ ਪੈਂਦਾ ਹੈ। ਜਦੋਂ ਨੂੰ ਉਹ ਕੰਧ 'ਤੇ ਚੜ੍ਹਦਾ ਹੈ ਰਾਣੀ ਬਨੇਰਿਆਂ ਉਪਰ ਜਾ ਚੜ੍ਹਦੀ ਹੈ। ਫਿਰ ਉਹ ਛਾਲ ਮਾਰ ਕੇ ਸਾਹਮਣੇ ਜੱਗੇ ਕੇ ਚੁਬਾਰੇ ਵਿੱਚ ਜਾ ਵੜਦੀ ਹੈ। ਜਦੋਂ ਉਹ ਰਾਣੀ ਨੂੰ ਫੜਨ ਲਈ ਜੱਗੇ ਕੇ ਚੁਬਾਰੇ ਵੱਲ ਦੌੜਦਾ ਹੈ ਤਾਂ ਮੀਂਹ ਸ਼ੁਰੂ ਹੋ ਜਾਂਦਾ ਹੈ। ਠੰਡੀਆਂ ਕਣੀਆਂ ਉਸਦੇ ਪਿੰਡੇ 'ਤੇ ਪੈਣ ਲਗਦੀਆਂ ਹਨ। ਉਹ ਧੁੜਧੁੜੀ ਲੈਂਦਾ ਹੈ।

''ਹੈਂ!'' ਰਾਜੂ ਨੂੰ ਜਾਗ ਆ ਜਾਂਦੀ ਹੈ। ਨਾ ਉਥੇ ਉਸਦੀ ਮਾਂ ਦੇਵਕੀ ਹੈ, ਨਾ ਉਸਦੀ ਵਹੁਟੀ ਰਾਣੀ। ਮੀਂਹ ਦੀ ਵਾਛੜ ਉਸਦੇ ਮੰਜੇ 'ਤੇ ਪੈ ਰਹੀ ਹੈ। ਉਹ ਮੰਜੇ ਨਾਲੋਂ ਸੋਟੀ ਚੁੱਕ ਕੇ ਖੜ੍ਹਾ ਹੋ ਜਾਂਦਾ ਹੈ। ਫਿਰ ਇੱਕ ਹੱਥ ਨਾਲ ਸੋਟੀ ਉੱਤੇ ਆਪਣੇ ਸਰੀਰ ਨੂੰ ਸੰਭਾਲਦਾ, ਦੂਜੇ ਹੱਥ ਨਾਲ ਮੰਜਾ ਅੱਗੇ ਖਿੱਚ ਲੈਂਦਾ ਹੈ। ਬਿਸਤਰਾ ਵਾਛੜ ਨਾਲ ਥੋੜ੍ਹਾ ਥੋੜ੍ਹਾ ਭਿੱਜ ਗਿਆ ਹੈ। ਰਾਜੂ ਸੋਟੀ ਦੇ ਸਹਾਰੇ ਇੱਕ ਲੱਤ ਨਾਲ ਇਧਰ-ਉਧਰ ਹੁੰਦਾ ਦਰੀ ਵਿਛਾ ਲੈਂਦਾ ਹੈ। ਜੱਗ ਨੂੰ ਮੂੰਹ ਲਾ ਕੇ ਅੱਧਾ ਜੱਗ ਅੰਦਰ ਸੁੱਟ ਲੈਂਦਾ ਹੈ ਜਿਵੇਂ ਅੰਦਰ ਮੱਚਦੀ ਕੋਈ ਅੱਗ ਬੁਝਾਉਣੀ ਹੋਵੇ। ਬਰਾਂਡੇ ਵਿੱਚ ਹੀ ਇੱਕ ਪਾਸੇ ਉਹ ਖੜ੍ਹਾ ਖੜ੍ਹਾ ਹੀ ਪਿਸ਼ਾਬ ਕਰਕੇ ਦੁਬਾਰਾ ਮੰਜੇ ਉਪਰ ਆ ਬੈਠਦਾ ਹੈ।

ਮੀਂਹ ਹੋਰ ਤੇਜ਼ ਹੋ ਗਿਆ ਹੈ। ਜਦੋਂ ਬਿਜਲੀ ਲਿਸ਼ਕਦੀ ਹੈ ਕੱਚੇ ਵਿਹੜੇ ਵਿੱਚ ਪਾਣੀ ਹੀ ਪਾਣੀ ਚਮਕਦਾ ਹੈ। ਸਾਤੇ ਕੀਆਂ ਮੱਝਾਂ ਵਿਹੜੇ ਵਿੱਚ ਬੈਠੀਆਂ ਜੁਗਾਲੀ ਕਰ ਰਹੀਆਂ ਹਨ। ਕਦੇ ਏਸ ਖੁਰਲੀ 'ਤੇ ਉਸਦੀਆਂ ਆਪਣੀਆਂ ਮੱਝਾਂ ਹੁੰਦੀਆਂ ਸਨ। ਮੱਝਾਂ ਨਾਲ ਹੀ ਉਹ ਅੱਧਾ ਪਰਚਿਆ ਰਹਿੰਦਾ ਸੀ। ਕੱਟਰੂਆਂ ਨੂੰ ਨਿੱਕੇ ਬੱਚਿਆਂ ਵਾਂਗ ਪਿਆਰ ਕਰਦਾ। ਹੁਣ ਤਾਂ ਸਭ ਕੁਝ ਇੱਕ ਸੁਪਨੇ ਵਾਂਗ ਗੁਆਚ ਗਿਆ ਹੈ।

ਇਸੇ ਬਰਾਂਡੇ ਵਿੱਚ ਬੈਠਿਆਂ ਰਾਣੀ ਦੀ ਉਡੀਕ ਕਰਨੀ ਉਸਨੂੰ ਕਿੰਨੀ ਚੰਗੀ ਚੰਗੀ ਲਗਦੀ ਸੀ। ਇਸ ਗੱਲ ਦਾ ਕਿੰਨਾ ਅਹਿਸਾਸ ਹੁੰਦਾ ਸੀ ਕਿ ਉਸ ਦਾ ਵੀ ਕੋਈ ਹੈ ਜੋ ਉਸਦੀ ਉਡੀਕ 'ਤੇ ਫੁੱਲ ਚੜਾਉਂਦਾ, ਹਰ ਮੁਸ਼ਕਿਲ ਨੂੰ ਚੀਰਦਾ ਉਸਨੂੰ ਜ਼ਰੂਰ ਮਿਲਣ ਆਵੇਗਾ। ਰਾਜੂ ਹਨੇਰੇ ਵਿੱਚ ਹੀ ਸਾਹਮਣੇ ਜੱਗੇ ਕੇ ਚੁਬਾਰੇ ਵੱਲ ਟਿਕ-ਟਿਕੀ ਲਾ ਕੇ ਵੇਖਣ ਲੱਗਦਾ ਹੈ। ਬਿਜਲੀ ਚਮਕਦੀ ਹੈ।

ਮੀਂਹ ਨਾਲ ਭਿੱਜਿਆ ਜੱਗੇ ਕਾ ਚੁਬਾਰਾ ਵੀ ਚਮਕਦਾ ਹੈ ਪਰ ਰਾਣੀ ਕਿਤੇ ਨਹੀਂ ਚਮਕੀ। ਸਾਹਮਣੀ ਖਿੜਕੀ ਵੀ ਰਾਜੂ ਦੀ ਕਿਸਮਤ ਵਾਂਗ ਬੰਦ ਹੀ ਪਈ ਹੈ।

ਵਿਹੜੇ ਵਿੱਚੋਂ ਆਉਂਦੀ ਠੰਡੀ ਹਵਾ ਬਰਾਂਡੇ 'ਚ ਬੈਠੇ ਰਾਜੂ ਨੂੰ ਧੁੜਧੁੜੀ ਚਾੜ੍ਹ ਜਾਂਦੀ ਹੈ। ਉਹ ਮੰਜੇ 'ਤੇ ਪੈ ਕੇ ਖੇਸ ਨੂੰ ਕੱਫ਼ਣ ਵਾਂਗ ਉੱਪਰ ਲੈ ਲੈਂਦਾ ਹੈ ਤੇ ਆਪ ਜਿਉਂਦੀ ਲਾਸ਼ ਬਣਿਆ ਪਿਆ ਰਹਿੰਦਾ ਹੈ। ਉਦਾਸੀਆਂ ਦੇ ਜੰਗਲ 'ਚ ਘਿਰੇ ਨੂੰ ਹੀ ਕਿਧਰੋਂ ਆਈ ਨੀਂਦ ਉਂਗਲ ਫੜ ਕੇ ਨਾਲ ਵਹਾ ਲੈਂਦੀ ਹੈ।

## 20

ਰਾਜੂ ਨੂੰ ਗੰਗੜਪੁਰ ਆਏ ਨੂੰ ਪੰਦਰਾਂ ਦਿਨ ਹੋ ਗਏ ਸਨ। ਉਸਦੀ ਲੱਤ ਦੀ ਤਕਲੀਫ਼ ਵੀ ਪਹਿਲਾਂ ਨਾਲੋਂ ਘਟ ਗਈ ਸੀ। ਉਹ ਸੋਟੀ ਦੇ ਸਹਾਰੇ ਚੌਂਕੜੀ ਤੱਕ ਆ ਜਾਂਦਾ ਸੀ। ਚੌਂਕੜੀ 'ਤੇ ਆ ਕੇ ਉਸਦੀ ਅੰਦਰਲੀ ਬੇਚੈਨੀ ਘਟਦੀ ਨਹੀਂ ਸੀ ਸਗੋਂ ਅੱਗ ਉੱਤੇ ਤੇਲ ਪਾਉਣ ਵਾਂਗ ਹੋਰ ਮੱਚ ਪੈਂਦੀ। ਕਈ ਤਾਂ ਉਸਦਾ ਦੁੱਖ-ਸੁੱਖ ਸੁਣਨ ਦੀ ਵਜਾਏ ਉਸਦੇ ਟਕੋਰਾਂ ਲਾਉਂਦੇ, ਝਰੇਡਾਂ ਕਰਦੇ। ਉਹ ਅੰਦਰੋਂ ਖਿੱਝਿਆ ਸੋਟੀ ਚੁੱਕ ਕੇ ਘਰ ਆ ਪੈਂਦਾ। ਘਰ ਪਿਆਂ ਮਨ ਅੱਕ ਜਾਂਦਾ ਤਾਂ ਫਿਰ ਪੋਲਾ ਜਿਹਾ ਹੋਇਆ ਚੌਂਕੜੀ 'ਤੇ ਜਾ ਬੈਠਦਾ।

ਅੱਜ ਵੀ ਜਦੋਂ ਉਹ ਘਰੋਂ ਚੌਂਕੜੀ 'ਤੇ ਬੈਠਣ ਲਈ ਤੁਰਿਆ ਸੀ ਤਾਂ ਬਾਰ ਨਿਕਲਦਿਆਂ ਹੀ ਕਿਸੇ ਦੇ ਬੋਲ ''ਉਹ ਆ ਗਿਆ ਓਏ ਹੀਰ ਦਾ ਚਾਚਾ।'' ਕੰਨਾਂ 'ਚ ਤੇਜ਼ਾਬ ਵਾਂਗ ਪੈ ਗਏ ਸਨ। ਪਹਿਲਾਂ ਤਾਂ ਉਸਦਾ ਦਿਲ ਕੀਤਾ ਸੀ ਉਹ ਉਥੋਂ ਹੀ ਵਾਪਸ ਮੁੜ ਜਾਵੇ ਪਰ ਘਰ ਦੀ ਇਕੱਲ ਉਸਨੂੰ ਹੋਰ ਵੀ ਡਰਾਵਣੀ ਲੱਗੀ ਸੀ। ਉਹ ਬੋਲਾਂ ਨੂੰ ਅਣਸੁਣਿਆ ਕਰਕੇ, ਬੈਂਕ ਤੋਂ ਕਰਜ਼ਾ ਲੈਣ ਆਏ ਗ਼ਰੀਬ ਕਿਸਾਨ ਵਾਂਗ ਸਰੀਫ਼ ਬਣਿਆ ਚੌਂਕੜੀ 'ਤੇ ਆ ਬੈਠਿਆ ਸੀ।

''ਕਿਸੇ ਐ ਓਏ ਤੇਰੀ ਲੱਤ?'' ਨਾਜ਼ਰ ਦੇ ਮੁੰਡੇ ਕੋਚੀ ਨੇ ਗਠੜੀ ਵਾਂਗ ਇਕੱਠਾ ਹੋਏ ਬੈਠੇ ਰਾਜੂ ਨੂੰ ਪੁੱਛਿਆ।

''ਠੀਕ ਐ ਪਹਿਲਾਂ ਨਾਲੋਂ ਤਾਂ।''

''ਇਹਦੀ ਲੱਤ ਤਾਂ ਅਈਂ ਠੀਕ ਐ, ਜੇ ਲੇਟ ਹੋ ਗਈ ਊਂ ਨਾ ਆਪਣੇ ਪਿੰਡ ਦੀਆਂ ਕੁੜੀਆਂ ਨੂੰ ਯੂ.ਪੀ., ਬਿਹਾਰ ਲਿਜਾ ਵਾੜੇ। ਹੁਣ ਸੋਟੀ ਨਾਲ ਭੱਜੇ ਜਾਂਦੇ ਨੂੰ ਫੜ ਤਾਂ ਲਮਾਂਗੇ।'' ਕੈਲੇ ਦੇ ਮੁੰਡੇ ਸਮਸ਼ੇਰ ਨੇ ਰਾਣੀ ਵਾਲੀ ਗੱਲ ਰੜਕਾਈ।

''ਆ.....ਅ.....ਫੜਲੇਂਗਾ ਤੂੰ!! ਪਹਿਲਾਂ ਸਿੱਦੂ ਹੋਰਾਂ ਨੇ ਦੇਵਕੀ ਤੇ ਸੁਰਜੀ ਹੋਰਾਂ ਫੜ ਲਈਆਂ ਹੋਣਗੀਆਂ? ਇਹ ਤਾਂ ਉਡਣ-ਖਟੋਲੇ ਹੁੰਦੇ ਨੇ, ਕਿਸੇ ਨੂੰ ਦਿਖਾਈ ਨੀ ਦਿੰਦੇ।'' ਵਿੱਚੋਂ ਕਿਸੇ ਹੋਰ ਨੇ ਰਾਜੂ ਦੀ ਵੱਖੀ ਵਿੱਚ ਆਰ ਲਾ ਦਿੱਤੀ।

''ਰੋਟੀ ਸਾਰੇ ਕੇ ਦਈਂ ਜਾਂਦੇ ਨੇ ਫੇਰ?'' ਵਿੱਚੋਂ ਕਿਸੇ ਭਲੇ ਜਿਹੇ ਬੰਦੇ ਨੇ ਹਮਦਰਦੀ ਨਾਲ ਪੁੱਛਿਆ।

''ਹਾਂ।'' ਰਾਜੂ ਨੇ ਢਿੱਲਾ ਜਿਹਾ ਜਵਾਬ ਦਿੱਤਾ।

''ਐਂ ਕਰ ਓਏ ਰਾਜੂ। ਤੂੰ ਵੀ ਓਧਰੋਂ ਲਿਆ ਕੋਈ ਵੀਹ-ਪੱਚੀ ਹਜ਼ਾਰ ਆਲੀ। ਮੌਜ ਨਾਲ ਤੱਤੀਆਂ ਰੋਟੀਆਂ ਤਾਂ ਖਾਏਂਗਾ। ਭੈਣ ਮਰਾਵੇ, ਕੇਰਾਂ ਨਜ਼ਾਰੇ ਤਾਂ ਲੈ।'' ਜੇਠੂ ਕੁਤਰੀ ਦਾੜ੍ਹੀ ਨੂੰ ਬਾਂਦਰ ਵਾਂਗ ਖੁਰਕਦਾ, ਅੱਖਾਂ ਜਿਹੀਆਂ ਮਟਕਾ ਕੇ ਬੋਲਿਆ।

''ਕੱਲੀ ਰੋਟੀ ਨੀ, ਸਾਰਾ ਕੁਛ ਈ ਤੱਤਾ ਮਿਲੂ।'' ਕੈਲੇ ਕਾ ਸਮਸ਼ੇਰ ਗੁੱਝੀ ਜਿਹੀ ਗੱਲ ਕਰ ਗਿਆ।

ਰਾਜੂ ਆਪਣੇ ਉਪਰ ਹੁੰਦੇ ਗੱਲਾਂ ਦੇ ਵਾਰਾਂ ਤੋਂ ਅੱਕਿਆ ਉੱਠ ਕੇ ਘਰ ਨੂੰ ਤੁਰਨ ਹੀ ਲੱਗਿਆ ਸੀ ਕਿ ਬੱਸ ਤੋਂ ਉਤਰਿਆ ਕੁਸਲੇ ਵਾਲਾ ਕਾਲਾ ਨਜ਼ਰ ਪੈ ਗਿਆ। ਰਾਜੂ ਦਾ ਅੰਦਰ ਖੁਸ਼ੀ ਨਾਲ ਛਲਕ ਪਿਆ। ਉਹ ਚੌਂਕੜੀ 'ਤੇ ਹੋਈਆਂ ਸਭ ਗੱਲਾਂ ਨੂੰ ਪਰ੍ਹਾਂ ਵਗ੍ਹਾ ਕੇ, ਕਾਲੇ ਨੂੰ ਜੱਫੀ ਪਾ ਕੇ ਮਿਲਿਆ ਫਿਰ ਦੋਵੇਂ ਘਰ ਆ ਵੜੇ।

''ਬਾਈ ਮੈਨੂੰ ਤਾਂ ਕੱਲ੍ਹ ਸ਼ਾਮ ਨੂੰ ਈ ਪਤਾ ਲੱਗਿਆ ਸੀ ਵੀ ਤੇਰੇ ਨਾਲ ਆਹ ਭਾਣਾ ਵਰਤ ਗਿਐ। ਐਂ ਕਿਮੇਂ ਹੋ ਗਿਆ ਇਹੇ?'' ਕਾਲਾ ਬਰਾਂਡੇ ਵਿਚਲੇ ਮੰਜੇ 'ਤੇ ਬੈਠ ਗਿਆ।

''ਬੱਸ ਬਾਈ ਜੀ ਜਿਹੜੀ ਕਰਮਾਂ 'ਚ ਸੱਟ ਲਿਖੀ ਹੁੰਦੀ ਐ। ਓਦੋਂ ਅਸੀਂ ਨਾਭੇ ਟੁਕੜੀ ਲਾਹ ਕੇ ਵਾਪਸ ਆ ਰਹੇ ਤੀ। ਨਾਭੇ ਤੋਂ ਉਰਾਂ, ਮਾਝੀ ਦੇ ਕੋਲੇ ਜੇ ਸੂਏ 'ਤੇ ਪੁਲ ਐ। ਓਥੇ ਪਤਾ ਨੀ ਭਾਈ ਗੱਡੀ 'ਚ ਕੋਈ ਸੁੱਤਾ ਈ ਤੁਰਿਆ ਆਉਂਦਾ ਤੀ ਜਾਂ ਲੈਟਾਂ-ਲੂਟਾਂ ਪੈ ਗਈਆਂ ਹੋਣਗੀਆਂ। ਕੰਜਰ ਨੇ ਸਿੱਧੀ ਲਿਆ ਕੇ ਡਰਾਇਵਰ ਸਾਇਡ ਠੋਕੀ। ਉਹ ਤਾਂ ਬੱਚਤ ਰਹਿਗੀ, ਓਥੇ ਸੂਏ 'ਚ ਕਿਸੇ ਨੇ ਜੀਰੀ 'ਚ ਪਾਣੀ ਪਾਉਣ ਵਾਸਤੇ ਪੈਪ ਸਿੱਟ ਰੱਖੇ ਤੀ, ਉਹ ਵਿਚਾਰੇ ਭੱਜ ਕੇ ਆਏ। ਮੂਹਰੋਂ ਗੱਡੀ ਤੋੜ ਕੇ ਉਨ੍ਹਾਂ ਨੇ ਕੱਢਿਆ ਮੈਨੂੰ ਤਾਂ।''

''ਗੱਡੀ ਤੂੰ ਚਲਾਉਂਦਾ ਸੀ?''

''ਹਾਂ ਗੱਡੀ ਤਾਂ ਮੈਂ ਚਲਾਉਂਦਾ ਤੀ, ਮਾਲਕ ਉਪਰਲੀ ਸੀਟ 'ਤੇ ਸੁੱਤਾ ਪਿਆ ਤੀ।''

''ਉਹਦੇ ਵੀ ਵੱਜੀਆਂ ਸੱਟਾਂ?''

''ਉਹਦੇ ਤਾਂ ਮਾੜੀਆਂ-ਮੋਟੀਆਂ ਈ ਵੱਜੀਆਂ ਨੇ।''

''ਮਾਲਕ ਨੇ ਨੀ ਫੇਰ ਕੋਈ ਹੱਥ ਛਾੜਿਆ?'' ਕਾਲੇ ਨੇ ਰਾਜੂ ਦੀ ਕੀਤੀ ਮਦਦ ਬਾਰੇ ਪੁੱਛਿਆ।

''ਹੱਥ ਛਾੜਨ ਭਾਲਦੈ। ਉਹਨੇ ਤਾਂ ਮੈਨੂੰ ਪੰਦਰਾਂ ਦਿਨ ਹਸਪਤਾਲ 'ਚ ਮਸਾਂ ਰੋ ਪਿੱਟ ਕੇ ਰੱਖਿਐ। ਫੇਰ ਮੈਨੂੰ ਕਹਿੰਦਾ ਆਪਣੇ ਪਿੰਡ ਵਗਜਾ। ਤੈਨੂੰ ਪਤਾ ਈ ਐ, ਪਿੰਡ ਮੇਰਾ ਹੁਣ ਇਥੇ ਕੌਣ ਤੀ। ਫੇਰ ਸੋਚਿਆ ਵੀ ਚਲੋ ਅਵਦੇ ਘਰੋਂ ਸਿਰ 'ਤੇ ਛੱਤ ਤਾਂ ਹੈਗੀ। ਇੱਕ ਦਿਨ ਮਾਲਕ ਨੇ ਮੈਨੂੰ ਰਾਤ ਨੂੰ ਮਾਨਸਾ ਯੂਨੀਅਨ ਦੀ ਗੱਡੀ 'ਚ ਚਾੜਤਾ। ਉਹ ਜਾਂਦੇ ਜਾਂਦੇ ਮੈਨੂੰ ਇਥੇ ਲਾਹ ਗਏ।''

''ਮੈਂ ਓਦੋਂ ਸੁਨਾਮ ਤੈਥੋਂ ਗੱਲਾਂ ਸੁਣ ਕੇ ਈ ਦੱਸਤਾ ਸੀ ਵੀ ਤੇਰਾ ਮਾਲਕ ਹਰਾਮੀ ਐ ਸਾਲਾ।''

''ਫੇਰ ਹੋਰ ਕੀ ਕਰਦੇ ਬਾਈ ਦਿਨ ਤਾਂ ਕੱਢਣੇ ਈ ਤੀ।'' ਰਾਜੂ ਨੇ ਬੇਵਸੀ ਜਾਹਰ ਕੀਤੀ। ''ਇੱਕ ਮਿੰਟ ਮੈਂ ਚਾਹ ਬਣਾ ਲਿਆਮਾਂ।'' ਰਾਜੂ ਅਚਾਨਕ ਯਾਦ ਆ ਜਾਣ 'ਤੇ ਉੱਠ ਕੇ ਤੁਰ ਪਿਆ।

''ਚਾਹ ਨੂੰ ਕੀ ਸੀ ਯਰ...।'' ਕਾਲੇ ਦੀ ਗੱਲ ਅਣਸੁਣੀ ਕਰਕੇ ਰਾਜੂ ਚਾਹ ਨੂੰ ਕਹਿਣ ਤੁਰ ਗਿਆ।

ਜਦੋਂ ਰਾਜੂ ਵਾਪਸ ਆਇਆ ਤਾਂ ਕਾਲੇ ਨੇ ਫਿਰ ਗੱਲ ਤੋਰੀ, ''ਰੋਟੀ ਟੁੱਕ ਦਾ ਕਿਮੇਂ ਕਰਦੈਂ ਫੇਰ?''

''ਆਹ ਦੇ ਦਿੰਦੇ ਨੇ ਗੁਆਂਢੀ।'' ਰਾਜੂ ਨੇ ਸਾਤੇ ਕੇ ਘਰ ਵੱਲ ਇਸ਼ਾਰਾ ਕੀਤਾ।

''ਠੀਕ ਦੇਈਂ ਜਾਂਦੇ ਨੇ?''

''ਠੀਕ ਤਾਂ ਕਿਹੜੈ ਬਾਈ। ਪਹਿਲਾਂ ਇੱਕ-ਦੋ ਦਿਨ ਤਾਂ ਠੀਕ ਦਿੱਤੀ, ਹੁਣ ਤਾਂ ਸੌ ਨੱਕ-ਬੁੱਲ੍ਹ ਕੱਢਦੇ ਨੇ। ਕਈ ਵਾਰੀ ਤਾਂ ਮੇਰੀ ਰੋਟੀ ਪਿੱਛੇ, ਮੈਂ ਆਪ ਗਾਲ੍ਹਾਂ ਦਿੰਦੀ ਸੁਣੀ ਐ ਘਰੋਂ। ਕਦੇ ਕਦੇ ਤਾਂ ਸਾਲਾ ਜੀਅ ਕਰਦੈ, ਮਰ ਕੇ ਇਹ ਕੁੱਤੇ ਆਲੀ ਜੂਨ ਤੋਂ ਖਹਿੜਾ ਈ ਛੁਡਾ ਜੀਏ। ਹੁਣ ਤਾਂ ਨਰਕ ਈ ਐ, ਥੋੜ੍ਹਾ ਭੋਗਿਆ ਕਿ ਵਾਹਲਾ ਭੋਗਿਆ।''

''ਚਲ ਕੋਈ ਨਾ ਸਭ ਕੁਛ ਠੀਕ ਹੋਜੂ ਹੌਲੀ ਹੌਲੀ।'' ਕਾਲੇ ਨੇ ਰਾਜੂ ਦੇ ਮੋਢੇ 'ਤੇ ਵਿਸ਼ਵਾਸ ਦਾ ਹੱਥ ਰੱਖਿਆ।

ਕੁਝ ਚਿਰ ਦੋਵੇਂ ਉਦਾਸ ਬੈਠੇ ਰਹੇ ਜਿਵੇਂ ਉਦਾਸੀ ਦੋਵਾਂ 'ਤੇ ਹੀ ਭਾਰੂ ਹੋ ਗਈ ਹੋਵੇ। ਸਾਤੇ ਦਾ ਮੁੰਡਾ ਦੋ ਗਲਾਸਾਂ 'ਚ ਚਾਹ ਰੱਖ ਕੇ ਮੁੜ ਗਿਆ ਸੀ।

''ਬਾਈ ਜੇ ਇੱਕ ਕੰਮ ਕਰਦੇਂ ਤੇਰਾ ਸਾ...ਸਾਰੀ ਉਮਰ ਦੇ...ਣਾ ਨਾ ਦੇ ਸਕਾਂ।'' ਰਾਜੂ ਨੇ ਤਰਲਾ ਲੈਣ ਵਾਂਗ ਕਾਲੇ ਅੱਗੇ ਹੱਥ ਜੋੜ ਲਏ।

''ਦੇਣਾ ਦੇਣ ਆਲੀ ਕਿਹੜੀ ਗੱਲ ਕਰਦੈਂ ਬਾਈ। ਤੂੰ ਦੱਸ ਮੈਂ ਆਪਣੇ ਜੋਕਰਾ ਸਾਰਾ ਕਰੂੰ।'' ਕਾਲੇ ਨੇ ਮਿੱਠੀ ਘੂਰੀ ਦੇ ਕੇ ਦੋਸਤਾਂ ਵਾਲਾ ਵਿਸ਼ਵਾਸ ਦਵਾਇਆ।

''ਬਾਈ ਜੀ, ਮ.... ਮੈਂ..... ਤੈਥੋਂ ਹੁਣ ਤੱਕ ਇੱਕ...... ਗੱਲ ਲੁਕੋ ਕੇ ਰੱਖੀ..... ਐ।'' ਰਾਜੂ ਨੇ ਵਿਚਾਰਾ ਜਿਹਾ ਬਣ ਕੇ ਗੁਨਾਹ ਕਬੂਲਣ ਵਾਂਗ ਕਿਹਾ।

''ਕਿਹੜੀ ਗੱਲ? ਤੂੰ ਦੱਸ ਦੇ ਬੇਫ਼ਿਕਰ ਹੋ ਕੇ।''

''ਬਾ.....ਅ......ਈ! ਜਿਹੜੀ ਤੇਰੇ ਪਿੰਡ, ਸਾਡੇ ਪਿੰਡੋਂ ਤੀਮੀਂ ਗਈ ਹੋਈ ਐ। ਉ..... ਉਹ....... ਉਹ....... ਮੇਰੀ ਮਾਂ ਐ ਓਏ...... ਬਾਈ.....! ਮੈਨੂੰ ਬੱਸ ਕੇਰਾਂ ਮਿਲਾਦੇ ਓਏ...... ਵੀਰ ਮੇ....ਰਿ.....ਆ!'' ਰਾਜੂ ਲੇਰ ਮਾਰ ਕੇ ਕਾਲੇ ਦੇ ਪੈਰਾਂ ਵਿੱਚ ਡਿੱਗ ਪਿਆ।

''ਤੂੰ ਸੰਭਲ ਬਾਈ! ਇਹ ਕੀ ਕਰੀ ਜਾਨੈ!'' ਕਾਲੇ ਨੇ ਉਸਨੂੰ ਮੋਢਿਓਂ ਫੜਕੇ ਖੜ੍ਹਾ ਕਰਨਾ ਚਾਹਿਆ ਪਰ ਉਹ ਅੱਖਾਂ 'ਚੋਂ ਮੀਂਹ ਵਰਾਉਂਦਾ, ਬੱਸ ਇੱਕੋ ਗੱਲ ਕਹੀ ਜਾ ਰਿਹਾ ਸੀ, ''ਬਾ....ਅ.....ਈ! ਬੱਸ.... ਬੱਸ ਮੇਰੀ ਆਖਰੀ ਤਮੰਨਾ ਪੂਰੀ ਕਰਦੇ ਓ.....ਏ! ਮੇ....ਰੀ ਮਾਂ..... ਹਾਏ! ਮੇਰੀ ਮਾਂ ਨੂੰ ਮਿਲਾਦੇ ਓ.....ਏ!''

ਕਾਲੇ ਨੂੰ ਪਤਾ ਸੀ ਅਜਿਹੇ ਭਾਵੁਕ ਸਮੇਂ ਉਸ ਤੀਵੀਂ ਬਾਰੇ ਕਿਉਂ? ਕਿਵੇਂ? ਪੁੱਛਣਾ ਵਿਅਰਥ ਸੀ। ਕਾਫ਼ੀ ਹੱਦ ਤੱਕ ਉਹ ਗੱਲ ਸਮਝ ਵੀ ਚੁੱਕਿਆ ਸੀ। ਕਾਲੇ ਨੇ ਉਸਦਾ ਜੱਫਾ ਭਰ ਕੇ ਮੰਜੇ ਉੱਤੇ ਬਿਠਾ ਲਿਆ। ਮਿੱਟੀ ਨਾਲ ਲਿੱਬੜੇ ਕੱਪੜੇ ਝਾੜ ਦਿੱਤੇ, ''ਬਾਈ ਕਿਹੜੀ ਸੱਤ ਬੇਗਾਨਿਆਂ ਆਲੀ ਗੱਲ ਕਰਦੈਂ। ਨਾਲੇ ਇਹ ਕਿਹੜਾ ਕੋਈ ਵੱਡੀ ਗੱਲ ਐ। ਮੈਂ ਅੱਜ ਈ ਪਿੰਡ ਜਾਊਂ। ਤੇਰੀ ਮਾਂ ਨੂੰ ਛੇਤੀ ਤੋਂ ਛੇਤੀ ਭੇਜਣ ਦੀ ਕੋਸ਼ਿਸ਼ ਕਰੂੰਗਾ।''

''ਬਾ....ਈ।'' ਅਗਲੇ ਸ਼ਬਦ ਰਾਜੂ ਦੇ ਗਲ ਵਿੱਚ ਹੀ ਅਟਕ ਗਏ। ਅਗਲੀ ਗੱਲ ਉਸਨੇ ਭਰੇ ਮਨ ਨਾਲ ਹੱਥ ਜੋੜ ਕੇ ਹੀ ਸਮਝਾ ਦਿੱਤੀ।

''ਤੈਨੂੰ ਰਾਜੂ ਕੇਰਾਂ ਕਹਿ ਤਾ ਯਾਰ! ਤੈਨੂੰ ਮੇਰੇ 'ਤੇ ਯਕੀਨ ਨੀ?'' ਕਾਲੇ ਨੇ ਰਾਜੂ ਦੇ ਦੋਵੇਂ ਜੋੜੇ ਹੱਥ ਆਪਣੇ ਹੱਥਾਂ ਵਿੱਚ ਘੁੱਟ ਲਏ।

''ਏਸ ਦੁਨੀਆਂ 'ਚ ਮੇਰਾ ਤਾਂ ਸਿਰਫ਼ ਤੂੰ ਹੀ ਐ ਬਾਈ ਸਭ ਕੁਝ।'' ਰਾਜੂ ਹੁਣ ਥੋੜ੍ਹਾ ਜਿਹਾ ਸੁਰਤ ਸਿਰ ਹੋ ਗਿਆ ਸੀ।

''ਚੰਗਾ ਫੇਰ ਮੈਂ ਜਾਵਾਂ ਹੁਣ?'' ਕਾਲੇ ਨੇ ਜਾਣ ਦੀ ਇਜਾਜ਼ਤ ਮੰਗੀ।

''ਮੈਂ ਤਾਂ ਕਹਿੰਦਾ ਤੀ ਕਾਲੇ ਤੂੰ ਅੱਜ ਰਹਿੰਦਾ।''

''ਬਾਈ ਅੱਜ ਜਰੂਰੀ ਕੰਮ ਐ। ਮੈਂ ਦਸ-ਪੰਦਰਾਂ ਦਿਨਾਂ ਤੱਕ ਤੇਰੇ ਕੋਲੇ ਫੇਰ ਗੇੜਾ ਮਾਰੂੰਗਾ।'' ਕਾਲੇ ਨੇ ਰਾਜੂ ਦੇ ਮੋਢੇ 'ਤੇ ਹੱਥ ਰੱਖਿਆ।

''ਚੰਗਾ ਇੱਕ ਕੰਮ ਹੋਰ ਕਰਕੇ ਜਾਹ।''

''ਕਿਹੜਾ?''

''ਮੈਥੋਂ ਆਪਤੋਂ ਤਾਂ ਤੁਰ ਕੇ ਐਡੀ ਦੂਰ ਜਾਇਆ ਨੀ ਜਾਂਦਾ। ਨਾ ਕੋਈ ਜਵਾਕ ਆਖੇ ਲੱਗੇ। ਮੈਨੂੰ ਤਾਂ ਖਾਸੀਆਂ ਸਾਰੀਆਂ ਨੀਂਦ ਦੀਆਂ ਗੋਲੀਆਂ ਲਿਆ ਕੇ ਦੇਹ ਡਾਕਟਰ ਦਿਓਂ। ਦਿਨ-ਰਾਤ ਅੱਚਵੀ ਲੱਗੀ ਰਹਿੰਦੀ ਐ। ਰਾਤ ਨੂੰ ਵੀ ਭੋਰਾ ਨੀਂਦ ਨੀ ਆਉਂਦੀ। ਗੋਲੀ ਨਾਲ ਚਲ ਨੀਂਦ ਆਜਿਆ ਕਰੂ।'' ਰਾਜੂ ਨੇ ਜੇਬ 'ਚੋਂ ਸੌ ਰੁਪਈਆ ਕੱਢ ਕੇ ਕਾਲੇ ਵੱਲ ਵਧਾ ਦਿੱਤਾ।

''ਇਹ ਤੂੰ ਆਪਣੇ ਕੋਲੇ ਰੱਖ। ਦੁਕਾਨ ਦੱਸ ਕਿੱਧਰ ਨੂੰ ਐ।''

''ਆਹ ਬੀਹੀ ਜਾ ਕੇ ਸੱਜੇ ਮੁੜ ਜੀਂ। ਸਾਹਮਣੇ ਖੰਭੇ ਦੇ ਕੋਲੇ ਐ।''

ਕਾਲਾ ਜਦੋਂ ਗੋਲੀਆਂ ਲੈ ਕੇ ਮੁੜਿਆ, ਉਹ ਕਿੰਨੀ ਦੇਰ ਫਿਰ ਗੱਲਾਂ ਕਰਦੇ ਰਹੇ। ਤਿੰਨ-ਚਾਰ ਵਜੇ ਕਾਲਾ ਰਾਜੂ ਨੂੰ ਹੌਸਲਾ ਦੇ ਕੇ ਬੱਸ ਚੜ੍ਹ ਗਿਆ।

-0-0-

ਜਿਸ ਦਿਨ ਕਾਲਾ ਗੰਗਤਪੁਰ ਤੇ ਗਿਆ ਸੀ ਉਸ ਦਿਨ ਤੋਂ ਹੀ ਝੜੀ ਲੱਗ ਗਈ ਸੀ। ਕਦੇ ਕਾਲੀਆਂ ਘਟਾਵਾਂ ਸਾਰੇ ਅਸਮਾਨ ਨੂੰ ਕਾਲੀ ਚਾਦਰ ਵਾਂਗ ਢਕ ਲੈਂਦੀਆਂ। 'ਗਰੜ ਗਰੜ' ਦੀ ਗੂੰਗੀ ਜਿਹੀ ਅਵਾਜ਼ ਨਾਲ ਮੀਂਹ ਦੇ ਛਰਾਟੇ ਤੇਜ਼ ਹੋ ਜਾਂਦੇ ਤੇ ਕਦੇ ਮਛਰੀ ਵਰਗੀਆਂ ਬਰੀਕ ਬਰੀਕ ਕਣੀਆਂ ਡਿੱਗਣ ਲੱਗਦੀਆਂ। ਬਰੀਕ ਕਣੀ ਦਾ ਮੀਂਹ ਕੱਚੀਆਂ ਛੱਤਾਂ ਵਿੱਚ ਰਚ ਗਿਆ ਸੀ ਤੇ ਹੁਣ ਛੱਤਾਂ ਤਿਪਕਣ ਲੱਗ ਪਈਆਂ ਸਨ। ਰਾਜੂ ਕੁੱਤਿਆਂ ਤੋਂ ਡਰਕੇ ਲੁਕੇ ਬੈਠੇ ਸਹੇ ਵਾਂਗ ਸਬਾਤ ਦੇ ਖੂੰਜੇ ਲੱਗਿਆ ਬੈਠਾ ਸੀ।

ਕੋਠੇ 'ਤੇ ਕਣੀਆਂ ਦੀ ਹੁੰਦੀ ਗੂੰਗੀ ਜਿਹੀ ਠੱਕ ਠੱਕ ਉਸਦੇ ਦਿਲ ਨੂੰ ਧੂ ਪਾ ਰਹੀ ਸੀ। ਰਾਜੂ ਕਾ ਬਰਾਂਡਾ ਤਾਂ ਪਹਿਲਾਂ ਹੀ ਥਾਂ ਥਾਂ ਤੋਂ ਤਿੱਪ ਤਿੱਪ ਚੋ ਰਿਹਾ ਸੀ। ਹੁਣ ਪੇਟੀ ਉਪਰੋਂ ਸਬਾਤ ਵੀ ਤਿਪਕਣ ਲੱਗ ਪਈ ਸੀ, ਜਿੱਥੇ ਉਸਨੇ ਬਾਲਟੀ ਲਿਆ ਰੱਖੀ ਸੀ। ਭੁੱਖ ਰਾਜੂ ਦਾ ਅੰਦਰ ਆਰੀ ਵਾਂਗ ਵੱਢ ਰਹੀ ਸੀ। ਪਿਛਲੀ ਰਾਤ ਵੀ ਉਹ ਬਿਨਾਂ ਰੋਟੀ ਖਾਧੇ ਸਿਰਫ਼ ਪਾਣੀ ਪੀ ਕੇ ਹੀ ਪੈ ਗਿਆ ਸੀ। ਉਹ ਦੇਰ ਰਾਤ ਤੱਕ ਰੋਟੀ ਨੂੰ ਉਡੀਕਦਾ ਰਿਹਾ ਸੀ ਪਰ ਉਸਦੀ ਰੋਟੀ ਲੈ ਕੇ ਕੋਈ ਨਹੀਂ ਸੀ ਆਇਆ। ਆਉਂਦਾ ਵੀ ਕਿਉਂ? ਰਾਜੂ ਨੇ ਉਨ੍ਹਾਂ ਦੀ ਮੂੰਹੋਂ ਨਿਕਲੀ ਗੱਲ 'ਸੱਤ ਬਚਨ' ਕਹਿ ਕੇ ਬੋਚੀ ਨਹੀਂ ਸੀ। ਜੇ ਰਾਜੂ ਸਾਤੇ ਦੇ ਘਰ ਵਾਲੀ ਦੀ ਗੱਲ ਮੰਨ ਲੈਂਦਾ ਤਾਂ ਉਸਦੀ ਇਸ ਪਿੰਡ 'ਚੋਂ ਰਹਿੰਦੀ ਥੋੜ੍ਹੀ ਬਹੁਤੀ ਸਾਂਝ ਵੀ ਮੁੱਕ ਜਾਣੀ ਸੀ। ਫੇਰ ਇਹ ਵੀ ਨਹੀਂ ਪਤਾ ਸੀ ਕਿ ਕੋਈ ਕਦੋਂ ਘਰੋਂ ਨਿਕਾਲੇ ਦਾ ਹੁਕਮ ਦੇ ਦੇਵੇ। ਇਹ ਸੋਚਦਾ ਹੀ ਉਹ ਆਪਣੀ ਗੱਲ 'ਤੇ ਅੜਿਆ ਰਿਹਾ ਸੀ। ਰਾਜੂ ਦੇ ਤਾਂ ਕਦੇ ਇਹ ਗੱਲ ਚਿੱਤ-ਚੇਤੇ ਵੀ ਨਹੀਂ ਸੀ ਕਿ ਦੋ ਟਾਇਮ ਦੀ ਰੋਟੀ ਦੇਣ ਬਦਲੇ ਉਸ ਤੋਂ ਘਰ ਖੋਹਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਪਰਸੋਂ ਰਾਜੂ ਸਾਤੇ ਦੀ ਘਰਵਾਲੀ ਦੀ ਗੱਲ ਸੁਣ ਕੇ ਹੱਕਾ-ਬੱਕਾ ਰਹਿ ਗਿਆ ਸੀ ਜਦ ਉਸਨੇ ਇਹ ਗੱਲ ਰਾਜੂ ਦੇ ਇੱਟ ਵਾਂਗ ਮੱਥੇ ਵਿੱਚ ਆ ਮਾਰੀ ਸੀ।

''ਰਾਜੂ ਜੇ ਤੂੰ ਇਹ ਘਰ ਸਾਨੂੰ ਵੇਚਦੇਂ।'' ਪਰਸੋਂ ਆਪ ਰੋਟੀ ਲੈ ਕੇ ਆਈ ਨੇ ਬਿਨਾਂ ਭੂਮਿਕਾ ਦੇ ਹੀ ਇਹ ਗੱਲ ਕਹਿ ਦਿੱਤੀ ਸੀ। ਇੱਕ ਵਾਰ ਤਾਂ ਰਾਜੂ ਸੁਣ ਕੇ ਤ੍ਰਬਕ ਗਿਆ। ਉਸਦਾ ਜੀਅ ਕੀਤਾ ਸੀ ਰੋਟੀਆਂ ਵਾਲਾ ਪੋਣਾ ਵਿਹੜੇ ਵਿੱਚ ਚਲਾ ਮਾਰੇ। ਇਹਨੂੰ ਗੁੱਤੋਂ ਫੜਕੇ ਸੁਹਾਗੇ ਵਾਂਗ ਘੜੀਸ ਲਵੇ ਪਰ ਸਰਵਣ ਬਾਬੇ ਦਾ 'ਦੇਣ' ਉਸਦੇ ਹੱਥ ਅਤੇ ਜਬਾਨ ਬੰਨ੍ਹੀ ਖੜ੍ਹਾ ਸੀ। ਉਹ ਸਮਾਧੀ 'ਤੇ ਬੈਠੇ ਮਹਾਂਪੁਰਸ਼ ਵਾਂਗ ਨੀਵੀਂ ਪਾਈ ਚੁੱਪ ਬੈਠਾ ਰਿਹਾ। ਰਾਜੂ ਨੂੰ ਫ਼ੂਨ-ਵੱਟਾ ਹੋਇਆ ਵੇਖ ਕੇ ਉਹ ਅੱਗੇ ਘਰ ਲੈਣ ਦੀ ਲੋੜ ਦੇ ਵਿਸਥਾਰ ਵਿੱਚ ਜਾ ਉਤਰੀ।

''ਤੂੰ ਤਾਂ ਦੇਖ ਹੁਣ ਟਰੱਕਾਂ 'ਤੇ ਈ ਵਗਜੇਂਗਾ। ਉਰੇ ਢਹੀ ਜਾਊ ਏਹੇ। ਨਾਲੇ ਸਾਨੂੰ ਸੌਖਾ ਹੋਜੂ ਲਵੇ ਮਾਲ-ਪਸ਼ੂ ਦਾ। ਜੇ ਅਸੀਂ ਕਿਤੇ ਬਾਹਰ ਲਮਾਂਗੇ ਫੇਰ ਉਥੇ ਪੈਣ ਦਾ ਔਖੈ। ਚਲ ਊਂ ਤੂੰ ਜਿੰਨਾ ਚਿਰ ਰਹਿਣੈ ਇਥੇ ਰਹੀ ਜਾਈਂ।''

''ਚਾਚੀ ਊਂ ਕਿਹੜਾ ਮੈਂ ਸੋਨੂੰ ਇਥੇ ਮਾਲ ਬੰਨ੍ਹਣੋਂ ਰੋਕਿਐ। ਬੰਨ੍ਹੀ ਜਾਓ। ਇਹ ਵੀ ਥੋਡਾ ਘਰ ਈ ਐ।'' ਰਾਜੂ ਨੂੰ ਚਾਚੀ ਦੀ ਗੱਲ ਜ਼ਹਿਰ ਵਰਗੀ ਲੱਗੀ ਸੀ ਪਰ ਫਿਰ ਵੀ ਆਪਣੇ-ਆਪ ਨੂੰ ਸੰਭਾਲਦਾ ਪਿਆਰ ਨਾਲ ਬੋਲਿਆ ਸੀ।

''ਐਂ ਨੀ, ਤੂੰ ਸੌਦਾ ਈ ਕਰਲੈ।'' ਚਾਚੀ ਨੂੰ ਕੋਈ ਹੋਰ ਵਲ-ਵਲੇਵੇਂ ਵਾਲੀ ਗੱਲ ਸੁੱਝੀ ਨਹੀਂ ਸੀ। ਉਹ ਸਿੱਧੀ ਹੀ ਹੋ ਗਈ।

''ਚਾਚੀ ਏਸ ਪਿੰਡ 'ਚ ਮੇਰਾ ਆਹ ਘਰ ਘਰ ਰਹਿੰਦੈ ਕੱਲਾ। ਜੇ ਇਹ ਵੀ ਵੇਚਤਾ, ਮੇਰਾ ਏਸ ਪਿੰਡ 'ਚੋਂ ਜਮੀਂ ਸੀਰ ਮੁੱਕਜੂ। ਅਵਦੇ ਮਰਨ ਤੱਕ ਤਾਂ ਮੈਂ ਵੇਚਦਾ ਨੀ। ਉਸ ਤੋਂ ਬਾਅਦ ਜਿਹੜਾ ਮਰਜੀ ਸਾਂਭੀ ਜਾਵੇ।'' ਰਾਜੂ ਨੇ ਘਰ ਨਾਲ ਜੁੜੀਆਂ ਆਪਣੀਆਂ ਭਾਵਨਾਵਾਂ ਦੀ ਗਠੜੀ ਚਾਚੀ ਅੱਗੇ ਖੋਲ੍ਹ ਦਿੱਤੀ।

''ਚਲ ਕੋਈ ਨਾਂ।'' ਉਹ ਰਾਜੂ ਦੀਆਂ ਭਾਵਨਾਵਾਂ ਨੂੰ ਲੱਤ ਮਾਰਦੀ, ਸੱਪਣੀ ਵਾਂਗ 'ਫੂੰ ਫੂੰ' ਕਰਦੀ ਉਥੋਂ ਉੱਠ ਕੇ ਤੁਰ ਗਈ। ਘਰ ਜਾ ਕੇ ਗਾਲ੍ਹਾਂ ਦਾ ਤਵਾ ਧਰ ਲਿਆ। ਫਿਰ ਜਿਹੜਾ ਵੀ ਮੂੰਹ 'ਚ ਆਇਆ ਉਸਨੇ ਉਗਲ ਦਿੱਤਾ। ਕਾਕਾ, ਬਸ਼ੀਰਾਂ, ਰੇਹੀ, ਸਿੰਦੂ, ਰੋਡੀ, ਰਾਜੂ ਤੇ ਉਸਦੀ ਮਾਂ ਦੇਵਕੀ ਬਾਰੇ ਪਤਾ ਨਹੀਂ ਕੀ ਕੀ ਗੰਦ ਮੱਧਿਆ। ਅੰਦਰੋਂ ਅੰਤਾਂ ਦੇ ਦੁਖੀ ਹੋਏ ਰਾਜੂ ਦਾ ਜੀਅ ਕੀਤਾ ਉਹ ਆਪ ਕੁਝ ਖਾ ਕੇ ਮਰ ਜਾਵੇ। ਸਾਰਾ ਕੁਝ ਇਨ੍ਹਾਂ ਨੂੰ ਇਥੇ ਹੀ ਛੱਡ ਜਾਵੇ ਪਰ ਆਪਣੀ ਮਾਂ ਦੇਵਕੀ ਨੂੰ ਮਿਲਣ ਦੀ ਅਖ਼ੀਰੀ ਆਸ ਨੇ ਉਸਨੂੰ ਰੋਕੀ ਰੱਖਿਆ ਸੀ।

ਪਰ ਹੁਣ ਤਾਂ ਉਸਦੀ ਇਹ ਆਸ ਵੀ ਕੱਚੇ ਰੰਗ ਵਾਂਗ ਫਿੱਕੀ ਪੈਂਦੀ ਜਾਂਦੀ ਸੀ। ਉਸਦੇ ਮਨ 'ਚ ਕਿੰਨੇ ਹੀ ਖ਼ਿਆਲ ਢਹਿੰਦੇ-ਉਸਰਦੇ ਰਹਿੰਦੇ। 'ਕਿੰਨੇ ਦਿਨ ਹੋ ਗਏ ਕਾਲੇ ਨੂੰ ਗਿਆਂ ਪਰ ਅਜੇ ਤੱਕ ਮਾਂ ਕਿਉਂ ਨਹੀਂ ਆਈ? ਹੋ ਸਕਦੈ ਉਹ ਭੁੱਲ ਗਿਆ ਹੋਵੇ। ਨਹੀਂ! ਐਂ ਉਹ ਭੁੱਲਣ ਆਲਾ ਨੀ ਹੈਗਾ।' ਉਹ ਆਪ ਹੀ ਆਪਣੇ ਮਨ 'ਚ ਆਏ ਵਿਰੋਧੀ ਵਿਚਾਰ ਪਰ੍ਹਾਂ ਵਗਾਹ ਮਾਰਦਾ ਪਰ ਉਹ ਹੀ ਵਿਚਾਰ ਦੂਸਰਾ ਰੂਪ ਲੈ ਕੇ ਫਿਰ ਉਸਦਾ ਅੱਗਾ ਮੱਲ ਲੈਂਦੇ। 'ਹੋ ਸਕਦੈ ਮਾਂ ਨੇ ਹੀ ਆਉਣ ਤੋਂ ਜਵਾਬ ਦੇ ਦਿੱਤਾ ਹੋਵੇ। ਉਸਨੂੰ ਵੀ ਮੇਰਾ ਮੋਹ ਨਾ ਰਿਹਾ ਹੋਵੇ। ਮੇਰੇ ਨਾਲੋਂ ਵੱਧ ਮੋਹ ਉਸਦਾ ਛੋਟੇ ਬੱਚਿਆਂ ਵਿੱਚ ਪੈ ਗਿਆ ਹੋਵੇ। ਨਾਲੇ ਉਹ

ਆਪਣੇ ਪਤੀ ਤੋਂ ਚੋਰੀਓਂ ਐਡੀ ਦੂਰ ਕਿਮੇਂ ਆ ਸਕਦੀ ਹੈ? ਮਾਂ! ਕੀ ਤੂੰ ਮੈਨੂੰ ਇੱਕ ਵਾਰ ਵੀ ਨੀ ਦੇਖਣਾ ਚਾਹੁੰਦੀ? ਇੱਕ ਵਾਰ ਤਾਂ ਦੇਖ ਲੈਂਦੀ ਮੇਰੀਏ ਮਾਏ। ਮੇਰੀ ਜਾਨ ਸੌਖੀ ਨਿਕਲ ਜਾਂਦੀ।'

'ਹਾ....ਏ! ਮਾਂ! ਇਹ ਆਪਣੀ ਜਿੰਦਗੀ ਕਿਹੋ-ਜਿਹੀ ਐ? ਇੱਕੋ ਦੇਸ਼ ਵਿੱਚ, ਇੱਕੋ ਪੰਜਾਬ ਵਿੱਚ ਪੁੱਤ ਨੂੰ ਮਾਂ ਨਹੀਂ ਮਿਲ ਸਕਦੀ। ਖ਼ੂਨ ਨੂੰ ਖ਼ੂਨ ਨਹੀਂ ਮਿਲ ਸਕਦਾ। ਆਪਣੀ ਇਹ ਹੋਣੀ ਕਿਉਂ ਹੈ? ਕੈਲੇ ਕੇ ਸਮਸ਼ੇਰ ਦੀ ਕਿਉਂ ਨਹੀਂ? ਨਾਜ਼ਰ ਕੇ ਕੋਚੀ ਦੀ ਕਿਉਂ ਨਹੀਂ? ਉਹ ਤਾਂ ਆਪਣੀਆਂ ਮਾਵਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾ ਰਹੇ ਨੇ। ਕੈਲੇ ਕਾ ਸਮਸ਼ੇਰ ਆਪਣੀ ਮਾਂ ਨੂੰ ਹਰ ਰੋਜ਼ ਵੇਖ ਸਕਦੈ। ਜੇ ਮੈਂ ਤੇਰੀ ਕਿਸੇ ਕੋਲ ਗੱਲ ਵੀ ਛੇੜ ਲਵਾਂ ਤਾਂ ਲੋਕ ਹੋਰੀਂ ਹੋਰੀਂ ਗੱਲਾਂ ਕਰਦੇ ਨੇ। ਏਸ ਡਰ ਦਾ ਮਾਰਿਆ ਮੈਂ ਤੇਰੀਆਂ ਕਿਸੇ ਨਾਲ ਗੱਲਾਂ ਵੀ ਨਹੀਂ ਕਰ ਸਕਦਾ। ਬੱਸ, ਆਪਣੇ ਮਨ ਨਾਲ ਕਰਦਾ ਹਾਂ।'

ਉਹ ਕਿੰਨੀ ਹੀ ਦੇਰ ਸਬਾਤ ਵਿੱਚ ਬੈਠਾ ਆਪਣੀ ਹੋਣੀ ਬਾਰੇ ਸੋਚਦਾ ਰਿਹਾ। ਫੇਰ ਉਹ ਸੋਟੀ ਦੇ ਸਹਾਰੇ ਹੌਲੀ ਹੌਲੀ ਤੁਰਦਾ ਬਰਾਂਡੇ ਵਿੱਚ ਆ ਗਿਆ। ਬਾਹਰ ਨਿਗ੍ਹਾ ਮਾਰੀ। ਖੱਲ-ਖੂੰਜਿਆਂ 'ਚੋਂ ਨਿਕਲਿਆ ਹਨ੍ਹੇਰਾ ਵਿਹੜੇ ਵਿੱਚ ਫੈਲ ਗਿਆ ਸੀ। ਮੀਂਹ ਹਟ ਗਿਆ ਸੀ ਪਰ ਬੱਦਲਵਾਈ ਨੇ ਅਜੇ ਵੀ ਅਸਮਾਨ ਢੱਕਿਆ ਹੋਇਆ ਸੀ। ਪੰਛੀ ਕਦੋਂ ਦੇ ਆਪਣੇ ਆਲ੍ਹਣਿਆਂ ਨੂੰ ਪਰਤ ਗਏ ਸਨ। ਰਾਜੂ ਅੰਦਰ ਆਇਆ। ਦੁਪਹਿਰੇ ਸਾਤੇ ਦੇ ਮੁੰਡੇ ਤੋਂ ਵਡਿਆ ਕੇ ਚੱਕੀ ਤੋਂ ਮੰਗਵਾਇਆ ਆਟੇ ਵਾਲਾ ਲਫ਼ਾਫ਼ਾ ਚੁੱਕ ਲਿਆ। ਥੋੜ੍ਹਾ ਜਿਹਾ ਆਟਾ ਪਰਾਂਤ ਵਿੱਚ ਪਾ ਕੇ ਗੁੰਨ ਲਿਆ। ਆਟਾ ਤਾਂ ਗੁੰਨ ਲਿਆ ਸੀ ਪਰ ਉਸਨੂੰ ਬਰਾਂਡੇ ਵਿਚਲੇ ਚੁੱਲ੍ਹੇ ਤੱਕ ਲੈ ਕੇ ਜਾਣ ਦੀ ਮੁਸ਼ਕਲ ਆ ਖੜ੍ਹੀ ਸੀ। ਪਹਿਲਾਂ ਤਾਂ ਉਸਨੇ ਪਰਾਂਤ ਖੱਬੀ ਬਾਂਹ ਉੱਪਰ ਟਿਕਾ ਕੇ ਤੁਰਨ ਦੀ ਕੋਸ਼ਿਸ਼ ਕੀਤੀ ਪਰ ਸੋਟੀ ਦੇ ਸਹਾਰੇ ਇਸ ਤਰ੍ਹਾਂ ਤੁਰਨਾ ਸਫਲ ਨਾ ਹੋਇਆ। ਉਸਨੇ ਪਰਾਤ ਹੇਠਾਂ ਰੱਖ ਦਿੱਤੀ ਤੇ ਆਪ ਸੋਟੀ ਦੇ ਸਹਾਰੇ ਕੋਡਾ ਹੋ ਕੇ ਪਰਾਤ ਰਿਸਕਾ ਕੇ ਅੱਗੇ ਕਰ ਦਿੱਤੀ। ਫਿਰ ਉਸਨੇ ਪਰਾਤ ਤੱਕ ਪੁਲਾਂਘ ਪੁੱਟੀ, ਪਰਾਤ ਦੇ ਉੱਪਰ ਝੁਕ ਕੇ ਪਰਾਤ ਹੋਰ ਅੱਗੇ ਰਿਸਕਾ ਦਿੱਤੀ। ਪਰਾਤ ਚੁੱਲ੍ਹੇ ਕੋਲ ਰੱਖ ਕੇ ਉਹ ਅੰਦਰੋਂ ਡੱਬੀ ਤੇ ਤਵਾ ਲੈ ਗਿਆ।

''ਹੈਂ! ਬਾਲਣ?'' ਉਹ ਤ੍ਰਬਕ ਗਿਆ ਜਿਵੇਂ ਕਿਸੇ ਨੇ ਰੋਟੀ ਦੀ ਬੁਰਕੀ ਉਸਦੇ ਮੂੰਹ ਕੋਲ ਲੈ ਜਾ ਕੇ ਵਾਪਸ ਖਿੱਚ ਲਈ ਹੋਵੇ। ਬਾਲਣ ਤਾਂ ਹੈ ਨਹੀਂ ਸੀ। ਬਾਲਣ ਬਿਨਾਂ ਅੱਗ ਕਿਵੇਂ ਬਲਦੀ। ਉਹ ਆਪਣੇ-ਆਪ 'ਤੇ ਖਿੱਝਿਆ, 'ਮੈਨੂੰ ਬਾਲਣ ਦਾ ਖ਼ਿਆਲ ਪਹਿਲਾਂ ਕਿਉਂ ਨਾ ਆਇਆ? ਹੁਣ ਕੀ ਹੋ ਸਕਦੈ!' ਉਹ ਕੁਝ ਸੋਚਦਾ ਅੰਦਰ ਆਇਆ। ਅਲਮਾਰੀ ਵਿੱਚੋਂ ਅਚਾਰ ਦੀ ਪੀਪੀ ਕੱਢੀ। ਮਿਰਚਾਂ ਦਾ ਅਚਾਰ ਸੁੱਕਿਆ ਪਿਆ ਸੀ। ਉਹ ਸੁੱਕੇ ਅਚਾਰ ਦੀ ਮੁੱਠੀ ਭਰਕੇ ਪਰਾਤ ਕੋਲ ਲੈ ਆਇਆ। ਮਿਰਚਾਂ ਨੂੰ ਬਰੀਕ ਬਰੀਕ ਤੋੜ ਕੇ ਆਟੇ ਵਿੱਚ ਗੁੰਨ੍ਹ ਲਿਆ। ਅੰਦਰੋਂ ਤੌੜੀ 'ਚੋਂ ਪਾਣੀ ਦਾ ਗਲਾਸ ਭਰ ਲਿਆਇਆ। 'ਤਿੱਪ ਤਿੱਪ' ਤਿਪਕਦੇ ਬਰਾਂਡੇ ਵਿੱਚ ਹੀ ਪਏ ਮੰਜੇ 'ਤੇ ਉਹ ਹੱਥਾਂ ਵਿੱਚ ਮਿਰਚਾਂ ਵਾਲਾ ਆਟਾ ਲਈ ਬੈਠ ਗਿਆ। ਪਹਿਲਾਂ ਤਾਂ ਉਹ ਕੁਝ ਚਿਰ ਹੱਥਾਂ 'ਚ ਫੜੇ ਆਟੇ ਨੂੰ ਕਿਸੇ ਅਦਭੁਤ ਚੀਜ਼ ਵਾਂਗ ਨਿਹਾਰਦਾ ਰਿਹਾ ਫਿਰ ਉਹ ਝਪੱਟ ਮਾਰਨ ਵਾਂਗ ਇੱਕੋ-ਦਮ ਕੱਚੇ ਆਟੇ ਦੀਆਂ ਦੋ-ਤਿੰਨ ਗਰਾਹੀਆਂ ਤੋੜ ਕੇ 'ਚਪਲ ਚਪਲ' ਕਰਦਾ ਖਾ ਗਿਆ। ਉਪਰੋਂ ਦੀ ਅੱਧਾ ਗਲਾਸ ਪਾਣੀ ਦਾ ਅੰਦਰ ਸੁੱਟ ਲਿਆ। ਜਦ ਆਟਾ ਗਲੋਂ ਹੇਠਾਂ ਉਤਰ ਗਿਆ ਤਾਂ ਉਸਨੇ ਚਾਰ-ਪੰਜ ਗਰਾਹੀਆਂ ਹੋਰ ਖਾ ਕੇ ਪਾਣੀ ਨਾਲ ਹੇਠਾਂ ਕਰ ਲਈਆਂ। ਬਾਕੀ ਬਚਦਾ ਆਟਾ ਉਸਨੇ ਵਿਹੜੇ ਵਿੱਚ ਵਗਾਹ ਮਾਰਿਆ।

ਵਿਹੜੇ ਵਿੱਚੋਂ ਉਸਦੀ ਮੱਲੋ-ਮੱਲੀ ਤਿਲਕਦੀ ਨਜ਼ਰ ਸਾਹਮਣੇ ਜੱਗੇ ਕੇ ਚੁਬਾਰੇ ਉਪਰ ਜਾ ਟਿਕੀ। ਰਾਣੀ ਕੋਠੇ 'ਤੇ ਖੜ੍ਹੀ ਰਾਜੂ ਨੂੰ ਕਹਿ ਰਹੀ ਸੀ, ''ਚਲ ਪਕਾ ਕੇ ਦੇਮਾਂ ਤਾਜੀਆਂ।''

ਉਸਨੇ ਸਿਰ ਛਟਕਿਆ, ਅੱਖਾਂ ਫਰਕਾਈਆਂ। ਜੱਗੇ ਕੇ ਚੁਬਾਰੇ 'ਤੇ ਕੋਈ ਨਹੀਂ ਸੀ। ਚੁਬਾਰੇ ਦੀ ਖਿੜਕੀ ਵੀ ਬੰਦ ਪਈ ਮੂੰਹ ਚਿੜਾ ਰਹੀ ਸੀ, ''ਹੈਂ! ਮੇਰੇ ਦਿਮਾਗ਼ ਨੂੰ ਕੀ ਹੋ ਗਿਆ? ਰਾਣੀ ਹੁਣੇ ਖੜ੍ਹੀ ਤੀ 'ਤੇ ਹੁਣੇ ਹੈ ਨਹੀਂ।''

''ਮੈਂ ਤਾਂ ਕਹਿਣੀ ਆਂ ਇਹ ਮਰ ਜਾਣ ਸਾਰੇ ਕੁੱਤੇ, ਜਿਨ੍ਹਾਂ ਨੇ ਮੇਰੇ ਰਾਜੂ ਨੂੰ....।'' ਰਾਣੀ ਦੇ ਬੋਲ ਰਾਜੂ ਦੇ ਕੰਨਾਂ ਵਿੱਚ ਗੂੰਜੇ।

''ਸਾਰੇ ਭਰਮ ਤੀ ਰਾਣੀ। ਕੋਈ ਨਹੀਂ ਮਰਿਆ। ਹੁਣ ਤਾਂ ਤੇਰੇ ਰਾਜੂ....!'' ਉਹ ਪਤਾ ਨਹੀਂ ਕੀ ਕੁਝ ਸੋਚਦਾ ਅੰਦਰ ਸਬਾਤ ਵਿੱਚ ਜਾ ਬੈਠਿਆ।

''ਹਾਏ.... ਮਾਂ.... ਤੂੰ

ਆਈ ਕਿਉਂ ਨਹੀਂ? ਇੱਕ ਵਾਰ ਆ ਜਾਂਦੀ। ਤੈਨੂੰ ਆਪਣੀਆਂ ਅੱਖਾਂ ਨਾਲ ਵੇਖ ਲੈਂਦਾ। ਤੇਰਾ ਮੋਹ ਭਰਿਆ ਹੱਥ ਇੱਕ ਵਾਰ ਮੇਰੇ ਸਿਰ 'ਤੇ ਫਿਰਦਾ, ਮੈਨੂੰ ਸਾਰੇ ਦੁੱਖ ਭੁੱਲ ਜਾਂਦੇ। ਤੇਰੀ ਗੋਦੀ 'ਚ ਸਿਰ ਧਰ ਕੇ ਮਰ ਜਾਂਦਾ। ਦੇਖ! ਤੇਰਾ ਰਾਜੂ ਜਿੰਦਗੀ ਮਗਰ ਕਿੰਨਾ ਭੱਜਿਆ ਹੈ ਪਰ ਉਸਨੇ ਉਂਗਲ ਨਹੀਂ ਫੜਾਈ ਮਾਂ....! ਹੂ.... ਹੁਣ ਤਾਂ ਮਾਂ.... ਮੈਂ ਥੱਕ ਗਿਆ। ਮਾਂ.... ਸਾਹ ਉਖੜ ਗਿਆ ਹੈ ਮੇਰਾ।''

''ਹੈਂ! ਤੂੰ ਆ ਗੀ ਮਾਂ? ਪਰ ਹੈਂ! ਆਹ ਕੀ ਮਾਂ? ਤੂੰ ਅੱਧੀ ਕਿਉਂ ਐਂ? ਤੇਰੀ ਇੱਕ ਲੱਤ, ਇੱਕ ਬਾਂਹ, ਇੱਕ ਅੱਖ ਕਿੱਥੇ ਐ?''

''ਹੈਂ.... ਕੀ ਕਿਹਾ? ਅੱਧੀ ਤੂੰ ਕੁਸਲੇ ਐ.... ਕੀ? ਅੱਧੀ ਬਿਹਾਰ? ਤੂੰ ਐਨੇ ਹਿੱਸਿਆਂ 'ਚ ਕਿਮੇਂ ਜਿਉਂਦੀ ਐ ਮੇਰੀ ਮਾਂ? ਚੰਗਾ ਲੈ ਫੇਰ ਮੈਨੂੰ ਗੋਦੀ 'ਚ ਲੈ।''

''ਕੀ ਕਿਹਾ.....? ਤੇਰੀ ਗੋਦੀ ਹੋਰ ਜਵਾਕ ਐ! ਹੁਣ ਤਾਂ ਮੇਰੀ ਗੋਦੀ ਜਵਾਕ ਹੋਣ ਦੀ ਰੁੱਤ ਤੀ ਮਾਂ!''

''ਮਾਂ ਤੂੰ ਇੱਕ ਘੜੀ ਰੁਕ ਤਾਂ ਸਹੀ। ਕੀ ਕਾਹਲੀ ਐ ਮਾਂ......!''

ਰਾਜੂ ਦੀ ਸੁਰਤ ਪਰਤ ਆਉਂਦੀ ਹੈ, ''ਹੈਂ ਮੇਰੇ ਦਿਮਾਗ਼ ਨੂੰ ਕੀ ਹੋ ਗਿਆ? ਮੈਨੂੰ ਇਸ ਤਰ੍ਹਾਂ ਖ਼ਿਆਲ ਕਿਉਂ ਆਈ ਜਾਂਦੇ ਨੇ! ਪਤਾ ਨਹੀਂ ਮੇਰਾ ਦਿਮਾਗ਼ ਸੌਂ ਗਿਆ ਤੀ ਜਾਂ ਨੀਂਦ ਆ ਗਈ ਤੀ। ਨਾਂਹ, ਨੀਂਦ ਤਾਂ ਨੀ ਆਈ ਤੀ।'' ਉਹ ਮੰਜੇ 'ਚੋ ਉੱਠ ਕੇ ਪੇਟੀ ਕੋਲ ਜਾ ਖੜ੍ਹਿਆ।

''ਮਾਂ ਮੈਨੂੰ ਪਤਾ ਹੈ ਤੂੰ ਹੁਣ ਕਦੇ ਨਹੀਂ ਆਉਣੀ...... ਕਦੇ ਨੀ...... ਜਮਾਂ ਨੀ......ਕਦੇ ਨੀ...... ਕਦੇ ਨੀ......!'' ਉਹ ਪੇਟੀ ਨਾਲ ਸਿਰ ਮਰਨ ਲੱਗ ਪਿਆ ਜਿਵੇਂ ਉਸ ਵਿੱਚ ਓਪਰੀ ਕਸਰ ਆ ਵੜੀ ਹੋਵੇ।

''ਮੈਂ ਲੰਗੜੀ ਜਿੰਦਗੀ ਕਿਮੇਂ ਜਿਉਵਾਂ ਓਏ ਲੋਕੋ..... ਓ........!'' ਉਸਦੇ ਅੰਦਰੋਂ ਲੇਰ ਨਿਕਲ ਗਈ। ਫਿਰ ਉਸਨੂੰ ਕੁਝ ਸੁੱਝਿਆ, ਉਸਨੇ ਤੌੜੀ ਵਿੱਚੋਂ ਪਾਣੀ ਦਾ ਗਲਾਸ ਭਰ ਕੇ ਪੇਟੀ ਉਪਰ ਲਿਆ ਰੱਖਿਆ। ਲਫ਼ਾਫ਼ੇ ਵਿੱਚੋਂ ਨੀਂਦ ਦੀਆਂ ਗੋਲੀਆਂ ਦੇ ਸਾਰੇ ਪੱਤੇ ਕੱਢ ਲਏ। ਇੱਕ ਇੱਕ ਕਰਕੇ ਪੱਤਿਆਂ ਵਿੱਚੋਂ ਸਾਰੀਆਂ ਗੋਲੀਆਂ ਕੱਢ ਕੇ ਆਪਣੀ ਮੁੱਠੀ ਵਿੱਚ ਭਰ ਲਈਆਂ। ਅੱਖਾਂ ਮੀਟ ਕੇ ਸਾਰੀਆਂ ਗੋਲੀਆਂ ਦਾ ਫੱਕਾ ਮਾਰ ਗਿਆ। ਪਾਣੀ ਨਾਲ ਗੋਲੀਆਂ ਸੰਘੋਂ ਹੇਠਾਂ ਕਰ ਲਈਆਂ।

ਉਹ ਦੁਬਾਰਾ ਮੰਜੇ ਉਪਰ ਆ ਪਿਆ ਜਿਵੇਂ ਆਪਣੇ ਹਿੱਸੇ ਦੇ ਸਾਰੇ ਕੰਮ ਨਿਬੇੜ ਕੇ ਸੁਰਖ਼ਰੂ ਹੋ ਗਿਆ ਹੋਵੇ। ਰੋਡੀ, ਰਾਣੀ, ਦੇਵਕੀ ਤੇ ਹੋਰ ਕਿੰਨੇ ਹੀ ਚਿਹਰੇ ਫਿਲਮ ਦੇ ਵੱਖ ਵੱਖ ਦ੍ਰਿਸ਼ਾਂ ਵਾਂਗ ਉਸਦੀਆਂ ਅੱਖਾਂ ਅੱਗੇ ਜਗਦੇ-ਬੁਝਦੇ ਰਹੇ। ਫਿਰ ਹੌਲੀ ਹੌਲੀ ਇਹ ਸਭ ਕੁਝ ਮੱਧਮ ਹੁੰਦਾ ਹੁੰਦਾ ਅਲੋਪ ਹੋ ਗਿਆ। ਬਾਹਰ ਗਲੀਆਂ ਦੇ ਕੁੱਤੇ ਭੌਂਕਣੋਂ ਹਟ ਗਏ। ਰਾਤ ਹੋਰ ਡੂੰਘੀ ਹੋ ਗਈ।

## 21

ਅੱਜ ਮੀਂਹ ਪੈਣਾ ਬੰਦ ਹੋ ਗਿਆ ਸੀ। ਸਵੇਰ ਤੋਂ ਹੀ ਅੰਗਾਰ ਵਾਂਗ ਤਪਦੇ ਸੂਰਜ ਨੇ ਗਰਮੀ ਦਾ ਕਹਿਰ ਵਰ੍ਹਾ ਰੱਖਿਆ ਸੀ। ਮੀਂਹ ਦਾ ਥਾਂ ਥਾਂ ਖੜ੍ਹਾ ਪਾਣੀ ਸੂਰਜ ਦੇ ਸੇਕ ਨਾਲ ਭੁੱਬਲ ਵਾਂਗ ਤਪ ਰਿਹਾ ਸੀ। ਹਵਾ ਰੁਮਕਣੀ ਬਿਲਕੁਲ ਬੰਦ ਸੀ। ਹੇਠੋਂ ਗਿੱਲੀ ਧਰਤੀ ਤੇ ਉਪਰੋਂ ਕੜਕਦੀ ਧੁੱਪ ਕਰਕੇ ਸਾਰਾ ਵਾਤਾਵਰਨ ਹੀ ਹੁੰਮਸ ਨਾਲ ਭਰ ਗਿਆ ਸੀ। ਪੰਛੀ ਗਰਮੀ ਤੋਂ ਹਾਰ ਮੰਨਦੇ ਦਰੱਖਤਾਂ ਦੀਆਂ ਟਾਹਣੀਆਂ 'ਤੇ ਜਾ ਬੈਠੇ ਸਨ।

ਦੇਵਕੀ ਗਰਮੀ ਨਾਲ ਅੱਕਲਕਾਣ ਹੋਈ ਬਠਿੰਡੇ ਬੱਸ ਵਿੱਚ ਬੈਠੀ ਸੀ। ਮੁੜ੍ਹਕੇ ਨਾਲ ਭਿੱਜੀ ਉਸਦੀ ਕੁੜਤੀ ਪਿੰਡੇ ਨਾਲ ਚਿਪਕੀ ਪਈ ਸੀ। ਮੱਥੇ ਵਿੱਚੋਂ ਮੁੜ੍ਹਕਾ ਪਾਣੀ ਵਾਂਗ ਚੋ ਰਿਹਾ ਸੀ। ਚਾਹੇ ਬੱਸ ਦੇ ਸ਼ੀਸ਼ੇ ਖੁੱਲ੍ਹੇ ਸਨ ਫਿਰ ਵੀ 'ਪੱਥਰ ਤੇ ਬੂੰਦ ਪਈ ਜਿਹੀ ਨਾ ਪਈ' ਵਾਂਗ ਗਰਮੀ ਨਾਲ ਬੁਰਾ ਹਾਲ ਸੀ। ਸਵਾਰੀਆਂ ਚੁੰਨੀਆਂ, ਪਰਨਿਆਂ ਤੇ ਰੁਮਾਲਾਂ ਨਾਲ ਸਰੀਰਾਂ ਨੂੰ ਝੱਲ ਮਾਰਦੀਆਂ

ਗਰਮੀ ਨੂੰ ਪਰ੍ਹਾਂ ਧੱਕਣ ਦੀ ਅਸਫ਼ਲ ਕੋਸ਼ਿਸ਼ ਵਿੱਚ ਜੁਟੀਆਂ ਸਨ। ਬੱਚਿਆਂ ਦੀਆਂ ਚੀਕਾਂ ਨੇ ਮਾਵਾਂ ਨੂੰ ਖ਼ੁਦ ਰੋਣ-ਹੱਕੀਆਂ ਕਰ ਰੱਖਿਆ ਸੀ।

''ਵੇ ਭਾਈ ਤੋਰ ਲੈ ਹੁਣ ਕੀ ਵਖਸਾਏਂਗਾ!'' ਕਿਸੇ ਬੁੱਢੀ ਦੀ ਤਰਲਾ ਲੈਣ ਵਰਗੀ ਅਵਾਜ਼ ਆਈ ਪਰ ਕੰਡਕਟਰ ਅਜੇ ਵੀ ਬੱਸ ਨੂੰ ਤੂੜ ਤੂੜ ਭਰ ਰਿਹਾ ਸੀ। ਬਾਹਰ ਦਾ ਰੌਲਾ, ਬੱਸਾਂ ਦੇ ਹਾਰਨ, ਕੰਡਕਟਰਾਂ ਅਤੇ ਅੱਡਾ ਇੰਨਚਾਰਜਾਂ ਦੇ ਮਾਰੇ ਜਾ ਰਹੇ ਬੋਲ ਦੇਵਕੀ ਨੂੰ ਚੀਕਾਂ ਵਾਂਗ ਹੀ ਲੱਗ ਰਹੇ ਸਨ। ਜਦੋਂ ਬੱਸ ਤੁਰੀ ਤਾਂ ਸਾਰਿਆਂ ਨੇ ਸੁੱਖ ਦਾ ਸਾਹ ਲਿਆ। ਬੱਸ ਬਠਿੰਡੇ ਅੰਦਰਲੀਆਂ ਸੜਕਾਂ ਕੱਛਦੀ ਜੀ. ਟੀ. ਰੋਡ ਉੱਤੇ ਆ ਚੜ੍ਹੀ।

ਬੱਸ ਜੀ. ਟੀ. ਰੋਡ ਉੱਤੇ ਸਰਪੱਟ ਦੌੜੀ ਜਾ ਰਹੀ ਸੀ ਪਰ ਦੇਵਕੀ ਨੂੰ ਉਸਦੀ ਚਾਲ ਅਜੇ ਵੀ ਹੌਲੀ ਲੱਗ ਰਹੀ ਸੀ। ਜਿੰਨਾ ਦੇਵਕੀ ਦਾ ਜੀਅ ਕਾਹਲਾ ਸੀ ਬੱਸ ਉਸਤੋਂ ਕਿਤੇ ਜ਼ਿਆਦਾ ਹੌਲੀ ਸੀ। ਦੇਵਕੀ ਤਾਂ ਬੱਸ ਪੰਛੀਆਂ ਵਾਂਗ ਉਡਾਰੀ ਮਾਰ ਕੇ ਗੰਗੜਪੁਰ ਪਹੁੰਚਣਾ ਚਾਹੁੰਦੀ ਸੀ। ਉਸਨੂੰ ਹੋਰ ਸਬਰ ਕਰਨਾ ਔਖਾ ਸੀ। ਉਸਦਾ ਕਾਹਲੇ ਪੈਂਦਾ ਮਨ ਰਾਜੂ ਨੂੰ ਛੇਤੀ ਵੇਖ ਲੈਣਾ ਚਾਹੁੰਦਾ ਸੀ। ਰਾਜੂ ਦੇ ਸੱਟ ਲੱਗ ਜਾਣ ਦੀ ਗੱਲ ਨੇ ਤਾਂ ਉਸ ਅੰਦਰ ਹੋਰ ਵੀ ਕਾਹਲਾਪਣ ਲੈ ਆਂਦਾ ਸੀ ਪਰ ਕਾਲੇ ਦੀ ਕਹੀ ਗੱਲ ''ਸੱਟ ਕੋਈ ਬਹੁਤੀ ਨਹੀਂ। ਬੱਸ ਇੱਕ ਲੱਤ 'ਤੇ ਪਲੱਸਤਰ ਐ। ਊਂ ਤੁਰਦਾ ਫਿਰਦੈ।'' ਉਸਨੂੰ ਢਾਰਸ ਦੇ ਜਾਂਦੀ ਸੀ।

''ਹਾਂ ਭਾਈ ਟਿਕਟ?'' ਮਰੂ ਜਿਹਾ ਕੰਡਕਟਰ ਦੇਵਕੀ ਉਪਰ ਝੁਕਿਆ ਖੜ੍ਹਾ ਸੀ।

''ਹੈਂ? ਹਾਂ! ਏਕ ਮਾਨਸਾ ਕੇਚੀਆਂ।'' ਦੇਵਕੀ ਦੀ ਸੁਰਤ ਪਰਤੀ ਸੀ ਤਾਂ ਉਸਨੇ ਕਾਹਲੀ ਨਾਲ ਲਫ਼ਾਫ਼ੇ ਦੀ ਤਹਿ 'ਚੋਂ ਰੁਪਏ ਕੱਢ ਕੇ ਕੰਡਕਟਰ ਵੱਲ ਵਧਾ ਦਿੱਤੇ ਸਨ। ਟਿਕਟ ਲੈ ਕੇ ਉਸਦੀ ਸੁਰਤ ਫਿਰ ਕਿਧਰੇ ਗੁਆਚ ਗਈ ਸੀ।

ਕਾਲੇ ਨੂੰ ਅੱਜ ਹੀ ਸੁਨੇਹਾ ਲਾਉਣ ਦਾ ਮੌਕਾ ਮਿਲਿਆ ਸੀ। ਉਹ ਪਹਿਲਾਂ ਵੀ ਕਈ ਦਿਨ ਸੁਨੇਹਾ ਲਾਉਣ ਦੀ ਤਾਕ ਵਿੱਚ ਫਿਰਦਾ ਰਿਹਾ ਸੀ ਪਰ ਦੇਵਕੀ ਦਾ ਘਰਵਾਲਾ ਕਰਨੈਲ ਘਰ ਹੋਣ ਕਰਕੇ ਉਹ ਸਫ਼ਲ ਨਹੀਂ ਸੀ ਹੋਇਆ। ਕਰਨੈਲ ਵਾਢ ਦਾ ਕੰਮ ਕਰਦਾ ਸੀ। ਕੰਮ ਦੇ ਜ਼ੋਰ ਵਿੱਚ ਉਹ ਕਈ ਕਈ ਦਿਨ ਘਰ ਨਾ ਵੜਦਾ। ਜਦੋਂ ਵਾਢ ਦਾ ਮੰਦਾ ਚਲਦਾ ਤਾਂ ਉਹ ਵੀ ਘਰ ਹੀ ਰਹਿੰਦਾ। ਜੱਟ ਦਾ ਪੁੱਤ ਹੋਣ ਕਰਕੇ ਉਹ ਪਿੰਡ 'ਚ ਦਿਹਾੜੀ ਨਹੀਂ ਸੀ ਕਰਦਾ। ਜੇ ਕੋਈ ਬਹੁਤਾ ਨੇੜਲਾ ਆ ਜ਼ੋਰ ਪਾਉਂਦਾ ਤਾਂ ਉਹ ਉਸ ਨਾਲ ਜ਼ਰੂਰ ਚਲਾ ਜਾਂਦਾ। ਹਾੜ੍ਹੀ ਵੇਲੇ ਵੀ ਉਹ ਇੱਕ ਘਰ ਨਾਲ ਹੀ ਵਾਢੀ ਕਰਵਾਉਂਦਾ। ਉਨ੍ਹਾਂ ਰੁਪਈਆਂ ਦੀ ਹੀ ਉਹ ਅਗਲੇ ਤੋਂ ਕਣਕ ਤੇ ਤੂੜੀ ਲੈ ਲੈਂਦਾ। ਆਪਣੀ ਜ਼ਮੀਨ ਤਾਂ ਉਹ ਠੇਕੇ 'ਤੇ ਹੀ ਦੇ ਦਿੰਦਾ। ਬੱਸ ਮੱਝਾਂ ਦੇ ਕੱਖ-ਕੰਡੇ ਲਈ ਥੋੜ੍ਹਾ ਜਿਹਾ ਵਾਹਣ ਰੱਖ ਲੈਂਦਾ। ਇੱਕ ਕਿੱਲਾ ਤਾਂ ਪਹਿਲਾਂ ਹੀ ਵੱਡੇ ਮੁੰਡੇ ਦੇ ਦਿਮਾਗ਼ੀ ਉਪਰੇਸ਼ਨ ਦੇ ਮੂੰਹ ਜਾ ਪਿਆ ਸੀ। ਬਾਕੀ ਬਚਦੀ ਏਨੀ ਥੋੜ੍ਹੀ ਜ਼ਮੀਨ 'ਤੇ ਖੇਤੀ ਕਰਨ ਲਈ ਵੱਡਾ ਢਾਣਸ ਕਰਨਾ ਉਸਦੇ ਵਸ ਦੀ ਗੱਲ ਨਹੀਂ ਸੀ। ਚਾਹੇ ਉਹ ਦਿਨ-ਰਾਤ ਕੰਮ ਵਿੱਚ ਜੁਟਿਆ ਰਹਿੰਦਾ ਸੀ ਪਰ ਅਜੇ ਵੀ ਕਬੀਲਦਾਰੀ ਦੀ ਤੰਦ ਪਾਰੇ ਵਾਂਗ ਪਰ੍ਹਾਂ ਪਰ੍ਹਾਂ ਨੂੰ ਭੱਜੀ ਫਿਰਦੀ ਰਹਿੰਦੀ ਸੀ। ਤਿੰਨੇ ਬੱਚਿਆਂ ਦੀ ਪੜ੍ਹਾਈ, ਕੱਪੜਾ-ਲੀੜਾ ਤੇ ਬਿਮਾਰੀ-ਠਿਮਾਰੀ ਹੀ ਸਿਰ ਨਹੀਂ ਸੀ ਚੁੱਕਣ ਦਿੰਦੀ। ਫਿਰ ਵੀ ਦੋਵੇਂ ਜੀਅ ਔਖੇ-ਸੌਖੇ ਜ਼ਿੰਦਗੀ ਨਾਲ ਧੂ-ਘੜੀਸ ਕਰੀ ਜਾ ਰਹੇ ਸਨ।

ਕੱਲ੍ਹ ਸ਼ਾਮ ਨੂੰ ਕਰਨੈਲ ਕਈ ਦਿਨਾਂ ਲਈ ਵਾਢ 'ਤੇ ਚਲਾ ਗਿਆ ਸੀ। ਅੱਜ ਸਵੇਰੇ ਜਦੋਂ ਕਾਲੇ ਨੂੰ ਕਰਨੈਲ ਘਰ ਨਾ ਦਿਸਿਆ ਤਾਂ ਉਸਨੇ ਦੇਵਕੀ ਨੂੰ ਰਾਜੂ ਵਾਲਾ ਸੁਨੇਹਾ ਲਾ ਦਿੱਤਾ ਸੀ। ਸੁਣ ਕੇ ਦੇਵਕੀ ਆਪਣੇ-ਆਪ ਵਿੱਚ ਹੀ ਉਲਝ ਗਈ ਸੀ। ਚੱਕਰਵਿਊ ਵਿੱਚ ਫਸੀ ਨੂੰ ਉਸਨੂੰ ਕੁਝ ਨਹੀਂ ਸੀ ਸੁੱਝ ਰਿਹਾ, ਉਹ ਖ਼ੁਸ਼ ਹੋਵੇ ਜਾਂ ਰੋਵੇ? ਹੁਣ ਤਾਂ ਉਸਨੇ ਨਵੀਂ ਜ਼ਿੰਦਗੀ ਸ਼ੁਰੂ ਕਰ ਲਈ ਸੀ। ਪੁਰਾਣੀਆਂ ਯਾਦਾਂ ਧੁੰਦਲੀਆਂ ਪੈ ਗਈਆਂ ਸਨ। ਉਸਦੀ ਕੁੱਖੋਂ ਤਿੰਨ ਹੋਰ ਬੱਚਿਆਂ ਨੇ ਜਨਮ ਲੈ ਲਿਆ ਸੀ। ਹੁਣ ਜਦੋਂ ਉਹ ਕਿੰਨੇ ਹੀ ਸਾਲਾਂ ਦੀਆਂ ਹੱਦਾਂ ਲੰਘ ਆਈ ਸੀ ਤਾਂ ਉਸਨੂੰ ਪਿਛਲੀ ਜ਼ਿੰਦਗੀ ਨੇ ਫਿਰ ਅਵਾਜ਼ ਮਾਰ ਲਈ ਸੀ। ਜੇ ਉਹ ਚਾਹੁੰਦੀ ਤਾਂ ਨਵੀਂ ਜ਼ਿੰਦਗੀ 'ਚ ਤਰੇੜਾਂ ਆ ਜਾਣ ਦੇ ਡਰੋਂ ਉਹ ਪੁਰਾਣੀ ਜ਼ਿੰਦਗੀ ਨੂੰ 'ਚੱਲ ਪਰ੍ਹਾਂ' ਕਹਿ ਸਕਦੀ ਸੀ। ਪਰ ਉਹ ਆਪਣੇ ਪਹਿਲ-ਪਲੇਠੀ ਦੇ ਪੁੱਤਰ ਨੂੰ, ਪਹਿਲੀਆਂ ਜੰਮਣ ਪੀੜਾਂ ਨੂੰ ਕਿਵੇਂ ਭੁੱਲ ਸਕਦੀ ਸੀ। ਉਸਦੇ ਜਿਗਰ ਦੇ ਟੋਟੇ ਨੇ ਉਸਨੂੰ

ਪੁਕਾਰਿਆ ਸੀ। ਉਹ ਕਾਲੇ ਤੋਂ ਰਸਤਾ ਪੁੱਛ ਕੇ, ਮਮਤਾ ਦੀ ਖਿੱਚ ਨਾਲ ਭਰੀ, ਸਾਰੀਆਂ ਗੱਲਾਂ ਵਿਸਾਰ ਕੇ ਚੁੰਨੀ ਚੁੱਕ ਅੱਡੇ ਤੋਂ ਬੱਸ ਚੜ੍ਹ ਗਈ ਸੀ।

ਜਦ ਉਹ ਮਾਨਸਾ ਕੈਂਚੀਆਂ ਉਤਰੀ ਤਾਂ ਉਸਨੂੰ ਸਿੱਧੀ ਚੀਮਿਆਂ ਵਾਲੀ ਬੱਸ ਮਿਲ ਗਈ। ਸੀਟ 'ਤੇ ਬੈਠਦਿਆਂ ਸੋਚਾਂ ਦੇ ਘੋੜੇ ਫਿਰ ਦੌੜਨ ਲੱਗ ਪਏ, 'ਪਤਾ ਨਹੀਂ ਰਾਜੂ ਹੁਣ ਕਿੰਨਾ ਵੱਡਾ ਹੋ ਗਿਆ ਹੋਵੇਗਾ? ਵਿਆਹ ਪਤਾ ਨਹੀਂ ਕਰਵਾਇਆ ਹੋਊ ਜਾਂ ਨਾ? ਪਾਣੀ ਕਿਸਨੇ ਵਾਰਿਆ ਹੋਊ? ਕੀ ਪਤੈ ਕਿਸੇ ਨੇ ਰਿਸ਼ਤਾ ਨਾ ਕੀਤਾ ਹੋਵੇ, ਮੁੱਲ ਲੈ ਆਇਆ ਹੋਵੇ....। ....ਹੁਣ ਤਾਂ ਮੈਂ ਕਿੰਨੀ ਬੁੜ੍ਹੀ ਹੋ ਗਈ। ਮੈਨੂੰ ਪਹਿਚਾਣੂ ਪਤਾ ਨੀ ਨਾ?' ਫਿਰ ਉਸਨੇ ਸਖਤੀ ਨਾਲ ਆਪਣਾ ਫ਼ੈਸਲਾ ਆਪ ਹੀ ਬਦਲ ਦਿੱਤਾ, 'ਊ ਪਹਿਚਾਣੂ ਕਿਮੇਂ ਨੀ। ਪੁੱਤਾਂ ਨੂੰ ਮਾਵਾਂ ਕਦੇ ਭੁੱਲਦੀਆਂ ਨੇ। ਫੇਰ ਵੀ ਮੇਰੀ ਕੁੱਖੋਂ ਜੰਮਿਐ।' ਉਸਨੇ ਮਨ ਹੀ ਮਨ ਆਪਣੀ ਕੁੱਖ ਦਾ ਹੱਕ ਜਤਾਇਆ। ਫੇਰ ਉਹ ਸਿੱਦੂ ਬਾਰੇ, ਰੋਹੀ ਬਾਰੇ, ਉਨ੍ਹਾਂ ਦੀ ਸ਼ਰਾਬ ਬਾਰੇ, ਪਿੰਡ ਬਾਰੇ ਕਿੰਨਾ ਹੀ ਕੁਝ ਸੋਚਦੀ ਆਈ।

''ਚਲੋ ਭਾਈ ਚੀਮਿਆਂ ਆਲੇ।'' ਕੰਡਕਟਰ ਦੀ ਅਵਾਜ਼ ਜਦ ਦੇਵਕੀ ਨੂੰ ਸੁਣੀ ਤਾਂ ਉਹ ਤ੍ਰਬਕ ਕੇ ਉੱਠੀ। ਛੇਤੀ ਛੇਤੀ ਬੱਸ 'ਚੋਂ ਹੇਠਾਂ ਉਤਰ ਗਈ। ਨਿਸ਼ਾਨਦੇਹੀ ਕਰਨ ਵਾਲਿਆਂ ਵਾਂਗ ਮੱਥੇ 'ਤੇ ਹੱਥ ਰੱਖ ਕੇ, ਚੁੰਨੀਆਂ ਅੱਖਾਂ ਵਿੱਚੋਂ ਦੀ ਇਧਰ-ਉਧਰ ਵੇਖਿਆ, ਚੀਮਾਂ ਕਿੰਨਾ ਬਦਲ ਗਿਆ ਸੀ। ਹੋਰ ਨਵੀਆਂ ਦੁਕਾਨਾਂ ਪੈ ਗਈਆਂ ਸਨ। ਸੜਕ ਪਹਿਲਾਂ ਨਾਲੋਂ ਤਿੱਗਣੀ ਚੌੜੀ ਕਰ ਦਿੱਤੀ ਸੀ। ਕਦੇ ਇਸੇ ਅੱਡੇ ਤੋਂ ਉਸਦੀ ਜ਼ਿੰਦਗੀ ਪਲਟਾ ਖਾ ਗਈ ਸੀ। ਉਹ ਇਥੇ ਹੀ ਰਾਜੂ ਨੂੰ ਲੱਭਦੀ ਲੱਭਦੀ ਆਪ ਗੁਆਚ ਗਈ ਸੀ। ਸਮੇਂ ਦੀ ਮਾਰ ਨਾਲ ਧੁੰਦਲੇ ਹੋਏ ਯਾਦਾਂ ਦੇ ਦ੍ਰਿਸ਼ ਇੱਕ ਵਾਰ ਫਿਰ ਉਸਦੀਆਂ ਅੱਖਾਂ ਅੱਗੋਂ ਗੁਜ਼ਰ ਗਏ। ਉਹ ਹੋਈਆਂ ਬੀਤੀਆਂ ਨੂੰ ਦਿਮਾਗ਼ ਵਿੱਚੋਂ ਛੰਡਦੀ, ਰੱਬ ਦਾ ਭਾਣਾ ਮੰਨ ਕੇ ਗੰਗੜਪੁਰ ਨੂੰ ਜਾਣ ਵਾਲੀ ਬੱਸ ਵਿੱਚ ਜਾ ਬੈਠੀ।

ਬੱਸ ਜਦੋਂ ਗੰਗੜਪੁਰ ਪਹੁੰਚਦੀ ਸਿਵਿਆਂ ਕੋਲੋਂ ਲੰਘੀ ਤਾਂ ਸਿਵਿਆਂ 'ਚ ਇਕੱਠੇ ਹੋਏ ਲੋਕ ਵੇਖ ਕੇ ਮਾੜੇ ਸੌਣ ਵਜੋਂ ਦੇਵਕੀ ਨੇ ਮਨ 'ਚ ਸੌ ਦੇਵੀ ਦੇਵਤਿਆਂ ਨੂੰ ਧਿਆਇਆ। ਗੁਰਦੁਆਰੇ ਕੋਲੋਂ ਲੰਘਣ ਸਮੇਂ ਦੋਵੇਂ ਹੱਥ ਜੋੜ ਕੇ ਸਤਿਕਾਰ ਵਿੱਚ ਸਿਰ ਝੁਕਾਇਆ।

ਚੱਕੜੀ ਵਾਲੇ ਅੱਡੇ 'ਤੇ ਉਤਰ ਕੇ ਉਹ ਖ਼ੈਰ ਪਵਾਉਣ ਵਾਲਿਆਂ ਵਾਂਗ ਆਪਣੇ ਘਰ ਦੇ ਬਾਰ ਅੱਗੇ ਜਾ ਖੜ੍ਹੀ। ਘਰ ਦੇ ਅੰਦਰ ਚਿੱਟੀਆਂ ਪੱਲੀਆਂ ਵਿਛੀਆਂ ਵੇਖ ਕੇ ਉਸਦੇ ਅੰਦਰੋਂ ਰੁੱਗ ਭਰਿਆ ਗਿਆ। ਉਸਨੇ ਘਰ ਦੇ ਵਿਹੜੇ ਵਿੱਚ ਨਿਗ੍ਹਾ ਮਾਰੀ... ਸਿੱਦੂ, ਰੋਹੀ ਤੇ ਰਾਜੂ 'ਚੋਂ ਉਸਨੂੰ ਕੋਈ ਨਾ ਚਮਕਿਆ। ਪੱਲੀਆਂ ਉਪਰ ਨਾਜ਼ਰ ਦਾ ਮੁੰਡਾ ਕੋਚੀ ਅਤੇ ਇੱਕ ਕੋਈ ਚਾਲੀ ਕੁ ਸਾਲ ਦਾ ਹੋਰ ਆਦਮੀ ਬੈਠਾ ਸੀ। ਦੇਵਕੀ ਨੂੰ ਬਾਰ ਵਿੱਚ ਡੌਰ-ਭੌਰ ਹੋਈ ਖੜ੍ਹੀ ਵੇਖ ਕੇ ਉਹ ਹੈਰਾਨ ਹੋਏ ਉਸ ਕੋਲ ਆ ਖੜ੍ਹੇ।

''ਇਹ ਕੀ ਹੋ ਗਿਆ?'' ਦੇਵਕੀ ਨੇ ਧੜਕਦੇ ਦਿਲ ਨਾਲ ਪੁੱਛ ਹੀ ਲਿਆ।

''ਰਾਜੂ ਪੂਰਾ ਹੋ ਗਿਆ।'' ਕੋਚੀ ਦੇਵਕੀ ਵੱਲ ਹੈਰਾਨ ਜਿਹੀਆਂ ਅੱਖਾਂ ਨਾਲ ਵੇਖਦਾ ਕਹਿ ਗਿਆ।

''ਕੀ....?.....?'' ਕੋਚੀ ਦੇ ਬੋਲ ਦੇਵਕੀ ਦੇ ਕਾਲਜੇ ਵਿੱਚ ਜ਼ਹਿਰੀਲੇ ਤੀਰ ਵਾਂਗ ਖੁਭ ਗਏ। ਉਸਦਾ ਦਿਮਾਗ਼ ਚਕਰਾ ਗਿਆ। ਸੁਰਤ ਗੁਆਚ ਗਈ। ਫਿਰ ਉਹ ਸੰਭਲੀ ਤੇ ਸਿਰ-ਮੁਧ ਸਿਵਿਆਂ ਨੂੰ ਭੱਜ ਲਈ। ਉਸਦੀ ਆਸ 'ਰਾਜੂ ਪੂਰਾ ਹੋ ਗਿਆ' ਸੁਣ ਕੇ ਮਿਲਣ ਤੋਂ ਤਿਲਕਦੀ, ਉਸਦਾ ਅਖ਼ੀਰੀ ਵਾਰ ਮੂੰਹ ਵੇਖ ਲੈਣ 'ਤੇ ਆ ਅਟਕੀ ਸੀ। ਉਹ ਸਿਵਿਆਂ ਨੂੰ ਪਾਗ਼ਲਾਂ ਵਾਂਗ ਭੱਜੀ ਜਾ ਰਹੀ ਸੀ ਤਾਂ ਕਿ ਚਿਤਾ ਨੂੰ ਅੱਗ ਲਾਉਣ ਤੋਂ ਪਹਿਲਾਂ ਇੱਕ ਵਾਰ ਆਪਣੇ ਰਾਜੂ ਦਾ ਮੂੰਹ ਵੇਖ ਲਏ। ਉਸਨੂੰ ਕੋਈ ਸੁਰਤ ਨਹੀਂ ਸੀ, ਉਸਦੇ ਪੈਰੀਂ ਪਾਈਆਂ ਚੱਪਲਾਂ ਕਿੱਥੇ ਰਹਿ ਗਈਆਂ? ਸਿਰ ਦੀ ਚੁੰਨੀ ਕਿੱਧਰ ਉੱਡ ਗਈ? ਰਾਹ ਵਿੱਚ ਮਿਲਦੇ ਲੋਕ ਇਸ ਤਰ੍ਹਾਂ ਭੱਜੀ ਜਾਂਦੀ ਦੇਵਕੀ ਨੂੰ ਵੇਖ ਕੇ ਹੈਰਾਨ ਸਨ। ਭੱਜੀ ਆਉਂਦੀ ਦੇਵਕੀ ਨੇ ਵੇਖਿਆ, ਸਿਵਿਆਂ ਵਿੱਚੋਂ ਅੱਗ ਦੀਆਂ ਲਾਟਾਂ ਉੱਚੀਆਂ ਉੱਠ ਖੜ੍ਹੀਆਂ ਸਨ। ਉਹ ਤਰੀੜ ਵੱਟ ਕੇ ਹੋਰ ਜ਼ੋਰ ਨਾਲ ਦੌੜੀ। ਸਿਵਿਆਂ ਤੱਕ ਜਾਂਦੀ ਦੇਵਕੀ ਦੇ ਵਾਲ ਖੁੱਲ੍ਹ ਗਏ। ਸਾਹ ਉਖੜ ਗਿਆ। ਪੱਟ ਫੁੱਲ ਗਏ। ਉਹ ਹਫੋਂ ਟੁੱਟ ਕੇ ਸਿਵਿਆਂ ਕੋਲ ਜਾ ਡਿੱਗੀ। ਉਸਦੀ ਸੁਰਤੀ ਗੁੰਮ ਗਈ ਸੀ। ਜਦੋਂ ਉਹ ਡਿੱਗੀ ਪਈ ਸੁਰਤ ਸਿਰ ਆਈ, ਅੱਖਾਂ ਪੁੱਟ ਕੇ ਵੇਖਿਆ ਉਸਦੇ ਆਲੇ-ਦੁਆਲੇ ਬੰਦੇ ਬੁੜ੍ਹੀਆਂ ਇਕੱਠੇ ਹੋਏ ਖੜ੍ਹੇ ਸਨ। ਕਈਆਂ ਨੇ ਦੇਵਕੀ ਨੂੰ ਪਹਿਚਾਣ ਵੀ ਲਿਆ ਸੀ। ਉਹ ਇਸ ਤਰ੍ਹਾਂ ਦੇਵਕੀ ਦੇ ਆ ਜਾਣ 'ਤੇ ਹੈਰਾਨ ਖੜ੍ਹੇ ਵੇਖ ਰਹੇ ਸਨ।

''ਹਾਏ....! ਮੇਰਾ ਰਾਜੂ.... ਮੈਨੂੰ ਮੂੰਹ ਦੇਖ ਲੇਨ ਦੋ....!'' ਉਹ ਉੱਠ ਕੇ ਫਿਰ ਸਿਵਿਆਂ ਵੱਲ ਭੱਜਣ ਲਈ ਅਹੁਲੀ ਪਰ ਬੁੜ੍ਹੀਆਂ ਨੇ ਉਸਨੂੰ ਬਾਹੋਂ ਫੜ ਲਿਆ।

''ਸੁਰਤ ਕਰ ਦੇਵਕੀ! ਤੇਰੇ ਕਰਮਾਂ 'ਚ ਮੂੰਹ ਦੇਖਣਾ ਨੀ ਲਿਖਿਆ ਤੀ!'' ਸਾਤੇ ਦੀ ਘਰ ਵਾਲੀ ਨੇ ਦੇਵਕੀ ਨੂੰ ਝੰਜੋੜਿਆ।

''ਹਾਏ! ਮੈਨੂੰ ਰਾਜੂ ਦੇ ਨਾਲ ਜਲਨੇ ਦਿਓ....... ਮੇਰਾ ਰਾਜੂ..... ਹਾਏ!'' ਸਿਵਿਆਂ ਵਿੱਚ ਬਲਦੀਆਂ ਲਾਟਾਂ ਵੇਖ ਕੇ ਉਸਨੇ ਬੁੜੀਆਂ ਤੋਂ ਬਾਂਹਵਾਂ ਛੁਡਾਉਣ ਦੀ ਫਿਰ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੇ ਦੇਵਕੀ ਨੂੰ ਫੜੀ ਰੱਖਿਆ।

''ਭਾਈ ਇਹਨੂੰ ਘਰੇ ਲੈਜੋ ਹੁਣ। ਇਥੇ ਸਹੁਰੀ ਹੋਰ ਨਾ ਸਿਵੇ ਨੂੰ ਦੇਖ ਦੇਖ ਦਿਮਾਗ਼ ਹਿਲਾ ਲਏ।'' ਨਾਜ਼ਰ ਨੇ ਸਾਤੇ ਦੀ ਬਹੂ ਨੂੰ ਸਮਝਾਇਆ।

ਬੁੜ੍ਹੀਆਂ ਨੇ ਦੇਵਕੀ ਨੂੰ ਬਾਹੋਂ ਫੜ ਕੇ ਘਰ ਵੱਲ ਤੋਰ ਲਿਆ। ਉਹ ਪਾਗਲਾਂ ਵਾਂਗ ਸੁਰਤ ਗਵਾਈਂ ਰੋਂਦੀ-ਪਿੱਟਦੀ ਬੁੜੀਆਂ ਦੇ ਹੱਥਾਂ 'ਚੋਂ ਨਿਕਲ ਨਿਕਲ ਜਾਂਦੀ ਸੀ।

ਚਾਹੇ ਏਨੇ ਲੰਬੇ ਸਮੇਂ ਨੇ ਦੇਵਕੀ ਦੇ ਚਿਹਰੇ 'ਤੇ ਆਪਣੀਆਂ ਨਿਸ਼ਾਨੀਆਂ ਉਕਰ ਦਿੱਤੀਆਂ ਸਨ। ਚਿਹਰੇ 'ਤੇ ਝੁਰੜੀਆਂ ਪੈਣੀਆਂ ਸ਼ੁਰੂ ਹੋ ਗਈਆਂ ਸਨ। ਵਾਲ ਅੱਧਿਓਂ ਵੱਧ ਚਿੱਟੇ ਹੋ ਗਏ ਸਨ। ਦੇਹ ਪਹਿਲਾਂ ਨਾਲੋਂ ਕੁਝ ਭਾਰੀ ਹੋ ਗਈ ਸੀ, ਫਿਰ ਵੀ ਬਹੁਤਿਆਂ ਨੇ ਉਸਨੂੰ ਪਹਿਲੀ ਵਾਰ 'ਚ ਹੀ ਪਹਿਚਾਣ ਲਿਆ ਸੀ। ਬਾਕੀ ਰਹਿੰਦੇ ਉਸਦੇ ਬੋਲਣ ਤੋਂ ਪਹਿਚਾਣ ਗਏ ਸਨ। ਬੁੜੀਆਂ ਨੇ ਉਸਨੂੰ ਘਰ ਲਿਆਂਦਾ। ਸੱਥਰ 'ਤੇ ਬੈਠੀ ਦੇਵਕੀ ਦੇ ਮੂੰਹ ਨੂੰ ਨਾਜ਼ਰ ਦੀ ਬਹੂ ਨੇ ਪਾਣੀ ਦਾ ਗਲਾਸ ਲਾਇਆ ਤਾਂ ਉਸਨੇ ਦੋ ਘੁੱਟਾਂ ਭਰ ਕੇ ਗਲਾਸ ਪਰ੍ਹਾਂ ਧੱਕ ਦਿੱਤਾ। ਉੱਡ ਗਏ ਪੰਛੀ ਦੇ ਆਲ੍ਹਣੇ ਵਾਂਗ ਸੁੰਨੇ ਹੋ ਗਏ ਘਰ ਤੇ ਦੇਵਕੀ ਦੀ ਨਜ਼ਰ ਗਈ ਤਾਂ ਉਹ ਹੋਰ ਉਦਾਸ ਹੋ ਗਈ। ਕਦੇ ਉਹ ਇਸ ਘਰ ਦੀ ਰਾਣੀ ਸੀ। ਉਸਦੇ ਹੱਥਾਂ ਨਾਲ ਸੁੰਭਰਿਆ, ਪੋਚਿਆ ਘਰ ਹੱਸਦਾ ਹੁੰਦਾ ਸੀ ਪਰ ਹੁਣ....? ਉਸਦੇ ਮਨ 'ਚ ਪਲ ਦੀ ਪਲ ਇੱਕ ਰੀਝ ਉੱਠੀ, ਇਹ ਘਰ ਮੇਰੇ ਰਾਜੂ ਦੀ ਇੱਕੋ-ਇੱਕ ਨਿਸ਼ਾਨੀ, ਜਿੱਥੇ ਉਸਨੇ ਮੈਨੂੰ ਯਾਦ ਕਰਦਿਆਂ ਆਖ਼ਰੀ ਸਾਹ ਲਿਆ, ਇਸਨੂੰ ਉਹ ਆਪਣੇ ਰਾਜੂ ਦੀ ਨਿਸ਼ਾਨੀ ਬਣਾ ਕੇ ਰੱਖੇ। ਉਹ ਆਪਣੇ ਇਸ ਘਰ ਨੂੰ ਓਵੇਂ ਪੋਚੇ, ਲਿੰਪੇ, ਸੰਵਾਰੇ, ਪਰ.... ਪਰ ਖਿੰਡਿਆ ਪਰਿਵਾਰ ਕਿੱਥੋਂ ਇਕੱਠਾ ਕਰੇ? ....ਤੇ....? ਉਸਦੇ ਦਿਮਾਗ਼ 'ਚ ਕਿੰਨੇ ਹੀ ਸਵਾਲ ਕੰਡਿਆਂ ਵਾਂਗ ਉੱਗ ਆਏ ਜਿਨ੍ਹਾਂ ਦਾ ਕੋਈ ਵੀ ਹੱਲ ਦੇਵਕੀ ਕੋਲ ਨਹੀਂ ਸੀ। ਇੱਕ ਵਾਰ ਉਸਦਾ ਦਿਲ ਕੀਤਾ ਉਹ ਭਗਵੇਂ ਕੱਪੜੇ ਪਾਈਂ ਖੜ੍ਹੇ ਸਿੱਦੂ ਦੇ ਗਲ ਲੱਗ ਕੇ ਆਪਣੇ ਪਰਿਵਾਰ ਦੀ ਹੋਣੀ 'ਤੇ ਧਾਹਾਂ ਮਾਰ ਮਾਰ ਰੋਵੇ ਪਰ ਵਕਤ ਦੇ ਨਾਲ ਸਿਰਜੀ ਗਈ ਵਿੱਥ ਨੂੰ ਉਹ ਚਾਹੁੰਦਿਆਂ ਹੋਇਆਂ ਵੀ ਪਾਰ ਨਾ ਕਰ ਸਕੀ। ਜਦ ਦੇਵਕੀ ਨੇ ਰੋਹੀ ਬਾਰੇ ਪੁੱਛਿਆ ਤਾਂ ਉਸਨੇ ਦੋ ਹੰਝੂ ਉਸਦੀ ਮੌਤ 'ਤੇ ਵੀ ਵਹਾ ਲਏ।

ਦਿਨ ਢਲਦਾ ਵੇਖ ਕੇ ਦੇਵਕੀ ਨੂੰ ਪਿੰਡ ਛੱਡ ਕੇ ਆਏ ਤਿੰਨਾਂ ਬੱਚਿਆਂ ਦਾ ਖ਼ਿਆਲ ਆਇਆ, 'ਹੁਣ ਤਾਂ ਉਹ ਸਕੂਲੋਂ ਕਦੋਂ ਦੇ ਆ ਗਏ ਹੋਣਗੇ। ਕਿਤੇ ਮੈਨੂੰ ਘਰ ਨਾ ਵੇਖ ਕੇ....? ਮੈਂ ਤਾਂ ਕਿਸੇ ਨੂੰ ਦੱਸ ਕੇ ਵੀ ਨਹੀਂ ਆਈ।'

''ਚੰਗਾ ਹੁਨ ਮੈਂ ਜਾਨੀ ਆਂ....।'' ਉਹ ਭਰੇ ਮਨ ਨਾਲ ਸਾਰਿਆਂ ਵੱਲ ਹੱਥ ਜੋੜਦੀ ਖੜ੍ਹੀ ਹੋ ਗਈ।

''ਹੁਣ ਕਿੱਧਰ ਜਾਮੇਂਗੀ ਤੂੰ?'' ਨਾਜ਼ਰ ਦੀ ਬਹੂ ਦੇ ਨਾਲ ਨਾਲ ਸਾਰੇ ਹੀ ਉਸ ਵੱਲ ਹੈਰਾਨੀ ਨਾਲ ਝਾਕੇ।

''ਆਪਨੇ ਘਰ!'' ਦੇਵਕੀ ਉੱਠ ਕੇ ਤੁਰ ਪਈ। ਸਾਰੇ ਲੋਕ ਉਸਨੂੰ ਮਨ 'ਚ ਹਜ਼ਾਰਾਂ ਸਵਾਲ ਲਈਂ, ਅੱਖਾਂ 'ਚ ਹੈਰਾਨੀ ਭਰੀਂ ਵੇਖਦੇ ਰਹੇ ਜਿਵੇਂ ਉਹ ਕੋਈ ਛਲੇਡਾ ਹੋਵੇ ਸਿਰਫ਼ ਦੇਹ ਬਦਲ ਕੇ ਦਿਖਾਈ ਦੇਣ ਆਈ ਹੋਵੇ ਤੇ ਹੁਣ ਆਪਣੇ ਅਸਲੀ ਵਜੂਦ 'ਚ ਫਿਰ ਪਰਤ ਰਹੀ ਹੋਵੇ।

ਬੱਸ ਵਿੱਚ ਪੈਰ ਰੱਖਦਿਆਂ ਉਸਨੇ ਮਹਿਸੂਸ ਕੀਤਾ ਜਿਵੇਂ ਕੋਈ ਖਿੱਚ ਉਸਨੂੰ ਗੰਗਤਪੁਰ ਰਹਿਣ ਲਈ ਖਿੱਚ ਰਹੀ ਹੋਵੇ। ਦੂਸਰੀ ਖਿੱਚ ਉਸਨੂੰ ਕੁਸਲੇ ਵੱਲ ਅਵਾਜ਼ਾਂ ਮਾਰ ਰਹੀ ਸੀ। ਇਨ੍ਹਾਂ ਦੋਵਾਂ ਨੂੰ 'ਛੱਡ ਪਰ੍ਹਾਂ' ਕਹਿੰਦੀ ਤੀਜੀ ਉਸਨੂੰ ਬਿਹਾਰ ਵੱਲ ਸੱਦ ਰਹੀ ਸੀ। ਉਸਨੂੰ ਲੱਗਿਆ ਜਿਵੇਂ ਉਹ ਥਾਂ ਥਾਂ ਖਿੰਡੀ ਪਈ ਹੋਵੇ। ਹਰ ਥਾਂ ਉਹ ਆਟੇ ਦੀਆਂ ਚਿੜੀਆਂ ਵਾਂਗ ਢਹਿੰਦੀ, ਮੁੜ ਨਵੇਂ ਰੂਪ

ਵਿੱਚ ਉਸਰਦੀ ਰਹੀ ਸੀ। ਕੁਸਲੇ ਜਾ ਕੇ ਵੀ ਤਾਂ ਉਸਨੂੰ ਆਪਣਾ ਦਰਦ ਛੁਪਾ ਕੇ ਬੱਚਿਆਂ ਨਾਲ ਮੁਸਕਾਉਣਾ ਪਵੇਗਾ। ਛਲੇਡੇ ਵਾਂਗ ਦੇਹ ਪਲਟਣੀ ਪਵੇਗੀ।

ਦਿਨ ਢਲ ਰਿਹਾ ਸੀ। ਸੂਰਜ ਦੀ ਤਪਸ਼ ਘਟ ਗਈ ਸੀ। ਪੰਛੀਆਂ ਦੀਆਂ ਡਾਰਾਂ ਆਪਣੇ ਆਲ੍ਹਣਿਆਂ ਵਿੱਚ ਬੈਠੇ ਬੋਟਾਂ ਵੱਲ ਉੱਡਣ ਦੀਆਂ ਤਿਆਰੀਆਂ ਵਿੱਚ ਬੈਠੀਆਂ ਸਨ। ਜਦ ਬੱਸ ਸਿਵਿਆਂ ਕੋਲੋਂ ਲੰਘੀ, ਬਲਦਾ ਸਿਵਾ ਵੇਖ ਕੇ ਦੇਵਕੀ ਦੀ ਫਿਰ ਧਾਅ ਨਿੱਕਲ ਗਈ। ਚਿਤਾ 'ਚੋਂ ਉਠਦੀਆਂ ਅੱਗ ਦੀਆਂ ਲਾਟਾਂ ਦੇਵਕੀ ਵਾਂਗ ਹੀ ਭਟਕਦੀਆਂ, ਕੰਬਦੀਆਂ ਅਸਮਾਨੀ ਚੜ੍ਹ ਗਈਆਂ ਸਨ।

*